# ਪੰਜਾਬੀ ਲੋਕਧਾ

## ਵਿਸ਼ਵ ਕੋਸ਼

ਵਣਜਾਰਾ ਬੇਦੀ

# ਪੰਜਾਬੀ
# ਲੋਕਧਾਰਾ
# ਵਿਸ਼ਵਕੋਸ਼

## ਇਸੇ ਕਲਮ ਤੋਂ

**ਲੋਕਧਾਰਾ ਅਧਿਅਨ :**

ਮਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ
ਲੋਕਧਾਰਾ ਅਤੇ ਸਾਹਿੱਤ
ਪੰਜਾਬ ਦੀ ਲੋਕਧਾਰਾ
ਗੁਰੂ ਅਰਜਨ ਬਾਣੀ ਵਿਚ ਲੋਕ-ਤੱਤ
ਗੁਰੂ ਨਾਨਕ ਤੇ ਲੋਕ-ਪ੍ਰਵਾਹ

**ਲੋਕ ਸਾਹਿੱਤ :**

ਬਾਤਾਂ ਮੁੱਢ ਕਦੀਮ ਦੀਆਂ (ਪਹਿਲੀ ਜਿਲਦ)
ਪੰਜਾਬ ਦਾ ਲੋਕ-ਸਾਹਿੱਤ
ਲੋਕ ਆਖਦੇ ਹਨ (ਅਖਾਣ ਅਧਿਅਨ)
ਸੁਹਜ ਪ੍ਰਬੰਧ (ਮੁਹਾਵਰਾ ਅਧਿਅਨ)
ਇਕ ਘੁਟ ਰਸ ਦਾ (ਲੋਕ-ਕਹਾਣੀਆਂ)
ਪੰਜਾਬ ਦੀਆਂ ਜਨੌਰ ਕਹਾਣੀਆਂ
ਪੰਜਾਬ ਦੀਆਂ ਲੋਕ-ਕਹਾਣੀਆਂ
ਪੰਜਾਬ : ਲੋਕ-ਸੰਸਕ੍ਰਿਤੀ ਔਰ ਸਾਹਿੱਤਜ (ਹਿੰਦੀ)
Folklore of Punjab

**ਕਵਿਤਾ :**

ਖ਼ੁਸ਼ਬੂਆਂ
ਕੰਵਲ ਪਤੀਆਂ
ਪਾਣੀ ਅੰਦਰ ਲੀਕ

**ਕੋਸ਼ :**

ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਜਿਲਦ I, II, III)

**ਆਤਮ-ਕਥਾ :**

ਅੱਧੀ ਮਿੱਟੀ ਅੱਧਾ ਸੋਨਾ

**ਛਪ ਰਹੀਆਂ ਪੁਸਤਕਾਂ :**

ਪੰਜਾਬੀ ਸਾਹਿੱਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ
ਰਾਜਾ ਰਸਾਲੂ
ਮੇਰਾ ਨਾਨਕਾ ਪਿੰਡ
ਲੋਕ-ਵਿਰਸਾ ਪੰਜਾਬ
ਲੋਕ-ਬੋਲੀਆਂ
A Critical Study of Panjabi Proverbs (Thesis)

# ਪੰਜਾਬੀ ਲੋਕਧਾਰਾ ਵਿਸ਼ਵਕੋਸ਼

ਜਿਲਦ III

(ਸਾਇਆ ਤੋਂ ਸੌਲੀ ਤਕ)

ਡਾ: ਸੋਹਿੰਦਰ ਸਿੰਘ ਵਣਜਾਰਾ ਬੇਦੀ

ਐਮ.ਏ., ਪੀ ਐਚ.ਡੀ.

ਲੋਕ ਪ੍ਰਕਾਸ਼ਨ

ਜੇ-11/80 ਰਾਜੌਰੀ ਗਾਰਡਨ, ਨਵੀਂ ਦਿੱਲੀ-110027

© ਡਾ: ਸੋਹਿੰਦਰ ਸਿੰਘ ਬੇਦੀ

ਪ੍ਰਕਾਸ਼ਕ :

ਸ੍ਰੀਮਤੀ ਕੇ. ਕੇ. ਬੇਦੀ
ਲੋਕ ਪ੍ਰਕਾਸ਼ਨ, ਜੇ-11/80 ਰਾਜੌਰੀ ਗਾਰਡਨ ਨਵੀਂ ਦਿੱਲੀ-110027

ਛਾਪਕ :

ਰੂਪਕ ਪ੍ਰਿੰਟਰਜ਼, ਨਵੀਨ ਸ਼ਾਹਦਰਾ, ਦਿੱਲੀ-110032

ਪਹਿਲੀ ਵਾਰ : ਨਵੰਬਰ, 1979

ਗਿਣਤੀ : 600 PRICE Rs. 100/-

ਮੁੱਲ : ~~70 ਰੁਪਏ ਫ਼ੀ ਜਿਲਦ (ਸਾਧਾਰਣ)~~
~~80 ਰੁਪਏ ਫ਼ੀ ਜਿਲਦ (ਡੀਲਕਸ)~~

---

PANJABI LOKEDHARA VISHAV KOSH, vol. III
By Dr. Sohinder Singh Wanjara Bedi
(Panjabi Folklore Encyclopaedia, vol. III)
LOKE PRAKASHAN
J-11/80 Rajouri Garden, New Delhi-110027

# ਪੰਜਾਬੀ ਲੋਕਧਾਰਾ ਵਿਸ਼ਵ ਕੋਸ਼

## ਜਿਲਦ ੩

## ਸ.

(ਸ-358) **ਸਾਇਆ** :

ਸਾਏ ਦਾ ਸ਼ਾਬਦਿਕ ਅਰਥ ਪ੍ਰਛਾਵਾਂ ਹੈ, ਪਰ ਲੋਕਧਾਰਾਈ ਪ੍ਰਸੰਗ ਵਿਚ ਇਹ ਸ਼ਬਦ ਕਈ ਗੂੜ੍ਹ ਅਰਥਾਂ ਵਿਚ ਵਰਤਿਆ ਜਾਂਦਾ ਹੈ, ਜਿਵੇਂ (ੳ) ਇਕ ਰੋਗ ਜਿਸ ਨਾਲ ਰੋਗੀ ਘੁਲ ਘੁਲ ਕੇ ਮਰਦਾ ਜਾਂ ਸੁਕ ਜਾਂਦਾ ਹੈ, (ਅ) ਭੂਤ ਪ੍ਰੇਤ ਦਾ ਅਸਰ ਜਾਂ ਪਕੜ, (ੲ) ਕਰੂਰ ਪ੍ਰਛਾਵਾਂ।

ਸਾਏ ਦਾ ਰੋਗ ਆਮ ਤੌਰ ਉਤੇ ਬਾਲਾਂ ਨੂੰ ਹੁੰਦਾ ਹੈ, ਜਿਸ ਦੇ ਕਈ ਵਿਸ਼ੇਸ਼ ਕਾਰਨ ਮੰਨੇ ਜਾਂਦੇ ਹਨ : (1) ਅਠਰਾਹੇ ਬੱਚੇ ਵਾਲੀ ਮਾਂ ਦਾ ਪ੍ਰਛਾਵਾਂ ਕਿਸੇ ਬੱਚੇ ਜਾਂ ਉਸ ਦੀ ਮਾਂ ਉਤੇ ਪੈ ਜਾਣਾ (ਵੇਖੋ : ਅਠਰਾਹਾ), (2) ਜੇ ਕਿਸੇ ਤੀਵੀਂ ਦਾ ਦੁਧ ਚੁੰਘਦਾ ਬੱਚਾ ਮਰ ਜਾਵੇ, ਤਾਂ ਜਦੋਂ ਤਕ ਉਸ ਦਾ ਦੁਧ ਸੁਕ ਨਹੀਂ ਜਾਂਦਾ, ਉਦੋਂ ਤਕ ਉਸ ਦਾ ਪ੍ਰਛਾਵਾਂ ਦੁਸ਼ਟ ਹੋਣ ਕਰ ਕੇ 'ਸਾਇਆ' ਅਖਵਾਉਂਦਾ ਹੈ। ਜੇ ਇਹ ਸਾਇਆ ਕਿਸੇ ਗਰਭਵਤੀ ਉਤੇ ਪੈ ਜਾਵੇ ਤਾਂ ਗਰਭਪਾਤ ਹੋ ਜਾਂਦਾ ਹੈ। ਜੇ ਗਰਭਪਾਤ ਨਾ ਹੋਵੇ ਤਾਂ ਬਾਲ ਸਾਏ ਵਾਲਾ ਪੈਦਾ ਹੁੰਦਾ ਹੈ, ਜੋ ਮਗਰੋਂ ਸੁਕ ਸੁਕ ਕੇ ਮਰ ਜਾਂਦਾ ਹੈ। (3) ਕਚਾ ਮਸਾਣ। ਨਿਰਸੰਤਾਨ ਤੀਵੀਆਂ, ਚਿਖਾ ਵਿਚੋਂ ਕੱਚਾ ਮਸਾਣ ਲਿਆ ਕੇ, ਆਪਣੇ ਦੁਸ਼ਮਣ ਜਾਂ ਕਿਸੇ ਸੰਤਾਨ ਵਾਲੀ ਤੀਵੀਂ ਨੂੰ ਕਿਸੇ ਚੀਜ਼ ਵਿਚ ਮਿਲਾ ਕੇ ਖਵਾ ਦੇਂਦੀਆਂ ਹਨ। ਜੇ ਮਸਾਣ ਖਵਾਣ ਦਾ ਮੌਕਾ ਨਾ ਮਿਲੇ, ਤਾਂ ਉਸ ਦੀ ਮੁਠ, ਦਿਨ ਦੇ ਅੰਦਰ ਬਾਹਰ ਵੇਲੇ, ਦੁਸ਼ਮਣ ਉਤੇ ਸੁਟ ਦਿਤੀ ਜਾਂਦੀ ਹੈ (ਵੇਖੋ : ਮੁਠ ਸੁਟਣਾ)। ਇਸ ਮੁਠ ਨਾਲ ਵੀ ਉਸ ਦੇ ਬੱਚੇ ਨੂੰ ਸਾਇਆ ਹੋ ਜਾਂਦਾ ਹੈ ਅਤੇ ਉਹ ਘੁਲ ਘੁਲ ਕੇ ਜਾਂ ਸੁਕ ਸੁਕ ਕੇ ਪ੍ਰਾਣ ਤਿਆਗਦਾ ਹੈ। ਧਾਰਨਾ ਹੈ ਕਿ ਮੁਠ ਦੇ ਸਾਏ ਦੁਆਰਾ ਮਰਿਆ ਬਾਲ ਅਗਲੀ ਜੂਨ ਵਿਚ ਮਸਾਣ ਖਵਾਣ ਜਾਂ ਮੁਠ ਸੁਟਣ ਵਾਲੀ ਤੀਵੀਂ ਦੇ ਘਰ ਜਨਮ ਲੈਂਦਾ ਹੈ।

ਇਹ ਜਾਣਨ ਲਈ ਕਿ ਅਮੁਕੇ ਬੱਚੇ ਨੂੰ ਸਾਇਆ ਹੈ ਕਿ ਨਹੀਂ, ਇਕ ਵਿਸ਼ਿਸ਼ ਕਰਮ-ਕਾਂਡ ਕੀਤਾ ਜਾਂਦਾ ਹੈ, ਜੋ ਇਸ ਪ੍ਰਕਾਰ ਹੈ :— ਕਿਸੇ ਕੋਰੇ ਘੜੇ ਵਿਚ ਸੱਤਾਂ ਖੂਹਾਂ ਦਾ ਪਾਣੀ ਭਰ ਕੇ, ਬੱਚੇ ਦੇ ਸਿਰ ਤੋਂ ਸੱਤ ਦਫ਼ਾ ਵਾਰ ਕੇ, ਘਰ ਦੇ ਵਡੇ ਦਰਵਾਜ਼ੇ ਦੀਆਂ ਬਰੂਹਾਂ ਹੇਠਾਂ ਦਬ ਦਿਤਾ ਜਾਂਦਾ ਹੈ। ਘੜੇ ਨੂੰ ਸੱਤਾਂ ਦਿਨਾਂ ਮਗਰੋਂ ਐਨ ਉਸੇ ਵਕਤ ਕਢਿਆ ਜਾਂਦਾ ਹੈ, ਜਿਸ ਸਮੇਂ ਉਹ ਦਬਿਆ ਗਿਆ ਸੀ। ਜੇ ਪਾਣੀ ਸੁਕ ਗਿਆ ਹੋਵੇ ਤਾਂ ਬੱਚੇ ਨੂੰ ਸਾਇਆ ਹੈ, ਨਹੀਂ ਤਾਂ ਨਹੀਂ।

ਸਾਏ ਨੂੰ ਦੂਰ ਕਰਨ ਲਈ ਕਈ ਉਪਾਅ ਪ੍ਰਚਲਤ ਹਨ। ਆਮ ਉਪਾਅ ਤਾਂ ਇਹ ਹੈ ਕਿ ਸਾਏ ਵਾਲੇ ਬਾਲ ਦੇ ਸਿਰ ਤੋਂ ਸਤ ਦਿਨ ਲਗਾਤਾਰ, ਜਦੋਂ ਕਿ ਦਿਨ ਅੰਦਰ ਬਾਹਰ ਹੋਵੇ, ਰੋਜ਼ ਸਤ ਮਿਰਚਾਂ ਵਾਰ ਕੇ ਅੱਗ ਵਿਚ ਸੁਟੀਆਂ ਜਾਣ। ਦੂਜਾ ਵਿਸ਼ੇਸ਼ ਉਪਾਅ ਇਹ ਹੈ ਕਿ ਸਤ ਦਿਨ ਲਗਾਤਾਰ, ਕਿਸੇ ਨਵੇਂ ਖੂਹ ਤੋਂ ਪਾਣੀ ਦਾ ਘੜਾ ਭਰ ਕੇ, ਉਸ ਦੇ ਹੇਠੋਂ ਦੀ ਬਾਲ ਨੂੰ ਲੰਘਾਇਆ ਜਾਵੇ। ਫਿਰ ਉਸ ਪਾਣੀ ਨੂੰ, ਘਰੋਂ ਦੂਰ, ਕਿਸੇ ਉਜਾੜ ਵਿਚ, ਡੋਲ੍ਹਿਆ ਜਾਵੇ, ਕਿਉਂ ਜੋ ਜਿਥੇ ਕਿਧਰੇ ਵੀ ਉਸ ਪਾਣੀ ਦੀ ਬੂੰਦ ਡਿਗੇਗੀ, ਉਸ ਥਾਂ ਦੀ ਉਤਪਾਦਨ ਸ਼ਕਤੀ ਨਸ਼ਟ ਹੋ ਜਾਏਗੀ।

ਮਸਾਣ ਦਾ ਸਾਇਆ ਬੱਚੇ ਲਈ ਬਹੁਤ ਸਖ਼ਤ ਤੇ ਦੁਖਦਾਈ ਮੰਨਿਆ ਜਾਂਦਾ ਹੈ, ਇਸ ਬਾਰੇ ਕਹਾਵਤ ਵੀ ਹੈ — 'ਸ਼ਾਹੂਕਾਰ ਨੂੰ ਕਿਸਾਨ, ਬਾਲਕ ਨੂੰ ਮਸਾਣ' (ਵੇਖੋ : ਮਸਾਣ) । ਭੂਤ ਪ੍ਰੇਤ ਦੀ ਪਕੜ ਜਾਂ ਸਾਏ ਨੂੰ ਚੇਲੇ ਮੰਤਰਾਂ-ਜੰਤਰਾਂ ਅਤੇ ਕਰਮ-ਕਾਂਡਾਂ ਦੁਆਰਾ ਦੂਰ ਕਰਦੇ ਹਨ (ਵੇਖੋ : ਪਕੜ) । ਸਾਏ ਦੇ ਮਲੀਨ ਪ੍ਰਭਾਵ ਬਾਰੇ ਕਈ ਮਨੌਤਾਂ ਤੇ ਭਰਮ ਪ੍ਰਚਲਤ ਹਨ (ਵੇਖੋ : ਪ੍ਰਛਾਵਾਂ) ।

(ਸ-359) **ਸਾਇਤ** :

ਉਹ ਘੜੀ ਜੋ ਵਿਆਹ ਦੇ ਲਗਨ ਲਈ ਸ਼ੁਭ ਤੇ ਕਲਿਆਣੀ ਹੋਵੇ । ਹਿੰਦੂਆਂ ਵਿਚ ਵਿਆਹ ਦੀ ਤਿੱਥ ਅਤੇ ਲਗਨ ਦਾ ਸਮਾਂ ਨਿਸ਼ਚਤ ਕਰਨ ਲਈ ਕਿਸੇ ਪਾਂਧੇ ਤੋਂ ਸਾਇਤ ਕਢਵਾਈ ਜਾਂਦੀ ਹੈ, ਜਿਸ ਦਾ ਆਧਾਰ ਗ੍ਰਹਿਆਂ ਦੀ ਚਾਲ, ਸਥਿਤੀ ਅਤੇ ਯੋਗ ਹੁੰਦਾ ਹੈ । ਲੋਕ-ਧਾਰਨਾ ਹੈ ਕਿ ਜੇ ਵਿਆਹ ਦੀ ਘੜੀ ਤੇ ਗ੍ਰਹਿਆਂ ਦਾ ਯੋਗ ਸ਼ੁਭ ਨਹੀਂ; ਜਾਂ ਗ੍ਰਹਿ ਠੀਕ ਸਥਿਤੀ ਅਥਵਾ ਘਰ ਵਿਚ ਨਹੀਂ, ਤਾਂ ਦੰਪਤੀ ਦੇ ਜੀਵਨ ਵਿਚ ਦੁਖ, ਦਲਿਦਰ ਤੇ ਸੰਕਟ ਰਹਿੰਦਾ ਹੈ। ਇਹ ਧਾਰਨਾ ਸਹਾਨਭੂਤੀ ਟੂਣੇ ਉਪਰ ਆਧਾਰਤ ਹੈ । ਸਾਇਤ ਇਕ ਘੜੀ ਦੀ ਹੁੰਦੀ ਹੈ, ਪਰ ਮਹੂਰਤ ਦੋ ਘੜੀਆਂ ਦਾ (ਵੇਖੋ : ਸਾਹਾ; ਮਹੂਰਤ) ।

(ਸ-360) **ਸਾਈਂ[1]** :

ਸਾਈਂ ਸ਼ਬਦ ਸੰਸਕ੍ਰਿਤ ਦੇ 'ਸਵਾਮੀ' ਪਦ ਦਾ ਅਪਭ੍ਰੰਸ਼ ਰੂਪ ਹੈ, ਜਿਸ ਦਾ ਅਰਥ ਹੈ ਮਾਲਕ, ਖ਼ਸਮ; ਪਰ ਸਮੇਂ ਨਾਲ ਸਾਈਂ ਪਦ ਉਨ੍ਹਾਂ ਸਾਧ-ਜਨਾਂ ਲਈ ਰੂੜ੍ਹ ਹੋ ਗਿਆ ਜੋ ਆਪਣੀਆਂ ਮਨੋ-ਬ੍ਰਿਤੀਆਂ ਤੇ ਇੰਦਰੀਆਂ ਦੇ ਸਵਾਮੀ (ਸਾਈਂ) ਹੋਣ । ਭਾਵ ਜਿਨ੍ਹਾਂ ਦਾ ਆਪਣੇ ਮਨ ਉਪਰ ਪੂਰਨ ਅਧਿਕਾਰ ਹੋਵੇ । ਪਹਿਲਾਂ ਪਹਿਲ ਸਾਈਂ ਸ਼ਬਦ ਹਿੰਦੂਆਂ ਦੇ ਇਕ ਵਿਸ਼ੇਸ਼ ਫ਼ਿਰਕੇ ਗੁਸਾਈਂ ਲਈ ਵਰਤਿਆ ਜਾਂਦਾ ਸੀ (ਵੇਖੋ : ਗੁਸਾਈਂ[1]) । ਪਰ ਮਗਰੋਂ ਇਹ ਸ਼ਬਦ ਕਿਸੇ ਵੀ ਸਾਧ ਜਨ ਜਾਂ ਪੀਰ ਫ਼ਕੀਰ ਲਈ ਵਰਤਿਆ ਜਾਣ ਲੱਗਾ ।

ਸਾਈਂ ਸ਼ਬਦ ਉਨ੍ਹਾਂ ਮੁਸਲਮਾਨ ਫ਼ਕੀਰਾਂ ਲਈ ਵੀ ਪ੍ਰਯੋਗ ਹੁੰਦਾ ਹੈ, ਜੋ ਲੰਮੀ ਕਫ਼ਨੀ ਪਹਿਨਦੇ ਹਨ ਅਤੇ ਇਕ ਹੱਥ ਵਿਚ ਡੰਗੋਰੀ ਅਤੇ ਦੂਜੇ ਵਿਚ ਕਾਸਾ ਧਾਰਨ ਕਰਦੇ ਹਨ । ਵੈਸੇ ਸਾਈਂ ਲੋਕਾਂ ਦਾ ਕੋਈ ਵੱਖਰਾ ਪਹਿਰਾਵਾ ਤੇ ਚਿਹਨ ਚਕਰ ਨਹੀਂ ਹੁੰਦਾ ।

ਪੰਜਾਬ ਵਿਚ ਸਾਈਂ ਲੋਕਾਂ ਦੀ ਬੜੀ ਮਾਨਤਾ ਰਹੀ ਹੈ । ਇਨ੍ਹਾਂ ਦੇ 'ਬਚਨ' ਲੋਕਾਂ ਦੇ ਸਦਾਚਾਰਕ, ਅਧਿਆਤਮਕ ਤੇ ਸਮਾਜਕ ਜੀਵਨ ਵਿਚ ਪਥ-ਪ੍ਰਦਰਸ਼ਕ ਬਣਨ ਤੋਂ ਇਲਾਵਾ ਲੋਕ-ਸਾਹਿੱਤ ਦਾ ਅਮੀਰ ਵਿਰਸਾ ਬਣ ਗਏ । ਸਾਈਂ ਲੋਕਾਂ ਦੇ ਅਨੇਕਾਂ ਕਥਨ, ਬਚਨ ਅਥਵਾ ਸੁਖਨ ਹੁਣ ਤਕ ਲੋਕਾਂ ਦੇ ਮੂੰਹ ਚੜ੍ਹੇ ਹੋਏ ਮਿਲਦੇ ਹਨ (ਵੇਖੋ : ਸੁਖਨ) ।

ਸਾਈਂ ਲੋਕ ਜਦੋਂ ਕਿਸੇ ਗ੍ਰਹਿਸਤੀ ਦੇ ਬੂਹੇ ਉਤੇ ਮੰਗਣ ਵਾਸਤੇ ਜਾਂਦੇ ਸਨ ਤਾਂ ਉਹ ਕੁਝ ਵਿਸ਼ੇਸ਼ ਗੀਤ ਅਲਾਪਿਆ ਕਰਦੇ ਸਨ । ਇਨ੍ਹਾਂ ਗੀਤਾਂ ਨੂੰ 'ਸਾਈਂ ਦੀਆਂ ਰੱਖਾਂ' ਜਾਂ 'ਰੱਖਾਂ' ਕਿਹਾ ਜਾਂਦਾ ਹੈ । ਇਨ੍ਹਾਂ ਗੀਤਾਂ ਵਿਚ ਜਾਂ ਤਾਂ ਅਸੀਸਾਂ ਹੁੰਦੀਆਂ ਹਨ ਜਾਂ ਰੱਖਾਂ । ਅਸੀਸਾਂ ਦੀ ਵੰਨਗੀ ਇਉਂ ਹੈ — "ਬੂਹਾ ਵਸਦਾ ਰਹੇ, ਦੀਵੜਾ ਜਗਦਾ ਰਹੇ, ਘਰ ਭਰਿਆ ਰਹੇ, ਵਿਹੜਾ ਹਰਿਆ ਰਹੇ — ਰਹੇ ਸਾਈਂ ਦੀ ਰੱਖ ।"

(ਸ-361) **ਸਾਈਂ[1] ਦੀਆਂ ਰੱਖਾਂ** :

ਇਕ ਅਸੀਸ ਜੋ ਪ੍ਰੇਤ ਰੂਹਾਂ ਅਤੇ ਬਲਾਵਾਂ ਨੂੰ ਦੂਰ ਰਖਣ ਲਈ ਮਾਵਾਂ ਬੱਚਿਆਂ ਨੂੰ ਦੇਂਦੀਆਂ ਹਨ (ਵੇਖੋ : ਰੱਖਾਂ) ।

(ਸ-362) **ਸਾਈਂ[1] ਬਾਬਾ** :

ਕੂਲੇ ਮਾਜਰੇ ਵਿਚ ਸਾਈਂ ਬਾਬੇ ਦੀ ਇਕ ਸਮਾਧ ਮਿਲਦੀ ਹੈ । ਸਾਈਂ ਬਾਬਾ ਜੀ, ਜਿਨ੍ਹਾਂ ਦਾ ਅਸਲ ਨਾਂ ਲੋਕ ਨਹੀਂ ਜਾਣਦੇ, ਬੜੇ ਧਰਮਾਤਮਾ, ਪ੍ਰਤਾਪੀ ਤੇ ਕਰਾਮਾਤੀ ਫ਼ਕੀਰ ਸਨ । ਲੋਕਾਂ ਵਿਚ ਇਨ੍ਹਾਂ ਦੀ ਬੜੀ ਮਾਨਤਾ ਹੈ ਅਤੇ ਇਨ੍ਹਾਂ ਦੀ ਸਮਾਧ ਉਤੇ ਲੋਕ ਸੁਖਣਾ ਸੁਖਦੇ ਤੇ ਮੰਨਤਾਂ ਮੰਨਦੇ ਹਨ; ਸਮਾਧ ਉਤੇ ਇਕ ਪੁਰਾਣੀ ਬੇਰੀ ਹੈ, ਜੋ ਸਾਈਂ ਜੀ ਦੇ ਵੇਲੇ ਦੀ ਦੱਸੀ ਜਾਂਦੀ ਹੈ ।

ਇਕ ਅਨੁਮਾਨ ਅਨੁਸਾਰ ਸਾਈਂ ਬਾਬਾ ਮਹਾਰਾਣੀ ਆਸ ਕੌਰ ਦੇ ਸਮੇਂ ਹੋਏ। ਉਨ੍ਹਾਂ ਬਾਰੇ ਕਈ ਦੰਦ-ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ (ਕੂਲਾ ਮਾਜਰਾ ਸਰਵੇ ਪੁਸਤਕ, ਪੰਨਾ 84-86) ਰਵਾਇਤ ਹੈ ਕਿ ਬਾਬਾ ਜੀ ਜਦੋਂ ਜੀਉਂਦੇ ਸਨ ਤਾਂ ਰਾਤ ਨੂੰ ਆਪਣੀ ਕੁਲੀ ਵਿਚ ਹੁੰਦਿਆਂ ਵੀ, ਕਦੇ ਕਿਸੇ ਨੂੰ ਵਿਖਾਈ ਨਹੀਂ ਸਨ ਦੇਂਦੇ। ਇਕ ਵਾਰ ਇਕ ਯੁਵਕ ਨੇ ਰਾਤ ਨੂੰ ਕੁੱਲੀ ਦਾ ਬੂਹਾ ਖੋਲ੍ਹ ਕੇ ਵੇਖਣਾ ਚਾਹਿਆ ਤਾਂ ਉਥੇ ਉਸ ਨੇ ਬਾਬੇ ਦੇ ਸਰੀਰ ਦੇ ਇਕ ਇਕ ਅੰਗ ਨੂੰ ਵੱਖੋ ਵੱਖਰਾ ਪਿਆ ਵੇਖਿਆ ਅਤੇ ਉਹ ਘਬਰਾ ਕੇ ਨਠ ਗਿਆ। ਇਕ ਹੋਰ ਦੰਦ-ਕਥਾ ਅਨੁਸਾਰ ਬਾਬੇ ਦੀ ਬੇਰੀ ਦੇ ਬੇਰ ਬੜੇ ਸਵਾਦੀ ਤੇ ਮਿੱਠੇ ਹੁੰਦੇ ਸਨ। ਇਕ ਵਾਰ ਦੋ ਮਨਚਲੇ ਬੇਰ ਖਾਣ ਲਈ ਰਾਤ ਨੂੰ ਬੇਰੀ ਉਤੇ ਚੜ੍ਹ ਗਏ, ਤਾਂ ਉਥੇ ਉਨ੍ਹਾਂ ਨੂੰ ਬੇਰਾਂ ਦੀ ਥਾਂ ਭੂੰਡ ਵਿਖਾਈ ਦਿਤੇ, ਜਿਸ ਬੇਰ ਨੂੰ ਤੋੜਦੇ, ਉਹ ਭੂੰਡ ਬਣ ਕੇ ਅੱਗੋਂ ਡੰਗ ਮਾਰਦਾ। ਸੋ ਉਹ ਦੋਵੇਂ ਚੀਖਦੇ ਚਿਲਾਂਦੇ ਹੇਠਾਂ ਉਤਰ ਆਏ ਤੇ ਬਾਬੇ ਤੋਂ ਭੁਲ ਬਖਸ਼ਾਈ। ਇਕ ਹੋਰ ਕਥਾ ਅਨੁਸਾਰ ਇਕ ਵਾਰ ਮਹਾਰਾਣੀ ਆਸ ਕੌਰ ਨੇ ਸਾਈਂ ਬਾਬੇ ਦੀ ਛਪਰੀ ਵੇਖ ਕੇ ਪੱਕਾ ਰਿਹਾਇਸ਼ੀ ਥਾਂ ਬਨਾਉਣ ਦੀ ਬੇਨਤੀ ਕੀਤੀ ਤਾਂ ਸਾਈਂ ਬਾਬੇ ਨੇ ਛਪਰੀ ਵਿਚੋਂ ਇਕ ਸਲਾਖ ਕੱਢ ਕੇ ਵਿਖਾਈ, ਜੋ ਸੋਨੇ ਦੀ ਸੀ; ਆਸ ਕੌਰ ਹੈਰਾਨ ਰਹਿ ਗਈ।

(ਸ-363) **ਸਾਂਸੀ** :

ਪੰਜਾਬ ਦਾ ਇਕ ਖ਼ਾਨਾਬਦੋਸ਼ ਕਬੀਲਾ; ਇਸ ਕਬੀਲੇ ਦੇ ਲੋਕ ਆਮ ਤੌਰ ਤੇ ਪਿੰਡੋਂ ਬਾਹਰ ਇਕਲਵਾਂਜੇ ਕੱਚੇ ਘਰਾਂ ਜਾਂ ਟਪਰੀਆਂ ਵਿਚ ਡੇਰੇ ਬਣਾ ਕੇ ਵਸਦੇ ਹਨ। ਸਾਂਸੀ ਲੋਕ ਭਾਰਤੀ ਪੰਜਾਬ ਵਿਚ, ਅੰਮ੍ਰਿਤਸਰ ਅਤੇ ਲੁਧਿਆਣੇ ਵਿਚ, ਕਾਫ਼ੀ ਮਾਤਰਾ ਵਿਚ ਮਿਲਦੇ ਹਨ। ਇਸ ਤੋਂ ਇਲਾਵਾ ਕਈ ਹੋਰ ਥਾਈਂ ਵੀ ਪਿੰਡਾਂ ਵਿਚ ਇਨ੍ਹਾਂ ਦੀਆਂ ਟਪਰੀਆਂ ਵੇਖਣ ਵਿਚ ਆਉਂਦੀਆਂ ਹਨ। ਅੰਗਰੇਜ਼ੀ ਰਾਜ ਦੇ ਵੇਲੇ ਕਈ ਹੋਰ ਖ਼ਾਨਾਬਦੋਸ਼ ਕਬੀਲਿਆਂ ਦੇ ਨਾਲ ਸਾਂਸੀਆਂ ਨੂੰ ਵੀ ਜੁਰਾਇਮ ਪੇਸ਼ਾ ਕਬੀਲਾ ਕਰਾਰ ਦਿਤਾ ਗਿਆ ਅਤੇ ਸਰਕਾਰ ਨੇ ਇਨ੍ਹਾਂ ਉਪਰ ਕਰੜੀ ਨਿਗਰਾਨੀ ਰਖੀ। ਪਰ ਸਵਾਧੀਨਤਾ ਮਗਰੋਂ ਇਸ ਕਬੀਲੇ ਨੇ ਅਪਰਾਧਕ ਸੁਭਾਵ ਅਤੇ ਖ਼ਾਨਾਬਦੋਸ਼ੀ ਸੰਸਕ੍ਰਿਤੀ ਦਾ ਕਾਫ਼ੀ ਹੱਦ ਤਕ ਤਿਆਗ ਕਰ ਦਿਤਾ ਹੈ ਅਤੇ ਹੁਣ ਸਾਂਸੀ ਕਈ ਥਾਈਂ ਪੱਕੇ ਮਕਾਨਾਂ ਵਿਚ ਵੀ ਰਹਿਣ ਲੱਗ ਪਏ ਹਨ। ਪਾਕਿਸਤਾਨੀ ਪੰਜਾਬ ਵਿਚ ਸਾਂਸੀ ਲਾਹੌਰ ਅਤੇ ਗੁਜਰਾਤ ਦੇ ਇਲਾਕੇ ਵਿਚ ਬਹੁਤਾਤ ਵਿਚ ਮਿਲਦੇ ਹਨ, ਪਰ ਉਥੇ ਉਨ੍ਹਾਂ ਨੇ ਆਪਣਾ ਪੁਰਾਣਾ ਸੁਭਾਵ ਤੇ ਸੰਸਕ੍ਰਿਤੀ ਅਜੇ ਪੂਰੀ ਤਰ੍ਹਾਂ ਸੁਰਜੀਤ ਰਖੀ ਹੈ। ਪੰਜਾਬ ਤੋਂ ਬਾਹਰ ਸਾਂਸੀ ਯੂ. ਪੀ., ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਮਿਲਦੇ ਹਨ।

ਸਾਂਸੀ ਆਪਣਾ ਮੂਲ ਅਸਥਾਨ ਮਾਰਵਾੜ ਤੇ ਅਜਮੇਰ ਦਾ ਖੇਤਰ ਮੰਨਦੇ ਹਨ, ਜਿਥੇ ਉਹ ਹੁਣ ਵੀ ਕਾਫ਼ੀ ਮਾਤਰਾ ਵਿਚ ਆਬਾਦ ਹਨ। ਸਾਂਸੀ ਆਪਣਾ ਅਸਲਾ ਇਕ ਰਾਜਪੂਤ ਵਡਿਕੇ ਸਾਂਸ ਮਲ ਨਾਲ ਜੋੜਦੇ ਹਨ, ਜਿਸ ਨੂੰ ਉਹ ਪਿੱਤਰ ਦੇਵ ਤੇ ਇਸ਼ਟ ਦੇਵ ਦਾ ਦਰਜਾ ਦੇ ਕੇ ਪੂਜਦੇ ਤੇ ਪਤਿਆਂਦੇ ਹਨ। ਰਵਾਇਤ ਅਨੁਸਾਰ ਸਾਂਸ ਮਲ ਦਾ ਜਨਮ ਅਲੌਕਿਕ ਢੰਗ ਨਾਲ ਹੋਇਆ। ਸਾਂਸ ਮਲ ਦੀ ਮਾਂ ਲਖੋ, ਜੋ ਲਖੀ ਜੰਗਲ ਦੇ ਰਾਜੇ ਦੀ ਕੰਨਿਆਂ ਸੀ, ਇਕ ਵਾਰ ਬੇੜੀ ਵਿਚ ਨਦੀ ਦੀ ਸੈਰ ਕਰ ਰਹੀ ਸੀ ਕਿ ਉਸ ਨੇ ਪਾਣੀ ਵਿਚ ਇਕ ਫੁੱਲ ਤੈਰਦਾ ਵੇਖਿਆ। ਲਖੋ ਨੇ ਫੁੱਲ ਨੂੰ ਫੜ ਕੇ ਸੁੰਘਿਆ, ਤਾਂ ਉਸ ਨੂੰ ਗਰਭ ਠਹਿਰ ਗਿਆ। ਲਖੋ ਦੇ ਪਿਉ ਨੇ ਬਦਨਾਮੀ ਤੋਂ ਡਰਦਿਆਂ, ਧੀ ਨੂੰ ਘਰੋਂ ਕੱਢ ਦਿਤਾ। ਉਸ ਕੰਨਿਆਂ ਨੇ ਲਖੀ ਜੰਗਲ ਵਿਚ ਹੀ ਫ਼ਕੀਰਾਂ ਦੇ ਇਕ ਡੇਰੇ ਵਿਚ ਪਨਾਹ ਜਾ ਲਈ, ਜਿਥੇ ਸਾਂਸ ਮਲ ਨੇ ਜਨਮ ਲਿਆ।

ਇਕ ਹੋਰ ਦੰਦ-ਕਥਾ ਅਨੁਸਾਰ ਸਾਂਸ ਮਲ ਸ਼ਾਹ ਪਰੀ ਦੇ ਉਦਰ ਤੋਂ ਜੰਮਿਆ। ਸ਼ਾਹ ਪਰੀ ਦੇ ਹੁਸਨ ਤੇ ਅਲੌਕਿਕ ਨ੍ਰਿਤ ਉਤੇ ਮੋਹਿਤ ਹੋ ਕੇ, ਇੰਦਰ ਨੇ ਉਸ ਨਾਲ ਆਲਿੰਗਨ ਕੀਤਾ; ਫਲਸਰੂਪ ਸਾਂਸ ਮਲ ਨੇ ਜਨਮ ਲਿਆ। (P. N. Q. 2,593)। ਅਸਲ ਵਿਚ ਇਸ ਤਰ੍ਹਾਂ ਦੀਆਂ ਰਵਾਇਤਾਂ ਕਈ ਹੋਰ ਜਾਤਾਂ ਗੋਤਾਂ ਵਿਚ ਵੀ ਪ੍ਰਚਲਤ ਹਨ ਅਤੇ ਇਹ ਰਵਾਇਤਾਂ ਆਪਣੇ ਕੁਲ-ਵਡਿਕੇ ਦੀ ਦੈਵੀ ਉਤਪਤੀ ਸਿਧ ਕਰਨ

ਲਈ ਲੋਕ-ਚੇਤਨਤਾ ਨੇ ਸਿਰਜੀਆਂ ਹਨ।

ਸਾਂਸ ਸ਼ਬਦ ਸੰਸਕ੍ਰਿਤ ਦੇ ਪਦ 'ਸਵਾਸ' ਦਾ ਵਿਕ੍ਰਿਤ ਰੂਪ ਹੈ। ਲੋਕ-ਕਲਪਨਾ ਨੇ ਸ਼ਬਦ ਵਿਉਤਪਤੀ ਦੇ ਆਧਾਰ ਉਤੇ ਸਾਂਸ ਮਲ ਬਾਰੇ ਕੁਝ ਅਜਿਹੀਆਂ ਦੰਦ-ਕਥਾਵਾਂ ਸਿਰਜ ਲਈਆਂ ਜੋ ਸਵਾਸ ਦੀ ਪ੍ਰਕ੍ਰਿਤੀ ਦੇ ਅਨੁਕੂਲ ਸਨ। ਜਿਵੇਂ ਕਿ ਸਿਆਲਕੋਟ ਵਿਚ ਪ੍ਰਚਲਤ ਇਕ ਦੰਦ-ਕਥਾ ਅਨੁਸਾਰ ਰਾਜਪੂਤਾਂ ਦੀ ਇਕ ਕੰਵਾਰੀ ਕੰਨਿਆਂ ਨੂੰ ਗਰਭ ਠਹਿਰ ਜਾਣ ਕਰਕੇ, ਮਾਪਿਆਂ ਨੇ ਘਰੋਂ ਕੱਢ ਦਿਤਾ। ਜੰਗਲ ਵਿਚ ਉਸ ਦੇ ਇਕ ਲੜਕਾ ਜੰਮਿਆ, ਜੋ ਸਾਹ ਲੈਣ ਲਗਿਆਂ ਜ਼ੋਰ ਨਾਲ ਸ਼ੂਕਦਾ ਸੀ। ਇਸੇ ਸ਼ੂਕਰ ਤੋਂ ਉਸ ਦੀ ਅੱਲ ਸਾਂਸ ਬਲੀ (ਬਲਵਾਨ ਸਵਾਸ ਵਾਲਾ) ਪੈ ਗਈ। ਇਕ ਹੋਰ ਕਥਾ ਅਨੁਸਾਰ, ਜੋ ਬੜੀ ਰੋਚਕ ਤੇ ਅਦਭੁਤ ਹੈ, ਇਕ ਵਾਰ ਇੰਦਰ ਨੇ ਇਕ ਯੱਗ ਕੀਤਾ, ਜੋ ਰਾਖਸ਼ਾਂ ਨੇ ਖੰਡਤ ਕਰ ਦਿਤਾ। ਇਸ ਉਤੇ ਇੰਦਰ ਤੇ ਰਾਖਸ਼ਾਂ ਵਿਚ ਘੋਰ ਯੁਧ ਹੋਇਆ, ਜਿਸ ਵਿਚ ਇੰਦਰ ਨੂੰ ਵਿਜੈ ਪ੍ਰਾਪਤ ਹੋਈ। ਪਰ ਇੰਦਰ ਦੇ ਲਸ਼ਕਰ ਦਾ ਸਭ ਤੋਂ ਬਲਵਾਨ ਸੂਰਮਾ ਮਾਰਿਆ ਗਿਆ। ਜੋਤਿਸ਼ੀਆਂ ਦੀ ਸਲਾਹ ਉਤੇ ਇੰਦਰ ਨੇ ਉਸ ਸ਼ਖ਼ਸ ਦੀ ਸਵਾਹ ਇਕ ਸੁਨਹਿਰੀ ਭਾਂਡੇ ਵਿਚ ਸੰਭਾਲ ਕੇ ਰਖ ਦਿਤੀ। ਇਕ ਦਿਨ ਅਚਾਨਕ ਇੰਦਰ ਦੀ ਕੰਨਿਆਂ ਦੀ ਨਜ਼ਰ ਉਸ ਭਾਂਡੇ ਉਤੇ ਜਾ ਪਈ। ਇਹ ਵੇਖਣ ਲਈ ਕਿ ਉਸ ਭਾਂਡੇ ਵਿਚ ਕੀ ਚੀਜ਼ ਹੈ, ਉਸ ਕੰਨਿਆਂ ਨੇ ਚੁਟਕੀ ਭਰ ਕੇ ਸੁੰਘੀ। ਸੁੰਘਦੇ ਸਾਰ ਸਵਾਹ ਦੇ ਕੁਝ ਜ਼ੱਰੇ ਕੰਨਿਆਂ ਦੇ ਜਿਸਮ ਵਿਚ ਲੰਘ ਗਏ ਤੇ ਉਸ ਨੂੰ ਗਰਭ ਠਹਿਰ ਗਿਆ। ਕਿਉਂ ਜੋ ਇਹ ਗਰਭ ਸਾਹ ਦੁਆਰਾ, ਜ਼ਰੇ ਅੰਦਰ ਜਾਣ ਨਾਲ ਠਹਿਰਿਆ ਸੀ, ਇਸ ਵਾਸਤੇ ਜਦੋਂ ਲੜਕਾ ਪੈਦਾ ਹੋਇਆ ਤਾਂ ਉਸ ਦਾ ਨਾਂ ਸਾਂਸ ਮਲ ਰਖਿਆ ਗਿਆ। ਇਕ ਹੋਰ ਰਵਾਇਤ ਅਨੁਸਾਰ ਸਾਂਸ ਮਲ ਦਿਆਲਕ (ਉਦਾਲਕ) ਰਿਸ਼ੀ ਦੇ ਪੁੱਤਰ ਸਹੰਸਰ ਬਾਹੂ ਦੀ ਸੰਤਾਨ ਸੀ। ਸਹੰਸਰ ਬਾਹੂ ਨੇ ਇਕ ਲੁਬਾਣੇ ਸੌਦਾਗਰ ਦੀ ਕੰਨਿਆਂ ਲਖਣੋਂ ਨਾਲ ਵਿਆਹ ਕੀਤਾ ਜਿਸ ਤੋਂ ਸਾਂਸ ਮਲ ਜੰਮਿਆ।

ਸਾਂਸ ਮਲ ਦੀ ਉਤਪਤੀ ਦੈਵੀ ਢੰਗ ਨਾਲ ਹੋਈ ਜਾਂ ਭੌਤਿਕ ਨਾਲ, ਪਰ ਸਭ ਰਵਾਇਤਾਂ ਇਸ ਗੱਲ ਤੇ ਮੁਤਫ਼ਿਕ ਹਨ ਕਿ ਸਾਂਸੀਆਂ ਦਾ ਵਡਿਕਾ ਸਾਂਸ ਮਲ ਸੀ। ਸਾਂਸ ਮਲ ਦੇ ਅੱਗੋਂ ਦੋ ਪੁੱਤਰ ਬੇਦਾ ਤੇ ਮਲਾ ਸਨ। ਬੇਦਾ ਨਾਂ ਵਿਕ੍ਰਿਤ ਹੋ ਕੇ ਕਿਧਰੇ ਬਹੋਦੂ, ਭੇਦੂ, ਧੀਦੂ ਹੋ ਗਿਆ; ਇਸੇ ਤਰ੍ਹਾਂ ਮਲ ਨਾਂ ਮਾਲ੍ਹਾ, ਮਾਹਲਾ ਆਦਿ ਵਿਚ ਬਦਲ ਗਿਆ। ਬੇਦਾ ਦੇ ਅੱਗੋਂ ਬਾਰ੍ਹਾਂ ਪੁੱਤਰ ਅਤੇ ਮਲਾ ਦੇ ਗਿਆਰਾਂ ਪੁੱਤਰ ਪੈਦਾ ਹੋਏ। ਇਨ੍ਹਾਂ 23 ਪੁੱਤਰਾਂ ਤੋਂ ਸਾਂਸੀ ਕਬੀਲੇ ਦੀਆਂ 23 ਗੋਤਾਂ ਪ੍ਰਚਲਤ ਹੋਈਆਂ। ਸਾਂਸ ਮਲ ਦੀ ਇਕ ਕੰਨਿਆਂ ਵੀ ਸੀ ਜਿਸ ਦਾ ਨਾਂ ਰਸਲਾਂ ਸੀ।

ਲਾਹੌਰ ਦੇ ਸਾਂਸੀਆਂ ਵਿਚ ਪ੍ਰਚਲਤ ਰਵਾਇਤ ਅਨੁਸਾਰ ਸਾਂਸ ਮਲ ਮੱਧ ਪ੍ਰਦੇਸ਼ ਦਾ ਰਾਜਾ ਸੀ, ਜਿਸ ਨੂੰ ਕੋਹੜ ਹੋ ਜਾਣ ਕਰ ਕੇ ਗੱਦੀ ਤੋਂ ਉਤਾਰਨ ਤੋਂ ਇਲਾਵਾ, ਸ਼ਹਿਰ ਬਦਰ ਕਰ ਦਿਤਾ ਗਿਆ। ਇਸ ਦੇ ਉਲਟ ਝੰਗ ਦੀਆਂ ਰਵਾਇਤਾਂ ਅਨੁਸਾਰ ਸਾਂਸੀ ਮੂਲ ਵਿਚ ਪੁੰਵਾਰ ਰਾਜਪੂਤ ਸਨ, ਜੋ ਕਦੇ ਪਛਮੀ ਰਾਜਪੂਤਾਨੇ ਵਿਚ ਵਸਦੇ ਸਨ। ਉਨ੍ਹਾਂ ਦੇ ਵਡਿਕੇ ਸਾਂਸ ਮਲ ਦੀ ਪਤਨੀ ਬਾਂਝ ਸੀ। ਸਾਂਸ ਮਲ ਨੂੰ ਇਕ ਫ਼ਕੀਰ ਨੇ ਵਰ ਦਿਤਾ ਕਿ ਜੇ ਉਹ ਦੋਹਾਂ ਮਜ਼ਹਬਾਂ, ਹਿੰਦੂਆਂ ਤੇ ਮੁਸਲਮਾਨਾਂ ਦੇ ਘਰਾਂ ਤੋਂ ਭਿਛਿਆ ਮੰਗੇ, ਤਾਂ ਉਸ ਦੇ ਘਰ ਪੁੱਤਰ ਪੈਦਾ ਹੋਵੇਗਾ। ਸਾਂਸ ਮਲ ਦੇ ਘਰ ਦੋ ਪੁੱਤਰ ਬਹੇਦਾ ਅਤੇ ਮਾਲ੍ਹਾ ਜੰਮੇ ਅਤੇ ਫਿਰ ਇਕ ਕੰਨਿਆਂ ਪੈਦਾ ਹੋਈ। ਸਾਂਸ ਮਲ ਨੂੰ ਗਦਾ ਮੰਗਣ ਕਰ ਕੇ ਭਾਈਚਾਰੇ ਵਿਚੋਂ ਛੇਕ ਦਿਤਾ ਗਿਆ। ਸਾਂਸ ਮਲ ਦੇ ਵਡੇ ਲੜਕੇ ਬਹੇਦਾ ਨੇ ਪਿਉ ਦਾ ਕਿੱਤਾ ਅਪਣਾ ਲਿਆ, ਪਰ ਮਾਲ੍ਹਾ ਪਸ਼ੂ ਚਾਰਨ ਲੱਗਾ। ਝੰਗ ਦੇ ਸਾਂਸੀਆਂ ਅਨੁਸਾਰ ਉਨ੍ਹਾਂ ਦੀਆਂ ਕੁਲ 36 ਗੋਤਾਂ ਹਨ। ਬਹੇਦਾ ਤੇ ਮਾਲ੍ਹਾ ਦੇ 23 ਲੜਕਿਆਂ ਤੋਂ 23 ਗੋਤਾਂ ਚਲੀਆਂ ਅਤੇ ਬਾਕੀ 13 ਸਾਂਸ ਮਲ ਦੀ ਕੰਨਿਆਂ ਰਸਲਾਂ ਤੋਂ ਜੰਮੇ 13 ਲੜਕਿਆਂ ਤੋਂ ਪ੍ਰਚਲਤ ਹੋਈਆਂ।

ਸਾਂਸੀਆਂ ਦੀਆਂ ਦੋ ਪ੍ਰਮੁਖ ਸ਼ਾਖ਼ਾਂ—ਅਰਹਰ ਤੇ ਨਗਾਹਾ ਹਨ। ਅਰਹਰ ਬਹੇਦਾ ਦਾ ਵਡਾ ਲੜਕਾ ਸੀ, ਨਗਾਹਾ ਮਾਲ੍ਹਾ ਦਾ। ਪੰਜਾਬ ਦੇ ਸਾਂਸੀ ਇਨ੍ਹਾਂ ਦੋਹਾਂ ਦੀ ਹੀ ਵੰਸ਼ ਮੰਨੇ ਜਾਂਦੇ ਹਨ

(P. N. Q. 2,593)।

ਇਥੇ ਸਾਂਸੀ ਅਤੇ ਸਾਂਹਸੀ ਗੋਤਾਂ ਦਾ ਨਿਖੇੜਾ ਕਰਨਾ ਜ਼ਰੂਰੀ ਹੈ। ਇਹ ਦੋ ਵੱਖੋ ਵੱਖਰੇ ਸ਼ਬਦ ਹਨ। 'ਸਾਂਸ' ਪਦ ਸਾਹ ਤੋਂ ਬਣਿਆ ਅਤੇ 'ਸਾਂਹਸੀ' ਸੰਸਕ੍ਰਿਤ ਦੇ ਸ਼ਬਦ ਸਾਹਸੀ ਦਾ ਵਿਕ੍ਰਿਤ ਰੂਪ ਹੈ, ਜਿਸ ਦਾ ਅਰਥ ਹੈ — ਹਿੰਮਤੀ, ਬਲਵਾਨ। ਮਹਾਨ ਕੋਸ਼ (132) ਅਨੁਸਾਰ ਸਾਂਸੀ ਤੇ ਸਾਂਹਸੀ ਦੋ ਵੱਖੋ ਵੱਖਰੀਆਂ ਗੋਤਾਂ ਹਨ, ਪਹਿਲੀ ਖ਼ਾਨਾਬਦੋਸ਼ਾਂ ਦੀ, ਪਰ ਦੂਜੀ ਜੱਟਾਂ ਦੀ ਗੋਤ ਹੈ। ਸ਼ੇਰ ਸਿੰਘ ਸ਼ੇਰ ਅਤੇ ਕੁਝ ਹੋਰ ਜਾਤੀ ਵਿਗਿਆਨੀ 'ਸਾਂਸੀ' ਤੇ 'ਸਾਂਹਸੀ' ਨੂੰ ਇਕੋ ਜਾਤ ਮੰਨਦੇ ਹਨ। ਮਹਾਰਾਜਾ ਰਣਜੀਤ ਸਿੰਘ ਸਾਂਹਸੀ ਗੋਤ ਦਾ ਸੀ। ਸਾਂਸੀਆਂ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਆਪਣਾ ਸਮਾਜਕ ਰਿਸ਼ਤਾ ਜੋੜਨ ਲਈ 'ਸਾਂਸੀ' ਅਤੇ 'ਸਾਂਹਸੀ' ਗੋਤ ਦਾ ਏਕੀਕਰਣ ਕਰ ਕੇ ਉਸ ਨੂੰ ਖ਼ਾਨਾਬਦੋਸ਼ ਬਨਾਣ ਦਾ ਯਤਨ ਕੀਤਾ।

ਸਾਂਸੀਆਂ ਦਾ ਮੂਲ ਸਥਾਨ ਕਿਹੜਾ ਸੀ ਅਤੇ ਇਨ੍ਹਾਂ ਦੀ ਮੁਢਲੀ ਜਾਤ ਗੋਤ ਕੀ ਸੀ ? ਇਸ ਬਾਰੇ ਮਾਨਵ-ਵਿਗਿਆਨੀਆਂ ਵਿਚ ਚੋਖਾ ਮਤਭੇਦ ਹੈ। ਸਾਂਸੀਆਂ ਦੀਆਂ ਕੁਝ ਰਵਾਇਤਾਂ ਇਹੋ ਸਿੱਧ ਕਰਦੀਆਂ ਹਨ ਕਿ ਉਹ ਰਾਜਸਥਾਨ ਦੇ ਰਾਜਪੂਤ ਸਨ, ਜੋ ਕਦੇ ਲਖੀ ਜੰਗਲ ਵਿਚ ਵਸਦੇ ਸਨ। ਝੰਗ ਦੇ ਸਾਂਸੀ ਆਪਣਾ ਪਿੱਛਾ ਪੁੰਵਾਰ ਰਾਜਪੂਤਾਂ ਨਾਲ ਜੋੜਦੇ ਹਨ, ਪਰ ਆਮ ਪ੍ਰਚਲਤ ਮੱਤ ਇਹ ਹੈ ਕਿ ਸਾਂਸੀ ਗੋਤ ਦੇ ਭੱਟੀ ਰਾਜਪੂਤ ਸਨ, ਜੋ ਕਦੇ ਭਟਨੇਰ ਦੇ ਇਲਾਕੇ ਦੇ ਵਸਨੀਕ ਸਨ। ਪੰਜਾਬ ਦੇ ਕੁਝ ਸਾਂਸੀ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਪੂਰਵਜ ਗੜ੍ਹ ਗ਼ਜ਼ਨੀ (ਅਫ਼ਗਾਨਿਸਤਾਨ) ਤੋਂ ਹਿਜਰਤ ਕਰ ਕੇ ਭਾਰਤ ਆਏ। ਇਤਿਹਾਸ ਇਸ ਗੱਲ ਦਾ ਸ਼ਾਹਦੀ ਹੈ ਕਿ ਗਜ ਨਾਂ ਦੇ ਭੱਟੀ ਰਾਜਪੂਤ ਨੂੰ ਜਦੋਂ ਦੇਸ਼ ਨਿਕਾਲਾ ਮਿਲਿਆ ਤਾਂ ਉਸ ਨੇ ਅਫ਼ਗਾਨਿਸਤਾਨ ਵਿਚ ਜਾ ਕੇ ਗ਼ਜ਼ਨੀ ਦੀ ਨੀਂਹ ਰਖੀ ਅਤੇ ਆਪਣੇ ਸਾਥੀਆਂ ਸਮੇਤ ਉਥੇ ਹੀ ਵਸਣ ਲੱਗਾ। ਕੁਝ ਦਹਾਕਿਆਂ ਮਗਰੋਂ ਗਜ ਦੀ ਵੰਸ਼ ਮੁੜ ਪੰਜਾਬ ਵਿਚ ਆ ਵੱਸੀ। ਸੋ ਜੇ ਕੁਝ ਸਾਂਸੀ ਆਪਣਾ ਮੂਲ ਅਸਥਾਨ ਗ਼ਜ਼ਨੀ ਦਸਦੇ ਵੀ ਹਨ ਤਾਂ ਇਹ ਰਵਾਇਤ ਵੀ ਉਨ੍ਹਾਂ ਦਾ ਅਸਲਾ ਰਾਜਪੂਤਾਂ ਨਾਲ ਹੀ ਜੋੜਦੀ ਹੈ। ਸਾਂਸੀ ਕਬੀਲੇ ਆਪਣੀ ਕਬਾਇਲੀ ਉਪ-ਭਾਸ਼ਾ ਵਿਚ, ਆਪਣੇ ਆਪ ਨੂੰ 'ਭਟਸ' ਕਹਿੰਦੇ ਹਨ, ਜੋ ਭੱਟੀ ਦਾ ਹੀ ਵਿਕ੍ਰਿਤ ਰੂਪ ਜਾਪਦਾ ਹੈ।

ਮੁਸਲਮਾਨੀ ਹੱਲਿਆਂ ਸਮੇਂ ਅਨੇਕਾਂ ਭੱਟੀ ਰਾਜਪੂਤ ਰਾਜਸਥਾਨ ਵਿਚੋਂ ਬਾਹਰ ਵਲ ਧੱਕ ਦਿਤੇ ਗਏ। ਉਹ ਪੰਜਾਬ, ਦਿੱਲੀ ਤੇ ਉੱਤਰ ਪ੍ਰਦੇਸ਼ ਆਦਿ ਦੇ ਵਿਸ਼ਾਲ ਖੇਤਰ ਵਿਚ ਜਾ ਆਬਾਦ ਹੋਏ। ਜਾਪਦਾ ਹੈ ਕਿ ਇਨ੍ਹਾਂ ਭੱਟੀਆਂ ਦਾ ਹੀ ਕੋਈ ਆਗੂ ਸਾਂਸ ਮਲ ਹੋਣਾ ਹੈ, ਜਿਸ ਦੀ ਬਰਾਦਰੀ ਅਤੇ ਵੰਸ਼ ਦੇ ਲੋਕ ਸਾਂਸੀ ਨਾਉਂ ਨਾਲ ਪ੍ਰਸਿਧ ਹੋ ਗਏ। ਸਾਂਸੀਆਂ ਵਾਂਗ ਹੀ ਪੰਜਾਬ ਦੀਆਂ ਕੁਝ ਹੋਰ ਮਹੱਤਵਪੂਰਣ ਜਾਤਾਂ — ਰੰਧਾਵਾ, ਸਿਧੂ, ਰਾਂਝਾ ਆਦਿ ਦਾ ਵੀ ਮੁਢ ਭੱਟੀ ਰਾਜਪੂਤਾਂ ਤੋਂ ਬਝਿਆ ਮੰਨਿਆ ਜਾਂਦਾ ਹੈ।

ਸਾਂਸੀ ਕਈ ਸ਼ਾਖ਼ਾਂ ਵਿਚ ਵੰਡੇ ਹੋਏ ਹਨ। ਮੁਖ ਵੰਡ ਤਾਂ ਦੋ ਭਾਗਾਂ ਵਿਚ ਹੀ ਕੀਤੀ ਜਾਂਦੀ ਹੈ — ਇਕ ਉਹ ਜੋ ਕਿਸੇ ਥਾਂ ਟਿਕ ਕੇ ਵਸਦੇ ਹਨ; ਦੂਜਾ, ਖ਼ਾਨਾਬਦੋਸ਼। ਰੋਜ਼ (ਗਲਾਸਰੀ 3,363) ਖ਼ਾਨਾਬਦੋਸ਼ ਸਾਂਸੀਆਂ ਨੂੰ ਅੱਗੋਂ ਦੋ ਹਿੱਸਿਆਂ ਵਿਚ ਵੰਡਦਾ ਹੈ। (ੳ) ਬਿਰਤਵਾਣ ਤੇ ਸ਼ੁਧ ਖ਼ਾਨਾਬਦੋਸ਼। ਬਿਰਤਵਾਣ ਸ਼ਬਦ ਬਿਰਤ ਤੋਂ ਬਣਿਆ ਹੈ। ਬਿਰਤ ਉਸ ਲਾਗ ਨੂੰ ਕਹਿੰਦੇ ਹਨ, ਜੋ ਸਾਂਸੀ ਆਪਣੇ ਜਜਮਾਨ ਜੱਟਾਂ ਤੋਂ ਉਗਰਾਹੁੰਦੇ ਹਨ। ਸ਼ੁਧ ਖ਼ਾਨਾਬਦੋਸ਼ਾਂ ਨੂੰ ਲੋਕ, ਅਕਸਰ ਰੋਲੂਵਾਲਾ ਵੀ ਕਹਿੰਦੇ ਹਨ, ਕਿਉਂ ਜੋ ਇਨ੍ਹਾਂ ਦੀਆਂ ਪਤਨੀਆਂ ਰੋਲੂ ਦੇ ਗੀਤ ਤੇ ਨਾਚ ਨਚਦੀਆਂ ਹਨ। ਰੋਜ਼ ਦਾ ਵਿਚਾਰ ਹੈ ਕਿ ਇਨ੍ਹਾਂ ਲੋਕਾਂ ਦੀਆਂ ਰੀਤਾਂ ਵਧੇਰੇ ਆਦਿਮ ਹਨ। ਕਿਉਂ ਜੋ ਬਾਕੀ ਸਾਂਸੀ ਆਪਣੇ ਮ੍ਰਿਤਕਾਂ ਨੂੰ ਦਬਦੇ ਜਾਂ ਦਾਗਦੇ ਹਨ, ਪਰ ਇਹ ਖ਼ਾਨਾਬਦੋਸ਼ ਕੁਝ ਦਹਾਕੇ ਪਹਿਲਾਂ ਆਪਣੇ ਮ੍ਰਿਤਕਾਂ ਨੂੰ ਜੰਗਲ ਵਿਚ ਖੁਲ੍ਹਾ ਛਡ ਆਉਂਦੇ ਸਨ। ਹੁਣ ਇਹ ਪ੍ਰਥਾ ਨਹੀਂ ਰਹੀ। ਸਾਂਸੀਆਂ ਦੀ ਇਕ ਹੋਰ ਸ਼ਾਖ਼ 'ਭੇਟ ਕੁਟ' ਅਖਵਾਉਂਦੀ ਹੈ। ਇਹ ਸਾਂਸੀ ਭੇਡਾਂ ਨੂੰ ਅਜੀਬ ਵਿਧੀ ਨਾਲ ਮਾਰ ਕੇ ਕਾਬੂ ਕਰ ਲੈਂਦੇ ਹਨ। ਸਾਂਸੀ ਕਬੀਲਾ ਅਨੇਕਾਂ ਉਪ-ਜਾਤੀਆਂ

ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਵਿਚ ਕੀਕਣ, ਬਦੀਏ, ਗਲਿਹਾਰੇ, ਡੋਬਦੇ ਖ਼ਾਸ ਮਹੱਤਾ ਰਖਦੇ ਹਨ । ਇਨ੍ਹਾਂ ਦੀਆਂ ਕੁਝ ਜਾਤੀਆਂ ਹਰੜ, ਸਿੰਡੀਵਾਲਾ, ਬਹੈਲੀਆ, ਰੈਹਲੂਵਾਲਾ, ਹਾਰਨੀ ਆਦਿ ਦੇ ਨਾਂ ਵਿਸ਼ੇਸ਼ ਪੇਸ਼ੇ ਕਾਰਨ ਪ੍ਰਚਲਤ ਹੋ ਗਏ ਹਨ ।

ਸਾਂਸੀ ਵਧੇਰੇ ਕਰ ਕੇ ਟਪਰੀ ਵਾਸੀਆਂ ਦਾ ਜੀਵਨ ਬਤੀਤ ਕਰਦੇ ਹਨ । ਇਨ੍ਹਾਂ ਦੀਆਂ ਟਪਰੀਆਂ ਆਮ ਤੌਰ ਉਤੇ ਸਿਰਕੀਆਂ, ਕੱਖਾਂ-ਕਾਨਿਆਂ ਤੇ ਤੀਲਿਆਂ ਦੀਆਂ ਬਣੀਆਂ ਹੁੰਦੀਆਂ ਹਨ । ਕਈ ਸਾਂਸੀ ਕੱਚੇ ਕੋਠਿਆਂ ਵਿਚ ਵੀ ਰਹਿੰਦੇ ਹਨ । ਪਹਿਲਾ ਸਾਰੇ ਸਾਂਸੀ ਦਾੜ੍ਹੀ ਮੁੱਛ ਰਖਦੇ ਸਨ, ਪਰ ਹੁਣ ਹਿੰਦੂ ਸਾਂਸੀ ਦਾੜ੍ਹੀ ਮੁੰਨਣ ਲੱਗ ਪਏ ਹਨ । ਫਿਰ ਵੀ ਉਹ ਮੁੱਛਾਂ ਨੂੰ ਜ਼ਰੂਰ ਵਧਾਉਂਦੇ ਹਨ । ਸਾਂਸੀ ਔਰਤਾਂ ਕਲ੍ਹ ਤਕ ਘਘਰੇ ਦੀ ਵਰਤੋਂ ਵਧੇਰੇ ਕਰਦੀਆਂ ਰਹੀਆਂ ਹਨ, ਪਰ ਹੁਣ ਉਨ੍ਹਾਂ ਵਿਚ ਸਲਵਾਰ ਦਾ ਰਵਾਜ ਪ੍ਰਚਲਤ ਹੋ ਗਿਆ ਹੈ । ਤੀਵੀਆਂ ਵਾਲਾਂ ਨੂੰ ਮੇਢੀਆਂ ਵਿਚ ਗੁੰਦਦੀਆਂ ਹਨ ਅਤੇ ਉਹ ਆਮ ਤੌਰ ਤੇ ਚਾਂਦੀ ਦੇ ਹੀ ਗਹਿਣੇ ਪਹਿਨਦੀਆਂ ਹਨ । ਉਨ੍ਹਾਂ ਵਿਚ ਮੂੰਹ ਉਤੇ ਬਿੰਦ-ਖਟੋਲੇ (ਤੰਦੋਲੇ) ਬਨਾਉਣ ਦਾ ਰਵਾਜ ਆਮ ਹੈ । ਬੱਚੇ ਦੇ ਲੱਕ ਵਿਚ ਤੜਾਗੀ ਜ਼ਰੂਰ ਪਾਈ ਜਾਂਦੀ ਹੈ ।

ਪਿਛਲੇ ਕੁਝ ਦਹਾਕਿਆਂ ਤਕ ਸਾਂਸੀ ਹਿਰਨ, ਖ਼ਰਗੋਸ਼, ਜੰਗਲੀ ਬਿੱਲੇ, ਸਾਨ੍ਹ, ਗੋਹ ਤੇ ਸੂਰ ਆਦਿ ਦਾ ਸ਼ਿਕਾਰ ਕਰ ਕੇ ਪੇਟ ਪਾਲਦੇ ਰਹੇ ਹਨ । ਅੰਗਰੇਜ਼ੀ ਰਾਜ ਦੇ ਸਮੇਂ ਇਹ ਚੋਰੀਆਂ ਚਕਾਰੀਆਂ ਕਰਦੇ ਅਤੇ ਡਾਕੇ ਮਾਰਦੇ ਰਹੇ, ਜਿਸ ਕਰ ਕੇ ਇਨ੍ਹਾਂ ਨੂੰ ਜੁਰਾਇਮ ਪੇਸ਼ਾ ਕਬੀਲਾ ਸੂਚਿਤ ਕਰ ਦਿਤਾ ਗਿਆ । ਅੱਜ ਕਲ੍ਹ ਕੁਝ ਸਾਂਸੀ ਭੇਡ ਬਕਰੀਆਂ ਦੇ ਇਜੜ ਪਾਲਦੇ ਤੇ ਪਸ਼ੂਆਂ ਦਾ ਵਪਾਰ ਕਰਦੇ ਹਨ, ਪਰ ਕੁਝ ਸਾਂਸੀਆਂ ਨੇ ਵਾਹੀ ਖੇਤੀ ਦਾ ਕੰਮ ਵੀ ਆਰੰਭ ਦਿਤਾ ਹੈ ।

ਪਰੰਤੂ ਸਾਂਸੀ ਦੇ ਜ਼ਿੰਮੇ ਪਰੰਪਰਾ ਤੋਂ ਚਲੇ ਆ ਰਹੇ ਕੁਝ ਸਮਾਜਿਕ ਕਰਤੱਵ ਵੀ ਹਨ । ਸਾਂਸੀ ਜੱਟਾਂ ਦੇ ਭੱਟ ਹੋਣ ਦੇ ਨਾਤੇ ਉਨ੍ਹਾਂ ਤੋਂ ਬ੍ਰਾਹਮਣਾਂ ਵਾਂਗ ਲਾਗ ਲੈਂਦੇ ਹਨ, ਜਿਨ੍ਹਾਂ ਨੂੰ ਇਹ ਵਿਰਤ ਕਹਿੰਦੇ ਹਨ । ਵਿਰਕ, ਕਾਹਲੋਂ, ਗੋਰਾਇਆ, ਢਿਲੋਂ, ਵੜੈਚ, ਭੁਲਰ, ਹੇੜ, ਔਲਖ, ਤੇ ਸੇਖੋਂ ਆਦਿ ਜੱਟ ਕਬੀਲਿਆਂ ਦੇ ਭੱਟ ਸਾਂਸੀ ਹੀ ਹਨ ਅਤੇ ਉਨ੍ਹਾਂ ਦੇ ਘਰਾਂ ਤੋਂ ਇਹ ਸੰਗਰਾਂਦ, ਸਰਾਧ, ਦੀਵਾਲੀ, ਵਿਸਾਖੀ ਅਤੇ ਹੋਰ ਪੁਰਬਾਂ ਉਤੇ ਮਠਿਆਈ ਤੇ ਖਾਣ ਦੇ ਪਦਾਰਥ ਲੈਣੇ, ਆਪਣਾ ਜੱਦੀ ਹੱਕ ਮੰਨਦੇ ਹਨ । ਸਾਂਸੀ ਆਪਣੇ ਜਜਮਾਨ ਜੱਟਾਂ ਦੀਆਂ ਬੰਸਾਵਲੀਆਂ ਤੇ ਕੁਰਸੀਨਾਮੇ ਦਾ ਲੇਖਾ ਵੀ ਰਖਦੇ ਹਨ । ਫ਼ਿਰੋਜ਼ਪੁਰ ਦੇ ਡੋਗਰੇ, ਜਲੰਧਰ ਤੇ ਹੁਸ਼ਿਆਰਪੁਰ ਦੇ ਰਾਜਪੂਤ ਅਤੇ ਆਨੰਦਪੁਰ ਦੇ ਸੋਢੀਆਂ ਦੀਆਂ ਲੰਮੀਆਂ ਬੰਸਾਵਲੀਆਂ ਤੇ ਕੁਰਸੀਨਾਮੇ ਇਨ੍ਹਾਂ ਦੀ ਸਿਮਰਤੀ ਨੇ ਹੀ ਸਾਂਭੀ ਰਖੇ ਹਨ ।

ਸਾਂਸੀਆਂ ਦੀ ਸੰਸਕ੍ਰਿਤੀ ਪੰਜਾਬ ਦੀ ਪੁਰਾਣੀ ਲੋਕ-ਸੰਸਕ੍ਰਿਤੀ ਦੇ ਵਧੇਰੇ ਨੇੜੇ ਹੈ ਅਤੇ ਇਨ੍ਹਾਂ ਦੇ ਰਹਿਣ-ਸਹਿਣ ਵਿਚ ਕੁਝ ਪ੍ਰਾਚੀਨ ਸਾਂਸਕ੍ਰਿਤਕ ਰੂੜ੍ਹੀਆਂ (Cultural Traits) ਉਪਲਬਧ ਹਨ । ਇਸ ਲਈ ਇਨ੍ਹਾਂ ਦੀ ਧਰਮ ਮਰਯਾਦਾ, ਭਰਮ ਵਹਿਮ, ਅਕੀਦੇ, ਵਿਸ਼ਵਾਸ਼ ਤੇ ਰੀਤ ਰਵਾਜਾਂ ਦਾ ਅਧਿਐਨ ਜ਼ਰੂਰੀ ਹੈ ।

(ੳ) ਧਰਮ-ਕਰਮ : ਪੰਜਾਬ ਵਿਚ ਵਸਦੇ ਸਾਂਸੀ ਭਾਵੇਂ ਹਿੰਦੂ ਧਰਮ ਦੇ ਧਾਰਨੀ ਹੋਣ ਤੇ ਭਾਵੇਂ ਸਿੱਖ ਧਰਮ ਦੇ, ਉਨ੍ਹਾਂ ਦੇ ਆਪਣੇ ਕੁਝ ਵਿਲੱਖਣ ਅਕੀਦੇ ਹਨ । ਸਭ ਸਾਂਸੀ ਆਪਣੇ ਵਡਿਕੇ ਸਾਂਸ ਮਲ, ਉਸ ਦੇ ਦੋਹਾਂ ਪੁਤਰਾਂ — ਬੀਦੂ ਤੇ ਮਾਲ੍ਹਾ; ਅਤੇ 23 ਪੋਤਰਿਆਂ ਜਿਨ੍ਹਾਂ ਤੋਂ ਉਨ੍ਹਾਂ ਦੀਆਂ ਇਤਨੀਆਂ ਹੀ ਗੋਤਾਂ ਦਾ ਮੁਢ ਬਝਿਆ; ਨੂੰ ਦੇਵ ਸਮਾਨ ਸਮਝ ਕੇ ਪੂਜਦੇ ਹਨ ਅਤੇ ਉਨ੍ਹਾਂ ਦੀ ਦੈਵੀ ਸ਼ਕਤੀ ਵਿਚ ਪੂਰੀ ਆਸਥਾ ਰਖਦੇ ਹਨ । ਰੀਤਾਂ ਰਸਮਾਂ ਵੇਲੇ ਸਾਂਸੀ ਆਪਣੇ ਹਰੇਕ ਪਿਤਰ ਦਾ ਵੱਖੋ ਵੱਖਰਾ ਨਾਂ ਲੈ ਕੇ ਉਸ ਨੂੰ ਪਤਿਆਂਦੇ ਹਨ । ਜਦੋਂ ਕਿਸੇ ਸਾਂਸੀ ਦੀ ਮੰਨਤ ਪੂਰੀ ਹੁੰਦੀ ਹੈ, ਤਾਂ ਉਹ ਆਪਣੇ ਕੁਲ-ਪਿਤਰਾਂ ਦੀਆਂ ਸਮਾਧੀਆਂ ਉਤੇ ਜਾ ਕੇ ਘਿਉ ਡੋਲ੍ਹਦਾ ਅਤੇ ਫਲ ਫੁਲ ਭੇਟਾ ਕਰਦਾ ਹੈ । ਕਈ ਵਾਰ ਛਤਰੇ ਤੇ ਬਕਰੇ ਦੀ ਬਲੀ (ਧਾਰਾਂ) ਵੀ ਦਿਤੀ ਜਾਂਦੀ ਹੈ ।

ਪਿਤਰਾਂ ਤੋਂ ਇਲਾਵਾ ਸਾਂਸੀ ਕੁਝ ਹੋਰ ਸਾਧਾਂ ਸੰਤਾਂ ਦੀ ਵੀ ਉਪਾਸ਼ਨਾ ਕਰਦੇ ਹਨ,

ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ – (ੳ) ਮਲੰਗ ਸ਼ਾਹ : ਸਾਂਸੀਆਂ ਦਾ ਇਕ ਸਾਧ, ਜੋ ਬਾਸੂ ਸਾਂਸੀ ਦਾ ਪੁੱਤਰ ਸੀ। ਇਸ ਨੇ ਗ੍ਰਿਹਸਤ ਨੂੰ ਤਿਆਗ ਕੇ ਜੰਗਲ ਵਿਚ ਘੋਰ ਤਪੱਸਿਆ ਕੀਤੀ। ਇਸ ਨੂੰ ਸਾਂਸੀ ਦੇਵੀ ਪੁਰਸ਼ ਮੰਨ ਕੇ ਪੂਜਦੇ ਹਨ। (ਅ) ਫਤਹ ਸ਼ਹੀਦ : ਇਸ ਸ਼ਹੀਦ ਦੀ ਮਾੜੀ ਸਿਆਲਕੋਟ ਜ਼ਿਲੇ ਦੇ ਇਕ ਪਿੰਡ ਮਲ੍ਹਾ ਵਿਚ ਉਚੀ ਥੇਹ ਉਤੇ ਸਥਿਤ ਹੈ। ਆਲੇ ਦੁਆਲੇ ਦੇ ਇਲਾਕੇ ਦੇ ਸਾਂਸੀ ਚੋਰੀ, ਡਾਕੇ ਜਾਂ ਕਿਸੇ ਹੋਰ ਮੁਹਿੰਮ ਉਤੇ ਜਾਣ ਤੋਂ ਪਹਿਲਾਂ ਇਥੇ ਆ ਕੇ ਭੇਟਾ ਚੜ੍ਹਾਉਂਦੇ ਤੇ ਸੁਖਣਾ ਸੁਖਦੇ ਹਨ। ਫਤਹ ਬੜਾ ਨਿਡਰ ਤੇ ਸਾਹਸੀ ਸੂਰਮਾ ਸੀ। ਰਵਾਇਤ ਹੈ ਕਿ ਇਕ ਵਾਰ ਉਹ ਹਨੇਰੀ ਰਾਤ ਵਿਚ ਦੁਸ਼ਮਣਾਂ ਨਾਲ ਯੁਧ ਕਰਦਾ ਹੋਇਆ ਭੁਲ ਭੁਲੇਖੇ ਆਪਣੇ ਭਣਵਈਏ ਤੇ ਭਣੇਵੇਂ ਹੱਥੋਂ ਮਾਰਿਆ ਗਿਆ। ਸਾਂਸੀ ਫਤਹ ਨੂੰ ਸ਼ਹੀਦ ਦੀ ਪਦਵੀ ਦੇਂਦੇ ਤੇ ਪੂਜਦੇ ਹਨ। (ੲ) ਨਿਹਾਲੂ ਗੰਡੂ : ਇਹ ਦੋਵੇਂ ਭਰਾ ਅਤਰੇ ਦੇ ਲੜਕੇ ਸਨ ਅਤੇ ਜ਼ਿਲਾ ਸਿਆਲਕੋਟ ਦੀ ਡਸਕਾ ਤਹਿਸੀਲ ਦੇ ਇਕ ਪਿੰਡ ਓਠੀਆਂ ਸੋਹੀਆਂ ਦੇ ਵਸਨੀਕ ਸਨ। ਇਹ ਦੋਵੇਂ ਬੜੇ ਪਰਉਪਕਾਰੀ ਜਿਊੜੇ ਸਨ, ਜੋ ਗ੍ਰਿਹਸਤ ਤਿਆਗ ਕੇ ਲੋਕ-ਸੇਵਾ ਵਿਚ ਰੁਝ ਗਏ। ਇਨ੍ਹਾਂ ਦੋਹਾਂ ਦੀਆਂ ਸਮਾਧੀਆਂ ਗੁਜਰਾਂਵਾਲੇ ਦੇ ਇਕ ਪਿੰਡ ਖੰਘੂਰੇ ਵਿਚ ਮੌਜੂਦ ਹਨ। ਇਹ ਦੋਵੇਂ ਭਰਾ ਪ੍ਰੇਤ ਅਤੇ ਦੁਸ਼ਟ ਰੂਹਾਂ ਤੋਂ ਸਾਂਸੀਆਂ ਦੀ ਰੱਖਿਆ ਕਰਦੇ ਹਨ, ਇਸ ਲਈ ਇਨ੍ਹਾਂ ਨੂੰ ਮੁਕਤੀ ਦਾਤਾ ਵੀ ਕਹਿੰਦੇ ਹਨ। ਜਾਦੂ ਟੂਣੇ ਦੇ ਮੰਤ੍ਰਾਂ ਵਿਚ ਇਨ੍ਹਾਂ ਦੋਹਾਂ ਨੂੰ ਹੀ ਪਤਿਆਇਆ ਜਾਂਦਾ ਹੈ। (ਸ) ਹੇਮ ਤੇ ਨਰੋਤਮ : ਇਹ ਸਾਂਸੀਆਂ ਦੇ ਦੋ ਹੋਰ ਪੂਜਨੀਕ ਬਜ਼ੁਰਗ ਹਨ, ਜਿਨ੍ਹਾਂ ਦੀਆਂ ਸਮਾਧੀਆਂ ਓਠੀਆਂ ਸੋਹੀਆਂ ਵਿਚ ਹੀ ਹਨ। ਇਹ ਦੋਵੇਂ ਸ਼ਖ਼ਸ ਰਣਜੀਤ ਸਿੰਘ ਦੇ ਸਮਕਾਲੀ ਸਨ। ਰੋਜ਼ (ਗਲਾਸਰੀ) ਅਨੁਸਾਰ ਇਹ ਸ਼ਨਾਕੀ ਦੇ ਪੁੱਤਰ ਸਨ। ਰਵਾਇਤ ਹੈ ਕਿ ਹੇਮ ਤੇ ਨਰੋਤਮ ਦੋਵੇਂ ਦੈਵੀ ਸ਼ਕਤੀ ਦੇ ਮਾਲਕ ਸਨ ਅਤੇ ਇਹ ਕੰਧਾਂ ਉਤੇ ਚੜ੍ਹ ਕੇ, ਉਨ੍ਹਾਂ ਨੂੰ ਘੋੜਿਆਂ ਵਾਂਗ ਦੌੜਾਉਂਦੇ ਸਨ। ਇਹ ਦੋਵੇਂ ਸਾਧ ਆਪਣੇ ਉਪਾਸ਼ਕਾਂ ਦੀ ਰੱਖਿਆ ਕਰਦੇ ਮੰਨੇ ਜਾਂਦੇ ਹਨ। (ਹ) ਮਾਈ ਲਖੀ : ਇਹ ਇਕ ਪਾਕਦਾਮਨ ਇਸਤ੍ਰੀ ਸੀ, ਜੋ ਸਾਰੀ ਉਮਰ ਕੰਵਾਰੀ ਰਹੀ। ਲਖੀ ਨੇ ਆਪਣੇ ਜੀਵਨ ਦਾ ਬਹੁਤਾ ਹਿੱਸਾ ਜੰਗਲ ਵਿਚ ਤਪ ਤੇ ਸਿਮਰਨ ਵਿਚ ਗੁਜ਼ਾਰਿਆ। ਇਸ ਦੀ ਸਮਾਧੀ ਜ਼ਿਲਾ ਗੁਜਰਾਂਵਾਲੇ ਦੇ ਇਕ ਪਿੰਡ ਤਤਲੀ ਵਿਚ ਹੈ। ਸਾਂਸੀ ਲਖੀ ਨੂੰ ਦੇਵੀ ਤੇ ਜਗਤ ਮਾਤਾ ਕਰ ਕੇ ਪੂਜਦੇ ਹਨ।

ਉਪਰੋਕਤ ਪਿਤਰਾਂ ਤੋਂ ਇਲਾਵਾ ਸਾਂਸੀ ਪੰਜਾਬ ਦੇ ਕੁਝ ਪ੍ਰਸਿਧ ਪੀਰਾਂ — ਸਖੀ ਸਰਵਰ ਤੇ ਗੁਗਾ ਪੀਰ ਆਦਿ ਵਿਚ ਵੀ ਸ਼ਰਧਾ ਰਖਦੇ ਹਨ। ਗੁਗੇ ਦੀ ਪੂਜਾ ਉਹ ਭਾਦਰੋਂ ਦੇ ਮਹੀਨੇ, ਖ਼ਾਸ ਤੌਰ ਤੇ ਗੁਗਾ ਨੌਮੀ ਨੂੰ ਕਰਦੇ ਹਨ। ਗੰਗਾ ਨਗਰ ਦੀ ਤਹਿਸੀਲ ਨੋਹਰ ਵਿਚ ਗੁਗੇ ਦੀ ਇਕ ਮਾੜੀ ਹੈ, ਜਿਥੇ ਗੁਗਾ ਨੌਮੀ ਨੂੰ ਇਕ ਵੱਡਾ ਮੇਲਾ ਭਰਦਾ ਹੈ, ਜਿਸ ਵਿਚ ਸਾਂਸੀ ਵੀ ਹੁੰਮ ਹੁੰਮਾ ਕੇ ਪਹੁੰਚਦੇ ਹਨ। ਗੁਗੇ ਨੂੰ ਪੂਜਣ ਦੀ ਵਿਧੀ ਵੀ ਵਿਲੱਖਣ ਹੈ — ਗੋਹੇ ਦਾ ਪੋਚਾ ਫੇਰ ਕੇ, ਫਿਰ ਆਟੇ ਦੇ ਬਣੇ ਘਿਉ ਦੇ ਸਤ ਦੀਵੇ ਬਾਲ ਕੇ ਪੂਜੇ ਜਾਂਦੇ ਤੇ ਉਨ੍ਹਾਂ ਦੀਵਿਆਂ ਅੱਗੇ ਪ੍ਰਨਾਮ ਕਰ ਕੇ ਗੁਗੇ ਅੱਗੇ ਸੱਪਾਂ ਤੋਂ ਰੱਖਿਆ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਇਸ ਮੌਕੇ ਤੇ ਚੂਰਮੇ ਦਾ ਪ੍ਰਸ਼ਾਦਿ ਤਿਆਰ ਕਰਵਾ ਕੇ ਵੰਡਿਆ ਜਾਂਦਾ ਹੈ। ਚੂਰਮਾ, ਰੋਟੀਆਂ ਦੇ ਦਲੀਏ ਨੂੰ, ਘਿਉ ਵਿਚ ਭੁੰਨ ਕੇ ਅਤੇ ਉਸ ਵਿਚ ਗੁੜ ਮਿਲਾ ਕੇ ਬਣਾਇਆ ਜਾਂਦਾ ਹੈ। ਚੂਰਮੇ ਦਾ ਕੁਝ ਪ੍ਰਸ਼ਾਦਿ ਗੁਗੇ ਦੇ ਨਾਂ 'ਤੇ ਭੇਟ ਕੀਤਾ ਜਾਂਦਾ ਹੈ, ਜੋ ਉਹ ਕੁੱਤੇ ਬਿੱਲੀਆਂ ਦੇ ਖਾਣ ਲਈ ਘਰ ਦੀ ਕਿਸੇ ਗੁਠ ਵਿਚ ਰਖ ਦੇਂਦੇ ਹਨ, ਅਤੇ ਬਾਕੀ ਚੂਰਮਾ ਘਰ ਦੇ ਬੰਦੇ ਖ਼ੁਦ ਵੰਡ ਕੇ ਖਾਂਦੇ ਹਨ। ਸੇਵੀਆਂ ਤੇ ਸੀਰਾ ਵੀ ਭੇਟ ਕਰਨ ਦੀ ਪ੍ਰਥਾ ਹੈ। ਇਸ ਤੋਂ ਇਲਾਵਾ ਕਈ ਸਾਂਸੀਆਂ ਵਿਚ ਸੱਪ ਦੀ ਕਿਸੇ ਖੁਡ ਉਤੇ ਸੇਵੀਆਂ, ਕੌਡੀਆਂ ਤੇ ਚਿੱਟਾ ਗੰਢਾ ਰਖ ਕੇ ਸੱਪ ਨੂੰ ਪਤਿਆਣ ਦਾ ਰਵਾਜ ਹੈ। ਇਸ ਤਰ੍ਹਾਂ ਸੱਪ ਡੰਗ ਨਹੀਂ ਮਾਰਦਾ।

ਸਾਂਸੀ ਕੁਝ ਦੇਵੀਆਂ ਨੂੰ ਵੀ ਪੂਜਦੇ ਹਨ, ਜਿਨ੍ਹਾਂ ਵਿਚੋਂ ਸੀਤਲਾ ਦੇਵੀ, ਲਾਟਾਂ ਵਾਲੀ ਤੇ ਜਵਾਲਾ ਦੇਵੀ ਨੂੰ ਖ਼ਾਸ ਮਹੱਤਤਾ ਪ੍ਰਾਪਤ ਹੈ। ਕੁਝ ਸਾਂਸੀਆਂ ਵਿਚ ਕਲਜੋਗਣਾਂ ਮਨਾਉਣ ਤੇ ਉਨ੍ਹਾਂ ਨੂੰ ਛਤਰੇ ਅਤੇ ਬਕਰੇ ਦੀਆਂ ਧਾਰਾਂ ਦੇਣ

ਦੀ ਪੂਜਾ ਵੀ ਹੈ। ਇਨ੍ਹਾਂ ਸਾਂਸੀਆਂ ਵਿਚ ਕੋਈ ਵਿਆਹ ਉਦੋਂ ਤਕ ਮੁਕੰਮਲ ਨਹੀਂ ਸਮਝਿਆ ਜਾਂਦਾ, ਜਦੋਂ ਤਕ ਕਲਜੋਗਣਾਂ ਨਾ ਮਨਾ ਲਈਆਂ ਜਾਣ। ਕਲਜੋਗਣਾਂ ਨੂੰ ਮਨਾਣ ਦਾ ਢੰਗ ਬੜਾ ਵਚਿਤ੍ਰ ਹੈ। ਬਕਰਾ ਜਾਂ ਭੇਡੂ ਵੱਢ ਕੇ ਉਸ ਦੇ ਮਾਸ ਦੀਆਂ ਨਿਕੀਆਂ ਨਿਕੀਆਂ ਬੋਟੀਆਂ ਕਰ ਲਈਆਂ ਜਾਂਦੀਆਂ ਹਨ। ਫਿਰ ਅੱਧੇ ਕੁ ਮਾਸ ਦੀਆਂ ਬੋਟੀਆਂ ਆਕਾਸ਼ ਵਿਚ ਇੱਲਾਂ ਕਾਵਾਂ ਵਲ ਸੁਟੀਆਂ ਜਾਂਦੀਆਂ ਹਨ, ਬਾਕੀ ਮਾਸ ਰਿੰਨ੍ਹ ਕੇ ਮੇਲ ਨੂੰ ਖੁਆਇਆ ਜਾਂਦਾ ਹੈ।

ਸਾਂਸੀ ਆਪਣੇ ਇਸ਼ਟ ਦੇਵ ਤੇ ਪਿਤਰਾਂ ਦੀ ਝੂਠੀ ਸੌਂਹ ਕਦੇ ਨਹੀਂ ਚੁਕਦੇ। ਤਲਵਾਰ ਦੀ ਸੌਂਹ ਵੀ ਉਨ੍ਹਾਂ ਵਿਚ ਖ਼ਾਸ ਮਹੱਤਤਾ ਰਖਦੀ ਹੈ। ਰੋਜ਼ (ਗਲਾਸਰੀ 3,367) ਅਨੁਸਾਰ ਸਾਂਸੀ ਤਲਵਾਰ ਨੂੰ ਪੂਜਦੇ ਹਨ ਅਤੇ ਉਹ ਤਲਵਾਰ ਨੂੰ ਹੱਥ ਲਗਾ ਕੇ ਜੋ ਸੌਂਹ ਚੁਕਦੇ ਹਨ, ਉਸ ਨੂੰ ਸਿਰ ਧੜ ਦੀ ਬਾਜ਼ੀ ਨਾਲ ਨਿਭਾਉਂਦੇ ਹਨ। ਪਰ ਰੋਜ਼ ਦਾ ਵਿਚਾਰ ਹੈ ਕਿ ਇਹ ਗੱਲ ਸਾਂਸੀਆਂ ਨੇ ਆਪਣੀ ਸਹੁੰ ਦਾ ਮਾਣ ਰਖਣ ਲਈ ਫੈਲਾ ਦਿਤੀ ਹੈ। ਪਰ ਅੱਗੇ ਚਲ ਕੇ ਰੋਜ਼ ਲਿਖਦਾ ਹੈ ਕਿ ਸਿਆਲਕੋਟ ਦੇ ਸਾਂਸੀ ਤਲਵਾਰ ਨੂੰ ਹੱਥ ਲਗਾ ਕੇ ਝੂਠੀ ਸੁਗੰਧ ਕਦੇ ਨਹੀਂ ਚੁਕਦੇ।

ਸਾਂਸੀਆਂ ਦੇ ਮੇਲੇ ਤੇ ਤਿਉਹਾਰ ਆਮ ਕਰ ਕੇ ਪੰਜਾਬੀਆਂ ਵਾਲੇ ਹਨ, ਪਰ ਕੁਝ ਉਤਸਵ ਨਿਵੇਕਲੇ ਵੀ ਹਨ, ਜੋ ਉਹ ਵੱਖਰੇ ਢੰਗ ਨਾਲ ਮਨਾਉਂਦੇ ਹਨ। ਇਸ ਲਈ ਉਨ੍ਹਾਂ ਦਾ ਇਥੇ ਵਰਨਣ ਕਰਨਾ ਬੇਲੋੜਾ ਨਹੀਂ ਹੋਵੇਗਾ।

ਹਾੜ੍ਹੀ ਦਾ ਚੂਰਮਾ : ਇਹ ਪੁਰਬ ਸਾਂਸੀ ਕਬੀਲੇ ਦੇ ਲੋਕ ਹਾੜ ਦੇ ਕਿਸੇ ਵੀ ਦਿਨ ਮਨਾ ਲੈਂਦੇ ਹਨ। ਹਾੜ੍ਹੀ ਦੀ ਫ਼ਸਲ ਦੀ ਲਾਗ ਇਕੱਠੀ ਕਰਨ ਤੋਂ ਬਾਅਦ, ਉਹ ਘਰਾਂ ਵਿਚ ਗੋਹੇ ਦਾ ਪੋਚਾ ਫੇਰ ਕੇ, ਚੂਰਮਾ ਤਿਆਰ ਕਰਦੇ ਹਨ ਅਤੇ ਕਬੀਲੇ ਦੇ ਦਿਓਤਿਆਂ, ਪਿਤਰਾਂ ਅਤੇ ਸਾਂਸ ਮਲ ਆਦਿ ਨੂੰ ਭੇਟ ਕਰਦੇ ਹਨ। ਪਹਿਲਾਂ ਕੁਝ ਚੂਰਮਾ ਉਪਰ ਆਕਾਸ਼ ਵਲ ਪਿਤਰਾਂ ਨਮਿਤ, ਉਨ੍ਹਾਂ ਦੇ ਨਾਵਾਂ ਦਾ ਉੱਚਾਰਨ ਕਰਦਿਆਂ ਹੋਇਆਂ ਸੁਟਿਆ ਜਾਂਦਾ ਹੈ। ਫਿਰ ਥੋੜਾ ਜਿਹਾ ਚੂਰਮਾ ਲੋਕਾਂ ਵਿਚ ਪ੍ਰਸ਼ਾਦਿ ਵਜੋਂ ਵੰਡਿਆ ਜਾਂਦਾ ਹੈ ਅਤੇ ਬਾਕੀ ਬਚਿਆ ਘਰ ਦੇ ਜੀਆਂ ਦੇ ਭੋਗ ਲਈ ਰਖ ਲਿਆ ਜਾਂਦਾ ਹੈ।

ਦੀਵਾਲੀ ਵਾਲੇ ਦਿਨ, ਸਾਂਸੀ ਇਸ਼ਨਾਨ ਕਰਨ ਮਗਰੋਂ, ਪਿਤਰਾਂ ਨੂੰ ਪਾਣੀ ਦੇਂਦੇ ਹਨ। ਫਿਰ ਚੂਰਮਾ ਤਿਆਰ ਕਰਵਾ ਕੇ ਪਿਤਰਾਂ ਨਮਿਤ ਭੇਟ ਕਰਦੇ ਹਨ ਅਤੇ ਰਾਤ ਨੂੰ ਦੀਵੇ ਬਾਲਦੇ ਹਨ। ਪਹਿਲਿਆਂ ਵਿਚ, ਦੀਵਾਲੀ ਦੇ ਦਿਨ ਸ਼ਿਕਾਰ ਖੇਡਣਾ, ਸਾਂਸੀ ਆਪਣਾ ਪਰਮ ਧਰਮ ਮੰਨਦੇ ਸਨ ਅਤੇ ਇਸ ਕਿਰਿਆ ਨੂੰ ਉਹ 'ਹੇਡ' (ਭਾਵ ਫਿਰਨਾ) ਕਹਿੰਦੇ ਸਨ। 'ਹੰਡ' ਵਿਚ ਜੋ ਸ਼ਿਕਾਰ ਹੱਥ ਲੱਗਦਾ, ਉਹ ਸਭ ਹਾਜ਼ਰ ਸਾਂਸੀ ਆਪੋ ਵਿਚ ਵੰਡ ਲੈਂਦੇ ਸਨ। ਪਰ ਹੁਣ ਹੇਡ ਦਾ ਰਵਾਜ ਨਹੀਂ ਰਿਹਾ।

ਸਾਂਸੀਆਂ ਵਿਚ ਸਖੀ ਸਰਵਰ ਦੀ ਪੂਜਾ ਵੀ ਪ੍ਰਚਲਤ ਹੈ। ਦੇਸ਼ ਵੰਡ ਤੋਂ ਪਹਿਲਾਂ ਸਾਂਸੀ ਸੁਲਤਾਨੀਆਂ ਦੇ ਸੰਗਾਂ ਨਾਲ ਸਖੀ ਸਰਵਰ ਦੇ ਦਰਬਾਰ ਨਿਗਾਹਾ ਜਾਂਦੇ ਸਨ ਅਤੇ ਉਥੋਂ ਦੀ ਮਿੱਟੀ, ਜਿਸ ਨੂੰ ਉਹ ਪੰਘਾਰਾ ਕਹਿੰਦੇ ਹਨ, ਆਪਣੇ ਨਾਲ ਲਿਆਂਦੇ ਸਨ।

ਭਰਮ-ਵਹਿਮ ਤੇ ਵਿਸ਼ਵਾਸ਼ : ਸਾਂਸੀਆਂ ਦਾ ਭਰਮ-ਮੰਡਲ ਭਾਵੇਂ ਆਮ ਪੰਜਾਬੀਆਂ ਵਾਲਾ ਹੀ ਹੈ, ਪਰ ਕਿਧਰੇ ਕਿਧਰੇ ਵਿਲੱਖਣਤਾ ਵੀ ਵੇਖਣ ਵਿਚ ਆਉਂਦੀ ਹੈ। ਪਛੜੇ ਵਰਗ ਵਿਚੋਂ ਹੋਣ ਕਰ ਕੇ, ਭਰਮ ਉਨ੍ਹਾਂ ਲਈ ਇਕ ਵਾਸਤਵਿਕ ਹੋਂਦ ਰਖਦੇ ਹਨ। ਸਾਂਸੀ ਬਲਾਅ, ਚੁੜੇਲ, ਜਿੰਨ, ਭੂਤ-ਪ੍ਰੇਤ, ਦੇਵ-ਦਾਨਵ, ਛਲੇਡੇ ਆਦਿ ਦੇ ਅਸਤਿਤਵ ਨੂੰ ਵੀ ਮੰਨਦੇ ਹਨ, ਪਰ ਉਨ੍ਹਾਂ ਦੇ ਕੁਝ ਵੱਖਰੇ ਦਾਨਵ ਤੇ ਦੈਂਤਣੀਆਂ ਹਨ, ਜਿਵੇਂ 'ਕਬੀਸ', 'ਮਟੀਆ' ਤੇ 'ਡਕੂਣੀ' ਆਦਿ। ਕਬੀਸ ਡਰਾਉਣੀ ਸ਼ਕਲ ਦੇ ਵਡੇ ਆਕਾਰ ਦਾ ਜਿੰਨ ਹੈ, ਜਿਸ ਦੇ ਨਹੁੰ ਬੜੇ ਲੰਮੇ ਤੇ ਤਿਖੇ ਹੁੰਦੇ ਹਨ, ਜਿਨ੍ਹਾਂ ਨਾਲ ਉਹ ਆਪਣੇ ਸ਼ਿਕਾਰ ਦਾ ਲਹੂ ਕੱਢ ਕੇ ਪੀ ਜਾਂਦਾ ਹੈ। 'ਮਟੀਆ' ਝੱਖੜਾਂ ਝਾਂਝਿਆਂ ਦਾ ਪ੍ਰੇਤ ਹੈ, ਜੋ ਅੰਧੇਰੀ ਦਾ ਰੂਪ ਧਾਰ ਕੇ, ਮਕਾਨ ਦੀਆਂ ਛਤਾਂ ਅਤੇ ਝੁਗੀਆਂ ਨੂੰ ਉਡਾ ਕੇ ਲੈ ਜਾਂਦਾ ਅਤੇ ਦਰੱਖ਼ਤਾਂ ਨੂੰ ਉਖੇੜ ਕੇ ਸੁਟ ਜਾਂਦਾ ਹੈ। ਜਦੋਂ 'ਵਾ ਵਰੋਲੇ ਅਉਣ ਤਾਂ ਸਾਂਸੀ ਤੀਵੀਆਂ 'ਮਟੀਆ' ਨੂੰ ਸਿਮਰਦੀਆਂ

ਹੋਈਆਂ ਇਹ ਤੁਕਾਂ ਉਚਾਰਦੀਆਂ ਹਨ — "ਵੇ ਮਟੀਆ, ਭਾਗੀਂ ਭਰਿਆ, ਕਰਮਾਂ ਵਾਲਿਆ, ਖੈਰ ਕਰੀਂ, ਪਰ੍ਹੇ ਪਰ੍ਹੇ ਦੀ ਲੰਘੀਂ।" ਡਾਕਣੀ, ਜਿਸ ਨੂੰ ਉਹ ਡਕੂਣੀ ਕਹਿੰਦੇ ਹਨ, ਇਕ ਖ਼ਾਸ ਤਰ੍ਹਾਂ ਦੀ ਚੁੜੇਲ ਹੈ, ਜੋ ਬੱਚਿਆਂ ਦਾ ਕਲੇਜਾ ਕੱਢ ਕੇ ਲੈ ਜਾਂਦੀ ਮੰਨੀ ਗਈ ਹੈ।

ਸਾਂਸੀਆਂ ਦੀ ਧਾਰਨਾ ਹੈ ਕਿ ਰੋਗ ਨੂੰ ਬਲਾਵਾਂ ਅਤੇ ਪਰਾਸਰੀਰਕ ਸ਼ਕਤੀਆਂ ਹੀ ਫੈਲਾਂਦੀਆਂ ਹਨ। ਜਿਥੇ ਭੂਤ ਪ੍ਰੇਤਾਂ ਦਾ ਨਿਵਾਸ ਹੋਵੇ, ਉਸ ਨੂੰ ਸਾਂਸੀ 'ਪਕਾ ਥਾਉਂ' ਕਹਿੰਦੇ ਹਨ ਤੇ ਉਥੋਂ ਦੂਰੋਂ ਨਠਦੇ ਹਨ। ਚੁੜੇਲ ਦਾ ਵਾਸਾ ਨਿੰਮ ਉਤੇ ਮੰਨਿਆ ਜਾਂਦਾ ਹੈ। ਭੂਤ ਪ੍ਰੇਤ ਨੂੰ ਕੱਢਣ ਲਈ ਸਾਂਸੀ ਚੇਲਿਆਂ ਨੂੰ ਬੁਲਾਉਂਦੇ ਹਨ, ਜੋ ਰੋਗੀ ਨੂੰ ਖਿਡਾ ਕੇ ਉਸ ਨੂੰ ਪਕੜ ਤੋਂ ਮੁਕਤ ਕਰਦਾ ਹੈ। ਸਾਂਸੀਆਂ ਵਿਚ ਧਾਗਾ ਤਵੀਤ ਕਰਵਾਣ ਦਾ ਆਮ ਰਵਾਜ ਹੈ। ਪਛੜੇ ਵਰਗ ਵਿਚੋਂ ਹੋਣ ਕਰ ਕੇ ਜਾਦੂ-ਟੂਣੇ ਅਤੇ ਜੰਤਰ ਮੰਤਰ ਵਿਚ ਸਾਂਸੀ ਪੂਰਾ ਯਕੀਨ ਰਖਦੇ ਹਨ। ਸਭ ਤੋਂ ਭਿਆਨਕ ਟੂਣਾ ਮੂਠ ਚਲਾਣੀ ਹੈ, ਜਿਸ ਦੁਆਰਾ ਮਸਾਣਾਂ ਦੇ ਸਵਾਹ ਦੀ ਮੁਠ ਦੂਰੋਂ ਹੀ ਰਹੱਸਮਈ ਢੰਗ ਨਾਲ ਕਿਸੇ ਉਤੇ ਚਲਾ ਕੇ, ਉਸਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਸਾਂਸੀ ਬਦ ਨਜ਼ਰ ਵਿਚ ਵੀ ਯਕੀਨ ਰਖਦੇ ਹਨ। ਬਦ ਨਜ਼ਰ ਵਿਚ ਪੱਥਰ ਨੂੰ ਪਾੜਨ, ਗਰਭਪਾਤ ਕਰਨ, ਪਸ਼ੂਆਂ ਨੂੰ ਰੋਗੀ ਬਨਾਉਣ, ਦੁਧ ਸੁਕਾਉਣ ਤੇ ਫ਼ਸਲਾਂ ਨੂੰ ਨਸ਼ਟ ਕਰਨ ਦੀ ਕਰੂਰ ਸ਼ਕਤੀ ਮੰਨੀ ਜਾਂਦੀ ਹੈ। ਇਸ ਦੇ ਪ੍ਰਭਾਵ ਤੋਂ ਮੁਕਤ ਹੋਣ ਲਈ ਧੂਪ ਧੁਖਾਣ, ਮਿਰਚਾਂ ਜਾਂ ਪੈਰਾਂ ਦੀ ਮਿੱਟੀ ਲੈ ਕੇ ਵਾਰਨ ਦੀ ਪ੍ਰਥਾ ਹੈ।

ਕੰਨਿਆਂ ਦੇ ਨਾਲ ਕੋਈ ਭੂਤ ਪ੍ਰੇਤ ਜਾਂ ਚੁੜੇਲ ਵੀ ਵਰ ਦੇ ਨਾਲ ਲਾਵਾਂ ਨਾ ਲੈ ਲਏ, ਇਸ ਦੇ ਉਪਾਅ ਵਜੋਂ ਕਈ ਸਾਂਸੀਆਂ ਵਿਚ ਵਿਆਹ ਤੋਂ ਪਹਿਲਾਂ 'ਸੂਗੀ ਕਰਾਉਣ' ਦੀ ਪ੍ਰਥਾ ਹੈ। ਮਾਂਦਰੀ ਜਾਂ ਚੇਲਾ ਕੰਨਿਆਂ ਨੂੰ ਕਿਧਰੇ ਵੱਖਰੀ ਥਾਂ ਬਿਠਾ ਕੇ, ਗੁਗਲ ਦੀ ਧੂਣੀ ਧੁਖਾ ਕੇ, ਮੰਤਰਾਂ ਦਾ ਜਾਪ ਕਰਦਾ ਹੋਇਆ ਕੰਨਿਆਂ ਦਾ ਸੁਧੀਕਰਣ ਕਰਦਾ ਹੈ।

ਹਿੰਦੂਆਂ ਸਿੱਖਾਂ ਵਾਂਗ ਸਾਂਸੀ ਸ਼ਗਨਾਂ ਅਪਸ਼ਗਨਾਂ ਵਿਚ ਵੀ ਯਕੀਨ ਕਰਦੇ ਹਨ। ਕੁਝ ਸ਼ਗਨ ਹਿੰਦੂਆਂ ਨਾਲ ਸਾਂਝੇ ਹਨ। ਪਰ ਕੁਝ ਅਡਰੇ ਵੀ ਹਨ। ਗਰਭ ਠਹਿਰਣ ਵੇਲੇ ਜੇ ਮਰਦ ਦੀ ਸੱਜੀ ਨਸ ਫੜਕੇ ਤਾਂ ਲੜਕਾ ਪੈਦਾ ਹੁੰਦਾ ਹੈ, ਜੇ ਖੱਬੀ ਫੜਕੇ ਤਾਂ ਕੰਨਿਆਂ। ਇਸੇ ਤਰ੍ਹਾਂ ਜੇ ਗਰਭ ਵੇਲੇ ਤੀਵੀਂ ਸੱਜੇ ਪਾਸੇ ਭਾਰ ਲੇਟੀ ਹੋਵੇ ਤਾਂ ਲੜਕਾ ਅਤੇ ਜੇ ਖੱਬੇ ਪਾਸੇ ਭਾਰ ਹੋਵੇ ਤਾਂ ਲੜਕੀ। ਜੇ ਗਰਭ ਦੇ ਦਿਨਾਂ ਵਿਚ ਖੱਬੀ ਨਾਲੋਂ ਸੱਜੀ ਛਾਤੀ ਭਾਰੀ ਹੋਵੇ ਤਾਂ ਲੜਕਾ, ਜੇ ਖੱਬੀ ਹੋਵੇ ਤਾਂ ਲੜਕੀ ਜੰਮਦੀ ਹੈ।

ਸਾਂਸੀਆਂ ਵਿਚ ਔਰਤਾਂ ਦਾ ਆਪਣੇ ਕੋਠੇ ਉਤੇ ਚੜ੍ਹਨਾ ਨਿਸ਼ੇਧ ਹੈ। ਪਰ ਹੁਣ ਕਈ ਘਰ ਇਸ ਗੱਲ ਵਿਚ ਖੁਲ੍ਹ ਲੈਣ ਲੱਗ ਪਏ ਹਨ।

ਰੀਤ ਰਵਾਜ : ਟੱਪਰੀਵਾਸੀ ਹੋਣ ਕਰ ਕੇ ਸਾਂਸੀ ਪੰਜਾਬ ਦੇ ਬਾਕੀ ਸਮਾਜਿਕ ਜੀਵਨ ਤੋਂ ਨਿਆਰੇ ਰਹੇ ਹਨ, ਜਿਸ ਕਰ ਕੇ ਉਨ੍ਹਾਂ ਦੇ ਕੁਝ ਰੀਤ ਰਵਾਜ ਅਡਰੇ ਹਨ। ਕੁਝ ਰੀਤਾਂ ਸਾਂਸੀਆਂ ਦੇ ਆਪਣੇ ਸਮਾਜਿਕ ਚਰਿਤ੍ਰ ਦੀ ਪੈਦਾਵਾਰ ਹਨ, ਕੁਝ ਪਰੰਪਰਾ ਤੋਂ ਚਲੀਆਂ ਆ ਰਹੀਆਂ ਹਨ, ਕੁਝ ਹਿੰਦੂ ਰੀਤ ਰਵਾਜਾਂ ਦਾ ਸੋਧਿਆ ਜਾਂ ਵਿਕ੍ਰਿਤ ਰੂਪ ਹਨ।

ਸਾਂਸੀਆਂ ਦੀਆਂ ਟੱਪਰੀਆਂ ਆਮ ਤੌਰ ਤੇ ਕਖਾਂ-ਕਾਨਿਆਂ ਤੇ ਤੀਲਿਆਂ ਦੀਆਂ ਬਣੀਆਂ ਹੁੰਦੀਆਂ ਹਨ, ਪਰ ਕਈ ਸਾਂਸੀ ਕੱਚੇ ਕੋਠਿਆਂ ਵਿਚ ਵੀ ਰਹਿੰਦੇ ਹਨ। ਪਹਿਲਾਂ ਸਾਰੇ ਸਾਂਸੀ ਦਾੜ੍ਹੀ ਰਖਦੇ ਸਨ, ਪਰ ਹੁਣ ਹਿੰਦੂ ਸਾਂਸੀ ਦਾੜ੍ਹੀ ਮੁੰਨਣ ਲੱਗ ਪਏ ਹਨ, ਤਾਂ ਵੀ ਉਹ ਮੁੱਛਾਂ ਜ਼ਰੂਰ ਰਖਦੇ ਹਨ। ਤੀਵੀਆਂ ਆਮ ਤੌਰ ਤੇ ਵਾਲਾਂ ਨੂੰ ਮੇਢੀਆਂ ਵਿਚ ਗੁੰਦਦੀਆਂ ਹਨ। ਗਹਿਣਿਆਂ ਦੀਆਂ ਸ਼ੌਕੀਨ ਹੋਣ ਕਰ ਕੇ, ਤੀਵੀਆਂ ਸਿਰ ਤੋਂ ਲੈ ਕੇ ਪੈਰਾਂ ਤਕ ਗਹਿਣੇ ਪਹਿਨਦੀਆਂ ਹਨ, ਜੋ ਆਮ ਕਰ ਕੇ ਚਾਂਦੀ ਦੇ ਬਣੇ ਹੁੰਦੇ ਹਨ। ਕੁਝ ਚਿਰ ਪਹਿਲਾਂ ਸਾਂਸੀ ਔਰਤਾਂ ਘਘਰਾ ਪਹਿਨਦੀਆਂ ਸਨ, ਪਰ ਹੁਣ ਸਲਵਾਰਾਂ ਪਹਿਨਣ ਦਾ ਰਵਾਜ ਪ੍ਰਚਲਤ ਹੋ ਗਿਆ ਹੈ। ਬੱਚਿਆਂ ਦੇ ਲੱਕ ਵਿਚ ਤੜਾਗੀ ਪਾਉਣ ਦੀ ਪ੍ਰਥਾ ਹੈ। ਕਲ੍ਹ ਤਕ ਸਾਂਸੀ ਸ਼ਿਕਾਰ ਖੇਡ ਕੇ ਆਪਣਾ ਪੇਟ ਪਾਲਦੇ ਰਹੇ ਹਨ। ਹਿਰਨ, ਖ਼ਰਗੋਸ਼ ਸੂਰ, ਸੇਹਾ ਤੇ ਬਿੱਲਾ ਇਨ੍ਹਾਂ

ਦੀ ਮਨ-ਪਸੰਦ ਖ਼ੁਰਾਕ ਰਹੀ ਹੈ। ਸ਼ਿਕਾਰ ਦੇ ਮਾਸ ਨੂੰ ਪਹਿਲਾਂ ਤੜਕਾ ਬਿਲਕੁਲ ਨਹੀਂ ਸਨ ਲਗਾਂਦੇ। ਇਨ੍ਹਾਂ ਨੂੰ ਵਹਿਮ ਸੀ ਕਿ ਤੜਕਾ ਲਗਾ ਕੇ ਮਾਸ ਖਾਣ ਨਾਲ ਉਹ ਸ਼ਿਕਾਰੀ ਕੁੱਤਾ ਅੰਨ੍ਹਾਂ ਹੋ ਜਾਂਦਾ ਹੈ, ਜਿਸ ਦੀ ਮਦਦ ਨਾਲ ਉਹ ਸ਼ਿਕਾਰ ਹੱਥ ਲੱਗਾ ਹੋਵੇ। ਪਰ ਹੁਣ ਸਾਂਸੀਆਂ ਵਿਚ ਤੜਕੇ ਦਾ ਰਵਾਜ ਚਲ ਪਿਆ ਹੈ। ਸਾਂਸੀਆਂ ਵਿਚ ਨਸ਼ੇ ਦਾ ਸੇਵਨ ਵੀ ਆਮ ਹੈ।

ਅੰਗਰੇਜ਼ੀ ਰਾਜ ਦੇ ਸਮੇਂ ਸਾਂਸੀ ਚੋਰੀਆਂ ਚਕਾਰੀਆਂ ਆਮ ਕਰਦੇ ਸਨ, ਜਿਸ ਕਰ ਕੇ ਇਨ੍ਹਾਂ ਨੂੰ ਜੁਰਾਇਮ ਪੇਸ਼ਾ ਕਬੀਲਾ ਕਰਾਰ ਦੇ ਦਿਤਾ ਗਿਆ। ਪਰ ਦੇਸ਼ ਦੀ ਵੰਡ ਤੋਂ ਬਾਅਦ ਸਾਂਸੀਆਂ ਦੇ ਜੀਵਨ ਤੇ ਚਰਿਤ੍ਰ ਵਿਚ ਕਾਫ਼ੀ ਪਰਿਵਰਤਨ ਆਇਆ ਹੈ ਅਤੇ ਹੁਣ ਇਹ ਇਕ ਥਾਂ ਟਿਕ ਕੇ ਰਹਿਣ ਲੱਗ ਪਏ ਹਨ। ਸਾਂਸੀ ਭਾਵੇਂ ਪਿੰਡ ਦੀਆਂ ਹੋਰ ਪਛੜੀਆਂ ਜਾਤਾਂ ਵਾਂਗ ਪਿੰਡ ਦੀ ਵੱਖਰੀ ਗੁੱਠੇ ਰਹਿੰਦੇ ਹਨ, ਪਰ ਉਨ੍ਹਾਂ ਦੇ ਘਰ ਚੂਹੜੇ ਚੰਮਿਆਰਾਂ ਦੀਆਂ ਠਠੀਆਂ ਤੋਂ ਅਲਹਿਦਾ ਹੁੰਦੇ ਹਨ। ਕੁਟੰਬ ਦਾ ਸੰਗਠਨ ਆਮ ਹਿੰਦੂ ਸਿੱਖ ਪਰਿਵਾਰਾਂ ਵਾਲਾ ਹੀ ਹੋਣ ਕਰ ਕੇ ਪੈਤ੍ਰਿਕ ਹੈ ਅਤੇ ਸਾਂਝੇ ਘਰਾਂ ਵਿਚ ਸੱਸਾਂ ਨੂੰਹਆਂ ਤੇ ਜਿਠਾਣੀਆਂ ਦਰਾਣੀਆਂ ਦੀ ਦੁਬਿਧਾ ਬਣੀ ਰਹਿੰਦੀ ਹੈ।

ਸਾਂਸੀ ਕਬੀਲੇ ਆਪਣੇ ਫ਼ੈਸਲੇ ਪੰਚਾਇਤ ਦੁਆਰਾ ਕਰਦੇ ਹਨ। ਇਸ ਲਈ ਉਹ ਆਪਣਾ ਕੋਈ ਵੀ ਝਗੜਾ ਅਦਾਲਤ ਵਿਚ ਨਹੀਂ ਜਾਣ ਦਿੰਦੇ। ਇਥੋਂ ਤਕ ਕਿ ਜੇ ਕਿਸੇ ਦਾ ਕੋਈ ਰਿਸ਼ਤੇਦਾਰ ਕਤਲ ਵੀ ਹੋ ਜਾਵੇ, ਤਾਂ ਵੀ ਉਹ ਪੁਲਸ ਪਾਸ ਨਹੀਂ ਜਾਂਦਾ ਅਤੇ ਜੇ ਕੋਈ ਚਲਾ ਜਾਵੇ ਤਾਂ ਉਸ ਨੂੰ 24 ਰੁਪਏ ਜੁਰਮਾਨਾ ਕੀਤਾ ਜਾਂਦਾ ਹੈ ਅਤੇ ਜੇ ਉਹ ਜੁਰਮਾਨਾ ਨਾ ਭਰੇ ਤਾਂ ਉਸ ਨੂੰ ਭਾਈਚਾਰੇ ਵਿਚੋਂ ਛੇਕ ਦਿਤਾ ਜਾਂਦਾ ਹੈ। ਪੰਚਾਇਤ ਲੰਮੀ ਬਹਿਸ ਦੇ ਮਗਰੋਂ ਫ਼ੈਸਲੇ ਦੇਂਦੀ ਹੈ ਅਤੇ ਇਹ ਫ਼ੈਸਲਾ ਦੋਹਾਂ ਧਿਰਾਂ ਨੂੰ ਮੰਨਣਾ ਪੈਂਦਾ ਹੈ। ਜੋ ਧਿਰ ਨਾ ਮੰਨੇ, ਉਸ ਨੂੰ ਬਰਾਦਰੀ ਵਿਚੋਂ ਛੇਕ ਦਿਤਾ ਜਾਂਦਾ ਹੈ (ਸਰਵੇ ਡੇਹਰਾ ਬਾਬਾ ਨਾਨਕ, 131)।

ਕਈ ਵਾਰ ਸਾਂਸੀ ਆਪਸੀ ਝਗੜੇ 'ਪੌਣ ਬੂਟੀ' ਰੀਤ ਦੁਆਰਾ ਨਜਿਠਦੇ ਹਨ। ਦੋਵੇਂ ਧਿਰਾਂ ਆਪੋ ਆਪਣੇ ਟੁਭੀ-ਮਾਰ ਨਿਸਚਤ ਕਰਦੀਆਂ ਹਨ। ਕਿਸੇ ਖੂਹ ਵਿਚ ਡੰਡਾ ਗ; ਕੇ ਦੋਹਾਂ ਟੁਭੀ-ਮਾਰਾਂ ਨੂੰ ਖੂਹ ਵਿਚ ਟੁਭੀ ਮਾਰਨ ਲਈ ਉਤਾਰ ਦਿਤਾ ਜਾਂਦਾ ਹੈ। ਜਿਸ ਧਿਰ ਦਾ ਟੁਭੀ-ਮਾਰ ਪਹਿਲਾਂ ਬਾਹਰ ਆ ਜਾਵੇ, ਉਸ ਨੂੰ ਝੂਠਾ ਮੰਨਿਆ ਜਾਂਦਾ ਹੈ। ਕਿਉਂ ਜੋ ਧਾਰਨਾ ਹੈ ਕਿ ਝੂਠੇ ਦਾ ਪੱਖ ਪੂਰਨ ਵਾਲੇ ਨੂੰ ਜਲ-ਦੇਵਤਾ ਬਹੁਤ ਦੇਰ ਠਾਹਰ ਨਹੀਂ ਦੇਂਦਾ। ਇਸ ਰੀਤ ਨੂੰ ਟੋਭੇ ਦਾ ਬਿੰਦਾ ਵੀ ਕਹਿੰਦੇ ਹਨ।

ਸਾਂਸੀਆਂ ਵਿਚ ਕਈ ਹੋਰ ਬਿੰਦੇ ਵੀ ਪ੍ਰਚਲਤ ਹਨ, ਜਿਨ੍ਹਾਂ ਵਿਚੋਂ ਅਗਨੀ ਦਾ ਬਿੰਦਾ, ਤੇਲ ਦਾ ਬਿੰਦਾ ਤੇ ਘੜੇ ਦਾ ਬਿੰਦਾ ਵਧੇਰੇ ਪ੍ਰਸਿਧ ਹਨ। ਅਗਨੀ ਦੇ ਬਿੰਦੇ ਵਿਚ ਸੱਚ ਦਾ ਨਿਤਾਰਾ ਕਰਨ ਲਈ ਅਗਨੀ ਦੁਆਰਾ ਦੋਸ਼ੀ ਦੀ ਪ੍ਰੀਖਿਆ ਲਈ ਜਾਂਦੀ ਹੈ। ਫਾਲੇ ਨੂੰ ਅੱਗ ਵਿਚ ਤਪਾ ਕੇ ਦੋਸ਼ੀ ਦੇ ਹੱਥਾਂ ਉਪਰ ਰਖਿਆ ਜਾਂਦਾ ਹੈ। ਜੇ ਦੋਸ਼ੀ ਦੇ ਹੱਥ ਉਪਰ ਕੋਈ ਦਾਗ ਨਾ ਪਏ ਤਾਂ ਉਹ ਸੱਚਾ।

ਤੇਲ ਦੇ ਬਿੰਦੇ ਵਿਚ ਤੇਲ ਦੀ ਉਬਲਦੀ ਕੜਾਹੀ ਵਿਚ ਤਾਂਬੇ ਦਾ ਇਕ ਪੈਸਾ ਸੁਟਿਆ ਜਾਂਦਾ ਹੈ ਅਤੇ ਦੋਸ਼ੀ ਨੂੰ ਬਾਹਰ ਕੱਢਣ ਲਈ ਕਿਹਾ ਜਾਂਦਾ ਹੈ, ਜੇ ਦੋਸ਼ੀ ਦਾ ਹੱਥ ਨਾ ਸੜੇ ਤਾਂ ਉਹ ਸੱਚਾ।

ਘੜੇ ਦੇ ਬਿੰਦੇ ਵਿਚ ਕੋਰੇ ਘੜੇ ਵਿਚ ਪਾਣੀ ਭਰ ਕੇ ਉਸ ਵਿਚ ਦੋ ਆਟੇ ਦੇ ਪਿੰਨੇ ਬਣਾ ਕੇ ਸੁਟ ਦਿਤੇ ਜਾਂਦੇ ਹਨ। ਇਕ ਪਿੰਨੇ ਵਿਚ ਤਾਂਬੇ ਦਾ ਪੈਸਾ ਤੇ ਦੂਜੇ ਵਿਚ ਚਾਂਦੀ ਦਾ ਰੁਪਿਆ ਰਖਿਆ ਜਾਂਦਾ ਹੈ। ਫਿਰ ਘੜੇ ਨੂੰ ਚੰਗੀ ਤਰ੍ਹਾਂ ਹਿਲਾ ਕੇ ਦੋਸ਼ੀ ਨੂੰ ਇਕ ਪਿੰਨਾ ਬਾਹਰ ਕੱਢਣ ਲਈ ਕਿਹਾ ਜਾਂਦਾ ਹੈ। ਜੇ ਉਹ ਚਾਂਦੀ ਦੇ ਰੁਪਏ ਵਾਲਾ ਪਿੰਨਾ ਕਢੇ, ਤਾਂ ਉਹ ਨਿਰਦੋਸ਼ ਸਮਝਿਆ ਜਾਂਦਾ ਹੈ। ਕਈ ਵਾਰ ਘੜੇ ਵਿਚੋਂ ਦੋਹਾਂ ਧਿਰਾਂ ਨੂੰ ਆਟੇ ਦਾ ਇਕ ਇਕ ਪਿੰਨਾ ਕੱਢਣ ਲਈ ਕਿਹਾ ਜਾਂਦਾ ਹੈ, ਜਿਸ ਦੇ ਪਿੰਨੇ ਵਿਚੋਂ ਤਾਂਬੇ ਦਾ ਪੈਸਾ ਨਿਕਲੇ, ਉਹ ਝੂਠਾ ਮੰਨਿਆ ਜਾਂਦਾ ਹੈ।

ਪੰਜਵਾਂ ਬਿੰਦਾ ਕਟੋਰੇ ਦਾ ਹੈ। ਦੋਹਾਂ ਧਿਰਾਂ ਨੂੰ ਇਕੋ ਜਿਹੇ ਕਟੋਰੇ ਦੇ ਕੇ ਕਿਸੇ ਛਪੜ ਵਿਚੋਂ

ਪਾਣੀ ਭਰ ਕੇ ਲਿਆਣ ਲਈ ਕਿਹਾ ਜਾਂਦਾ ਹੈ। ਦੋਵੇਂ ਧਿਰ ਕਟੋਰਿਆਂ ਨੂੰ ਨਕੋ ਨਕ ਭਰ ਕੇ ਅਤੇ ਹਥੇਲੀ ਉਪਰ ਰਖ ਕੇ ਪੋਲੇ ਪਬ ਤੁਰਦੇ ਆਉਂਦੇ ਹਨ। ਜਿਸ ਦੇ ਕਟੋਰੇ ਦਾ ਪਾਣੀ ਬਿਲਕੁਲ ਨਾ ਡੁਲ੍ਹੇ ਜਾਂ ਜਿਸ ਸ਼ਖ਼ਸ ਦੇ ਕਟੋਰੇ ਵਿਚ ਜ਼ਿਆਦਾ ਪਾਣੀ ਹੋਵੇ, ਉਹ ਸੱਚਾ ਹੁੰਦਾ ਹੈ, ਦੂਜਾ ਝੂਠਾ।

ਸਾਂਸੀਆਂ ਦੇ ਬਹੁਤੇ ਰੀਤ ਰਵਾਜ ਜਨਮ, ਵਿਆਹ ਤੇ ਮੌਤ ਦੁਆਲੇ ਹੀ ਘੁੰਮਦੇ ਹਨ। ਜਦੋਂ ਗਰਭਵਤੀ ਨੂੰ ਪੀੜਾਂ ਲੱਗਦੀਆਂ ਹਨ, ਤਾਂ ਉਸ ਨੂੰ ਧਰਤੀ ਉਤੇ ਬਿਠਾ ਜਾਂ ਲਿਟਾ ਦਿਤਾ ਜਾਂਦਾ ਹੈ ਅਤੇ ਉਸ ਦੇ ਹੇਠਾਂ ਪੁਰਾਣੇ ਚੀਥੜੇ ਵਿਛਾ ਦਿਤੇ ਜਾਂਦੇ ਹਨ। ਮਾਂ ਧਰਤੀ ਦੀ ਗੋਦ ਵਿਚ ਹੀ ਬੱਚੇ ਨੂੰ ਜਨਮ ਦੇਂਦੀ ਹੈ। ਇਸ ਮੌਕੇ ਉਤੇ ਜਾਦੂ ਟੂਣੇ ਦੇ ਡਰ ਤੋਂ ਕਿਸੇ ਪਰਾਈ ਜਾਂ ਓਪਰੀ ਤੀਵੀਂ ਨੂੰ ਘਰ ਵਿਚ ਪੈਰ ਨਹੀਂ ਪਾਉਣ ਦਿਤਾ ਜਾਂਦਾ। ਬਦਰੂਹਾਂ ਤੋਂ ਰੱਖਿਆ ਲਈ ਗੁਗਲ ਧੁਖਾ ਦਿਤਾ ਜਾਂਦਾ ਹੈ। ਜੰਮਣ ਮਗਰੋਂ ਬੱਚੇ ਦੇ ਕੁਝ ਵਾਲ ਕੈਂਚੀ ਨਾਲ ਕਟ ਕੇ, ਤੇ ਕਿਸੇ ਕਪੜੇ ਵਿਚ ਬੰਨ੍ਹ ਕੇ, ਘਰ ਦੀ ਛੱਤ ਉਤੇ ਟੰਗ ਦਿਤੇ ਜਾਂਦੇ ਹਨ। ਧਾਰਨਾ ਹੈ ਕਿ ਬੱਚੇ ਦੇ ਵਾਲ ਕੱਟਣ ਨਾਲ ਉਸ ਦੀ ਅਖੰਡਤਾ ਭੰਗ ਹੋ ਜਾਂਦੀ ਹੈ ਅਤੇ ਫਿਰ ਉਸ ਨੂੰ ਪ੍ਰੇਤ-ਰੂਹਾਂ ਕਸ਼ਟ ਨਹੀਂ ਦੇਂਦੀਆਂ। ਔਲ ਤੇ ਨਾੜੂਏ ਬਾਰੇ ਆਮ ਪੰਜਾਬੀਆਂ ਵਾਲੇ ਭਰਮ, ਨਿਸ਼ੇਧਾਂ ਤੇ ਮਨੌਤਾਂ ਪ੍ਰਚਲਤ ਹਨ। ਜਿਤਨਾ ਡੂੰਘਾ ਨਾੜੂਆ ਦਬਿਆ ਜਾਵੇ, ਉਤਨੀ ਹੀ ਦੇਰ ਨਾਲ ਅਗਲਾ ਬੱਚਾ ਪੈਦਾ ਹੁੰਦਾ ਹੈ। ਜੁੜਵੇਂ ਬੱਚੇ ਜੇ ਇਕੋ ਲਿੰਗ ਦੇ ਹੋਣ ਤਾਂ ਸ਼ੁਭ, ਜੇ ਵਿਪੱਖੀ ਲਿੰਗਾਂ ਦੇ ਹੋਣ ਤਾਂ ਅਸ਼ੁਭ ਮੰਨੇ ਜਾਂਦੇ ਹਨ। ਜੇ ਜਨਮ ਵੇਲੇ ਬੱਚੇ ਦੇ ਦੰਦ ਹੋਣ ਤਾਂ ਬੱਚਾ ਛੇਤੀ ਮਰ ਜਾਂਦਾ ਹੈ। ਜੇ ਬੱਚਾ ਜ਼ਿੰਦਾ ਰਹੇ ਤਾਂ ਉਹ ਬੜੀ ਨਾਮਣਾ ਖਟਦਾ ਹੈ। ਗੁੜ੍ਹਤੀ, ਧਮਾਣ ਤੇ ਨਾਮਕਰਣ ਆਦਿ ਬਾਰੇ ਰੀਤਾਂ ਆਮ ਪੰਜਾਬੀਆਂ ਵਾਲੀਆਂ ਹੀ ਹਨ।

ਵਿਆਹ : ਸਾਂਸੀਆਂ ਵਿਚ ਕਬੀਲੇ ਤੋਂ ਬਾਹਰ ਵਿਆਹ ਵਰਜਤ ਹਨ, ਪਰੰਤੂ ਉਹ ਹਮੇਸ਼ਾਂ ਆਪਣੀ ਗੋਤ ਤੋਂ ਬਾਹਰ ਵਿਆਹ ਕਰਦੇ ਹਨ। ਸਾਂਸੀਆਂ ਦੀਆਂ ਦੋ ਪ੍ਰਮੁਖ ਸ਼ਾਖ਼ਾਂ ਮਾਲ੍ਹਾ ਤੇ ਬੀਢੂ ਹਨ। ਆਪਣੀ ਸ਼ਾਖ਼ ਤੋਂ ਬਾਹਰ ਦੂਜੀ ਸ਼ਾਖ਼ ਵਿਚ ਹੀ ਵਿਆਹ ਕਰਨ ਦੀ ਪ੍ਰਥਾ ਹੈ। ਸਾਂਸੀਆਂ ਵਿਚ ਆਮ ਵਿਆਹ ਆਪਸੀ ਗੱਲਬਾਤ ਦੁਆਰਾ ਮੁੰਡਾ ਢੂੰਡ ਕੇ ਕੀਤੇ ਜਾਂਦੇ ਹਨ, ਪਰ ਕੁਝ ਵਿਆਹ ਟਕੇ ਭਰ ਕੇ, ਜਾਂ ਵੱਟੇ ਸੱਟੇ ਦੁਆਰਾ, ਜਾਂ ਕਿਸੇ ਕਿਰਤ ਦੀ ਸੇਵਾ ਫਲ ਵਜੋਂ ਵੀ ਹੁੰਦੇ ਹਨ। ਅੰਤਲੀ ਕਿਸਮ ਦੇ ਵਿਆਹ ਵਿਚ ਜੁਆਈ ਸਹੁਰੇ ਦੀ ਸੇਵਾ ਕਰ ਕੇ ਉਸ ਦੀ ਕੰਨਿਆਂ ਮੁਆਵਜ਼ੇ ਵਜੋਂ ਪ੍ਰਾਪਤ ਕਰਦਾ ਹੈ। ਵਿਧਵਾ ਦੇ ਪੁਨਰ ਵਿਆਹ ਦੀ ਇਜਾਜ਼ਤ ਹੈ। ਆਮ ਤੌਰ ਉਤੇ ਵਿਧਵਾ ਆਪਣੇ ਕੰਵਾਰੇ ਦਿਓਰ ਨਾਲ ਹੀ ਚਾਦਰ ਪਾਉਂਦੀ ਹੈ। ਪਰ ਜੇ ਕੋਈ ਦਿਓਰ ਕੰਵਾਰਾ ਨਾ ਹੋਵੇ, ਤਾਂ ਉਹ ਕਿਸੇ ਦੂਜੇ ਦਿਓਰ ਜੇਠ ਨਾਲ, ਭਾਵੇਂ ਉਸ ਦੀ ਤੀਵੀਂ ਜਿਉਂਦੀ ਹੋਵੇ, ਵਾਸਾ ਕਰ ਲੈਂਦੀ ਹੈ।

ਪੰਜਾਬ ਦੇ ਆਮ ਰਵਾਜ ਵਾਂਗ ਹੀ ਸਾਂਸੀਆਂ ਵਿਚ ਵੀ ਪਹਿਲਾਂ ਮੁੰਡੇ ਨੂੰ ਠਾਕਿਆ ਜਾਂਦਾ ਹੈ ਤੇ ਉਸ ਦੇ ਮੂੰਹ ਛੁਹਾਰਾ ਲਗਾਇਆ ਜਾਂਦਾ ਹੈ। ਕਈ ਥਾਈਂ ਡੇਹਰਾ ਬਾਬਾ ਨਾਨਕ ਆਦਿ ਵਿਚ ਸਾਂਸੀ ਮੁੰਡੇ ਵਾਲੇ ਰਿਸ਼ਤਾ ਕਰਨ ਵਾਸਤੇ ਪੰਜ ਸਤ ਰਿਸ਼ਤੇਦਾਰਾਂ ਨਾਲ ਇਕ ਬੋਤਲ ਸ਼ਰਾਬ ਦੀ ਲੈ ਕੇ, ਕੁੜੀ ਵਾਲਿਆਂ ਦੇ ਘਰ ਜਾਂਦੇ ਹਨ। ਰਿਸ਼ਤਾ ਪੱਕਾ ਕਰਨ ਵੇਲੇ ਸ਼ਰਾਬ ਦਾ ਇਕ ਇਕ ਠੂਠਾ ਦੋਵੇਂ ਧਿਰਾਂ ਪੀਂਦੀਆਂ ਹਨ ਅਤੇ ਨਾਲ ਹੀ ਇਕ ਚੁਲੀ ਸ਼ਰਾਬ ਦੀ ਧਰਤੀ ਮਾਤਾ ਦੀ ਭੇਟ ਕਰ ਕੇ, ਧਰਤੀ ਮਾਤਾ ਅੱਗੇ ਜੋੜੀ ਦੀ ਸਲਾਮਤੀ ਵਾਸਤੇ ਪ੍ਰਾਰਥਨਾ ਕੀਤੀ ਜਾਂਦੀ ਹੈ। ਫਿਰ ਕੰਨਿਆਂ ਨੂੰ ਸ਼ਗਨ ਦੇ ਤੌਰ ਤੇ ਕੁਝ ਰੁਪਏ ਦਿਤੇ ਜਾਂਦੇ ਹਨ। ਇਸ ਰੀਤ ਨੂੰ 'ਰੋਕਣਾ' ਕਹਿੰਦੇ ਹਨ। ਵਿਆਹ ਦੀ ਤਿੱਥ ਨੀਯਤ ਕਰਨ ਵੇਲੇ 'ਗੰਢੀ' ਫੇਰੀ ਜਾਂਦੀ ਹੈ, ਜੋ 'ਸਾਹਾ ਚਿੱਠੀ' ਦਾ ਹੀ ਪ੍ਰਾਚੀਨ ਰੂਪ ਹੈ। ਗੰਢੀ ਦੀ ਰਸਮ ਵੇਲੇ ਲੜਕੇ ਦੇ ਪਿਉ ਨੂੰ ਸੱਦ ਕੇ ਸ਼ੁਭ ਮਹੂਰਤ ਕਢਵਾਇਆ ਜਾਂਦਾ ਹੈ। ਵਿਆਹ ਵਿਚ ਜਿਤਨੇ ਦਿਨ ਰਹਿੰਦੇ ਹੋਣ, ਉਤਨੀਆਂ ਗੰਢਾਂ ਮੌਲੀ ਦੇ ਧਾਗੇ ਨੂੰ ਦਿਤੀਆਂ ਜਾਂਦੀਆਂ ਹਨ (ਵੇਖੋ : ਗੰਢੀ)। ਵਿਆਹ ਤੋਂ ਪਹਿਲਾਂ ਮਾਈਏਂ ਬੈਠਣ, ਗਾਨਾ ਬੰਨ੍ਹਣ ਅਤੇ ਮਹਿੰਦੀ ਰਚਾਣ ਦੀਆਂ ਰਸਮਾਂ ਆਮ ਪੰਜਾਬੀਆਂ ਵਾਲੀਆਂ ਹੀ ਹਨ। ਪਰ ਮਹਿੰਦੀ ਲੜਕੇ ਨੂੰ ਰਾਤ

ਵੇਲੇ ਚੋਰੀ ਲਗਾਈ ਜਾਂਦੀ ਹੈ, ਜਦੋਂ ਉਹ ਸੁੱਤਾ ਹੁੰਦਾ ਹੈ । ਇਸ ਰੀਤ ਨੂੰ 'ਚੋਰੀ' ਕਹਿੰਦੇ ਹਨ ।

ਸਾਂਸੀਆਂ ਵਿਚ ਵੀ ਪੰਜਾਬ ਦੀਆਂ ਹੋਰ ਜਾਤਾਂ ਵਾਂਗ ਘੜੋਲੀ ਭਰਨਾ, ਵਟਣਾ ਮਲਣਾ, ਮਹਿੰਦੀ ਲਾਉਣੀ, ਘੋੜੀ ਚੜ੍ਹਨਾ, ਸੁਰਮਾ ਪਾਉਣਾ, ਜੰਡੀ ਕਟਣੀ, ਢੁਕਾਅ ਤੇ ਮਿਲਣੀ, ਲਾਵਾਂ ਫੇਰੇ, ਗੰਢ ਚਿਤਰਾਵਾ, ਗਾਨਾ ਖੋਲ੍ਹਣਾ ਆਦਿ ਦੀਆਂ ਰਸਮਾਂ ਪ੍ਰਚਲਤ ਹਨ, ਪਰ ਕੁਝ ਰੀਤਾਂ ਅਡਰੀਆਂ ਵੀ ਹਨ । ਸਾਂਸੀ ਜੰਞ ਦੇ ਨਾਲ ਹੀ ਛਤਰਾ ਲੈ ਕੇ ਜਾਂਦੇ ਹਨ, ਜਿਸ ਦੀ ਬਲੀ (ਧਾਰਾਂ) ਢੁਕਾਅ ਵੇਲੇ ਦਿਤੀ ਜਾਂਦੀ ਹੈ । ਛਤਰੇ ਦਾ ਅੱਧਾ ਮਾਸ ਵਰ ਪੱਖ ਵਾਲੇ ਆਪਣੇ ਕੋਲ ਰਖ ਲੈਂਦੇ ਹਨ ਤੇ ਬਾਕੀ ਅੱਧਾ ਕੰਨਿਆਂ ਪੱਖ ਨੂੰ ਦੇ ਦਿਤਾ ਜਾਂਦਾ ਹੈ । ਸਿਰ, ਜਿਗਰ ਅਤੇ ਖਰੋੜੇ ਵਰ ਤੇ ਕੰਨਿਆਂ ਲਈ ਰਾਖਵੇਂ ਹੁੰਦੇ ਹਨ । ਦੋਵੇਂ ਧਿਰਾਂ ਇਸ ਮਾਸ ਨੂੰ ਵੱਖੋ ਵੱਖਰਾ ਰਿੰਨ੍ਹਦੀਆਂ ਹਨ । ਕੰਨਿਆਂ ਵਾਲੇ ਛਤਰੇ ਦੇ ਇਸ ਮਾਸ ਨੂੰ ਦੂਜੇ ਮਾਸ ਨਾਲੋਂ, ਜੋ ਉਨ੍ਹਾਂ ਨੇ ਆਪਣੇ ਵਲੋਂ ਜੰਞ ਨੂੰ ਖਾਣ ਵਾਸਤੇ ਦੇਣਾ ਹੁੰਦਾ ਹੈ, ਵੱਖਰੇ ਭਾਂਡੇ ਵਿਚ ਰਿੰਨ੍ਹਦੇ ਹਨ । ਦੋਵੇਂ ਧਿਰਾਂ ਇਹ ਮਾਸ ਆਪੋ ਆਪਣੀ ਬਰਾਦਰੀ ਦੇ ਸਭਨਾਂ ਜੀਆਂ ਵਿਚ, ਜੋ ਵਿਆਹ ਵੇਲੇ ਹਾਜ਼ਰ ਹੁੰਦੇ ਹਨ, ਵੰਡਦੇ ਹਨ; ਜੇ ਕਿਸੇ ਨੂੰ ਇਹ ਮਾਸ ਨਾ ਮਿਲੇ, ਤਾਂ ਉਹ ਬਹੁਤ ਬੁਰਾ ਮਨਾਉਂਦਾ ਹੈ । ਇਸ ਮਾਸ ਦਾ ਕੁਝ ਹਿੱਸਾ ਟੁਕ ਕੇ ਅਤੇ ਬੋਟੀਆਂ ਬਣਾ ਕੇ, ਇੱਲਾਂ ਕਾਵਾਂ ਦੇ ਖਾਣ ਲਈ ਅਸਮਾਨ ਵਲ ਸੁਟਿਆ ਜਾਂਦਾ ਹੈ । ਇਸ ਨੂੰ ਕਲਜੋਗਣਾਂ ਮਨਾਣਾ ਕਹਿੰਦੇ ਹਨ ।

ਗੋਤ ਕਨਾਲ ਦੀ ਰੀਤ ਦਾ ਸਾਂਸੀਆਂ ਵਿਚ ਖ਼ਾਸ ਮਹੱਤਵ ਹੈ । ਪਰ ਸਾਂਸੀਆਂ ਦੀ ਰੀਤ ਆਮ ਪੰਜਾਬੀਆਂ ਨਾਲੋਂ ਵੱਖਰੀ ਹੈ । ਸਾਂਸੀਆਂ ਵਿਚ ਦੋਹਾਂ ਧਿਰਾਂ ਦੀਆਂ ਤੀਵੀਆਂ ਨਵੀਂ ਵਹੁਟੀ ਨਾਲ ਰਲ ਕੇ ਇਕੋ ਭਾਂਡੇ ਵਿਚ ਖਾਂਦੀਆਂ ਹਨ ।

ਸਿੱਖ ਸਾਂਸੀ ਤਾਂ ਆਨੰਦ ਰੀਤੀ ਨਾਲ ਹੀ ਵਿਆਹ ਕਰਦੇ ਹਨ ਅਤੇ ਉਹ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਫੇਰੇ ਲੈ ਲੈਂਦੇ ਹਨ, ਪਰ ਹਿੰਦੂ ਸਾਂਸੀ 'ਛੱਪੜੀ' ਦੁਆਲੇ ਸਤ ਪ੍ਰਕਰਮਾ ਕਰਦੇ ਹਨ । ਸਰਘੀ ਵੇਲੇ, ਤਾਰਿਆਂ ਦੀ ਛਾਵੇਂ, ਪਹਿਲਾਂ ਇਕ 'ਛੱਪੜੀ' ਤਿਆਰ ਕੀਤੀ ਜਾਂਦੀ ਹੈ। ਫਿਰ ਛੱਪੜੀ ਦੇ ਆਲੇ ਦੁਆਲੇ ਜ਼ਮੀਨ ਵਿਚ ਸਤ ਕਾਨੇ ਗੱਡੇ ਜਾਂਦੇ ਹਨ, ਜਿਨ੍ਹਾਂ ਦੁਆਲੇ ਅੱਗੋਂ ਸਤ ਮੌਲੀ ਦੇ ਧਾਗੇ ਵਲ੍ਹੇਟ ਦਿਤੇ ਜਾਂਦੇ ਹਨ। ਇਸ ਛੱਪੜੀ ਵਿਚ ਕਈ ਸਾਂਸੀ ਤਾਂ ਜਲ ਭਰ ਕੇ ਉਸ ਦੇ ਦੁਆਲੇ ਸਤ ਫੇਰੇ ਲੈ ਲੈਂਦੇ ਹਨ । ਪਰ ਜੀਂਦ ਅਤੇ ਕਈ ਹੋਰ ਥਾਈਂ ਛੱਪੜੀ ਵਿਚ ਲਕੜੀ ਦੇ ਟੁਕੜੇ ਬਾਲ ਕੇ, ਉਪਰ ਘਿਉ ਪਾਇਆ ਜਾਂਦਾ ਹੈ ਤੇ ਫਿਰ ਫੇਰੇ ਲਏ ਜਾਂਦੇ ਹਨ । ਕਈ ਥਾਈਂ ਛੱਪੜੀ ਦੇ ਦੁਆਲੇ ਆਟੇ ਦੇ ਦੀਵੇ ਬਾਲ ਕੇ ਰਖੇ ਜਾਂਦੇ ਹਨ ।

ਵਿਆਹ ਲਈ ਇਕ ਹੋਰ ਵਿਧੀ ਵੀ ਪ੍ਰਚਲਤ ਹੈ, ਜੋ ਬੜੀ ਰੋਚਕ ਹੈ । ਵਰ ਦੇ ਪੱਲੇ ਨਾਲ ਸਤ ਗੰਢਾਂ ਮਾਰ ਕੇ ਵਿਚਲੀ ਗੰਢ ਵਿਚ ਇਕ ਰੁਪਿਆ ਬੰਨ੍ਹ ਦਿਤਾ ਜਾਂਦਾ ਹੈ । ਇਸ ਤੋਂ ਬ ਅਦ ਉਹ ਕਮਰਕਸਾ ਬੰਨ੍ਹਦਾ ਹੈ । ਇਕ ਘੜੇ ਨੂੰ ਜਲ ਨਾਲ ਭਰ ਕੇ ਗਲੱਟੇ ਉਤੇ ਮੌਲੀ ਵਲ੍ਹੇਟ ਦਿਤੀ ਜਾਂਦੀ ਹੈ । ਫਿਰ ਘੜਾ ਵਰ ਦੇ ਸਿਰ ਉਤੇ ਰਖ ਕੇ ਉਪਰ ਕੌਂਹ ਦੀ ਛੂਣੀ ਧਰੀ ਜਾਂਦੀ ਹੈ । ਕੰਨਿਆਂ ਸੱਜੇ ਹੱਥ ਨਾਲ ਵਰ ਦੇ ਕਮਰਕਸੇ ਦਾ ਲੜ ਫੜ ਕੇ ਫੇਰੇ ਲੈਂਦੀ ਹੈ । ਜੇ ਵਰ ਦੇ ਸਿਰ ਤੋਂ ਘੜਾ ਹੇਠਾਂ ਡਿਗ ਪਏ, ਤਾਂ ਬਦਸ਼ਗਨੀ ਮੰਨੀ ਜਾਂਦੀ ਹੈ । ਇਹ ਰੀਤ ਵਿਆਹ ਦੀ ਕਿਸੇ ਆਦਿਮ-ਰੀਤ ਦੀ ਰਹਿੰਦ ਜਾਪਦੀ ਹੈ । ਫੇਰਿਆਂ ਵੇਲੇ ਸਾਂਸੀਆਂ ਵਿਚ ਘੋੜੀਆਂ ਜਾਂ ਲਾਵਾਂ ਪੜ੍ਹੀਆਂ ਜਾਂਦੀਆਂ ਹਨ, ਜੋ ਇਸ ਪ੍ਰਕਾਰ ਹਨ :

ਪਹਿਲੀ ਲਾਂ ਲਾੜ੍ਹਾ ਘੁੰਮਿਆ,
ਸਦਕੇ ਮੈਂ ਲਾੜ੍ਹੇ ਦੀ ਮਾਂ, ਸਿਰ ਮੂੰਹ ਚੁੰਮਿਆ ।
ਦੂਜੀ ਲਾਂ ਲਾੜ੍ਹਾ ਘੁੰਮਿਆ,
ਸਦਕੇ ਮੈਂ ਲਾੜ੍ਹੇ ਦੀ ਭੈਣ, ਸਿਰ ਮੂੰਹ ਚੁੰਮਿਆ ।
ਤੀਜੀ ਲਾਂ ਲਾੜ੍ਹਾ ਘੁੰਮਿਆ,
ਸਦਕੇ ਮੈਂ ਲਾੜ੍ਹੇ ਦੀ ਮਾਸੀ, ਸਿਰ ਮੂੰਹ ਚੁੰਮਿਆ ।
ਚੌਥੀ ਲਾਂ ਲਾੜ੍ਹਾ ਘੁੰਮਿਆ,
ਸਦਕੇ ਲੈ ਲਾੜ੍ਹੇ ਦੀ ਫੁਫੀ, ਸਿਰ ਮੂੰਹ ਚੁੰਮਿਆ ।
ਪੰਜਵੀਂ ਲਾਂ ਲਾੜ੍ਹਾ ਘੁੰਮਿਆ,
ਸਦਕੇ ਲੈ ਲਾੜ੍ਹੇ ਦੀ ਭੂਆ, ਸਿਰ ਮੂੰਹ ਚੁੰਮਿਆ ।
ਛੇਵੀਂ ਲਾਂ ਲਾੜ੍ਹਾ ਘੁੰਮਿਆ,
ਸਦਕੇ ਲੈ ਲਾੜ੍ਹੇ ਦੀ ਤਾਈ, ਸਿਰ ਮੂੰਹ ਚੁੰਮਿਆ ।

ਸਤਵੀਂ ਲਾਂ ਲਾੜ੍ਹਾ ਘੁੰਮਿਆ,
ਸਦਕੇ ਲੈ ਲਾੜ੍ਹੇ ਦੀ ਚਾਚੀ, ਸਿਰ ਮੂੰਹ ਚੁੰਮਿਆ।

ਕਈ ਥਾਈਂ ਕੰਨਿਆਂ ਨੂੰ ਖਾਰੇ ਹੇਠ ਬਿਠਾ ਦਿਤਾ ਜਾਂਦਾ ਹੈ ਤੇ ਵਰ ਨੂੰ ਖਾਰੇ ਉਪਰ ਬਿਠਾ ਕੇ ਲਾਵਾਂ ਜਾਂ ਘੋੜੀਆਂ ਪੜ੍ਹੀਆਂ ਜਾਂਦੀਆਂ ਹਨ, ਬਸ ਮੰਜੋਗ ਜੁੜ ਗਿਆ।

ਲਾਵਾਂ ਤੋਂ ਮਗਰੋਂ 'ਮੁਠ ਖੋਲ੍ਹਣ' ਅਤੇ 'ਜੰਬਨ' ਦੀਆਂ ਦੋ ਵਿਲੱਖਣ ਰੀਤਾਂ ਕੀਤੀਆਂ ਜਾਂਦੀਆਂ ਹਨ। ਮੁਠ ਖੋਲ੍ਹਣ ਵੇਲੇ ਦੂਲ੍ਹਾ ਖੱਬੇ ਹੱਥ ਨਾਲ ਆਪਣੇ ਸਿਰ ਉਤੇ ਰਖੇ ਘੜੇ ਨੂੰ ਸੰਭਾਲਦਾ ਹੈ ਅਤੇ ਸੱਜੇ ਹੱਥ ਨਾਲ ਦੂਲ੍ਹਨ ਦੀ ਮੁਠ ਖੋਲ੍ਹਦਾ ਹੈ। ਜੇ ਘੜਾ ਡਿਗ ਪਏ ਜਾਂ ਪਾਣੀ ਛਲਕ ਜਾਵੇ ਤਾਂ ਬਦਸ਼ਗਨੀ ਮੰਨੀ ਜਾਂਦੀ ਹੈ। 'ਜੰਬਨ' ਦੀ ਰੀਤ ਵਿਚ ਦੂਲ੍ਹਾ ਤੇ ਦੂਲ੍ਹਨ ਇਕ ਦੂਜੇ ਦੇ ਆਹਮੋ ਸਾਹਮਣੇ ਹੋ ਕੇ ਮੱਥੇ ਮੇਲਦੇ ਹਨ (ਵੇਖੋ : ਸਿਰਮੇਲ)। ਫਿਰ ਉਹ ਦੋਵੇਂ ਇਕ ਦੂਜੇ ਸਾਹਮਣੇ ਬੈਠ ਕੇ ਪੈਰਾਂ ਦੀਆਂ ਤਲੀਆਂ ਮੇਲਦੇ ਹਨ। ਇਸ ਰੀਤ ਦੇ ਨਾਲ ਹੀ ਵਿਆਹ ਦੀ ਰਸਮ ਪੂਰੀ ਹੋ ਜਾਂਦੀ ਹੈ।

ਵਹੁਟੀ ਜਦੋਂ ਸਹੁਰੇ ਘਰ ਪੈਰ ਧਰਦੀ ਹੈ ਤਾਂ 'ਤੇਲ ਚੋਣ', 'ਪਾਣੀ ਵਾਰ ਕੇ ਪੀਣ', 'ਦੇਵਰ ਗੋਦੀ ਲੈਣ', 'ਗਾਨਾ ਖੋਲ੍ਹਣ' ਆਦਿ ਦੀਆਂ ਕਈ ਰੀਤਾਂ ਕੀਤੀਆਂ ਜਾਂਦੀਆਂ ਹਨ।

ਸਾਂਸੀਆਂ ਵਿਚ ਤਲਾਕ ਤੇ ਪੁਨਰ-ਵਿਆਹ ਦੀ ਪ੍ਰਥਾ ਵੀ ਹੈ, ਪਰ ਵਿਆਹੀ ਹੋਈ ਕੁੜੀ ਦੀ ਜੇ ਪਤੀ ਨਾਲ ਅਣਬਣ ਹੋ ਜਾਵੇ, ਤਾਂ ਉਹ ਪਤੀ ਦੀ ਮਰਜ਼ੀ ਬਗ਼ੈਰ ਦੂਜੀ ਥਾਂ ਨਹੀਂ ਜਾ ਸਕਦੀ। ਆਮ ਤੌਰ ਤੇ ਇਸ ਮੌਕੇ ਉਤੇ ਪੰਚਾਇਤ ਨੂੰ ਸੱਦ ਕੇ ਪੰਚਾਂ ਨੂੰ ਮੁੰਡੇ ਦੇ ਵਿਆਹ ਉਤੇ ਆਏ ਹਰੇਕ ਖ਼ਰਚ ਦਾ ਵੇਰਵਾ ਦਿਤਾ ਜਾਂਦਾ ਹੈ। ਜੇ ਉਸ ਵੇਲੇ ਕਬੀਲੇ ਵਿਚੋਂ ਕੋਈ ਉਠ ਕੇ ਕਹਿ ਦੇਵੇ ਕਿ ਇਹ ਰਕਮ ਉਹ ਤਾਰਨ ਨੂੰ ਤਿਆਰ ਹੈ, ਤਾਂ ਉਹ ਤੀਵੀਂ ਰੁਪਏ ਲੈ ਕੇ ਉਸ ਸ਼ਖ਼ਸ ਨਾਲ ਵਿਆਹ ਦਿਤੀ ਜਾਂਦੀ ਹੈ। ਪੁਨਰ ਵਿਆਹ ਵੇਲੇ ਚਾਦਰਾਂ ਹੀ ਪਾਈਆਂ ਜਾਂਦੀਆਂ ਹਨ, ਬਾਕਾਇਦਾ ਫੇਰੇ ਨਹੀਂ ਹੁੰਦੇ।

ਮਰਨ ਸਬੰਧੀ ਰਸਮਾਂ : ਮਰਨ ਤੋਂ ਪਹਿਲਾਂ, ਰਿਸ਼ਤੇਦਾਰ ਪ੍ਰਾਣੀ ਨੂੰ ਜ਼ਮੀਨ ਉਤੇ ਲਿਟਾ ਦੇਂਦੇ ਹਨ, ਇਸ ਰਸਮ ਨੂੰ 'ਨਗੀਨਾ' ਕਹਿੰਦੇ ਹਨ। ਧਰਤੀ ਮਾਂ ਦੀ ਗੋਦ ਵਿਚ ਸੁਆਸ ਤਿਆਗਣ ਵਾਲਾ ਪ੍ਰਾਣੀ ਅਗਲੇ ਲੋਕ ਵਿਚ ਬਹੁਤੇ ਦੁਖ ਨਹੀਂ ਭੋਗਦਾ। ਇਸ ਤੋਂ ਬਾਅਦ 'ਦੀਵਾ ਬਤੀ' ਦੀ ਰੀਤ ਕੀਤੀ ਜਾਂਦੀ ਹੈ ਅਤੇ ਕਈ ਸਾਂਸੀ ਇਸ ਸਮੇਂ ਗਊ ਮਣਸਦੇ ਹਨ। ਡੂੰਘੇ ਹਨੇਰੇ ਵਿਚ ਜਾਂ ਰਾਤ ਵੇਲੇ ਦਾਹ ਸੰਸਕਾਰ ਨਹੀਂ ਕੀਤਾ ਜਾਂਦਾ। ਧਾਰਨਾ ਹੈ ਕਿ ਅਜਿਹਾ ਕਰਨ ਨਾਲ ਪ੍ਰੇਤ ਮੋਢਾ ਦੇਣ ਵਾਲਿਆਂ ਨੂੰ ਕਸ਼ਟ ਦੇਂਦੇ ਹਨ। ਜੇ ਰਾਤ ਨੂੰ ਦੇਹ ਘਰ ਵਿਚ ਹੀ ਰਖਣ ਦੀ ਲਾਚਾਰੀ ਹੋਵੇ ਤਾਂ ਲੋਥ ਦੇ ਆਕਾਰ ਦੇ ਬਰਾਬਰ ਸੋਟੀ ਮਿਣ ਕੇ ਕਟ ਲਈ ਜਾਂਦੀ ਹੈ। ਧਾਰਨਾ ਹੈ ਕਿ ਮ੍ਰਿਤਕ ਦੀ ਦੇਹ ਰਾਤ ਵੇਲੇ ਵਧਦੀ ਜਾਂਦੀ ਹੈ, ਪਰ ਜੇ ਸੋਟੀ ਨਾਲ ਪਹਿਲਾਂ ਮਿਣ ਲਿਆ ਜਾਵੇ ਤਾਂ ਦੇਹ ਫਿਰ ਨਹੀਂ ਵਧਦੀ। ਇਸ਼ਨਾਨ ਕਰਵਾਣ ਮਗਰੋਂ ਮ੍ਰਿਤਕ ਦੇ ਮੂੰਹ ਵਿਚ ਚਾਂਦੀ ਜਾਂ ਤਾਂਬੇ ਦਾ ਸਿੱਕਾ ਅਤੇ ਮੱਖਣ ਪਾਇਆ ਜਾਂਦਾ ਹੈ। ਸਸਕਾਰ ਹਿੰਦੂ ਰੀਤੀ ਨਾਲ ਹੀ ਕੀਤਾ ਜਾਂਦਾ ਹੈ, ਪਰ ਫੁੱਲਾਂ ਨੂੰ ਚੌਥੇ ਦੀ ਥਾਂ ਇਕੱਠ ਤੋਂ ਬਾਅਦ ਚੁਗਿਆ ਜਾਂਦਾ ਹੈ। ਫੁਲ ਹਰਦੁਆਰ ਵਿਚ ਜਲ-ਪ੍ਰਵਾਹ ਕੀਤੇ ਜਾਂਦੇ ਹਨ।

ਜੇ ਕੋਈ ਤੀਵੀਂ ਗਰਭ ਦੇ ਦੌਰਾਨ ਜਾਂ ਬੱਚਾ ਜੰਮਣ ਵੇਲੇ ਮਰ ਜਾਵੇ, ਤਾਂ ਧਾਰਨਾ ਹੈ ਕਿ ਉਹ ਕੁਚੀਲ ਬਣਦੀ ਹੈ (ਵੇਖੋ : ਕੁਚੀਲ)। ਪੰਜਾਬ ਦੇ ਹਿੰਦੂ ਸਿੱਖ ਤਾਂ ਅਜਿਹੀ ਤੀਵੀਂ ਦੀ ਲੋਥ ਦੇ ਪੈਰਾਂ ਵਿਚ ਕਿਲ ਗਡਦੇ ਹਨ, ਪਰ ਸਾਂਸੀ ਮ੍ਰਿਤਕ ਦੀਆਂ ਅੱਖਾਂ ਵਿਚ ਸਰ੍ਹੋਂ ਦੇ ਬੀਜ ਪਾ ਦੇਂਦੇ ਹਨ ਅਤੇ ਨਾਲ ਹੀ ਘਰ ਤੋਂ ਸ਼ਮਸ਼ਾਨ ਤਕ ਸਰ੍ਹੋਂ ਦੇ ਬੀਜ ਬਿਖੇਰ ਦੇਂਦੇ ਹਨ। ਇਸ ਤਰ੍ਹਾਂ ਮ੍ਰਿਤਕ ਦਾ ਪ੍ਰੇਤ ਅੰਨ੍ਹਾਂ ਹੋ ਜਾਂਦਾ ਹੈ ਤੇ ਘਰ ਨਹੀਂ ਪਰਤਦਾ। ਛੋਟੇ ਬੱਚੇ ਦੀ ਮੌਤ 'ਤੇ ਕੋਈ ਰੀਤ ਨਹੀਂ ਕੀਤੀ ਜਾਂਦੀ, ਕੇਵਲ ਦੋ ਤਿੰਨ ਦਿਨ ਸੋਗ ਕਰ ਲਿਆ ਜਾਂਦਾ ਹੈ; ਪਰ ਕਿਸ਼ੋਰ ਬੱਚੇ ਦੀ ਮੌਤ ਉਤੇ ਠੂਠੇ ਦੀ ਇਕ ਵਿਸ਼ੇਸ਼ ਰੀਤ ਕੀਤੀ ਜਾਂਦੀ ਹੈ, ਜੋ ਵਿਲਖਣ ਹੈ (ਵੇਖੋ : ਠੂਠਾ)। ਭੇਡ ਕੁਟਾਂ ਵਿਚ ਮੁਰਦੇ ਨੂੰ ਦੱਬਣ ਜਾਂ ਸਾੜਨ ਤੋਂ ਪਹਿਲਾਂ ਉਸ ਦਾ ਕੋਈ ਇਕ ਅੰਗ ਤੋੜ ਦੇਣ ਦੀ ਪ੍ਰਥਾ ਹੈ। ਇਸ ਤਰ੍ਹਾਂ ਪ੍ਰੇਤ ਛੇਰੇ ਆ ਕੇ ਅੰਗਾਂ ਸਾਕਾਂ ਨੂੰ ਤੰਗ

ਨਹੀਂ ਕਰਦਾ ।

ਬਜ਼ੁਰਗ ਦੀ ਮੌਤ ਮਗਰੋਂ, ਸਾਲ ਦੇ ਅੰਦਰ ਅੰਦਰ, ਇਕੱਠ ਕੀਤਾ ਜਾਂਦਾ ਹੈ। ਇਹ ਰੀਤ ਜੱਟਾਂ ਦੇ ਹੋਗਾਮੇ ਵਾਂਗ ਹੀ ਬੜੀ ਖ਼ਰਚੀਲੀ ਰਸਮ ਹੈ। ਇਕੱਠ ਸਮੇਂ ਮ੍ਰਿਤਕ ਦੇ ਅੰਗ ਸਾਕ ਦਾਣਿਆਂ ਦੀਆਂ ਛਟਾਂ, ਕੁਝ ਕਪੜੇ ਤੇ ਰੁਪਏ ਨਿਉਂਦਰੇ ਦੇ ਰੂਪ ਵਿਚ ਭੇਟ ਕਰਦੇ ਹਨ, ਜਿਸ ਦਾ ਹਿਸਾਬ ਰਖਿਆ ਜਾਂਦਾ ਹੈ। ਜਦੋਂ ਦੂਜੇ ਘਰ ਕੋਈ ਬਜ਼ੁਰਗ ਮਰਦਾ ਹੈ, ਤਾਂ ਉਸ ਦੇ ਇਕੱਠ ਵੇਲੇ ਇਹ ਭਾਜੀ ਬਰਾਬਰ ਜਾਂ ਵਧ ਮੋੜੀ ਜਾਂਦੀ ਹੈ। ਜੇ ਮ੍ਰਿਤਕ ਮਰਦ ਹੋਵੇ ਤਾਂ ਪਹਿਲੇ ਸਤ ਦਿਨ, ਜੇ ਇਸਤ੍ਰੀ ਹੋਵੇ ਤਾਂ ਪੰਜ ਦਿਨ ਇਕ ਝੁੰਪੜੀ ਜਾਂ ਕੁੱਲੀ ਬਣਵਾ ਕੇ ਅਤੇ ਵਿਚ ਤਲਾਈ ਵਿਛਵਾ ਕੇ, ਉਸ ਵਿਚ ਨਿਯਤ ਕੀਤੇ ਚਾਰ ਕਾਨ੍ਹੀ (ਅਰਥੀ ਨੂੰ ਮੋਢਾ ਦੇਣ ਵਾਲੇ) ਬਿਠਾ ਦਿਤੇ ਜਾਂਦੇ ਹਨ ਅਤੇ ਸਤ ਜਾਂ ਪੰਜ ਦਿਨ ਉਨ੍ਹਾਂ ਨੂੰ ਉਥੇ ਹੀ ਖਵਾਇਆ ਪਿਆਇਆ ਜਾਂਦਾ ਹੈ। ਇਹ ਕਾਨ੍ਹੀ ਸਵੇਰੇ ਉਠ ਕੇ ਦਸਦੇ ਹਨ ਕਿ ਅੱਜ ਉਨ੍ਹਾਂ ਨੂੰ ਸੁਪਨੇ ਵਿਚ ਮੋਇਆ ਪ੍ਰਾਣੀ ਆਇਆ ਸੀ ਤੇ ਉਸ ਨੇ ਬਰਫ਼ੀ, ਸ਼ਰਾਬ, ਚੂਰੀ ਆਦਿ ਦੀ ਮੰਗ ਕੀਤੀ ਸੀ। ਸੋ, ਉਨ੍ਹਾਂ ਨੂੰ ਉਹੋ ਕੁਝ ਖਾਣ ਨੂੰ ਦਿਤਾ ਜਾਂਦਾ ਹੈ। ਇਸ ਤਰ੍ਹਾਂ ਕਾਨ੍ਹੀਆਂ ਨੂੰ ਖਾਣ ਪੀਣ ਲਈ ਰਜਵਾਂ ਮਿਲਦਾ ਹੈ। ਮ੍ਰਿਤਕ ਜਿਸ ਚੀਜ਼ ਦੀ ਸੁਪਨੇ ਵਿਚ ਮੰਗ ਕਰੇ, ਉਹ ਵਸਤੂ ਕਾਫ਼ੀ ਸਾਰੀ ਮਾਤਰਾ ਵਿਚ ਬਣਵਾਈ ਜਾਂਦੀ ਹੈ। ਪਹਿਲਾਂ ਉਹ ਠੂਠੇ ਵਿਚ ਪਾ ਕੇ ਦੋਹਾਂ ਕਾਨ੍ਹੀਆਂ ਨੂੰ ਭੋਗ ਲਗਾਣ ਲਈ ਦਿਤੀ ਜਾਂਦੀ ਹੈ। ਕਾਨ੍ਹੀ ਭੋਗ ਲਗਾ ਕੇ ਬਾਕੀ ਦੀ ਚੀਜ਼ ਜ਼ਮੀਨ ਉਤੇ ਰਖ ਦੇਂਦੇ ਹਨ। ਆਪਣੇ ਹੱਥਾਂ ਵਿਚ ਉਹ ਪ੍ਰੇਤ ਤੋਂ ਰੱਖਿਆ ਲਈ, ਕਾਨੀ ਫੜੀ ਰਖਦੇ ਹਨ। ਧਾਰਨਾ ਹੈ ਕਿ ਇਹ ਰੋਟੀ ਮ੍ਰਿਤਕ ਬਜ਼ੁਰਗ ਨੂੰ ਜਾ ਪਹੁੰਚਦੀ ਹੈ (ਸਰਵੇ ਡੇਹਰਾ ਬਾਬਾ ਨਾਨਕ, 131)।

ਅਖ਼ੀਰਲੇ ਦਿਨ ਇਕੱਠ ਹੁੰਦਾ ਹੈ, ਜਿਸ ਵਿਚ ਸਾਰੀ ਬਿਰਾਦਰੀ ਨੂੰ ਭੋਜ ਦਿਤਾ ਜਾਂਦਾ ਹੈ। ਬਜ਼ੁਰਗ ਦੇ ਫੁਲ ਇਕੱਠ ਤੋਂ ਮਗਰੋਂ ਹੀ ਚੁਣੇ ਜਾਂਦੇ ਹਨ, ਭਾਵੇਂ ਇਕੱਠ ਨੂੰ ਸਾਲ ਸਮਾਂ ਹੀ ਕਿਉਂ ਨਾ ਲੱਗ ਜਾਵੇ। ਫੁਲ ਹਰਦੁਆਰ ਵਿਚ ਪ੍ਰਵਾਹ ਦਿਤੇ ਜਾਂਦੇ ਹਨ।

ਭਾਸ਼ਾ : ਪੰਜਾਬ ਦੇ ਸਾਂਸੀਆਂ ਦੀ ਆਮ ਬੋਲਚਾਲ ਦੀ ਭਾਸ਼ਾ ਪੰਜਾਬੀ ਹੈ, ਪਰ ਸਾਂਸੀਆਂ ਦੀ ਆਪਣੀ ਇਕ ਚੋਰ-ਭਾਸ਼ਾ ਵੀ ਹੈ, ਜਿਸ ਨੂੰ ਸਾਂਸੀਆਂ ਤੋਂ ਬਗ਼ੈਰ ਦੂਜਾ ਕੋਈ ਨਹੀਂ ਸਮਝ ਸਕਦਾ। ਇਸ ਭਾਸ਼ਾ ਨੂੰ ਉਹ ਆਪ ਵਿਚ ਵਾਰਤਾਲਾਪ ਕਰਦਿਆਂ ਕੇਵਲ ਉਦੋਂ ਹੀ ਵਰਤਦੇ ਹਨ, ਜਦੋਂ ਦੂਜਿਆਂ ਤੋਂ ਕੋਈ ਭੇਤ ਰਖਣਾ ਹੋਵੇ। ਇਸ ਭਾਸ਼ਾ ਨੂੰ 'ਸਾਂਸੀ-ਬੋਲੀ' ਕਿਹਾ ਜਾਂਦਾ ਹੈ ਅਤੇ ਟੀ. ਗਰਾਹਮ ਬੇਲੀ ਨੇ ਸਭ ਤੋਂ ਪਹਿਲਾਂ ਵਜ਼ੀਰਾਬਾਦ (ਜ਼ਿਲਾ ਗੁਜਰਾਂਵਾਲਾ) ਦੇ ਸਾਂਸੀਆਂ ਤੋਂ ਸ਼ਬਦ ਇਕੱਠੇ ਕਰ ਕੇ ਇਸ ਬੋਲੀ ਬਾਰੇ ਇਕ ਲੇਖ 'ਜਨਰਲ ਆਫ਼ ਦੀ ਏਸ਼ਿਆਟਿਕ ਸੁਸਾਇਟੀ ਆਫ਼ ਬੰਗਾਲ' (1901) ਵਿਚ ਛਾਪਿਆ। ਇਹ ਭਾਸ਼ਾ ਸੁਭਾਵ ਵਿਚ ਵਿਲੱਖਣ ਹੈ ਅਤੇ ਇਸ ਵਿਚ ਸ਼ਬਦਾਂ ਦੀਆਂ ਧੁਨੀਆਂ ਨੂੰ ਵਿਗਾੜ ਕੇ ਨਵੇਂ ਸ਼ਬਦਾਂ ਦੀ ਰਚਨਾ ਕੀਤੀ ਗਈ ਹੈ। ਕੁਝ ਆਮ ਸ਼ਬਦਾਂ ਨੂੰ ਨਵੇਂ ਅਰਥ ਦੇ ਲਏ ਗਏ ਹਨ। ਇਹ ਬੋਲੀ ਮਨੁੱਖ ਦੀ ਚੇਤਨ ਸਿਰਜਨਾ ਹੋਣ ਕਰ ਕੇ ਅਨੂਠੀ ਹੈ ਅਤੇ ਸਹਿਜ ਨਾ ਹੋਣ ਕਰ ਕੇ ਭਾਸ਼ਾ ਵਿਗਿਆਨੀਆਂ ਲਈ ਦਿਲਚਸਪੀ ਰਖਦੀ ਹੈ। ਕਿਉਂ ਜੋ ਸਾਂਸੀ ਜ਼ੁਰਾਇਮ ਪੇਸ਼ਾ ਰਹੇ ਹਨ, ਇਸ ਲਈ ਉਨ੍ਹਾਂ ਨੂੰ ਆਪਣੀ ਗੱਲ ਛੁਪਾ ਕੇ ਕਰਨੀ ਪੈਂਦੀ ਸੀ, ਇਸ ਵਾਸਤੇ ਇਹ ਬੋਲੀ ਗੁਪਤ ਹੈ। ਇਹ ਉਪ-ਭਾਖਾ ਪੰਜਾਬੀ ਬੋਲੀ ਦਾ ਹੀ ਵਿਕ੍ਰਿਤ ਰੂਪ ਹੈ। ਇਸ ਭਾਸ਼ਾ ਵਿਚ ਚਾਵਲ ਨੂੰ ਤੰਦਲ, ਭੇਡ ਨੂੰ ਅੰਦਰੀ, ਘੋੜੇ ਨੂੰ ਕੁਦਰਾ, ਮੂੰਹ ਨੂੰ ਖੂਮ, ਆਟੇ ਨੂੰ ਕੋਟਾ, ਕਪੜੇ ਨੂੰ ਨਿਗਰੇ, ਸੋਨੇ ਨੂੰ ਬੋਨਾ, ਜੰਦਰੇ ਨੂੰ ਬੇਂਦਰਾ, ਸਿਪਾਹੀ ਨੂੰ ਗੁਪਾਹੀ ਕਹਿੰਦੇ ਹਨ। ਇਸੇ ਤਰ੍ਹਾਂ ਕੁਝ ਕਿਰਿਆਵਾਂ ਵੀ ਨਵੀਆਂ ਘੜੀਆਂ ਗਈਆਂ ਹਨ; ਲੈਣੇ ਨੂੰ ਲੇਪਨਾ, ਦੇਣੇ ਨੂੰ ਦੇਪਨਾ, ਬੈਠਣ ਨੂੰ ਬੈਸਣਾ, ਵੇਖਣ ਨੂੰ ਨੇਖਣਾ, ਬੋਲਣ ਨੂੰ ਚਲਕਣਾ ਕਹਿੰਦੇ ਹਨ।

ਭਾਸ਼ਾ ਵਿਗਿਆਨੀਆਂ ਨੇ ਸਾਂਸੀ ਬੋਲੀ ਦਾ ਧੁਨੀ-ਅਧਿਐਨ ਕਰ ਕੇ ਕੁਝ ਨੇਮ ਲਭੇ ਹਨ। ਜਿਵੇਂ 'ਦ' ਦਾ 'ਖ' ਵਿਚ ਪਰਿਵਰਤਨ — ਦਸ ਤੋਂ ਖਸ; 'ਡ' ਦਾ 'ਨ' ਵਿਚ ਬਦਲਣਾ —

ਛੜਣਾ ਤੋਂ ਨਹੋੜਨਾ; 'ਬ' ਦਾ 'ਛ' ਵਿਚ ਪਰਿਵਰਤਨ — ਬੁਢਾ ਤੋਂ ਛੁਡਾ। 'ਅ' ਦਾ ਕੋ ਵਿਚ ਬਦਲਣਾ — ਆਦਮੀ ਦਾ ਕੋਦਮੀ, ਆਨੇ ਦਾ ਕੋਨਾ, ਅੱਧਾ ਦਾ ਕੋਧਾ, ਅਠ ਦਾ ਕੋਠ।

(ਸ-364) **ਸਾਹ** :

ਸਵਾਸਾਂ ਬਾਰੇ ਕਈ ਮਨੌਤਾਂ ਪ੍ਰਚਲਤ ਹਨ। ਲੋਕ-ਕਲਪਨਾ ਅਨੁਸਾਰ ਸਵਾਸ ਰੱਬ ਦੀ ਫੂਕ ਤੋਂ ਉਪਜੇ ਹਨ। ਰੱਬ ਨੇ, ਮਿੱਟੀ ਤੋਂ ਮਨੁੱਖ ਦਾ ਪੁਤਲਾ ਘੜ ਕੇ, ਉਸ ਵਿਚ ਫੂਕ ਮਾਰੀ, ਤਾਂ ਉਹ ਪ੍ਰਾਣਧਾਰੀ ਰੂਪ ਵਿਚ ਸ੍ਰਿਸ਼ਟੀ ਉਤੇ ਤਮਾਸ਼ਾ ਕਰਨ ਲੱਗਾ। ਮਿੱਟੀ ਦੇ ਫ਼ਰਿਸ਼ਤੇ ਬੁਤ ਘੜਦੇ ਜਾਂਦੇ ਹਨ, ਰੱਬ ਉਨ੍ਹਾਂ ਵਿਚ ਫੂਕਾਂ ਮਾਰ ਕੇ ਉਨ੍ਹਾਂ ਨੂੰ ਸਜੀਵ ਕਰਦਾ ਜਾਂਦਾ ਹੈ। ਜਿਤਨੀ ਲੰਮੀ ਫੂਕ ਰੱਬ ਕਿਸੇ ਪ੍ਰਾਣੀ ਦੇ ਪੁਤਲੇ ਵਿਚ ਮਾਰਦਾ ਹੈ, ਉਤਨੀ ਜ਼ਿਆਦਾ ਦੇਰ ਉਸ ਦੇ ਸਵਾਸਾਂ ਦਾ ਗੇੜ ਚਲਦਾ ਰਹਿੰਦਾ ਹੈ। ਇਸੇ ਤੋਂ ਇਹ ਮਨੌਤ ਪ੍ਰਚਲਤ ਹੋਈ ਕਿ ਪ੍ਰਾਣੀ ਸੰਸਾਰ ਵਿਚ ਜਿਤਨੇ ਸਾਹ ਲੈਂਦਾ ਹੈ, ਉਨ੍ਹਾਂ ਦੀ ਗਿਣਤੀ ਧੁਰੋਂ ਹੀ ਮਿਥੀ ਹੋਈ ਹੈ। ਇਸੇ ਨਿਸ਼ਚੇ ਵਿਚੋਂ ਇਕ ਹੋਰ ਵਿਸ਼ਵਾਸ਼ ਦਾ ਉਦੈ ਹੋਇਆ ਕਿ ਬਹੁਤੀ ਤੇਜ਼ ਦੋੜਨ ਵਾਲਾ ਅਤੇ ਹੱਫਣ ਵਾਲੇ ਕੰਮ ਕਰਨ ਵਾਲਾ ਸ਼ਖ਼ਸ ਬਾਕੀ ਪ੍ਰਾਣੀਆਂ ਦੇ ਮੁਕਾਬਲੇ ਵਿਚ ਘਟ ਉਮਰ ਭੋਗਦਾ ਹੈ। ਕਿਉਂ ਜੋ ਤੇਜ਼ ਸਾਹ ਛੋਟੇ ਹੁੰਦੇ ਹਨ ਅਤੇ ਉਹ ਪ੍ਰਾਣੀ ਥੋੜੀ ਦੇਰ ਵਿਚ ਬਹੁਤੇ ਸਾਹ ਲੈ ਲੈਂਦਾ ਹੈ।

ਪ੍ਰਾਚੀਨ ਕਾਲ ਵਿਚ ਇਹ ਧਾਰਨਾ ਵੀ ਪ੍ਰਚਲਤ ਸੀ ਕਿ ਸਾਹ ਹੀ ਆਤਮਾ ਹੈ ਅਤੇ ਮਰਨ ਵੇਲੇ ਨੱਕ ਦੁਆਰਾ ਸੁਆਸ ਬਾਹਰ ਨਿਕਲਦੇ ਹਨ, ਭਾਵ ਮਰਨ ਤੋਂ ਥੋੜ੍ਹਾ ਚਿਰ ਪਹਿਲਾਂ ਜਿੰਦ ਨੱਕ ਵਿਚ ਆ ਟਿਕਦੀ ਹੈ। 'ਨੱਕ ਜਿੰਦ ਆਉਣੀ' ਮੁਹਾਵਰਾ, ਇਸੇ ਸੰਕਲਪ ਉਤੇ ਆਧਾਰਤ ਹੈ। ਪ੍ਰਾਚੀਨ ਕਾਲ ਵਿਚ, ਸਵਾਸਾਂ ਨੂੰ ਨੱਕ ਦੁਆਰਾ ਬਾਹਰ ਨਿਕਲਣ ਤੋਂ ਰੋਕਣ ਲਈ, ਚੇਲੇ ਰੋਗੀ ਦੇ ਨੱਕ ਨਾਲ ਮੁੰਦਰਿਆ ਹੋਇਆ ਧਾਗਾ ਜਾਂ ਧਾਤ ਦੀ ਕੋਈ ਵਸਤੂ ਬੰਨ੍ਹ ਦੇਂਦੇ ਸਨ। ਇਹੋ ਧਾਗਾ ਜਾਂ ਧਾਤ ਮਗਰੋਂ ਨੱਕ ਦੇ ਗਹਿਣੇ ਲੌਂਗ ਆਦਿ ਦਾ ਰੂਪ ਗ੍ਰਹਿਣ ਕਰ ਗਈ।

ਲੋਕ-ਸੰਕਲਪ ਅਨੁਸਾਰ ਸਾਹ ਦੁਆਰਾ ਵੀ ਗਰਭ ਠਹਿਰ ਸਕਦਾ ਹੈ। ਟਪਰੀਵਾਸੀ ਸਾਂਸੀਆਂ ਦੀ ਇਕ ਰਵਾਇਤ ਅਨੁਸਾਰ ਇੰਦਰ ਦੀ ਕੰਨਿਆਂ ਨੇ ਕਿਸੇ ਸੂਰਮੇ ਦੇ ਦਾਹ ਸੰਸਕਾਰ ਤੋਂ ਇਕੱਠੀ ਕੀਤੀ ਰਾਖ ਸੁੰਘੀ, ਜੋ ਇਸ ਵਿਚਾਰ ਨਾਲ ਘਰ ਵਿਚ ਇਕ ਘੜੇ ਵਿਚ ਬੰਦ ਕਰ ਕੇ ਰਖੀ ਗਈ ਸੀ ਕਿ ਕਦੇ ਇਸ ਰਾਖ ਉਤੇ ਮੰਤਰ ਪੜ੍ਹ ਕੇ ਉਸ ਸੂਰਮੇ ਨੂੰ ਮੁੜ ਜ਼ਿੰਦਾ ਕੀਤਾ ਜਾਵੇਗਾ, ਰਾਖ ਤੋਂ ਸਾਹ ਦੁਆਰਾ ਉਸ ਕੰਨਿਆਂ ਨੂੰ ਗਰਭ ਠਹਿਰ ਗਿਆ ਅਤੇ ਇਸੇ ਗਰਭ ਤੋਂ ਸਾਂਸੀ ਕਬੀਲੇ ਦੇ ਵਡਿਕੇ ਸਾਂਸ ਮਲ ਦਾ ਜਨਮ ਹੋਇਆ (ਵੇਖੋ : ਸਾਂਸੀ)। ਪੂਰਨ ਦੇ ਪਿਉ ਸਲਵਾਨ ਦੀ ਮਾਂ ਨੂੰ ਵੀ ਸਾਹ ਦੁਆਰਾ ਹੀ ਗਰਭ ਠਹਿਰਿਆ ਸੀ। ਰਵਾਇਤ ਅਨੁਸਾਰ ਉਸ ਨੇ ਐਕ ਨਦੀ ਵਿਚ ਰੁੜ੍ਹਦੇ ਜਾਂਦੇ ਇਕ ਫੁੱਲ ਨੂੰ ਸੁੰਘਿਆ ਸੀ।

ਕਈ ਸਾਧ ਸੰਤ ਤੇ ਜੋਗੀ ਸੁਆਸਾਂ ਨੂੰ ਦਸਮ ਦੁਆਰ ਵਿਚ ਚੜ੍ਹਾ ਲੈਂਦੇ ਹਨ ਅਤੇ ਉਹ ਕਈ ਕਈ ਦਿਨ ਜੜ੍ਹ ਅਵਸਥਾ ਵਿਚ ਪਏ ਰਹਿੰਦੇ ਹਨ। ਧਾਰਨਾ ਹੈ ਕਿ ਇਸ ਅਵਸਥਾ ਵਿਚ ਪ੍ਰਾਣੀ ਸਵਰਗ ਲੋਕ ਵਿਚ ਚਲਾ ਜਾਂਦਾ ਹੈ ਅਤੇ ਉਥੋਂ ਦੇ ਆਨੰਦ ਭੋਗਦਾ ਹੈ।

(ਸ-365) **ਸ਼ਾਹ ਉਸਮਾਨ ਗ਼ਾਜ਼ੀ** :

ਇਕ ਪੀਰ ਜਿਨ੍ਹਾਂ ਦੀ ਜਿਹਲਮ ਦੇ ਇਲਾਕੇ ਵਿਚ ਬੜੀ ਮਾਨਤਾ ਹੈ। ਜਿਹਲਮ ਦੀ ਰੱਖ ਵਿਚ, ਗੁਰਤ ਨਾਂ ਦੇ ਸਥਾਨ ਤੇ ਇਕ ਬੜਾ ਰਮਣੀਕ ਚੋਹਾ ਹੈ, ਜਿਸ ਦੇ ਪਾਣੀ ਵਿਚ, ਪੇਟ ਦੀਆਂ ਹਰ ਤਰ੍ਹਾਂ ਦੀਆਂ ਬੀਮਾਰੀਆਂ ਦੂਰ ਕਰਨ ਦੀ ਅਲੌਕਿਕ ਸ਼ਕਤੀ ਮੰਨੀ ਜਾਂਦੀ ਹੈ। ਧਾਰਨਾ ਹੈ ਕਿ ਸ਼ਾਹ ਉਸਮਾਨ ਗ਼ਾਜ਼ੀ ਨੇ ਇਸ ਚੋਹੇ ਨੂੰ ਵਰ ਦਿਤਾ ਸੀ। ਉਸੇ ਦੀ ਬਰਕਤ ਸਦਕਾ ਹੀ ਚੋਹੇ ਦੇ ਪਾਣੀ ਵਿਚ ਰੋਗਾਂ ਨੂੰ ਦੂਰ ਕਰਨ ਦੇ ਵਸਫ਼ ਪੈਦਾ ਹੋ ਗਏ। ਇਥੇ ਚੇਤਰ, ਵਿਸਾਖ ਤੇ ਅੱਸੂ ਦੇ ਮਹੀਨੇ ਲੋਕੀਂ ਯਾਤਰਾ ਲਈ ਆਉਂਦੇ ਹਨ ਅਤੇ ਕਈ ਮੇਲੇ ਲੱਗਦੇ ਹਨ। ਇਸ ਚੋਹੇ ਵਿਚੋਂ ਪਾਣੀ ਬੂੰਦ ਬੂੰਦ ਕਰ ਕੇ ਸਿੰਮਦਾ ਹੈ, ਜਿਸ ਕਰ ਕੇ ਇਥੋਂ ਦਾ ਜਲ ਪ੍ਰਾਪਤ ਕਰਨ ਵਿਚ ਕਈ ਵਾਰ ਸ਼ਰਧਾਲੂਆਂ ਵਿਚ ਝਗੜੇ ਹੋ ਜਾਂਦੇ ਹਨ।

(ਸ-366) **ਸ਼ਾਹ ਅਬਦੁਲ ਰਹਿਮਾਨ :**

ਇਕ ਪ੍ਰਸਿੱਧ ਸੱਯਦ ਪੀਰ, ਜਿਸ ਦੀ ਮਜ਼ਾਰ ਮੀਆਂ ਵਾਲੀ ਦੇ ਇਕ ਪਿੰਡ ਮਿੱਠਾ ਖਟਕ ਦੇ ਲਾਗੇ ਇਕ ਪਹਾੜ ਦੇ ਪੈਰਾਂ ਵਿਚ ਹੈ। ਲੋਕ-ਸਿਮਰਤੀ ਅਨੁਸਾਰ ਇਹ ਪੀਰ ਅਠਾਰ੍ਹਵੀਂ ਸਦੀ ਦੇ ਮੁੱਢ ਵਿਚ ਪਿੰਡ ਖਟਕ ਵਿਚ ਆ ਕੇ ਵਸਣ ਲੱਗਾ। ਉਥੇ ਪੀਣ ਲਈ ਪਾਣੀ ਕਿਧਰੇ ਵੀ ਨਾ ਵੇਖ ਕੇ, ਅਬਦੁਲ ਰਹਿਮਾਨ ਨੇ ਆਪਣਾ ਡੰਡਾ ਜ਼ਮੀਨ ਵਿਚ ਗੱਡ ਦਿਤਾ। ਉਥੋਂ ਤੁਰੰਤ ਪਾਣੀ ਫੁਟ ਨਿਕਲਿਆ। ਇਹ ਚਸ਼ਮਾ ਹੁਣ ਤਕ ਪ੍ਰਵਾਹ ਵਿਚ ਹੈ। ਪੀਰ ਜੀ ਨਾਲ ਕਈ ਮੋਅਜਜ਼ੇ ਵੀ ਸਬੰਧਿਤ ਹਨ। ਸਰੀਰ ਤਿਆਗਣ ਮਗਰੋਂ ਸ਼ਾਹ ਅਬਦੁਲ ਰਹਿਮਾਨ ਨੂੰ ਇਥੇ ਹੀ ਦਫ਼ਨ ਕੀਤਾ ਗਿਆ। ਮਜ਼ਾਰ ਉਤੇ ਹਰ ਸਾਲ ਚੇਤਰ ਦੇ ਪਹਿਲੇ ਵੀਰਵਾਰ ਨੂੰ ਭਾਰੀ ਮੇਲਾ ਭਰਦਾ ਹੈ। ਇਸ ਚਸ਼ਮੇ ਦੇ ਪਾਣੀ ਵਿਚ ਕਈ ਤਰ੍ਹਾਂ ਦੇ ਚਰਮ ਤੇ ਹੋਰ ਰੋਗਾਂ ਨੂੰ ਦੂਰ ਕਰਨ ਦੇ ਵਸਫ਼ ਮੰਨੇ ਗਏ ਹਨ।

(ਸ-367) **ਸ਼ਾਹ ਸਫ਼ੈਦ :**

ਜਿਹਲਮ ਦੇ ਇਲਾਕੇ ਦਾ ਇਕ ਸਥਾਨਕ ਪੀਰ; ਸ਼ਾਹ ਸਫ਼ੈਦ ਦੀ ਖ਼ਾਨਗਾਹ ਮਿਆਨਾ ਮੋਹੜਾ ਵਿਚ ਹੈ, ਜਿਥੇ ਵਿਸਾਖ ਦੇ ਮਹੀਨੇ, ਹਰ ਐਤਵਾਰ ਨੂੰ ਭਾਰੀ ਮੇਲਾ ਭਰਦਾ ਹੈ। ਲੋਕ-ਧਾਰਨਾ ਅਨੁਸਾਰ ਇਥੋਂ ਦੀ ਮਿੱਟੀ ਸਰੀਰ ਉਤੇ ਮਲਣ ਨਾਲ ਕੋਹੜ ਦਾ ਰੋਗ ਦੂਰ ਹੋ ਜਾਂਦਾ ਹੈ। ਜਾਪਦਾ ਹੈ ਕਿ ਇਸ ਸ਼ਾਹ ਸਫ਼ੈਦ ਦਾ ਸਬੰਧ ਜੀਂਦ ਦੇ ਇਤਿਹਾਸਕ ਅਸਥਾਨ ਸਪੇਦਾਂ ਨਾਲ ਰਿਹਾ ਹੈ, ਜਿਥੇ ਬਾਸ਼ਕ ਨਾਗ ਦਾ ਕੋਹੜ ਦੂਰ ਕਰਨ ਲਈ, ਉਸ ਦੀ ਕੰਨਿਆਂ ਨਿਵਲ ਦਈ ਨੇ, ਪਾਂਡੂਆਂ ਦੇ ਇਕ ਗੁਪਤ ਖੂਹ ਵਿਚੋਂ ਅੰਮ੍ਰਿਤ ਜਲ ਲਿਆਂਦਾ ਸੀ। ਦੋਹਾਂ ਦੇ ਨਾਵਾਂ ਦੀ ਸਮਾਨਤਾ ਤੇ ਦੋਹਾਂ ਵਿਚ ਕੋਹੜ ਦੂਰ ਕਰਨ ਦੇ ਵਸਫ਼ਾਂ ਤੋਂ ਪੀਰ ਸ਼ਾਹ ਸਫ਼ੈਦ ਤੇ ਸਪੇਦਾਂ ਦੇ ਅਸਥਾਨ ਵਿਚ ਕੋਈ ਸਾਂਝ ਦਿਸਦੀ ਹੈ। ਹੋ ਸਕਦਾ ਹੈ ਕਿ ਇਹ ਪੀਰ ਸਪੇਦਾਂ ਤੋਂ ਆ ਕੇ ਜਿਹਲਮ ਦੇ ਇਲਾਕੇ ਵਿਚ ਵਸਿਆ ਹੋਵੇ, ਜਿਸ ਤੋਂ ਉਸ ਦਾ ਨਾਂ ਸ਼ਾਹ ਸਫ਼ੈਦ ਪੈ ਗਿਆ ਸੀ।

(ਸ-368) **ਸ਼ਾਹ ਸ਼ਮਸ :**

ਇਕ ਪ੍ਰਸਿਧ ਪੀਰ, ਜੋ ਸ਼ਾਹਪੁਰ ਦੇ ਸੱਯਦਾਂ ਦਾ ਵਡਿਕਾ ਸੀ। ਸ਼ਾਹ ਸ਼ਮਸ ਦਾ ਮਕਬਰਾ ਸ਼ਾਹਪੁਰ ਸ਼ਹਿਰ ਦੀ ਪੂਰਬੀ ਦਿਸ਼ਾ ਵਲ ਹੈ, ਜਿਥੇ ਹਰ ਸਾਲ 23, 24 ਤੇ 25 ਚੇਤਰ ਨੂੰ ਭਾਰੀ ਮੇਲਾ ਲੱਗਦਾ ਹੈ। ਜਿਸ ਵਿਚ ਇਲਾਕੇ ਦੇ ਲੋਕ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ।

ਸ਼ਾਹਪੁਰ ਦੀ ਭੇਰਾ ਤਹਿਸੀਲ ਦੇ ਪਿੰਡ ਸ਼ੇਖਪੁਰ ਵਿਚ ਵੀ ਇਕ ਮੇਲਾ ਸ਼ਾਹ ਸ਼ਮਸ ਦੀ ਸਿਮਰਤੀ ਵਿਚ ਭਰਦਾ ਹੈ, ਜਿਸ ਵਿਚ ਚਰਮ ਰੋਗੀ ਦੂਰ ਦੁਰਾਡਿਉਂ ਆਉਂਦੇ ਅਤੇ ਇਕ ਮਿਥੇ ਹੋਏ ਸਮੇਂ, ਡੇਰੇ ਦੇ ਹਜਾਮ, ਨਸ਼ਤਰਾਂ ਨਾਲ ਉਨ੍ਹਾਂ ਦੇ ਸਰੀਰ ਵਿਚੋਂ ਲਹੂ ਦੇ ਕੁਝ ਤੁਪਕੇ ਕਢਦੇ ਹਨ। ਇਸ ਤਰ੍ਹਾਂ ਰੋਗੀ ਨਵਾਂ ਨਰੋਆ ਹੋ ਜਾਂਦਾ ਹੈ। ਉਨ੍ਹੀਂ ਦਿਨੀਂ ਇਥੇ ਸਭ ਪਾਸੇ ਲਹੂ ਦੀਆਂ ਧਾਰਾਂ ਵਗਦੀਆਂ ਵਿਖਾਈ ਦੇਂਦੀਆਂ ਹਨ। ਸ਼ਾਹਪੁਰ ਗਜ਼ਟੀਅਰ (ਪੰਨਾ 87) ਅਨੁਸਾਰ ਇਹ ਮੇਲਾ ਸੁਲਤਾਨ ਇਬਰਾਹੀਮ ਦੀ ਸਿਮਰਤੀ ਵਿਚ ਚੇਤ ਦੇ ਦੋ ਆਖ਼ਰੀ ਤੇ ਵਿਸਾਖ ਦੇ ਦੋ ਪਹਿਲੇ ਐਤਵਾਰਾਂ ਨੂੰ ਭਰਦਾ ਹੈ।

ਸ਼ਾਹਪੁਰ ਗਜ਼ਟੀਅਰ ਅਨੁਸਾਰ ਸ਼ਾਹ ਸ਼ਮਸ ਦੀ ਮਜ਼ਾਰ ਪਹਿਲਾਂ ਸ਼ਾਹਪੁਰ ਨਗਰ ਦੇ ਉੱਤਰ ਵਲ ਸੀ, ਪਰ ਜਿਹਲਮ ਦਰਿਆ ਵਿਚ ਸਖ਼ਤ ਹੜ੍ਹ ਆ ਜਾਣ ਨਾਲ ਉਹ ਮਜ਼ਾਰ ਤਬਾਹ ਹੋ ਗਈ। ਸ਼ਾਹ ਸ਼ਮਸ ਦੇ ਮੁਰੀਦਾਂ ਨੇ ਉਸ ਮਜ਼ਾਰ ਵਿਚੋਂ ਕਫ਼ਨ ਵਾਲਾ ਸੰਦੂਕ ਕੱਢ ਕੇ ਹੁਣ ਵਾਲੀ ਥਾਂ ਦਬ ਕੇ ਨਵੀਂ ਮਜ਼ਾਰ ਬਣਵਾ ਦਿਤੀ।

ਸ਼ਾਹ ਸ਼ਮਸ ਦਾ ਪੁੱਤਰ ਸ਼ਾਹ ਮੁਹੰਮਦ ਵੀ ਪ੍ਰਸਿਧ ਸਥਾਨਿਕ ਪੀਰ ਹੈ ਤੇ ਉਸ ਦਾ ਮਕਬਰਾ ਵੀ ਇਸੇ ਸ਼ਹਿਰ ਵਿਚ ਦੱਖਣ ਦਿਸ਼ਾ ਵਲ ਸਥਿਤ ਹੈ, ਪਰ ਸ਼ਾਹ ਸ਼ਮਸ ਦੇ ਮਕਬਰੇ ਉਤੇ ਹੀ ਦੋਹਾਂ ਪੀਰਾਂ ਦਾ ਸਾਂਝਾ ਮੇਲਾ ਲੱਗਦਾ ਹੈ। ਦੋਹਾਂ ਪੀਰਾਂ ਦੀਆਂ ਮਜ਼ਾਰਾਂ ਉਤੇ ਸ਼ਰਧਾਲੂ ਨਿੱਤ ਸੁਖਣਾ ਸੁਖਦੇ ਤੇ ਚੜ੍ਹਾਵੇ ਚੜ੍ਹਾਉਂਦੇ ਹਨ।

(ਸ-369) **ਸ਼ਾਹ ਚਿਰਾਗ਼ :**

ਇਕ ਪ੍ਰਸਿਧ ਮੁਸਲਮਾਨ ਪੀਰ; ਸ਼ਾਹ ਚਿਰਾਗ਼ ਦੀ ਮਜ਼ਾਰ ਰਾਵਲਪਿੰਡੀ ਵਿਚ ਸਥਿਤ ਹੈ,

ਜਿਥੇ ਹਰ ਸਾਲ ਸਾਵਣ ਮਹੀਨੇ ਦੇ ਹਰੇਕ ਵੀਰਵਾਰ ਨੂੰ ਭਾਰੀ ਮੇਲਾ ਭਰਦਾ ਹੈ। ਸ਼ਾਹ ਚਿਰਾਗ਼ ਸੱਯਦ ਸੀ, ਜੋ ਤਹਿਸੀਲ ਗੁਜਰਖ਼ਾਨ ਦੇ ਇਕ ਪਿੰਡ ਸੱਯਦ ਵਿਚ ਅਠਾਰ੍ਹਵੀਂ ਸਦੀ ਵਿਚ ਹੋਇਆ। ਗਲਾਸਰੀ (1,626) ਅਨੁਸਾਰ ਆਪ ਦਾ ਜਨਮ 1360 ਈਸਵੀ ਵਿਚ ਹੋਇਆ, ਜੋ ਕਿ ਗਲਤ ਜਾਪਦਾ ਹੈ। ਸ਼ਾਹ ਚਿਰਾਗ਼ ਆਪਣੇ ਜੀਵਨ ਦੇ ਅੰਤਲੇ ਦਿਨਾਂ ਵਿਚ ਉਸ ਇਲਾਕੇ ਵਿਚ ਜਾ ਵਸੇ, ਜਿਥੇ ਮਗਰੋਂ ਰਾਵਲਪਿੰਡੀ ਦਾ ਸ਼ਹਿਰ ਆਬਾਦ ਹੋਇਆ। ਆਪ ਦੇ ਨਾਂ ਉਤੇ ਹੀ ਪਿੰਡ ਦਾ ਨਾਂ ਵੀ ਪਿੰਡ ਸ਼ਾਹ ਚਿਰਾਗ਼ ਪੈ ਗਿਆ। ਆਸ ਪਾਸ ਦੇ ਇਲਾਕੇ ਵਿਚ ਆਪ ਦੀ ਬੜੀ ਮਾਨਤਾ ਸੀ। ਇਕ ਲੋਕ-ਗੀਤ ਵਿਚ ਸ਼ਾਹ ਚਿਰਾਗ਼ ਵਲ ਸੰਕੇਤ ਮਿਲਦਾ ਹੈ :

ਸ਼ਾਹ ਚਿਰਾਗ਼ ਪਿੰਡੀ ਵਿਚ ਰੋਸ਼ਨ
ਹਾਇ ਮੈਂ ਮਰ ਗਈ, ਹੋ ਗਈ ਵੇ,
ਵੇ ਮਾਹੀਆ।
ਹਿਕੇ ਤਾਂ ਨਿਹੁੰ ਮਕਾਮੀ ਲਾਈਏ,
ਬੀਬਾ ਵਸਦੇ ਝੁੱਗੇ ਨਾ ਚਾਈਏ।
ਹਾਇ ਮੈਂ ਮਰ ਗਈ।

ਇਹ ਪੀਰ ਉਹੋ ਸੱਯਦ ਸ਼ਾਹ ਚੰਨ ਚਿਰਾਗ਼ ਹੈ, ਜਿਸ ਦਾ ਨਾਂ ਨਾਦਰ ਸ਼ਾਹ ਦੀ ਵਾਰ ਨਾਲ ਜੋੜਿਆ ਜਾਂਦਾ ਹੈ। ਪੰਡਤ ਹਰੀ ਕ੍ਰਿਸ਼ਨ ਕੌਲ ਅਨੁਸਾਰ ਕੁਝ ਲੋਕਾਂ ਦਾ ਨਿਸਚਾ ਹੈ ਕਿ ਨਾਦਰ ਸ਼ਾਹ ਦੀ ਵਾਰ ਦਾ ਅਸਲ ਕਰਤਾ ਇਹੋ ਸੱਯਦ ਸੀ, ਭਾਵੇਂ ਇਸ ਸਬੰਧ ਵਿਚ ਕੋਈ ਪੱਕਾ ਸਬੂਤ ਨਹੀਂ ਮਿਲਦਾ। ਨਜਾਬਤ ਇਸੇ ਸ਼ਾਹ ਚੰਨ ਚਿਰਾਗ਼ ਦਾ ਚੇਲਾ ਸੀ (ਜਨਰਲ ਆਫ਼ ਦੀ ਪੰਜਾਬ ਹਿਸਟੋਰੀਕਲ ਸੋਸਾਇਟੀ, ਜਿਲਦ ੬ ਅੰਕ ੧)। ਇਸ ਪੀਰ ਨੂੰ ਚਿਰਾਗ਼ ਚੰਦ ਸ਼ਾਹ ਵੀ ਕਿਹਾ ਜਾਂਦਾ ਹੈ।

ਸ਼ਾਹ ਚਿਰਾਗ਼ ਨਾਂ ਦੇ ਇਕ ਹੋਰ ਪੀਰ ਦਾ ਮਕਬਰਾ ਲਾਹੌਰ ਵਿਚ ਮਿਲਦਾ ਹੈ। ਇਸ ਮਕਬਰੇ ਨੂੰ ਔਰੰਗਜ਼ੇਬ ਨੇ ਬਣਵਾਇਆ ਸੀ। ਇਥੇ ਹਰ ਸਾਲ ਉਰਸ ਲੱਗਦਾ ਹੈ। ਇਸ ਦਰਵੇਸ਼ ਦਾ ਅਸਲ ਨਾਂ ਅਬਦੁਲ ਰਜ਼ਾਕ ਸੀ।

(ਸ-370) **ਸ਼ਾਹ ਜਮਾਲ :**

ਕਾਦਰੀ ਫ਼ਿਰਕੇ ਦਾ ਇਕ ਪੀਰ, ਜਿਸ ਦਾ ਰੋਜ਼ਾ ਲਾਹੌਰ ਵਿਚ ਇੱਛਰਾਂ ਨਾਂ ਦੀ ਆਬਾਦੀ ਵਿਚ ਬਣਿਆ ਹੋਇਆ ਹੈ। ਇਹ ਰੋਜ਼ਾ ਇਕ ਉੱਚੀ ਥੇਹ ਉਤੇ ਸਥਿਤ ਹੋਣ ਕਰ ਕੇ ਦਮਦਮਾ ਸ਼ਾਹ ਜਮਾਲ ਦੇ ਨਾਂ ਨਾਲ ਪ੍ਰਸਿੱਧ ਹੈ। ਹਿਸਟਰੀ ਆਫ਼ ਲਾਹੌਰ (ਪੰਨਾ 200-201) ਅਨੁਸਾਰ ਪਹਿਲਾਂ ਇਹ ਦਮਦਮਾ ਸੱਤ ਮੰਜ਼ਲਾ ਸੀ। ਜਦੋਂ ਸ਼ਾਹ ਜਮਾਲ ਇਸ ਦਮਦਮੇ ਉਤੇ ਆਸਨ ਲਗਾਉਂਦਾ ਸੀ, ਤਾਂ ਉਥੋਂ ਸ਼ਾਹੀ ਘਰਾਣੇ ਦੀਆਂ ਔਰਤਾਂ, ਜਹਾਂਗੀਰ ਸਰੋਵਰ ਵਿਚ, ਇਸ਼ਨਾਨ ਕਰਦੀਆਂ ਸਾਫ਼ ਵਿਖਾਈ ਦੇਂਦੀਆਂ ਸਨ। ਸ਼ਾਹੀ ਘਰਾਣੇ ਦੇ ਇਤਰਾਜ਼ ਉਠਾਉਣ ਉਤੇ ਸ਼ਾਹ ਜਮਾਲ ਨੇ ਸਰਾਪ ਦੇ ਦਿਤਾ ਕਿ ਉਥੇ ਨਾ ਮਹਲ ਰਹਿਣਗੇ ਅਤੇ ਨਾ ਤਾਲ। ਫਿਰ ਸ਼ਾਹ ਜਮਾਲ ਨੇ ਵਜਦ ਵਿਚ ਆ ਕੇ ਨਚਣਾ ਸ਼ੁਰੂ ਕਰ ਦਿਤਾ, ਜਿਸ ਨਾਲ ਦਮਦਮੇ ਦੀਆਂ ਪੰਜੇ ਮੰਜ਼ਲਾਂ ਜ਼ਮੀਨ ਵਿਚ ਧਸ ਗਈਆਂ। ਉਦੋਂ ਤੋਂ ਦਮਦਮੇ ਦੀਆਂ ਕੇਵਲ ਦੋ ਹੀ ਮੰਜ਼ਲਾਂ ਬਾਕੀ ਹਨ।

(ਸ-371) **ਸ਼ਾਹ ਦੀ ਢੇਰੀ :**

(ਵੇਖੋ : ਤਖ਼ਸ਼ਿਲਾ)।

(ਸ-372) **ਸ਼ਾਹ ਦਾ ਫ਼ਕੀਰ :**

ਮੁਜ਼ਫ਼ਰਗੜ੍ਹ (ਪਾਕਿਸਤਾਨੀ ਪੰਜਾਬ) ਦੇ ਇਲਾਕੇ ਦੇ ਫ਼ਕੀਰਾਂ ਦੀ ਇਕ ਸੰਪ੍ਰਦਾਇ, ਜੋ ਆਪਣੇ ਆਪ ਨੂੰ ਦੀਨ ਪਨਾਹ ਦੇ ਮੁਰੀਦ ਦਸਦੇ ਹਨ। ਮੁਜ਼ਫ਼ਰਗੜ੍ਹ ਦੇ ਦੇਰਾ ਦੀਨ ਪਨਾਹ ਵਿਚ ਕਈ ਲੋਕ ਆ ਕੇ ਪਨਾਹ ਲੈਂਦੇ ਹਨ। ਕੋਈ ਵੀ ਸ਼ਖ਼ਸ, ਜੋ ਘਰੋਂ ਦੁਖੀ ਹੋਵੇ ਜਾਂ ਰੁਜ਼ਗਾਰੋਂ ਟੁਟਾ ਹੋਵੇ, ਉਥੇ ਆ ਜਾਂਦਾ ਹੈ ਤੇ ਭੂਰੀ ਜਾਂ ਖ਼ਾਕੀ ਪਗੜੀ ਵਲ੍ਹੇਟ ਕੇ, ਆਪਣੇ ਆਪ ਨੂੰ 'ਸ਼ਾਹ ਦਾ ਫ਼ਕੀਰ' ਕਹਾਉਣ ਲੱਗਦਾ ਹੈ। ਰਵਾਇਤ ਹੈ ਕਿ ਪੀਰ ਦੀਨ ਪਨਾਹ ਨੇ ਵਰ ਬਖ਼ਸ਼ਿਆ ਸੀ ਕਿ ਇਥੋਂ ਦੇ ਫ਼ਕੀਰ ਨੂੰ ਬਾਰਾਂ ਕੋਹਾਂ ਦੇ ਘੇਰੇ ਵਿਚ ਮੰਗਣ ਦਾ ਅਧਿਕਾਰ ਹੋਵੇਗਾ ਅਤੇ ਜੋ ਸ਼ਖ਼ਸ ਵੀ ਉਨ੍ਹਾਂ ਨੂੰ ਖ਼ੈਰ ਪਾਏਗਾ, ਉਸ ਦਾ ਘਰ ਰਜਾ ਪੁਜਾ ਰਹੇਗਾ। ਸ਼ਾਹ ਦੇ ਫ਼ਕੀਰ ਨੂੰ ਫ਼ਕੀਰੀ ਧਾਰਨ

ਲਈ ਕਿਸੇ ਖ਼ਾਸ ਨੇਮ ਦੀ ਪਾਲਣਾ ਜਾਂ ਦੀਖਿਆ ਲੈਣ ਦੀ ਲੋੜ ਨਹੀਂ ਪੈਂਦੀ। ਹਾਂ, ਕਈ ਫ਼ਕੀਰ ਇਸ ਖ਼ਾਨਗਾਹ ਤੋਂ ਇਕ ਧਾਗਾ ਲੈ ਜਾਂਦੇ ਹਨ, ਜੋ ਅਧਿਕਾਰ ਦਾ ਚਿੰਨ੍ਹ ਮੰਨਿਆ ਗਿਆ ਹੈ, ਜਿਸ ਨੂੰ ਉਹ ਗਲੇ ਵਿਚ ਜਾਂ ਵੀਣੀ ਤੇ ਬੰਨ੍ਹ ਲੈਂਦੇ ਹਨ (ਮੁਜ਼ਫ਼ਰਗੜ੍ਹ ਗਜ਼ਟੀਅਰ, 72)। ਕੋਈ ਸਮਾਂ ਸੀ, ਜਦੋਂ ਸ਼ਾਹ ਦੇ ਫ਼ਕੀਰ ਆਪਣੇ ਨਾਲ ਖੋਤੇ ਅਤੇ ਬਲਦ ਲੈ ਕੇ ਗਦਾ ਮੰਗਣ ਲਈ ਨਿਕਲਦੇ ਸਨ। ਲੋਕੀਂ ਉਨ੍ਹਾਂ ਨੂੰ ਇਤਨਾ ਦਾਨ ਦੇਂਦੇ ਸਨ ਕਿ ਛਟਾਂ ਭਰੀਆਂ ਜਾਂਦੀਆਂ ਸਨ।

(ਸ-373) **ਸ਼ਾਹ ਦੌਲਾ** :

ਗੁਜਰਾਤ ਦਾ ਇਕ ਪ੍ਰਸਿਧ ਪੀਰ; ਸ਼ਾਹ ਦੌਲਾ ਅਕਬਰ ਦੇ ਸਮਕਾਲੀ ਸਨ। ਆਪ ਦਾ ਜਨਮ 1581 ਈਸਵੀ ਵਿਚ ਅਬਦੁਰ ਰਹੀਮ ਖ਼ਾਨ ਲੋਧੀ ਦੇ ਘਰ ਹੋਇਆ। ਆਪ ਜ਼ਾਤ ਦੇ ਪਠਾਨ ਸਨ ਅਤੇ ਸੁਲਤਾਨ ਬਹਿਲੋਲ ਸ਼ਾਹ ਲੋਧੀ ਦੀ ਵੰਸ਼ ਵਿਚੋਂ ਸਨ। ਪ੍ਰੰਤੂ ਗੁਜਰਾਂ ਦੀਆਂ ਰਵਾਇਤਾਂ ਅਨੁਸਾਰ ਸ਼ਾਹ ਦੌਲਾ ਜ਼ਾਤ ਦੇ ਗੁਜਰ ਸਨ।

ਸ਼ਾਹ ਦੌਲਾ ਦੀ ਮਾਂ ਦਾ ਨਾਉਂ ਨਿਆਮਤ ਖ਼ਾਤੂਨ ਸੀ, ਜੋ ਪ੍ਰਸਿਧ ਗੱਖੜ ਸੁਲਤਾਨ ਸਾਰੰਗ ਦੀ ਪੜਪੋਤਰੀ ਸੀ। ਸੁਲਤਾਨ ਸਾਰੰਗ ਰੁਹਤਾਸ ਦੀ ਲੜਾਈ ਵਿਚ ਦਿੱਲੀ ਦੀਆਂ ਸ਼ਾਹੀ ਫ਼ੌਜਾਂ ਨਾਲ ਲੜਦਾ ਹੋਇਆ ਮਾਰਿਆ ਗਿਆ ਸੀ। ਸੁਲਤਾਨ ਸਾਰੰਗ ਦੇ ਸਭ ਪਰਿਵਾਰ ਨੂੰ ਬੰਦੀ ਬਣਾ ਕੇ ਦਿੱਲੀ ਲਿਜਾਇਆ ਗਿਆ। ਉਦੋਂ ਨਿਆਮਤ ਅਜੇ ਦੁੱਧ ਚੁੰਘਦੀ ਬੱਚੀ ਸੀ। ਜਦੋਂ ਨਿਆਮਤ ਜਵਾਨ ਹੋਈ, ਤਾਂ ਉਸ ਦਾ ਵਿਆਹ ਅਬਦੁਰ ਰਹੀਮ ਲੋਧੀ ਨਾਲ ਕਰ ਦਿਤਾ ਗਿਆ, ਜੋ ਉਦੋਂ ਦਿੱਲੀ ਵਿਚ ਇਕ ਸਰਕਾਰੀ ਅਫ਼ਸਰ ਸੀ।

ਸ਼ਾਹ ਦੌਲਾ ਨੇ ਬੜੀ ਲੰਮੀ ਆਯੂ ਭੋਗੀ। ਇਕ ਰਵਾਇਤ ਅਨੁਸਾਰ ਉਹ ਡੇਢ ਸੌ ਸਾਲ ਜੀਵੇ ਅਤੇ ਅਕਬਰ ਤੋਂ ਲੈ ਕੇ ਔਰੰਗਜ਼ੇਬ ਤਕ ਦੇ ਸਭ ਮੁਗ਼ਲ ਬਾਦਸ਼ਾਹਾਂ ਦੇ ਸਮਕਾਲੀ ਰਹੇ। ਪਰ ਇਕ ਹੋਰ ਰਵਾਇਤ ਅਨੁਸਾਰ ਆਪ ਦੀ ਮ੍ਰਿਤੂ 95 ਵਰ੍ਹੇ ਦੀ ਉਮਰ ਵਿਚ 1676 ਈਸਵੀ ਵਿਚ ਹੋਈ।

ਸ਼ਾਹ ਦੌਲਾ ਦਾ ਮਕਬਰਾ ਗੁਜਰਾਤ ਸ਼ਹਿਰ ਦੀ ਪੂਰਬੀ ਦਿਸ਼ਾ ਵਲ ਸਥਿਤ ਹੈ। ਇਸ ਮਕਬਰੇ ਦੇ ਲਾਗੇ ਹੀ ਸੌ ਕੁ ਗਜ਼ ਦੇ ਫ਼ਾਸਲੇ ਉਤੇ ਦਰਵਾਜ਼ਾ ਸ਼ਾਹ ਦੌਲਾ ਹੈ। ਇਸ ਇਲਾਕੇ ਵਿਚ ਬਹੁਤੀ ਵਸੋਂ ਸ਼ਾਹ ਦੌਲੇ ਦੀ ਵੰਸ਼ ਦੇ ਲੋਕਾਂ ਦੀ ਹੈ। ਇਸੇ ਕਰ ਕੇ ਉਸ ਇਲਾਕੇ ਨੂੰ ਗੜ੍ਹੀ ਸ਼ਾਹ ਦੌਲਾ ਕਿਹਾ ਜਾਂਦਾ ਹੈ।

ਸ਼ਾਹ ਦੌਲੇ ਦਾ ਮਕਬਰਾ ਆਪ ਦੇ ਮੁਰੀਦ ਭਾਵਣ ਸ਼ਾਹ ਨੇ ਸਤਾਰ੍ਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਬਣਵਾਇਆ। ਸ਼ਾਹ ਦੌਲਾ ਨੇ ਮਰਨ ਵੇਲੇ ਭਾਵਣ ਸ਼ਾਹ ਨੂੰ ਆਪਣੀ ਗੱਦੀ ਦਾ ਸਜ਼ਾਦਾ ਨਸ਼ੀਨ ਥਾਪਿਆ ਸੀ। ਭਾਵਣ ਸ਼ਾਹ ਬਾਰੇ ਵੀ ਵਿਭਿੰਨ ਰਵਾਇਤਾਂ ਪ੍ਰਚਲਤ ਹਨ। ਇਕ ਰਵਾਇਤ ਅਨੁਸਾਰ ਉਹ ਸ਼ਾਹ ਦੌਲਾ ਦਾ ਪੁੱਤਰ ਸੀ, ਪਰ ਦੂਜੀ ਰਵਾਇਤ ਅਨੁਸਾਰ ਭਾਵਣ ਸ਼ਾਹ ਆਪ ਦਾ ਮੁਰੀਦ ਅਥਵਾ ਬਾਲਕਾ ਸੀ। ਭਾਵਣ ਸ਼ਾਹ ਤੋਂ ਮਗਰੋਂ ਉਸ ਦੀ ਔਲਾਦ ਹੀ ਸਜ਼ਾਦਾ ਨਸ਼ੀਨ ਬਣੀ। ਸ਼ਾਹ ਦੌਲੇ ਦੇ ਮਕਬਰੇ ਦੀ 1867 ਵਿਚ ਮੁੜ ਉਸਾਰੀ ਕੀਤੀ ਗਈ, ਕਿਉਂ ਜੋ ਉਸ ਦੀ ਹਾਲਤ ਬਹੁਤ ਖ਼ਸਤਾ ਹੋ ਚੁਕੀ ਸੀ।

ਮੇਜਰ ਏ. ਸੀ. ਇਲੀਅਟ ਨੇ ਸ਼ਾਹ ਦੌਲਾ ਦੀ ਦੰਦ-ਕਥਾ ਦਾ ਵਰਣਨ ਬੜੇ ਵਿਸਥਾਰ ਨਾਲ ਕੀਤਾ ਹੈ। ਰੋਜ਼ ਨੇ ਉਸ ਦਾ ਉਤਾਰਾ ਆਪਣੀ ਗਲਾਸਰੀ (1,631-636) ਵਿਚ ਦਿਤਾ ਹੈ। ਇਸ ਦੰਦ-ਕਥਾ ਅਨੁਸਾਰ ਸ਼ਾਹ ਦੌਲਾ 1581 ਈਸਵੀ ਵਿਚ ਅਕਬਰ ਦੇ ਰਾਜ ਸਮੇਂ ਅਬਦੁਰ ਰਹੀਮ ਖ਼ਾਨ ਲੋਧੀ ਦੇ ਘਰ ਜੰਮਿਆ। ਉਸੇ ਸਾਲ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਸ਼ਾਹ ਦੌਲੇ ਦੀ ਵਿਧਵਾ ਮਾਂ ਨਿਆਮਤ ਖ਼ਾਤੂਨ ਆਪਣੀ ਜਨਮ ਭੂਮੀ ਪਠਾਸ (ਜ਼ਿਲਾ ਜਿਹਲਮ) ਵਿਚ ਆ ਕੇ ਰਹਿਣ ਲੱਗ ਪਈ। ਨਿਆਮਤ ਖ਼ਾਤੂਨ ਭਾਵੇਂ ਇਸ ਇਲਾਕੇ ਦੇ ਪ੍ਰਸਿਧ ਸੁਲਤਾਨ ਸਾਰੰਗ ਦੀ ਪੜਦੋਹਤਰੀ ਸੀ, ਪਰ ਉਹ ਲੋਕਾਂ ਦੀ ਚੱਕੀ ਪੀਸ ਕੇ ਆਪਣਾ ਤੇ ਸ਼ਾਹ ਦੌਲੇ ਦਾ ਪੇਟ ਪਾਲਦੀ ਰਹੀ। ਅਖ਼ੀਰ 1590 ਈਸਵੀ ਵਿਚ ਨਿਆਮਤ ਅਨੇਕਾਂ ਮੁਸੀਬਤਾਂ ਝਾਗਦੀ ਹੋਈ ਸੰਸਾਰ ਤੋਂ ਕੂਚ ਕਰ ਗਈ। ਸ਼ਾਹ ਦੌਲਾ ਅਨਾਥ

ਹੋ ਗਿਆ ਤੇ ਮੰਗ ਪਿੰਨ ਕੇ ਪੇਟ ਭਰਨ ਲੱਗਾ। ਇਉਂ ਦਰ ਦਰ ਤੇ ਭਟਕਦਾ ਫਿਰਦਾ ਉਹ ਸਿਆਲਕੋਟ ਪਹੁੰਚਿਆ; ਜਿਥੇ ਉਸ ਦੀ ਮੁਲਾਕਾਤ ਮਾਹਟਾ ਕਿਸਾਨ ਨਾਲ ਹੋਈ, ਜੋ ਉਥੋਂ ਦੇ ਕਾਨੂੰਨਗੋ ਦਾ ਗ਼ੁਲਾਮ ਸੀ। ਉਸ ਦੇ ਘਰ ਕੋਈ ਔਲਾਦ ਨਹੀਂ ਸੀ, ਉਸ ਨੇ ਸ਼ਾਹ ਦੌਲਾ ਨੂੰ ਆਪਣਾ ਮੁਤਬੰਨਾ ਬਣਾ ਲਿਆ।

ਕੁਝ ਚਿਰ ਬਾਅਦ ਕਾਨੂੰਨਗੋ ਨੇ, ਸ਼ਾਹ ਦੌਲਾ ਦੀ ਸੂਝ ਤੇ ਈਮਾਨਦਾਰੀ ਉਤੇ ਪ੍ਰਸੰਨ ਹੋ ਕੇ ਆਪਣੇ ਤੋਸ਼ੇਖ਼ਾਨੇ ਦਾ ਦੀਵਾਨ ਥਾਪ ਦਿਤਾ। ਸ਼ਾਹ ਦੌਲਾ ਸੁਭਾ ਦਾ ਸਖੀ ਸੀ, ਇਸ ਨੇ ਕਦੇ ਕਿਸੇ ਮੰਗਤੇ ਨੂੰ ਖ਼ਾਲੀ ਨਹੀਂ ਸੀ ਜਾਣ ਦਿਤਾ। ਨਤੀਜਾ ਇਹ ਨਿਕਲਿਆ ਕਿ ਸਾਰਾ ਤੋਸ਼ਾਖ਼ਾਨਾ ਖ਼ਾਲੀ ਹੋ ਗਿਆ। ਕਾਨੂੰਨਗੋ ਨੇ ਸ਼ਾਹ ਦੌਲਾ ਨੂੰ ਕੈਦ ਕਰ ਕੇ ਬੰਦੀਖ਼ਾਨੇ ਵਿਚ ਪਾ ਦਿਤਾ ਅਤੇ ਬੜੇ ਤਸੀਹੇ ਦਿਤੇ। ਸ਼ਾਹ ਦੌਲਾ ਨੇ ਅਧਿਕਾਰੀਆਂ ਨੂੰ ਕਿਹਾ ਕਿ ਜੇ ਉਹ ਸ਼ਾਹ ਦੌਲਾ ਨੂੰ ਬੰਦੀ ਤੋਂ ਮੁਕਤ ਕਰ ਦੇਣ ਤਾਂ ਉਹ ਤੋਸ਼ੇਖ਼ਾਨੇ ਵਿਚ ਜਾ ਕੇ, ਜਿਥੇ ਉਸ ਨੇ ਆਪਣੀ ਸਾਰੀ ਦੌਲਤ ਦੱਬੀ ਹੋਈ ਹੈ, ਉਹ ਥਾਂ ਖੋਦ ਕੇ ਸਾਰਾ ਧਨ ਕੱਢ ਦੇਵੇਗਾ। ਜਦੋਂ ਦੌਲੇ ਨੂੰ ਤੋਸ਼ੇਖ਼ਾਨੇ ਵਿਚ ਲਿਜਾਇਆ ਗਿਆ, ਤਾਂ ਉਸ ਨੇ ਆਪਣੇ ਪੇਟ ਵਿਚ ਛੁਰਾ ਖੋਭ ਲਿਆ। ਅਧਿਕਾਰੀਆਂ ਨੇ ਉਸੇ ਵੇਲੇ ਸਿਆਣਾ ਜਿਰਾਹ ਸੱਦ ਕੇ ਜ਼ਖ਼ਮ ਬੰਨ੍ਹਵਾਇਆ ਅਤੇ ਸ਼ਾਹ ਦੌਲਾ ਨੂੰ ਨਿਰਦੋਸ਼ ਜਾਣ ਕੇ ਮੁਕਤ ਕਰ ਦਿਤਾ।

ਉਥੋਂ ਸ਼ਾਹ ਦੌਲਾ ਸਿਆਲਕੋਟ ਚਲਾ ਗਿਆ ਅਤੇ ਸੇਗਰੋਹੀ ਪਿੰਡ ਵਿਚ ਰਹਿਣ ਲੱਗਾ। ਉਥੇ ਉਹ ਇਕ ਫ਼ਕੀਰ ਸ਼ਾਹ ਸੈਦਨ ਸਰਮਸਤ ਦਾ ਮੁਰੀਦ ਬਣ ਗਿਆ, ਜੋ ਸੁਹਰਵਰਦੀ ਸੰਪ੍ਰਦਾਇ ਨਾਲ ਸਬੰਧਤ ਸੀ। ਪਹਿਲਾਂ ਸ਼ਾਹ ਦੌਲਾ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਭਿਛਿਆ ਮੰਗ ਕੇ ਲਿਆਉਂਦਾ ਰਿਹਾ, ਪਰ ਉਸ ਖ਼ੈਰ ਨਾਲ ਫ਼ਕੀਰ ਅਤੇ ਉਸ ਦੇ ਇਕ ਹੋਰ ਮੁਰੀਦ ਮੰਗੂ ਦਾ ਮਸਾਂ ਪੇਟ ਭਰਦਾ ਸੀ। ਫ਼ਕੀਰ ਨੇ ਸ਼ਾਹ ਦੌਲੇ ਨੂੰ ਮਜ਼ਦੂਰੀ ਕਰ ਕੇ ਪੈਸੇ ਕਮਾਣ ਦਾ ਆਦੇਸ਼ ਦਿਤਾ।

ਉਨ੍ਹੀਂ ਦਿਨੀਂ ਸਿਆਲਕੋਟ ਵਿਚ ਇਕ ਨਵਾਂ ਕਿਲ੍ਹਾ ਤਿਆਰ ਹੋ ਰਿਹਾ ਸੀ। ਸ਼ਾਹ ਦੌਲਾ ਉਥੇ ਮਜ਼ਦੂਰੀ ਕਰਨ ਲੱਗਾ। ਉਸ ਨੇ ਬਾਕੀ ਮਜ਼ਦੂਰਾਂ ਨਾਲੋਂ ਕਈ ਗੁਣਾਂ ਵਧ ਕੰਮ ਕਰ ਵਿਖਾਇਆ। ਇਕ ਮੁਰਬਾ ਗਜ਼ ਦੀ ਖੁਦਾਈ ਲਈ ਇਕ ਟਕਾ ਮਜ਼ਦੂਰੀ ਦਿਤੀ ਜਾਂਦੀ ਸੀ ਤੇ ਆਮ ਮਜ਼ਦੂਰ ਦੋ ਤਿੰਨ ਮੁਰਬਾ ਗਜ਼ ਤੋਂ ਵਧ ਰੋਜ਼ ਖੁਦਾਈ ਨਹੀਂ ਸਨ ਕਰ ਸਕਦੇ। ਪਰ ਸ਼ਾਹ ਦੌਲਾ ਨੇ ਜਾਨ ਮਾਰ ਕੇ 70 ਮੁਰਬਾ ਗਜ਼ ਖੁਦਾਈ ਕੀਤੀ ਤੇ ਅਧਿਕਾਰੀ ਨੇ ਪ੍ਰਸੰਨ ਹੋ ਕੇ ਸ਼ਾਹ ਦੌਲਾ ਨੂੰ 70 ਟਕੇ ਦਿਤੇ, ਪਰ ਸ਼ਾਹ ਦੌਲਾ ਨੇ ਕੇਵਲ ਚਾਰ ਟਕੇ ਹੀ ਰਖੇ, ਜਿਨ੍ਹਾਂ ਦੀ ਖਿਚੜੀ ਖ਼ਰੀਦ ਕੇ ਉਸ ਨੇ ਫ਼ਕੀਰ ਸਰਮਸਤ ਨੂੰ ਭੇਟ ਕੀਤੀ। ਪੀਰ ਦੇ ਅੱਗੇ ਸ਼ਾਹ ਦੌਲਾ ਆਪਣੀ ਸਮਰੱਥਾ ਸ਼ਕਤੀ ਦੀ ਡੀਂਗ ਮਾਰਨ ਹੀ ਲੱਗਾ ਸੀ ਕਿ ਫ਼ਕੀਰ ਨੇ ਸ਼ਾਹ ਦੌਲਾ ਨੂੰ ਆਪਣੇ ਹੱਥ ਵਿਖਾਏ, ਜਿਨ੍ਹਾਂ ਨਾਲ ਉਸ ਨੇ ਖੁਦਾਈ ਕਰਨ ਵੇਲੇ ਸ਼ਾਹ ਦੌਲਾ ਦੀ ਗ਼ੈਬੀ ਢੰਗ ਨਾਲ ਮਦਦ ਕੀਤੀ ਸੀ। ਸ਼ਾਹ ਦੌਲਾ ਨੂੰ ਸਮਝ ਆ ਗਈ ਕਿ ਇਸ ਕਰੜੀ ਮਿਹਨਤ ਪਿਛੇ ਪੀਰ ਦਾ ਹੱਥ ਸੀ।

ਫ਼ਕੀਰ ਨੇ ਸ਼ਾਹ ਦੌਲਾ ਨੂੰ ਕੁਝ ਖਿਚੜੀ ਖਾਣ ਨੂੰ ਦਿਤੀ, ਜਿਸ ਨੂੰ ਛੁਹੰਦਿਆਂ ਸਾਰ ਸ਼ਾਹ ਦੌਲਾ ਦੇ ਸੱਜੇ ਹੱਥ ਦੀ ਇਕ ਉਂਗਲੀ ਵਿਚ ਸਖ਼ਤ ਪੀੜ ਉਠ ਪਈ। ਸ਼ਾਹ ਦੌਲਾ ਕਈ ਦਿਨ ਪੀੜ ਨਾਲ ਅਧੀਰ ਰਿਹਾ। ਫ਼ਕੀਰ ਅੱਗੇ ਬਖ਼ਸ਼ਿਸ਼ ਲਈ ਤਰਲੇ ਕਰਨ 'ਤੇ ਪੀਰ ਨੇ ਉਸ ਨੂੰ ਆਦੇਸ਼ ਦਿਤਾ ਕਿ ਉਹ ਕਸਾਈਆਂ ਦੀ ਗਲੀ ਵਿਚ ਜਾ ਕੇ ਆਪਣੀ ਉਂਗਲੀ ਕਿਸੇ ਤਾਜ਼ਾ ਹਲਾਲ ਕੀਤੀ ਗਊ ਦੀ ਅੰਦਰ ਵਿਚ ਪਾਏ। ਇਸ ਤਰ੍ਹਾਂ ਕਰਨ ਨਾਲ ਉਸ ਦਾ ਦਰਦ ਦੂਰ ਹੋ ਗਿਆ ਤੇ ਉਹ ਸੌਂ ਗਿਆ। 24 ਘੰਟਿਆਂ ਮਗਰੋਂ ਜਦ ਉਹ ਜਾਗਿਆ, ਤਾਂ ਉਸ ਨੇ ਵੇਖਿਆ ਕਿ ਉਂਗਲ ਹੱਥ ਨਾਲੋਂ ਵੱਖ ਹੋ ਚੁਕੀ ਸੀ। ਉਹ ਫਿਰ ਫ਼ਕੀਰ ਕੋਲ ਗਿਆ। ਫ਼ਕੀਰ ਨੇ ਸ਼ਾਹ ਦੌਲਾ ਨੂੰ ਕਿਹਾ ਕਿ ਤੂੰ ਮੇਰੇ ਇਮਤਿਹਾਨ ਵਿਚ ਪੂਰਾ ਉਤਰਿਆ ਹੈਂ, ਪਹਿਲਾਂ ਤੈਨੂੰ ਆਪਣੀ ਜਿੰਦ ਨਾਲ ਪਿਆਰ ਸੀ, ਪਰ ਹੁਣ ਤੇਰੇ ਵਿਚ ਦੁਜਿਆਂ ਲਈ ਸਨੇਹ ਤੇ ਪਰਉਪਕਾਰ ਦੀ ਭਾਵਨਾ ਜਾਗ ਪਈ ਹੈ। ਹੁਣ ਤੂੰ ਰੱਬੀ ਗਿਆਨ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਗਿਆ ਹੈਂ।

ਸ਼ਾਹ ਦੌਲਾ ਨੇ ਪੂਰੇ ਬਾਰਾਂ ਸਾਲ ਸ਼ਾਹ ਸੈਦਨ ਸਰਮਸਤ ਦੀ ਸੇਵਾ ਕੀਤੀ। ਜਦੋਂ ਸਰਮਸਤ ਦਾ ਅੰਤਲਾ ਸਮਾਂ ਨੇੜੇ ਆਇਆ ਤਾਂ ਉਸ ਨੇ ਆਵਾਜ਼ ਮਾਰੀ, 'ਕੋਈ ਹੈ'। ਤਾਂ ਸ਼ਾਹ ਦੌਲੇ ਨੇ ਹਾਂ ਵਿਚ ਜਵਾਬ ਦਿਤਾ। ਸ਼ਾਹ ਸਰਮਸਤ ਨੇ ਮੰਗੂ ਨੂੰ ਸੱਦ ਲਿਆਉਣ ਦਾ ਆਦੇਸ਼ ਦਿਤਾ। ਤਿੰਨ ਵਾਰ ਦੌਲਾ ਉਸ ਨੂੰ ਬੁਲਾਣ ਵਾਸਤੇ ਗਿਆ, ਪਰ ਰਾਤ ਹੋਣ ਕਰ ਕੇ ਉਹਨੇ ਤਿੰਨੋਂ ਵਾਰ ਆਉਣ ਤੋਂ ਇਨਕਾਰ ਕਰ ਦਿਤਾ। ਸਰਮਸਤ ਆਪਣਾ 'ਦਲਗ' (ਫ਼ਕੀਰੀ ਚੋਗਾ) ਸ਼ਾਹ ਦੌਲਾ ਨੂੰ ਦੇ ਕੇ ਚਲਾਣਾ ਕਰ ਗਿਆ। ਜਦੋਂ ਸਰਮਸਤ ਦੇ ਬਾਕੀ ਮੁਰੀਦਾਂ ਨੂੰ ਇਸ ਗੱਲ ਦੀ ਖ਼ਬਰ ਮਿਲੀ, ਤਾਂ ਉਨ੍ਹਾਂ ਨੇ ਸ਼ਾਹ ਦੌਲੇ ਤੋਂ ਦਲਗ ਖੋਹਣਾ ਚਾਹਿਆ। ਖੋਹ-ਖਿੰਝਾਈ ਵਿਚ ਦਲਗ ਜ਼ਮੀਨ ਉਤੇ ਜਾ ਡਿਗਾ। ਸਭ ਮੁਰੀਦਾਂ ਨੇ ਉਸ ਚੋਲੇ ਨੂੰ ਚੁਕਣ ਦੀ ਕੋਸ਼ਿਸ਼ ਕੀਤੀ, ਪਰ ਵਿਅਰਥ। ਅਖ਼ੀਰ ਦੌਲੇ ਨੇ ਇਕੋ ਹੱਥ ਨਾਲ ਉਸ ਨੂੰ ਚੁਕ ਕੇ ਪਹਿਨ ਲਿਆ। ਉਦੋਂ ਤੋਂ ਦੌਲੇ ਨੂੰ ਪੀਰੀ ਪ੍ਰਾਪਤ ਹੋ ਗਈ ਤੇ ਉਹ ਸ਼ਾਹ ਦੌਲਾ ਦੇ ਨਾਂ ਨਾਲ ਪ੍ਰਸਿਧ ਹੋਇਆ।

ਸ਼ਾਹ ਦੌਲਾ ਫ਼ਕੀਰ ਸਰਮਸਤ ਦੀ ਮ੍ਰਿਤੂ ਤੋਂ ਬਾਅਦ ਦਸ ਸਾਲ ਤਕ ਸਿਆਲਕੋਟ ਵਿਚ ਹੀ ਰਿਹਾ ਤੇ ਉਸ ਨੇ ਇਲਾਕੇ ਵਿਚ ਕਈ ਮਸਜਿਦਾਂ, ਸਰੋਵਰ, ਪੁਲ ਤੇ ਖੂਹ ਆਦਿ ਬਣਵਾਏ। ਫਲਸਰੂਪ ਲੋਕਾਂ ਵਿਚ ਉਸ ਦੀ ਮਾਨਤਾ ਵਧ ਗਈ। ਕੁਝ ਸਾਲਾਂ ਮਗਰੋਂ 1612 ਈਸਵੀ ਵਿਚ ਸ਼ਾਹ ਦੌਲਾ ਗੁਜਰਾਤ ਆ ਕੇ ਵਸਣ ਲੱਗਾ। ਗੁਜਰਾਤ ਵਿਚ ਸ਼ਾਹ ਦੌਲਾ ਨੇ ਲੋਕ-ਕਲਿਆਣ ਲਈ ਕਈ ਕਾਰਜ ਕੀਤੇ, ਖੂਹ ਖੁਦਵਾਏ ਤੇ ਨਦੀਆਂ ਉਤੇ ਪੁਲ ਬਣਵਾਏ। ਇਥੇ ਹੀ ਉਸ ਨੇ ਕਈ ਮੋਅਜਜ਼ੇ ਵੀ ਵਿਖਾਏ, ਜਿਸ ਕਰ ਕੇ ਅਨੇਕਾਂ ਹਿੰਦੂ ਤੇ ਮੁਸਲਮਾਨ ਸ਼ਾਹ ਦੌਲਾ ਦੇ ਮੁਰੀਦ ਬਣ ਗਏ।

ਸ਼ਾਹ ਦੌਲਾ ਦਾ ਪਸ਼ੂਆਂ ਤੇ ਪੰਛੀਆਂ ਨਾਲ ਵੀ ਬੜਾ ਪਿਆਰ ਸੀ। ਜਿਹੜੇ ਜਾਨਵਰ ਆਪ ਨੂੰ ਜ਼ਿਆਦਾ ਪਿਆਰੇ ਲੱਗਦੇ, ਉਨ੍ਹਾਂ ਦੇ ਸਿਰ ਉਤੇ ਆਪ ਇਕ ਟੋਪੀ, ਜਿਸ ਨੂੰ 'ਰੋੜੀ' ਕਹਿੰਦੇ ਸਨ, ਪਹਿਨਾ ਦਿਤਾ ਕਰਦੇ ਸਨ।

ਰਵਾਇਤ ਹੈ ਕਿ ਜਹਾਂਗੀਰ ਅਤੇ ਨੂਰਜਹਾਨ ਸ਼ਾਹ ਦੌਲੇ ਦੇ ਦਰਸ਼ਨਾਂ ਵਾਸਤੇ ਗੁਜਰਾਤ ਗਏ ਤੇ ਉਨ੍ਹਾਂ ਦੀ ਦੈਵੀ ਸ਼ਖ਼ਸੀਅਤ ਤੋਂ ਬੜੇ ਪ੍ਰਭਾਵਿਤ ਹੋਏ। ਜਹਾਂਗੀਰ ਨੂੰ ਸ਼ਾਹ ਦੌਲੇ ਦੀ ਹਰ-ਦਿਲ-ਅਜ਼ੀਜ਼ੀ ਤੋਂ ਖ਼ਤਰਾ ਜਾਪਿਆ ਤੇ ਉਸ ਨੂੰ ਸੰਦੇਹ ਹੋ ਗਿਆ ਕਿ ਸ਼ਾਹ ਦੌਲਾ ਕਿਧਰੇ ਉਸ ਵਿਰੁਧ ਵਿਦਰੋਹ ਨਾ ਖੜਾ ਕਰ ਦੇਵੇ। ਸੋ ਜਹਾਂਗੀਰ ਨੇ ਸ਼ਾਹ ਦੌਲਾ ਨੂੰ ਗੁਪਤ ਢੰਗ ਨਾਲ ਖ਼ਤਮ ਕਰ ਦੇਣ ਦਾ ਨਿਸ਼ਚਾ ਕੀਤਾ। ਉਸ ਨੇ ਸ਼ਾਹ ਦੌਲਾ ਨੂੰ ਇਕ ਸ਼ਾਹੀ ਪੌਸ਼ਾਕ, ਨਜ਼ਰਾਨੇ ਵਜੋਂ ਭੇਟ ਕੀਤੀ, ਜਿਸ ਨੂੰ ਜ਼ਹਿਰ ਦੀ ਪੁਠ ਦਿਤੀ ਹੋਈ ਸੀ। ਸ਼ਾਹ ਦੌਲੇ ਨੇ ਉਹ ਪੋਸ਼ਾਕ ਪਹਿਨ ਲਈ, ਪਰ ਉਨ੍ਹਾਂ ਉਤੇ ਜ਼ਹਿਰ ਦਾ ਕੋਈ ਅਸਰ ਨਾ ਹੋਇਆ। ਫਿਰ ਜਹਾਂਗੀਰ ਨੇ ਸ਼ਾਹ ਦੌਲਾ ਨੂੰ ਸ਼ਰਬਤ ਵਿਚ ਜ਼ਹਿਰ ਮਿਲਾ ਕੇ ਪਿਲਾਣਾ ਚਾਹਿਆ, ਪਰ ਉਸ ਦਾ ਤਖ਼ਤ ਡੋਲਣ ਲੱਗਾ ਅਤੇ ਉਸ ਨੂੰ ਚਾਰੇ ਪਾਸੇ ਸ਼ਾਹ ਦੌਲਾ ਦੇ ਚਿਹਰੇ ਵਿਖਾਈ ਦੇਣ ਲੱਗੇ। ਜਹਾਂਗੀਰ ਨੇ ਸ਼ਾਹ ਦੌਲੇ ਤੋਂ ਆਪਣੀ ਭੁਲ ਬਖ਼ਸ਼ਵਾ ਲਈ ਅਤੇ ਉਨ੍ਹਾਂ ਨੂੰ ਅਸ਼ਰਫ਼ੀਆਂ ਦੀਆਂ ਦੋ ਥੈਲੀਆਂ ਭੇਟ ਕੀਤੀਆਂ। ਸ਼ਾਹ ਦੌਲਾ ਨੇ ਕਈ ਹੋਰ ਮੋਅਜਜ਼ੇ ਵੀ ਵਿਖਾਏ।

ਸ਼ਾਹ ਦੌਲਾ ਦਾ ਇਕ ਮੁਰੀਦ ਰਾਜਾ ਚਤਰ ਸਿੰਘ ਰਾਜੌਰ ਸੀ, ਜੋ ਆਪਣੇ ਘਰ ਜੰਮੀ ਹਰ ਕੰਨਿਆਂ ਨੂੰ ਜੰਮਦਿਆਂ ਸਾਰ ਹੀ ਮਰਵਾ ਦਿਤਾ ਕਰਦਾ ਸੀ। ਜਦੋਂ ਰਾਜੇ ਦੇ ਘਰ ਮੁੜ ਕੰਨਿਆਂ ਜੰਮੀ ਤਾਂ ਸ਼ਾਹ ਦੌਲਾ ਨੇ ਉਸ ਨੂੰ ਆਦੇਸ਼ ਦਿਤਾ ਕਿ ਉਹ ਕੰਨਿਆਂ ਨੂੰ ਨਾ ਮਾਰੇ। ਉਸ ਦੀ ਕੁੱਖ ਸੁਭਾਗੀ ਹੋਵੇਗੀ ਤੇ ਉਹ ਬਾਦਸ਼ਾਹ ਨੂੰ ਜਨਮ ਦੇਵੇਗੀ। ਜਦੋਂ ਉਹ ਕੰਨਿਆਂ ਜਵਾਨ ਹੋਈ, ਤਾਂ ਸ਼ਾਹਜਹਾਨ, ਕਸ਼ਮੀਰ ਨੂੰ ਜਾਂਦਿਆਂ ਰਾਜੌਰ ਵਿਚੋਂ ਦੀ ਲੰਘਿਆ, ਤਾਂ ਰਾਜੇ ਚਤਰ ਸਿੰਘ ਨੇ ਆਪਣੀ ਉਸੇ ਕੰਨਿਆਂ ਬਾਈ ਨੂੰ ਬਾਦਸ਼ਾਹ ਅੱਗੇ ਨਜ਼ਰਾਨੇ ਵਜੋਂ ਪੇਸ਼ ਕੀਤਾ। ਸ਼ਾਹ ਜਹਾਨ ਨੇ ਉਸ ਕੰਨਿਆਂ ਦਾ ਵਿਆਹ ਔਰੰਗਜ਼ੇਬ ਨਾਲ ਕਰ ਦਿਤਾ। ਬਾਅਦ ਵਿਚ ਜਦੋਂ ਔਰੰਗਜ਼ੇਬ ਤੇ ਦਾਰਾ ਸ਼ਕੋਹ ਵਿਚਕਾਰ ਤਖ਼ਤ ਵਾਸਤੇ ਝਗੜਾ ਚਲ ਰਿਹਾ ਸੀ ਤਾਂ ਔਰੰਗਜ਼ੇਬ ਸ਼ਾਹ ਦੌਲਾ ਕੋਲ ਅਸੀਸ ਲੈਣ ਲਈ ਗਿਆ, ਤਾਂ ਸ਼ਾਹ ਦੌਲਾ ਨੇ

ਔਰੰਗਜ਼ੇਬ ਨੂੰ ਸਲਾਮ ਕਰਦਿਆਂ ਕਿਹਾ ਕਿ ਬਾਦਸ਼ਾਹੀ ਤਾਜ ਉਸੇ ਦੇ ਸਿਰ ਸ਼ੋਭਾ ਦੇਵੇਗਾ। ਜਦੋਂ ਔਰੰਗਜ਼ੇਬ ਨੇ ਇਸ ਗੱਲ ਦਾ ਜ਼ਿਕਰ ਬੇਗਮ ਬਾਈ ਅੱਗੇ ਕੀਤਾ, ਤਾਂ ਉਸ ਨੇ ਔਰੰਗਜ਼ੇਬ ਨੂੰ ਦੱਸਿਆ ਕਿ ਸ਼ਾਹ ਦੌਲਾ ਨੇ ਭਵਿਖ ਬਾਣੀ ਕੀਤੀ ਸੀ ਕਿ ਉਹ ਸ਼ਹਿਜ਼ਾਦੇ ਦੀ ਮਾਤਾ ਹੋਵੇਗੀ। ਔਰੰਗਜ਼ੇਬ ਦਾ ਲੜਕਾ ਮੁਅਜ਼ਮ, ਜੋ ਪਿਛੋਂ ਬਹਾਦਰ ਸ਼ਾਹ ਦੇ ਨਾਂ ਨਾਲ ਪ੍ਰਸਿੱਧ ਹੋਇਆ, ਇਸੇ ਬੇਗਮ ਬਾਈ ਦਾ ਲੜਕਾ ਸੀ।

ਸਿੱਖ ਰਵਾਇਤਾਂ ਅਨੁਸਾਰ ਸ਼ਾਹ ਦੌਲਾ ਗੁਰੂ ਘਰ ਦਾ ਸ਼ਰਧਾਲੂ ਸੀ। ਗੁਰੂ ਹਰਿਗੋਬਿੰਦ ਜੀ ਦੇ ਸਮੇਂ, ਜਦੋਂ ਭਾਈ ਗੜ੍ਹੀਆ ਪ੍ਰਚਾਰ ਦੇ ਵਾਸਤੇ ਕਸ਼ਮੀਰ ਨੂੰ ਜਾਂਦਾ ਹੋਇਆ ਰਾਹ ਵਿਚ ਗੁਜਰਾਤ ਠਹਿਰਿਆ, ਤਾਂ ਉਸ ਦੀ ਮੁਲਾਕਾਤ ਸ਼ਾਹ ਦੌਲੇ ਨਾਲ ਹੋਈ ਅਤੇ ਭਾਈ ਗੜ੍ਹੀਆ ਦੇ ਮੁਖਾਰਬਿੰਦ ਤੋਂ ਸੁਖਮਨੀ ਦਾ ਪਾਠ ਸੁਣ ਕੇ ਸ਼ਾਹ ਦੌਲਾ ਦੇ ਦਿਲ ਵਿਚ ਗੁਰੂ ਘਰ ਲਈ ਅਪਾਰ ਸ਼ਰਧਾ ਜਾਗ ਪਈ ਅਤੇ ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨਾਂ ਲਈ ਗਿਆ (ਮਹਾਨ ਕੋਸ਼, 490)। ਰਵਾਇਤ ਹੈ ਕਿ ਸ਼ਾਹ ਦੌਲਾ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੌ ਤੋਲੇ ਸੋਨਾ ਭੇਟ ਕੀਤਾ ਸੀ।

ਆਪ ਨੂੰ ਸ਼ਾਹ ਦੌਲਾ ਦਰਿਆਈ ਵੀ ਕਿਹਾ ਜਾਂਦਾ ਹੈ। ਕਿਉਂ ਜੋ ਆਪ ਨੇ ਲੋਕਾਂ ਦੇ ਭਲੇ ਲਈ ਕਈ ਨਦੀਆਂ ਉਤੇ ਪੁਲ ਬਣਵਾਏ। ਸਿਆਲਕੋਟ ਵਿਚ ਰਹਿੰਦਿਆਂ ਸ਼ਾਹ ਦੌਲਾ ਨੇ ਐਕ ਨਾਂ ਦੀ ਨਦੀ ਉਤੇ ਇਕ ਪੁਲ ਬਣਵਾਇਆ (ਵੇਖੋ : ਐਕ)। ਗੁਜਰਾਤ ਵਿਚ ਆਪ ਨੇ ਡੀਕ ਨਦੀ ਉਤੇ ਪੁਲ ਬਣਵਾਇਆ। ਉਥੇ ਇਕ ਬਦਰੂਹ ਰਿਹਾ ਕਰਦੀ ਸੀ, ਜੋ ਗੁਰੂ ਦੇ ਨਾਉਂ ਨਾਲ ਪ੍ਰਸਿਧ ਸੀ। ਦਿਨ ਵੇਲੇ ਪੁਲ ਉਤੇ ਜਿਤਨਾ ਕੰਮ ਹੁੰਦਾ, ਰਾਤ ਨੂੰ ਉਹ ਬਦਰੂਹ ਨਸ਼ਟ ਕਰ ਦੇਂਦੀ। ਮਜਬੂਰ ਹੋ ਕੇ ਸ਼ਾਹ ਜਹਾਨ ਨੇ ਸ਼ਾਹ ਦੌਲਾ ਤੋਂ ਮਦਦ ਮੰਗੀ। ਸ਼ਾਹ ਦੌਲਾ ਨੇ ਬਦਰੂਹ ਨੂੰ ਕਾਬੂ ਕਰਨਾ ਚਾਹਿਆ,ਜੋ ਸੌਖਾ ਕੰਮ ਨਹੀਂ ਸੀ। ਅਖੀਰ ਸ਼ਾਹ ਦੌਲਾ ਨੇ ਉਸ ਬਦਰੂਹ ਉਤੇ ਵਿਜੈ ਪ੍ਰਾਪਤ ਕੀਤੀ ਤੇ ਉਸ ਨੂੰ ਚੂਨੇ ਤੇ ਮਿੱਟੀ ਦੇ ਟੱਭੇ ਵਿਚ ਗਲ ਤਕ ਦਬ ਦਿਤਾ।

(ਸ-374) **ਸ਼ਾਹ ਦੌਲੇ ਦਾ ਚੂਹਾ :**

ਸ਼ਾਹ ਦੌਲੇ ਦੀ ਮਜ਼ਾਰ ਉਤੇ ਸੁਖੀ ਸੁਖਣਾ ਵਜੋਂ ਭੇਟ ਕੀਤੇ ਬਾਲ (ਵੇਖੋ : ਚੂਹੇ)।

(ਸ-375) **ਸ਼ਾਹ ਪਰੀ :**

(1) ਮਾਦਾ ਪ੍ਰੇਤ ਰੂਹਾਂ ਦਾ ਇਕ ਵਿਸ਼ੇਸ਼ ਵਰਗ; ਸ਼ਾਹ ਪਰੀ ਨੂੰ 'ਨੂਰੀ' ਵੀ ਕਿਹਾ ਜਾਂਦਾ ਹੈ। ਇਹ ਪ੍ਰੇਤ-ਰੂਹਾਂ ਕੇਵਲ ਤੀਵੀਆਂ ਨੂੰ ਹੀ ਕਸ਼ਟ ਦੇਂਦੀਆਂ ਹਨ। ਰਾਤ ਵੇਲੇ, ਖ਼ਾਸ ਤੌਰ ਤੇ ਚਾਨਣੀਆਂ ਰਾਤਾਂ ਵਿਚ, ਸ਼ਾਹ ਪਰੀ ਤੀਵੀਆਂ ਦੇ ਕੰਠ ਨੂੰ ਦਬਾਂਦੀ ਹੈ, ਜਿਸ ਨਾਲ ਉਨ੍ਹਾਂ ਦਾ ਸਾਹ ਘੁਟਿਆ ਜਾਂਦਾ ਹੈ ਤੇ ਤੀਵੀਂ ਨੂੰ ਗਸ਼ੀ ਪੈ ਜਾਂਦੀ ਹੈ। ਧਾਰਨਾ ਹੈ ਕਿ ਤੀਵੀਆਂ ਨੂੰ, ਜੋ ਬੇਹੋਸ਼ੀ ਦੀ ਬੀਮਾਰੀ ਹੋ ਜਾਂਦੀ ਹੈ, ਉਹ ਵੀ ਨੂਰੀ ਜਾਂ ਸ਼ਾਹ ਪਰੀ ਦੀ ਕਰੋਪੀ ਦਾ ਅਸਰ ਹੈ। ਸ਼ਾਹ ਪਰੀ ਨੂੰ ਵਧੇਰੇ ਮੁਸਲਮਾਨ ਹੀ ਪਤਿਆਂਦੇ ਹਨ। ਸ਼ਾਹ ਪਰੀ ਬੱਚਿਆਂ ਨੂੰ ਕਦੇ ਦੁਖ ਨਹੀਂ ਦੇਂਦੀ। ਪਰ ਇਸ ਪ੍ਰੇਤ-ਰੂਹ ਨੂੰ ਸ਼ਾਹ ਪਰੀ ਨਾਉਂ ਨਾਲ ਚਿੜ੍ਹ ਹੈ, ਇਸ ਲਈ ਮੁਸਲਮਾਨ ਤੀਵੀਆਂ ਉਸ ਨੂੰ 'ਨੂਰੀ' ਦੇ ਨਾਉਂ ਨਾਲ ਯਾਦ ਕਰਦੀਆਂ ਹਨ।

(2) ਇਕ ਅਪੱਛਰਾਂ ; ਸਾਂਸੀਆਂ ਦੀਆਂ ਦੰਦ-ਕਥਾਵਾਂ ਅਨੁਸਾਰ ਉਨ੍ਹਾਂ ਦਾ ਵਡਿਕਾ ਸਾਂਸ ਮਲ ਸ਼ਾਹ ਪਰੀ ਦੇ ਉਦਰ ਤੋਂ ਇੰਦਰ ਦਾ ਪੁੱਤਰ ਸੀ। ਸ਼ਾਹ ਪਰੀ ਦੇ ਹੁਸਨ ਤੇ ਅਲੌਕਿਕ ਨ੍ਰਿਤ ਉਤੇ ਮੋਹਿਤ ਹੋ ਕੇ ਇੰਦਰ ਵਿਚ ਕਾਮ ਜਾਗ ਪਿਆ ਤੇ ਉਸ ਨੇ ਪਰੀ ਨਾਲ ਆਲਿੰਗਨ ਕੀਤਾ; ਫਲਸਰੂਪ ਸਾਂਸ ਮਲ ਨੇ ਜਨਮ ਲਿਆ (ਵੇਖੋ : ਸਾਂਸੀ)।

(3) ਪਰੀ-ਕਹਾਣੀਆਂ ਵਿਚ ਪਰੀਆਂ ਦੀ ਸਰਦਾਰ ਨੂੰ ਸ਼ਾਹ ਪਰੀ ਕਹਿੰਦੇ ਹਨ। ਬਾਕੀ ਸਭ ਪਰੀਆਂ ਉਸ ਦੇ ਹੁਕਮ ਅਨੁਸਾਰ ਚਲਦੀਆਂ ਹਨ (ਵੇਖੋ : ਪਰੀ)।

(ਸ-376) **ਸਾਹ ਪੀਵਣਾ ਸੱਪ :**

ਇਕ ਖ਼ਾਸ ਕਿਸਮ ਦਾ ਜ਼ਹਿਰੀਲਾ ਸੱਪ, ਜਿਸ ਬਾਰੇ ਕਈ ਵਹਿਮ ਤੇ ਮਨੌਤਾਂ ਪ੍ਰਚਲਤ ਹਨ। ਲੋਕ-ਨਿਸਚੇ ਅਨੁਸਾਰ ਇਹ ਸੱਪ ਦਿਨ ਵੇਲੇ

ਕਦੇ ਨਹੀਂ ਕਟਦਾ, ਭਾਵੇਂ ਉਸ ਨੂੰ ਹੱਥਾਂ ਵਿਚ ਕਿਉਂ ਨਾ ਫੜ ਲਿਆ ਜਾਵੇ; ਪਰੰਤੂ ਰਾਤ ਵੇਲੇ ਉਹ ਸੁਤੇ ਪਏ ਸ਼ਖ਼ਸ ਦੀ ਛਾਤੀ ਉਤੇ ਚੜ੍ਹ ਕੇ, ਉਸ ਦੇ ਸਾਹ ਨਾਲ ਆਪਣਾ ਸਾਹ ਰਲਾ ਕੇ, ਉਸ ਦੇ ਸਾਹ ਨੂੰ ਵਿਹੂਲਾ ਕਰ ਦੇਂਦਾ ਹੈ ਜਾਂ ਸੁਆਸ ਬਾਹਰ ਖਿੱਚ ਲੈਂਦਾ ਹੈ, ਫਲਸਰੂਪ ਉਸ ਸ਼ਖ਼ਸ ਦੀ ਮੌਤ ਹੋ ਜਾਂਦੀ ਹੈ। ਜਾਣ ਵੇਲੇ ਇਹ ਸੱਪ ਪ੍ਰਾਣੀ ਦੇ ਮੂੰਹ ਉਤੇ ਆਪਣੀ ਪੂਛਲ ਬੜੇ ਜ਼ੋਰ ਨਾਲ ਪਟਕਾਰਦਾ ਹੈ।

ਕਹਿੰਦੇ ਹਨ ਕਿ ਇਹ ਸੱਪ ਕਿਸੇ ਸ਼ਖ਼ਸ ਦੀ ਛਾਤੀ ਉਤੇ ਬੈਠਣ ਤੋਂ ਪਹਿਲਾਂ, ਉਸ ਦੇ ਨੇੜੇ ਤੇੜੇ ਪਈ ਸੋਟੀ ਜਾਂ ਕੋਈ ਹੋਰ ਚੀਜ਼ ਪੂਛਲ ਨਾਲ ਧੂਕਦਾ ਦੂਰ ਛੁਪਾ ਦੇਂਦਾ ਹੈ, ਤਾਂ ਜੇ ਬੰਦਾ ਜਾਗ ਪਏ, ਤਾਂ ਸੱਪ ਨੂੰ ਮਾਰਨ ਵਾਸਤੇ, ਉਸ ਨੂੰ ਕੋਈ ਹਥਿਆਰ ਨਾ ਮਿਲੇ।

ਇਹ ਸੱਪ ਰੋਸ਼ਨੀ ਤੋਂ ਬੜਾ ਡਰਦਾ ਹੈ, ਇਸ ਲਈ ਜਿਥੇ ਸਾਹ ਪੀਵਣੇ ਸੱਪ ਆਮ ਹੁੰਦੇ ਹਨ, ਉਥੇ ਲੋਕੀਂ ਰਾਤ ਨੂੰ ਘਰਾਂ ਵਿਚ ਦੀਵੇ ਬਾਲ ਕੇ ਸੌਂਦੇ ਹਨ। ਇਹ ਸੱਪ ਬਹਾਵਲਪੁਰ ਦੀ ਰਿਆਸਤ ਵਿਚ ਆਮ ਹਨ।

ਰਾਜਾ ਰਸਾਲੂ ਦੇ ਕਥਾ-ਚਕਰ ਵਿਚ ਵੀ ਇਕ ਸਾਹ ਪੀਵਣੇ ਸੱਪ ਦਾ ਜ਼ਿਕਰ ਆਉਂਦਾ ਹੈ, ਜੋ ਸੁਤੇ ਪਏ ਰਸਾਲੂ ਦਾ ਸੁਆਸ ਬਾਹਰ ਖਿੱਚ ਲੈਂਦਾ ਹੈ, ਪਰ ਰਸਾਲੂ ਦਾ ਸਾਥੀ ਪੰਛੀ ਸੱਪ ਨੂੰ ਸਿਰੋਂ ਫੜ ਲੈਂਦਾ ਹੈ ਤੇ ਉਦੋਂ ਤਕ ਨਹੀਂ ਛੱਡਦਾ, ਜਦੋਂ ਤਕ ਉਹ ਸੱਪ ਰਸਾਲੂ ਦੇ ਸਵਾਸ ਵਾਪਸ ਕਰ ਕੇ ਉਸ ਨੂੰ ਜ਼ਿੰਦਾ ਨਹੀਂ ਕਰਦਾ।

(ਸ-377) **ਸ਼ਾਹ ਫ਼ਤਹ ਅਲੀ** :

ਇਕ ਸੱਯਦ ਪੀਰ, ਜਿਸ ਦੀ ਮਜ਼ਾਰ ਨੂਰ ਮਹਲ ਤਹਿਸੀਲ ਫ਼ਲੌਰ ਵਿਚ ਹੈ। ਦੇਸ਼ ਵੰਡ ਤੋਂ ਪਹਿਲਾਂ ਇਥੇ ਮਈ ਜੂਨ ਵਿਚ ਇਕ ਭਾਰੀ ਮੁਸਲਮਾਨੀ ਮੇਲਾ ਭਰਦਾ ਸੀ। ਇਸ ਮੇਲੇ ਦੀਆਂ ਤਾਰੀਖ਼ਾਂ ਨਿਸਚਤ ਨਹੀਂ ਸਨ।

ਸ਼ਾਹ ਫ਼ਤਹ ਅਲੀ ਸੌਲ੍ਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਜੰਮਿਆ ਅਤੇ ਸਤਾਰ੍ਹਵੀਂ ਸਦੀ ਦੇ ਮੱਧ ਵਿਚ ਉਨ੍ਹਾਂ ਦੀ ਮ੍ਰਿਤੂ ਹੋਈ ਦੱਸੀ ਜਾਂਦੀ ਹੈ। ਹਿੰਦੂ ਤੇ ਮੁਸਲਮਾਨ ਦੋਹਾਂ ਫ਼ਿਰਕਿਆਂ ਦੇ ਲੋਕ ਆਪ ਵਿਚ ਸ਼ਰਧਾ ਰਖਦੇ ਹਨ ਅਤੇ ਮਜ਼ਾਰ ਉਤੇ ਸੁਖਣਾ ਸੁਖਦੇ ਤੇ ਭੇਟਾ ਚੜ੍ਹਾਉਂਦੇ ਹਨ।

ਦੇਸ਼ ਦੀ ਵੰਡ ਤੋਂ ਪਹਿਲਾਂ ਇਥੇ ਜੋ ਮੇਲਾ ਲੱਗਦਾ ਸੀ, ਉਸ ਵਿਚ ਸਾਜ਼ ਸੰਗੀਤ ਉਤੇ ਖ਼ਾਸ ਜ਼ੋਰ ਦਿਤਾ ਜਾਂਦਾ ਸੀ ਅਤੇ ਦੂਰੋਂ ਦੂਰੋਂ ਕਵਾਲ ਤੇ ਗਵੱਈਏ ਇਥੇ ਪਧਾਰਿਆ ਕਰਦੇ ਸਨ।

(ਸ-378) **ਸ਼ਾਹ ਬਹਿਰਾਮ** :

(ਵੇਖੋ : ਹੁਸਨਬਾਨੋ)।

(ਸ-379) **ਸ਼ਾਹ ਬਦਰ ਦੀਵਾਨ** :

ਇਕ ਮੁਸਲਮਾਨ ਪੀਰ, ਜਿਸ ਦਾ ਮਜ਼ਾਰ ਬਟਾਲੇ ਦੇ ਕਸਬੇ ਮਸਾਣੀਆਂ ਵਿਚ ਹੈ। ਸ਼ਾਹ ਬਦਰ ਦੀ ਖ਼ਾਨਗਾਹ ਨੂੰ 'ਹੁਸੈਨੀ' ਜਾਂ 'ਜਿਲਾਨੀ' ਕਹਿੰਦੇ ਹਨ। ਇਹ ਪੀਰ ਬਗਦਾਦ ਵਿਚ 861 ਹਿਜਰੀ ਵਿਚ ਜੰਮਿਆ ਅਤੇ 904 ਹਿਜਰੀ ਵਿਚ ਭਾਰਤ ਆਇਆ। ਉਸ ਦੀ ਮ੍ਰਿਤੂ 978 ਹਿਜਰੀ ਵਿਚ ਹੋਈ। ਸ਼ਾਹ ਬਦਰ ਦੀ ਖ਼ਾਨਗਾਹ ਉਤੇ ਕਦੇ ਹਰ ਸਾਲ ਰਬੀ-ਉਲ-ਅੱਵਲ ਦੀ ਬਾਰ੍ਹਵੀਂ ਨੂੰ ਉਰਸ ਲੱਗਦਾ ਸੀ ਅਤੇ ਹਰ ਮਹੀਨੇ ਨਵੇਂ ਚੰਨ ਚੜ੍ਹਨ ਦੇ ਮਗਰੋਂ ਜੁਮੇਰਾਤ ਨੂੰ 'ਨੌ ਚੰਦੀ' ਦਾ ਮੇਲਾ ਭਰਦਾ ਸੀ, ਪਰ ਮੁਸਲਮਾਨਾਂ ਦੇ ਪਾਕਿਸਤਾਨ ਹਿਜਰਤ ਕਰ ਜਾਣ ਨਾਲ ਇਸ ਸਥਾਨ ਦੀ ਮਾਨਤਾ ਘਟ ਗਈ ਹੈ।

(ਸ-380) **ਸ਼ਾਹ ਬਰੀ ਲਤੀਫ਼** :

ਮੁਸਲਮਾਨਾਂ ਦੇ ਇਕ ਪ੍ਰਸਿੱਧ ਪੀਰ; ਸ਼ਾਹ ਬਰੀ ਦੀ ਮਜ਼ਾਰ ਰਾਵਲਪਿੰਡੀ ਤੋਂ ਉੱਤਰ ਦੱਖਣ ਵਲ ਨੌ ਮੀਲ ਦੂਰ ਇਕ ਪਿੰਡ ਨੂਰਪੁਰ ਵਿਚ ਸਥਿਤ ਹੈ। ਉਥੇ ਹਰ ਸਾਲ, ਵਿਸਾਖ ਦੇ ਮਹੀਨੇ ਦੇ ਪਹਿਲੇ ਵੀਰਵਾਰ ਨੂੰ, ਇਲਾਕੇ ਦਾ ਸਭ ਤੋਂ ਭਾਰੀ ਮੇਲਾ ਭਰਦਾ ਹੈ, ਜਿਸ ਨੂੰ 'ਬਰੀ ਦਾ ਮੇਲਾ' ਕਹਿੰਦੇ ਹਨ।

ਸ਼ਾਹ ਬਰੀ ਲਤੀਫ਼ ਗੁਜਰਖ਼ਾਨ ਦੇ ਇਕ ਪਿੰਡ ਵਿਚ ਪੈਦਾ ਹੋਏ ਅਤੇ ਚੌਵੀ ਸਾਲ ਲਗਾਤਾਰ ਜੰਗਲ ਵਿਚ ਇਕਲਵਾਂਜੇ ਚਿਲ੍ਹੇ ਕਟਦੇ ਰਹੇ। ਫਿਰ ਆਪ ਕਈ ਥਾਵਾਂ ਦਾ ਰਟਨ ਕਰਦੇ ਹੋਏ ਨੂਰਪੁਰ ਵਿਚ ਜਾ ਵਸੇ। ਨੂਰਪੁਰ ਮਰਗਲਾ

ਹੀਆਂ ਪਹਾੜੀਆਂ ਦੇ ਪੈਰਾਂ ਵਿਚ ਇਕ ਬੜਾ ਰਮਣੀਕ ਸਥਾਨ ਹੈ, ਜਿਥੇ ਨਿਕੇ-ਵਡੇ ਅਨੇਕਾਂ ਚਸ਼ਮੇ ਨਿਕਲਦੇ ਹਨ। ਸ਼ਾਹ ਬਰੀ ਨੂੰ ਇਹ ਪ੍ਰਾਕ੍ਰਿਤਕ ਵਾਤਾਵਰਨ ਇਤਨਾ ਲੋਭਾਵਣਾ ਲੱਗਾ ਕਿ ਆਪ ਨੇ ਉਥੇ ਇਕ ਮੇਲੇ ਦਾ ਮੁੱਢ ਬੰਨ੍ਹਿਆ, ਜੋ ਆਪ ਦੇ ਜੀਵਨ ਵਿਚ ਪੋਹ ਦੇ ਮਹੀਨੇ ਲੱਗਿਆ ਕਰਦਾ ਸੀ, ਜਿਸ ਵਿਚ ਇਲਾਕੇ ਦੇ ਲੋਕ ਹੁੰਮ ਹੁੰਮਾ ਕੇ ਆਇਆ ਕਰਦੇ ਸਨ। ਰਵਾਇਤ ਹੈ ਕਿ ਦਿੱਲੀ ਦਾ ਬਾਦਸ਼ਾਹ ਬਹਾਦਰ ਸ਼ਾਹ ਵੀ ਸ਼ਾਹ ਲਤੀਫ਼ ਦੀ ਵਡਿਆਈ ਸੁਣ ਕੇ, ਦਰਸ਼ਨਾਂ ਲਈ ਖ਼ੁਦ ਚਲ ਕੇ ਨੂਰਪੁਰ ਆਇਆ ਸੀ।

ਸ਼ਾਹ ਬਰੀ ਕਾਦਰੀਆ ਫ਼ਿਰਕੇ ਨਾਲ ਸਬੰਧ ਰਖਦੇ ਸਨ ਅਤੇ ਹਯਾਤ-ਉਲ-ਨੂਰ ਦੇ ਮੁਰੀਦ ਸਨ। ਆਪ ਬੜੇ ਕਰਨੀ ਵਾਲੇ ਫ਼ਕੀਰ ਸਨ। ਰਵਾਇਤ ਹੈ ਕਿ ਇਕ ਗੁਜਰ ਹਰ ਰੋਜ਼ ਨੇਮ ਨਾਲ ਆਪਣੀ ਮੱਝ ਦਾ ਦੁੱਧ ਚੋ ਕੇ, ਆਪ ਜੀ ਦੀ ਭੇਟਾ ਕਰਦਾ ਸੀ, ਪਰ ਜਿਸ ਮੱਝ ਦਾ ਉਹ ਦੁੱਧ ਹੁੰਦਾ, ਉਹ ਉਸੇ ਦਿਨ ਪ੍ਰਾਣ ਤਿਆਗ ਦੇਂਦੀ ਸੀ। ਗੁਜਰ ਦੇ ਸਭ ਲਵੇਰੇ ਇਕ ਇਕ ਕਰ ਕੇ ਮਰਦੇ ਗਏ ਤੇ ਕੇਵਲ ਇਕੋ ਸਾਨ੍ਹ ਬਾਕੀ ਰਹਿ ਗਿਆ। ਸ਼ਾਹ ਬਰੀ ਨੇ ਉਸ ਸਾਨ੍ਹ ਨੂੰ ਚੋਣ ਦਾ ਆਦੇਸ਼ ਦਿਤਾ। ਸਾਨ੍ਹ ਨੇ ਦੁੱਧ ਦਿਤਾ ਤੇ ਪੀਰ ਨੇ ਪੀਤਾ, ਉਸੇ ਦਿਨ ਉਹ ਸਾਨ੍ਹ ਵੀ ਮਰ ਗਿਆ। ਗੁਜਰ ਸਾਰੇ ਪਸ਼ੂ ਗੰਵਾ ਕੇ ਪੀਰ ਦੇ ਚਰਨੀਂ ਆ ਡਿਗਾ, ਤਾਂ ਪੀਰ ਨੇ ਗੁਜਰ ਨੂੰ ਕਿਹਾ ਕਿ ਉਹ ਚਸ਼ਮੇ ਉਤੇ ਖੜਾ ਹੋ ਕੇ ਆਪਣੇ ਸਭ ਪਸ਼ੂਆਂ ਨੂੰ ਇਕ ਇਕ ਕਰ ਕੇ ਬੁਲਾਵੇ, ਪਰ ਆਵਾਜ਼ਾਂ ਮਾਰਨ ਵੇਲੇ, ਉਹ ਪਿਛੇ ਪਰਤ ਕੇ ਬਿਲਕੁਲ ਨਾ ਵੇਖੇ। ਗੁਜਰ ਨੇ ਆਵਾਜ਼ਾਂ ਮਾਰਦਿਆਂ ਪਿਛੇ ਵਲ ਪਰਤ ਕੇ ਵੇਖ ਲਿਆ ਅਤੇ ਉਹ ਸਭ ਪਸ਼ੂ ਪੱਥਰ ਹੋ ਗਏ, ਜੋ ਹੁਣ ਤਕ ਉਸ ਇਲਾਕੇ ਵਿਚ ਪਥਰਾਏ ਬੁਤਾਂ ਦੇ ਰੂਪ ਵਿਚ ਮਿਲਦੇ ਹਨ। (S. C. R. 8, ਪੰ: 119-21)।

ਸ਼ਾਹ ਬਰੀ ਬਾਰੇ ਅਨੇਕਾਂ ਟੱਪੇ ਤੇ ਗੀਤ ਪ੍ਰਚਲਤ ਹਨ, ਜਿਨ੍ਹਾਂ ਵਿਚੋਂ ਦੋ ਟੱਪੇ ਹੇਠਾਂ ਦਿਤੇ ਜਾਂਦੇ ਹਨ :

(1) ਤਾਣਾ, ਤਾਣਾ, ਤਾਣਾ,
ਬਰੀ ਸਾਡਾ ਮੁਰਸ਼ਦ ਏ
ਜਿਸ ਬੇੜਾ ਬੰਨੇ ਲਾਣਾ।

(2) ਕਿਲ੍ਹ ਲਕੜਾਂ ਨਾਲ ਤਰ ਵੈਂਝਸਨ
ਪੀਰ ਬਰੀ ਦੀ ਬਰਕਤ ਨਾਲ
ਘਰ ਸੁੰਞੇ ਵੀ ਭਰ ਵੈਂਝਸਨ।

ਬਰੀ ਦੇ ਮੇਲੇ ਵਿਚ ਜਿਹਲਮ, ਅਟਕ, ਰਾਵਲਪਿੰਡੀ ਤੇ ਪਿਸ਼ਾਵਰ ਦੇ ਇਲਾਕੇ ਵਿਚੋਂ ਸ਼ਰਧਾਲੂ ਹੁੰਮ ਹੁੰਮਾ ਕੇ ਭਾਰੀ ਮਾਤ੍ਰਾ ਵਿਚ ਆਉਂਦੇ ਸਨ। ਇਸ ਮੇਲੇ ਦਾ ਉਦਘਾਟਨ ਪਿਸ਼ਾਵਰ ਤੋਂ ਪੀਰ ਨਮਿਤ ਆਏ ਫੁਲ ਭੇਟ ਚਾੜ੍ਹਨ ਤੋਂ ਮਗਰੋਂ ਹੁੰਦਾ ਹੈ। ਨੱਚਣ ਗਾਉਣ ਵਾਲੀਆਂ ਤੀਵੀਆਂ ਆਪਣੇ ਸਾਜ਼ਿੰਦਿਆਂ ਸਮੇਤ ਭਾਰੀ ਗਿਣਤੀ ਵਿਚ ਪਹੁੰਚਦੀਆਂ ਹਨ ਅਤੇ ਰਾਗ ਰੰਗ ਦਾ ਸੋਹਣਾ ਸਮਾਂ ਬਝਦਾ ਹੈ। ਇਹ ਮੇਲਾ ਲੋਕ-ਗੀਤਾਂ ਦੇ ਪ੍ਰਗਟਾਵੇ ਲਈ ਰੰਗ-ਮੰਚ ਦਾ ਕੰਮ ਦੇਂਦਾ ਹੈ ਅਤੇ ਢੋਲੇ ਮਾਹੀਏ ਦੇ ਟੱਪੇ ਹਵਾ ਵਿਚ ਗੂੰਜਦੇ ਰਹਿੰਦੇ ਹਨ।

(ਸ-381) **ਸ਼ਾਹ ਮਦਾਰ** :

ਇਕ ਪ੍ਰਸਿੱਧ ਮੁਸਲਮਾਨ ਫ਼ਕੀਰ, ਜੋ ਮਦਾਰ ਪੰਥ ਦਾ ਸੰਚਾਲਕ ਸੀ। ਗਲੀਆਂ ਬਾਜ਼ਾਰਾਂ ਵਿਚ ਤਮਾਸ਼ਾ ਵਿਖਾਉਣ ਵਾਲੇ ਮਦਾਰੀ ਇਸੇ ਸ਼ਾਹ ਮਦਾਰ ਦੇ ਹੀ ਪੈਰੋਕਾਰ ਮੰਨੇ ਜਾਂਦੇ ਹਨ। ਸ਼ਾਹ ਮਦਾਰ ਦੇ ਜੀਵਨ ਨਾਲ ਕਾਫ਼ੀ ਸਾਰੀ ਲੋਕਧਾਰਾ ਤੇ ਰਵਾਇਤਾਂ ਜੁੜ ਗਈਆਂ ਹਨ, ਜਿਸ ਕਰ ਕੇ ਉਸ ਦੇ ਵਾਸਤਵਿਕ ਜੀਵਨ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਸ਼ਾਹ ਮਦਾਰ ਦਾ ਅਸਲ ਨਾਂ ਬਦੀਉੱਦੀਨ ਸ਼ਾਹ ਮਦਾਰ ਸੀ ਅਤੇ ਉਹ ਸ਼ੇਖ਼ ਮੁਹੰਮਦ ਤੈਫ਼ੂਰੀ ਦਾ ਚੇਲਾ ਸੀ। 'ਮਿਰਾਤੇ ਮਦਾਰੀਆਂ' ਅਨੁਸਾਰ ਉਸ ਨੇ ਯਹੂਦੀ ਮੱਤ ਧਾਰਨ ਕੀਤਾ ਹੋਇਆ ਸੀ। ਸ਼ਾਹ ਮਦਾਰ 1050 ਈਸਵੀ ਵਿਚ ਐਲਪੋ ਵਿਚ ਪੈਦਾ ਹੋਇਆ ਤੇ ਸੁਲਤਾਨ ਇਬਰਾਹੀਮ ਸੁਰਕੀ ਦੇ ਰਾਜ ਸਮੇਂ ਹਿੰਦੁਸਤਾਨ ਵਿਚ ਆ ਕੇ ਪਹਿਲਾਂ ਕਾਨਪੁਰ ਅਤੇ ਮਗਰੋਂ ਫ਼ਰਖ਼ਾਬਾਦ ਵਿਚ ਰਹਿਣ ਲੱਗ ਪਿਆ। ਇਸ ਇਲਾਕੇ ਵਿਚ ਇਕ ਬਦਰੂਹ ਮਕਨ ਦਿਓ ਰਿਹਾ ਕਰਦੀ ਸੀ, ਜੋ ਲੋਕਾਂ ਨੂੰ

ਬੜੇ ਕਸ਼ਟ ਦਿਤਾ ਕਰਦੀ ਸੀ। ਸ਼ਾਹ ਮਦਾਰ ਨੇ ਆਪਣੀ ਦੈਵੀ ਸ਼ਕਤੀ ਨਾਲ ਉਸ ਬਦਰੂਹ ਉਤੇ ਜਿੱਤ ਪ੍ਰਾਪਤ ਕੀਤੀ ਅਤੇ ਉਸ ਨੂੰ ਉਥੋਂ ਨਿਕਲਣ ਲਈ ਮਜਬੂਰ ਕੀਤਾ। ਬਦਰੂਹ ਨੂੰ ਕੱਢ ਕੇ ਸ਼ਾਹ ਮਦਾਰ ਆਪ ਖ਼ੁਦ ਉਥੇ ਜਾ ਵਸਿਆ ਅਤੇ ਉਸ ਅਸਥਾਨ ਦਾ ਨਾਂ ਉਸ ਨੇ ਮਕਨਪੁਰ ਰਖਿਆ। ਉਥੇ ਹੀ ਸ਼ਾਹ ਮਦਾਰ ਲਗਪਗ 100 ਵਰ੍ਹਿਆਂ ਦੀ ਲੰਮੀ ਉਮਰ ਭੋਗ ਕੇ 1433 ਈਸਵੀ ਵਿਚ ਫ਼ੌਤ ਹੋ ਗਿਆ। ਸੁਲਤਾਨ ਇਬਰਾਹੀਮ ਨੇ ਉਥੇ ਮਕਬਰਾ ਬਣਵਾ ਦਿਤਾ। ਸ਼ਾਹ ਮਦਾਰ ਦੀ ਮਜ਼ਾਰ ਮਕਨਪੁਰ ਵਿਚ ਹੈ, ਜੋ ਕਾਨਪੁਰ ਤੋਂ 40 ਮੀਲ ਦੂਰ ਹੈ।

ਮਹਾਨ ਕੋਸ਼ ਅਨੁਸਾਰ ਸ਼ੇਖ ਮਦਾਰ ਦਾ ਦੇਹਾਂਤ 20 ਦਸੰਬਰ ਸੰਨ 1434 ਨੂੰ ਹੋਇਆ ਅਤੇ ਉਸ ਦਾ ਮਕਬਰਾ ਕਨੌਜ ਵਿਚ ਹੈ, ਜਿਥੇ ਲੋਕੀਂ ਯਾਤ੍ਰਾ ਕਰਨ ਲਈ ਜਾਉਂਦੇ ਹਨ। ਗਲਾਸਰੀ (1,638) ਅਨੁਸਾਰ ਸ਼ੇਖ ਮਦਾਰ ਰੋਮ ਦਾ ਰਹਿਣ ਵਾਲਾ ਸੀ ਅਤੇ ਉਸ ਦਾ ਨਾਂ ਬਦਰ-ਉਦ-ਦੀਨ ਸੀ। ਸੁਭਾਵ ਦਾ ਸਾਹਸੀ ਹੋਣ ਕਰ ਕੇ ਉਹ ਸੈਰ ਸਪਾਟੇ ਕਰਦਾ ਹੋਇਆ ਭਾਰਤ ਆ ਗਿਆ ਅਤੇ ਇਕ ਅਜਿਹੇ ਭੰਡ ਦੇ ਘਰ ਰਹਿਣ ਲੱਗਾ, ਜਿਸ ਦਾ ਕੰਮ ਬਾਦਸ਼ਾਹ ਨੂੰ ਹੱਥ ਦੀ ਸਫ਼ਾਈ ਅਤੇ ਹੋਰ ਕਰਤਬ ਵਿਖਾ ਕੇ ਉਸ ਦਾ ਮਨ ਪ੍ਰਚਾਣਾ ਸੀ। ਸ਼ਾਹ ਮਦਾਰ ਦੇ ਆਉਣ ਮਗਰੋਂ ਉਸ ਭੰਡ ਦਾ ਆਦਰ ਮਾਣ ਦਰਬਾਰ ਵਿਚ ਵਧਣ ਲੱਗਾ। ਭੰਡ ਨੇ ਸੋਚਿਆ ਕਿ ਇਹ ਗੱਲ ਸ਼ਾਹ ਮਦਾਰ ਦੀ ਦੈਵੀ ਸ਼ਕਤੀ ਸਦਕਾ ਹੋ ਰਹੀ ਹੈ। ਭੰਡ ਦੀ ਵਡੀ ਲੜਕੀ ਸ਼ਾਹ ਮਦਾਰ ਨੂੰ ਮੀਆਂ ਬੁਲਾਉਂਦੀ ਸੀ ਅਤੇ ਅੱਗੋਂ ਮਦਾਰ ਉਸ ਨੂੰ ਬੀਬੀ ਕਹਿ ਕੇ ਬੁਲਾਇਆ ਕਰਦਾ। ਭੰਡ ਦੀਆਂ ਬਾਕੀ ਕੁੜੀਆਂ ਦਾ ਵੀ ਸ਼ਾਹ ਮਦਾਰ ਨਾਲ ਲਗਾਉ ਵਧਦਾ ਗਿਆ ਤੇ ਉਹ ਸ਼ਾਹ ਮਦਾਰ ਦੀ ਦੈਵੀ ਸ਼ਕਤੀ ਵਿਚ ਵਿਸ਼ਵਾਸ਼ ਕਰਨ ਲੱਗੀਆਂ। ਭੰਡ ਦਾ ਦਰਬਾਰ ਵਿਚ ਮਾਣ ਵਧਦਾ ਵੇਖ ਕੇ ਵਜ਼ੀਰ ਉਸ ਨਾਲ ਈਰਖਾ ਕਰਨ ਲੱਗਾ। ਇਕ ਵਾਰ ਬਾਦਸ਼ਾਹ ਨੇ, ਵਜ਼ੀਰ ਦੇ ਕਹਿਣ ਉਤੇ, ਭੰਡ ਨੂੰ ਸ਼ੇਰ ਨਾਲ ਲੜਨ ਦਾ ਹੁਕਮ ਦਿਤਾ। ਭੰਡ ਨੇ ਸ਼ਾਹ ਮਦਾਰ ਤੋਂ ਸਹਾਇਤਾ ਮੰਗੀ। ਸ਼ਾਹ ਮਦਾਰ ਨੇ ਆਪਣੇ ਰਹੱਸਮਈ ਬਲ ਨਾਲ ਸ਼ੇਰ ਨੂੰ ਪ੍ਰੇਰਿਆ ਕਿ ਉਹ ਦਰਬਾਰ ਵਿਚ ਜਾ ਕੇ, ਈਰਖਾਲੂ ਵਜ਼ੀਰ ਨੂੰ ਮਾਰ ਦੇਵੇ। ਸ਼ੇਰ ਨੇ ਭੰਡ ਦੀ ਥਾਂ ਵਜ਼ੀਰ ਉਤੇ ਝਪਟ ਕੇ ਉਸ ਨੂੰ ਮਾਰ ਸੁਟਿਆ। ਇਹ ਵੇਖ ਕੇ ਬਾਦਸ਼ਾਹ ਹੈਰਾਨ ਰਹਿ ਗਿਆ ਤੇ ਸਮਝ ਗਿਆ ਕਿ ਇਹ ਮੋਅਜਜ਼ਾ ਕਿਸੇ ਫ਼ਕੀਰ ਦਾ ਹੈ। ਸ਼ਾਹ ਮਦਾਰ ਆਪਣੀ ਦੈਵੀ ਸ਼ਕਤੀ ਪ੍ਰਗਟ ਨਹੀਂ ਸੀ ਕਰਨਾ ਚਾਹੁੰਦਾ। ਸੋ ਉਹ ਸ਼ਹਿਰ ਛੱਡ ਕੇ ਜਾਣ ਲਈ ਤਿਆਰ ਹੋ ਗਿਆ। ਪਰ ਭੰਡ ਦੀਆਂ ਕੁੜੀਆਂ ਨੇ ਉਸ ਨੂੰ ਜਾਣ ਤੋਂ ਵਰਜਿਆ। ਜਦੋਂ ਸ਼ਾਹ ਮਦਾਰ ਨੇ ਵੇਖਿਆ ਕਿ ਕੁੜੀਆਂ ਉਸ ਦੇ ਵਿਛੋੜੇ ਵਿਚ ਜਾਨ ਦੇਣ ਨੂੰ ਤਿਆਰ ਹੋ ਗਈਆਂ ਹਨ, ਤਾਂ ਸ਼ਾਹ ਮਦਾਰ ਉਨ੍ਹਾਂ ਕੁੜੀਆਂ ਦੇ ਨਾਲ ਹੀ ਅਲੋਪ ਹੋ ਗਿਆ (ਵੇਖੋ : ਮੀਆਂ ਬੀਬੀ)। ਇਕ ਹੋਰ ਕਥਾ ਅਨੁਸਾਰ ਸ਼ੇਖ਼ ਮਦਾਰ ਦੱਖਣ ਵਲ ਚਲਾ ਗਿਆ, ਜਿਥੇ ਉਸ ਦੀ ਮਜ਼ਾਰ ਹੁਣ ਤਕ ਮੌਜੂਦ ਹੈ।

ਰਵਾਇਤ ਹੈ ਕਿ ਸ਼ਾਹ ਮਦਾਰ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਹਬਸੇ-ਦਮ ਦੀ ਸ਼ਕਤੀ ਬਖ਼ਸ਼ੀ ਸੀ, ਜਿਸ ਕਰ ਕੇ ਉਹ ਆਪਣਾ ਦਮ ਕਈ ਕਈ ਦਿਨਾਂ ਤਕ ਰੋਕੀ ਰਖਦਾ ਸੀ। ਇਸੇ ਰਹੱਸਮਈ ਸ਼ਕਤੀ ਸਦਕਾ ਸ਼ਾਹ ਮਦਾਰ ਚਾਰ ਸੌ ਸਾਲ ਦੀ ਲੰਮੀ ਉਮਰ ਭੋਗ ਕੇ ਮਰਿਆ। ਇਕ ਹੋਰ ਰਵਾਇਤ ਅਨੁਸਾਰ ਸ਼ਾਹ ਮਦਾਰ ਅਜੇ ਵੀ ਕਬਰ ਵਿਚ ਜ਼ਿੰਦਾ ਹੈ ਅਤੇ ਸਮੇਂ ਸਮੇਂ ਦੁਨੀਆਂ ਵਿਚ ਵਿਚਰਦਾ ਰਹਿੰਦਾ ਹੈ। ਕਦੇ ਕਦਾਈਂ ਉਹ ਆਪਣੇ ਸ਼ਰਧਾਲੂਆਂ ਨੂੰ ਵੀ ਦਰਸ਼ਨ ਦੇਂਦਾ ਹੈ। ਇਸੇ ਲਈ ਸ਼ਰਧਾਵਾਨ ਉਸ ਨੂੰ 'ਜ਼ਿੰਦਾ ਸ਼ਾਹ ਮਦਾਰ' ਵੀ ਕਹਿੰਦੇ ਹਨ।

ਸ਼ਾਹ ਮਦਾਰ ਦੇ ਪੈਰੋਕਾਰਾਂ ਉਤੇ ਸੱਪਾਂ ਤੇ ਅਠੂਇਆਂ ਦਾ ਡੰਗ ਨਹੀਂ ਚਲਦਾ ਅਤੇ ਉਨ੍ਹਾਂ ਵਿਚ ਸੱਪਾਂ ਦੇ ਡੰਗੇ ਦਾ ਇਲਾਜ ਕਰਨ ਦੀ ਰਹੱਸਮਈ ਸ਼ਕਤੀ ਵਿਦਮਾਨ ਮੰਨੀ ਗਈ ਹੈ।

ਸ਼ਾਹ ਮਦਾਰ ਦੀ ਮਜ਼ਾਰ ਤੇ ਜਮੈਦੁਲ ਅੱਵਲ ਦੇ ਪਹਿਲੇ ਸਤਾਰਾਂ ਦਿਨ ਭਾਰੀ ਮੇਲਾ ਲੱਗਦਾ ਹੈ ਤੇ ਇਸ ਮੇਲੇ ਨੂੰ 'ਮੇਲਾ ਚਿਰਾਗ਼ਾਂ' ਕਿਹਾ ਜਾਂਦਾ ਹੈ। ਇਹ ਮੇਲਾ ਕਈ ਹੋਰ ਨਾਵਾਂ ਨਾਲ ਵੀ

ਪ੍ਰਸਿਧ ਹੈ ਜਿਵੇਂ ਮੇਲਾ ਛੜ੍ਹੀ, ਮੇਲਾ ਮੇਦਨੀ ਆਦਿ। ਸ਼ਾਹ ਮਦਾਰ ਦੀ ਮਜ਼ਾਰ ਉਤੇ ਕਦੇ ਕੋਈ ਤੀਵੀਂ ਨਹੀਂ ਜਾਂਦੀ, ਜੇ ਭੁਲ ਭੁਲੇਖੇ ਕੋਈ ਚਲੀ ਵੀ ਜਾਵੇ ਤਾਂ ਉਸੇ ਵੇਲੇ ਉਸ ਦੇ ਸਾਰੇ ਸਰੀਰ ਵਿਚ ਸਖ਼ਤ ਪੀੜਾਂ ਉਠਣ ਲੱਗਦੀਆਂ ਹਨ, ਜਿਵੇਂ ਉਸ ਦਾ ਸਰੀਰ ਅੱਗ ਵਿਚ ਝੁਲਸ ਗਿਆ ਹੋਵੇ।

ਸ਼ਾਹ ਮਦਾਰ ਬਾਰੇ ਕਈ ਕਾਫ਼ੀਆਂ ਤੇ ਗੀਤ ਲੋਕਾਂ ਵਿਚ ਪ੍ਰਚਲਤ ਹਨ। ਹੇਠਾਂ ਕੁਝ ਕਾਫ਼ੀਆਂ ਦਿਤੀਆਂ ਜਾਂਦੀਆਂ ਹਨ :

(1) ਖੇਲੇ ਜ਼ਿੰਦਾ ਸ਼ਾਹ ਮਦਾਰ
ਮੈਂ ਤੇ ਤਾਂ ਜੀਵਾਂ,
ਤੇਰਾ ਨੂਰ ਭਰਾ ਦੀਦਾਰ
ਤੇਰਾ ਮੇਲਾ ਨਾਲ ਕਰਾਰ
ਖੇਲੇ ਜ਼ਿੰਦਾ ਸ਼ਾਹ ਮਦਾਰ।

(2) ਸ਼ਾਹ ਮਦਾਰ ਮੈਂ ਦੀਵਾਨੀ ਦੇਖੋ
ਸ਼ਾਹ ਮਦਾਰ ਮੈਂ ਦੀਵਾਨੀ।
ਪੀਰਾਂ ਤੇਰੇ ਆਵਣ ਤੇ ਕੁਰਬਾਨ
ਤੂੰ ਤਾਂ ਰੋਸ਼ਨ ਦੋਹੀਂ ਜਹਾਨੀ।
ਕਾਲਾ ਬਕਰਾ ਸਵਾ ਮਣ ਆਟਾ
ਦਿਓ ਸ਼ਾਹਾਂ ਮਹਿਮਾਨੀ
ਸ਼ਾਹ ਮਦਾਰ ਮੈਂ ਦੀਵਾਨੀ, ਦੇਖੋ
ਸ਼ਾਹ ਮਦਾਰ ਮੈਂ ਦੀਵਾਨੀ।

ਸ਼ਾਹ ਮਦਾਰ ਦਾ ਇਕ ਮੰਦਰ ਕਾਂਗੜੇ ਵਿਚ ਅਪਸਰਾ ਕੁੰਡ ਦੇ ਲਾਗੇ ਸਥਿਤ ਹੈ। ਇਥੇ ਉਸ ਦੇ ਕਈ ਸ਼ਰਧਾਲੂ ਆ ਕੇ ਪਹਿਲਾਂ ਕੁੰਡ ਵਿਚ ਇਸ਼ਨਾਨ ਕਰਦੇ ਹਨ ਤੇ ਫਿਰ ਮੰਦਰ ਵਿਚ ਚੜ੍ਹਾਵੇ ਚਾੜ੍ਹਦੇ ਹਨ।

ਸ਼ਾਹ ਮਦਾਰ ਨੂੰ ਹਿੰਦੂਆਂ ਵਿਚ ਵੀ ਮਾਨਤਾ ਪ੍ਰਾਪਤ ਹੈ। E. R. E. (11,72) ਅਨੁਸਾਰ ਹਿੰਦੂਆਂ ਦੀ ਧਾਰਨਾ ਹੈ ਕਿ ਸ਼ਾਹ ਮਦਾਰ ਲਛਮਣ ਦਾ ਅਵਤਾਰ ਸੀ।

## (ਸ-382) ਸ਼ਾਹ ਵਿਲਾਇਤ :

ਮੁਸਲਮਾਨਾਂ ਦਾ ਇਕ ਪ੍ਰਸਿਧ ਪੀਰ। ਆਪ ਦਾ ਅਸਲੀ ਨਾਂ ਸ਼ੇਖ਼ ਸੱਯਦ ਸਦਰ-ਉੱਦ-ਦੀਨ ਮਹਿਮੂਦ ਸੀ। ਰਜ਼ੱਈ ਕਟਾਲ ਤੇ ਰਾਜਨ ਕਟਾਲ ਆਪ ਦੀਆਂ ਉਪਾਧੀਆਂ ਸਨ। ਬਹਾਵਲਪੁਰ ਗਜ਼ਟੀਅਰ ਅਨੁਸਾਰ ਆਪ ਦਾ ਜਨਮ 26 ਸ਼ਬਾਨ 660 ਹਿਜਰੀ ਨੂੰ ਹੋਇਆ।

ਸ਼ਾਹ ਵਿਲਾਇਤ ਦੀ ਖ਼ਾਨਗਾਹ ਬਹਾਵਲਪੁਰ ਵਿਚ ਹੈ, ਜਿਥੇ ਸ਼ਰਧਾਲੂ ਮਜ਼ਾਰ ਉਤੇ ਆ ਕੇ ਸੁਖਣਾ ਸੁਖਦੇ ਤੇ ਮੰਨਤਾਂ ਦੇਂਦੇ ਹਨ। ਜਿਹੜਾ ਸ਼ਖ਼ਸ ਸੁਖਣਾ ਪੂਰੀ ਹੋਣ ਉਤੇ ਮੰਨਤ ਨਹੀਂ ਦੇਂਦਾ, ਉਸ ਨੂੰ ਜਲੋਧਰ ਦਾ ਰੋਗ ਹੋ ਜਾਂਦਾ ਹੈ।

ਸ਼ਾਹ ਵਿਲਾਇਤ ਦੇ ਜੀਵਨ ਦੇ ਹਾਲਾਤ ਮਖ਼ਦੂਮ ਹਮੀਦ ਗੰਜ ਬਖ਼ਸ਼ ਕੁੰਜਗੀਰ ਦੇ 'ਵਿਲਾਇਤ ਨਾਮਾ' ਅਤੇ 'ਤਾਰੀਖ਼ੇ ਫ਼ਰਿਸ਼ਤਾ' (ਦੂਜੀ ਜਿਲਦ) ਵਿਚ ਵੇਰਵੇ ਨਾਲ ਮਿਲਦੇ ਹਨ। 'ਵਿਲਾਇਤ ਨਾਮਾ' ਅਨੁਸਾਰ ਆਪ ਨੂੰ ਰਜ਼ੱਈ ਕਟਾਲ ਦੀ ਉਪਾਧੀ ਪ੍ਰਾਪਤ ਸੀ, ਕਿਉਂਕਿ ਆਪ ਨੇ ਅਨੇਕਾਂ ਕਾਫ਼ਰਾਂ ਦਾ ਬੱਧ ਕੀਤਾ ਸੀ। ਆਪ ਦੀ ਦੂਜੀ ਉਪਾਧੀ ਰਾਜਨ ਕਟਾਲ ਹੈ, ਜਿਸ ਦੇ ਅਰਥ ਪੂਰਨ ਸੰਤ ਦੇ ਹਨ।

ਸ਼ਾਹ ਵਿਲਾਇਤ ਬੜੇ ਕਰਨੀ ਵਾਲੇ ਪੀਰ ਸਨ। ਆਪ ਨੇ ਅਨੇਕਾਂ ਮੁਅਜਜ਼ੇ ਵਿਖਾਏ। ਜਿਸ ਸ਼ਖ਼ਸ ਉਤੇ ਆਪ ਕਰੋਧਵਾਨ ਹੋ ਜਾਂਦੇ, ਉਹ ਕਦੇ ਬਚ ਨਹੀਂ ਸੀ ਸਕਦਾ। ਇਕ ਵਾਰ ਸ਼ਾਹ ਵਿਲਾਇਤ ਤੇ ਮਖ਼ਦੂਮ ਜਹਾਨੀਆਂ ਦਿੱਲੀ ਵਲ ਜਾ ਰਹੇ ਸਨ। ਰਸਤੇ ਵਿਚ ਦੋਵੇਂ ਇਕ ਬ੍ਰਿਛ ਦੇ ਹੇਠ ਆਰਾਮ ਕਰਨ ਲਈ ਬੈਠ ਗਏ। ਬ੍ਰਿਛ ਉਤੇ ਬੈਠੇ ਕੁਝ ਪੰਛੀਆਂ ਨੇ ਚਹਿਕਣਾ ਸ਼ੁਰੂ ਕੀਤਾ ਤੇ ਉਨ੍ਹਾਂ ਦੇ ਆਰਾਮ ਵਿਚ ਵਿਘਨ ਪਾਣ ਲੱਗੇ। ਸ਼ਾਹ ਵਿਲਾਇਤ ਨੇ ਕਰੋਧ ਵਿਚ ਆ ਕੇ ਉਨ੍ਹਾਂ ਪੰਛੀਆਂ ਵਲ ਘੂਰ ਕੇ ਵੇਖਿਆ ਤਾਂ ਉਹ ਉਸੇ ਵੇਲੇ ਜ਼ਮੀਨ ਉਤੇ ਡਿਗ ਕੇ ਤੜਪਣ ਲੱਗੇ।

ਫ਼ਰਿਸ਼ਤਾ ਲਿਖਦਾ ਹੈ ਕਿ ਜਿਸ ਸ਼ਖ਼ਸ ਵਲ ਸ਼ਾਹ ਵਿਲਾਇਤ ਕਰੋਧ ਦੀ ਨਜ਼ਰ ਨਾਲ ਵੇਖਦੇ, ਉਹ ਉਸੇ ਵੇਲੇ ਤੜਪ ਕੇ ਸਵਾਸ ਤਿਆਗ ਦੇਂਦਾ। ਇਕ ਵਾਰ ਮਖ਼ਦੂਮ ਜਹਾਨੀਆਂ ਨੇ, ਇਕ ਜੱਟ ਨੂੰ ਇਸਲਾਮ ਵਿਚ ਲਿਆ ਕੇ, ਉਸਦਾ ਨਾਂ ਅਬਦੁਲਾ ਰਖਿਆ। ਇਸਲਾਮ ਧਾਰਨ ਮਗਰੋਂ ਅਬਦੁਲਾ ਨੇ ਜੱਟਾਂ ਵਿਚ ਚੰਗਾ ਰਸੂਖ਼ ਪੈਦਾ ਕਰ ਲਿਆ। ਇਕ ਦਿਨ ਅਬਦੁਲਾ ਪੀਰ ਸ਼ਾਹ ਵਿਲਾਇਤ ਕੋਲ ਬੈਠਾ ਗੱਲਾਂ ਕਰ ਰਿਹਾ ਸੀ ਕਿ ਪੀਰ ਨੂੰ ਉਸ ਦੀ ਕਿਸੇ ਗੱਲ ਉਤੇ ਕਰੋਧ ਆ ਗਿਆ

ਅਤੇ ਉਨ੍ਹਾਂ ਨੇ ਘੂਰ ਕੇ ਮਖ਼ਦੂਲੇ ਵਲ ਵੇਖਿਆ। ਮਖ਼ਦੂਲਾ ਉਸੇ ਵੇਲੇ ਧਰਤੀ ਉਤੇ ਡਿਗ ਕੇ ਤੜਪਣ ਲੱਗਾ ਤੇ ਕੁਰਲਾ ਕੇ ਕਹਿਣ ਲੱਗਾ, "ਹਾਇ ਮੈਂ ਸੜ ਗਿਆ, ਹਾਇ ਮੈਂ ਸੜ ਗਿਆ।" ਲੋਕਾਂ ਨੇ ਉਸ ਉਤੇ ਪਾਣੀ ਦੇ ਲੋਟੇ ਭਰ ਭਰ ਕੇ ਡੋਲ੍ਹੇ, ਪਰ ਝਟ ਕੁ ਪਿਛੋਂ ਉਸ ਨੇ ਪ੍ਰਾਣ ਤਿਆਗ ਦਿਤੇ।

ਇਕ ਹੋਰ ਰਵਾਇਤ ਅਨੁਸਾਰ ਪੀਰ ਮਖ਼ਦੂਮ ਜਹਾਨੀਆਂ ਦੀ ਖ਼ਾਨਗਾਹ ਵਿਚ ਜੋ ਨਕਾਸ਼ੀ ਕੰਧ ਹੈ, ਉਸ ਉਤੇ ਸ਼ਾਹ ਵਿਲਾਇਤ ਸਵਾਰ ਹੋ ਕੇ ਇਕ ਵਾਰ ਦਿੱਲੀ ਤੋਂ ਉਚ ਨਗਰ ਪਹੁੰਚੇ। ਸ਼ਾਹ ਵਿਲਾਇਤ ਨੇ ਆਪਣੇ ਹੱਥ ਵਿਚ ਇਕ ਸੱਪ ਫੜਿਆ ਹੋਇਆ ਸੀ, ਜਿਸ ਨੂੰ ਉਹ ਛਾਂਟੇ ਦੇ ਤੌਰ ਉਤੇ ਵਰਤਦੇ ਸਨ ਅਤੇ ਜਿਥੇ ਕੰਧ ਦੀ ਚਾਲ ਮੱਠੀ ਪੈਂਦੀ, ਉਥੇ ਛਾਂਟਾ ਮਾਰ ਕੇ ਉਸ ਦੀ ਚਾਲ ਤੇਜ਼ ਕਰਦੇ। ਇਸ ਕੰਧ ਉਤੇ ਛਾਂਟੇ ਦੇ ਨਿਸ਼ਾਨ ਹੁਣ ਤਕ ਮੌਜੂਦ ਹਨ।

(ਸ-383) **ਸਾਹਨੀ** :

ਖੱਤਰੀਆਂ ਦੀ ਇਕ ਗੋਤ (ਵੇਖੋ : ਖੱਤਰੀ)।

(ਸ-384) **ਸ਼ਾਹਣੀ ਕੌਲਾਂ** :

ਪੰਜਾਬ ਦੀ ਇਕ ਪ੍ਰਸਿਧ ਦੰਦ-ਕਥਾ, ਜੋ ਰਾਜਾ ਰਸਾਲੂ ਕਥਾ-ਚਕਰ ਨਾਲ ਸੰਬੰਧਿਤ ਹੈ। ਇਹ ਕਥਾ ਕਈ ਰੂਪਾਂਤਰਾਂ ਅਤੇ ਨਾਂਵਾਂ ਹੇਠ ਪੰਜਾਬ ਦੇ ਭਿੰਨ ਭਿੰਨ ਖੇਤਰਾਂ ਵਿਚ ਪ੍ਰਚਲਤ ਹੈ। ਸਰ ਰਿਚਰਡ ਟੈਂਪਲ ਨੇ ਲਿਜਿੰਡ ਆਫ਼ ਦੀ ਪੰਜਾਬ (1,243-366) ਵਿਚ ਇਸ ਕਥਾ ਦਾ ਇਕ ਰੂਪਾਂਤਰ ਸੀਲ ਦਈ ਦੇ ਨਾਂ ਹੇਠ ਦਰਜ ਹੈ। ਧਨੀ ਪੋਠੋਹਾਰ ਵਿਚ ਇਹੋ ਕਥਾ ਰਾਨਣੀ ਦੇਵੀ ਦੇ ਨਾਂ ਨਾਲ ਪ੍ਰਚਲਤ ਹੈ, ਪਰ ਮਾਲਵੇ ਵਿਚ ਸ਼ਾਹਣੀ ਕੌਲਾਂ ਦੇ ਨਾਂ ਨਾਲ। ਇਸ ਕਥਾ ਦੀ ਮੂਲ ਰੂੜੀ 'ਸਤਿ ਦੀ ਪਰਖ' ਹੈ।

ਕੌਲਾਂ ਧਰਮ ਦੀਪ ਸ਼ਹਿਰ ਦੇ ਇਕ ਸ਼ਾਹੂਕਾਰ ਪਹੌੜ ਮਲ ਦੀ ਧੀ ਸੀ, ਜੋ ਸਰਧੀ ਦੇ ਉਦਰ ਤੋਂ ਜਨਮੀ। ਜੋਤਿਸ਼ੀ ਨੇ ਟੇਵਾ ਵੇਖ ਕੇ ਦਸਿਆ ਕਿ ਇਹ ਕੰਨਿਆਂ ਬੜੀ ਧਰਮ ਕਰਮ ਵਾਲੀ ਹੋਵੇਗੀ, ਪਰ ਇਹਦੇ ਮੱਥੇ ਝੂਠਾ ਕਲੰਕ ਲੱਗੇਗਾ।

ਜਵਾਨ ਹੋਣ 'ਤੇ ਕੌਲਾਂ ਦਾ ਵਿਆਹ ਸਿਆਲਕੋਟ ਦੇ ਇਕ ਗਭਰੂ ਬੀਜ ਮਲ ਨਾਲ ਕੀਤਾ ਗਿਆ, ਜੋ ਰਾਜਾ ਰਸਾਲੂ ਦਾ ਵਡਾ ਵਜ਼ੀਰ ਸੀ। ਕੌਲਾਂ ਬੜੀ ਪਾਕਦਾਮਨ ਤੇ ਨੇਕ ਔਰਤ ਸੀ। ਉਸ ਨੇ ਆਪਣੇ ਪਤੀ ਤੋਂ ਸਿਵਾ ਕਦੇ ਕਿਸੇ ਪਰ-ਮਰਦ ਨਾਲ ਨਜ਼ਰ ਤਕ ਨਹੀਂ ਸੀ ਮਿਲਾਈ।

ਇਕ ਵਾਰ ਰਾਜਾ ਰਸਾਲੂ ਬੀਜ ਮਲ ਨਾਲ ਬੈਠਾ ਪਾਸਾ ਖੇਡ ਰਿਹਾ ਸੀ। ਅਚਾਨਕ ਬੀਜ ਮਲ ਨੇ ਕੌਲਾਂ ਦਾ ਨਾਂ ਲੈਕੇ ਪਾਸਾ ਸੁਟਿਆ ਅਤੇ ਉਸਦੇ ਪੌ ਬਾਰਾਂ ਪਏ। ਰਸਾਲੂ ਦੇ ਪੁਛਣ ਉਤੇ ਕਿ ਕੌਲਾਂ ਕੌਣ ਹੈ, ਬੀਜ ਮਲ ਨੇ ਦਸਿਆ ਕਿ ਉਹ ਉਹਦੀ ਪਤਨੀ ਹੈ। ਬੀਜ ਮਲ ਨੇ ਕੌਲਾਂ ਦੇ ਸਤਿ ਧਰਮ ਦੀ ਪ੍ਰਸੰਸਾ ਕਰਦਿਆਂ ਦਸਿਆ ਕਿ ਉਸ ਨੇ ਕਦੇ ਗ਼ੈਰ ਮਰਦ ਦੀ ਸੂਰਤ ਤਕ ਨਹੀਂ ਵੇਖੀ।

ਰਾਜੇ ਰਸਾਲੂ ਨੇ ਆਪਣੇ ਮਨ ਵਿਚ ਕੌਲਾਂ ਦਾ ਸਤਿ ਪਰਖਣ ਦਾ ਮਤਾ ਪਕਾਇਆ ਅਤੇ ਬੀਜ ਮਲ ਨੂੰ ਘੋੜੇ ਖ਼ਰੀਦਣ ਦੇ ਬਹਾਨੇ ਕਾਬਲ ਭੇਜਿਆ। ਬੀਜ ਮਲ ਨੂੰ ਰਾਜੇ ਦੀ ਨੀਅਤ ਖੋਟੀ ਜਾਪੀ। ਸੋ ਉਸ ਨੇ ਜਾਣ ਵੇਲੇ ਕੌਲਾਂ ਨੂੰ ਖ਼ਬਰਦਾਰ ਰਹਿਣ ਦੀ ਚੇਤਾਵਨੀ ਦੇ ਕੇ ਆਪਣੇ ਮਹਿਲ ਦੀਆਂ ਸਤਾਂ ਡਿਉੜੀਆਂ ਨੂੰ ਚੰਗੇ ਮਜ਼ਬੂਤ ਤਾਲੇ ਲਗਾਏ। ਰੁਖ਼ਸਤ ਹੋਣ ਵੇਲੇ, ਰਾਜੇ ਰਸਾਲੂ ਨੇ, ਬੀਜ ਮਲ ਤੋਂ ਕੋਈ ਨਿਸ਼ਾਨੀ ਮੰਗੀ। ਬੀਜ ਮਲ ਨੇ ਆਪਣੀ ਅੰਗੂਠੀ ਉਤਾਰ ਕੇ ਰਾਜੇ ਰਸਾਲੂ ਦੇ ਹਵਾਲੇ ਕੀਤੀ।

ਅੱਧੀ ਰਾਤ ਵੇਲੇ ਰਾਜਾ ਰਸਾਲੂ ਆਪਣੇ ਤੋਤੇ ਨੂੰ ਨਾਲ ਲੈ ਕੇ ਕੌਲਾਂ ਦੇ ਮਹਿਲ ਵਲ ਗਿਆ। ਪਹਿਰੇਦਾਰਾਂ ਨੇ ਉਸ ਨੂੰ ਰੋਕਿਆ, ਪਰ ਰਸਾਲੂ ਨੇ ਬੀਜ ਮਲ ਦੀ ਅੰਗੂਠੀ ਵਿਖਾਈ, ਜਿਸ ਕਰ ਕੇ ਪਹਿਰੇਦਾਰਾਂ ਨੇ ਰਾਜੇ ਰਸਾਲੂ ਨੂੰ ਜਾਣ ਦਿਤਾ। ਪਰ ਛੇ ਡਿਉੜੀਆਂ ਨੂੰ ਬਾਹਰੋਂ ਤਾਲੇ ਲੱਗੇ ਹੋਏ ਸਨ ਅਤੇ ਉਨ੍ਹਾਂ ਦੀ ਚਾਬੀ ਬੀਜ ਮਲ ਕੋਲ ਸੀ। ਇਸ ਲਈ ਅੰਦਰ ਜਾਣਾ ਮੁਸ਼ਕਲ ਸੀ। ਪਰ ਤੋਤੇ ਨੇ ਰਸਾਲੂ ਨੂੰ ਸਲਾਹ ਦਿਤੀ ਕਿ ਜਤੀ ਸਤੀ ਹੋਣ ਕਰ ਕੇ ਜੇ ਉਹ ਆਪਣਾ ਨਾਲਾ ਕਿਸੇ ਤਾਲੇ ਨਾਲ ਛੁਹਾਏ ਤਾਂ ਤਾਲਾ ਖੁਲ੍ਹ ਜਾਵੇਗਾ। ਨਾਲਾ ਛੁਹਾਣ ਨਾਲ ਤਾਲੇ ਉਸੇ ਵੇਲੇ ਖੁਲ੍ਹਦੇ ਗਏ। ਛੇਆਂ

ਖਿੜਕੀਆਂ ਨੂੰ ਲੰਘ ਕੇ ਜਦੋਂ ਰਾਜਾ ਰਸਾਲੂ ਸਤਵੀਂ ਖਿੜਕੀ ਵਿਚ ਪੁਜਿਆ ਤਾਂ ਦਰਵਾਜ਼ਾ ਅੰਦਰੋਂ ਬੰਦ ਸੀ। ਸੋ ਰਾਜੇ ਨੇ ਕੋਲਾਂ ਨੂੰ ਆਵਾਜ਼ ਮਾਰੀ। ਪਰ ਬਾਂਦੀਆਂ ਨੇ ਦਰਵਾਜ਼ਾ ਖੋਲ੍ਹਣ ਤੋਂ ਇਨਕਾਰ ਕਰ ਦਿਤਾ। ਰਸਾਲੂ ਨੇ ਬਾਂਦੀਆਂ ਨੂੰ ਝਰੋਖੇ ਵਿਚੋਂ ਅੰਗੂਠੀ ਵਿਖਾਈ। ਨਿਸ਼ਾਨੀ ਭਾਵੇਂ ਉਸ ਦੇ ਪਤੀ ਦੀ ਹੀ ਸੀ, ਪਰ ਆਵਾਜ਼ ਨਾ ਮਿਲਣ ਕਰ ਕੇ ਸ਼ਾਹਣੀ ਕੋਲਾਂ ਨੇ ਬਾਂਦੀਆਂ ਨੂੰ ਦਰਵਾਜ਼ਾ ਖੋਲ੍ਹਣ ਤੋਂ ਮਨ੍ਹਾਂ ਕਰ ਦਿਤਾ। ਫਿਰ ਕੋਲਾਂ ਨੇ ਆਪਣੀ ਤਸੱਲੀ ਲਈ ਘਰ ਦੇ ਅੰਦਰ ਪਈਆਂ ਚੀਜ਼ਾਂ ਵਸਤਾਂ ਬਾਰੇ ਕੁਝ ਸਵਾਲ ਪੁਛੇ। ਪਲੰਘ ਕਿਹੜੀ ਦਿਸ਼ਾ ਵਿਚ ਵਿਛੇ ਹੋਏ ਸਨ, ਬੀਜੇ ਦੇ ਕਪੜੇ ਕਿਥੇ ਪਏ ਸਨ। ਤੋਤਾ ਅੰਦਰ ਜਾ ਕੇ ਵੇਖ ਆਉਂਦਾ ਰਿਹਾ ਅਤੇ ਰਸਾਲੂ ਜਵਾਬ ਦਿੰਦਾ ਗਿਆ। ਅਖ਼ੀਰ ਕੋਲਾਂ ਦੇ ਕਹਿਣ ਉਤੇ ਬਾਂਦੀਆਂ ਨੇ ਦਰਵਾਜ਼ਾ ਖੋਲ੍ਹ ਦਿਤਾ। ਰਾਜਾ ਕੋਲਾਂ ਦੇ ਸੌਣ ਕਮਰੇ ਵਿਚ ਜਾ ਪੁਜਾ।

ਰਾਜੇ ਰਸਾਲੂ ਨੂੰ ਆਪਣੇ ਸਾਹਮਣੇ ਵੇਖ ਕੋਲਾਂ ਘਬਰਾ ਗਈ। ਰਾਜੇ ਨੇ ਕੋਲਾਂ ਨੂੰ ਬੜੇ ਲਾਲਚ ਦਿਤੇ। ਪਟਰਾਣੀ ਬਨਾਣ ਦੇ ਸੁਪਨੇ ਵਿਖਾਏ, ਪਰ ਕੋਲਾਂ ਰਸਾਲੂ ਦੀ ਕਿਸੇ ਗੱਲ ਵਿਚ ਨਾ ਆਈ। ਅਖ਼ੀਰ ਜਦੋਂ ਰਸਾਲੂ ਅੱਗੇ ਵਧ ਕੇ ਕੋਲਾਂ ਨਾਲ ਜ਼ਬਰਦਸਤੀ ਕਰਨ ਲੱਗਾ, ਤਾਂ ਕੋਲਾਂ ਖੰਡੇ ਨਾਲ ਆਪਣੇ ਆਪ ਨੂੰ ਵੱਢਣ ਲਈ ਤਿਆਰ ਹੋ ਗਈ। ਉਦੋਂ ਰਸਾਲੂ ਨੇ ਦਸਿਆ ਕਿ ਉਹ ਕੋਲਾਂ ਦੀ ਪਰੀਖਿਆ ਲੈਣ ਆਇਆ ਸੀ।

ਰਾਜਾ ਰਸਾਲੂ ਵਾਪਸ ਜਾਣ ਵੇਲੇ ਆਪਣੀ ਅੰਗੂਠੀ ਪਲੰਘ ਵਿਚ ਛੁਪਾ ਗਿਆ। ਜਦੋਂ ਬੀਜ ਮਲ ਘੋੜੇ ਲੈ ਕੇ ਵਾਪਸ ਘਰ ਆਇਆ, ਤਾਂ ਉਸ ਨੇ ਆਪਣੇ ਪਲੰਘ ਵਿਚ ਉਹ ਅੰਗੂਠੀ ਵੇਖੀ, ਜੋ ਉਸ ਨੇ ਰਾਜੇ ਰਸਾਲੂ ਨੂੰ ਦਿਤੀ ਸੀ। ਉਹ ਤਾੜ ਗਿਆ ਕਿ ਰਸਾਲੂ ਉਥੇ ਆਇਆ ਹੋਵੇਗਾ। ਬੀਜ ਮਲ ਤਲਵਾਰ ਸੂਤ ਕੇ ਕੋਲਾਂ ਨੂੰ ਧਮਕਾਣ ਲੱਗਾ — "ਲੁਚੀਏ ਜਹਾਨ ਦੀਏ, ਤੂੰ ਰਾਜਾ ਯਾਰ ਹੰਢਾਇਐ।" ਪਰ ਬਾਂਦੀਆਂ ਦੇ ਵਿਚ ਪੈਣ ਨਾਲ ਕੋਲਾਂ ਦੀ ਜਾਨ ਬਚ ਗਈ। ਫਿਰ ਬੀਜ ਮਲ ਨੇ ਕੋਲਾਂ ਦੇ ਪਿਓ ਨੂੰ ਸਦਵਾਇਆ ਅਤੇ ਭਾਈਚਾਰੇ ਦੇ ਸਾਹਮਣੇ ਕੋਲਾਂ ਦੀ ਧਰਮ ਪਰੀਖਿਆ ਲੈਣੀ ਚਾਹੀ, ਜਿਸ ਵਾਸਤੇ ਉਸ ਨੇ ਚਾਰ ਸ਼ਰਤਾਂ ਰਖੀਆਂ: (ੳ) ਕੋਲਾਂ ਕੱਚੇ ਸੂਤ ਦੇ ਧਾਗੇ ਨਾਲ ਕੱਚਾ ਘੜਾ ਬੰਨ੍ਹ ਕੇ ਖੂਹ ਵਿਚੋਂ ਪਾਣੀ ਕਢੇ। (ਅ) ਪੈਰਾਂ ਉਪਰ ਦੇਗਚਾ ਧਰ ਕੇ ਬਿਨਾਂ ਅੱਗ ਦੇ ਖੀਰ ਰਿੰਨ੍ਹ ਕੇ ਵਿਖਾਏ। (ੲ) ਪੱਟ ਦੇ ਧਾਗੇ ਦੀ ਪੀਂਘ ਝੂਟੇ, ਹੇਠਾਂ ਨੇਜ਼ੇ ਗਡੇ ਹੋਣ। (ਸ) ਅਗਨੀ ਪ੍ਰੀਖਿਆ ਦੇਵੇ। ਕੋਲਾਂ ਨੇ ਆਪਣੇ ਸਤਿ ਧਰਮ ਦੇ ਆਸਰੇ ਇਹ ਚਾਰੇ ਕੌਤਕ ਕਰ ਵਿਖਾਏ (ਵੇਖੋ:ਸੀਲਦਈ)।

(ਸ-385) **ਸ਼ਾਹਣੀ ਚਿੜੀ** :

ਪੰਜਾਬ ਦੀ ਇਕ ਪ੍ਰਸਿਧ ਪਰੀ ਕਹਾਣੀ। ਇਕ ਰਾਣੀ, ਆਪਣੀ ਮਤ੍ਰੇਈ ਸ਼ਹਿਜ਼ਾਦੀ ਨੂੰ, ਜਾਦੂਗਰਨੀ ਦੀ ਮਦਦ ਨਾਲ, ਚਿੜੀ ਬਣਾ ਦੇਂਦੀ ਹੈ ਅਤੇ ਉਸ ਦੀ ਥਾਂ ਆਪਣੀ ਸਕੀ ਧੀ ਨੂੰ ਉਸ ਦੇ ਸਹੁਰੇ ਤੋਰ ਦੇਂਦੀ ਹੈ। ਇਸ ਕਹਾਣੀ ਦੀ ਬੁਨਿਆਦੀ ਕਥਾਨਿਕ ਰੂੜ੍ਹੀ ਮਤ੍ਰੇਈ ਮਾਂ ਦਾ ਆਪਣੀ ਸੌਂਕਣ ਦੀ ਧੀ ਪ੍ਰਤੀ ਵਿਤਕਰੇ ਅਤੇ ਅਨਿਆਂ ਭਰਿਆ ਸਲੂਕ ਹੈ।

ਇਕ ਰਾਣੀ, ਜਿਸ ਦੀ ਸੌਂਕਣ ਮਰ ਚੁਕੀ ਸੀ, ਆਪਣੀ ਵਿਆਹੁਤਾ ਮਤ੍ਰੇਈ ਧੀ ਨਾਲ ਈਰਖਾ ਕਰਦੀ ਸੀ ਤੇ ਉਸ ਦੀ ਐਸ਼ ਆਨੰਦ ਦੀ ਜ਼ਿੰਦਗੀ ਅਤੇ ਐਸ਼ਵਰਜ ਦੀਆਂ ਗੱਲਾਂ ਸੁਣ ਕੇ, ਉਸ ਨੇ ਮਤ੍ਰੇਈ ਵਿਆਹੁਤਾ ਧੀ ਦੀ ਥਾਂ ਆਪਣੀ ਕੰਵਾਰੀ ਧੀ ਨੂੰ, ਉਸ ਦੇ ਸਹੁਰੇ ਭੇਜਣਾ ਚਾਹਿਆ। ਫਫਾਕੁਟਣੀ ਨੇ ਰਾਣੀ ਨੂੰ ਕਿਸੇ ਜਾਦੂਗਰਨੀ ਤੋਂ ਜਾਦੂ ਦਾ ਇਕ ਕਿਲ੍ਹ ਲਿਆ ਦਿਤਾ, ਜਿਸ ਨੂੰ ਰਾਣੀ ਨੇ ਵਾਲ ਗੁੰਦਣ ਵੇਲੇ ਵਿਆਹੁਤਾ ਸ਼ਹਿਜ਼ਾਦੀ ਦੇ ਸਿਰ ਵਿਚ ਠੋਕ ਦਿਤਾ ਤੇ ਉਹ ਚਿੜੀ ਬਣ ਕੇ ਉਡ ਗਈ।

ਰਾਣੀ ਨੇ ਮਤ੍ਰੇਈ ਧੀ ਦੀ ਥਾਂ ਆਪਣੀ ਸ਼ਹਿਜ਼ਾਦੀ ਨੂੰ ਡੋਲੇ ਵਿਚ ਬਿਠਾ ਕੇ ਡੋਲਾ ਤੋਰ ਦਿਤਾ। ਦੋਹਾਂ ਭੈਣਾਂ ਦੀ ਸ਼ਕਲ ਸੂਰਤ ਕਾਫ਼ੀ ਮਿਲਦੀ ਸੀ, ਇਸ ਲਈ ਭੁਲੇਖਾ ਬਣਿਆ ਰਿਹਾ।

ਉਹ ਚਿੜੀ ਹਰ ਰੋਜ਼ ਆਪਣੇ ਪਤੀ ਦੇ ਬਾਗ਼ ਵਿਚ ਜਾਂਦੀ ਅਤੇ ਪਹਿਲਾਂ ਰੋਂਦੀ ਤੇ ਫਿਰ ਹੱਸਦੀ। ਰੋਂਦੀ ਤਾਂ ਸੀ, ਜੋ ਉਸ ਦੀ ਇਹ

ਦੁਰਗਤੀ ਹੋ ਗਈ ਸੀ। ਹੱਸਦੀ ਤਾਂ ਸੀ, ਜੋ ਉਹ ਘਟੋ ਘਟ ਆਪਣੇ ਪਤੀ ਦੇ ਬਾਗ਼ ਵਿਚ ਹੀ ਤਾਂ ਉਡਦੀ ਫਿਰਦੀ ਸੀ। ਜਦੋਂ ਉਹ ਚਿੜੀ ਰੋਂਦੀ, ਤਾਂ ਮੋਤੀ ਝੜਦੇ; ਜਦੋਂ ਹੱਸਦੀ, ਤਾਂ ਲਾਲ ਡਿਗਦੇ ਅਤੇ ਜਦੋਂ ਉਹ ਉਡਦੀ, ਤਾਂ ਸੋਨੇ ਦਾ ਖੰਭ ਝੜਦਾ, ਜਿਸ ਕਰ ਕੇ ਉਸ ਦਾ ਨਾਂ ਸ਼ਾਹਣੀ ਚਿੜੀ ਪੈ ਗਿਆ।

ਇਹ ਅਚੰਭਾ ਵੇਖ ਕੇ ਮਾਲੀ ਨੇ ਰਾਜਕੁਮਾਰ ਨੂੰ ਸਾਰੀ ਗੱਲ ਜਾ ਦਸੀ। ਰਾਜਕੁਮਾਰ ਦੀ ਨਕਲੀ ਵਹੁਟੀ ਨੇ ਚਿੜੀ ਨੂੰ ਮਰਵਾ ਦੇਣਾ ਚਾਹਿਆ, ਪਰ ਉਸ ਤੋਂ ਪਹਿਲਾਂ ਹੀ ਰਾਜਕੁਮਾਰ ਨੇ ਚਿੜੀ ਨੂੰ ਚੋਗਾ ਪਾਂਦੇ ਹੋਏ ਫੜ ਲਿਆ। ਜਦੋਂ ਰਾਜਕੁਮਾਰ ਨੇ ਪਿਆਰ ਨਾਲ ਚਿੜੀ ਦਾ ਸਿਰ ਪਲੋਸਿਆ, ਤਾਂ ਉਥੇ ਕਿਲ੍ਹ ਗਡੀ ਵੇਖ ਕੇ ਬਾਹਰ ਖਿਚ ਲਈ। ਸ਼ਾਹਣੀ ਚਿੜੀ ਮੁੜ ਅਸਲੀ ਰੂਪ ਵਿਚ ਆ ਗਈ। ਰਾਜਕੁਮਾਰ ਨੂੰ ਜਦੋਂ ਅਸਲੀ ਗੱਲ ਦਾ ਪਤਾ ਲੱਗਾ, ਤਾਂ ਉਸ ਨੇ ਉਹ ਜਾਦੂ ਦਾ ਕਿਲ੍ਹ ਨਕਲੀ ਵਹੁਟੀ ਦੇ ਸਿਰ ਚੋਭ ਦਿਤਾ। ਫਲਸਰੂਪ ਨਕਲੀ ਵਹੁਟੀ ਚਿੜੀ ਬਣ ਕੇ ਦੁਖ ਭੋਗਣ ਲੱਗੀ। ਇਸ ਪਰੀ-ਕਹਾਣੀ ਵਿਚ ਲੋਕ-ਮਨ ਦੀ ਇਕ ਵਿਸ਼ੇਸ਼ ਮਨੋਤ ਰੂਪ-ਪ੍ਰੀਵਰਤਨ ਦੀ ਸੁੰਦਰ ਅਭਿਵਿਅਕਤੀ ਹੈ। ਜਾਦੂ ਦੇ ਕਿਲ੍ਹ ਦੁਆਰਾ ਸ਼ਹਿਜ਼ਾਦੀ ਚਿੜੀ ਬਣ ਜਾਂਦੀ ਹੈ ਅਤੇ ਜਦੋਂ ਉਹ ਕਿਲ੍ਹ ਉਸ ਦੇ ਸਿਰ ਵਿਚੋਂ ਬਾਹਰ ਕਢ ਦਿਤਾ ਜਾਂਦਾ ਹੈ, ਤਾਂ ਉਹ ਮੁੜ ਸ਼ਹਿਜ਼ਾਦੀ ਦਾ ਰੂਪ ਧਾਰਨ ਕਰ ਲੈਂਦੀ ਹੈ (ਵੇਖੋ : ਰੂਪ ਪ੍ਰੀਵਰਤਨ)।

(ਸ-386) **ਸਾਹਾ** :

ਸਾਹਾ ਦਾ ਕੋਸ਼ਗਤ ਅਰਥ ਹੈ,'ਸ਼ੁਭ ਦਿਵਸ'। ਮਹਾਨਕੋਸ਼ ਅਨੁਸਾਰ ਸਾਹਾ ਸ਼ਬਦ ਸੁ+ਅਹ ਦਾ ਤਦਭਵ ਹੈ; 'ਸੁ' ਦਾ ਅਰਥ ਹੈ, ਚੰਗਾ; ਅਤੇ 'ਅਹ' ਦਾ ਭਾਵ ਹੈ ਦਿਨ। ਇਹ ਸ਼ਬਦ ਹੌਲੇ ਹੌਲੇ ਵਿਆਹ ਦੇ ਮਹੂਰਤ ਲਈ ਰੂੜ੍ਹ ਹੋ ਗਿਆ। ਹਿੰਦੂਆਂ ਵਿਚ ਚੰਗੇ ਮੰਦੇ ਦਿਨਾਂ ਦਾ ਬੜਾ ਭਰਮ ਹੈ, ਇਸ ਲਈ ਉਹ ਵਿਆਹ ਦਾ ਦਿਹਾੜਾ ਨਿਸ਼ਚਤ ਕਰਨ ਲੱਗਿਆਂ ਗ੍ਰਹਿਆਂ ਦੀ ਸਥਿਤੀ, ਚਾਲ ਤੇ ਸੰਜੋਗ ਅਤੇ ਉਨ੍ਹਾਂ ਦੇ ਵਰ ਤੇ ਕੰਨਿਆਂ ਉਤੇ ਚੰਗੇ ਪ੍ਰਭਾਵ ਨੂੰ ਗ੍ਰਹਿਣ ਕਰਨ ਲਈ,ਪਾਂਧਿਆਂ ਤੋਂ ਵਿਆਹ ਦਾ ਸਾਹਾ ਕਢਵਾਂਦੇ ਹਨ। ਸਾਹਾ ਕਢਵਾਣ ਦੀ ਜ਼ਿੰਮੇਂਵਾਰੀ ਕੰਨਿਆਂ ਪੱਖ ਦੇ ਸਿਰ ਹੈ। ਪਰ ਕੰਨਿਆਂ ਦਾ ਪਿਓ ਸਾਹਾ ਕਢਵਾਣ ਵੇਲੇ ਵਰ ਦੇ ਪਿਉ ਨਾਲ ਵਿਚਾਰ ਵਟਾਂਦਰਾ ਕਰ ਲੈਂਦਾ ਹੈ। ਮਹੂਰਤ ਕਢਵਾ ਕੇ ਫਿਰ ਸਾਹਾ ਚਿੱਠੀ ਦੁਆਰਾ ਵਰ ਪੱਖ ਨੂੰ ਸਾਹੇ ਦੀ ਸੂਚਨਾ ਭੇਜੀ ਜਾਂਦੀ ਹੈ। ਜੇ ਸਾਹਾ ਕਢਵਾਣ ਮਗਰੋਂ ਵਿਆਹ ਦਾ ਦਿਨ ਤੇ ਸਮਾਂ ਨਿਸਚਿਤ ਕਰ ਲਿਆ ਜਾਵੇ, ਤਾਂ ਇਸ ਨੂੰ 'ਸਾਹਾ ਸੋਧਣਾ' ਕਹਿੰਦੇ ਹਨ। ਇਕ ਵਾਰ ਸਾਹਾ ਸੋਧ ਲਿਆ ਜਾਵੇ, ਤਾਂ ਫਿਰ ਬਦਲਣਾ ਅਸ਼ੁਭ ਮੰਨਿਆ ਜਾਂਦਾ ਹੈ।

ਕਈ ਸਿਖ ਵੀ ਹਿੰਦੂਆਂ ਦੇ ਪ੍ਰਭਾਵ ਹੇਠ ਸਾਹਾ ਕਢਵਾਂਦੇ ਹਨ, ਪਰ ਗੁਰਮਤਿ ਚੰਗੇ ਮੰਦੇ ਦਿਨਾਂ ਦੇ ਭਰਮ ਨੂੰ ਨਹੀਂ ਮੰਨਦੀ। ਇਸ ਲਈ ਸਿਖਾਂ ਵਿਚ ਸਾਹਾ ਕਢਵਾਣਾ ਮਨਮਤ ਹੈ — 'ਸਾਹਾ ਗਣਹਿ ਨ ਕਰਹਿ ਬੀਚਾਰ।' (ਰਾਮਕਲੀ ਅਸ਼ਟਪਦੀ ਮਹਲਾ ੧)।

ਕੁਝ ਜਾਤਾਂ ਵਿਚ ਸਾਹੇ ਦੀ ਚਿੱਠੀ ਨਾਲ ਮੌਲੀ ਦਾ ਧਾਗਾ ਲਪੇਟਿਆ ਜਾਂਦਾ ਹੈ, ਜੋ ਵਰ ਪੱਖ ਵਾਲੇ ਖੋਲ੍ਹ ਕੇ ਵਰ ਦੀ ਬਾਂਹ ਨਾਲ ਬੰਨ੍ਹ ਦੇਂਦੇ ਹਨ। ਇਸ ਧਾਗੇ ਨੂੰ ਬੰਨ੍ਹਣ ਤੋਂ ਬਾਅਦ ਵਰ ਵਾਸਤੇ ਕੋਈ ਕੰਮ ਧੰਦਾ ਕਰਨਾ, ਕਪੜੇ ਬਦਲਣੇ ਅਤੇ ਨਚਣਾ ਟਪਣਾ ਵਰਜਿਤ ਹੋ ਜਾਂਦਾ ਹੈ। ਇਹ ਸਭ ਨਿਸ਼ੇਧ ਬਦਰੂਹਾਂ ਅਤੇ ਬਦਨਜ਼ਰ ਤੋਂ ਰੱਖਿਆ ਦੇ ਭਾਵ ਨਾਲ ਕੀਤੇ ਜਾਂਦੇ ਹਨ। ਇਸ ਰੀਤ ਨੂੰ 'ਸਾਹਾ ਬੰਨ੍ਹਣਾ' ਜਾਂ 'ਸਾਹੇ ਲਤ ਬੰਨ੍ਹਣਾ' ਵੀ ਕਹਿੰਦੇ ਹਨ। ਇਸੇ ਰੀਤ ਨੂੰ 'ਬੜੇ ਪਾਉਣਾ' ਜਾਂ 'ਮਾਈਏਂ ਪਾਉਣਾ' ਵੀ ਕਹਿ ਲਿਆ ਜਾਂਦਾ ਹੈ।

(ਸ-387) **ਸਾਹਾ ਚਿੱਠੀ** :

ਉਹ ਰਸਮੀ ਚਿੱਠੀ, ਜਿਸ ਵਿਚ ਕੰਨਿਆਂ ਪੱਖ ਵਾਲੇ, ਵਿਆਹ ਦੀ ਤਿੱਥ ਤੇ ਫੇਰਿਆਂ ਦਾ ਮਹੂਰਤ ਲਿਖ ਕੇ, ਵਰ ਦੀ ਧਿਰ ਨੂੰ ਪ੍ਰੋਹਿਤ ਦੇ ਹੱਥ ਭੇਜਦੇ ਹਨ। ਵਿਆਹ ਦੀ ਮਿਤੀ ਨਿਸਚਤ ਕਰਨ ਵੇਲੇ ਵਰ ਅਤੇ ਕੰਨਿਆਂ ਦੋਹਾਂ ਦੇ ਟੇਵੇ ਕੰਨਿਆਂ ਪੱਖ ਦੇ ਪਾਂਧੇ ਨੂੰ ਦਿਤੇ ਜਾਂਦੇ ਹਨ, ਜੋ

ਦੋਹਾਂ ਨੂੰ ਮੇਲ ਕੇ, ਗ੍ਰਹਿਆਂ ਦੇ ਸੰਜੋਗ, ਚਾਲ ਤੇ ਸਥਿਤੀ ਦੇ ਚੰਗੇ ਮੰਦੇ ਪ੍ਰਭਾਵ ਨੂੰ ਵਿਚਾਰ ਕੇ, ਵਿਆਹ ਦੀ ਸ਼ੁਭ ਤਿੱਥ ਭਾਵ 'ਸਾਹਾ' ਕਢਦਾ ਹੈ। ਜੇ ਦੋਵੇਂ ਧਿਰਾਂ ਰਜ਼ਾਮੰਦ ਹੋਣ, ਤਾਂ ਵਿਆਹ ਲਈ ਇਹ ਤਿੱਥ ਪ੍ਰਵਾਨ ਕਰ ਲਈ ਜਾਂਦੀ ਹੈ; ਇਸੇ ਨੂੰ 'ਸਾਹਾ ਸੋਧਣਾ' ਕਹਿੰਦੇ ਹਨ।

ਵਿਆਹ ਦੀ ਨਿਸਚਤ ਤਿੱਥ ਤੋਂ ਪਹਿਲਾਂ, ਗਿਆਰਾਂ ਤੋਂ ਲੈ ਕੇ ਇੱਕੀ ਦਿਨਾਂ ਦੇ ਅੰਦਰ ਅੰਦਰ, ਕੰਨਿਆਂ ਪੱਖ ਵਾਲੇ, ਕੁਲ-ਪ੍ਰੋਹਿਤ ਜਾਂ ਨਾਈ ਦੇ ਹੱਥ ਵਰ ਦੀ ਧਿਰ ਨੂੰ 'ਸਾਹੇ' ਦੀ ਤਿੱਥ ਤੇ ਲਗਨ ਆਦਿ ਬਾਰੇ ਇਕ ਚਿੱਠੀ ਭੇਜਦੇ ਹਨ, ਜਿਸ ਦੇ ਨਾਲ ਦੁਬ ਘਾਹ, ਚਾਉਲ, ਹਲਦੀ, ਖੁੰਮਣੀ ਆਦਿ ਸ਼ਗਨ ਦੀਆਂ ਚੀਜ਼ਾਂ ਹੁੰਦੀਆਂ ਹਨ। ਇਸ ਸਾਹਾ ਚਿੱਠੀ ਦੇ ਨਾਲ ਤ੍ਰੇਵਰ ਤੇ ਕੁਝ ਗਹਿਣੇ ਵੀ ਭੇਜੇ ਜਾਂਦੇ ਹਨ। ਗੁਰਦਾਸਪੁਰ ਦੇ ਖੱਤਰੀਆਂ ਤੇ ਬ੍ਰਾਹਮਣਾਂ ਵਿਚ ਸਾਹਾ ਚਿੱਠੀ ਨਾਲ ਕੁਝ ਨਕਦੀ, ਕੁੜਮਣੀ ਲਈ ਕਪੜੇ ਤੇ ਗਹਿਣੇ; ਵਰ ਲਈ ਇਕ ਕਟੋਰਾ, ਥੋੜ੍ਹੀ ਜਿਹੀ ਮਿਸ਼ਰੀ, ਠੂਠੀਆਂ ਤੇ ਰੁਪਏ ਭੇਜੇ ਜਾਂਦੇ ਹਨ। ਇਨ੍ਹਾਂ ਚੀਜ਼ਾਂ ਨੂੰ 'ਟਿਕਾ' ਕਹਿੰਦੇ ਹਨ। ਵਰ ਦੀ ਧਿਰ ਦਾ ਕੁਲ-ਪ੍ਰੋਹਿਤ ਜਾਂ ਨਾਈ, ਜੋ ਸਾਹਾ ਚਿੱਠੀ ਨੂੰ ਲਿਆਉਂਦਾ ਹੈ, ਉਸ ਦੇ ਹੱਥ ਕੰਨਿਆਂ ਲਈ 'ਬਿਦ' ਵੀ ਭੇਜੀ ਜਾਂਦੀ ਹੈ, ਜਿਸ ਵਿਚ ਠੂਠੀ, ਬਦਾਮ, ਛੁਹਾਰੇ ਆਦਿ ਚੀਜ਼ਾਂ ਹੁੰਦੀਆਂ ਹਨ (ਵੇਖੋ : ਬਿਦ)। ਹਰਿਆਣੇ ਵਿਚ ਸਾਹੇ ਚਿੱਠੀ ਦੀ ਰਸਮ ਵੇਲੇ ਭਾਈਚਾਰੇ ਨੂੰ ਸੱਦ ਕੇ ਕੰਨਿਆਂ ਨੂੰ ਕੋਲ ਬਿਠਾ ਲਿਆ ਜਾਂਦਾ ਹੈ। ਇਸ ਚਿੱਠੀ ਵਿਚ ਦਾਜ ਦਾ ਵੇਰਵਾ, ਜੰਞ ਦੀ ਗਿਣਤੀ ਅਤੇ ਨਾਈ ਦੀ ਲਾਗ ਤਕ ਲਿਖਵਾ ਦਿਤੀ ਜਾਂਦੀ ਹੈ। ਸਾਹਾ ਚਿੱਠੀ ਕੇਸਰ ਨਾਲ ਲਿਖੀ ਜਾਂਦੀ ਹੈ। ਜੇ ਸਾਧਾਰਨ ਸਿਆਹੀ ਨਾਲ ਲਿਖੀ ਜਾਵੇ, ਤਾਂ ਉਪਰ ਕੇਸਰ ਦੇ ਕੁਝ ਛੱਟੇ ਤਰੌਂਕ ਦਿਤੇ ਜਾਂਦੇ ਹਨ।

ਜਦੋਂ ਕੰਨਿਆਂ ਦਾ ਪ੍ਰੋਹਿਤ ਜਾਂ ਨਾਈ ਸਾਹਾ-ਚਿੱਠੀ ਲੈ ਕੇ ਵਰ ਪੱਖ ਦੇ ਘਰ ਪਹੁੰਚਦਾ ਹੈ, ਤਾਂ ਵਰ ਦਾ ਪਿਉ ਸਾਰੇ ਭਾਈਚਾਰੇ ਨੂੰ ਸਦਵਾਂਦਾ ਹੈ। ਵਰ ਪੱਖ ਦਾ ਪ੍ਰੋਹਿਤ ਆਟੇ ਨਾਲ ਚੌਕ ਪੂਰ ਕੇ ਤੇ ਉਪਰ ਚੌਂਕੀ ਰਖ ਕੇ ਲੜਕੇ ਨੂੰ ਬਿਠਾਂਦਾ ਹੈ। ਬ੍ਰਾਹਮਣ ਮੰਤ੍ਰਾਂ ਦਾ ਉਚਾਰਨ ਕਰਦਾ ਹੋਇਆ ਸਾਹਾ ਚਿੱਠੀ ਤੇ ਉਸ ਨਾਲ ਆਈਆਂ ਵਸਤੂਆਂ ਲੜਕੇ ਦੀ ਝੋਲੀ ਵਿਚ ਪਾ ਦੇਂਦਾ ਹੈ। ਫਿਰ ਪੰਚਾਇਤ ਦੇ ਸਾਹਮਣੇ ਚਿੱਠੀ ਖੋਲ੍ਹ ਕੇ ਪੜ੍ਹੀ ਜਾਂਦੀ ਹੈ।

ਗੁਰਦਾਸਪੁਰ ਆਦਿ ਸ਼ਹਿਰਾਂ ਵਿਚ, ਚਿੱਠੀ ਦੇ ਨਾਲ ਹੀ ਮੇਚਾ ਭੇਜਿਆ ਜਾਂਦਾ ਹੈ, ਤਾਂ ਜੋ ਕੰਨਿਆਂ ਦੀ ਵਰੀ ਤਿਆਰ ਕੀਤੀ ਜਾ ਸਕੇ। ਪਹਾੜੀ ਇਲਾਕੇ ਵਿਚ ਸਾਹਾ ਚਿੱਠੀ ਲਿਆਉਣ ਵਾਲੇ ਨਾਈ ਦੇ ਨਾਲ ਹੀ ਵਰ ਪੱਖ ਵਾਲੇ ਆਪਣਾ ਨਾਈ ਜਾਂ ਛੀਂਬਾ ਭੇਜ ਦਿੰਦੇ ਹਨ, ਜਿਹੜਾ ਕੁੜੀ ਦੀ ਜੁੱਤੀ ਤੇ ਕਪੜਿਆਂ ਦਾ ਮੇਚਾ ਲੈ ਕੇ ਆਉਂਦਾ ਹੈ।

(ਸ-388) **ਸਾਹਿਬ ਸਲਾਮਤ** :

ਆਪੋ ਵਿਚ ਮਿਲਣ ਵੇਲੇ ਵਰਤੀਣ ਵਾਲਾ ਇਕ ਬੋਲਾ; ਪੰਜਾਬੀ ਕੋਸ਼ (1,218) ਅਨੁਸਾਰ ਸਿੱਖਾਂ ਮੁਸਲਮਾਨਾਂ ਦੇ ਆਪੋ ਵਿਚ ਮੇਲ ਮੁਲਾਕਾਤ ਵੇਲੇ ਇਹ ਬੋਲਾ ਵਰਤਿਆ ਜਾਂਦਾ ਸੀ। ਜੋ ਪਹਿਲਾਂ ਬੁਲਾਵੇ, ਉਹ 'ਸਾਹਿਬ ਸਲਾਮਤ' ਆਖਦਾ ਤੇ ਅੱਗੋਂ ਦੂਸਰਾ ਉਤਰ ਵਿਚ 'ਸਾਹਿਬ ਨੂੰ ਸਲਾਮ' ਕਹਿੰਦਾ। ਜਾਪਦਾ ਹੈ ਕਿ ਇਹ ਬੋਲਾ ਸਿੱਖ ਰਾਜ ਦੀ ਚੜ੍ਹਤ ਸਮੇਂ ਸਿੱਖੀ ਤੇ ਮੁਸਲਮਾਨੀ ਦੋਹਾਂ ਸੰਸਕ੍ਰਿਤੀਆਂ ਦੀ ਸਾਂਝ ਦੇ ਰੂਪ ਵਿਚ ਉਪਜਿਆ। ਅੱਜ ਕਲ੍ਹ ਇਹ ਬੋਲਾ ਪ੍ਰਚਲਤ ਨਹੀਂ ਰਿਹਾ।

(ਸ-389) **ਸਾਹਿਬਾ** :

ਹੀਰ ਦਾ ਪਤੀ; ਦਮੋਦਰ ਨੇ ਆਪਣੇ ਕਿੱਸੇ ਵਿਚ ਹੀਰ ਦੇ ਪਤੀ ਦਾ ਨਾਂ ਸਾਹਿਬਾ ਲਿਖਿਆ ਹੈ, ਪਰ ਵਾਰਸ ਸ਼ਾਹ ਤੇ ਕੁਝ ਹੋਰ ਕਵੀਆਂ ਅਨੁਸਾਰ ਹੀਰ ਦੇ ਪਤੀ ਦਾ ਨਾਉਂ ਸੈਦਾ ਸੀ। ਰੰਗਪੁਰ ਖੇੜਿਆਂ ਦਾ ਨਿਵਾਸੀ ਸਾਹਿਬਾ ਉਥੋਂ ਦੇ ਚੌਧਰੀ ਅਲੀ ਦਾ ਪੁੱਤਰ ਸੀ। ਦਮੋਦਰ ਦੇ ਕਥਨ ਅਨੁਸਾਰ ਹੀਰ ਵਿਆਹ ਤੋਂ ਬਾਅਦ ਸਾਢੇ ਪੈਂਤੀ ਮਹੀਨੇ ਰੰਗਪੁਰ ਵਿਚ ਸਾਹਿਬੇ ਦੇ ਘਰ ਰਹੀ, ਪਰ ਸਾਹਿਬੇ ਨੇ ਹੀਰ ਦੇ ਕਿਸੇ ਵੀ ਅੰਗ ਨੂੰ ਕਦੇ ਛੂਹਿਆ ਤਕ ਨਹੀਂ ਸੀ। ਰਵਾਇਤ ਹੈ ਕਿ

ਸਾਹਿਬੇ ਨੂੰ ਹੀਰ ਦੇ ਨੇੜੇ ਢੁਕਦਿਆਂ ਕਹਿਰਾਂ ਦਾ ਸੇਕ ਮਹਿਸੂਸ ਹੁੰਦਾ ਸੀ। ਪੰਜਾਂ ਪੀਰਾਂ ਨੇ ਵੀ ਹੀਰ ਦੀ ਰੱਖਿਆ ਸਾਹਿਬੇ ਤੋਂ ਕੀਤੀ। ਹੀਰ ਖ਼ੁਦ ਸਾਹਿਬੇ ਬਾਰੇ ਕਾਜ਼ੀ ਨੂੰ ਕਹਿੰਦੀ ਹੈ :

ਸਾਢੇ ਪੈਂਤੀ ਮਾਸ ਗੁਜ਼ਾਰੇ,
ਅਸਾਂ ਲੂਣ ਨਾ ਖੇੜੇ ਦਾ ਖਾਇਆ।
ਹਿਕਾ ਛਿੱਪਰੀ ਪੇਕਿਆਂ ਵਾਲੀ,
ਅਸਾਂ ਤ੍ਰੇਵਰ ਨਾ ਕੋਈ ਹੰਢਾਇਆ।
ਜਿਹੀ ਭਾਵੀ ਸਹੁੰ ਸੋ ਦੇਸਾਂ,
ਕਦੇ ਮੰਜੇ ਪਾਸ ਨਾ ਆਇਆ।

(ਵੇਖੋ : ਸੈਦਾ)।

(ਸ-390) **ਸਾਹਿਬਾਂ** :

ਮਿਰਜ਼ੇ ਦੀ ਪ੍ਰੇਮਿਕਾ (ਵੇਖੋ : ਮਿਰਜ਼ਾ ਸਾਹਿਬਾਂ)।

(ਸ-391) **ਸਾਹੀ** :

ਖੱਤਰੀਆਂ ਦੀ ਇਕ ਜਾਤ; ਜੱਟਾਂ ਦੀ ਇਕ ਗੋਤ ਵੀ ਸਾਹੀ ਨਾਂ ਨਾਲ ਪ੍ਰਸਿਧ ਹੈ।

(ਸ-392) **ਸ਼ਾਹੀ ਤੰਬੋਲ** :

ਵਿਆਹ ਵੇਲੇ ਵਰ ਤੇ ਕੰਨਿਆਂ ਦੇ ਰਿਸ਼ਤੇਦਾਰ, ਸ਼ਰੀਕੇ ਤੇ ਭਾਈਚਾਰੇ ਦੇ ਲੋਕ ਕੁਝ ਨਕਦ ਰੁਪਏ ਸ਼ਗਨ ਵਜੋਂ ਭੇਟ ਕਰਦੇ ਹਨ, ਜਿਸ ਨੂੰ ਤੰਬੋਲ ਕਿਹਾ ਜਾਂਦਾ ਹੈ। ਦੇਸ਼-ਵੰਡ ਤੋਂ ਪਹਿਲਾਂ ਬਹਾਵਲਪੁਰ ਰਿਆਸਤ ਦੇ ਖੱਤਰੀਆਂ ਵਿਚ ਤੰਬੋਲ ਦੀ ਰਸਮ ਇਕ ਵਿਸ਼ੇਸ਼ ਵਿਧੀ ਨਾਲ ਕੀਤੀ ਜਾਂਦੀ ਸੀ, ਜੋ ਕਿਸੇ ਪੁਰਾਣੀ ਇਤਿਹਾਸਕ ਘਟਨਾ ਵਲ ਸੰਕੇਤ ਕਰਦੀ ਹੈ। ਇਸ ਵਿਸੇਸ਼ ਰਸਮ ਨੂੰ 'ਸ਼ਾਹੀ ਤੰਬੋਲ' ਕਿਹਾ ਜਾਂਦਾ ਸੀ।

ਰਸਮ ਸ਼ੁਰੂ ਹੋਣ ਤੋਂ ਪਹਿਲਾਂ, ਇਕ ਭੱਟ, ਜਿਸ ਦੇ ਸੱਜੇ ਹੱਥ ਵਿਚ ਨਾਰੀਅਲ ਫੜਿਆ ਹੁੰਦਾ, ਤੰਬੋਲ ਦੇਣ ਲਈ ਇਕੱਠੇ ਹੋਏ ਸਾਕਾਂ ਤੇ ਬਰਾਦਰੀ ਦੇ ਲੋਕਾਂ ਵਿਚ ਖੜਾ ਹੋ ਕੇ, ਉੱਚੀ ਸੁਰ ਵਿਚ ਅਲਾਪਦਾ : "ਅਕਬਰ ਸ਼ਾਹ ਦੇ ਘਰ ਦਾ ਨਰੇਲ, ਵੇਲ ਵਧੇ।" ਫਿਰ ਭੱਟ ਉਸ ਨਾਰੀਅਲ ਨੂੰ ਲੜਕੇ ਦੇ ਪਿਓ ਦੀ ਝੋਲੀ ਵਿਚ ਪਾ ਦੇਂਦਾ। ਇਸ ਤੋਂ ਬਾਅਦ ਭੱਟ ਇਕ ਹੋਰ ਨਾਰੀਅਲ ਲੈ ਕੇ, ਉੱਚੀ ਸੁਰ ਵਿਚ ਕਹਿੰਦਾ : "ਟੋਡਰ ਮਲ ਦੇ ਘਰ ਦਾ ਨਰੇਲ, ਵੇਲ ਵਧੇ।" ਇਸ ਨਾਰੀਅਲ ਨੂੰ ਵੀ ਭੱਟ ਲੜਕੇ ਦੇ ਪਿਉ ਦੀ ਝੋਲੀ ਵਿਚ ਪਾ ਦੇਂਦਾ। ਇਸ ਗੀਤ ਤੋਂ ਬਾਅਦ ਹੀ ਬਾਕੀ ਸਾਕ-ਸੰਬੰਧੀ ਤੰਬੋਲ ਭੇਟ ਕਰਦੇ ਸਨ।

ਇਹ ਗੀਤ ਅਕਬਰ ਦੇ ਵੇਲੇ ਤੋਂ ਬਹਾਵਲਪੁਰ ਦੇ ਇਲਾਕੇ ਵਿਚ ਪ੍ਰਚਲਤ ਹੈ। ਰਵਾਇਤ ਹੈ ਕਿ ਅਕਬਰ ਦੇ ਰਾਜ ਸਮੇਂ, ਜਦੋਂ ਵੀ ਦੇਸ਼ ਦੇ ਕਿਸੇ ਕੋਨੇ ਵਿਚ, ਕਿਸੇ ਖੱਤਰੀ ਦੇ ਲੜਕੇ ਦਾ ਵਿਆਹ ਹੁੰਦਾ, ਤਾਂ ਅਕਬਰ ਅਤੇ ਟੋਡਰ ਮਲ ਦੋਵੇਂ ਇਕ ਇਕ ਨਾਰੀਅਲ ਸ਼ਗਨ ਵਜੋਂ ਵਿਆਹੁੰਦੜ ਲੜਕੇ ਦੇ ਪਿਉ ਨੂੰ ਭੇਜਦੇ ਸਨ। ਅਕਬਰ ਇਹ ਰਸਮ ਟੋਡਰ ਮਲ ਨੂੰ ਪ੍ਰਸੰਨ ਰਖਣ ਲਈ ਕਰਦਾ ਅਤੇ ਟੋਡਰ ਮਲ, ਜਿਸ ਦੇ ਕੋਲ ਮਾਲੀਆ ਉਗਰਾਹੁਣ ਦਾ ਮਹਿਕਮਾ ਸੀ, ਆਪਣੀ ਜ਼ਾਤ ਬਰਾਦਰੀ ਦੇ ਖੱਤਰੀਆਂ ਨੂੰ ਖ਼ੁਸ਼ ਰਖਣ ਲਈ ਨਾਰੀਅਲ ਭੇਜਦਾ ਸੀ। ਸ਼ਾਹੀ ਤੰਬੋਲ ਭੇਜਣ ਦੀ ਰਸਮ ਅਕਬਰ ਦੀ ਮੌਤ ਤਕ ਪ੍ਰਚਲਤ ਰਹੀ; ਜਹਾਂਗੀਰ ਦੇ ਤਖ਼ਤ ਉਤੇ ਬੈਠਣ ਨਾਲ ਇਹ ਪ੍ਰਥਾ ਬੰਦ ਹੋ ਗਈ। ਪਰ ਕਈ ਇਲਾਕਿਆਂ ਦੇ ਖੱਤਰੀਆਂ ਨੇ ਇਸ ਰਸਮ ਦੀ ਯਾਦ ਨੂੰ ਕਾਇਮ ਰਖਣ ਲਈ, ਇਸ ਨੂੰ ਚਿੰਨ੍ਹਾਤਮਿਕ ਰੂਪ ਵਿਚ ਅਪਣਾਈ ਰਖਿਆ।

(ਸ-393) **ਸਾਹੇ ਲਤ ਬੰਨ੍ਹਣਾ** :

(ਵੇਖੋ : ਸਾਹਾ)।

(ਸ-394) **ਸ਼ਾਹੂਕਾਰ** :

ਸ਼ਾਹੂਕਾਰਾਂ ਬਾਰੇ ਪੰਜਾਬੀ ਵਿਚ ਅਖਾਣ, ਲਘੂ ਕਥਾਵਾਂ, ਸਿਠਾਂ ਆਦਿ ਦੀ ਵੰਨ-ਸੁਵੰਨੀ ਲੋਕਧਾਰਾਈ ਸਾਮਗ੍ਰੀ ਪ੍ਰਾਪਤ ਹੈ। ਭਾਵੇਂ ਸ਼ਾਹੂਕਾਰ ਪਿੰਡ ਦੀ ਆਰਥਕਤਾ ਦੀ ਟੇਕ ਅਤੇ ਲੋਕਾਂ ਦੀ ਪਤ ਦਾ ਰਾਖਾ ਰਿਹਾ ਹੈ (ਗੁਰੂ ਬਿਨਾਂ ਗਤ ਨਹੀਂ; ਸ਼ਾਹ ਬਿਨਾਂ ਪਤ ਨਹੀਂ)। ਪਰ ਲੋਕ-ਚੇਤਨਾ ਨੇ ਸ਼ਾਹੂਕਾਰ ਦੀ ਅਸਲੀ ਨੁਹਾਰ ਨੂੰ ਪਛਾਣ ਕੇ, ਉਸ ਨੂੰ ਲੋਕ-ਧ੍ਰੋਹੀ ਪਾਤਰ ਦੇ ਰੂਪ ਵਿਚ ਵੀ ਸਿਰਜਿਆ ਹੈ :

ਜਾਨਣਹਾਰੇ ਜਾਣ ਗਏ ਸ਼ਾਹ ਜੀ ਤੇਰੀ ਬਾਣ ।
ਲਹੂ ਪੀਵੇਂ ਅਣਛਾਣਿਆ, ਪਾਣੀ ਪੀਵੇਂ ਛਾਣ ।

ਸ਼ਾਹੂਕਾਰ ਖੱਤਰੀ ਜਾਂ ਅਰੋੜਾ ਵੀ ਹੋ ਸਕਦਾ ਹੈ ਅਤੇ ਵੈਸ਼ ਜਾਤੀ ਦਾ ਬਾਣੀਆਂ ਵੀ, ਪਰ ਮਧਕਾਲੀ ਚੇਤਨਾ ਨੇ ਸ਼ਾਹੂਕਾਰ ਸ਼੍ਰੇਣੀ ਦੀਆਂ ਮੰਦ-ਭਾਵਨਾਵਾਂ, ਦੁਸ਼ਟ ਤੇ ਲੋਭੀ ਸੁਭਾਵ ਅਤੇ ਲਹੂ ਪੀਣੀ ਪ੍ਰਵਿਰਤੀ ਬਾਣੀਏਂ ਵਿਚ ਕੇਂਦਰਤ ਕਰ ਦਿਤੀ ਤੇ ਉਸੇ ਨੂੰ ਹੀ ਪ੍ਰਤੀਨਿਧ ਰੂਪ ਦੇ ਕੇ ਭੰਡਿਆ ਹੈ : "ਬਾਣੀਆਂ ਨੇ ਅਤਿ ਚੁਕ ਲਈ, ਸਾਰਾ ਪਿੰਡ ਕਰਜ਼ਈ ਕੀਤਾ ।"

ਸ਼ਾਹੂਕਾਰ ਸਸਤੇ ਵੇਲੇ ਅੰਨ ਖ਼ਰੀਦ ਕੇ ਅੰਦਰ ਭਰ ਲੈਂਦਾ ਰਿਹਾ ਤੇ ਮਹਿੰਗੇ ਵੇਲੇ ਕਢ ਕੇ ਵੇਚਦਾ ਰਿਹਾ । ਉਸ ਦੀ ਦੁਸ਼ਟ ਬੁਧੀ ਅੱਕ ਤੇ ਜਵਾਹਾਂ ਵਾਂਗ, ਜੜ੍ਹ ਹੋ ਜਾਣ ਕਰ ਕੇ, ਕਦੇ ਮੀਂਹ ਨਹੀਂ ਮੰਗਦੀ :

ਅੱਕ, ਜਵਾਹਾਂ, ਅਗਰੀ, ਚੌਥਾ ਸ਼ਾਹੂਕਾਰ
ਚਾਰੇ ਮੀਂਹ ਨਾ ਮੰਗਦੇ
ਭਾਵੇਂ ਉਜੜ ਜਾਏ ਸੰਸਾਰ ।

ਜੇ ਸੋਕਾ ਪੈ ਜਾਵੇ, ਤਾਂ ਅੰਨ ਘਟ ਪੈਦਾ ਹੋਣ ਕਰ ਕੇ, ਸ਼ਾਹੂਕਾਰ ਦੇ ਗੁਦਾਮਾਂ ਵਿਚਲਾ ਅੰਨ ਮਹਿੰਗੇ ਭਾਅ ਵਿਕਦਾ ਹੈ । ਮੀਂਹ ਨੂੰ ਵਰਜਣ ਲਈ ਸ਼ਾਹੂਕਾਰਾਂ ਵਿਚ ਕੁਝ ਟੂਣੇ ਟੱਪੇ ਵੀ ਪ੍ਰਚਲਤ ਹਨ । ਇਕ ਟੂਣਾ ਜਿਸ ਨੂੰ ਲੋਕ-ਚੇਤਨਾ ਨੇ 'ਸ਼ਾਹ ਦਾ ਸੋਗ' ਕਿਹਾ ਹੈ, ਇਸ ਪ੍ਰਕਾਰ ਹੈ : ਜਦੋਂ ਅਸਮਾਨ ਵਿਚ ਬੱਦਲ ਘਿਰ ਆਉਣ, ਤਾਂ ਸ਼ਾਹ ਆਪਣੀ ਕੰਨਿਆਂ ਨੂੰ, ਮੁਰਦੇ ਦੀਆਂ ਹੱਡੀਆਂ ਤੋਂ ਬਣਾਏ ਇਕ ਵਿਸੇਸ਼ ਤਰ੍ਹਾਂ ਦੇ ਚਰਖ਼ੇ ਨੂੰ, ਜੋ ਉਸ ਨੇ ਘਰ ਦੇ ਅੰਦਰਲੇ ਕੋਠੇ ਵਿਚ ਛੁਪਾ ਕੇ ਰਖਿਆ ਹੁੰਦਾ ਹੈ, ਪੁਠੇ ਗੇੜੇ ਦੇਣ ਦਾ ਆਦੇਸ਼ ਦਿੰਦਾ ਹੈ । ਧਾਰਨਾ ਹੈ ਕਿ ਜਿਵੇਂ ਜਿਵੇਂ ਕੰਨਿਆਂ ਚਰਖ਼ੇ ਨੂੰ ਗੇੜੇ ਦੇਂਦੀ ਹੈ, ਬੱਦਲ ਖਿੰਡਦੇ ਜਾਂਦੇ ਹਨ ਅਤੇ ਮੀਂਹ ਨਹੀਂ ਵਰ੍ਹਦਾ । ਜੇ ਹੱਡੀਆਂ ਦਾ ਚਰਖ਼ਾ ਪ੍ਰਾਪਤ ਨਾ ਹੋਵੇ, ਤਾਂ ਆਮ ਚਰਖ਼ੇ ਨੂੰ ਹੀ ਵਰਤ ਲਿਆ ਜਾਂਦਾ ਹੈ । ਇਸੇ ਤਰ੍ਹਾਂ ਦਾ ਇਕ ਹੋਰ ਟੂਣਾ 'ਦਿਨੇ ਦੀਵਟ' ਬਾਲਣਾ ਹੈ । ਅਸਮਾਨ ਉਤੇ ਘਿਰ ਕੇ ਆਏ ਬੱਦਲਾਂ ਨੂੰ ਖਿੰਡਾਣ ਲਈ ਸ਼ਾਹੂਕਾਰ ਦੀ ਕੰਨਿਆਂ ਦੀਵੇ ਵਿਚ ਘਿਓ ਪਾ ਕੇ ਬਾਲਦੀ ਤੇ ਉਸ ਨੂੰ ਕੋਠੇ ਉਤੇ ਰਖਦੀ ਹੋਈ ਸੂਰਜ ਨੂੰ ਤਾਅਨੇ ਮਾਰਦੀ ਹੈ :

ਸੂਰਜਾ ਮੂਰਜਾ ਧੁਪ ਚੜ੍ਹਾ,
ਧੁਪ ਚੜ੍ਹਾ ਵੇ ਬੱਦਲ ਉਡਾ ।
ਤੇਰੇ ਰਾਜ 'ਚ ਦੀਵਾ ਬਾਲਿਆ,
ਲਈ ਊ ਲਜ ਲਵਾ ।

ਇਸ ਤਰ੍ਹਾਂ ਦੇ ਕਈ ਹੋਰ ਟੂਣੇ ਟੱਪੇ ਮੀਂਹ ਨੂੰ ਵਰਜਣ ਲਈ ਸ਼ਾਹਾਂ ਵਿਚ ਪ੍ਰਚਲਤ ਹਨ (ਵੇਖੋ : ਮੀਂਹ ਵਰਜਣਾ) ।

ਲੋਕ-ਅਨੁਭਵ ਨੇ ਸ਼ਾਹ ਦੀ ਲੁਟ ਖਸੁਟ ਬਾਰੇ ਇਕ ਅਖਾਣ ਇਉਂ ਸਿਰਜਿਆ ਹੈ : "ਖਾਧਾ ਪੀਤਾ ਲਾਹੇ ਦਾ, ਰਹਿੰਦਾ ਪਿੰਡ ਦੇ ਸ਼ਾਹੋ ਦਾ ।" ਇਹੋ ਅਖਾਣ ਨਾਦਰ ਸ਼ਾਹ ਦੇ ਧਾੜੇ ਵੇਲੇ ਨਾਦਰ ਸ਼ਾਹ ਦੇ ਲੋਟੂ ਸੁਭਾਅ ਅਤੇ ਅਹਿਮਦ ਸ਼ਾਹ ਦੀ ਲੁਟ ਖਸੁਟ ਵੇਲੇ ਅਹਿਮਦ ਸ਼ਾਹੀ ਲੁਟ ਦਾ ਬੋਧ ਕਰਵਾਉਂਦਾ ਰਿਹਾ । ਜਾਪਦਾ ਹੈ ਕਿ ਲੋਕ-ਚੇਤਨਾ ਨੂੰ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਵਰਗੇ ਧਾੜਵੀਆਂ ਦਾ ਰਾਖਸ਼-ਮਨ ਪਿੰਡ ਦੇ ਸ਼ਾਹ ਦੀ ਖਲੜੀ ਵਿਚ ਬੈਠੇ ਅਸੁਰੀ ਮਨ ਦਾ ਪ੍ਰਤਿਰੂਪ ਹੀ ਲੱਗਾ । ਹੋ ਸਕਦਾ ਹੈ ਕਿ ਇਹ ਅਖਾਣ ਮੁਢ ਵਿਚ ਕਿਸੇ ਸ਼ਾਹ ਬਾਰੇ ਹੀ ਹੋਵੇ, ਜੋ ਮਗਰੋਂ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਨਾਲ ਜੋੜ ਦਿਤਾ ਗਿਆ ਹੋਵੇ ।

ਸ਼ਾਹੂਕਾਰਾਂ ਬਾਰੇ ਵਿਵਧ ਲਘੂ-ਕਥਾਵਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਦੀ ਭ੍ਰਿਸ਼ਟ ਬੁਧੀ, ਅਣਮਨੁਖੀ ਵਿਹਾਰ, ਲੋਭੀ ਤੇ ਉਲਾਰ ਮਨ ਉਤੇ ਵਿਅੰਗ ਤੇ ਕਟਾਖਸ਼ ਹੈ । ਪਿੰਡ ਦੇ ਪਰਿਆਂ ਵਿਚ ਮਿਰਾਸੀ ਸ਼ਾਹ ਦੇ ਪਖੰਡਾਂ ਦੀਆਂ ਨਕਲਾਂ ਆਮ ਉਤਾਰਦੇ ਰਹੇ ਹਨ । ਵਿਆਹ ਦੇ ਦਿਨੀਂ ਨਾਨਕੀ ਧਿਰ ਜੋ 'ਜਾਗੋ' ਕਢਦੀ ਹੈ, ਉਸ ਵਿਚ ਵੀ ਸ਼ਾਹ ਦੀ ਚੰਗੀ ਮਿੱਟੀ ਪਲੀਤ ਕੀਤੀ ਜਾਂਦੀ ਰਹੀ ਹੈ ।

(ਸ-395) **ਸਾਕ :**

(ਵੇਖੋ : ਅੰਗ ਸਾਕ) ।

(ਸ-396) **ਸਾਕਤ ਮੱਤ :**

(ਵੇਖੋ : ਸ਼ਕਤੀ) ।

(ਸ-397) **ਸ਼ਾਕਨੀ** :

ਬਦਰੂਹਾਂ ਦਾ ਇਕ ਵਿਸ਼ੇਸ਼ ਵਰਗ, ਜੋ ਔਰਤਾਂ ਵਿਚ ਝਲਪੁਣੇ ਦੀ ਬੀਮਾਰੀ ਪੈਦਾ ਕਰਦਾ ਹੈ। ਕਈ ਲੋਕ ਤਾਂ ਗਰਭ ਦੇ ਖੰਡਤ ਹੋਣ ਦੀ ਜ਼ਿੰਮੇਵਾਰੀ ਸ਼ਾਕਨੀ 'ਤੇ ਹੀ ਠਹਿਰਾਂਦੇ ਹਨ। ਸ਼ਾਕਨੀ ਮੂਲ ਵਿਚ ਪ੍ਰੇਤ ਨਹੀਂ, ਇਕ ਜੋਗਨੀ ਹੈ, ਜਿਸ ਨੂੰ ਡਾਕਨੀ ਵੀ ਕਹਿ ਲੈਂਦੇ ਹਨ। ਜੋਗਨੀਆਂ ਦੀ ਕੁਲ ਸੰਖਿਆ ਚੌਂਸਠ ਹੈ, ਜਿਨ੍ਹਾਂ ਵਿਚੋਂ ਅੱਠ ਪ੍ਰਧਾਨ ਹਨ। ਇਨ੍ਹਾਂ ਵਿਚੋਂ ਹੀ ਇਕ ਸ਼ਾਕਨੀ ਹੈ। ਧਾਰਨਾ ਹੈ ਕਿ ਸ਼ਾਕਨੀ ਹਮੇਸ਼ਾਂ ਦੁਰਗਾ ਦੀ ਸੇਵਾ ਵਿਚ ਹਾਜ਼ਰ ਰਹਿੰਦੀ ਹੈ ਤੇ ਜੇ ਇਸ ਦਾ ਪਰਛਾਵਾਂ ਪੈ ਜਾਵੇ, ਤਾਂ ਝਲਪੁਣੇ ਦਾ ਰੋਗ ਹੋ ਜਾਂਦਾ ਹੈ।

ਜੋਗਨੀਆਂ ਦੀ ਦਿਸ਼ਾ ਸਥਿਤੀ ਦਾ ਮਨੁੱਖੀ ਜੀਵਨ ਉਤੇ ਡੂੰਘਾ ਅਸਰ ਮੰਨਿਆ ਜਾਂਦਾ ਹੈ ਅਤੇ ਧਰਤੀ ਉਤੇ ਰੋਗ, ਭੁਚਾਲ, ਮੀਂਹ, ਝਖੜ ਆਦਿ ਜੋਗਨੀਆਂ ਦੀ ਦਿਸ਼ਾ-ਸਥਿਤੀ ਦੇ ਪ੍ਰਭਾਵ ਹੇਠ ਹੀ ਆਉਂਦੇ ਹਨ। ਸ਼ਾਕਨੀ ਦੀ ਦਿਸ਼ਾ-ਸਥਿਤੀ ਜੇ ਅਨੁਕੂਲ ਨਾ ਹੋਵੇ, ਤਾਂ ਰੋਗ ਫੈਲਦੇ ਹਨ। ਸਕੰਦ ਪੁਰਾਣ ਅਨੁਸਾਰ ਦਖਸ਼ ਦਾ ਯੱਗ ਨਾਸ ਕਰਨ ਵੇਲੇ ਵੀਰਭਦ੍ਰ ਦੇ ਨਾਲ ਸ਼ਾਕਨੀ ਵੀ ਗਈ ਸੀ। ਸ਼ਾਕਨੀ ਤੇ ਹੋਰ ਜੋਗਨੀਆਂ ਦਾ ਆਹਾਰ ਲਹੂ ਤੇ ਮਿੱਝ ਹੈ।

ਲਹਿੰਦੇ ਦੇ ਇਲਾਕੇ, ਖ਼ਾਸ ਤੌਰ ਤੇ ਬਹਾਵਲਪੁਰ ਵਿਚ, ਸ਼ਾਕਨੀ ਨੂੰ ਪਤਿਆਇਆ ਜਾਂਦਾ ਹੈ (ਵੇਖੋ : ਜੋਗਨੀਆਂ)।

(ਸ-398) **ਸਾਕਲ** :

ਸਿਆਲਕੋਟ ਦਾ ਪੁਰਾਣਾ ਨਾਉਂ (ਵੇਖੋ : ਸਿਆਲਕੋਟ)। ਕਈ ਭੂਗੋਲਵੇਤਾ ਸਾਕਲ ਦਾ ਏਕੀਕਰਣ ਸਾਂਗਲੇ ਨਾਲ ਕਰਦੇ ਹਨ (ਵੇਖੋ : ਸਾਂਗਲਾ; ਸਿਆਲਕੋਟ)।

(ਸ-399) **ਸਾਕਾ** :

(1) ਪੰਜਾਬੀ ਕਥਾ-ਕਾਵਿ ਦਾ ਇਕ ਲੋਕ-ਪ੍ਰਿਯ ਰੂਪ, ਜਿਸ ਵਿਚ ਕਿਸੇ ਇਤਿਹਾਸਕ ਘਟਨਾ ਜਾਂ ਵੀਰਤਾ ਦੇ ਕਿਸੇ ਅਹਿਮ ਕਾਰਨਾਮੇ ਦਾ ਉਲੇਖ ਹੋਵੇ (ਵੇਖੋ : ਕਵੀਸ਼ਰੀ)।

(2) ਸਾਕਾ ਸੰਮਤ; ਇਕ ਦੇਸੀ ਸੰਮਤ, ਜੋ ਈਸਵੀ ਸੰਨ ਤੋਂ 78 ਵਰ੍ਹੇ ਮਗਰੋਂ ਸ਼ੁਰੂ ਹੋਇਆ (ਵੇਖੋ : ਸੰਮਤ)।

(ਸ-400) **ਸਾਕੰਭਰੀ** :

ਦੁਰਗਾ ਦੇਵੀ ਦਾ ਇਕ ਸਨਿਮਰ ਰੂਪ; ਮਾਰਕੰਡੇ ਪੁਰਾਣ ਅਨੁਸਾਰ ਇਕ ਵਾਰ ਪ੍ਰਿਥਵੀ ਉਤੇ ਭਿਆਨਕ ਕਾਲ ਪੈ ਗਿਆ। ਜਦੋਂ ਲੋਕੀਂ ਭੁਖ ਦੇ ਹੱਥੋਂ ਆਤੁਰ ਹੋ ਕੇ ਮਰਨ ਲੱਗੇ, ਤਦ ਦੁਰਗਾ ਦੇਵੀ ਦੇ ਮਨ ਵਿਚ ਦਇਆ ਆਈ ਤੇ ਉਹ ਪਰਉਪਕਾਰ ਦੀ ਭਾਵਨਾ ਨਾਲ ਸਾਗ ਦਾ ਰੂਪ ਧਾਰ ਕੇ ਸਾਰੀ ਪ੍ਰਿਥਵੀ ਉਤੇ ਫੈਲ ਗਈ। ਲੋਕਾਂ ਨੇ ਸਾਗ ਖਾ ਕੇ ਭੁਖ ਮੱਠੀ ਕੀਤੀ ਅਤੇ ਦੇਵੀ ਦਾ ਜਸ ਗਾਇਆ। ਸਾਕੰਭਰੀ ਦਾ ਸ਼ਾਬਦਿਕ ਅਰਥ, ਸਾਗ ਨਾਲ ਪਾਲਣ ਵਾਲੀ ਦੇਵੀ, ਵੀ ਇਸੇ ਘਟਨਾ ਵਲ ਸੰਕੇਤ ਕਰਦਾ ਹੈ। ਸਾਕੰਭਰੀ ਦਾ ਇਕ ਪ੍ਰਸਿਧ ਮੰਦਰ ਰਾਜਸਥਾਨ ਦੀ ਪ੍ਰਸਿਧ ਝੀਲ ਸਾਂਭਰ ਦੇ ਲਾਗੇ ਹੈ। ਇਸ ਝੀਲ ਦਾ ਨਾਂ ਸਾਕੰਭਰੀ ਤੋਂ ਹੀ ਵਿਕ੍ਰਤ ਹੋ ਕੇ ਸਾਂਭਰ ਪਿਆ।

(ਸ-401) **ਸਾਖੀ** :

ਸਾਖੀ ਸ਼ਬਦ ਸੰਸਕ੍ਰਿਤ ਦੇ 'ਸਾਕਸ਼ਯ' ਦਾ ਤਦਭਵ ਹੈ, ਜਿਸ ਦਾ ਕੋਸ਼ਗਤ ਅਰਥ ਗਵਾਹੀ ਹੈ। ਇਸ ਸਬਦ ਦੀ ਮੂਲ ਭਾਵਨਾ ਤੋਂ ਇਹੋ ਬੋਧ ਹੁੰਦਾ ਹੈ ਕਿ ਸਾਖੀ ਵਿਚ ਕੋਈ ਅਜਿਹਾ ਇਤਿਹਾਸਕ ਤੱਥ, ਜੀਵਨ ਘਟਨਾ ਅਥਵਾ ਝਾਕੀ ਪੇਸ਼ ਹੁੰਦੀ ਹੈ, ਜਿਸ ਨੂੰ ਕਿਸੇ ਸਾਖਿਆਤ ਵੇਖਿਆ ਹੋਵੇ; ਪਰ ਪਰੰਪਰਾ ਦੀ ਧੀ-ਧਿਆਣੀ ਹੋਣ ਦੇ ਨਾਤੇ ਸਾਖੀ ਲੋਕਧਾਰਾ ਦੇ ਅੰਤਰਗਤ ਆਉਂਦੀ ਹੈ, ਜੋ ਤੱਥ ਤੇ ਮਿੱਥ, ਮਨੌਤਾਂ ਤੇ ਵਿਸ਼ਵਾਸ਼ਾਂ ਦੀ ਮਿਸ਼ ਤੋਂ ਉਪਜੀ ਹੋਣ ਕਰ ਕੇ ਲੋਕ-ਸਚ ਤਾਂ ਹੁੰਦੀ ਹੈ, ਪਰ ਜ਼ਰੂਰੀ ਨਹੀਂ ਕਿ ਵਾਸਤਵਿਕ ਇਤਿਹਾਸਕ ਸੱਚ ਵੀ ਹੋਵੇ। ਇਸ ਲਈ ਸਾਖੀ ਕਿਸੇ ਸਾਧ ਸੰਤ, ਗੁਰ-ਵਿਅਕਤੀ ਆਦਿ ਦੇ ਜੀਵਨ ਦੇ ਕਿਸੇ 'ਲੋਕ-ਸੱਚ' ਦਾ ਬ੍ਰਿਤਾਂਤ ਹੈ, ਜੋ ਪਰੰਪਰਾ ਦੀ ਧਾਰਾ ਵਿਚ ਵਹਿੰਦਾ ਪੀੜ੍ਹੀਉ-ਪੀੜ੍ਹੀ ਅੱਗੇ ਤੁਰਦਾ ਜਾਂਦਾ ਹੈ। ਹਰ ਸਾਖੀ ਨੇ ਪਹਿਲਾਂ ਲੋਕ-ਮਨ ਵਿਚ ਗਰਭ ਭੋਗਿਆ ਅਤੇ ਇਥੋਂ ਹੀ

ਇਕ ਰੂਪ ਤੇ ਮੁਹਾਂਦਰਾ ਲੈ ਕੇ ਸਾਕਾਰ ਹੋਈ। ਸਾਖੀਕਾਰਾਂ ਨੇ ਤਾਂ ਕੇਵਲ ਸਾਖੀਆਂ ਨੂੰ ਲੋਕ-ਮੂੰਹਾਂ ਤੋਂ ਚੁਗਕੇ, ਆਪਣੀ ਸ਼ੈਲੀ ਵਿਚ ਉਨ੍ਹਾਂ ਦੀ ਪੁਨਰ-ਸਿਰਜਨਾ ਕੀਤੀ, ਲੋਕ-ਮਨ ਵਿਚੋਂ ਲੱਭੀ ਸਾਮਗ੍ਰੀ ਵਿਚ ਸਤਿ ਤੇ ਅਸਤਿ ਦਾ ਕਲਾਤਮਕ ਸੁਮੇਲ ਸਹਿਜ ਹੈ।

ਮਧ-ਯੁਗ ਦੀ ਸਿਰਜਣ ਪ੍ਰਕ੍ਰਿਆ ਵਸ਼ਿਸ਼ਟ ਪਧਰ ਉਤੇ ਵੀ ਸੰਜੋਗਾਤਮਕ ਸੀ, ਜਿਸ ਕਰ ਕੇ ਇਸ ਵਿਚ ਕਈ ਲੋਕ-ਤੱਤਾਂ ਦਾ ਸੁਮੇਲ ਇਕ ਸੁਭਾਵਿਕ ਕਰਮ ਸੀ। ਕੋਈ ਸਾਖੀ ਭਾਵੇਂ ਕਿਸੇ ਇਤਿਹਾਸਕ ਤੱਥ 'ਤੇ ਵੀ ਆਧਾਰਤ ਹੋਵੇ, ਤਾਂ ਵੀ ਉਹ ਕਾਲਪਨਿਕ ਤੱਤਾਂ ਤੇ ਲੋਕਧਾਰਾਈ ਅੰਸ਼ਾਂ ਤੋਂ ਮੁਕਤ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਸਾਖੀਆਂ ਦੀ ਬੁਨਿਆਦੀ ਪ੍ਰਵਿਰਤੀ ਸਾਧਾਰਨ ਨੂੰ ਅਦਭੁਤ, ਲੌਕਿਕ ਨੂੰ ਅਲੌਕਿਕ ਤੇ ਮਾਨਵ ਨੂੰ ਅਮਾਨਵੀ ਬਨਾਉਣ ਦੀ ਸੀ। ਇਸੇ ਲਈ ਸਾਖੀਆਂ ਵਿਚੋਂ ਕਿਸੇ ਮਹਾਂਪੁਰਸ਼ ਦਾ ਜੋ ਮੁਹਾਂਦਰਾ ਅਤੇ ਚਰਿਤ੍ਰ ਉਘੜਦਾ ਹੈ, ਉਹ ਪੌਰਾਣਿਕ ਹੈ, ਵਾਸਤਵਿਕ ਨਹੀਂ।

ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ, ਸਾਖੀਆਂ ਲੋਕ-ਮਨ ਦੀ ਬ੍ਰਿਤਾਂਤਕ ਅਭਿਵਿਅਕਤੀ ਹਨ। ਸਾਖੀਆਂ ਦਾ ਨਿਰਮਾਣ ਪਰੰਪਰਾਗਤ ਕਥਾਨਕ ਰੂੜ੍ਹੀਆਂ, ਸੰਪ੍ਰਦਾਇਕ ਸੰਕਲਪਾਂ ਤੇ ਮਨੌਤਾਂ ਦੀ ਸੰਜੋਗਾਤਮਕ ਪ੍ਰਕ੍ਰਿਆ ਦੁਆਰਾ ਹੋਣ ਦੇ ਨਾਤੇ, ਉਹ ਮਧ-ਕਾਲੀਨ ਦੀ ਪੁਰਾਣ ਸਿਰਜਨ-ਪ੍ਰਵਿਰਤੀ ਦਾ ਸਹਿਜ ਵਿਕਾਸ ਕਹੀਆਂ ਜਾ ਸਕਦੀਆਂ ਹਨ। ਇਹ ਵਿਕਾਸ ਦੇਵ ਤੋਂ ਮਨੁਖ ਤੇ ਮਿੱਥ ਤੋਂ ਤੱਥ ਵਲ ਦੀ ਯਾਤਰਾ ਵਿਚ ਇਕ ਨਰੋਆ ਕਦਮ ਸੀ। ਇਸ ਯਾਤ੍ਰਾ ਦਾ ਆਰੰਭ ਭਾਵੇਂ ਬੋਧ-ਸਾਹਿੱਤ ਤੋਂ ਹੋਇਆ, ਪਰ ਬੋਧੀਆਂ ਦਾ ਲੋਕ-ਪੁਰਸ਼ ਵੀ ਪੌਰਾਣਿਕ ਤੱਤਾਂ ਤੇ ਰੂੜ੍ਹੀਆਂ ਦੇ ਗਲੇਫਣ ਨਾਲ ਇਕ ਪੁਰਾਣ ਪੁਰਸ਼ ਹੀ ਬਣ ਗਿਆ ਸੀ।

ਮਧਕਾਲ ਵਿਚ ਜਦੋਂ ਪੌਰਾਣਿਕ ਵਿਅਕਤੀਆਂ ਤੇ ਦੇਵਤਿਆਂ ਦੀ ਭੀੜ ਵਿਚ ਮਨੁੱਖ ਦਾ ਸਾਹ ਘੁਟਣ ਲੱਗਾ ਤਾਂ ਮਨੁਖ ਮਹਾਂਪੁਰਖਾਂ, ਸੰਤਾਂ ਤੇ ਭਗਤਾਂ ਵਿਚ ਦੈਵੀ ਸ਼ਕਤੀ ਲੱਭਣ ਲੱਗਾ ਅਤੇ ਪੁਰਾਣ-ਪੁਰਖਾਂ ਦੇ ਸੁਭਾਵ ਤੇ ਚਰਿਤ੍ਰ ਦੇ ਸਮਾਨਾਂਤਰ ਹੀ ਸਾਖੀ-ਪੁਰਸ਼ਾਂ ਦੀ ਸਿਰਜਨਾ ਕਰਨ ਲੱਗਾ। ਸਮੇਂ ਦੇ ਸੁਭਾਵ ਹੇਠ ਦੇਵ-ਚਰਿਤ੍ਰ ਨਾਲ ਜੁੜੀ ਅਲੌਕਿਕਤਾ, ਅਦਭੁਤਤਾ ਤੇ ਵਚਿਤ੍ਰਤਾ ਸਾਖੀ-ਪੁਰਸ਼-ਚਰਿਤ੍ਰ ਵਿਚ ਸੁਰਜੀਤ ਰਖੀ ਗਈ ਅਤੇ ਪੁਰਾਣ ਵਿਅਕਤੀ ਵਾਂਗ ਸਾਖੀ ਪੁਰਸ਼ ਨੂੰ ਵੀ ਕਾਲ, ਸਥਾਨ, ਪ੍ਰਾਕ੍ਰਿਤਕ ਬੰਧਨ, ਦਿਸਦੇ ਅਣਦਿਸਦੇ ਦੇ ਯਥਾਰਥ ਤੋਂ ਮੁਕਤ ਮੰਨ ਲਿਆ ਗਿਆ। ਦੇਵ ਦੀ ਸਹਿਜ ਸ਼ਕਤੀ ਸਾਖੀ ਵਿਚ ਮੋਅਜਜ਼ਾ ਤੇ ਕਰਾਮਾਤ ਬਣ ਗਈ ਅਤੇ ਇਨ੍ਹਾਂ ਦੈਵੀ ਵਸਫ਼ਾਂ ਸਦਕਾ ਹੀ ਸਾਖੀ ਪੁਰਸ਼ਾਂ ਦੇ ਗੌਰਵ ਤੇ ਪ੍ਰਭੁਤਾ ਦੀ ਧਾਂਕ ਖ਼ੂਬ ਜੰਮੀ।

ਸਾਖੀਆਂ ਦੇ ਨਿਰਮਾਣ ਵਿਚ ਲੋਕ-ਕਹਾਣੀਆਂ ਦੀ ਮਹੱਤਵਪੂਰਣ ਦੇਣ ਹੈ। ਦੋਹਾਂ ਦਾ ਮਨੋਰਥ ਸਦਾਚਾਰਕ ਕੀਮਤਾਂ ਤੇ ਨੈਤਿਕਤਾ ਨੂੰ ਉਜਾਗਰ ਕਰਨਾ ਹੈ ਅਤੇ ਦੋਹਾਂ ਦੀ ਸਿਰਜਨ-ਸਾਮਗ੍ਰੀ ਲੋਕ-ਤੱਤ ਤੇ ਕਥਾਨਕ ਰੂੜ੍ਹੀਆਂ ਹਨ। ਇਸੇ ਬੁਨਿਆਦੀ ਸਮਾਨਤਾ ਸਦਕਾ ਹੀ ਕਈ ਲੋਕ-ਕਹਾਣੀਆਂ ਬਿਨਾਂ ਕਿਸੇ ਤਬਦੀਲੀ ਦੇ ਸਾਖੀ ਸਾਹਿੱਤ ਵਿਚ ਅਪਣਾ ਲਈਆਂ ਗਈਆਂ ਹਨ। ਮੂਲ ਵਸਤੂ ਤਾਂ ਲੋਕ-ਤੱਤ ਤੇ ਕਥਾਨਕ ਰੂੜ੍ਹੀਆਂ ਹਨ, ਜਿਨ੍ਹਾਂ ਦਾ ਉਦਾਤੀਕਰਣ, ਇਤਿਹਾਸੀਕਰਣ ਜਾਂ ਸਾਧਾਰਨੀਕਰਣ ਹੀ ਕਹਾਣੀ ਨੂੰ ਕਦੇ ਪੁਰਾਣ-ਕਥਾ, ਕਦੇ ਦੰਦ-ਕਥਾ ਤੇ ਕਦੇ ਲੋਕ-ਕਹਾਣੀ ਬਣਾ ਦੇਂਦਾ ਹੈ। ਸੱਪ ਦਾ ਸੁਤੇ ਪਏ ਪੁਰਸ਼ ਨੂੰ ਛਾਂ ਕਰਨਾ ਇਕ ਲੋਕ-ਤੱਤ ਹੈ, ਜਿਸ ਦੀ ਕਥਾਨਕ ਰੂੜ੍ਹੀ ਪੌਰਾਣਿਕ ਹੈ; ਇਹ ਰੂੜ੍ਹੀ ਵਾਸਤਵਿਕ ਨਹੀਂ, ਪਰ ਇਹ ਲੋਕ-ਸੱਚ ਹੈ। ਜੇ ਸੱਪ ਕਿਸੇ ਦੇਵਤੇ ਵਿਸ਼ਨੂੰ ਆਦਿ ਉਤੇ ਛਾਂ ਕਰਦਾ ਹੈ, ਤਾਂ ਉਹ ਪੁਰਾਣ-ਕਥਾ ਹੈ; ਜੇ ਕਿਸੇ ਇਤਿਹਾਸਕ ਰਾਜੇ ਉਤੇ ਕਰਦਾ ਹੈ, ਤਾਂ ਦੰਦ-ਕਥਾ; ਜੇ ਸਾਧਾਰਨ ਪੁਰਸ਼ ਉਤੇ ਛਾਂ ਕਰਦਾ ਹੈ, ਤਾਂ ਲੋਕ-ਕਹਾਣੀ; ਪਰ ਜੇ ਕਿਸੇ ਸੰਤ, ਮਹਾਤਮਾ, ਗੁਰੂ ਵਿਅਕਤੀ ਉਤੇ ਛਾਂ ਕਰਦਾ ਹੈ, ਤਾਂ ਸਾਖੀ। ਲੋਕ-ਤੱਤ ਸੁਚੇਤ ਤੇ ਅਚੇਤ ਦੋਹਾਂ ਰੂਪਾਂ ਵਿਚ ਸਾਖੀ ਸਾਹਿੱਤ ਵਿਚ ਰਲਦੇ ਰਹੇ ਤੇ ਧਰਮ-ਤੱਤਾਂ ਨਾਲ ਜੁੜ ਕੇ ਨਵੀਂ ਜ਼ਿੰਦਗੀ ਹੰਢਾਣ ਲੱਗੇ।

ਪਰ ਇਤਨਾ ਕੁਝ ਹੋਣ ਦੇ ਬਾਵਜੂਦ ਸਾਖੀ ਦਾ ਇਕ ਆਪਣਾ ਯਥਾਰਥ ਹੈ ਤੇ ਇਹੋ ਹੀ

ਇਸ ਨੂੰ ਰਹੱਸਮਈ ਬਣਾਉਂਦਾ ਹੈ। ਸਾਖੀ ਦੀ ਮੂਲ ਆਤਮਾ ਤੇ ਸ਼ਕਤੀ, ਉਸ ਦੀ ਉਸਾਰੂ ਨੈਤਿਕਤਾ ਵਿਚ, ਬੀਜ ਰੂਪ ਵਿਚ ਸਮਾਈ ਹੋਈ ਹੈ ਨਾ ਕਿ ਅਸੰਭਵ, ਅਦਭੁਤ ਤੇ ਅਲੌਕਿਕ ਅੰਸ਼ਾਂ ਵਿਚ ਹੈ, ਜੋ ਕਿ ਉਸ ਦੀ ਉਪਰਲੀ ਝਿੱਲੀ ਵਾਂਗ ਹਨ।

ਸਾਖੀ ਨੂੰ ਸ਼ਕਤੀ ਵਿਸ਼ਵਾਸ਼ ਤੋਂ ਮਿਲਦੀ ਹੈ। ਧਰਮ ਨਾਲ ਜੁੜੀ ਹੋਣ ਕਰ ਕੇ, ਸਾਖੀ ਪਾਵਨ ਹੈ। ਇਸ ਦੇ ਪੜ੍ਹਨ ਸੁਣਨ ਦਾ ਮਹਾਤਮ ਬਾਣੀ ਦੇ ਪੜ੍ਹਨ ਸੁਣਨ ਜਿਤਨਾ ਹੀ ਮਹਾਨ ਹੈ। ਪਰ ਸਾਖੀ ਦੀ ਆਸਥਾ ਸੀਮਤ ਹੁੰਦੀ ਹੈ। ਇਕ ਵਰਗ ਵਿਸ਼ੇਸ਼ ਹੀ ਉਸ ਨੂੰ ਗ੍ਰਹਿਣ ਕਰਦਾ ਹੈ, ਬਾਕੀ ਸਮੂਹ ਉਸ ਨੂੰ ਇਕ ਲੋਕ-ਕਹਾਣੀ ਜਾਂ ਮਿੱਥ ਤੋਂ ਵਧ ਕੋਈ ਮਾਨਤਾ ਨਹੀਂ ਦੇਂਦਾ।

ਮਧਕਾਲੀ ਕਥਾ ਸਾਹਿੱਤ ਵਿਚ ਸਾਖੀਆਂ ਦਾ ਵਿਸ਼ੇਸ ਯੋਗਦਾਨ ਹੈ, ਕਿਉਂ ਜੋ ਉਸੇ ਬਲਵਾਨ ਪਰੰਪਰਾ ਸਦਕਾ ਪੰਜਾਬੀ ਕਥਾ ਸਾਹਿੱਤ ਨੂੰ ਲਿਖਤ ਰੂਪ ਵਿਚ ਸੰਭਾਲਣ ਦੀ ਪਿਰਤ ਪਈ ਅਤੇ ਇਸੇ ਉਤੇ ਪੰਜਾਬੀ ਵਾਰਤਕ ਦੀ ਬੁਨਿਆਦ ਰਖੀ ਗਈ।

ਸਾਖੀਆਂ ਅੱਜ ਵੀ ਰਚੀਆਂ ਜਾ ਰਹੀਆਂ ਹਨ। ਕਥਾ ਕੀਰਤਨ ਵੇਲੇ ਗਿਆਨੀ, ਕਈ ਵਾਰ ਕਥਾਨਿਕ ਰੂੜ੍ਹੀਆਂ ਨੂੰ, ਗੁਰੂ ਸਾਹਿਬਾਨ ਦੇ ਜੀਵਨ ਨਾਲ ਜੋੜ ਕੇ, ਨਵੀਆਂ ਸਾਖੀਆਂ ਸਿਰਜ ਲੈਂਦੇ ਹਨ। ਅਜੇ ਸਾਡਾ ਪੂਰਾ ਸਾਖੀ ਸਾਹਿੱਤ ਇਕਤ੍ਰ ਨਹੀਂ ਹੋਇਆ। ਮੌਖਿਕ ਰੂਪ ਵਿਚ ਵਿਚਰਦੀਆਂ ਸਾਖੀਆਂ ਨੂੰ ਇਕਤ੍ਰ ਕਰਨ ਦੀ ਵੱਡੀ ਲੋੜ ਹੈ। ਇਨ੍ਹਾਂ ਸਾਖੀਆਂ ਦਾ ਅਧਿਅਨ ਬੜਾ ਰੌਚਕ ਹੋਵੇਗਾ।

ਪੰਜਾਬੀ ਵਿਚ ਸਾਖੀ ਸਾਹਿੱਤ ਦੀ ਇਕ ਪ੍ਰਮੁਖ ਧਾਰਾ ਜਨਮ ਸਾਖੀ ਹੈ, ਜਿਸ ਉਤੇ ਲੋਕ-ਧਾਰਾਈ ਦ੍ਰਿਸ਼ਟੀ ਤੋਂ ਵਿਚਾਰ 'ਜਨਮ ਸਾਖੀ' ਸਿਰਲੇਖ ਹੇਠ ਕੀਤੀ ਜਾਵੇਗੀ।

(ਸ-402) **ਸ਼ਾਖੋਚਾਰ** :

ਸ਼ਾਖਾ ਅਤੇ ਜਾਤ ਗੋਤ ਦਾ ਉੱਚਾਰਨ ਕਰਨਾ; ਵਿਆਹ ਦੇ ਸੰਕਲਪ ਵੇਲੇ ਵਰ ਅਤੇ ਕੰਨਿਆਂ ਦੋਹਾਂ ਧਿਰਾਂ ਦੇ ਕੁਲ-ਪ੍ਰੋਹਿਤ ਆਪੋ ਆਪਣੀ ਧਿਰ ਦੀ ਵੰਸ਼ ਦਾ ਸ਼ਜਰਾ, ਗੋਤ੍ਰ ਤੇ ਸ਼ਾਖ ਦਾ ਉੱਚਾਰਨ ਕਰਦੇ ਹਨ, ਤਾਂ ਜੋ ਦੋਹਾਂ ਧਿਰਾਂ ਦੀ ਕੁਲ ਤੋਂ ਭਾਈਚਾਰਾ ਜਾਣੂ ਹੋ ਜਾਵੇ। ਹਰੇਕ ਗੋਤ ਚੌਹਾਂ ਵੇਦਾਂ ਵਿਚੋਂ ਕਿਸੇ ਇਕ ਵੇਦ ਦੀ ਵਿਸ਼ੇਸ਼ ਸ਼ਾਖ ਦੇ ਕਿਸੇ ਖ਼ਾਸ ਸੂਤਰ ਨੂੰ ਮੰਨਦੀ ਰਹੀ ਹੈ। ਗੋਤ੍ਰ ਦਾ ਉੱਚਾਰਨ ਗੋਤ੍ਰਾਚਾਰ ਤੇ ਸਾਖ ਦਾ ਉੱਚਾਰਨ ਸ਼ਾਖੋਚਾਰ ਅਖਵਾਉਂਦਾ ਹੈ। ਜਿਵੇਂ ਕਪੂਰ, ਜੋ ਢਾਈ ਘਰੇ ਖੱਤਰੀ ਹਨ, ਦੀ ਗੋਤ੍ਰ ਕੌਸ਼ਿਕ ਹੈ। ਇਨ੍ਹਾਂ ਦਾ ਵੇਦ ਯੁਜਰਵੇਦ ਹੈ, ਸ਼ਾਖਾ ਮਾਧਯੰਦਿਨ ਅਤੇ ਸੂਤਰ ਕਟੀਯਾਯਨ ਹੈ (ਵੇਖੋ : ਗੋਤ ਚਾਰ)।

(ਸ-403) **ਸਾਗ** :

(1) ਮੁਜ਼ਫਰਗੜ੍ਹ (ਪੱਛਮੀ ਪੰਜਾਬ) ਦੇ ਇਲਾਕੇ ਦੇ ਹਿੰਦੂਆਂ ਵਿਚ ਸਾਗ ਨਾਂ ਦੀ ਇਕ ਰੀਤ ਪ੍ਰਚਲਤ ਰਹੀ ਹੈ। ਕੁੜਮਾਈ ਤੋਂ ਬਾਅਦ ਕੰਨਿਆਂ ਦਾ ਪਿਉ ਵਰ ਦੀ ਧਿਰ ਨੂੰ ਕੁਝ ਸਾਗ ਭੇਜਣ ਵਾਸਤੇ ਬੇਨਤੀ ਕਰਦਾ ਹੈ। ਵਰ ਪੱਖ ਵਾਲੇ ਕੰਨਿਆਂ ਲਈ ਸਾਗ ਤੇ ਕੁਝ ਹਰੀਆਂ ਸਬਜ਼ੀਆਂ ਭੇਜਦੇ ਹਨ, ਜਿਸ ਨੂੰ ਕੰਨਿਆਂ ਰਿੰਨ੍ਹ ਕੇ ਖਾਂਦੀ ਹੈ। ਇਸ ਰੀਤ ਨੂੰ 'ਵਟ ਵਲਾਵਣ' ਵੀ ਕਹਿੰਦੇ ਹਨ। ਇਸ ਰਸਮ ਤੋਂ ਬਾਅਦ ਹੀ ਦੋਹਾਂ ਧਿਰਾਂ ਦੇ ਮਾਪੇ ਇਕ ਦੂਜੇ ਨਾਲ ਵਰਤਣ ਵਿਹਾਰ ਕਰਦੇ ਹਨ। 'ਸਾਗ' ਦੀ ਰੀਤ ਮਗਰੋਂ ਕੰਨਿਆਂ ਦਾ ਪਿਉ ਕੁਝ ਫਲ ਤੇ ਹਰੀਆਂ ਸਬਜ਼ੀਆਂ ਵਰ ਦੇ ਘਰ ਭੇਜਦਾ, ਜਿਸ ਨੂੰ 'ਵਤਰ ਸਾਖ' ਕਹਿੰਦੇ ਹਨ। 'ਸਾਗ' ਤੇ 'ਵਤਰ ਸਾਖ' ਵਿਚ ਆਇਆ ਫਲ ਤੇ ਸਬਜ਼ੀਆਂ ਰਿਸ਼ਤੇਦਾਰਾਂ ਵਿਚ ਵੰਡੀਆਂ ਜਾਂਦੀਆਂ ਹਨ।

(2) ਦੇਵੀ ਦੇ ਉਪਾਸ਼ਕ ਸਾਗ ਨੂੰ ਦੇਵੀ ਪਦਾਰਥ ਮੰਨਦੇ ਹਨ, ਕਿਉਂ ਜੋ ਇਕ ਵਾਰ ਜਦੋਂ ਸੰਸਾਰ ਉਤੇ ਭਿਅੰਕਰ ਕਾਲ ਪਿਆ, ਤਾਂ ਲੋਕਾਂ ਨੂੰ ਭੁਖਿਆਂ ਮਰਦਿਆਂ ਵੇਖ, ਦੁਰਗਾ ਦੇਵੀ ਖ਼ੁਦ ਪਰਉਪਕਾਰ ਦੀ ਖ਼ਾਤਰ, ਸਾਗ ਦਾ ਰੂਪ ਧਾਰ ਕੇ ਸਾਰੀ ਜ਼ਿਮੀਂ ਉਤੇ ਫੈਲ ਗਈ। ਮਾਰਕੰਡੇ ਪੁਰਾਣ ਵਿਚ ਇਸ ਕਥਾ ਦਾ ਉਲੇਖ ਹੈ। ਸਾਗ ਦਾ ਰੂਪ ਧਾਰਨ ਕਰ ਕੇ ਹੀ ਦੁਰਗਾ ਨੂੰ ਸਾਕੰਭਰੀ ਕਿਹਾ ਜਾਂਦਾ ਹੈ।

(ਸ-404) **ਸਾਂਗ** :

ਲੋਕ-ਨਾਟ ਦਾ ਇਕ ਹੁਸੀਨ ਤੇ ਰੌਚਕ ਰੂਪ 'ਸਾਂਗ' ਹੈ। ਇਹ ਸ਼ਬਦ 'ਸਵਾਂਗ' ਦਾ ਤਦਰੂਪ ਹੈ, ਜਿਸ ਦਾ ਅਰਥ ਹੈ : ਰੂਪ ਜਾਂ ਭੇਖ ਧਾਰਨ ਕਰਨਾ। ਸਾਂਗ ਇਕ ਤਰ੍ਹਾਂ ਦਾ ਗੀਤ-ਨਾਟ ਹੈ, ਜਿਸ ਵਿਚ ਜਾਤੀ ਦੇ ਕਿਸੇ ਵਿਸ਼ੇਸ਼ ਵਿਅਕਤੀ ਦੀਆਂ ਭਾਵਨਾਵਾਂ, ਮਾਨਤਾਵਾਂ ਤੇ ਕਲਪਨਾਵਾਂ ਦਾ ਨਾਟਕੀ ਅਭਿਵਿਅਕਤ ਅਜਿਹੇ ਢੰਗ ਨਾਲ ਹੁੰਦਾ ਹੈ ਕਿ ਉਸ ਵਿਚੋਂ ਸਮਾਜਕ ਪ੍ਰਵਿਰਤੀਆਂ ਅਥਵਾ ਲੋਕ-ਜੀਵਨ ਸਜੀਵ ਹੋ ਉਠਦਾ ਹੈ। ਸਾਂਗ ਦਾ ਮੂਲ ਕਥਾਨਕ ਅਤੀਤ ਦੀ ਕਿਸੇ ਅਜਿਹੀ ਬੀਰ-ਗਾਥਾ, ਪ੍ਰੇਮ-ਗਾਥਾ ਜਾਂ ਧਰਮ-ਗਾਥਾ ਨਾਲ ਸੰਬੰਧਿਤ ਹੁੰਦਾ ਹੈ, ਜੋ ਸਮੇਂ ਨਾਲ ਜਨ-ਸਮੂਹ ਦੀ ਹੀ ਆਤਮ-ਕਥਾ ਬਣ ਚੁਕੀ ਹੁੰਦੀ ਹੈ। ਇਸ ਲਈ ਇਸ ਦਾ ਮਨੋਰਥ ਮਨੋਰੰਜਨ ਤੋਂ ਇਲਾਵਾ ਜਾਤੀ ਦੇ ਅਤੀਤ ਦੀ ਪੁਨਰ-ਸਿਰਜਨਾ ਅਤੇ ਜਾਤੀ ਦੇ ਚੇਤਨ, ਅਚੇਤਨ ਤੇ ਅਵਚੇਤਨ ਸੰਸਕਾਰਾਂ ਦੀ ਪੁਨਰ-ਸੁਰਜੀਤੀ ਹੈ। ਸਾਂਗ ਦਾ ਕਥਾਨਕ ਇਤਨਾ ਲੋਕ-ਪ੍ਰਿਯ ਹੁੰਦਾ ਹੈ ਕਿ ਦਰਸ਼ਕਾਂ ਨੂੰ ਇਸ ਦੀ ਹਰ ਘਟਨਾ ਦਾ ਪਹਿਲਾਂ ਤੋਂ ਹੀ ਬੋਧ ਹੁੰਦਾ ਹੈ। ਇਸ ਲਈ ਜੇ ਸਵਾਂਗ ਦਰਸ਼ਕਾਂ ਨੂੰ ਆਪਣੀ ਨਿਜੀ ਹੋਂਦ ਵਿਚੋਂ ਕੱਢ ਕੇ ਯੁਗ-ਚੇਤਨਾ ਦੇ ਪ੍ਰਵਾਹ ਵਿਚ ਲੀਨ ਨਹੀਂ ਕਰਦਾ, ਤਾਂ ਉਹ ਸਾਂਗ ਸਫਲ ਨਹੀਂ ਕਿਹਾ ਜਾ ਸਕਦਾ।

ਸਾਂਗ ਵਿਚ ਗੀਤ, ਨ੍ਰਿਤ ਅਤੇ ਸੰਗੀਤ ਦੀ ਤ੍ਰਿਵੇਣੀ ਇਕ ਰਸ ਹੋ ਕੇ ਪ੍ਰਵਾਹਿਤ ਹੁੰਦੀ ਹੈ। ਕਥਾ ਦਾ ਕੁਝ ਅੰਸ਼ ਅਭਿਨੈ ਦੁਆਰਾ, ਕੁਝ ਕਾਵਿ-ਸੰਬਾਦਾਂ ਦੁਆਰਾ ਅਤੇ ਕੁਝ ਨਾਚ-ਗਾਣੇ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਸੰਬਾਦ ਭਾਵੇਂ ਥੋੜ੍ਹੇ ਹੁੰਦੇ ਹਨ, ਪਰ ਜੋ ਹੁੰਦੇ ਹਨ, ਉਹ ਬੜੇ ਦਿਲਚਸਪ ਤੇ ਮਿਣੇ ਤੁਲੇ। ਕਈ ਵਾਰ ਤਾਂ ਇਕ ਇਕ ਵਾਕ ਵਿਚੋਂ ਯੁਗ ਬੋਲਦਾ ਹੈ ਤੇ ਅਤੀਤ ਸੁਰਜੀਤ ਹੋ ਉਠਦਾ ਹੈ। ਕਹਾਣੀ ਕਈ ਖੰਡਾਂ ਵਿਚ ਬਿਖਰੀ ਹੁੰਦੀ ਹੈ, ਜਿਸ ਕਰ ਕੇ ਇਸ ਦੇ ਖਪਿਆਂ ਨੂੰ ਪੂਰਨ ਲਈ, ਹਰ ਨਵੇਂ ਪਾਤਰ ਦੀ ਆਮਦ ਵੇਲੇ, ਜਾਂ ਕਿਸੇ ਨਵੀਂ ਝਾਕੀ ਦੀ ਸਿਰਜਨਾ ਤੋਂ ਪਹਿਲਾਂ, 'ਰੰਗਾ' ਕਹਾਣੀ ਨੂੰ ਵਾਰਤਕ ਦੁਆਰਾ ਉਸ ਨੁਕਤੇ ਤਕ ਪਹੁੰਚਾਂਦਾ ਹੈ। ਗੀਤਾਂ ਵਿਚ ਪਾਤਰਾਂ ਦੀਆਂ ਧੜਕਣਾਂ ਤੇ ਨ੍ਰਿਤ ਵਿਚ ਉਨ੍ਹਾਂ ਦੀਆਂ ਭਾਵਨਾਵਾਂ ਸਾਕਾਰ ਹੁੰਦੀਆਂ ਹਨ। ਸੰਗੀਤ ਲਈ ਸਾਜ਼ਿੰਦੇ ਬੈਠੇ ਹੁੰਦੇ ਹਨ, ਜੋ ਸਾਰੰਗੀ, ਢੋਲਕੀ, ਮਜੀਰੇ ਆਦਿ ਕਈ ਸਾਜ਼ਾਂ ਦੁਆਰਾ ਫ਼ਿਜ਼ਾ ਵਿਚ ਰਸ ਘੋਲਦੇ ਹਨ ਅਤੇ ਭਾਵ ਅਨੁਕੂਲਤਾ ਪੈਦਾ ਕਰਦੇ ਹਨ। ਵੇਖਿਆ ਜਾਵੇ ਤਾਂ ਸਵਾਂਗ ਸੰਜੋਗਾਤਮਿਕ ਕਲਾ ਹੈ, ਜਿਸ ਵਿਚ ਗੀਤ, ਸੰਗੀਤ, ਸੰਬਾਦ, ਨ੍ਰਿਤ ਤੇ ਅਭਿਨੈ ਇਕ ਦੂਜੇ ਨਾਲ ਕਿਧਰੇ ਮੋਢਾ ਜੋੜਦੇ ਹੋਏ, ਕਿਧਰੇ ਇਕ ਦੂਜੇ ਵਿਚ ਲੀਨ ਹੋ ਕੇ ਅਦਭੁਤ ਰਸ ਪੈਦਾ ਕਰਦੇ ਹਨ, ਪਰ ਇਨ੍ਹਾਂ ਸਭਨਾਂ ਤੱਤਾਂ ਦੀ ਆਪਣੀ ਸਜੀਵ ਹੋਂਦ ਹੈ, ਜੋ ਕਿਧਰੇ ਨਾ ਤਾਂ ਗੌਣ ਪੈਂਦੀ ਹੈ ਤੇ ਨਾ ਹੀ ਕਿਧਰੇ ਬਾਕੀ ਹੋਂਦ ਨਾਲੋਂ ਟੁਟੀ ਲੱਗਦੀ ਹੈ।

ਪਰ ਸਵਾਂਗ ਦਾ ਸਭ ਤੋਂ ਖ਼ੂਬਸੂਰਤ ਤੱਤ ਕਾਵਿ-ਸੰਬਾਦ ਹਨ, ਜਿਨ੍ਹਾਂ ਨੂੰ ਭਿੰਨ ਭਿੰਨ ਪਾਤਰ ਲੋਕ-ਧੁਨਾਂ ਵਿਚ ਗਾਉਂਦੇ ਹਨ। ਸੰਬਾਦਾਂ ਵਿਚ ਪਾਤਰਾਂ ਦੇ ਦਿਲ ਪਿਘਲ ਕੇ ਢਲੇ ਹੁੰਦੇ ਹਨ ਅਤੇ ਦਰਸ਼ਕ ਇਨ੍ਹਾਂ ਨਾਲ ਮਾਨਸਿਕ ਸਾਂਝ ਅਨੁਭਵ ਕਰਦੇ ਹੋਏ, ਭਾਵਨਾ ਵਿਚ ਡੁਬ ਜਾਂਦੇ ਹਨ। ਦਰਸ਼ਕਾਂ ਨੂੰ ਇਕ ਖ਼ਾਸ ਤਰ੍ਹਾਂ ਦੇ ਭਾਵਾਂ ਵਿਚ ਡਬੋ ਲੈਣਾ ਹੀ, ਸਵਾਂਗ ਦੀ ਸਭ ਤੋਂ ਵੱਡੀ ਸਿਫ਼ਤ ਹੈ ਤੇ ਇਸੇ ਵਿਚ ਇਸ ਦੀ ਕਲਾਤਮਿਕ ਵਡਿਆਈ ਵੀ ਹੈ। ਲੋਕ-ਧੁਨਾਂ ਸੰਬਾਦਾਂ ਨੂੰ ਨਿਖਾਰਦੀਆਂ ਤੇ ਸਜੀਵ ਬਣਾਉਂਦੀਆਂ ਹਨ। ਕਥਾ ਦੀ ਮੂਲ ਭਾਵਨਾ ਦੇ ਅਨੁਸਾਰ ਸਾਜ਼ਾਂ ਤੇ ਧੁਨਾਂ ਦੁਆਰਾ ਸ਼ਿੰਗਾਰ, ਵੈਰਾਗ ਜਾਂ ਬੀਰ ਰਸ ਦਾ ਮਾਹੌਲ ਸਿਰਜ ਲਿਆ ਜਾਂਦਾ ਹੈ।

ਸਵਾਂਗ ਲਈ ਕਿਸੇ ਉਚੇਚੇ ਰੰਗ-ਮੰਚ ਦੀ ਲੋੜ ਨਹੀਂ। ਇਹ ਪਿੰਡ ਦੀ ਸਥ ਜਾਂ ਖੁਲ੍ਹੇ ਮੈਦਾਨ ਵਿਚ ਕਿਸੇ ਉਚੇ ਥੜ੍ਹੇ ਉਤੇ ਖੇਡਿਆ ਜਾਂਦਾ ਹੈ। ਛੋਟੇ ਛੋਟੇ ਸਵਾਂਗ ਤਾਂ ਸਵਾਣੀਆਂ ਘਰਾਂ ਦੇ ਵਿਹੜਿਆਂ ਵਿਚ ਹੀ ਸਿਰਜ ਲੈਂਦੀਆਂ ਹਨ। ਸਵਾਂਗ ਉਂਜ ਤਾਂ ਕਿਸੇ ਵੀ ਮੰਗਲ ਉਤਸ਼ਵ ਉਤੇ ਖੇਡੇ ਖਿਡਾਏ ਜਾਂਦੇ ਹਨ, ਪਰ ਹੋਲੀ, ਬਸੰਤ ਤੇ ਹੋਰ ਪੁਰਬਾਂ ਉਤੇ ਇਹ ਵਿਸ਼ੇਸ਼ ਰੂਪ ਵਿਚ ਮਨੋਰੰਜਨ ਦਾ ਸਾਧਨ ਹਨ।

ਸਵਾਂਗ ਨੂੰ ਖੇਡਣ ਵਾਲਿਆਂ ਨੂੰ ਸਵਾਂਗੀ (ਸਾਂਗੀ) ਆਖਦੇ ਹਨ, ਜੋ ਆਮ ਤੌਰ 'ਤੇ ਭੰਡ

ਮਿਰਾਸੀ ਅਤੇ ਭਗਤੀਏ ਹੁੰਦੇ ਹਨ, ਜੋ ਆਪਣੇ ਨਿਕੇ ਨਿਕੇ ਜੱਥੇ ਬਣਾ ਕੇ ਵਿਚਰਦੇ ਰਹਿੰਦੇ ਹਨ। ਇਨ੍ਹਾਂ ਪੇਸ਼ਾਵਰ ਕਲਾਕਾਰਾਂ ਤੋਂ ਇਲਾਵਾ, ਪਿੰਡਾਂ ਦੀ ਹਰ ਸਵਾਣੀ ਜਿਵੇਂ ਲੋਕ-ਗੀਤਾਂ ਦੀ ਗਾਇਕ ਹੈ, ਤਿਵੇਂ ਹੀ ਲੋਕ-ਨਾਟ ਦੀ ਕਲਾਕਾਰ ਵੀ। ਤੀਵੀਆਂ ਦੇ ਸਾਂਗਾਂ ਵਿਚ ਤੀਵੀਆਂ ਹੀ ਮਰਦਾਂ ਦਾ ਅਭਿਨੈ ਕਰਦੀਆਂ ਹਨ।

ਸਾਂਗ ਦੀ ਪਰੰਪਰਾ ਬੜੀ ਪ੍ਰਾਚੀਨ ਹੈ ਅਤੇ ਇਸ ਦਾ ਪਿੱਛਾ ਹੜੱਪਾ ਸੰਸਕ੍ਰਿਤੀ ਨਾਲ ਜੋੜਿਆ ਜਾ ਸਕਦਾ ਹੈ। ਜਾਪਦਾ ਹੈ ਕਿ ਯੂਨਾਨੀਆਂ ਦੇ ਰਾਜ ਤੋਂ ਪਹਿਲਾਂ, ਪੰਜਾਬ ਤੇ ਇਸ ਦੇ ਆਸ ਪਾਸ ਦੇ ਖੇਤਰਾਂ ਵਿਚ ਸਾਂਗ ਖੇਡਣ ਦੀ ਪ੍ਰਥਾ ਸੀ। ਸੱਸੀ-ਹਾਸ਼ਮ (ਸ਼ਾਨ) ਅਨੁਸਾਰ ਮੀਰ ਕਰਾਮਤੁੱਲਾ ('ਤਰਜਮਾਨ', ਲਾਹੌਰ, ਫ਼ਰਵਰੀ 1917, ਪੰਨਾ 93-97), ਨੇ ਆਪਣੇ ਇਕ ਲੇਖ ਵਿਚ ਦਸਿਆ ਹੈ ਕਿ 'ਯੂਕਰੇਟਾਈਡਸ ਨੇ ਆਪਣੇ ਵੈਰੀ, ਯੂਥੀਡੀਮਸ ਦੇ ਪੁਤਰ ਤੇ ਜਾਨਸ਼ੀਨ, ਡੀਮਿਟਰੀਅਸ ਨੂੰ ਹਰਾ ਕੇ ਜਦੋਂ ਸਿੰਧ ਤੇ ਪੰਜਾਬ ਨੂੰ ਆਪਣੇ ਰਾਜ ਨਾਲ ਮਿਲਾ ਲਿਆ, ਤਾਂ ਇਸ ਖ਼ੁਸ਼ੀ ਵਿਚ ਥਾਂ ਪਰ ਥਾਂ ਮੇਲੇ ਅਤੇ ਖੇਡ ਤਮਾਸ਼ੇ ਕੀਤੇ ਗਏ। ਇਨ੍ਹਾਂ ਖੇਡਾਂ ਵਿਚ ਕੁਝ ਨਕਲੀਆਂ ਨੇ ਸੱਸੀ ਪੁੰਨੂੰ ਦਾ ਸਵਾਂਗ ਉਤਾਰਿਆ, ਜਿਸ ਵਿਚ ਨਾਇਕ ਦਾ ਨਾਂ ਪੁਨਵਨ' ਤੇ ਨਾਇਕਾ ਦਾ 'ਸਾਸੀ' ਸੀ। ਇਹ ਨਕਲ ਪਿਛੋਂ ਇੰਨੀ ਲੋਕ-ਪ੍ਰਿਅ ਸਾਬਤ ਹੋਈ ਕਿ ਜਦੋਂ ਤਕ ਕਿਸੇ ਅਮੀਰ ਗ਼ਰੀਬ ਦੇ ਵਿਆਹ ਢੰਗ ਤੇ ਵਿਖਾਈ ਨਾ ਜਾਂਦੀ, ਰੰਗ ਹੀ ਨਾ ਬਝਦਾ।' ਪੰਜਾਬ ਵਿਚ ਰਾਜਾ ਰਸਾਲੂ, ਸੱਸੀ ਪੁੰਨੂੰ ਤੇ ਟੁੰਡੇ ਅਸਰਾਜ ਆਦਿ ਦੇ ਸਵਾਂਗ ਢੇਰ ਪੁਰਾਣੇ ਸਮੇਂ ਤੋਂ ਖੇਡੇ ਜਾ ਰਹੇ ਹਨ। ਬਾਕੀ ਪ੍ਰੀਤ-ਕਥਾਵਾਂ ਵੀ ਪਹਿਲਾਂ ਸਵਾਂਗ ਦੁਆਰਾ ਹੀ ਲੋਕ-ਪ੍ਰਿਅ ਹੋਈਆਂ। ਸੱਚ ਤਾਂ ਇਹ ਹੈ ਕਿ ਸਾਂਗੀਆਂ ਨੇ ਸਾਡੀਆਂ ਅਨੇਕਾਂ ਪ੍ਰੀਤ-ਕਥਾਵਾਂ ਦੇ ਬਹੁਮੁੱਲੇ ਵਿਰਸੇ ਨੂੰ ਲੋਕ-ਪ੍ਰਿਅ ਬਣਾ ਕੇ, ਸਾਡੇ ਕਿੱਸਕਾਰਾਂ ਤਕ ਪਹੁੰਚਾਇਆ। ਦਮੋਦਰ ਦੀ ਕਲਪਨਾ ਵਿਚੋਂ ਸਾਹਿੱਤਕ ਆਕਾਰ ਧਾਰਨ ਤੋਂ ਪਹਿਲਾਂ, ਹੀਰ ਸਵਾਂਗਾਂ ਵਿਚ, ਦੀਰਘ ਉਮਰ ਭੋਗ ਚੁਕੀ ਸੀ ਅਤੇ ਦਮੋਦਰ ਦਾ 'ਅੱਖੀਂ ਡਿਠਾ' ਤਕੀਆ ਕਲਾਮ, ਹੋ ਸਕਦਾ ਹੈ ਕਿ ਹੀਰ ਰਾਂਝੇ ਦੇ ਢੰਗ ਵਿਚ ਖੇਡੇ ਗਏ ਕਿਸੇ ਸਾਂਗ ਵਲ ਸੰਕੇਤ ਕਰਦਾ ਹੋਵੇ। ਕਿਉਂ ਜੋ ਢੰਗ ਵਿਚ ਹੁਣ ਤਕ ਹੀਰ ਦੇ ਸਾਂਗ ਭਰਨ ਦੀ ਪਰੰਪਰਾ ਸੁਰਜੀਤ ਹੈ।

ਰਾਜਪੂਤਾਂ ਦੀ ਚੜ੍ਹਤ ਸਮੇਂ ਬੀਰ-ਗਾਥਾਵਾਂ ਦੇ ਸਾਂਗ ਰਾਜਸਥਾਨ ਤੇ ਪੰਜਾਬ ਵਿਚ ਆਮ ਉਤਾਰੇ ਜਾਂਦੇ ਸਨ। ਸਾਡੀਆਂ ਕਈ ਵਾਰਾਂ ਦੀ ਪਰੰਪਰਾ ਪ੍ਰਾਚੀਨ ਕਾਲ ਦੇ ਸਾਂਗਾਂ ਨਾਲ ਜਾ ਜੁੜਦੀ ਹੈ। ਟੁੰਡਾ ਅਸਰਾਜ ਪਹਿਲਾਂ ਸਾਂਗਾਂ ਵਿਚ ਜੀਵਿਆ ਅਤੇ ਫਿਰ ਵਾਰਾਂ ਵਿਚ।

ਸਾਂਗਾਂ ਦੀਆਂ ਕਈ ਸ਼ੈਲੀਆਂ ਅਤੇ ਰੂਪ ਹਨ। ਵੱਡੇ ਸਾਂਗ, ਜਿਨ੍ਹਾਂ ਵਿਚ ਕਿਸੇ ਲੋਕ-ਨਾਇਕ ਦੇ ਜੀਵਨ ਦੀਆਂ ਅਨੇਕਾਂ ਝਾਕੀਆਂ ਵਿਖਾਈਆਂ ਜਾਂਦੀਆਂ ਹਨ, ਕਈ ਵਾਰ ਸਾਰੀ ਸਾਰੀ ਰਾਤ ਚਲਦੇ ਰਹਿੰਦੇ ਸਨ। ਸਰ ਰਿਚਰਡ ਟੈਂਪਲ ਨੇ 'ਲੈਜਿੰਡਜ਼ ਆਫ਼ ਦੀ ਪੰਜਾਬ' ਵਿਚ ਕਈ ਲੰਮੇ ਸਵਾਂਗ ਦਿਤੇ ਹਨ, ਜਿਵੇਂ 'ਰਾਜੇ ਗੋਪੀ ਚੰਦ' ਦਾ ਸਾਂਗ, ਜੋ ਜਗਾਧਰੀ ਵਿਚ ਖੇਡਿਆ ਜਾਂਦਾ ਸੀ। 'ਚੰਦਰ ਭਾਨ ਤੇ ਰਾਣੀ ਚੰਦ ਕਿਰਨ' ਦਾ ਸਾਂਗ, ਜੋ ਜਲੰਧਰ ਵਿਚ ਭਟ ਖੇਡਿਆ ਕਰਦੇ ਸਨ। ਇਸੇ ਤਰ੍ਹਾਂ ਦਾ ਇਕ ਹੋਰ ਲੰਬਾ ਸਵਾਂਗ 'ਰਾਜਾ ਨਲ' ਦਾ ਹੈ।

ਪੰਜਾਬ ਵਿਚ 'ਪੂਰਨ ਨਾਥ ਜੋਗੀ', 'ਗੋਪੀ ਚੰਦ', 'ਹਕੀਕਤ ਰਾਏ','ਸਤਿਵਾਦੀ ਹਰੀਸ਼ ਚੰਦਰ' ਅਤੇ 'ਰਾਜਾ ਨਲ' ਆਦਿ ਦੇ ਸਾਂਗ ਵਿਸ਼ੇਸ਼ ਤੌਰ ਤੇ ਲੋਕ-ਪ੍ਰਿਅ ਰਹੇ ਹਨ। ਇਨ੍ਹਾਂ ਸਾਂਗਾਂ ਦੇ ਮਕਬੂਲ ਹੋਣ ਦਾ ਕਾਰਨ ਇਨ੍ਹਾਂ ਦੀਆਂ ਪਰੰਪਰਾਗਤ ਸਦਾਚਾਰਕ ਕੀਮਤਾਂ ਅਤੇ ਅਧਿਆਤਮਕ ਕਦਰਾਂ ਹਨ, ਜੋ ਇਨ੍ਹਾਂ ਸਾਂਗਾਂ ਵਿਚ ਸੁਰਜੀਤ ਰਖੀਆਂ ਗਈਆਂ ਹਨ। ਇਹ ਸਾਂਗ ਜਤ ਸਤ, ਤਿਆਗ ਅਤੇ ਧਰਮ ਕਰਮ ਦੀ ਭਾਵਨਾ ਨੂੰ ਉਤੇਜਿਤ ਕਰਦੇ ਤੇ ਮਧਕਾਲੀ ਮਾਨਤਾਵਾਂ ਦੇ ਸਮਰਥਕ ਹਨ। ਇਨ੍ਹਾਂ ਕਥਾਵਾਂ ਵਿਚ ਨਾਟਕੀ ਤੇ ਭਾਵੁਕ ਅੰਸ਼ ਚੋਖੀ ਮਾਤਰਾ ਵਿਚ ਉਪਲਬਧ ਹੈ, ਜੋ ਦਰਸ਼ਕਾਂ ਨੂੰ ਜਾਦੂ ਵਾਂਗ ਕੀਲ ਲੈਂਦਾ ਹੈ। ਪੂਰਨ ਦੀ ਕਥਾ ਵਿਚ ਨੈਤਿਕ ਪ੍ਰਤਿਕੂਲਤਾ ਹੈ, ਜੋ ਉਸ ਦੇ ਸਦਾਚਾਰਕ ਅਰਥਾਂ ਨੂੰ ਉਭਾਰਦੀ ਤੇ ਨਿਖਾਰਦੀ ਹੈ। ਲੂਣਾ ਤੇ ਸੁੰਦਰਾਂ ਦੋਵੇਂ ਪੂਰਨ

ਉਤੇ ਮੋਹਿਤ ਹਨ, ਲੂਣਾਂ ਪੂਰਨ ਦੇ ਲਹੂ ਮਾਸ ਦਾ ਕੋਸਾ ਰਸ ਲੈਣਾ ਚਾਹੁੰਦੀ ਹੈ; ਪਰ ਸੁੰਦਰਾਂ ਵਿਚ ਆਤਮ-ਸਮਰਪਣ ਦੁਆਰਾ ਪੂਰਨ ਵਿਚ ਲੀਨ ਹੋਣ ਦੀ ਤ੍ਰਿਸ਼ਨਾ ਹੈ। ਇੱਛਰਾਂ ਪੂਰਨ ਦੀ ਮਮਤਾ ਦੇ ਦੈਵੀ ਆਨੰਦ ਦੁਆਰਾ ਸਹਿਜ ਅਵਸਥਾ ਉਤੇ ਜਾ ਪੁਜਦੀ ਹੈ, ਪਰ ਲੂਣਾਂ ਮਾਂ ਪੂਰਨ ਨੂੰ ਕਾਮ-ਤ੍ਰਿਪਤੀ ਦਾ ਸਾਧਨ ਬਨਾਉਣ ਦੀ ਲੋਚਾ ਕਾਰਨ ਪਤਿਤਾ ਹੋ ਨਿਬੜਦੀ ਹੈ। ਪੂਰਨ ਹਿਮਾਲਾ ਪਰਬਤ ਵਾਂਗ ਅਡੋਲ ਹੈ, ਤੂਫ਼ਾਨਾਂ ਹਨੇਰੀਆਂ ਤੋਂ ਬੇਲਾਗ। ਹੇਠਾ ਪੂਰਨ ਭਗਤ ਦੇ ਸਾਂਗ ਦਾ ਇਕ ਟੋਟਾ ਦਿਤਾ ਜਾਂਦਾ ਹੈ, ਜਿਸ ਵਿਚ ਲੂਣਾਂ ਦੀਆਂ ਵਾਸ਼ਨਈ ਤੇ ਪੂਰਨ ਦੀਆਂ ਮਾਤ੍ਰੀ ਭਾਵਨਾਵਾਂ ਦੀ ਬਲਵਾਨ ਟੱਕਰ ਹੈ :

ਲੂਣਾ : ਵੇ ਮੈਂ ਬਾਗ਼ ਲਵਾਇਆ ਸੋਹਣਾ
ਤੂੰ ਫੁੱਲਾਂ ਦੇ ਪੱਜ ਆ,
ਮੇਰਿਆ ਸੋਹਣਿਆ, ਪੂਰਨਾ !

ਪੂਰਨ : ਨੀ ਮੈਂ ਤੇਰੇ ਬਾਗ਼ ਨਾ ਆਵਾਂ
ਤੂੰ ਤਾਂ ਲੱਗੇਂ ਧਰਮ ਦੀ ਮਾਂ,
ਮੈਨੂੰ ਚਰਨ ਛੂਹਣ ਦੇ ਰਾਣੀਏਂ।

ਲੂਣਾ : ਵੇ ਮੈਂ ਨਾ ਜੰਮਿਆ ਨਾ ਪਾਲਿਆ
ਕਿਸ ਬਿਧ ਧਰਮ ਦੀ ਮਾਂ ?
ਵੇ ਮੇਰਿਆ ਹਾਣੀਆਂ, ਪੂਰਨਾ !

ਪੂਰਨ : ਨੀ ਤੂੰ ਬਾਪ ਮੇਰੇ ਦੀ ਇਸਤਰੀ
ਇਸ ਬਿਧ ਧਰਮ ਦੀ ਮਾਂ,
ਮੈਨੂੰ ਚਰਨ ਛੂਹਣ ਦੇ ਰਾਣੀਏਂ।

ਲੂਣਾ : ਵੇ ਮੈਂ ਤਾਲ ਲਵਾਇਆ ਸੋਹਣਾ
ਵੇ ਤੂੰ ਨ੍ਹਾਵਣ ਦੇ ਪੱਜ ਆ,
ਮੇਰੇ ਦਿਲ ਦੇ ਰਾਜਿਆ, ਪੂਰਨਾ !

ਪੂਰਨ : ਮੈਂ ਤੇਰੇ ਤਾਲ ਨਾ ਨ੍ਹਾਵਾਂ
ਤੂੰ ਤਾਂ ਲੱਗੇਂ ਧਰਮ ਦੀ ਮਾਂ,
ਮੈਨੂੰ ਚਰਨ ਛੂਹਣ ਦੇ ਰਾਣੀਏਂ।

ਲੂਣਾ : ਵੇ ਮੈਂ ਪਲੰਘ ਡਹਾਇਆ ਰੰਗਲਾ
ਵੇ ਤੂੰ ਸੌਣ ਦੇ ਪੱਜ ਆ,
ਮੇਰੇ ਦਿਲ ਦੇ ਸੂਰਜ, ਪੂਰਨਾ !

ਪੂਰਨ : ਨੀ ਮੈਂ ਤੇਰੇ ਪਲੰਘ ਨਾ ਸੌਂਵਾਂ
ਤੂੰ ਤਾਂ ਲੱਗੇਂ ਧਰਮ ਦੀ ਮਾਂ,
ਮੈਨੂੰ ਚਰਨ ਛੂਹਣ ਦੇ ਰਾਣੀਏਂ।

ਇਨ੍ਹਾਂ ਵੱਡੇ ਸਾਂਗਾਂ ਤੋਂ ਇਲਾਵਾ ਛੋਟੇ ਛੋਟੇ ਇਕਾਂਗੀ ਪੱਧਰ ਦੇ ਸਵਾਂਗਾਂ ਦਾ ਵੀ ਆਮ ਰਵਾਜ ਹੈ। ਵਿਆਹ ਦੇ ਦਿਨਾਂ ਵਿਚ ਘਰਾਂ ਦੇ ਵਿਹੜਿਆਂ ਤੇ ਪਿੰਡ ਦੀਆਂ ਗਲੀਆਂ ਵਿਚ ਹੁਣ ਵੀ ਛੋਟੇ ਸਵਾਂਗ ਖੇਡੇ ਜਾਂਦੇ ਹਨ। ਧਨੀ-ਪੋਠੋਹਾਰ ਵਿਚ ਜਦੋਂ ਪਹਿਲੀ ਵਾਰ ਵਰ ਤੇ ਕੰਨਿਆਂ ਦਾ ਮੇਲ ਹੁੰਦਾ ਹੈ ਤਾਂ ਕਈ ਤਰ੍ਹਾਂ ਦੇ ਕਾਮਣ ਅਤੇ ਸਾਂਗ ਭਰੇ ਜਾਂਦੇ ਹਨ, ਜਿਨ੍ਹਾਂ ਨੂੰ 'ਛੰਦਲੀ ਸਾਂਗ' ਵੀ ਕਿਹਾ ਜਾਂਦਾ ਹੈ। 'ਛੰਦਲੀ ਸਾਂਗ' ਵਿਚ ਕੋਈ ਲੜਕਾ ਜਾਂ ਘਰ ਦੀ ਕੋਈ ਬਜ਼ੁਰਗ ਤੀਵੀਂ ਕੰਨਿਆਂ ਦਾ ਸਵਾਂਗ ਭਰ ਕੇ ਛੰਦਲੀ ਉਤੇ ਬੈਠ ਜਾਂਦੀ ਹੈ। ਵਰ ਪੱਖ ਵਾਲੇ, ਛੰਦਲੀ ਉਤੇ ਸਵਾਂਗ ਭਰ ਕੇ ਬੈਠੇ ਨੂੰ ਹੀ ਕੰਨਿਆਂ ਸਮਝ ਕੇ, ਰੀਤਾਂ ਕਰਦੇ ਜਾਂਦੇ ਹਨ ਤੇ ਜਦੋਂ ਭੇਦ ਖੁਲ੍ਹਦਾ ਹੈ, ਤਾਂ ਚੰਗਾ ਹਾਸਾ ਠੱਠਾ ਮਚਦਾ ਹੈ। ਇਸੇ ਤਰ੍ਹਾਂ ਜਦੋਂ ਜੰਞ ਕੰਨਿਆਂ ਪੱਖ ਦੇ ਪਿੰਡ ਚਲੀ ਜਾਂਦੀ ਹੈ, ਤਾਂ ਵਰ ਧਿਰ ਦੀਆਂ ਤੀਵੀਆਂ ਆਪਣੇ ਘਰ ਵਿਚ ਸਾਰੀ ਰਾਤ 'ਜਾਗਾ' ਖੇਡਦੀਆਂ ਤੇ ਕਈ ਤਰ੍ਹਾਂ ਦੇ ਸਵਾਂਗ ਭਰ ਕੇ ਖਿੱਲੀ ਪਾਈ ਰਖਦੀਆਂ ਹਨ। ਮਾਲਵੇ ਵਿਚ ਇਹੋ ਜਾਗਾ 'ਜਾਗੋ' ਦਾ ਰੂਪ ਧਾਰ ਗਿਆ। ਜਾਗੋ ਕੱਢਣ ਵੇਲੇ ਨਾਨਕੀਆਂ ਸਵਾਂਗ ਭਰਦੀਆਂ ਹਨ (ਵੇਖੋ : ਜਾਗੋ)।

ਵਿਆਹ ਦੇ ਦਿਨੀਂ ਰਾਤ ਵੇਲੇ ਸਵਾਣੀਆਂ 'ਢੋਲਕੀ ਦੇ ਗੀਤਾਂ' ਦੇ ਨਾਲ ਸਵਾਂਗ ਵੀ ਭਰਦੀਆਂ ਹਨ। ਇਨ੍ਹਾਂ ਸਵਾਂਗਾਂ ਵਿਚ, ਕਲਾ ਦੇ ਹਲਕੇ ਜਿਹੇ ਛੱਟੇ ਨਾਲ, ਰਸ ਬਿਖੇਰਿਆ ਜਾਂਦਾ ਹੈ। ਕਿਸੇ ਕਥਾ-ਕਾਵਿ ਨੂੰ ਤਰੋੜ ਮਰੋੜ ਕੇ, ਨਾਟਕੀ ਸਾਂਚੇ ਵਿਚ ਢਾਲ ਲਿਆ ਜਾਂਦਾ ਹੈ ਅਤੇ ਸੰਵਾਦ, ਨਕਲ ਤੇ ਅਭਿਨੈ ਨਾਲ ਉਸ ਨੂੰ ਰੌਚਕ ਬਣਾ ਲਿਆ ਜਾਂਦਾ ਹੈ। ਇਸ ਤਰ੍ਹਾਂ ਦਾ ਇਕ ਪ੍ਰਸਿਧ ਸਵਾਂਗ, ਖੂਹ ਉਤੇ ਘੜਾ ਭਰਦੀ ਇਕ ਮੁਟਿਆਰ ਦਾ ਹੈ, ਜੋ ਬਾਲ ਅਵਸਥਾ ਵਿਚ ਵਿਆਹੀ ਜਾਣ ਕਰ ਕੇ ਆਪਣੇ ਢੋਲ ਸਿਪਾਹੀ ਨੂੰ ਪਛਾਣਦੀ ਨਹੀਂ। ਲਾਮਾਂ ਤੋਂ ਪਰਤ ਕੇ ਆਇਆ ਉਸ ਦਾ ਢੋਲ ਸਿਪਾਹੀ, ਉਸ ਤੋਂ ਪਾਣੀ ਦਾ ਘੁਟ ਮੰਗਦਾ ਹੈ। ਮੁਟਿਆਰ ਸਿਪਾਹੀ ਦੀ ਖੋਟੀ ਨੀਅਤ ਭਾਂਪ ਕੇ ਉਸ ਨਾਲ ਸਿੱਧੇ ਮੂੰਹ ਗੱਲ ਨਹੀਂ ਕਰਦੀ। ਦੋਹਾਂ ਵਿਚ ਕੁਝ ਤਕਰਾਰ ਹੁੰਦਾ ਹੈ ਤੇ ਅਖੀਰ ਸਿਪਾਹੀ

ਘੋੜੇ ਤੇ ਸਵਾਰ ਹੋ ਕੇ ਉਥੋਂ ਆਪਣੇ ਸਹੁਰੇ ਘਰ ਚਲਾ ਜਾਂਦਾ ਹੈ। ਜਦੋਂ ਉਹ ਕੁੜੀ ਘਰ ਪਹੁੰਚਦੀ ਹੈ ਤਾਂ ਮਾਂ ਤੋਂ ਇਹ ਜਾਣ ਕੇ ਕਿ ਇਹ ਸਿਪਾਹੀ ਤਾਂ ਉਸੇ ਦਾ ਆਪਣਾ ਪਤੀ ਸੀ, ਬੜੀ ਕੱਚੀ ਪੈਂਦੀ ਹੈ ਤੇ ਢੋਲ ਸਿਪਾਹੀ ਨੂੰ ਮਿੰਨਤਾਂ ਨਾਲ ਰਾਜ਼ੀ ਕਰਦੀ ਹੈ। ਘਟਨਾ ਨਾਟਕੀ ਹੋਣ ਕਰ ਕੇ ਬੜੀ ਰੋਚਕ ਹੈ। ਪੂਰਾ ਸਾਂਗ ਇਸ ਤਰ੍ਹਾਂ ਹੈ :

ਸਿਪਾਹੀ : ਖੂਹ ਤੇ ਘੜਾ ਭਰੇਂਦੀਏ ਮੁਟਿਆਰੇ ਨੀ,
ਘੁਟ ਕੁ ਪਾਣੀ ਪਿਆ।
ਅਸੀਂ ਮੁਸਾਫ਼ਰ ਰਾਹੀ ਨੀ ਅੜੀਏ,
ਸਾਡਾ ਜੀਵੜਾ ਨਾ ਤਰਸਾ।

ਮੁਟਿਆਰ: ਪਾਣੀ ਤਾਂ ਪੀ ਮੁਸਾਫ਼ਰਾ ਵੇ,
ਬੀਬਾ, ਮੈਲੀ ਤੱਕ ਨਾ ਭੁਲ।
ਜਿਸ ਕੰਤ ਦੀ ਮੈਂ ਵਹੁਟੜੀ,
ਬੀਬਾ, ਉਸ ਦਿਆਂ ਪਾਂਧਾ ਦਾ ਤੂੰ ਮੁਲ।

ਸਿਪਾਹੀ : ਸੋਨੇ ਦੀ ਮੇਰੀ ਤਕੜੀ ਨੀ ਬੀਬੋ,
ਚਾਂਦੀ ਦਾ ਘਰ ਸੇਰ।
ਤੇਰੇ ਜਿਹੀਆਂ ਦੋ ਗੋਲੀਆਂ ਨੀ ਬੀਬੋ,
ਮੇਂ ਘਰ ਪਾਣੀ ਭਰੇਨ।

ਮੁਟਿਆਰ: ਸੋਨੇ ਦੀ ਮੇਰੀ ਪਾਲਕੀ ਵੇ ਅੜਿਆ,
ਚਾਂਦੀ ਦਾ ਈ ਉਛਾੜ।
ਤੇਰੇ ਜਿਹੇ ਦੋ ਗਭਰੂ ਵੇ ਅੜਿਆ,
ਮੇਰੀ ਡੋਲੀ ਦੇ ਨਾਲ ਕਹਾਰ।

ਸਿਪਾਹੀ : ਸਾਈਆਂ ਘੜਾ ਤੇਰਾ ਭਜ ਪਵੇ,
ਉਨ੍ਹੂੰ ਰਹਿ ਜਾਏ ਹੱਥ।
ਘਰੋਂ ਤਾਂ ਮਾਂ ਤੈਨੂੰ ਛਿਕ ਕਢੇ,
ਪੈ ਜਾਏਂ ਸਾਡੇ ਵਸ।

ਮੁਟਿਆਰ: ਸਾਈਆਂ ਤਾਂ ਘੋੜਾ ਮਰ ਵੰਞੀ,
ਚਾਬੁਕ ਰਹਿ ਜਾਈ ਹੱਥ।
ਘਰੋਂ ਤਾਂ ਮਾਂ ਪਿਉ ਕੁਟ ਕੱਢੀ,
ਪੈ ਜਾਏਂ ਸਿਪਾਹੀਆਂ ਦੇ ਵਸ।
(ਮੁਟਿਆਰ ਪਾਣੀ ਭਰ ਕੇ ਘਰ ਜਾਂਦੀ ਹੈ ਤੇ ਉਸ ਨੂੰ ਮਾਂ ਪੁਛਦੀ ਹੈ।)

ਮਾਂ : ਕੀ ਮੋਈਏ–ਕੀ ਮਾਰੀਏ, ਨੀ ਧੀਏ!
ਕੇ ਗਈ ਏਂ ਪਾਰਵਾਰ।
ਵਡੇ ਵੇਲ ਦਾ ਘੜਾ ਭਰਨ ਗਈ ਏਂ!
ਆਈ ਏਂ ਸੋਤੜਾ ਪਾ।

ਮੁਟਿਆਰ: ਨਾ ਮੋਈ ਨਾ ਮਾਰੀ, ਮੇਰੀਏ ਅੰਬੜੀਏ,
ਨਾ ਗਈ ਪਾਰਵਾਰ।
ਉਚਾ ਲੰਮਾ ਇਕ ਗਭਰੂ, ਨੀ ਅੰਬੜੀਏ,
ਕਰ ਬੈਠਾ ਤਕਰਾਰ।
(ਫਿਰ ਘੋੜੇ ਵਲ ਵੇਖ ਕੇ)

ਮੁਟਿਆਰ: ਇਹ ਕਿਸ ਦੇ ਘੋੜੇ ਜੋੜੇ ਨੀ ਅੰਬੜੀਏ,
ਇਹ ਕਿਸ ਦੇ ਹਥਿਆਰ।

ਮਾਂ : ਜਿਦ੍ਹੇ ਨਾਲ ਤੂੰ ਪਰਨਾਈਂ, ਨੀ ਧੀਏ,
ਉਹ ਆਇਆ ਅਸਵਾਰ।
(ਫਿਰ ਮੁਟਿਆਰ ਢੋਲ ਸਿਪਾਹੀ ਨੂੰ ਮਨਾਣ ਲਈ ਜਾਂਦੀ ਹੈ)

ਮੁਟਿਆਰ: ਕੇ ਸੁਤਾ ਕੇ ਜਾਗਦਾ, ਵੇ ਚੰਨਾਂ!
ਵੇ ਕੀ ਤੂੰ ਗਿਉਂ ਪਾਰਵਾਰ?

ਸਿਪਾਹੀ : ਨਾ ਸੁਤਾ ਨਾ ਜਾਗਦਾ, ਨੀ ਅੜੀਏ!
ਤੂੰ ਖੂਹੇ ਦੇ ਬੋਲ ਚਤਾਰ।

ਮੁਟਿਆਰ: ਨਿਕਿਆਂ ਹੁੰਦਿਆਂ ਹੋ ਗਈਆਂ, ਵੇ ਬੀਬਾ,
ਹੁਣ ਤੇ ਮਨੋਂ ਵਿਸਾਰ।

ਇਸ ਤਰ੍ਹਾਂ ਦੇ ਨਿਕੇ ਨਿਕੇ ਕਈ ਸਾਂਗ ਵਿਆਹ ਦੇ ਮੌਕੇ ਉਤੇ ਸਵਾਣੀਆਂ ਖੇਡਦੀਆਂ ਹਨ। ਧਨੀ ਦੇ ਇਲਾਕੇ ਵਿਚ ਇਕ ਪ੍ਰਸਿਧ ਸਾਂਗ 'ਕਾਲੇ ਕਾਲੇ ਵੈਂਗਣਾ' ਹੈ, ਜਿਸ ਦਾ ਕਥਾਨਕ ਬੜਾ ਨਾਟਕੀ ਹੈ। ਇਕ ਸਿਪਾਹੀ ਜਿਸ ਦਾ ਵਿਆਹ ਛੋਟੀ ਉਮਰ ਵਿਚ ਹੋ ਗਿਆ ਸੀ, ਯੁਧ ਵਿਚੋਂ ਵਾਪਸ ਆ ਕੇ ਆਪਣੇ ਸਹੁਰੇ ਜਾਂਦਾ ਹੈ। ਪਰ ਪਿੰਡ ਦੇ ਜਬ ਵਿਚ ਆਪਣੇ ਸਾਲੇ ਨੂੰ, ਜੋ ਰੰਗ ਦਾ ਕਾਲਾ ਸੀ, ਵੇਖ ਕੇ ਇਸ ਖ਼ਿਆਲ ਨਾਲ ਘਰ ਵਾਪਿਸ ਪਰਤ ਪੈਂਦਾ ਹੈ ਕਿ ਉਸ ਦੀ ਪਤਨੀ ਵੀ ਕਾਲੇ ਰੰਗ ਦੀ ਹੋਵੇਗੀ। ਰਾਹ ਵਿਚ ਉਸ ਨੂੰ ਆਪਣੀ ਪਤਨੀ ਮਿਲ ਜਾਂਦੀ ਹੈ, ਜਿਸ ਦੇ ਰੂਪ ਉਤੇ ਮੋਹਿਤ ਹੋ ਕੇ ਉਹ ਉਸ ਨਾਲ ਵਿਆਹ ਕਰਨ ਦੀ ਕਾਮਨਾ ਪ੍ਰਗਟ ਕਰਦਾ ਹੈ। ਜਿਤਨਾ ਵੱਡਾ ਨਾਟਕੀ ਮੌਕਾ ਹੈ, ਉਤਨੇ ਜ਼ੋਰਦਾਰ ਹੀ ਕਾਵਿਕ ਸੰਬਾਦ ਹਨ। ਇਸ ਤਰ੍ਹਾਂ ਦੇ ਨਿਕੇ ਨਿਕੇ ਹਲਕੇ ਸਵਾਂਗ ਗਿੱਧੇ ਦੇ ਨਾਚ ਸਮੇਂ ਵੀ ਭਰਨ ਦੀ ਪ੍ਰਥਾ ਹੈ।

ਪੰਜਾਬ ਵਿਚ ਲੰਮੀ ਆਯੂ ਭੋਗ ਕੇ ਮਰੇ ਬੁੱਢੇ ਪੁਰਾਣੀ ਦੀ ਮੌਤ ਉਤੇ ਵੀ ਸਵਾਂਗ ਭਰੇ ਜਾਂਦੇ ਹਨ,

ਜਿਨ੍ਹਾਂ ਨੂੰ 'ਸੰਗਤ' ਕਹਿੰਦੇ ਹਨ। ਇਹ ਸਵਾਂਗ ਆਮ ਤੌਰ ਤੇ ਬੁੱਢੇ ਦੇ ਪੁੱਤਰਾਂ ਦੇ ਸਹੁਰੇ ਪਰਿਵਾਰ ਦੀਆਂ ਤੀਵੀਆਂ ਭਰਦੀਆਂ ਹਨ, ਇਨ੍ਹਾਂ ਸਵਾਂਗਾਂ ਵਿਚ ਵਿਅੰਗ ਤੇ ਹਾਸ-ਰਸ ਹੁੰਦਾ ਹੈ।

ਬਹੁਰੂਪੀਏ ਵੀ ਸਵਾਂਗ ਭਰਨ ਦੀ ਕਲਾ ਵਿਚ ਬੜੇ ਸਮਰਿਧ ਹੁੰਦੇ ਹਨ ਅਤੇ ਉਹ ਵੇਲੇ ਕੁਵੇਲੇ ਆਪਣੀ ਕਲਾ ਦੁਆਰਾ ਲੋਕਾਂ ਦਾ ਮਨ ਪਰਚਾਂਦੇ ਰਹਿੰਦੇ ਹਨ। ਪਰ ਬਹੁਰੂਪੀਏ ਦੇ ਸਵਾਂਗ ਨਕਲ ਦੇ ਅੰਤਰਗਤ ਆਉਂਦੇ ਹਨ। ਸਵਾਂਗ ਵਿਚ ਹਰ ਪਾਤਰ ਦਾ ਅਭਿਨੈ, ਵੱਖੋ ਵੱਖਰਾ ਵਿਅਕਤੀ, ਅਨੁਕੂਲ ਵੇਸ ਨਾਲ ਪੇਸ਼ ਕਰਦਾ ਹੈ, ਪਰ ਨਕਲ ਵਿਚ ਇਕ ਜਾਂ ਦੋ ਭੰਡ ਹੀ ਕਈ ਪਾਤਰਾਂ ਦਾ ਅਭਿਨੈ ਕਰਦੇ ਹਨ।

(ਸ-405) **ਸਾਂਗਾ** :

ਇਕ ਹਲਕੀ ਕਿਸਮ ਦੀ ਨਕਲ, ਜਿਸ ਵਿਚ ਕੋਈ ਸ਼ਖ਼ਸ ਕਿਸੇ ਇਲਤੀ, ਸ਼ਰਾਰਤੀ ਜਾਂ ਢੌਂਗੀ ਨੂੰ, ਉਸ ਦੇ ਆਪਣੇ ਚਰਿਤ੍ਰ, ਵਰਤਾਰੇ ਜਾਂ ਕਰਦਾਰ ਤੋਂ ਜਾਣੂ ਕਰਵਾਣ ਲਈ, ਜਿਵੇਂ ਉਹ ਕਰਦਾ ਤੇ ਬੋਲਦਾ ਹੈ, ਉਸ ਦਾ ਸਾਂਗ ਉਤਾਰਦਾ ਹੈ। ਸਾਂਗਾ ਵਿਚ ਅਤਿਕਥਨੀ ਤੇ ਵਿਅੰਗ ਦੁਆਰਾ ਦੂਜੇ ਦਾ ਮਖ਼ੌਲ ਉਡਾਇਆ ਜਾਂਦਾ ਹੈ। ਇਸ ਦੀ ਸਭ ਤੋਂ ਦਿਲਚਸਪ ਵੰਨਗੀ ਸ਼੍ਰੇਣੀ ਸਾਂਗਾਂ ਦੀ ਹੈ, ਜਿਨ੍ਹਾਂ ਵਿਚ ਪਿੰਡ ਦੀਆਂ ਖ਼ਾਸ ਖ਼ਾਸ ਸ਼੍ਰੇਣੀਆਂ — ਸ਼ਾਹੂਕਾਰ, ਬਾਣੀਏਂ, ਪਟਵਾਰੀ, ਹਟਵਾਣੀਏਂ, ਜੁਲਾਹੇ ਤੇ ਨਾਈ ਆਦਿ ਦੀਆਂ ਸਾਂਗਾਂ ਉਤਾਰੀਆਂ ਜਾਂਦੀਆਂ ਹਨ। ਸਾਂਗਾਂ ਆਮ ਤੌਰ ਤੇ ਬਹੁ-ਰੂਪੀਏ ਉਤਾਰਦੇ ਹਨ।

(ਸ-406) **ਸਾਗਰ** :

ਸਮੁੰਦਰ ਦਾ ਦੇਵਤਾ; ਸਮੁੰਦਰ ਦਾ ਮਾਨਵੀ-ਕਰਣ ਸਾਗਰ ਦੁਆਰਾ ਕੀਤਾ ਗਿਆ ਹੈ। ਰਾਮਾਇਣ ਅਨੁਸਾਰ ਜਦੋਂ ਰਾਮ ਚੰਦਰ ਨੇ ਲੰਕਾ ਜਾਣ ਲਈ ਸਮੁੰਦਰ ਤੋਂ ਰਸਤਾ ਪ੍ਰਾਪਤ ਕਰਨ ਲਈ ਉਸ ਦੀ ਅਰਾਧਨਾ ਕੀਤੀ, ਤਾਂ ਸਮੁੰਦਰ ਸਾਗਰ ਦੇ ਰੂਪ ਵਿਚ ਪ੍ਰਗਟ ਹੋਇਆ (ਵੇਖੋ : ਸਮੁੰਦਰ)।

(ਸ-407) **ਸਾਗਰ ਮੰਥਨ** :

(ਵੇਖੋ : ਖੀਰ ਸਾਗਰ)।

(ਸ-408) **ਸਾਂਗਲਾ** :

ਪੰਜਾਬ ਦਾ ਇਕ ਪ੍ਰਾਚੀਨ ਨਗਰ, ਜੋ ਪਾਕਿਸਤਾਨੀ ਪੰਜਾਬ ਵਿਚ ਸਥਿਤ ਹੈ। ਬ੍ਰਾਹਮਣੀ ਸਾਹਿੱਤ ਵਿਚ 'ਸਾਕਲ' ਤੇ ਬੋਧੀ ਸਾਹਿੱਤ ਵਿਚ 'ਸਾਗਲ' ਨਗਰ ਦਾ ਜ਼ਿਕਰ ਕਈ ਵਾਰ ਆਉਂਦਾ ਹੈ, ਜਿਸਦਾ ਏਕੀਕਰਣ ਭੂਗੋਲਵੇਤਾ ਸਾਂਗਲੇ ਨਾਲ ਕਰਦੇ ਹਨ।

ਮਹਾਂਭਾਰਤ ਅਨੁਸਾਰ 'ਸਾਕਲ' ਮਦਰ ਦੇਸ਼ ਦੀ ਰਾਜਧਾਨੀ ਸੀ, ਜੋ ਇਰਾਵਤੀ (ਰਾਵੀ) ਦੇ ਪੱਛਮ ਵਲ ਅਪਾਰਾ ਨਦੀ ਦੇ ਕੰਢੇ ਉਤੇ ਸਥਿਤ ਸੀ। ਮਦਰ ਦੇਸ਼ ਬਿਆਸ ਦਰਿਆ ਤੋਂ ਜਿਹਲਮ ਦਰਿਆ ਤਕ ਦੇ ਇਲਾਕੇ ਦਾ ਸਮੁਚਾ ਨਾਂ ਸੀ। ਕਈ ਭੂਗੋਲਵੇਤਾ ਬਿਆਸ ਅਤੇ ਝਨਾਂ ਦੇ ਵਿਚਕਾਰ ਦੇ ਇਲਾਕੇ ਨੂੰ ਮਦਰ ਦੇਸ਼ ਮੰਨਦੇ ਹਨ। ਇਸ ਦੇਸ ਵਿਚ ਕਿਸੇ ਸਮੇਂ ਮਦਰ ਜਾਤੀ, ਜਿਸ ਨੂੰ ਜਾਰਤਿਕਾ ਤੇ ਬਾਹੀਕਾ ਵੀ ਆਖਦੇ ਹਨ, ਦਾ ਰਾਜ ਸੀ।

ਸਾਗਲ ਨਗਰ ਬਾਰੇ ਇਕ ਦੰਦ-ਕਥਾ ਇਉਂ ਪ੍ਰਚਲਤ ਹੈ : ਸਾਗਲ ਦੇਸ ਉਤੇ ਕੁਸਾ ਨਾਂ ਦੇ ਰਾਜੇ ਦਾ ਅਧਿਕਾਰ ਸੀ। ਉਸ ਦੀ ਪਤਨੀ ਪ੍ਰਭਾਵਤੀ ਬੜੀ ਸੁੰਦਰ ਤੇ ਸੁਸ਼ੀਲ ਸੀ। ਆਸ ਪਾਸ ਦੇ ਇਲਾਕੇ ਦੇ ਸੱਤ ਰਾਜੇ ਕੁਸਾ ਨਾਲ ਈਰਖਾ ਰਖਦੇ ਸਨ। ਇਕ ਵਾਰ ਉਨ੍ਹਾਂ ਸੱਤਾਂ ਰਾਜਿਆਂ ਨੇ ਇਕੱਠੇ ਹੋ ਕੇ ਸਾਗਲ ਉਤੇ ਹੱਲਾ ਬੋਲ ਕੇ, ਕੁਸਾ ਦੀ ਪਤਨੀ ਪ੍ਰਭਾਵਤੀ ਨੂੰ ਚੁਕ ਲਿਆਉਣ ਦੀ ਸਾਜ਼ਸ਼ ਬਣਾਈ। ਜਦੋਂ ਸੱਤਾਂ ਰਾਜਿਆਂ ਦੀਆਂ ਫ਼ੌਜਾਂ ਨਗਰ ਦੀ ਹੱਦ ਤਕ ਪਹੁੰਚ ਗਈਆਂ, ਤਾਂ ਰਾਜਾ ਕੁਸਾ ਹਾਥੀ ਉਤੇ ਸਵਾਰ ਹੋ ਕੇ, ਆਪਣੀ ਫ਼ੌਜ ਨਾਲ ਨਗਰ ਤੋਂ ਬਾਹਰ ਆਇਆ ਤੇ ਕੜਕਵੀਂ ਆਵਾਜ਼ ਵਿਚ ਕਹਿਣ ਲੱਗਾ, "ਮੈਂ ਕੁਸਾ ਹਾਂ, ਆਓ ਜੇ ਕਿਸੇ ਵਿਚ ਮੇਰੇ ਨਾਲ ਲੜਨ ਦੀ ਹਿੰਮਤ ਹੋਵੇ।" ਰਵਾਇਤ ਹੈ ਕਿ ਇਹ ਆਵਾਜ਼ ਸਾਰੀ ਸ੍ਰਿਸ਼ਟੀ ਵਿਚ ਗੂੰਜ ਗਈ ਅਤੇ ਉਹ ਸੱਤੇ ਰਾਜੇ ਡਰ ਕੇ ਨੱਠ ਗਏ। ਇਸ ਦੰਦ-ਕਥਾ ਦਾ, ਹੋ ਸਕਦਾ ਹੈ, ਅੰਬਾ ਕਪੀ ਦੇ

ਸੱਤਾਂ ਭਰਾਵਾਂ ਤੇ ਭੈਣਾਂ ਦੀ ਕਥਾ ਨਾਲ ਵੀ ਕੋਈ ਸੰਬੰਧ ਹੋਵੇ, ਕਿਉਂ ਜੋ ਅੰਬਾ ਕਪੀ ਸਾਂਗਲੇ ਤੋਂ ਚਾਲ੍ਹੀ ਕੁ ਮੀਲ ਪੂਰਬ ਵਲ ਹੈ (ਵੇਖੋ : ਅੰਬਾ ਕਪੀ)।

ਹਿਊਨ ਸਾਂਗ ਦੇ ਸਮੇਂ 'ਸਾਕਲ' ਦਾ ਨਗਰ ਭਾਵੇਂ ਉਜੜ ਚੁਕਾ ਸੀ, ਪਰ ਉਸ ਦੀਆਂ ਨੀਹਾਂ ਉਦੋਂ ਵਿਖਾਈ ਦੇਂਦੀਆਂ ਸਨ। ਉਜੜੇ ਘਰਾਂ ਤੇ ਖੋਲਿਆ ਵਿਚ, ਥੋੜ੍ਹੀ ਜਿਹੀ ਖੁਲ੍ਹੀ ਥਾਂ ਉਤੇ, ਕੁਝ ਲੋਕ ਵਸਦੇ ਸਨ। ਸਹਿਰ ਦੇ ਅੰਦਰ ਸੌ ਫ਼ੁਟ ਉਚਾ ਇਕ ਬੋਧੀ ਸਤੂਪ ਸੀ। ਇਥੇ ਪਹਿਲਾਂ ਹੋਏ ਚਾਰ ਬੋਧੀਸਤਵ ਆਪਣੇ ਪੈਰ-ਚਿੰਨ੍ਹ ਛੱਡ ਗਏ ਦਸੇ ਜਾਂਦੇ ਹਨ। ਇਥੋਂ ਮੀਲ ਕੁ ਦੀ ਵਾਟ ਉਤੇ ਇਕ ਹੋਰ 200 ਫ਼ੁਟ ਉਚਾ ਸਤੂਪ ਸੀ, ਜੋ ਅਸ਼ੋਕ ਨੇ ਉਸ ਪਾਵਨ ਥਾਂ ਉਤੇ ਬਣਵਾਇਆ ਸੀ, ਜਿਥੇ ਪਹਿਲਾਂ ਹੋਏ ਚਾਰ ਬੋਧੀਸਤਵਾਂ ਨੇ ਧਰਮ ਅਤੇ ਨੈਤਿਕਤਾ ਦੀ ਵਿਆਖਿਆ ਕੀਤੀ ਸੀ। ਹਿਊਨ ਸਾਂਗ ਸਮੇਂ ਇਸ ਇਲਾਕੇ ਦਾ ਪ੍ਰਧਾਨ ਸ਼ਹਿਰ ਧਕਾ ਜਾਂ ਟਕਾ ਸੀ।

(ਸ-409) **ਸਾਚਨੀ** :

ਵਰੀ ਵਿਚ ਢੋਏ ਗਏ ਕੱਨਿਆਂ ਦੇ ਉਹ ਕਪੜੇ, ਜੋ ਦੂਲ੍ਹੇ ਦੇ ਮਾਪੇ ਦੇਂਦੇ ਹਨ। ਰੋਹਤਕ ਦੇ ਮੁਸਲਮਾਨ ਕਈ ਵਾਰ ਸੂਹੀ ਵਰੀ ਨੂੰ ਹੀ ਸਾਚਨੀ ਕਹਿ ਲੈਂਦੇ ਹਨ (ਵੇਖੋ : ਵਰੀ)।

(ਸ-410) **ਸਾਂਝੀ ਮਾਈ** :

ਇਕ ਗਰਾਮ ਦੇਵੀ, ਜਿਸ ਦੀ ਪੂਜਾ ਨੌਰਾਤਿਆਂ ਦੇ ਦਿਨਾਂ ਵਿਚ ਛੋਟੀਆਂ ਵੱਡੀਆਂ ਕੁੜੀਆਂ ਅਥਵਾ ਕੰਜ-ਕੰਵਾਰੀਆਂ ਕਰਦੀਆਂ ਹਨ। ਚੇਤਰ ਅਤੇ ਅੱਸੂ ਦੇ ਚਾਨਣ ਪੱਖ ਦੇ ਪਹਿਲੇ ਨੌਂ ਦਿਨਾਂ ਨੂੰ ਨੌਰਾਤੇ ਕਹਿੰਦੇ ਹਨ, ਪਰ ਚੇਤਰ ਦੇ ਨੌਰਾਤਿਆਂ ਨਾਲੋਂ ਅੱਸੂ ਦੇ ਨੌਰਾਤਿਆਂ ਵਿਚ ਦੇਵੀ ਦੀ ਪੂਜਾ ਦਾ ਵਧੇਰੇ ਮਹੱਤਵ ਮੰਨਿਆ ਗਿਆ ਹੈ।

ਸਾਂਝੀ ਮਾਈ ਦੁਰਗਾ ਦੇਵੀ ਦਾ ਹੀ ਇਕ ਰੂਪ ਹੈ। ਸਾਂਝੀ ਸ਼ਬਦ ਦੀ ਉਤਪੱਤੀ ਬਾਰੇ ਕਈ ਧਾਰਨਾਵਾਂ ਪ੍ਰਚਲਤ ਹਨ। ਇਕ ਵਿਚਾਰ ਅਨੁਸਾਰ 'ਸਾਂਝੀ' ਪਦ ਸੰਝ ਤੋਂ ਬਣਿਆ ਹੈ, ਜਿਸ ਦਾ ਅਰਥ ਸ਼ਾਮ ਹੈ। ਇਸ ਦੇਵੀ ਦੀ ਪੂਜਾ ਸੰਝ ਵੇਲੇ ਕੀਤੀ ਜਾਂਦੀ ਹੈ, ਜਿਸ ਤੋਂ ਇਸ ਦਾ ਨਾਂ ਸਾਂਝੀ ਪ੍ਰਚਲਤ ਹੋ ਗਿਆ। ਇਕ ਹੋਰ ਵਿਚਾਰ ਅਨੁਸਾਰ ਰਾਜਸਥਾਨ ਵਿਚ ਇਸ ਪੁਰਬ ਨੂੰ 'ਸੰਝਯਾ' ਤੇ ਉੱਤਰ ਪ੍ਰਦੇਸ ਵਿਚ 'ਝਾਂਝੀ' ਕਹਿੰਦੇ ਹਨ। ਇਹੋ ਨਾਂ ਵਿਗੜ ਕੇ ਪੰਜਾਬ ਵਿਚ ਸਾਂਝੀ ਬਣ ਗਿਆ। ਧਾਰਨਾ ਹੈ ਕਿ ਸਾਂਝੀ ਦੀ ਪੂਜਾ ਨਾਲ ਸੁਸ਼ੀਲ, ਸੁਨੱਖਾ ਤੇ ਦੀਰਘ ਆਯੂ ਵਾਲਾ ਪਤੀ ਪ੍ਰਾਪਤ ਹੁੰਦਾ ਹੈ। ਸਾਂਝੀ ਮਾਈ ਦੀ ਪੂਜਾ ਲਈ ਪਹਿਲਾਂ ਉਸ ਦੀ ਸਥਾਪਨਾ ਕੀਤੀ ਜਾਂਦੀ ਹੈ। ਸਾਂਝੀ ਦੀ ਪੂਜਾ ਵਾਸਤੇ ਘਰ ਵਿਚ ਜੌਆਂ ਦੀ ਖੇਤਰੀ ਬੀਜੀ ਜਾਦੀ ਅਤੇ ਕਿਸੇ ਕੰਧ ਉਤੇ ਸਾਂਝੀ ਦੀ ਮੂਰਤੀ ਬਣਾਈ ਜਾਂਦੀ ਹੈ। ਪਹਿਲੇ ਨੌਰਾਤੇ ਨੂੰ ਕੁੜੀਆਂ ਕਿਸੇ ਕੋਰੇ ਭਾਂਡੇ ਵਿਚ ਜੌਂ ਬੀਜਦੀਆਂ ਹਨ, ਜਿਸ ਨੂੰ 'ਖੇਤਰੀ' ਕਿਹਾ ਜਾਂਦਾ ਹੈ। ਇਸ ਨੂੰ ਅੱਕ ਤੇ ਅਰਿੰਡ ਦੇ ਪੱਤਿਆਂ ਨਾਲ ਢੱਕ ਦਿਤਾ ਜਾਂਦਾ ਹੈ। ਫਿਰ ਹਰ ਨੌਰਾਤੇ ਨੂੰ ਸਵੇਰੇ ਉਠ ਕੇ ਉਹ ਖੇਤਰੀ ਨੂੰ ਪਾਣੀ ਦੇਂਦੀਆ ਤੇ ਆਰਤੀ ਉਤਾਰਦੀਆਂ ਹਨ। ਨੌਆਂ ਦਿਨਾਂ ਵਿਚ ਜੌਆਂ ਦੇ ਬੂੰਬਲ ਨਿਕਲ ਆਉਂਦੇ ਹਨ, ਜਿਨ੍ਹਾਂ ਨੂੰ ਦਸਵੇਂ ਦਿਨ ਕੁੜੀਆਂ ਆਪਣੇ ਭਰਾਵਾਂ ਤੇ ਅੰਗਾਂ ਸਾਕਾਂ ਦੀਆਂ ਪੱਗਾਂ ਵਿਚ ਟੁੰਗਦੀਆਂ ਹਨ ਅਤੇ 'ਜੌਂ ਟੁੰਗਾਈ' ਵਜੋਂ ਕੁਝ ਰੁਪਏ ਬੰਧੇਜ ਲੈਂਦੀਆਂ ਹਨ। ਦਸਵੀਂ ਨੂੰ ਕੁੜੀਆਂ ਗੀਤ ਗਾਉਂਦੀਆਂ ਹੋਈਆਂ ਇਸ ਖੇਤਰੀ ਨੂੰ ਪਿੰਡ ਦੇ ਕਿਸੇ ਟੋਭੇ ਜਾਂ ਨਦੀ ਨਾਲੇ ਵਿਚ ਪ੍ਰਵਾਹ ਦੇਂਦੀਆਂ ਹਨ।

'ਖੇਤਰੀ' ਦੀ ਪੂਜਾ ਤੋਂ ਇਲਾਵਾ, ਸਾਂਝੀ ਪੂਜਣ ਲਈ, ਪਹਿਲੇ ਨੌਰਾਤੇ ਨੂੰ ਵਿਹੜੇ ਦੀ ਕਿਸੇ ਕੰਧ ਨੂੰ ਲਿੰਬ ਪੋਚ ਕੇ, ਉਸ ਦੇ ਉਪਰ ਗੋਹੇ ਦੀਆਂ ਟਿਕੀਆਂ ਨਾਲ ਸਾਂਝੀ ਮਾਈ ਦੀ ਮੂਰਤੀ ਬਣਾਈ ਜਾਂਦੀ ਹੈ। ਦੋ ਕੁ ਦਿਨ ਪਹਿਲਾਂ ਮਿੱਟੀ ਦੇ ਚੰਨ ਤਾਰੇ ਤੇ ਚਿੜੀਆਂ ਬਣਾ ਕੇ ਸੁਕਾ ਲਈਆਂ ਜਾਂਦੀਆਂ ਹਨ। ਸਾਂਝੀ ਦੇ ਸਿਰ ਉਪਰ ਚੰਨ ਤਾਰੇ ਦਾ ਚੰਦੋਆ ਤਾਣ ਕੇ ਅੱਗੇ ਚਿੜੀਆਂ ਦਾ ਦਰਬਾਰ ਸਜਾਇਆ ਜਾਂਦਾ ਹੈ। ਕਈ ਵਾਰ ਘੁੰਮਿਆਰ ਤੋਂ ਸਾਂਝੀ ਦੇ ਮੂੰਹ, ਹੱਥ ਤੇ ਪੈਰ ਖ਼ਰੀਦ ਕੇ ਕੰਧ ਉਤੇ ਚਿਪਕਾ ਦਿਤੇ ਜਾਂਦੇ ਹਨ। ਪਹਾੜੀ ਇਲਾਕੇ ਵਿਚ ਸਾਂਝੀ ਦੇ ਨਾਲ ਨਾਲ

ਗਊ ਬਛੜੇ ਦੀ ਮੂਰਤੀ ਵੀ ਬਣਾਈ ਜਾਂਦੀ ਹੈ। ਸਾਂਝੀ ਮਾਈ ਦਾ ਗਹਿਣਿਆਂ ਨਾਲ ਬੜਾ ਮੋਹ ਸੀ, ਇਸ ਵਾਸਤੇ ਸਾਂਝੀ ਦੀ ਮੂਰਤੀ ਨੂੰ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ ਤੇ ਸਾਂਝੀ ਦੇ ਕੰਨਾਂ ਵਿਚ ਝੁਮਕੇ, ਨੱਕ ਵਿਚ ਨੱਥ, ਹੱਥਾਂ ਵਿਚ ਅੰਗੂਠੀਆਂ ਤੇ ਬਾਹਵਾਂ ਵਿਚ ਕੰਗਣ ਪਹਿਨਾਏ ਜਾਂਦੇ ਹਨ। ਧਾਰਨਾ ਹੈ ਕਿ ਇਸ ਮੂਰਤ ਵਿਚ ਜਿਤਨੇ ਵਧੇਰੇ ਗਹਿਣੇ, ਕੋਈ ਕੰਨਿਆਂ, ਦੇਵੀ ਦੇ ਸਰੀਰ ਉਤੇ ਸਜਾਏਗੀ, ਉਤਨੇ ਜ਼ਿਆਦਾ ਗਹਿਣੇ ਉਸ ਨੂੰ ਵਰੀ ਵਿਚ ਢੋਏ ਜਾਣਗੇ। ਸਾਂਝੀ ਦੀ ਮੂਰਤੀ ਪੂਜਣ ਵੇਲੇ ਕੁੜੀਆਂ ਜੋ ਗੀਤ ਗਾਉਂਦੀਆਂ ਹਨ, ਉਨ੍ਹਾਂ ਵਿਚ ਗਹਿਣਿਆਂ ਦਾ ਉਚੇਚਾ ਜ਼ਿਕਰ ਹੁੰਦਾ ਹੈ:

ਮੇਰੀ ਤਾਂ ਸਾਂਝੀ ਮੰਗਦੀ ਛਜ ਭਰਿਆ ਗਹਿਣਾ,
ਕਿਥੋਂ ਮੈਂ ਦੇਵਾਂ ਗਹਿਣਿਆਂ ਦਾ ਛਜ ਨੀ,
ਵੀਰ ਤਾਂ ਮੇਰਾ ਸੁਨਿਆਰੇ ਦੇ ਬੈਠਾ
ਘੜਵਾ ਲਿਆਂਦਾ ਛਜ ਗਹਿਣਿਆਂ ਦਾ।

ਇਸ ਤਰ੍ਹਾਂ ਸਭਨਾਂ ਗਹਿਣਿਆਂ — ਹਾਰ ਹਮੇਲਾਂ, ਬਾਕਾਂ, ਬਿੰਦੀ, ਟਜਰੇ ਆਦਿ ਦੇ ਨਾਂ ਬਾਰ ਬਾਰ ਗਿਣੇ ਜਾਂਦੇ ਹਨ।

ਕਈ ਲੋਕ ਸਾਂਝੀ ਮਾਈ ਦੇ ਸਿਰ ਵਲ, ਮਿੱਟੀ ਦਾ ਚੰਨ, ਸੂਰਜ ਤੇ ਤਾਰੇ ਗੋਬਰ ਵਿਚ ਚਿਪਕਾ ਕੇ ਸਜਾ ਦੇਂਦੇ ਹਨ। ਸਾਂਝੀ ਦੇ ਸਰੀਰ ਦੇ ਨੇੜੇ ਪੇਡੂ ਡੂਮਣੀ ਤੇ ਕਾਲਾ ਚੋਰ ਦੀ ਮੂਰਤੀ ਵੀ ਗੋਹੇ ਵਿਚ ਟਿਕਾ ਦਿਤੀ ਜਾਂਦੀ ਹੈ। ਚੋਰ ਦਾ ਮੂੰਹ ਕਾਲਾ ਕੀਤਾ ਹੁੰਦਾ ਹੈ। ਕਹਿੰਦੇ ਹਨ ਕਿ ਇਕ ਅਮੀਰ ਤੀਵੀਂ ਨੇ ਸਾਂਝੀ ਮਾਈ ਦੀ ਮੂਰਤੀ ਨੂੰ ਸੋਨੇ ਚਾਂਦੀ ਦੇ ਗਹਿਣੇ ਪਹਿਨਾਏ, ਜੋ ਕੋਈ ਚੋਰ ਰਾਤ ਵੇਲੇ ਚੁਰਾ ਕੇ ਲੈ ਗਿਆ। ਉਦੋਂ ਤੋਂ ਮੂਰਤੀ ਦੇ ਨਾਲ ਚੋਰ ਵੀ ਬਣਾਇਆ ਜਾਂਦਾ ਹੈ, ਜਿਸ ਦਾ ਮੂੰਹ ਕਾਲਾ ਕੀਤਾ ਗਿਆ ਹੁੰਦਾ ਹੈ।

ਸੰਝ ਵੇਲੇ ਹਰ ਰੋਜ਼ ਕੁੜੀਆਂ ਮੂਰਤੀ ਦੇ ਸਾਹਮਣੇ ਬੈਠ ਕੇ ਮਾਈ ਨੂੰ ਪੂਜਦੀਆਂ ਤੇ ਆਰਤੀ ਉਤਾਰਦੀਆਂ ਹਨ ਅਤੇ ਮਾਈ ਦੇ ਜਸ ਵਿਚ ਗੀਤ ਗਾਉਂਦੀਆਂ ਹਨ:

ਡੋਲਾ ਡੋਲੜੀਆਂ ਵੇ,
ਡੋਲਾ ਭਰਿਆ ਵੇ ਸੰਧੂਰ
ਮੇਰੀ ਸਾਂਝੀ ਦੇ ਮੱਥੇ ਨੂਰ
ਮੇਰੀ ਸਾਂਝੀ ਦੇ ਮਨ ਧੀਰ
ਜੀਵਨ ਸਾਂਝੀ ਦੇ ਵੀਰ।

ਪੂਜਾ ਵੇਲੇ ਮੂਰਤੀ ਦੇ ਅੱਗੇ ਘਿਓ ਦੀਆਂ ਜੋਤਾਂ ਜਗਾਈਆਂ ਜਾਂਦੀਆਂ ਹਨ। ਆਰਤੀ ਦੇ ਕਈ ਗੀਤ ਸੱਤ ਵਾਰ ਗਾਏ ਜਾਂਦੇ ਹਨ, ਜਿਸ ਕਰਕੇ ਉਨ੍ਹਾਂ ਨੂੰ 'ਸੱਤ ਆਰਤੀਆਂ' ਵੀ ਕਹਿੰਦੇ ਹਨ।

ਸ਼ਕਰ ਤੇ ਚਾਵਲਾਂ ਨੂੰ ਰਲਾ ਕੇ ਬਣਾਇਆ ਗਿਆ ਪ੍ਰਸ਼ਾਦਿ, ਜਿਸ ਨੂੰ 'ਸ਼ਕਰ-ਚਾਵਲੀ' ਆਖਦੇ ਹਨ, ਸਾਂਝੀ ਮਾਈ ਨੂੰ ਚੜ੍ਹਾਇਆ ਜਾਂਦਾ ਹੈ। ਪੂਜਾ ਦੇ ਮਗਰੋਂ ਇਹ ਪ੍ਰਸ਼ਾਦਿ ਕੁੜੀਆਂ ਵਿਚ ਵੰਡ ਦਿਤਾ ਜਾਂਦਾ ਹੈ। ਮਾਈ ਦੀ ਪੂਜਾ ਕਰਨ ਵਾਲੀਆਂ ਕੁੜੀਆਂ ਵਾਰੋ ਵਾਰੀ ਘਰੋਂ ਪ੍ਰਸ਼ਾਦਿ ਲਿਆ ਕੇ ਵੰਡਦੀਆ ਹਨ।

ਸਾਂਝੀ ਦੀ ਪੂਜਾ ਨੌਂ ਦਿਨ ਕੀਤੀ ਜਾਂਦੀ ਹੈ। ਦਸਵੇਂ ਨੌਰਾਤੇ ਨੂੰ ਦੁਸਹਿਰੇ ਵਾਲੇ ਦਿਨ ਸਾਂਝੀ ਦੀ ਮੂਰਤੀ ਨੂੰ ਪਿੰਡੋਂ ਬਾਹਰ ਕਿਸੇ ਵਗਦੇ ਸੂਹੇ ਜਾਂ ਟੋਭੇ ਵਿਚ ਤਾਰ ਦਿਤਾ ਜਾਂਦਾ ਹੈ। ਘਰ ਤੋਂ ਟੋਭੇ ਤਕ ਕੁੜੀਆਂ ਮਾਈ ਦੀ ਮਹਿਮਾ ਵਿਚ ਗੀਤ ਅਲਾਪਦੀਆਂ ਜਾਂਦੀਆਂ ਹਨ। ਜੇ ਰਾਹ ਵਿਚ ਕਿਧਰੇ ਕੀੜਿਆਂ ਦੀ ਭੌਣ ਆ ਜਾਵੇ, ਤਾਂ ਕੁੜੀਆਂ ਤਿਲ-ਚੌਲੀ ਬਿਖੇਰਦੀਆਂ ਜਾਂਦੀਆਂ ਹਨ। ਜੇ ਕੋਈ ਭੌਣ ਨਾ ਆਵੇ, ਤਾਂ ਮੂਰਤੀ ਤਾਰਨ ਮਗਰੋਂ ਕਿਸੇ ਭੌਣ 'ਤੇ ਜਾ ਕੇ ਤਿਲ-ਚੌਲੀ ਬਿਖੇਰ ਆਉਂਦੀਆਂ ਹਨ।

ਸਾਂਝੀ ਦੀ ਮੂਰਤੀ ਤੇ ਚਿੱਤਰ ਸਾਡੀ ਲੋਕ-ਕਲਾ ਦੀ ਸੁੰਦਰ ਵੰਨਗੀ ਹਨ ਤੇ ਇਨ੍ਹਾਂ ਵਿਚੋਂ ਲੋਕ-ਪ੍ਰਤਿਭਾ ਆਪਣੇ ਸਾਂਸਕ੍ਰਿਤਕ ਪਸਾਰ ਵਿਚ ਰੂਪਮਾਨ ਹੋਈ ਹੈ। ਸਾਂਝੀ ਮਾਈ ਦੀ ਮੂਰਤੀ ਗੋਹੇ ਤੇ ਮਿੱਟੀ ਨਾਲ ਬਣਾਈ ਜਾਂਦੀ ਹੈ ਅਤੇ ਗਹਿਣਿਆਂ ਨਾਲ ਸਜਾਈ ਤੇ ਸ਼ਿੰਗਾਰੀ ਜਾਂਦੀ ਹੈ। ਪਿਛੋਕੜ ਵਿਚ ਇਕ ਪਾਸੇ ਚੰਨ ਚੜ੍ਹਦਾ ਅਤੇ ਦੂਜੇ ਪਾਸੇ ਸੂਰਜ ਛਿਪਦਾ ਵਿਖਾਇਆ ਜਾਂਦਾ ਹੈ, ਨਾਲੇ ਆਕਾਸ਼ ਤਾਰਿਆਂ ਨਾਲ ਸਜਾਇਆ ਜਾਂਦਾ ਹੈ। ਹਰ ਕੁੜੀ ਆਪਣੀ ਕਲਾ-ਸੂਝ ਅਨੁਸਾਰ ਮੂਰਤੀ ਵਿਚ ਆਪਣੀਆਂ ਭਾਵਨਾਵਾਂ ਭਰ ਦੇਂਦੀ ਹੈ।

ਕਈ ਲੋਕ ਸਾਂਝੀ ਨੂੰ ਕੋਈ ਪੌਰਾਣਿਕ ਦੇਵੀ ਮੰਨਦੇ ਹੋਏ ਇਸ ਦਾ ਏਕੀਕਰਣ ਬ੍ਰਹਮਾ ਦੀ ਪੁਤਰੀ ਸੰਧਿਆ ਨਾਲ ਕਰਦੇ ਹਨ। ਪਰ ਸਾਂਝੀ

ਪੌਰਾਣਿਕ ਨਹੀਂ, ਗਰਾਮ ਦੇਵੀ ਹੈ । .ਯ ਪੀ. ਵਿਚ ਪ੍ਰਚਲਤ ਸਾਂਝੀ ਦੇ ਗੀਤਾਂ ਅਨੁਸਾਰ ਸਾਂਝੀ ਦੇ ਪੇਕੇ ਸਾਂਗਾਨੇਰ ਵਿਚ ਸਨ ਅਤੇ ਉਸ ਦਾ ਵਿਆਹ ਅਜਮੇਰ ਦੇ ਇਕ ਗਭਰੂ ਕਲਯਾਨ ਜੀ ਨਾਲ ਹੋਇਆ। ਪਰ ਬ੍ਰਿਜ ਦੇ ਗੀਤਾਂ ਵਿਚ ਸਾਂਝੀ ਦੇ ਪਤੀ ਦਾ ਨਾਂ 'ਸਜਲਦੇ' ਦਸਿਆ ਗਿਆ ਹੈ। ਜਾਪਦਾ ਹੈ ਕਿ ਸਾਂਝੀ ਮੂਲ ਵਿਚ ਰਾਜਸਥਾਨ ਦੀ ਗਰਾਮ ਦੇਵੀ ਸੀ, ਜਿਸ ਦੀ ਮਾਨਤਾ ਹੌਲੀ ਹੌਲੀ ਉਤਰੀ ਭਾਰਤ ਦੇ ਕਾਫ਼ੀ ਸਾਰੇ ਭਾਗ ਵਿਚ ਫੈਲ ਗਈ। ਪੰਜਾਬ ਤੋਂ ਬਾਹਰ ਉਤਰ ਪ੍ਰਦੇਸ਼, ਮਾਲਵਾ, ਰਾਜਸਥਾਨ ਆਦਿ ਵਿਚ ਸਾਂਝੀ ਦਾ ਵਰਤ ਪ੍ਰਚਲਤ ਹੈ। ਕਾਂਗੜੇ ਵਿਚ ਸਾਂਝੀ ਨਾਲ ਮਿਲਦਾ ਜੁਲਦਾ ਤਿਉਹਾਰ 'ਰਲੀ' ਹੈ (ਵੇਖੋ : ਰਲੀ)।

(ਸ-411) **ਸਾਢ** :

ਗਰਭ ਨਾਲ ਸੰਬੰਧਿਤ ਇਕ ਰੀਤ; ਜੀਂਦ ਵਿਚ ਜੇਠੇ ਗਰਭ ਸਮੇਂ ਦੋ ਰੀਤਾਂ ਕੀਤੀਆਂ ਜਾਂਦੀਆਂ ਹਨ। ਪਹਿਲੀ ਰੀਤ ਤੀਜੇ ਮਹੀਨੇ ਹੁੰਦੀ ਹੈ, ਜਿਸ ਨੂੰ 'ਮਿਠਾ ਬੋਹੀਆ' ਕਹਿੰਦੇ ਹਨ ਅਤੇ ਜਿਸ ਵਿਚ ਗਰਭਵਤੀ ਦੇ ਪੇਕੇ ਆਪਣੀ ਧੀ ਲਈ ਮਠਿਆਈ ਦੀ ਟੋਕਰੀ, ਡੇਢ ਜੋੜਾ ਕਪੜੇ ਅਤੇ ਕੁਝ ਨਕਦ ਰੁਪਏ ਭੇਜਦੇ ਹਨ। ਦੂਜੀ ਰੀਤ ਸਾਢ ਦੀ ਹੈ, ਜੋ ਪੰਜਵੇਂ ਮਹੀਨੇ ਕੀਤੀ ਜਾਂਦੀ ਹੈ, ਇਸ ਰੀਤ ਵਿਚ ਢਾਈ ਜੋੜੇ ਕਪੜੇ, ਦਸ ਸੇਰ ਮਠਿਆਈ ਅਤੇ ਕੁਝ ਰੁਪਏ ਭੇਜਣ ਦੀ ਪ੍ਰਥਾ ਹੈ।

(ਸ-412) **ਸਾਂਟ** :

(1) ਚਾਂਦੀ ਦਾ ਇਕ ਗਹਿਣਾ, ਜੋ ਸਵਾਣੀਆ ਪੈਰਾਂ ਵਿਚ ਪਹਿਨਦੀਆਂ ਹਨ। ਇਸੇ ਨੂੰ 'ਪਟੜੀ' ਵੀ ਕਹਿੰਦੇ ਹਨ।

(2) ਪਛੜੀਆਂ ਜਾਤੀਆਂ ਵਿਚ ਉਸ ਵਿਆਹ ਨੂੰ ਵੀ 'ਸਾਟ' ਕਹਿੰਦੇ ਹਨ, ਜਿਸ ਵਿਚ ਕੰਨਿਆਂ ਦੇ ਪਿਉ ਨੂੰ ਨਕਦ ਮੁਆਵਜ਼ਾ ਦੇ ਕੇ ਰਿਸ਼ਤਾ ਤੈਅ ਕੀਤਾ ਗਿਆ ਹੋਵੇ।

(ਸ-413) **ਸਾਢਸਤੀ** :

(ਵੇਖੋ : ਸਾੜ੍ਹਸਤੀ)।

(ਸ-414) **ਸਾਢੇ ਚੁਹੱਤਰ**:

ਕਈ ਹਿੰਦੂ, ਖ਼ਾਸ ਤੌਰ ਤੇ ਮਹਾਜਨ, ਚਿੱਠੀ ਪੱਤਰ ਸ਼ੁਰੂ ਕਰਨ ਤੋਂ ਪਹਿਲਾਂ, ਉਪਰ ਸਾਢੇ ਚੁਹੱਤਰ (੭੪॥) ਦਾ ਅੰਕ ਲਿਖਦੇ ਹਨ। ਇਹ ਅੰਕ ਵਰਜਨ ਦਾ ਬੋਧਿਕ ਹੈ ਤੇ ਇਸ ਦਾ ਭਾਵ ਹੈ ਕਿ ਜਿਸ ਸ਼ਖ਼ਸ ਨੂੰ ਇਹ ਚਿੱਠੀ ਸੰਬੋਧਨ ਕੀਤੀ ਗਈ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਇਸ ਪੱਤਰ ਨੂੰ ਪੜ੍ਹੇਗਾ, ਤਾਂ ਉਸ ਨੂੰ ਸਾਢੇ ਚੁਹੱਤਰ ਮਣ ਜੰਞੂ ਉਤਾਰਨ ਦੇ ਬਰਾਬਰ ਪਾਪ ਲੱਗੇਗਾ। ਇਹ ਅੰਕੜਾ ਅਕਬਰ ਦੇ ਸਮੇਂ ਪ੍ਰਚਲਤ ਹੋਇਆ। ਅਕਬਰ ਨੇ ਸੰਮਤ 1624 ਵਿਚ ਜਦੋਂ ਚਤੌੜਗੜ੍ਹ ਉਤੇ ਹੱਲਾ ਬੋਲਿਆ, ਤਾਂ ਯੁਧ ਵਿਚ ਘਾਇਲ ਹੋਏ ਰਾਜਪੂਤਾਂ ਦੇ ਜਨੇਊਆਂ ਦਾ ਕੁਲ ਵਜ਼ਨ ਸਾਢੇ ਚੁਹੱਤਰ ਮਣ ਬਣਿਆ (ਕਰਨਲ ਜੇਮਜ਼ ਟਾਡ, ਦੀ ਰਾਜਸਥਾਨ')। ਇਹ ਅੰਕ ਲਿਖਣ ਦੀ ਪ੍ਰਥਾ ਪਹਿਲਾਂ ਰਾਜਸਥਾਨ ਵਿਚ ਚੱਲੀ ਅਤੇ ਮਗਰੋਂ ਹੌਲੇ ਹੌਲੇ ਪੰਜਾਬ ਅਤੇ ਹੋਰ ਉਤਰੀ ਭਾਰਤ ਦੇ ਮਹਾਜਨਾਂ ਵਿਚ ਪ੍ਰਚਲਤ ਹੋ ਗਈ।

(ਸ-415) **ਸਾਂਢੂ** :

(ਵੇਖੋ : ਜੀਜਾ-ਸਾਲੀ)।

(ਸ-416) **ਸਾਂਤ** :

ਕਿਸੇ ਮੰਗਲ ਕਾਰਜ ਦੇ ਆਰੰਭ ਵਿਚ, ਕਾਰਜ ਦੀ ਨਿਰਵਿਘਨ ਸਮਾਪਤੀ ਲਈ ਕਰਵਾਈ ਗਈ ਨੌਂ ਗ੍ਰਹਿਆਂ ਦੀ ਪੂਜਾ। ਹਿੰਦੂਆਂ ਵਿਚ, ਕੰਨਿਆਂ ਦੇ ਵਿਆਹ ਵੇਲੇ, ਮਾਪਿਆਂ ਵਲੋਂ ਨੌਂ ਗ੍ਰਹਿਆਂ ਦੀ ਪੂਜਾ ਕਰਵਾਣ ਦੀ ਪ੍ਰਥਾ ਹੈ। ਜਿਸ ਥਾਂ ਚੌਕ ਪੂਰ ਕੇ ਸਾਂਤ ਦਾ ਹਵਨ ਕਰਵਾਇਆ ਜਾਂਦਾ ਹੈ, ਉਸੇ ਥਾਂ ਵੇਦੀ ਗਡ ਕੇ ਕੰਨਿਆਂ ਨੂੰ ਫੇਰੇ ਦੇਣੇ ਵਧੇਰੇ ਸ਼ੁਭ ਮੰਨੇ ਜਾਂਦੇ ਹਨ। ਕਈ ਭਾਈਚਾਰਿਆਂ ਵਿਚ ਵਰ ਪੱਖ ਵਾਲੇ ਵੀ ਸਾਂਤ ਦੀ ਰਸਮ ਕਰਦੇ ਹਨ। ਜੰਞ ਚੜ੍ਹਨ ਵਾਲੇ ਦਿਨ ਸਵੇਰੇ ਨੌਂ ਗ੍ਰਹਿਆਂ ਦੀ ਪੂਜਾ ਕਰਵਾਈ ਜਾਂਦੀ ਹੈ, ਜਿਸ ਵਿਚ ਭਾਈਚਾਰੇ ਦੇ ਲੋਕ ਸ਼ਾਮਲ ਹੋ ਕੇ ਵਰ ਨੂੰ ਅਸੀਸਾਂ ਦੇਂਦੇ ਤੇ ਸਿਰਵਾਰਨੇ ਕਰਦੇ ਹਨ। ਇਹ ਰੁਪਏ ਮਗਰੋਂ ਕਮੀਆਂ ਕਮੀਣਾਂ ਵਿਚ ਵੰਡ ਦਿਤੇ ਜਾਂਦੇ ਹਨ।

ਸਾਂਤ ਵਾਲੇ ਦਿਨ ਵੱਡਾ ਮਾਮਾ ਅਤੇ ਮਾਮੀ ਵਰਤ ਰਖਦੇ ਹਨ ਅਤੇ ਰਸਮ ਦੇ ਮਗਰੋਂ ਹੀ ਕੋਈ ਚੀਜ਼ ਮੂੰਹ ਲਗਾਉਂਦੇ ਹਨ। 'ਮਾਮੇ ਦੇ ਪਹੁੰਚਦਿਆਂ ਹੀ ਉਸ ਦੇ ਨਿਰਣੇ ਕਾਲਜੇ ਹੋਣ ਦਾ ਨਿਰਣਯ ਕਰ ਕੇ ਪੰਡਤ ਜੀ ਆਪਣੇ ਪੂਰੇ ਹੋਏ ਚੌਕ ਤੇ ਟਕਾ ਟਕੀ ਦੀ ਪੂਜਾ ਕਰਾ ਹਵਨ ਕਰਦੇ ਹਨ। ਕੁਝ ਟਕੇ ਆਪ, ਬਾਕੀ ਬ੍ਰਾਹਮਣ, ਨਾਈ, ਮਿਰਾਸੀ, ਚਮਾਰਾਂ ਨੂੰ ਪੁੰਨ ਕਰ ਕੇ ਚੌਕ ਪੂਰਦੇ ਹੋਏ ਹਵਨ ਵਿਚ ਘਿਉ ਦੀਆਂ ਆਹੂਤੀਆਂ ਪਾਉਂਦੇ ਜਾਂਦੇ ਹਨ।' (ਮੇਰਾ ਪਿੰਡ,352)। ਸਾਂਤ ਵੇਲੇ ਬ੍ਰਾਹਮਣ ਸ੍ਵਾਸਤੀ ਵਾਚਨ ਅਥਵਾ ਸਾਂਤੀ ਪ੍ਰਕਰਣ ਦੇ ਮੰਤ੍ਰ ਪੜ੍ਹਦਾ ਹੈ।

ਸਾਂਤ ਵੇਲੇ ਕੁਝ ਗੀਤ ਵੀ ਗਾਏ ਜਾਂਦੇ ਹਨ, ਜਿਨ੍ਹਾਂ ਵਿਚ ਮਾਪਿਆਂ ਦੀ ਕਿਰਸ ਕੰਜੂਸੀ ਵਲ ਸੰਕੇਤ ਹੁੰਦਾ ਹੈ: 'ਸਾਤ ਦੇ ਵੇਲੇ ਬ੍ਰਾਹਮਣਾ ਮੰਗ ਮੰਗ ਵਟਿਉ ਈ।' ਨਾਨਕੇ ਉੱਤਰ ਦੇਂਦੇ ਹਨ: 'ਘਿਉ ਬਥੇਰਾ ਬ੍ਰਹਮਣਾ ਸਰਫਾ ਨਾ ਕਰਿਉ ਈ।' ਇਕ ਭੈਣ ਦਾ ਵੀਰ ਸਾਤ ਵੇਲੇ ਪਛੜ ਕੇ ਪੁਜਿਆ ਤੇ ਕੁੜੀਆਂ ਨੇ ਉਸ ਤੇ ਗੀਤ ਜੋੜ ਲਿਆ, ਜੋ ਪਰੰਪਰਾ ਦਾ ਅੰਗ ਬਣ ਕੇ ਸਾਂਤ ਵੇਲੇ ਪੜ੍ਹਨ ਦੀ ਪ੍ਰਥਾ ਪੈ ਗਈ, ਤਾਂ ਜੋ ਹੋਰ ਕੋਈ ਵੀਰ ਪਛੜ ਕੇ ਨਾ ਪਹੁੰਚੇ।

ਸਾਂਤ ਦਾ ਵੇਲਾ ਹੋ ਗਿਆ ਵੀਰਾ,
ਕਿਥੇ ਤੇ ਹੋਈ ਵੀਰਾ ਢਿੱਲ,
ਕੀ ਵੀਰਾ ਭਾਬੋ ਨੇ ਵਰਜਿਆ
ਵੇਲੇ ਦੇ ਵੇਲੇ ਹਾਜ਼ਰ ਹੁੰਦੇ,
ਮਾਂ ਦੇ ਜਾਏ, ਵੇ ਨਾਨੀ ਦੇ ਜਾਏ,
ਕਿਵੇਂ ਤੇ ਹੋਈ ਵੀਰਾ ਢਿੱਲ।
ਕੀ ਤੇਰੀ ਗਡ ਟੁਟੀ ਰਾਹੀਂ ਵੇ ਵੀਰਾ,
ਤੇਰੇ ਬੈਲ ਦੀ ਮਠੀ ਤੇ ਤੋਰ
ਕੀ ਵੀਰਾ ਭਾਬੋ ਨੇ ਵਰਜਿਆ ?
ਨਾ ਤੇ ਭੈਣੇ ਭਾਬੋ ਨੇ ਵਰਜਿਆ,
ਨਾ ਤੇ ਹੋਈ ਮੈਨੂੰ ਢਿੱਲ।
ਟਕੇ ਵਿਹਾਜਣ ਭੈਣੇ ਮੈਂ ਗਿਆ,
ਉਥੇ ਹੀ ਹੋਈ ਮੈਨੂੰ ਢਿੱਲ।

ਸਿੱਖਾਂ ਵਿਚ ਸਾਂਤ ਦੀ ਰੀਤ ਪ੍ਰਚਲਤ ਨਹੀਂ, ਪਰ ਕਈ ਸਿੱਖ ਘਰਾਂ ਵਿਚ ਨਾਨਕਿਆਂ ਵਲੋਂ ਕੋਈ ਰਸਮ ਕਰਨ ਤੋਂ ਪਹਿਲਾਂ ਭਾਈ ਨੂੰ ਸੱਦ ਕੇ 'ਸਾਂਤ' ਪੜ੍ਹਵਾ ਲਈ ਜਾਂਦੀ ਹੈ ਅਥਵਾ 'ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ' (ਬਿਲਾਵਲ ਮ: ੫) ਦਾ ਸ਼ਬਦ ਗਾਇਨ ਕਰ ਲਿਆ ਜਾਂਦਾ ਹੈ।

(ਸ-417) **ਸ਼ਾਂਤਨੁ** :

ਇਕ ਚੰਦ੍ਰਵੰਸੀ ਰਾਜਾ, ਜੋ ਪ੍ਰਤੀਪ ਦਾ ਪੁੱਤਰ ਅਤੇ ਭੀਸ਼ਮ ਪਿਤਾਮਾ ਦਾ ਪਿਤਾ ਸੀ। ਸ਼ਾਂਤਨੂ ਨਿਮ੍ਰਤਾ, ਦਾਨਸ਼ੀਲਤਾ ਤੇ ਭਗਤੀ ਲਈ ਬੜਾ ਪ੍ਰਸਿੱਧ ਸੀ। ਮਹਾਂਭਾਰਤ ਅਤੇ ਵਿਸ਼ਨੂੰ ਪੁਰਾਣ ਅਨੁਸਾਰ ਸ਼ਾਂਤਨੂ ਦੇ ਹੱਥਾਂ ਵਿਚ ਅਜਿਹੀ ਦੈਵੀ ਸ਼ਕਤੀ ਸੀ ਕਿ ਉਹ ਜਿਸ ਬ੍ਰਿਧ ਨੂੰ ਛੁਹੰਦਾ, ਉਹ ਝਟ ਜੁਆਨ ਹੋ ਜਾਂਦਾ ਸੀ। ਸ਼ਾਂਤਨੂ ਦੀ ਪਹਿਲੀ ਪਤਨੀ ਗੰਗਾ ਸੀ, ਪਰ ਬੁਢੇਪੇ ਵਿਚ ਉਸ ਨੇ ਮਤਸਯੋਦਰੀ ਨਾਲ ਵਿਆਹ ਕਰ ਕੇ ਚਿਤ੍ਰਾਂਗਦ ਅਤੇ ਵਿਚਿਤ੍ਰ ਵੀਰਯ ਨਾਂ ਦੇ ਦੋ ਪੁੱਤਰ ਪੈਦਾ ਕੀਤੇ। ਇਹ ਦੋਵੇਂ ਪੁੱਤਰ ਵਿਆਹ ਤੋਂ ਬਾਅਦ ਛੇਤੀ ਹੀ ਪਰਲੋਕ ਗਮਨ ਕਰ ਗਏ। ਸ਼ਾਂਤਨੂ ਦੇ ਦੋਹਾਂ ਪੁਤਰਾਂ ਦੀਆਂ ਵਿਧਵਾ ਇਸਤ੍ਰੀਆਂ, ਅੰਬਾਲਿਕਾ ਅਤੇ ਅੰਬਿਕਾ ਨੇ ਵਿਆਸ ਰਿਸ਼ੀ ਨਾਲ ਨਿਯੋਗ ਕਰਕੇ ਤਰਤੀਬਵਾਰ ਦੋ ਪੁੱਤਰ ਪੰਡੂ ਤੇ ਧ੍ਰਿਤਰਾਸ਼ਟਰ ਪੈਦਾ ਕੀਤੇ; ਇਹ ਦੋਵੇਂ ਪਾਂਡਵਾਂ ਤੇ ਕੌਰਵਾਂ ਦੇ ਵਡਿਕੇ ਸਨ।

(ਸ-418) **ਸਾਤਯਕੀ** :

ਕ੍ਰਿਸ਼ਨ ਦਾ ਇਕ ਸਬੰਧੀ, ਜੋ ਸੱਤਯਕ ਦਾ ਪੁੱਤਰ ਸੀ। ਸਾਤਯਕੀ ਨੇ ਸ਼ਸਤ੍ਰ ਵਿੱਦਿਆ ਅਰਜਨ ਤੋਂ ਸਿਖੀ ਸੀ। ਮਹਾਂਭਾਰਤ ਦੇ ਯੁਧ ਵਿਚ ਉਸ ਨੇ ਪਾਂਡਵਾਂ ਦਾ ਸਾਥ ਦਿਤਾ ਅਤੇ ਕ੍ਰਿਸ਼ਨ ਦਾ ਸਾਰਥੀ ਬਣਿਆ। ਸਾਤਯਕੀ ਨੇ ਦਵਾਰਕਾ ਵਿਚ ਕ੍ਰਿਤਵਰਮਾ ਦਾ ਸੁਰਾ ਪੀਂਦਿਆਂ ਬੱਧ ਕਰ ਦਿਤਾ ਸੀ, ਪਰ ਛੇਤੀ ਮਗਰੋਂ ਕ੍ਰਿਤਵਰਮਾ ਦੇ ਸਾਥੀਆਂ ਨੇ ਬਦਲਾ ਲੈਣ ਲਈ ਸਾਤਯਕੀ ਨੂੰ ਮਾਰ ਦਿਤਾ। ਸਾਤਯਕੀ ਨੂੰ ਦਾਰੁਕ, ਯੁਯੁਧਾਨ ਤੇ ਸ਼ੈਨੇਯ ਵੀ ਕਿਹਾ ਜਾਂਦਾ ਹੈ।

(ਸ-419) **ਸਾਤਵਾਹਨ** :

ਸਾਲਿਵਾਹਨ ਦਾ ਇਕ ਨਾਂ (ਵੇਖੋ: ਸਾਲਿਵਾਹਨ)।

(ਸ-420) **ਸ਼ਾਂਤਾ** :

ਰਾਜੇ ਦਸਰਥ ਦੀ ਕੰਨਿਆਂ, ਜਿਸ ਨੂੰ ਅੰਗ ਦੇ ਰਾਜੇ ਲੋਮਪਾਦ ਨੇ ਪਾਲਿਆ ਸੀ। ਸ਼ਾਂਤਾ ਦਾ ਵਿਆਹ ਸ੍ਰਿੰਗੀ ਰਿਸ਼ੀ ਨਾਲ ਹੋਇਆ।

(ਸ-421) **ਸਾਂਦਲ ਬਾਰ** :

ਦਰਿਆ ਰਾਵੀ ਅਤੇ ਝਨਾਂ ਦੇ ਦਰਮਿਆਨ ਦਾ ਇਕ ਖੰਡ, ਜਿਸ ਵਿਚ ਸ਼ੇਖ਼ੂਪੁਰਾ, ਮਿੰਟਗੁਮਰੀ ਤੇ ਝੰਗ ਦੇ ਕੁਝ ਹਿੱਸੇ ਅਤੇ ਲਾਇਲਪੁਰ ਦਾ ਸਾਰਾ ਜ਼ਿਲਾ ਸ਼ਾਮਲ ਹੈ। ਹਰਜੀਤ ਸਿੰਘ ਅਨੁਸਾਰ 'ਜੇ ਅਸੀਂ ਇਕ ਅਜਿਹੀ ਲੀਕ ਵਾਹੀਏ, ਜੋ ਝਨਾਂ ਤੋਂ ਚਨਿਓਟ ਅਤੇ ਨਨਕਾਣਾ ਸਾਹਿਬ ਨੂੰ ਚੀਰਦੀ ਹੋਈ ਰਾਵੀ ਨੂੰ ਜਾ ਛੁਹੇ, ਤਾਂ ਇਸ ਲੀਕ ਦੇ ਦੱਖਣ-ਪੱਛਮ ਵਲ ਦੋਹਾਂ ਦਰਿਆਵਾਂ ਦੇ ਵਿਚਕਾਰ ਸਾਂਦਲ ਬਾਰ ਦਾ ਦੇਸ ਰਹਿ ਜਾਂਦਾ ਹੈ (ਨੈਂ ਝਨਾ)। ਪੰਜਾਬ ਦੀ ਸੈਰ (ਪੰਨਾ 142) ਅਨੁਸਾਰ ਇਹ ਸਾਰਾ ਖੇਤਰ ਸਤ ਕੋਹ ਲੰਮਾ ਅਤੇ ਚਾਲ੍ਹੀ ਕੋਹ ਚੌੜਾ ਹੈ।

ਸਾਂਦਲ ਬਾਰ ਦਾ ਇਲਾਕਾ ਪਹਿਲਾਂ ਘਣਾ ਜੰਗਲ ਸੀ। ਰਵਾਇਤ ਹੈ ਕਿ ਇਸੇ ਜੰਗਲ ਵਿਚ ਸ਼ੰਡਿਲ ਰਿਸ਼ੀ ਨੇ ਲੰਮੇਂ ਸਮੇਂ ਤਕ ਘੋਰ ਤੱਪ ਕੀਤੇ, ਜਿਸ ਤੋਂ ਇਹ ਇਲਾਕਾ ਰਿਸ਼ੀ ਦੇ ਨਾਂ ਨਾਲ ਜੁੜ ਕੇ 'ਸ਼ਾਂਡਿਲਯ ਵਣ' ਅਖਵਾਣ ਲੱਗਾ। ਇਹੋ ਨਾਂ ਮਗਰੋਂ ਵਿਗੜ ਕੇ 'ਸਾਂਦਲ' ਵਿਚ ਬਦਲ ਗਿਆ। ਬਾਰ ਤੋਂ ਭਾਵ ਉਸ ਰੇਤਲੀ ਅਤੇ ਬੰਜਰ ਧਰਤੀ ਤੋਂ ਹੈ, ਜੋ ਸਦੀਆਂ ਤੋਂ ਅਣਵਾਹੀ ਪਈ ਹੋਵੇ।

ਸੰਭਵ ਹੈ ਕਿ 'ਸਾਂਦਲ' ਸ਼ਬਦ ਦਾ ਕੋਈ ਸਬੰਧ 'ਸੰਧਲ', 'ਸੰਧੜ', 'ਸੰਦਿਲ' ਆਦਿ ਜਾਟ ਕਬੀਲਿਆਂ ਨਾਲ ਹੋਵੇ, ਜੋ ਇਸ ਇਲਾਕੇ ਵਿਚ ਸਦੀਆਂ ਤੋਂ ਆਬਾਦ ਹਨ। ਉਨ੍ਹਾਂ ਤੋਂ ਹੀ ਇਹ ਇਲਾਕਾ ਸੰਦਿਲ ਨਾਂ ਗ੍ਰਹਿਣ ਕਰ ਗਿਆ ਹੋਵੇ। ਜੱਟਾਂ ਦਾ ਸੰਦਿਲ ਕਬੀਲਾ ਹੁਣ ਵੀ ਇਸ ਇਲਾਕੇ ਵਿਚ ਵਸਦਾ ਹੈ (ਗਲਾਸਰੀ 3,351)। ਇਹ ਵੀ ਤਾਂ ਸੰਭਵ ਹੈ ਕਿ ਇਨ੍ਹਾਂ ਕਬੀਲਿਆਂ ਦਾ ਨਾਂ ਇਸ ਇਲਾਕੇ ਵਿਚ ਵਸਣ ਕਰ ਕੇ 'ਸੰਦਿਲ' ਜਾਂ 'ਸੰਧਲ' ਪਿਆ ਹੋਵੇ।

ਇਹ ਇਲਾਕਾ ਉਨ੍ਹੀਵੀਂ ਸਦੀ ਤਕ ਘਣਾ ਜੰਗਲ ਸੀ। 1892 ਈ. ਵਿਚ ਝਨਾਂ ਵਿਚੋਂ ਖਾਨਕੀ ਦੇ ਮੁਕਾਮ ਉਤੇ ਨਹਿਰ ਲੋਅਰ ਚਨਾਬ ਕੱਢੀ ਗਈ ਅਤੇ ਜੰਗਲ ਨੂੰ ਕਟ ਕੇ ਇਸ ਇਲਾਕੇ ਨੂੰ ਵਾਹੀ ਖੇਤੀ ਤੇ ਸ਼ਹਿਰੀ ਵਸੇਬੇ ਦੇ ਯੋਗ ਬਣਾ ਕੇ ਉਥੇ ਕਈ ਨਵੇਂ ਨਗਰ ਆਬਾਦ ਕੀਤੇ ਗਏ। ਇਥੋਂ ਦੇ ਆਦਿ-ਵਾਸੀਆਂ ਨੂੰ ਆਮ ਬੋਲੀ ਵਿਚ 'ਜਾਂਗਲੀ' ਕਿਹਾ ਜਾਂਦਾ ਹੈ, ਜਿਨ੍ਹਾਂ ਦੀ ਰਹਿਤਲ, ਚਜ-ਅਚਾਰ, ਰੀਤ-ਰਵਾਜ ਤੇ ਬੋਲੀ ਕਈ ਗੱਲਾਂ ਵਿਚ ਵਿਲੱਖਣਤਾ ਰਖਦੀ ਹੈ। ਇਹ ਜਾਂਗਲੀ ਲੋਕ ਮੱਝਾਂ, ਗਾਈਆਂ ਤੇ ਉਠਾਂ ਦੇ ਵਗ ਅਤੇ ਭੇਡਾਂ ਬਕਰੀਆਂ ਦੇ ਇੱਜੜ ਪਾਲ ਕੇ ਗੁਜ਼ਾਰਾ ਤੋਰਦੇ ਸਨ ਤੇ ਖ਼ਾਨਾਬਦੋਸ਼ੀ ਦਾ ਜੀਵਨ ਬਸਰ ਕਰਦੇ ਸਨ।

ਇਸ ਇਲਾਕੇ ਦੀਆਂ ਰਹੁ-ਰੀਤਾਂ, ਲੋਕ-ਨਾਚ ਤੇ ਲੋਕ-ਸਾਹਿੱਤ ਬਾਕੀ ਪੰਜਾਬ ਨਾਲੋਂ ਕੁਝ ਵਿਲੱਖਣ ਹੋਣ ਦੇ ਨਾਤੇ ਅਧਿਅਨ ਦਾ ਰੋਚਕ ਵਿਸ਼ਾ ਹੈ। ਇਸ ਦਾ ਅਧਿਐਨ 'ਜਾਂਗਲੀ' ਸੰਸਕ੍ਰਿਤੀ ਹੇਠ ਕੀਤਾ ਗਿਆ ਹੈ।

(ਸ-422) **ਸ਼ਾਦੀ** :

ਸ਼ਾਦੀ ਪਦ ਲੋਕਧਾਰਾ ਦੇ ਪ੍ਰਸੰਗ ਵਿਚ ਵਿਆਹ ਤੋਂ ਇਲਾਵਾ ਕਈ ਹੋਰ ਅਰਥਾਂ ਵਿਚ ਵੀ ਰੂੜ੍ਹ ਹੋ ਗਿਆ ਹੈ। ਲਹਿੰਦੇ, ਖ਼ਾਸ ਤੌਰ ਤੇ ਬਹਾਵਲਪੁਰ ਦੇ ਮੁਸਲਮਾਨ ਸੁੰਨਤ ਦੀ ਰਸਮ ਵਾਸਤੇ ਸ਼ਾਦੀ ਲਫ਼ਜ਼ ਦਾ ਪ੍ਰਯੋਗ ਕਰਦੇ ਹਨ। ਕਿਉਂ ਜੋ ਸੁੰਨਤ ਦੀ ਰੀਤ ਵੇਲੇ, ਇਲਾਕੇ ਦੇ ਮੁਸਲਮਾਨ, ਬੱਚੇ ਨੂੰ ਦੁਲ੍ਹੇ ਵਾਂਗ ਹੀ ਪੀਲੇ ਰੰਗ ਦੇ ਵਿਸ਼ੇਸ਼ ਕਪੜੇ ਪਹਿਨਾਂਦੇ ਅਤੇ ਸਜ ਧਜ ਨਾਲ ਘੋੜੀ ਉਤੇ ਸਵਾਰ ਕਰਦੇ ਹਨ। ਇਸ ਮੰਗਲ ਕਾਰਜ ਸਮੇਂ ਸ਼ਾਦੀ ਦੀ ਰਸਮ ਵਾਂਗ ਹੀ ਅੰਗਾਂ ਸਾਕਾਂ ਵਿਚ ਭਾਜੀ ਵੰਡੀ ਜਾਂਦੀ ਤੇ ਨਿਉਤਾ ਦਿਤਾ ਜਾਂਦਾ ਹੈ (ਵੇਖੋ : ਸੁੰਨਤ)।

ਮੁਸਲਮਾਨਾਂ ਵਿਚ ਸ਼ਾਦੀ ਪਦ ਸ਼ਹੀਦਾਂ ਦੇ ਉਰਸ ਲਈ ਵੀ ਪ੍ਰਯੋਗ ਹੁੰਦਾ ਹੈ। ਮੁਸਲਮਾਨਾਂ ਦਾ ਇਕ ਪ੍ਰਸਿਧ ਸ਼ਹੀਦ ਗ਼ਾਜ਼ੀ ਸਲਾਰ ਮਸਊਦ ਹੈ, ਜੋ 1033 ਈ. ਵਿਚ ਹਿੰਦੂਆਂ ਦੇ ਵਿਰੁਧ ਇਕ ਯੁਧ ਵਿਚ ਲੜਦਾ ਸ਼ਹੀਦ ਹੋਇਆ ਤੇ ਜਿਸ ਨੂੰ ਅਵਧ ਵਿਚ ਬੜੈਚ ਦੇ ਮੁਕਾਮ ਤੇ ਦਫ਼ਨ ਕੀਤਾ

ਗਿਆ। ਉਸ ਦੀ ਸਾਦੀ ਹਰ ਸਾਲ ਮੁਸਲਮਾਨ ਜੇਠ ਦੇ ਮਹੀਨੇ ਮਨਾਉਂਦੇ ਹਨ।

ਮੁਸਲਮਾਨਾਂ ਵਿਚ ਸ਼ਹੀਦੀ ਸਾਕਿਆਂ ਦੇ ਜੋ ਪ੍ਰਸੰਗ ਪ੍ਰਚਲਤ ਹਨ, ਉਨ੍ਹਾਂ ਲਈ ਵੀ 'ਸ਼ਾਦੀ' ਪਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਰਿਚਰਡ ਟੈਂਪਲ ਨੇ ਲਿਜੰਡਜ਼ ਆਫ ਦੀ ਪੰਜਾਬ' (1,98-109) ਵਿਚ ਇਕ ਲੰਮੀ ਕਾਵਿ-ਕਥਾ 'ਗੀਤ ਸ਼ਾਦੀ ਸੱਯਦ ਸਲਾਰ' ਨਾਂ ਦੀ ਦਿਤੀ ਹੈ। ਇਹ ਸ਼ਾਦੀ ਕਾਵਿ ਅੰਬਾਲੇ ਵਿਚ ਸ਼ਹੀਦ ਗ਼ਾਜ਼ੀ ਦੇ ਮੇਲੇ ਉਤੇ, ਜਿਸ ਨੂੰ 'ਛੜ੍ਹੀ ਦਾ ਮੇਲਾ' ਕਹਿੰਦੇ ਹਨ, ਗਾਏ ਜਾਣ ਦੀ ਪ੍ਰਥਾ ਸੀ।

(2) ਚਿੱਭ ਰਾਜਪੂਤਾਂ ਦੇ ਵਡਿੱਕੇ ਦਾ ਨਾਂ ਵੀ ਸਾਦੀ ਹੈ, ਇਸੇ ਨੂੰ ਸੂਰ ਸਾਦੀ ਵੀ ਕਿਹਾ ਜਾਂਦਾ ਹੈ। ਉਹ ਔਰੰਗਜ਼ੇਬ ਦੇ ਜ਼ਮਾਨੇ ਵਿਚ ਇਕ ਯੁਧ ਵਿਚ ਮਾਰਿਆ ਗਿਆ ਅਤੇ ਉਸ ਦੀ ਗਿਣਤੀ ਸ਼ਹੀਦਾਂ ਵਿਚ ਕੀਤੀ ਜਾਣ ਲੱਗੀ। ਬਟਵਾਰੇ ਤੋਂ ਪਹਿਲਾਂ, ਗੁਜਰਾਤ (ਪਾਕਿਸਤਾਨੀ ਪੰਜਾਬ) ਦੇ ਹਿੰਦੂ ਚਿੱਭ ਰਾਜਪੂਤ ਵੀ, ਬੱਚੇ ਦਾ ਪਹਿਲਾ ਮੁੰਡਣ, ਕਬੀਲੇ ਦੇ ਵਡਿੱਕੇ ਸਾਦੀ ਸ਼ਹੀਦ ਦੇ ਸਥਾਨ ਉਤੇ, ਸੱਤਾਂ ਸਾਲਾਂ ਦੇ ਅੰਦਰ ਅੰਦਰ ਕੀਤਾ ਕਰਦੇ ਸਨ। ਮੁਸਲਮਾਨ ਚਿੱਭ ਵੀ ਸਾਦੀ ਦੀ ਮਜ਼ਾਰ ਉਤੇ ਮੁੰਡਣ ਕਰਦੇ ਹਨ ਅਤੇ ਉਨ੍ਹਾਂ ਵਿਚ ਜਦੋਂ ਤਕ ਮੁੰਡਣ ਦੀ ਰਸਮ ਨਾ ਹੋ ਜਾਵੇ, ਬਾਲ ਨੂੰ ਸ਼ੁਧ ਚਿੱਤ ਨਹੀਂ ਸਮਝਿਆ ਜਾਂਦਾ ਅਤੇ ਉਦੋਂ ਤਕ ਉਸ ਦੀ ਮਾਂ ਲਈ ਮਾਸ ਖਾਣਾ ਨਿਸ਼ੇਧ ਹੈ (ਵੇਖੋ : ਮੁੰਡਣ)।

(ਸ-423) **ਸਾਧ ਸੰਤ** :

ਸਾਧ ਸੰਤ ਤੋਂ ਭਾਵ ਉਹ ਨਿਰਮਲ ਵਿਅਕਤੀ ਹੈ, ਜਿਸ ਨੂੰ ਸਤਿ ਅਥਵਾ ਪਰਮ ਤਤਵ ਦਾ ਬੋਧ ਹੋ ਗਿਆ ਹੋਵੇ ਅਤੇ ਜੋ ਅਧਿਆਤਮਕ ਪ੍ਰਾਪਤੀਆਂ ਦੇ ਫਲਸਰੂਪ ਸਾਧਾਰਣ ਤੋਂ ਵਿਸ਼ੇਸ਼ ਵਿਅਕਤੀ ਬਣ ਗਿਆ ਹੋਵੇ। ਨਿਰਮਲ ਆਤਮਾ, ਉਜਲ ਮਨ, ਸ਼ੁਧ ਆਚਰਣ ਤੇ ਸੁੱਚੀ ਰਹਿਤ-ਬਹਿਤ ਸਾਧ-ਸੰਤ ਦੇ ਚਾਰ ਵਿਸ਼ੇਸ਼ ਲਛਣ ਸਮਝੇ ਜਾਂਦੇ ਹਨ। ਸਾਧ ਦੀ ਦ੍ਰਿਸ਼ਟੀ ਅੰਤਰ-ਮੁਖੀ, ਸੁਭਾਵ ਕਲਿਆਣਕਾਰੀ ਅਤੇ ਮਨ ਦਵੈਤ ਭਾਵ ਤੋਂ ਨਿਰਲੇਪ ਹੁੰਦਾ ਹੈ।

ਪੰਜਾਬੀ ਵਿਚ ਸਾਧ ਤੇ ਸੰਤ ਸ਼ਬਦ ਇਕੋ ਅਰਥਾਂ ਵਿਚ ਵਰਤ ਲਏ ਜਾਂਦੇ ਹਨ। ਮਹਾਨ ਕੋਸ਼ ਅਨੁਸਾਰ ਸੰਤ ਸ਼ਬਦ ਦਾ ਮੂਲ 'ਸ਼ਾਂਤ' ਹੈ ਅਤੇ ਉਹ ਪ੍ਰਾਣੀ ਸੰਤ ਦਾ ਰੁਤਬਾ ਰਖਦਾ ਹੈ, ਜਿਸ ਨੇ ਮਨ ਤੇ ਇੰਦਰਿਆਂ ਨੂੰ ਟਿਕਾਇਆ ਹੋਵੇ। ਪਰ ਸੰਤ ਸ਼ਬਦ 'ਸਤਿ' ਪਦ ਤੋਂ ਬਣਿਆ ਜਾਪਦਾ ਹੈ। ਸੰਤ ਉਹ ਹੈ, ਜੋ 'ਸਤਿ' ਵਿਚ ਲੀਨ ਹੋਵੇ, ਜਿਸ ਨੇ ਆਪਣੇ ਇਸ਼ਟ ਨੂੰ ਸਤਿ ਸਰੂਪ ਮੰਨ ਕੇ, ਉਸ ਦੀ ਹੋਂਦ ਵਿਚ ਆਪਣੀ ਹੋਂਦ ਰਚਾ ਲਈ ਹੋਵੇ।

ਸਾਧ ਸ਼ਬਦ ਸੰਸਕ੍ਰਿਤ ਦੇ 'ਸਾਧੂ' ਦਾ ਤਦਭਵ ਹੈ, ਜਿਸ ਦਾ ਅਰਥ ਸਿੱਧਾ, ਨਿਰਛਲ, ਸ਼ੁਧ ਆਦਿ ਹੈ। ਸਾਧ ਉਹ ਨਿਰਛਲ ਵਿਅਕਤੀ ਹੈ, ਜੋ ਮਨ ਕਰ ਕੇ ਸਵੱਛ ਤੇ ਇੰਦਰਿਆਂ ਕਰ ਕੇ ਨਿਰਲੇਪ ਹੈ। ਇਸ ਤਰ੍ਹਾਂ ਸਾਧ ਤੇ ਸੰਤ ਸ਼ਬਦ ਇਕ ਦੂਜੇ ਦੇ ਪੂਰਕ ਹਨ। ਸਮਾਸ ਰੂਪ ਵਿਚ ਇਹ ਪਦ ਉਸ ਵਿਅਕਤੀ ਲਈ ਰੂੜ੍ਹ ਹੋ ਗਿਆ ਹੈ, ਜਿਸ ਦਾ ਮਨ ਸੱਚ ਵਿਚ ਇਕਾਗਰ ਹੋਵੇ, ਜਿਸ ਨੇ ਆਪਣੇ ਇੰਦਰਿਆਂ ਉਤੇ ਵਸੀਕਾਰ ਪ੍ਰਾਪਤ ਕਰ ਲਿਆ ਹੋਵੇ ਅਤੇ ਜੋ ਸੰਸਾਰ ਵਿਚ ਨਿਰਲੇਪ ਰੂਪ ਵਿਚ ਵਿਚਰ ਰਿਹਾ ਹੋਵੇ।

ਗੁਰਬਾਣੀ ਵਿਚ ਪੂਰਨ ਸੰਤ ਦੇ ਲੱਛਣ ਇਹ ਦੱਸੇ ਗਏ ਹਨ :

ਜਿਨ੍ਹਾਂ ਸਾਸਿ ਗਿਰਾਸਿ ਨ ਵਿਸਰੈ,
ਹਰਿਨਾਮਾ ਮਨਿ ਮੰਤੁ।
ਧੰਨੁ ਸਿ ਸੇਈ ਨਾਨਕਾ,
ਪੂਰਨ ਸੋਈ ਸੰਤੁ। (ਗਉੜੀ ਮਹਲਾ ੪)

'ਸੁਖਮਨੀ' ਵਿਚ ਅੰਮ੍ਰਿਤ ਅਥਵਾ ਦੈਵੀ ਦ੍ਰਿਸ਼ਟੀ ਵਾਲੇ ਪੁਰਸ਼ ਨੂੰ ਹੀ ਸੰਤ ਮੰਨਿਆ ਗਿਆ ਹੈ : "ਅੰਮ੍ਰਿਤ ਦ੍ਰਿਸਟਿ ਪੇਖੈ ਹੁਇ ਸੰਤ"। ਸੰਤ ਤੇ ਸਾਧ ਦੀ ਵਿਆਖਿਆ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਸ਼ਬਦ ਮਿਲਦੇ ਹਨ, ਜਿਨ੍ਹਾਂ ਵਿਚ ਇਹ ਵਿਚਾਰ ਦ੍ਰਿੜ੍ਹ ਹੈ ਕਿ ਸੰਤ ਨਾਮ ਵਿਚ ਲੀਨ ਉਹ ਵਿਅਕਤੀ ਵਿਸ਼ੇਸ਼ ਹੈ, ਜੋ ਰੱਬ ਦੀ ਰਜ਼ਾ ਵਿਚ ਰਹਿੰਦਾ, ਦੁਖ ਸੁਖ ਨੂੰ ਸਮ ਕਰ ਕੇ ਜਾਣਦਾ ਅਤੇ ਜੋ ਆਤਮਾ ਦਾ ਸੂਰਬੀਰ ਤੇ ਬਚਨਾ ਦਾ ਬਲੀ ਹੈ।

ਪ੍ਰਾਚੀਨ ਕਾਲ ਤੋਂ ਹੀ ਭਾਰਤੀ ਸੰਸਕ੍ਰਿਤੀ

ਵਿਚ ਸੰਤਾਂ ਦੀ ਪ੍ਰਭੁਤਾ ਰਹੀ ਹੈ। ਵੈਦਿਕ ਤੇ ਬ੍ਰਾਹਮਣੀ ਯੁਗ ਵਿਚ ਜੋ ਸਥਾਨ ਰਿਸ਼ੀਆਂ ਮੁਨੀਆਂ ਨੂੰ ਪ੍ਰਾਪਤ ਸੀ, ਮਧਕਾਲ ਵਿਚ ਉਹ ਸੰਤਾਂ ਦੇ ਹਿੱਸੇ ਆਇਆ। ਬੁੱਧ ਦੀ ਮਹ ਯਾਨ ਸੰਪ੍ਰਦਾਇ ਸੰਤਾਂ ਵਿਚ ਆਸਥਾ ਰਖਦੀ ਸੀ ਅਤੇ ਉਨ੍ਹਾਂ ਵਿਚ ਸੰਤਾਂ ਦੀਆ ਖੜਾਵਾਂ, ਵਰਤਣ ਵਿਹਾਰ ਦੀਆਂ ਵਸਤੂਆਂ ਤੇ ਨਿਸ਼ਾਨੀਆਂ ਨੂੰ ਪੂਜਿਆ ਜਾਂਦਾ ਸੀ। ਸੰਤਾਂ ਦੀਆਂ ਸਮਾਧੀਆਂ, ਜਿਨ੍ਹਾਂ ਨੂੰ 'ਚੇਤਯ' ਕਿਹਾ ਜਾਂਦਾ ਸੀ, ਬੋਧੀ-ਪੂਜਾ ਦਾ ਵਿਸ਼ੇਸ਼ ਅੰਗ ਸਨ। ਚੇਤਯ ਤਿੰਨ ਤਰ੍ਹਾਂ ਦੇ ਸਨ — ਸਰੀਰਕ, ਪਰਿਭੋਗਕ ਤੇ ਉਦੇਸ਼ਕ। 'ਸਰੀਰਕ' ਚੇਤਯ ਵਿਚ ਸੰਤਾਂ ਦੇ ਸਰੀਰ ਦੀ ਕੋਈ ਨਿਸ਼ਾਨੀ, ਹੱਡੀਆਂ-ਫਲ ਆਦਿ ਰਖੇ ਜਾਂਦੇ ਅਤੇ ਪਰਿਭੋਗਕ ਵਿਚ ਕੋਈ ਅਜਿਹੀ ਵਸਤੂ ਜਿਸ ਦਾ ਪ੍ਰਯੋਗ ਸੰਤ ਆਪਣੇ ਜੀਵਨ ਕਾਲ ਵਿਚ ਕਰਦੇ ਰਹੇ। ਉਦੇਸ਼ਕ ਬੋਧੀ ਸਾਧੂਆਂ ਦੀ ਸਿਮਰਤੀ ਵਿਚ ਉਸਾਰੇ ਜਾਂਦੇ ਸਨ।

ਜੈਨ ਸੰਤ-ਮਾਲਾ ਵਿਚ 63 ਵਿਅਕਤੀਆਂ ਨੂੰ, ਜਿਨ੍ਹਾਂ ਵਿਚ 24 ਤੀਰਥੰਕ ਵੀ ਸ਼ਾਮਲ ਹਨ, ਦੈਵੀ ਪੁਰਸ਼ ਤੇ ਪੂਰਨ ਸੰਤ ਮੰਨਿਆ ਗਿਆ ਹੈ। ਜੋਗੀਆਂ ਵਿਚ ਸੰਤ-ਪਰੰਪਰਾ ਨਾਥਾਂ ਅਤੇ ਸਿੱਧਾਂ ਦੇ ਰੂਪ ਵਿਚ ਵਿਗਸੀ। ਭਗਤੀ ਕਾਲ ਵਿਚ ਗੁਰ-ਵਿਅਕਤੀਆਂ ਤੇ ਭਗਤਾਂ ਨੂੰ ਦੈਵੀ ਸ਼ਕਤੀ ਤੇ ਦੈਵੀ ਗੁਣਾਂ ਦਾ ਮਾਲਕ ਮੰਨਿਆ ਗਿਆ। ਸੰਤ ਪਰੰਪਰਾ ਵਰਤਮਾਨ ਕਾਲ ਵਿਚ ਵੀ ਉਸੇ ਤਰ੍ਹਾਂ ਵਿਦਮਾਨ ਹੈ। ਪੰਜਾਬ ਵਿਚ ਸੰਤਾਂ ਦੀਆਂ ਅਨੇਕਾਂ ਗੱਦੀਆਂ ਚਲ ਰਹੀਆਂ ਹਨ।

ਮੁਸਲਮਾਨ, ਸੰਤਾਂ ਨੂੰ ਵਲੀ ਜਾਂ ਪੀਰ ਦੇ ਨਾਂ ਨਾਲ ਨਿਵਾਜਦੇ ਹਨ। ਸ਼ੀਆ ਤਾਂ ਮੁਢ ਤੋਂ ਹੀ ਪੀਰਾਂ ਵਿਚ ਆਸਥਾ ਰਖਦੇ ਆਏ ਹਨ, ਪਰ ਸੁੰਨੀ ਅਲਗਜ਼ਾਲੀ (ਬਾਰ੍ਹਵੀਂ ਸਦੀ) ਦੇ ਸਮੇਂ ਤੋਂ ਹੀ ਸੰਤਾਂ ਨੂੰ ਮਾਨਤਾ ਦੇਣ ਲੱਗੇ ਹਨ। ਮੁਸਲਮਾਨਾਂ ਲਈ ਪੀਰ ਵਲੀ ਕੇਵਲ ਵਸੀਲਾ ਹਨ, ਪੂਰਤੀ ਨਹੀਂ, ਕਿਉਂ ਜੋ ਅੱਲਾ ਦਾ ਸ਼ਰੀਕ ਦੂਜਾ ਕੋਈ ਨਹੀਂ (ਵੇਖੋ : ਪੀਰ)।

ਲੋਕ-ਧਾਰਨਾ ਅਨੁਸਾਰ ਸੰਤਾਂ ਵਿਚ ਦੈਵੀ ਸ਼ਕਤੀ ਵਿਦਮਾਨ ਹੁੰਦੀ ਹੈ ਅਤੇ ਉਹ ਪ੍ਰਕ੍ਰਿਤੀ ਦੇ ਆਮ ਨੇਮਾਂ ਤੋਂ ਮੁਕਤ ਹੁੰਦੇ ਹਨ। ਉਨ੍ਹਾਂ ਵਾਸਤੇ ਕਾਲ-ਸਥਾਨ, ਲੋਕ-ਪਰਲੋਕ, ਦ੍ਰਿਸ਼ਟ-ਪ੍ਰਗਟ ਆਦਿ ਦੇ ਸੰਸਾਰਕ ਬੰਧਨ ਕੋਈ ਅਰਥ ਨਹੀਂ ਰਖਦੇ। ਸੰਤਾਂ ਦੇ ਵਾਕਾਂ ਵਿਚ ਸਹਿਜ-ਸਿਧੀ ਹੁੰਦੀ ਹੈ ਅਤੇ ਉਨ੍ਹਾਂ ਦੇ ਮੂੰਹੋਂ ਜੋ ਗੱਲ ਨਿਕਲਦੀ ਹੈ, ਉਹ ਸੁਤੇ ਸਿਧ ਹੋ ਕੇ ਰਹਿੰਦੀ ਹੈ (ਵੇਖੋ : ਵਾਕ ਸਿਧੀ)। ਇਸ ਤਰ੍ਹਾਂ ਦੀ ਸਹਿਜ ਸ਼ਕਤੀ ਨੂੰ ਹੀ ਲੋਕ-ਮਨ ਨੇ ਕਰਾਮਾਤਾਂ ਦਾ ਨਾਉਂ ਦਿਤਾ ਹੈ ਅਤੇ ਹਰੇਕ ਸਾਧ ਸੰਤ ਬਾਰੇ ਅਨੇਕਾਂ ਕਰਾਮਾਤਾਂ ਲੋਕਾਂ ਦੀ ਆਸਥਾ ਬਣੀਆਂ ਰਹੀਆਂ ਹਨ।

ਇਕ ਹੋਰ ਧਾਰਨਾ ਇਹ ਹੈ ਕਿ ਸੰਤਾਂ ਦੇ ਅੰਦਰ ਜੋ ਦੈਵੀ ਸ਼ਕਤੀ ਵਿਦਮਾਨ ਹੈ, ਉਸ ਦਾ ਅੰਸ਼ ਮਾਤਰ ਉਨ੍ਹਾਂ ਦੇ ਸਪਰਸ਼ ਵਿਚ ਆਈ ਹਰੇਕ ਵਸਤੂ ਵਿਚ ਰਚਦਾ ਰਹਿੰਦਾ ਹੈ। ਇਸੇ ਲਈ ਸੰਤਾਂ ਦੀ ਵਰਤੋਂ ਵਿਹਾਰ ਵਿਚ ਆਈਆਂ ਵਸਤੂਆਂ — ਚੌਂਕੀ, ਲੋਟਾ, ਸੇਲੀ, ਟੋਪੀ ਤੇ ਮਾਲਾ ਆਦਿ ਉਨ੍ਹਾਂ ਦੇ ਚੋਲਾ ਤਿਆਗਣ ਮਗਰੋਂ ਵੀ ਸੰਭਾਲ ਕੇ ਰਖਣ ਤੇ ਪੂਜਣ ਦੀ ਪ੍ਰਥਾ ਹੈ। ਸਾਧ-ਸੰਤਾਂ ਦੀ ਚਰਨ-ਧੂੜੀ ਵਿਚ ਵੀ ਦੈਵੀ ਅੰਸ਼ ਮੰਨਿਆ ਗਿਆ ਹੈ। ਧਾਰਨਾ ਹੈ ਕਿ ਦੈਵੀ ਅੰਸ਼ ਸਾਧ ਸੰਤਾਂ ਦੇ ਚਰਨਾਂ ਵਿਚੋਂ ਬਾਹਰ ਵਲ ਪ੍ਰਵਾਹਿਤ ਕਰਦਾ ਹੈ ਅਤੇ ਉਸ ਨੂੰ ਕੇਵਲ ਮਸਤਕ ਦੁਆਰਾ ਗ੍ਰਹਿਣ ਕੀਤਾ ਜਾ ਸਕਦਾ ਹੈ। ਇਸੇ ਸੰਕਲਪ ਤੋਂ ਸੰਤਾਂ ਦੇ ਚਰਨਾਂ ਉਤੇ ਮੱਥਾ ਟੇਕਣ ਦੀ ਮਰਯਾਦਾ ਚੱਲੀ। ਸਾਧ ਸੰਤ ਦੀਖਿਆ ਵੇਲੇ ਆਪਣੇ ਅਨੁਯਾਈਆਂ ਨੂੰ ਚਰਨ-ਪਾਹੁਲ ਜਾਂ ਪੈਰਾਂ ਦੇ ਅੰਗੂਠੇ ਨੂੰ ਧੋ ਕੇ ਪਿਲਾਂਦੇ ਹਨ। ਇਸ ਲੋਕ-ਸੰਕਲਪ ਦਾ ਆਧਾਰ ਲਾਗਵਾਂ ਟੂਣਾ **(Contiguous Magic)** ਹੈ, ਜਿਸ ਅਨੁਸਾਰ ਅੰਸ਼ ਵਿਚ ਅੰਸ਼ੀ ਦੇ ਗੁਣ ਤੇ ਕਣੀ ਸਹਿਜ ਭਾਵ ਵਿਚ ਹੀ ਵਿਦਮਾਨ ਰਹਿੰਦੀ ਹੈ।

ਮਹਾਂਪੁਰਸ਼ਾਂ ਦੇ ਚਰਨਾਂ ਨਾਲ ਛੋਹੀ ਧੂੜ ਵਿਚ ਵੀ ਉਨ੍ਹਾਂ ਦੀ ਦੈਵੀ ਸ਼ਕਤੀ ਅਤੇ ਕਲਾਵਾਨ ਪ੍ਰਤਿਭਾ ਦੇ ਕੁਝ ਅੰਸ਼ ਸਮਾ ਜਾਂਦੇ ਹਨ ਤੇ ਸਾਧਕ ਉਸ ਧੂੜੀ ਨੂੰ ਮੱਥੇ ਉਤੇ ਲਗਾ ਕੇ ਸੁਤੇ ਸਿਧ ਹੀ ਉਸ ਅੰਸ਼ ਨੂੰ ਆਪਣੇ ਅੰਦਰ ਗ੍ਰਹਿਣ ਕਰ ਲੈਂਦਾ ਹੈ। ਗੁਰਬਾਣੀ ਵਿਚ ਵੀ ਸਾਧਾਂ ਦੀ ਧੂੜੀ ਦੀ ਮਹਾਨਤਾ ਵਲ ਸੰਕੇਤ ਹੈ :

ਮਾਘਿ ਮਜਨੁ ਸੰਗਿ ਸਾਧੂਆ
ਧੂੜੀ ਕਰਿ ਇਸਨਾਨੁ ॥ (ਮਾਝ ਮਹਲਾ ੫)

ਚਰਨ ਧੂੜੀ ਦੇ ਸੰਕਲਪ ਉਤੇ ਵਿਚਾਰ ਅਸੀਂ ਵੱਖਰੀ ਕੀਤੀ ਹੈ (ਵੇਖੋ : ਚਰਨ ਧੂੜੀ)।

(ਸ-424) **ਸਾਧੂ** :

ਇਹ ਪਦ ਸਾਧਾਰਨ ਤੌਰ 'ਤੇ ਉਨ੍ਹਾਂ ਤਿਆਗੀਆਂ, ਬੈਰਾਗੀਆਂ, ਤਪਸ੍ਵੀਆਂ, ਸੰਨਿਆਸੀਆਂ ਅਤੇ ਜਾਚਕਾਂ ਆਦਿ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਨੇ ਪ੍ਰਭੂ ਦੀ ਪ੍ਰਾਪਤੀ ਅਥਵਾ ਆਤਮ ਕਲਿਆਣ ਵਾਸਤੇ ਸੰਸਾਰ ਦਾ ਤਿਆਗ ਕੀਤਾ ਹੋਵੇ ਅਤੇ ਜੋ ਭਿਛਿਆ ਲੈਣ ਲਈ ਗ੍ਰਿਹਸਤੀਆਂ ਦੇ ਘਰ ਮੰਗਣ ਲਈ ਜਾਂਦੇ ਹੋਣ। ਸਾਧੂਆਂ ਕੋਲ ਭਿਛਿਆ ਲਈ ਕੋਈ ਝੋਲੀ, ਕਚਕੋਲ ਜਾਂ ਚਿੱਪੀ ਹੁੰਦੀ ਹੈ ਅਤੇ ਉਹ ਹੱਥ ਵਿਚ ਡੰਡਾ ਤੇ ਗਲ ਵਿਚ ਮਾਲਾ ਧਾਰਨ ਕਰਦੇ ਹਨ।

ਸਾਧੂਆਂ ਦੀਆਂ ਅਨਗਿਣਤ ਸੰਪ੍ਰਦਾਵਾਂ ਹਨ ਤੇ ਹਰ ਸੰਪ੍ਰਦਾਇ ਦਾ ਆਪੋ ਆਪਣਾ ਵੱਖਰਾ ਭੇਖ, ਨੇਮ ਤੇ ਰਹੁ-ਰੀਤੀਆਂ ਹਨ। ਜੋਗੀ ਵੀ ਇਕ ਤਰ੍ਹਾਂ ਦੇ ਸਾਧੂ ਹੀ ਹਨ, ਜਿਨ੍ਹਾਂ ਦਾ ਭੇਖ ਬੈਰਾਗੀਆਂ ਤੇ ਸੰਨਿਆਸੀਆਂ ਨਾਲੋਂ ਵਿਲਖਣ ਹੈ। ਕਈ ਸਾਧੂ ਗੇਰਵੇ ਰੰਗ ਦੇ ਕਪੜੇ ਪਹਿਨਦੇ ਹਨ, ਪਰ ਦੂਜੇ ਭੇਖਾਂ ਦੇ ਸਾਧੂਆਂ ਦੀ ਵੀ ਘਾਟ ਨਹੀਂ।

ਬਹੁਤੇ ਸਾਧੂ ਸ਼ਿਵ ਦੇ ਪੁਜਾਰੀ ਹਨ, ਕਿਉਂ ਜੋ ਸ਼ਿਵ ਦੇਵਤਾ ਖ਼ੁਦ ਵੱਡਾ ਤਪੱਸਵੀ ਤੇ ਮਹਾਂਯੋਗੀ ਸੀ। ਸ਼ਿਵ ਦੇ ਹੋਰ ਵੀ ਕਈ ਰੂਪ ਹਨ, ਪਰ ਮਹਾਂਯੋਗੀ ਦੇ ਰੂਪ ਵਿਚ, ਉਸ ਵਿਚ ਕਠੋਰ ਤਪੱਸਿਆ ਤੇ ਅਰਾਧਨਾ ਦੀ ਸਰਵ-ਉਚ ਸੰਪੂਰਣਤਾ ਦਾ ਕੇਂਦਰੀਕਰਣ ਹੈ, ਜਿਸ ਤੋਂ ਕਿ ਅਸੀਮਿਤ ਸ਼ਕਤੀਆਂ ਦੀ ਪ੍ਰਾਪਤੀ ਕੀਤੀ ਜਾਂਦੀ ਹੈ। ਸ਼ਿਵ ਦਾ ਇਕ ਹੋਰ ਰੂਪ ਭੂਤੇਸ਼ਵਰ ਦਾ ਹੈ। ਇਸ ਰੂਪ ਵਿਚ ਸ਼ਿਵ ਸ਼ਮਸ਼ਾਨਾਂ ਤੇ ਮਸਾਣਾ ਵਿਚ ਵਿਰਕਤ ਦੇ ਰੂਪ ਵਿਚ ਵਿਚਰਦੇ ਰਹਿੰਦੇ ਹਨ। ਸ਼ਿਵ ਦੇ ਅਨੁਯਾਈ ਸਾਧੂ ਘੋਰ ਤਪੱਸਿਆ ਕਰਦੇ, ਕੰਡਿਆਂ ਤੇ ਕਿੱਲ੍ਹਾਂ ਦੀ ਵਿਛਾਈ ਉਤੇ ਲੇਟ ਕੇ ਤੱਪ ਸਾਧਦੇ ਹਨ। ਕਈ ਸਾਧੂ ਇਕ ਟੰਗੇ ਖੜੇ ਰਹਿੰਦੇ, ਕਈ ਬ੍ਰਿਛਾਂ ਨਾਲ ਪੁੱਠੇ ਲਟਕਦੇ ਤੇ ਘੋਰ ਸਰੀਰਕ ਸੰਤਾਪ ਉਠਾਂਦੇ ਹਨ। ਇਨ੍ਹਾਂ ਨੇ ਸ਼ਿਵ ਜੀ ਵਾਂਗ ਹੀ ਲਿਟਾਂ ਅਥਵਾ ਜਟਾਂ ਰਖੀਆਂ ਹੁੰਦੀਆਂ ਹਨ।

ਸਾਧੂਆਂ ਦੀ ਇਕ ਸੰਪ੍ਰਦਾਇ ਨਾਂਗੇ ਸਾਧੂਆਂ ਦੀ ਹੈ। ਇਨ੍ਹਾਂ ਸਾਧੂਆਂ ਨੇ ਮੂੰਹ ਤੇ ਸਰੀਰ ਉਤੇ ਧੂਣੀ ਦੀ ਸਵਾਹ ਮਲੀ ਹੁੰਦੀ ਹੈ। ਇਹ ਸਾਧੂ ਕਪੜੇ ਨਹੀਂ ਪਹਿਨਦੇ ਕਿਉਂਕਿ ਕਪੜਾ ਸੀਪਣ ਤੋਂ ਪਹਿਲਾਂ ਕਈ ਹੱਥਾਂ ਵਿਚੋਂ ਲੰਘਦਾ ਹੈ ਤੇ ਆਪਣੀ ਸਹਿਜ ਅਪਵਿਤ੍ਰਤਾ ਨਾਲ ਸਾਧੂ ਦੇ ਇਕਾਗਰ ਮਨ-ਚਿੱਤ ਨੂੰ ਖੰਡਤ ਕਰ ਸਕਦਾ ਹੈ। ਕੁੰਭ ਦੇ ਮੇਲੇ ਸਮੇਂ, ਗੰਗਾ ਵਿਚ ਇਸ਼ਨਾਨ ਕਰਨ ਦਾ, ਸਭ ਤੋਂ ਪਹਿਲਾ ਅਧਿਕਾਰ, ਨਾਂਗੇ ਸਾਧੂਆਂ ਨੂੰ ਪ੍ਰਾਪਤ ਹੈ। ਇਨ੍ਹਾਂ ਦੇ ਇਸ਼ਨਾਨ ਤੋਂ ਬਾਅਦ ਹੀ ਬਾਕੀ ਸਾਧੂ ਤੇ ਲੋਕ ਗੰਗਾ ਵਿਚ ਇਸ਼ਨਾਨ ਕਰਦੇ ਹਨ।

ਸਾਧੂਆਂ ਦੀਆਂ ਅਨੇਕਾਂ ਸੰਪ੍ਰਦਾਵਾਂ ਬਾਰੇ ਵਿਚਾਰ ਸੰਨਿਆਸੀ, ਬੈਰਾਗੀ, ਅਘੋਰੀ, ਨਾਂਗੇ ਆਦਿ ਨਾਵਾਂ ਹੇਠ ਕੀਤੀ ਗਈ ਹੈ।

(ਸ-425) **ਸਾਨ੍ਹ (ਸਾਂਢ)** :

ਸਾਨ੍ਹ ਸ਼ਿਵ ਦਾ ਵਾਹਣ ਹੈ। ਪੌਰਾਣਿਕ ਸਾਨ੍ਹ ਨੰਦੀ ਸਭ ਪਸ਼ੂਆਂ ਦਾ ਰੱਖਿਅਕ ਹੋਣ ਤੋਂ ਇਲਾਵਾ ਸ਼ਿਵ ਜੀ ਦੇ ਮਹਿਲ ਦਾ ਪ੍ਰਧਾਨ ਕਰਮਚਾਰੀ ਅਤੇ ਗਣਾਂ ਦਾ ਸਰਦਾਰ ਮੰਨਿਆ ਗਿਆ ਹੈ। ਨੰਦੀ ਦੀ ਪ੍ਰਤਿਸ਼ਠਾ ਸਦਕਾ ਹੀ, ਹਿੰਦੂਆਂ ਵਿਚ, ਖ਼ਾਸ ਤੌਰ 'ਤੇ ਸ਼ਿਵ-ਭਗਤਾਂ ਵਿਚ, ਸਾਂਢ ਲਈ ਵਿਸ਼ੇਸ਼ ਭਾਵਨਾ ਪੈਦਾ ਹੋ ਗਈ ਹੈ ਅਤੇ ਸਾਂਢ ਨਾਲ ਕਈ ਤਰ੍ਹਾਂ ਦੀਆਂ ਮਨੌਤਾਂ ਤੇ ਵਿਚਾਰ ਵੀ ਜੁੜ ਗਏ ਹਨ।

ਇਕ ਧਾਰਨਾ ਅਨੁਸਾਰ ਸਾਨ੍ਹ ਬਲੀ ਦਾ ਬਕਰਾ ਹੈ, ਜਿਸ ਦੇ ਸਿਰ ਉਤੇ ਆਪਣੇ ਅਤੇ ਪਿਤਰਾਂ ਦੇ ਪਾਪ ਅਤੇ ਸੰਕਟ ਮੜ੍ਹੇ ਜਾ ਸਕਦੇ ਹਨ। ਜੇ ਮੰਤਰਾਂ ਦੁਆਰਾ ਪਿਤਰਾਂ ਦੇ ਪਾਪ ਤੇ ਖੋਟੇ ਕਰਮ ਸਾਨ੍ਹ ਵਿਚ ਪ੍ਰਵਿਰਤ ਕਰ ਦਿਤੇ ਜਾਣ, ਤਾਂ ਪਿਤਰਾਂ ਨੂੰ ਸੁਤੇ ਸਿਧ ਮੁਕਤੀ ਮਿਲ ਜਾਂਦੀ ਹੈ। ਇਸ ਕਿਸਮ ਦੇ ਸਾਨ੍ਹ ਨੂੰ ਸੰਧੂਰ ਕੇ ਖੁਲ੍ਹਾ ਛੱਡ ਦਿਤਾ ਜਾਂਦਾ ਹੈ। ਅਜਿਹੀ ਤਰ੍ਹਾਂ ਦੇ ਸਾਨ੍ਹ ਨੂੰ ਪੰਜਾਬ ਵਿਚ 'ਸੰਧੂਰਨਾ' ਅਤੇ ਉਤਰੀ ਭਾਰਤ

ਵਿਚ 'ਬ੍ਰਾਹਮਣੀ' ਕਹਿੰਦੇ ਹਨ। 'ਸੰਧੂਰਨਾ' ਸਿਰਫ਼ ਪਿਤਰਾਂ ਨੂੰ ਹੀ ਪਾਪਾਂ ਤੋਂ ਮੁਕਤ ਨਹੀਂ ਕਰਦਾ, ਸਗੋਂ ਉਸ ਦੇ ਗਲ ਜਿਉਂਦੇ ਪ੍ਰਾਣੀਆਂ ਦੇ ਪਾਪ ਅਤੇ ਸੰਕਟ ਵੀ ਮੜ੍ਹੇ ਜਾ ਸਕਦੇ ਹਨ। ਇਸ ਵਾਸਤੇ ਕਈ ਧਨੀ ਲੋਕ, ਯੱਗ ਦੁਆਰਾ ਆਪਣੇ ਪਾਪ ਸਾਨ੍ਹ ਵਿਚ ਪ੍ਰਵਿਰਤ ਕਰਵਾ ਕੇ ਤੇ ਉਸ ਨੂੰ ਸੰਧੂਰ ਕੇ ਖੁਲ੍ਹਾ ਛੱਡ ਦੇਂਦੇ ਹਨ।

ਸਾਨ੍ਹ ਹੜ੍ਹ-ਮੋਚਕ ਵੀ ਹੈ। ਹੜ੍ਹ ਦੇ ਦਿਨਾਂ ਵਿਚ ਪਾਣੀ ਦੀ ਮਾਰ ਤੋਂ ਪਿੰਡ ਦੀ ਰੱਖਿਆ ਕਰਨ ਲਈ, ਰਸਮੀ ਢੰਗ ਨਾਲ ਸਾਨ੍ਹ ਦੀ ਬਲੀ ਦਿਤੀ ਜਾਂਦੀ ਹੈ। ਕਿਸੇ ਨਰੋਏ ਤੇ ਅਰੋਗ ਸਾਨ੍ਹ ਨੂੰ, ਜਿਸ ਦੇ ਸਭ ਅੰਗ ਸੰਪੂਰਨ ਹੋਣ, ਸੰਧੂਰ ਮਲ ਕੇ ਅਤੇ ਉਸ ਦੇ ਗਲ ਵਿਚ ਸੰਧੂਰਿਆ ਹੋਇਆ ਨਾਰੀਅਲ ਅਤੇ ਕੁਝ ਹੋਰ ਸਾਮਗ੍ਰੀ ਬੰਨ੍ਹ ਕੇ, ਮੰਤਰਾਂ ਦੇ ਜਾਪ ਨਾਲ ਉਸ ਨੂੰ ਨਦੀ ਦੀ ਧਾਰਾ ਵਿਚ ਪ੍ਰਵਾਹ ਦਿਤਾ ਜਾਂਦਾ ਹੈ। ਜੇ ਪਾਣੀ ਦੀ ਧਾਰਾ ਸਾਨ੍ਹ ਨੂੰ ਰੋਹੜ ਕੇ ਲੈ ਜਾਵੇ, ਤਾਂ ਬਲੀ ਪ੍ਰਵਾਨ ਸਮਝੀ ਜਾਂਦੀ ਹੈ। ਫਿਰ ਪਿੰਡ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਪਹੁੰਚਣ ਦਾ ਡਰ ਨਹੀਂ ਰਹਿੰਦਾ। ਜੇ ਸਾਨ੍ਹ ਪਾਣੀ ਵਿਚੋਂ ਤਰਦਾ ਹੋਇਆ ਪਾਰਲੇ ਕੰਢੇ ਜਾ ਲੱਗੇ, ਤਾਂ ਸਮਝੋ ਇਹ ਗੱਲ, ਪਾਰਲੇ ਪਾਸੇ ਦੇ ਪਿੰਡਾਂ ਦੀ, ਪਾਣੀ ਦੀ ਮਾਰ ਨਾਲ ਤਬਾਹ ਹੋਣ ਦੀ ਭਵਿਸ਼ਬਾਣੀ ਹੈ। ਪਰ ਜੇ ਕਿਧਰੇ ਸਾਨ੍ਹ ਉਰਾਰਲੇ ਕੰਢੇ ਵਲ ਪਰਤ ਆਵੇ, ਤਾਂ ਸਮਝਿਆ ਜਾਂਦਾ ਹੈ ਕਿ ਬਲੀ ਪ੍ਰਵਾਨ ਨਹੀਂ ਚੜ੍ਹੀ ਅਤੇ ਪਿੰਡ ਨੂੰ ਹੜ੍ਹ ਤੋਂ ਸਖ਼ਤ ਖ਼ਤਰਾ ਹੈ।

ਸਾਨ੍ਹ ਰੋਗ-ਮੋਚਕ ਵੀ ਹੈ। ਜਦੋਂ ਕਿਸੇ ਪਿੰਡ ਵਿਚ ਬੀਮਾਰੀ ਫੈਲ ਜਾਂਦੀ ਹੈ, ਤਾਂ ਪਿੰਡ ਦੇ ਪੰਚ ਸੀਮਾ ਉਤੇ ਇਕੱਠੇ ਹੋ ਕੇ, ਸੰਧੂਰੇ ਹੋਏ ਸਾਨ੍ਹ ਨੂੰ ਸ਼ਿੰਗਾਰਦੇ ਹਨ ਅਤੇ ਚੇਲੇ ਦੁਆਰਾ ਮੰਤਰ ਪੜ੍ਹਵਾ ਕੇ ਤੇ ਕੁਝ ਕਰਮ ਕਾਂਡ ਕਰਵਾ ਕੇ ਉਸ ਨੂੰ ਪਿੰਡੋਂ ਬਾਹਰ ਧਕ ਦੇਂਦੇ ਹਨ। ਜੇ ਉਹ ਸਾਨ੍ਹ ਪਿੰਡੋਂ ਬਾਹਰ ਚਲਾ ਜਾਵੇ, ਤਾਂ ਰੋਗ ਪਿੰਡ ਨੂੰ ਛੱਡ ਜਾਂਦਾ ਹੈ। ਹੈਜ਼ੇ ਤੇ ਮਰੀ ਦੇ ਰੋਗ ਵੇਲੇ ਦੇਵੀ ਨੂੰ ਪਤਿਆਣ ਲਈ ਵੀ ਸਾਨ੍ਹ-ਸੰਧੂਰੀ ਕੀਤੀ ਜਾਂਦੀ ਹੈ।

ਜੇ ਕਿਸੇ ਸਾਨ੍ਹ ਦੇ ਸਿਰ, ਪਿੱਠ ਜਾਂ ਕਨੌਖਾਂਆਂ ਉਤੇ ਮਾਸ ਦੀ ਬੋਟੀ ਭਾਵ 'ਜੀਭ' ਲਟਕਦੀ ਹੋਵੇ, ਤਾਂ ਹਿੰਦੂ ਉਸ ਨੂੰ ਦੇਵੀ ਬਲਦ ਮੰਨਦੇ ਹਨ। ਇਸ ਕਿਸਮ ਦੇ ਵਿਸ਼ੇਸ਼ ਬਲਦ ਨੂੰ 'ਨਾਂਦੀਆ' ਕਹਿੰਦੇ ਹਨ। ਨਾਂਦੀਆ ਨੂੰ ਜੋਤ ਦੇ ਲਈ ਕਦੇ ਨਹੀਂ ਵਰਤਿਆ ਜਾਂਦਾ ਅਤੇ ਉਹ ਸਾਨ੍ਹ ਕਿਸੇ ਜੋਗੀ ਜਾਂ ਸਾਧ ਨੂੰ ਦਾਨ ਕਰ ਦਿਤਾ ਜਾਂਦਾ ਹੈ।

ਕਈ ਹਿੰਦੂ ਇਕਾਦਸ਼ੀ ਵਾਲੇ ਦਿਨ ਸਾਨ੍ਹ ਨੂੰ ਵਾਹੀ ਖੇਤੀ ਲਈ ਜੋਤਣਾ ਅਸ਼ੁਭ ਸਮਝਦੇ ਹਨ। ਅਜਿਹੀ ਭੋਇੰ ਵਿਚ ਬਹੁਤੀ ਫ਼ਸਲ ਪੈਦਾ ਨਹੀਂ ਹੁੰਦੀ।

(ਸ-426) **ਸਾਨ੍ਹ-ਸੰਧੂਰੀ** :

ਇਕ ਰੀਤ ਜਿਸ ਵਿਚ ਪਿੰਡ ਨੂੰ ਹੜ੍ਹ ਦੀ ਮਾਰ ਤੇ ਰੋਗ ਆਦਿ ਤੋਂ ਸੁਰੱਖਿਅਤ ਰਖਣ ਵਾਸਤੇ ਸਾਨ੍ਹ ਨੂੰ ਸੰਧੂਰ ਕੇ ਜਲ ਵਿਚ ਪ੍ਰਵਾਹ ਦਿਤਾ ਜਾਂਦਾ ਹੈ ਜਾਂ ਪਿੰਡੋਂ ਬਾਹਰ ਧਕ ਦਿਤਾ ਜਾਂਦਾ ਹੈ (ਵੇਖੋ : ਸਾਨ੍ਹ)।

(ਸ-427) **ਸਾਨ੍ਹਾ** :

ਇਕ ਤਰ੍ਹਾਂ ਦਾ ਕਿਰਲਾ ਜਿਸ ਨੂੰ ਸਾਂਢਾ ਵੀ ਕਿਹਾ ਜਾਂਦਾ ਹੈ। ਧਾਰਨਾ ਹੈ ਕਿ ਕਾਮ ਦੇਵਤੇ ਦਾ ਵੀਰਜ ਅੱਕ-ਪਲਾਹਾਂ ਵਿਚ ਜਾ ਡਿਗਾ, ਜਿਸ ਤੋਂ ਸਾਨ੍ਹੇ ਦੀ ਉਤਪਤੀ ਹੋਈ। ਇਸੇ ਲਈ ਸਾਨ੍ਹੇ ਦਾ ਤੇਲ ਮਰਦ ਵਿਚ ਕਾਮ-ਸ਼ਕਤੀ ਵਧਾਂਦਾ ਹੈ। ਚੂਹੜੇ, ਸਾਨ੍ਹੇ ਨੂੰ ਮਾਰ ਕੇ, ਉਸ ਦਾ ਮਾਸ ਖਾਦੇ ਹਨ।

(ਸ-428) **ਸਾਂਬ** :

ਜਾਂਬਵਤੀ ਦੇ ਉਦਰ ਤੋਂ ਕ੍ਰਿਸ਼ਨ ਦਾ ਪੁੱਤਰ; ਪਰ ਲਿੰਗ-ਪੁਰਾਣ ਅਨੁਸਾਰ ਸਾਂਬ ਰੁਕਮਣੀ ਦੇ ਉਦਰ ਤੋਂ ਪੈਦਾ ਹੋਇਆ। ਸਾਂਬ ਬੜਾ ਸੁੰਦਰ, ਪਰ ਅਭਿਮਾਨੀ ਯੁਵਕ ਸੀ। ਦ੍ਰੋਪਦੀ ਦੇ ਸਵਯੰਬਰ ਵੇਲੇ ਉਹ ਦ੍ਰੋਪਦੀ ਨੂੰ ਚਲਾਕੀ ਨਾਲ ਚੁਕ ਕੇ ਲੈ ਗਿਆ, ਪਰ ਕਰਣ ਤੇ ਦੁਰਯੋਧਨ ਆਦਿ ਨੇ ਪਿੱਛਾ ਕਰ ਕੇ, ਉਸ ਨੂੰ ਬੰਦੀ ਬਣਾ ਲਿਆ। ਸਾਂਬ ਦਾ ਚਾਚਾ ਬਲਰਾਮ ਸਾਂਬ ਨੂੰ ਮੁਕਤ ਕਰਵਾਉਣ ਲਈ ਦੁਆਰਕਾ ਤੋਂ ਹਸਤਨਾਪੁਰ ਗਿਆ ਅਤੇ ਉਸ ਨੇ ਆਪਣੇ ਦੈਵੀ ਹਲ ਨਾਲ

ਸਾਰੇ ਨਗਰ ਨੂੰ ਮਲੀਆਮੇਟ ਕਰਨ ਦੀ ਧਮਕੀ ਦਿਤੀ, ਜਿਸ 'ਤੇ ਕੌਰਵਾਂ ਨੇ ਸਾਂਬ ਨੂੰ ਛੱਡ ਦਿਤਾ।

ਭਵਿਸ਼ ਪੁਰਾਣ ਅਨੁਸਾਰ ਸਾਂਬ ਨੂੰ ਆਪਣੇ ਰੂਪ ਦਾ ਬੜਾ ਗੁਮਾਨ ਸੀ। ਇਕ ਵਾਰ ਦੁਰਬਾਸ਼ਾ ਰਿਸ਼ੀ ਦਾ ਮੈਲਾ ਪਹਿਰਾਵਾ ਵੇਖ ਕੇ, ਸਾਂਬ ਨੇ ਖਿੱਲੀ ਉਡਾਈ, ਜਿਸ ਤੇ ਰਿਸ਼ੀ ਨੇ ਸਾਂਬ ਨੂੰ ਕੋਹੜੀ ਹੋਣ ਦਾ ਸਰਾਪ ਦੇ ਦਿਤਾ। ਇਕ ਹੋਰ ਰਵਾਇਤ ਅਨੁਸਾਰ ਇਹ ਸਰਾਪ ਸਾਂਬ ਨੂੰ ਕ੍ਰਿਸ਼ਨ ਨੇ ਦਿਤਾ ਸੀ। ਇਕ ਵਾਰ ਜਦੋਂ ਸਾਂਬ ਸੁਰਾ ਪੀ ਕੇ ਆਪਣੀਆਂ ਮਤ੍ਰੇਈਆਂ ਮਾਂਵਾਂ ਨਾਲ ਜਲ-ਕ੍ਰੀੜਾ ਕਰ ਰਿਹਾ ਸੀ ਤਾਂ ਉਨ੍ਹਾਂ ਦਾ ਵੀਰਜ ਪਾਤ ਹੋ ਕੇ ਕੰਵਲ ਦੇ ਪੱਤਿਆਂ ਉਤੇ ਤਰਨ ਲੱਗਾ। ਨਾਰਦ ਨੇ ਇਹ ਗੱਲ ਵੇਖ ਲਈ ਅਤੇ ਕ੍ਰਿਸ਼ਨ ਨੂੰ ਜਾ ਦੱਸੀ; ਕ੍ਰਿਸ਼ਨ ਨੇ ਸਾਂਬ ਨੂੰ ਕੋਹੜੀ ਹੋਣ ਦਾ ਸਰਾਪ ਦਿਤਾ।

ਕੋਹੜ ਤੋਂ ਮੁਕਤ ਹੋਣ ਵਾਸਤੇ ਸਾਂਬ ਮੁਲਤਾਨ ਦੇ ਸਥਾਨ ਉਤੇ ਗਿਆ। ਉਥੇ ਕਰੜੀ ਭਗਤੀ ਤੇ ਲੰਮੀ ਸਾਧਨਾ ਦੁਆਰਾ ਸੂਰਜ ਦੇਵਤੇ ਨੂੰ ਪ੍ਰਸੰਨ ਕਰ ਕੇ, ਸਾਂਬ ਨੇ ਕੋਹੜ ਤੋਂ ਮੁਕਤ ਹੋਣ ਦਾ ਵਰ ਪ੍ਰਾਪਤ ਕੀਤਾ। ਸਾਂਬ ਨੇ ਝਨਾਂ ਦੇ ਕੰਢੇ ਇਕ ਨਗਰ ਵਸਾਇਆ, ਜਿਸ ਵਿਚ ਉਸ ਨੇ ਸੂਰਜ ਦੇਵਤੇ ਦਾ ਮੰਦਰ ਬਣਵਾਇਆ। ਇਹ ਨਗਰ ਸਾਂਬਪੁਰ ਦੇ ਨਾਉਂ ਨਾਲ ਪ੍ਰਸਿਧ ਹੋਇਆ। ਮਗਰੋਂ ਜਦੋਂ ਮਲੂ ਜਾਤੀ ਇਥੇ ਆ ਵਸੀ, ਤਾਂ ਇਸ ਨਗਰ ਨੂੰ ਮੁਲਤਾਨ ਕਿਹਾ ਜਾਣ ਲੱਗਾ।

ਮਹਾਂਭਾਰਤ ਤੇ ਵਿਸ਼ਨੂੰ ਪੁਰਾਣ ਦੀ ਇਕ ਕਥਾ ਅਨੁਸਾਰ ਸਾਂਬ ਆਪਣੇ ਸਾਥੀਆਂ ਨਾਲ ਰਲ ਕੇ ਰਿਸ਼ੀਆਂ ਦੀ ਖਿੱਲੀ ਉਡਾਇਆ ਕਰਦਾ ਸੀ। ਇਕ ਵਾਰ ਸਾਂਬ ਦੇ ਸਾਥੀ, ਸਾਂਬ ਨੂੰ, ਇਸਤ੍ਰੀ ਦੇ ਸਵਾਂਗ ਵਿਚ, ਦੁਰਬਾਸ਼ਾ ਰਿਸ਼ੀ ਦੇ ਕੋਲ ਲੈ ਗਏ ਅਤੇ ਪੁੱਛਣ ਲੱਗੇ ਕਿ ਇਸ ਗਰਭਵਤੀ ਤੋਂ ਕੰਨਿਆਂ ਜੰਮੇਗੀ ਜਾਂ ਲੜਕਾ। ਰਿਸ਼ੀ ਨੇ ਦੈਵੀ ਸ਼ਕਤੀ ਦੁਆਰਾ ਜਾਣ ਲਿਆ ਕਿ ਉਹ ਕੋਈ ਇਸਤ੍ਰੀ ਨਹੀਂ, ਕ੍ਰਿਸ਼ਨ ਦਾ ਲੜਕਾ ਸਾਂਬ ਹੈ। ਸੋ, ਕਰੋਧ ਵਿਚ ਆ ਕੇ ਰਿਸ਼ੀ ਨੇ ਕਿਹਾ ਕਿ ਇਸ ਪ੍ਰਾਣੀ ਦੇ ਗਰਭ ਤੋਂ ਗਦਾ (ਮੂਸਲ) ਪੈਦਾ ਹੋਵੇਗਾ, ਜੋ ਯਾਦਵਾਂ ਦੀ ਸਾਰੀ ਕੁਲ ਦਾ ਨਾਸ਼ ਕਰ ਦੇਵੇਗਾ। ਉਗ੍ਰਸੈਨ ਨੂੰ ਜਦੋਂ ਇਸ ਸਰਾਪ ਦੀ ਖ਼ਬਰ ਮਿਲੀ, ਤਾਂ ਉਸ ਨੇ ਸਾਂਬ ਦੇ ਪੇਟ ਨਾਲ ਬੰਨ੍ਹੇ ਮੂਸਲ ਨੂੰ ਦਰਿਆ ਦੇ ਕੰਢੇ 'ਤੇ ਚੰਗੀ ਤਰ੍ਹਾਂ ਰਗੜਵਾਇਆ ਅਤੇ ਅਖੀਰ ਵਿਚ ਜੋ ਟੁਕੜਾ ਬਚਿਆ, ਉਸ ਨੂੰ ਦਰਿਆ ਵਿਚ ਸੁਟਵਾ ਦਿਤਾ। ਜਿਥੇ ਮੂਸਲ ਰਗੜਿਆ ਗਿਆ ਸੀ, ਉਥੇ ਜ਼ਹਿਰੀਲੀ ਦੱਭ ਤੇ ਸਰਕੜੇ ਪੈਦਾ ਹੋ ਗਏ। ਇਕ ਵਾਰ ਯਾਦਵ ਕੁਲ ਦੇ ਲੋਕ ਦਰਿਆ ਦੇ ਕੰਢੇ ਬੈਠੇ ਕਿਸੇ ਗੱਲੋਂ ਆਪੋ ਵਿਚ ਝਗੜ ਪਏ ਅਤੇ ਇਕ ਦੂਜੇ ਉਤੇ ਦੱਭ ਤੇ ਸਰਕੜੇ ਸੁੱਟਣ ਲੱਗੇ, ਜਿਸ ਨਾਲ ਬਹੁਤ ਸਾਰੇ ਯਾਦਵਾਂ ਦੀ ਮ੍ਰਿਤੂ ਹੋ ਗਈ। ਮੂਸਲ ਦਾ ਟੁਕੜਾ ਮੱਛੀ ਨਿਗਲ ਗਈ ਸੀ, ਜਿਸ ਨੂੰ ਜਰਸ ਨਾਉਂ ਦੇ ਸ਼ਿਕਾਰੀ ਨੇ ਫੜ ਲਿਆ। ਜਰਸ ਨੇ ਮੱਛੀ ਦੇ ਪੇਟ ਵਿਚੋਂ ਉਹ ਟੁਕੜਾ ਕੱਢ ਕੇ ਆਪਣੇ ਤੀਰ ਦੀ ਨੋਕ ਨਾਲ ਲਗਾ ਲਿਆ ਅਤੇ ਸ਼ਿਕਾਰ ਖੇਡਦਿਆਂ, ਜੰਗਲ ਵਿਚ ਬਿਸਰਾਮ ਕਰ ਰਹੇ ਕ੍ਰਿਸ਼ਨ ਦੇ ਪੈਰ ਵਿਚਲੇ ਪਦਮ ਦੇ ਚਿੰਨ੍ਹ ਨੂੰ, ਹਿਰਨ ਦੀ ਅੱਖ ਸਮਝ ਕੇ, ਜਰਸ ਨੇ ਤੀਰ ਚਲਾ ਦਿਤਾ, ਜਿਸ ਨਾਲ ਕ੍ਰਿਸ਼ਨ ਦੀ ਮੌਤ ਹੋ ਗਈ।

ਸਾਂਬ ਦੇ ਨਾਂ ਉਤੇ ਇਕ ਉਪ-ਪੁਰਾਣ ਵੀ ਮਿਲਦਾ ਹੈ, ਜਿਸ ਨੂੰ ਸਾਂਬ ਪੁਰਾਣ ਕਹਿੰਦੇ ਹਨ।

## (ਸ-429) **ਸਾਮ ਵੇਦ :**

ਹਿੰਦੂਆਂ ਦੇ ਚੌਹਾਂ ਵੇਦਾਂ ਵਿਚੋਂ ਤੀਜਾ ਵੇਦ; ਸਾਮ ਦੇ ਸ਼ਾਬਦਿਕ ਅਰਥ ਗਾਇਨ ਵਿੱਦਿਆ ਉਤੇ ਆਧਾਰਿਤ ਗਿਆਨ ਹੈ।

ਸਾਮ ਵੇਦ ਦੇ ਮੰਤਰ ਗਾਇਤਰੀ ਛੰਦ ਵਿਚ ਹਨ ਅਤੇ ਯੱਗ ਜਾਂ ਮੰਗਲ ਕਾਰਜਾਂ ਦੇ ਮੌਕੇ ਉਤੇ ਗਾਏ ਜਾਂਦੇ ਹਨ। ਇਸ ਵੇਦ ਦਾ ਪ੍ਰਧਾਨ ਵਿਸ਼ਾ ਉਪਾਸ਼ਨਾ ਹੈ। ਯੱਗ ਵੇਲੇ ਸਾਮ ਵੇਦ ਦੇ ਮੰਤ੍ਰ ਗਾਉਣ ਵਾਲਾ ਅਤੇ ਕਰਮ-ਕਾਂਡ ਦੀ ਵਿਧੀ ਦੱਸਣ ਵਾਲਾ ਬ੍ਰਾਹਮਣ 'ਉਦਗਾਤ੍ਰਿ' ਅਖਵਾਉਂਦਾ ਹੈ।

ਸਾਮ ਵੇਦ ਵਿਚ ਬਹੁਤ ਘਟ ਮੌਲਿਕ ਸਾਮਗਰੀ ਹੈ। ਇਸ ਵਿਚ ਕੁਲ ਮੰਤ੍ਰ 1549 ਹਨ, ਜਿਨ੍ਹਾਂ ਵਿਚੋਂ 78 ਮੰਤ੍ਰਾਂ ਤੋਂ ਇਲਾਵਾ, ਬਾਕੀ ਸਭ ਮੰਤ੍ਰ ਰਿਗ ਵੇਦ ਵਿਚ ਥੋੜੇ ਬਹੁਤ

ਅੰਤਰ ਨਾਲ ਪ੍ਰਾਪਤ ਹਨ। ਜਿਹੜੇ 78 ਮੰਤ੍ਰ ਰਿਗ ਵੇਦ ਵਿਚ ਨਹੀਂ ਮਿਲਦੇ, ਉਹ ਦੂਜੀ ਸੰਹਿਤਾ ਵਿਚ ਉਪਲਬਧ ਹਨ। ਪਰ ਸਾਮ ਵੇਦ ਵਿਚ ਮੰਤ੍ਰਾਂ ਦੀ ਚੋਣ ਅਤੇ ਤਰਤੀਬ ਸੋਮ ਦੇ ਯੱਗ ਜਾਂ ਆਹੂਤੀਆਂ ਵੇਲੇ ਉੱਚਾਰਨ ਦੇ ਮੰਤਵ ਨਾਲ ਕੀਤੀ ਗਈ ਹੈ। ਸਾਮ ਵੇਦ ਦੇ ਤਿੰਨ ਭਾਗ ਹਨ — ਪੂਰਬ ਅਰਚਿਕ, ਉਤਰ ਅਰਚਿਕ ਅਤੇ ਮਹਾਂ ਅਗਨੀ ਅਰਚਿਕ। ਪਹਿਲੇ ਭਾਗ ਦੇ ਅੱਗੋਂ ਚਾਰ ਕਾਂਡ ਹਨ, ਪਹਿਲੇ ਤਿੰਨਾਂ ਕਾਂਡਾਂ ਵਿਚ ਤਰਤੀਬਵਾਰ ਅਗਨੀ, ਇੰਦਰ ਤੇ ਸੋਮ ਦੇਵਤੇ ਦੀ ਉਸਤਤੀ ਵਿਚ ਸ਼ਲੋਕ ਹਨ, ਪਰੰਤੂ ਚੌਥੇ ਕਾਂਡ ਵਿਚ ਵਿਭਿੰਨ ਦੇਵਤਿਆਂ — ਇੰਦਰ, ਵਿਸ਼ਵਦੇਵ, ਅਗਨੀ, ਸੋਮ, ਵਾਯੂ, ਸੂਰਜ ਆਦਿ ਦੀ ਸਿਫ਼ਤ ਸਨ੍ਹਾ ਵਿਚ 55 ਸ਼ਲੋਕ ਹਨ। ਦੂਜਾ ਭਾਗ ਬੜਾ ਸੰਖੇਪ ਹੈ ਤੇ ਉਸ ਵਿਚ ਕੇਵਲ ਦਸ ਸ਼ਲੋਕ ਹਨ। ਤੀਜੇ ਭਾਗ ਵਿਚ 1225 ਸ਼ਲੋਕ ਹਨ, ਜੋ 31 ਅਧਿਆਇ ਤੇ ਇਕ ਪਰਪਾਠਕ ਵਿਚ ਵੰਡੇ ਹੋਏ ਹਨ। ਇਹ ਸ਼ਲੋਕ ਵੱਖੋ ਵੱਖਰੇ ਦੇਵਤਿਆਂ ਨੂੰ ਸੰਬੋਧਨ ਹਨ।

ਪੁਰਾਣਾਂ ਦੀ ਇਕ ਕਥਾ ਅਨੁਸਾਰ ਬ੍ਰਹਮਾ ਨੇ ਇਕ ਵਾਰ ਸਾਮ ਵੇਦ ਗਾਇਆ, ਤਾਂ ਉਸ ਦੇ ਦੈਵੀ ਪ੍ਰਭਾਵ ਨਾਲ ਹਾਥੀ ਦੀ ਉਤਪੱਤੀ ਹੋਈ। ਗਾਇਤ੍ਰੀ ਤੰਤ੍ਰ ਦੇ ਪੰਜਵੇਂ ਪਟਲ ਵਿਚ ਵੇਦਾਂ ਦੇ ਰੰਗ ਲਿਖੇ ਹੋਏ ਹਨ, ਜਿਸ ਵਿਚ ਸਾਮ ਦਾ ਰੰਗ ਹੀਰੇ ਵਰਗਾ ਦਸਿਆ ਗਿਆ ਹੈ।

ਸਾਮ ਵੇਦ ਵਿਚੋਂ ਭਾਰਤੀ ਸੰਗੀਤ ਬਾਰੇ ਕਾਫ਼ੀ ਵਾਕਫ਼ੀ ਮਿਲਦੀ ਹੈ।

## (ਸ-430) ਸ਼ਾਮ ਜੀ ਲਾਲ ਜੀ :

ਹਿੰਦੂ ਧਰਮ ਦੇ ਦੋ ਪ੍ਰਸਿਧ ਸੁਧਾਰਕ, ਜਿਨ੍ਹਾਂ ਨੇ ਸੋਲ੍ਹਵੀਂ ਸਦੀ ਵਿਚ ਮੁਜ਼ਫ਼ਰਗੜ੍ਹ ਅਤੇ ਸਿੰਧ ਦੇ ਇਲਾਕੇ ਦੇ ਹਿੰਦੂਆਂ ਵਿਚ ਪੁਨਰ-ਜਾਗ੍ਰਤੀ ਲਿਆਉਣ ਲਈ ਕਾਫ਼ੀ ਸਾਰਾ ਕੰਮ ਕੀਤਾ। ਉਨ੍ਹੀਂ ਦਿਨੀਂ ਉਸ ਇਲਾਕੇ ਦੇ ਹਿੰਦੂ ਆਪਣੇ ਪਿਤਰੀ ਧਰਮ ਨੂੰ ਭੁਲ ਬੈਠੇ ਸਨ ਅਤੇ ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਮੜ੍ਹੀਆਂ ਅਤੇ ਖ਼ਾਨਗਾਹਾਂ ਨੂੰ ਪੂਜਣ ਲੱਗ ਪਏ ਸਨ। ਹਿੰਦੂ ਆਪਣੀ ਰਹਿਤ ਮਰਯਾਦਾ ਦੀ ਥਾਂ ਮੁਸਲਮਾਨੀ ਆਚਾਰ ਵਿਹਾਰ ਤੇ ਰਹਿਤਲ ਗ੍ਰਹਿਣ ਕਰਦੇ ਜਾ ਰਹੇ ਸਨ।

ਸ਼ਾਮ ਜੀ ਤੇ ਲਾਲ ਜੀ ਦੋਵੇਂ ਹੀ ਅਧਿਆਤਮਕ ਰੁਚੀਆਂ ਵਾਲੇ, ਉਚੇ ਸੁੱਚੇ ਭਗਤ ਸਨ ਅਤੇ ਉਹ ਦੋਵੇਂ ਹੀ ਬਿੰਦਰਾਬਨ ਤੋਂ ਮੁਜ਼ਫ਼ਰਗੜ੍ਹ ਵਿਚ ਆਏ ਸਨ। ਸ਼ਾਮ ਜੀ ਸੰਮਤ 1600 ਵਿਚ ਬਿੰਦਰਾਬਨ ਤੋਂ ਮੁਜ਼ਫ਼ਰਗੜ੍ਹ ਪੁਜੇ। ਉਨ੍ਹਾਂ ਦੇ ਗੁਰੂ ਨੇ ਉਨ੍ਹਾਂ ਨੂੰ ਦੋ ਮੂਰਤੀਆਂ ਦੇ ਕੇ ਕਿਹਾ ਕਿ ਪੱਛਮ ਦਿਸ਼ਾ ਵਲ ਜਾ ਕੇ ਉਥੋਂ ਦੇ ਕੁਰਾਹੇ ਪਏ ਹਿੰਦੂਆਂ ਨੂੰ ਆਪਣੇ ਧਰਮ ਦੀਆਂ ਰੀਤਾਂ ਤੇ ਰਹਿਤਾਂ ਬਹਿਤਾਂ ਦਸ ਕੇ ਸਿਧੇ ਰਾਹ ਉਤੇ ਪਾਓ। ਜਦੋਂ ਸ਼ਾਮ ਜੀ ਸਿੰਧ ਪਹੁੰਚੇ ਤਾਂ ਉਨ੍ਹਾ ਦੇ ਢਾਈ ਸੇਵਕ ਬਣੇ—ਦੋ ਖੱਤਰੀ ਤੇ ਅੱਧਾ ਚਾਂਦੀਆ ਬਲੋਚ। ਫਿਰ ਉਨ੍ਹਾਂ ਨੇ ਡੇਰਾ ਗ਼ਾਜ਼ੀ ਖ਼ਾਨ ਵਿਚ ਇਕ ਮੰਦਰ ਦੀ ਸਥਾਪਨਾ ਕੀਤੀ। ਹੌਲੇ ਹੌਲੇ ਸ਼ਾਮ ਜੀ ਦੇ ਪੈਰੋਕਾਰਾਂ ਦੀ ਸੰਖਿਆ ਵਧਦੀ ਗਈ ਤੇ ਉਨ੍ਹਾਂ ਨੇ ਡੇਰਾ ਅਸਮਾਈਲ ਖ਼ਾਂ, ਕੋਟ ਸੁਲਤਾਨ ਤੇ ਮੁਲਤਾਨ ਵਿਚ ਸ਼ਾਮ ਜੀ ਦੇ ਕਈ ਮੰਦਰ ਬਣਵਾਏ।

ਲਾਲ ਜੀ ਕ੍ਰਿਸ਼ਨ ਦੇ ਅਨਿਨ ਭਗਤ ਸਨ; ਉਨ੍ਹਾਂ ਨੂੰ ਮਨ ਦੇ ਅੰਦਰੋਂ ਪ੍ਰੇਰਨਾ ਹੋਈ ਤੇ ਉਹ ਵੈਸ਼ਣੋ ਮੱਤ ਦੇ ਪ੍ਰਚਾਰ ਲਈ ਘਰੋਂ ਨਿਕਲ ਤੁਰੇ। ਸਾਖੀ ਹੈ ਕਿ ਜਦੋਂ ਲਾਲ ਜੀ ਬਿੰਦਰਾਬਨ ਤੋਂ ਚੱਲਣ ਲੱਗੇ ਤਾਂ ਉਨ੍ਹਾਂ ਦਾ ਵਿਚਾਰ ਬਦਲ ਗਿਆ ਅਤੇ ਉਹ ਵਾਪਸ ਘਰ ਪਰਤ ਆਏ। ਕ੍ਰਿਸ਼ਨ ਜੀ ਨੇ ਪ੍ਰਗਟ ਹੋ ਕੇ ਉਨ੍ਹਾਂ ਨੂੰ ਆਪਣੀ ਇਕ ਮੂਰਤੀ ਦਿਤੀ ਤੇ ਸਿੰਧ ਵਲ ਜਾ ਕੇ ਪ੍ਰਚਾਰ ਕਰਨ ਦਾ ਆਦੇਸ਼ ਦਿਤਾਂ। ਲਾਲ ਜੀ ਜਦੋਂ ਘਰੋਂ ਟੁਰੇ, ਤਾਂ ਉਨ੍ਹਾਂ ਨੂੰ ਆਪਣੇ ਪਿਛੇ ਪਿਛੇ ਮੂਰਤੀ ਦੇ ਪੈਰਾਂ ਵਿਚ ਪਈਆਂ ਝਾਂਝਰਾਂ ਦੀ ਛਣਕਾਰ ਸੁਣਾਈ ਦੇਂਦੀ ਰਹੀ। ਜਦੋਂ ਲਾਲ ਜੀ ਡੇਰਾ ਗ਼ਾਜ਼ੀਖ਼ਾਨ ਦੇ ਪੱਛਮੀ ਇਲਾਕੇ ਵਿਚ ਪਹੁੰਚੇ, ਤਾਂ ਉਥੇ ਉਹ ਵਿਸਰਾਮ ਲਈ ਕੋਈ ਟਿਕਾਣਾ ਵੇਖਣ ਵਾਸਤੇ ਰੁਕ ਗਏ, ਤਾਂ ਮੂਰਤੀ ਨੇ ਕਿਹਾ, ''ਤੂੰ ਰੁਕ ਗਿਆ ਏਂ; ਸੋ, ਮੈਂ ਵੀ ਹੁਣ ਅੱਗੇ ਨਹੀਂ ਤੁਰਨਾ।'' ਲਾਲ ਜੀ ਨੇ ਉਥੇ ਹੀ ਕ੍ਰਿਸ਼ਨ ਜੀ ਦੇ ਨਾਂ ਦਾ ਇਕ ਮੰਦਰ ਉਸਾਰਿਆ, ਜਿਸ ਦਾ ਨਾਉਂ ਸ੍ਰੀ ਗੋਪੀਨਾਥ ਰਖਿਆ। ਲਾਲ ਜੀ ਨੇ ਕਈ ਹੋਰ ਮੰਦਰ ਵੀ ਬਣਵਾਏ, ਜੋ ਡੇਰਾ ਇਸਮਾਈਲ ਖ਼ਾਨ

ਤੇ ਬਹਾਵਲਪੁਰ ਵਿਚ ਹਨ, ਜਿਨ੍ਹਾਂ ਦੇ ਨਾਉਂ ਤਰਤੀਬਵਾਰ ਨਾਗਰ ਜੀ ਤੇ ਗਿਰਧਾਰੀ ਜੀ ਹਨ।

ਆਧਾਰ ਗ੍ਰੰਥ : ਮੁਜ਼ੱਫਰਗੜ੍ਹ ਗਜ਼ਟੀਅਰ।

(ਸ-431) **ਸਾਮੁਦ੍ਰਕ** :

ਸਰੀਰ ਦੇ ਅੰਗਾਂ ਉਤੇ ਜਨਮ ਤੋਂ ਹੀ ਬਣੇ ਚਿੰਨ੍ਹਾਂ, ਰੇਖਾਵਾਂ ਅਤੇ ਚੱਕਰਾਂ ਆਦਿ ਤੋਂ ਸ਼ੁਭ ਅਸ਼ੁਭ ਫਲ ਦਸਣ ਦੀ ਵਿੱਦਿਆ; ਇਸ ਕਲਾ ਦਾ ਮੁੱਢ ਸਾਮੁਦ੍ਰਿਕ ਰਿਸ਼ੀ ਨੇ ਬੰਨ੍ਹਿਆ, ਜਿਸ ਤੋਂ ਇਸ ਵਿੱਦਿਆ ਦਾ ਨਾਂ ਵੀ ਸਾਮੁਦ੍ਰਕ ਪ੍ਰਚਲਤ ਹੋ ਗਿਆ।

ਮੱਧਕਾਲ ਵਿਚ ਸਾਮੁਦ੍ਰਕ ਵਿੱਦਿਆ ਦਾ ਲੋਕ-ਮਨਾਂ ਉਤੇ ਬੜਾ ਡੂੰਘਾ ਪ੍ਰਭਾਵ ਸੀ। ਇਸ ਕਲਾ ਬਾਰੇ ਅਨੇਕਾਂ ਗ੍ਰੰਥ ਵੀ ਰਚੇ ਮਿਲਦੇ ਹਨ। ਪੰਜਾਬੀ ਵਿਚ ਵੀ ਕੁਝ ਹੱਥ-ਲਿਖਤ ਗ੍ਰੰਥ ਉਪਲਬਧ ਹਨ, ਜਿਨ੍ਹਾਂ ਵਿਚੋਂ ਪੰਡਤ ਪਦਮ ਰੰਗ ਦੀ 'ਸਾਮੁਦ੍ਰਿਕ ਭਾਖਾ'; ਸਵਾਮੀ ਆਨੰਦ ਘਨ ਦਾ 'ਸਾਮੁਦ੍ਰਿਕ ਗ੍ਰੰਥ' ਤੇ ਸੁਖਦੇਵ ਦੀ 'ਸਾਮੁਦ੍ਰਿਕ ਭਾਖਾ' ਵਧੇਰੇ ਪ੍ਰਸਿੱਧ ਹਨ।

ਇਸ ਵਿੱਦਿਆ ਦਾ ਆਧਾਰ ਸਰੀਰ ਦੇ ਚਿੰਨ੍ਹ-ਚੱਕਰ ਤੇ ਰੇਖਾਵਾਂ ਆਦਿ ਹਨ। ਚਿੰਨ੍ਹ ਗਿਣਤੀ ਵਿਚ 32 ਮੰਨੇ ਜਾਂਦੇ ਹਨ ਅਤੇ ਜਿਸ ਦੇ ਸਰੀਰ ਉਤੇ ਇਹ ਸਾਰੇ ਲੱਛਣ ਹੋਣ, ਉਹ ਮਹਾਂਪੁਰਸ਼ ਹੁੰਦਾ ਹੈ। ਪੰਜਾਬੀ ਵਿਚ ਗੁਣਵਾਨ, ਸੁਸ਼ੀਲ ਤੇ ਪ੍ਰਭੁੱਤਾ ਵਾਲੇ ਸ਼ਖ਼ਸ ਨੂੰ 'ਬੱਤੀ ਸੁਲੱਖਣਾ' ਆਖਦੇ ਹਨ। 32 ਲੱਛਣਾਂ ਦੀ ਪਰੰਪਰਾ ਬੋਧ-ਧਰਮ ਤੋਂ ਵੀ ਪੁਰਾਣੀ ਜਾਪਦੀ ਹੈ। ਮਹਾਤਮਾ ਬੁਧ ਦੇ ਸਰੀਰ ਉਤੇ 32 ਮਹਾਂਪੁਰਸ਼ੀ ਲੱਛਣ ਅਤੇ 80 ਛੋਟੇ ਚਿੰਨ੍ਹ ਦਸੇ ਜਾਂਦੇ ਹਨ।

ਜੇ ਛਾਤੀ ਉਤੇ ਚਿੱਟੇ ਕੇਸਾਂ ਦੀ ਭੌਰੀ ਹੋਵੇ, ਤਾਂ ਇਹ ਬੜਾ ਪਾਵਨ ਤੇ ਦੈਵੀ ਚਿੰਨ੍ਹ ਮੰਨਿਆ ਗਿਆ ਹੈ। ਪੁਰਾਣਾਂ ਅਨੁਸਾਰ ਵਿਸ਼ਨੂੰ ਦੇਵਤੇ ਦੀ ਛਾਤੀ ਉਤੇ ਅਜਿਹੀ ਭੌਰੀ ਵਿਦਮਾਨ ਸੀ। ਇਹੋ ਪਵਿੱਤ੍ਰ ਭੌਰੀ ਕ੍ਰਿਸ਼ਨ ਦੀ ਛਾਤੀ ਉਤੇ ਵੀ ਸੀ। ਸਾਮੁਦ੍ਰਿਕ ਅਨੁਸਾਰ ਜੇ ਕਿਸੇ ਵਿਅਕਤੀ ਦੇ ਪੈਰ ਦੀ ਤਲੀ ਜਾਂ ਹਥੇਲੀ ਉਤੇ ਪਦਮ ਰੇਖਾ ਹੋਵੇ, ਤਾਂ ਉਹ ਵਿਅਕਤੀ ਬੜਾ ਭਾਗਵਾਨ ਤੇ ਪ੍ਰਭੁੱਤਾ ਵਾਲਾ ਹੁੰਦਾ ਹੈ। ਮਹਾਂਭਾਰਤ ਅਨੁਸਾਰ ਕ੍ਰਿਸ਼ਨ ਦੇ ਪੈਰਾਂ ਵਿਚ ਪਦਮ ਦਾ ਚਿੰਨ੍ਹ ਸੀ। ਜੰਗਲ ਵਿਚ ਬਿਸਰਾਮ ਕਰ ਰਹੇ ਕ੍ਰਿਸ਼ਨ ਦੇ ਪੈਰ-ਚਿੰਨ੍ਹ ਪਦਮ ਨੂੰ ਹੀ, ਹਿਰਨ ਦੀ ਅੱਖ ਸਮਝ ਕੇ ਜਰਸ ਨੇ ਬਾਣ ਚਲਾਇਆ ਸੀ, ਜਿਸ ਨਾਲ ਕ੍ਰਿਸ਼ਨ ਦੀ ਮ੍ਰਿਤੂ ਹੋ ਗਈ ਸੀ। ਜੇ ਹਥੇਲੀ ਉਤੇ ਪਦਮ ਹੋਵੇ, ਤਾਂ ਲਛਮੀ ਹੱਥਾਂ ਉਪਰ ਖੇਡਦੀ ਹੈ, ਕਿਉਂ ਜੋ ਲਛਮੀ ਦਾ ਨਿਵਾਸ ਕੰਵਲ ਵਿਚ ਮੰਨਿਆ ਗਿਆ ਹੈ।

ਕੁਝ ਫਲ ਸਰੀਰ ਦੇ ਅੰਗਾਂ ਦੀ ਬਣਤਰ ਉਤੇ ਆਧਾਰਤ ਹਨ। ਜੇ ਕਿਸੇ ਕੰਨਿਆਂ ਦੇ ਪੈਰਾਂ ਦੀ ਚੀਚੀ ਉਂਗਲੀ ਜ਼ਮੀਨ ਨਾਲ ਛੁਹੰਦੀ ਹੋਵੇ, ਤਾਂ ਉਹ ਕੰਨਿਆਂ ਬਹੁਤਾ ਚਿਰ ਸੁਹਾਗ ਦਾ ਆਨੰਦ ਨਹੀਂ ਭੋਗਦੀ। ਇਸੇ ਤਰ੍ਹਾਂ ਜੇ ਕਿਸੇ ਕੰਨਿਆਂ ਦੇ ਪੈਰ ਦੇ ਅੰਗੂਠੇ ਦੇ ਨਾਲ ਵਾਲੀ ਉਂਗਲੀ, ਅੰਗੂਠੇ ਨਾਲੋਂ ਅੱਗੇ ਵਧੀ ਹੋਵੇ, ਤਾਂ ਉਹ ਪਤੀਬ੍ਰਤ ਧਰਮ ਵਿਚ ਪਰਪੱਕ ਨਹੀਂ ਹੁੰਦੀ। ਪਤਲੀਆਂ ਲੰਮੀਆਂ ਲੱਤਾਂ ਵਾਲੀ ਇਸਤ੍ਰੀ ਸੁਹਾਗ ਦਾ ਪੂਰਾ ਸੁਖ ਨਹੀਂ ਭੋਗਦੀ ਅਥਵਾ ਛੇਤੀ ਵਿਧਵਾ ਹੋ ਜਾਂਦੀ ਹੈ। ਜੇ ਕਿਸੇ ਇਸਤ੍ਰੀ ਦੇ ਪੈਰ ਧਰਤੀ ਨਾਲ ਲੱਗਣ, ਤਾਂ ਇਹ ਸ਼ੁਭ ਲੱਛਣ ਹੈ; ਧਨ ਦੌਲਤ ਤੇ ਸੰਤਾਨ ਦਾ ਸੁਖ ਮਿਲਦਾ ਹੈ :

ਜਿਹ ਪਗ ਧਰਤੀ ਸੇ ਲਗੇ,
ਆਠ ਪੁਤ੍ਰ ਤਿਹ ਜਾਨ।
ਭਰਤਾ ਕੀ ਸੇਵਾ ਕਰੈ,
ਫੁਨਿ ਤਾ ਕੇ ਧਾਨ। (ਸਾਮੁਦ੍ਰਿਕ ਗ੍ਰੰਥ)

ਲੰਮੀਆਂ ਬਾਹਵਾਂ ਮਹਾਂਪੁਰਖੀ ਦਾ ਚਿੰਨ੍ਹ ਹਨ; ਚੌੜਾ ਮੱਥਾ ਪ੍ਰਭੁੱਤਾ ਦਾ। ਦੋਹਾਂ ਭਰਵੱਟਿਆਂ ਵਿਚ ਜਿਤਨੀ ਵਧੇਰੇ ਥਾਂ ਹੋਵੇ, ਉਤਨਾ ਹੀ ਜਿਆਦਾ ਉਹ ਪੁਰਸ਼ ਮਕਬੂਲ ਹੁੰਦਾ ਹੈ। ਹੱਥ ਕਟੋਰੀ (ਕੰਵਲ) ਵਰਗੇ ਹੋਣ, ਤਾਂ ਲਛਮੀ ਅੱਗੇ ਪਿਛੇ ਖੇਡਦੀ ਹੈ। ਪੈਰਾਂ ਦੀਆਂ ਤਲੀਆਂ ਉਤੇ ਅੰਕਸ਼ ਜਾਂ ਜਵਾਰ ਦੀ ਬਲੀ ਵਰਗਾ ਚਿੰਨ੍ਹ ਵੀ ਪ੍ਰਭੁੱਤਾ ਦਾ ਬੋਧਿਕ ਹੈ। ਇਸੇ ਤਰ੍ਹਾਂ ਇਸਤ੍ਰੀ ਦੀ ਡੂੰਘੀ ਧੁੰਨੀ ਤੇ ਪੇਟ ਉਤੇ ਤਿੰਨ ਵਟ ਗੌਰਵਤਾ ਦੇ ਚਿੰਨ੍ਹ ਹਨ।

ਤਿਲ ਦੇ ਚਿੰਨ੍ਹਾਂ ਨਾਲ ਵੀ ਸ਼ੁਭ ਅਸ਼ੁਭ ਫਲ ਜੁੜੇ ਹੋਏ ਹਨ। ਪੇਟ ਉਤੇ ਤਿਲ ਸੁਖ-ਭੋਗਾਂ ਦਾ ਬੋਧਿਕ ਹੈ; ਗੱਲ੍ਹਾਂ ਤੇ ਤਿਲ ਸੁਖਲੇ ਦੰਪਤੀ ਜੀਵਨ ਦਾ; ਬਾਹਵਾਂ ਉਤੇ ਤਿਲ ਧਨ ਦਾ (ਵੇਖੋ : ਤਿਲ)।

ਜੇ ਕਿਸੇ ਬੱਚੇ ਦੇ ਸਿਰ ਉਤੇ ਪਗਵਲ ਹੋਵੇ, ਤਾਂ ਅਗਲਾ ਬੱਚਾ ਲੜਕਾ ਪੈਦਾ ਹੁੰਦਾ ਹੈ, ਜੇ ਚੂੰੜੀ ਹੋਵੇ ਤਾਂ ਕੰਨਿਆਂ। ਪਗਵਲ ਵਿਚ ਸਿਰ ਉਤੇ ਪਗ ਵਾਂਗ ਵਾਲਾਂ ਦੇ ਚੱਕਰ ਹੁੰਦੇ ਹਨ ਤੇ ਚੂੰਡੀ ਵਿਚ ਨਿਕੇ ਨਿਕੇ ਦੋ ਗੁਛੇ (ਵੇਖੋ : ਪਗਵਲ)।

ਅੰਗੂਠੇ ਦੀਆਂ ਰੇਖਾਵਾਂ ਨਾਲ ਵੀ ਸ਼ੁਭ ਅਸ਼ੁਭ ਫਲ ਜੁੜੇ ਹੋਏ ਹਨ। ਜੇ ਅੰਗੂਠੇ ਦੀਆਂ ਰੇਖਾਵਾਂ ਪੰਜ ਹਜ਼ਾਰ ਤੋਂ ਘਟ ਹੋਣ, ਤਾਂ ਮਾਲੀ ਹਾਲਤ ਨੀਵੇਂ ਪੱਧਰ ਦੀ ਹੁੰਦੀ ਹੈ। ਜੇ ਇਹ ਸੰਖਿਆ ਪੰਜ ਹਜ਼ਾਰ ਤੋਂ ਸਤਾਰਾਂ ਹਜ਼ਾਰ ਦੇ ਵਿਚ ਵਿਚਾਲੇ ਹੋਵੇ ਤਾਂ ਆਰਥਿਕ ਸਥਿਤੀ ਦਰਮਿਆਨੀ ਅਤੇ ਜੀਵਨ ਵਿਚ ਉਤਾਰ ਚੜ੍ਹਾ ਆਉਂਦੇ ਰਹਿੰਦੇ ਹਨ; ਜੇ ਇਨ੍ਹਾਂ ਰੇਖਾਵਾਂ ਦੀ ਗਿਣਤੀ ਸਤਾਰਾਂ ਹਜ਼ਾਰ ਤੋਂ ਇਕ ਲੱਖ ਦੇ ਵਿਚ ਵਿਚਾਲੇ ਹੋਵੇ ਤਾਂ ਧਨ ਕਾਫ਼ੀ ਹੁੰਦਾ ਹੈ। ਇਸੇ ਤਰ੍ਹਾਂ ਜੇ ਕਿਸੇ ਦੇ ਪੈਰਾਂ ਦੀਆਂ ਤਲੀਆਂ ਵਿਚ ਰੇਖਾ-ਚਿਤਰ ਕਾਫ਼ੀ ਮਾਤਰਾ ਵਿਚ ਹੋਣ ਤਾਂ ਉਹ ਸ਼ਖ਼ਸ ਯਾਤ੍ਰਾ ਜ਼ਿਆਦਾ ਕਰਦਾ ਹੈ।

ਸਿਰ ਦੇ ਲੱਛਣਾਂ ਤੋਂ ਵੀ ਜੀਵਨ ਦੀ ਗਤੀ ਦਾ ਬੋਧ ਹੁੰਦਾ ਹੈ। 'ਛਤਰ ਕੁੰਭ' ਸੀਸ ਵਾਲਾ ਚਕਰਵਰਤੀ ਰਾਜਾ ਬਣਦਾ ਹੈ :

ਛਤ੍ਰ ਕੁੰਭ ਸਮ ਸੀਸ ਜਿਹ,
ਸੋ ਧਰਨੀ ਕੇ ਕੰਤ।
ਗਿਰਦ ਕਟੋਰੇ ਸਾਰਖਾ
ਚਿਕਨ ਸਯਾਮਘਨ ਕੇਸ।
ਸੁਖ ਭੋਗੀ ਚਿਰ ਆਯੁਧਨ,
ਕਬਹੁ ਨ ਲਹੈ ਕਲੇਸ।
(ਸਾਮੁਦ੍ਰਿਕ ਭਾਖਾ, ਕ੍ਰਿਤ ਪੰਡਤ ਪਦਮ ਰੰਗ)

ਸਾਮੁਦ੍ਰਿਕ ਉਤੇ ਆਧਾਰਤ ਪੰਜਾਬੀ ਦਾ ਇਕ ਪ੍ਰਸਿਧ ਅਖਾਣ ਹੈ : "ਸਿਰ ਵਡੇ ਸਰਦਾਰਾਂ ਦੇ, ਪੇਟ ਵਡੇ ਘੁੰਮਿਆਰਾਂ ਦੇ, ਪੈਰ ਵਡੇ ਚੰਮਿਆਰਾਂ ਦੇ।"

(ਸ-432) **ਸ਼ਾਮੋ ਨਾਰ** :

ਸ਼ਾਮੋ ਨਾਰ ਦਾ ਕਿੱਸਾ ਬਹੁਤਾ ਪੁਰਾਣਾ ਨਹੀਂ। ਇਸ ਕਿੱਸੇ ਵਿਚ ਜੋ ਕਰੁਣਾਮਈ ਘਟਨਾ ਪੇਸ਼ ਕੀਤੀ ਗਈ ਹੈ, ਉਹ ਲੇਖਕ ਨੇ, ਜਲੰਧਰ ਵਿਚ ਚੌਥੀ ਜਮਾਤ ਵਿਚ ਪੜ੍ਹਦਿਆਂ, ਗਲੀ ਮੁਹੱਲੇ ਦੇ ਲੋਕਾਂ ਤੋਂ ਸੁਣੀ ਸੀ ਅਤੇ ਉਹ ਘਟਨਾ ਉਦੋਂ ਨਵੀਂ ਨਵੀਂ ਵਾਪਰੀ ਹੋਣ ਕਰ ਕੇ ਘਰ ਘਰ ਦਾ ਚਰਚਾ ਬਣੀ ਹੋਈ ਸੀ। ਲੋਕ-ਮਨ ਵਿਚੋਂ ਲੰਘ ਕੇ, ਮੂਲ ਘਟਨਾ ਨੇ, ਜੋ ਕਥਾ ਰੂਪ ਗ੍ਰਹਿਣ ਕੀਤਾ, ਉਸ ਵਿਚ ਕਈ ਪਰੰਪਰਾਗਤ ਕਥਾਨਿਕ ਰੂੜ੍ਹੀਆਂ ਸਮਿਲਤ ਹੋ ਗਈਆਂ। ਕਵੀਸ਼ਰਾਂ ਨੇ ਉਸ ਕਥਾ ਵਿਚ ਹੋਣੀ, ਕਲੂ ਅਤੇ ਨਾਰਦ ਵਰਗੇ ਰਵਾਇਤੀ ਪਾਤਰ ਲੈ ਆਉਂਦੇ ਅਤੇ ਉਹ ਯਥਾਰਥਕ ਘਟਨਾ, ਸਮੇਂ ਦੇ ਬੀਤਣ ਨਾਲ, ਲੋਕਧਾਰਾ ਦਾ ਅੰਗ ਬਣ ਗਈ। ਕੋਈ ਘਟਨਾ ਜਦੋਂ ਲੋਕ-ਮਨ ਨੂੰ ਟੁੰਬਦੀ ਹੈ ਤਾਂ ਕਵੀਸ਼ਰ ਉਸ ਨੂੰ ਕਾਵਿ ਦਾ ਜਾਮਾ ਪਹਿਨਾ ਕੇ ਕਿਵੇਂ ਇਕ ਵਿਲੱਖਣ ਤੇ ਲੋਕਧਾਰਾਈ ਰੂਪ ਦੇ ਦੇਂਦੇ ਰਹੇ ਹਨ, ਇਸ ਦਾ ਯਥਾਰਥਕ ਪਰਮਾਣ ਸ਼ਾਮੋ ਨਾਰ ਹੈ।

ਸ਼ਾਮੋ ਨਾਰ ਸਰਲੀ ਪਿੰਡ ਦੇ ਰਹਿਣ ਵਾਲੀ ਸੀ। ਉਸ ਦਾ ਵਿਆਹ ਜਵਾਹਰ ਸਿੰਘ ਨਾਲ ਹੋਇਆ, ਜੋ ਫ਼ੌਜ ਵਿਚ ਹੌਲਦਾਰ ਸੀ। ਜਵਾਹਰ ਸਿੰਘ ਜਦੋਂ ਛੁੱਟੀ ਤੇ ਆਇਆ, ਤਾਂ ਉਸ ਨੇ ਸ਼ਾਮੋ ਨੂੰ ਅੰਮ੍ਰਿਤਸਰ ਦੀ ਸੈਰ ਕਰਵਾਈ। ਦੋਹਾਂ ਨੇ ਇਕ ਢਾਬੇ ਉਤੇ ਖਾਣਾ ਖਾਧਾ। ਰਾਤ ਵੇਲੇ ਗੱਡੀ ਚੜ੍ਹਨ ਵੇਲੇ ਉਸ ਨੇ ਪਹਿਲਾਂ ਸ਼ਾਮੋ ਨੂੰ ਇਕ ਜ਼ਨਾਨੇ ਡਬੇ ਵਿਚ ਬਿਠਾਇਆ ਤੇ ਫਿਰ ਉਹ ਖ਼ੁਦ ਮਰਦਾਨੇ ਡਬੇ ਵਿਚ ਜਾ ਸਵਾਰ ਹੋਇਆ। ਅਜੇ ਗੱਡੀ ਸਟੇਸ਼ਨ ਤੇ ਖੜੀ ਹੀ ਸੀ ਕਿ ਸ਼ਾਮੋ ਦੀ ਉਂਗਲੀ ਵਿਚੋਂ ਮੁੰਦਰੀ ਹੇਠਾਂ ਪਲੇਟਫ਼ਾਰਮ ਉਤੇ ਡਿਗ ਪਈ। ਜਦੋਂ ਸ਼ਾਮੋ ਮੁੰਦਰੀ ਚੁਕਣ ਵਾਸਤੇ ਹੇਠਾਂ ਉਤਰੀ ਤਾਂ ਗੱਡੀ ਚਲ ਪਈ।

ਸ਼ਾਮੋ ਨੇ ਸਟੇਸ਼ਨ ਦੇ ਬਾਬੂ ਨੂੰ ਆਪਣੀ ਸਥਿਤੀ ਦਸੀ। ਸ਼ਾਮੋ ਨੇ ਕਾਫ਼ੀ ਸਾਰੇ ਜ਼ੇਵਰ ਪਹਿਨੇ ਹੋਏ ਸਨ। ਇਸ ਵਾਸਤੇ ਬਾਬੂ ਨੇ ਉਸ ਨੂੰ ਸਮਝਾਇਆ ਕਿ ਅਗਲੀ ਗੱਡੀ ਇਥੋਂ ਸਵੇਰੇ ਚਲਣੀ ਹੈ, ਉਸ ਦਾ ਸਾਰੀ ਰਾਤ ਸਟੇਸ਼ਨ 'ਤੇ ਇਕੱਲਿਆਂ ਰਹਿਣਾ ਠੀਕ ਨਹੀਂ। ਇਸ ਲਈ ਉਹ ਰਾਤ ਸਰਾਂ ਵਿਚ ਕਟ ਲਏ। ਸ਼ਾਮੋ ਦੇ ਕਹਿਣ ਉਤੇ ਬਾਬੂ ਨੇ ਅਗਲੇ ਸਟੇਸ਼ਨ ਉਤੇ

ਉਸ ਦੇ ਪਤੀ ਦੇ ਨਾਂ ਤਾਰ ਵੀ ਦੇ ਦਿਤੀ।

ਪਰ ਸ਼ਾਮੋ ਸਰਾਂ ਵਿਚ ਜਾਣ ਦੀ ਥਾਂ ਉਸੇ ਢਾਬੇ ਉਤੇ ਆ ਗਈ, ਜਿਥੇ ਉਸ ਨੇ ਦੁਪਹਿਰੀਂ ਆਪਣੇ ਖ਼ਾਵੰਦ ਨਾਲ ਰੋਟੀ ਖਾਧੀ ਸੀ। ਸ਼ਾਮੋ ਨੇ ਝੀਵਰੀ ਨੂੰ ਆਪਣੀ ਸਥਿਤੀ ਦਸਦਿਆਂ ਕਿਹਾ ਕਿ ਉਹ ਉਸ ਨੂੰ ਰਾਤ ਰਹਿਣ ਲਈ ਪਨਾਹ ਦੇਵੇ। ਗਹਿਣੇ ਵੇਖ ਕੇ ਗਰਜੇ ਝੀਵਰ ਦੀ ਨੀਤ ਬਦਨੀਤ ਹੋ ਗਈ ਤੇ ਉਸ ਨੇ ਸ਼ਾਮੋ ਨੂੰ ਰਾਤ ਆਪਣੇ ਘਰ ਰਖ ਲਿਆ। ਅੱਧੀ ਰਾਤ ਵੇਲੇ ਗਰਜੇ ਨੇ ਸ਼ਾਮੋ ਨੂੰ ਮਾਰ ਕੇ ਤੇ ਉਸ ਦੀ ਬੋਟੀ ਬੋਟੀ ਕਰ ਕੇ ਉਸ ਦਾ ਮਾਸ ਰਿੰਨ੍ਹ ਪਕਾ ਦਿਤਾ।

ਸ਼ਾਮੋ ਦਾ ਰੂਹ ਉਡਦਾ ਹੋਇਆ ਹੌਲਦਾਰ ਕੋਲ ਪੁਜਾ ਅਤੇ ਉਹ ਘਬਰਾਇਆ ਹੋਇਆ ਅੰਮ੍ਰਿਤਸਰ ਵਾਪਸ ਆ ਗਿਆ ਅਤੇ ਸ਼ਾਮੋ ਦੀ ਢੂੰਡ ਭਾਲ ਕਰਨ ਲੱਗਾ। ਢੂੰਡਦਾ ਢੂੰਡਦਾ ਹੌਲਦਾਰ ਗਰਜੇ ਝੀਵਰ ਦੇ ਢਾਬੇ ਉਤੇ ਜਾ ਪੁਜਾ। ਭੁਖ ਨਾਲ ਨਿਢਾਲ ਹੋਣ ਕਰ ਕੇ ਉਸ ਨੇ ਰੋਟੀ ਦਾ ਥਾਲ ਮੰਗਵਾਇਆ। ਮਾਸ ਖਾਂਦਿਆਂ ਇਕ ਬੋਟੀ ਉਸ ਦੇ ਦੰਦਾਂ ਹੇਠਾਂ ਰੜਕਣ ਲੱਗੀ। ਹੌਲਦਾਰ ਨੇ ਉਸ ਬੋਟੀ ਨੂੰ ਬਾਹਰ ਕੱਢ ਕੇ ਵੇਖਿਆ, ਤਾਂ ਉਸ ਵਿਚ ਇਕ ਸੋਨੇ ਦੀ ਮੁੰਦਰੀ ਸੀ। ਇਹੋ ਮੁੰਦਰੀ ਸ਼ਾਮੋ ਨੇ ਪਹਿਨ ਰਖੀ ਸੀ। ਹੌਲਦਾਰ ਸਾਰੀ ਗੱਲ ਸਮਝ ਗਿਆ ਤੇ ਉਸ ਨੇ ਥਾਣੇ ਰਿਪੋਰਟ ਜਾ ਕੀਤੀ। ਗਰਜੇ ਨੂੰ ਫੜ ਲਿਆ ਗਿਆ ਅਤੇ ਉਸ ਨੂੰ ਵੇਲਣੇ ਵਿਚ ਨਪੀੜ ਕੇ ਮਾਰ ਦਿਤਾ ਗਿਆ।

ਇਹ ਘਟਨਾ ਭਾਵੇਂ 1935 ਦੇ ਨੇੜੇ ਤੇੜੇ ਵਾਪਰੀ, ਪਰ ਇਸ ਕਥਾ ਵਿਚ ਕਾਫ਼ੀ ਸਾਰੀਆਂ ਲੋਕਧਾਰਾਈ ਰੂੜ੍ਹੀਆਂ ਸਹਿਜੇ ਹੀ ਸਮਿਲਤ ਕਰ ਲਈਆਂ ਗਈਆਂ, ਜਿਵੇਂ ਕਿ ਕਲੂ ਤੇ ਨਾਰਦ ਦਾ ਆਪੋ ਵਿਚ ਝਗੜਾ; ਕਲੂ ਦਾ ਪੀਣ ਲਈ ਸ਼ਾਮੋ ਦਾ ਲਹੂ ਮੰਗਣਾ ਅਤੇ ਨਾਰਦ ਦਾ ਵਰਜਣਾ। ਇਸੇ ਤਰ੍ਹਾਂ ਹੋਣੀ ਤੀਵੀਂ ਦਾ ਰੂਪ ਧਾਰ ਕੇ ਸ਼ਾਮੋ ਨਾਰ ਨੂੰ ਗਰਜੇ ਝੀਵਰ ਦੇ ਘਰ ਰਾਤ ਬਿਸਰਾਮ ਕਰਨ ਲਈ ਪ੍ਰੇਰਦੀ ਹੈ। ਸ਼ਾਮੋ ਨਾਰ ਦੇ ਕਤਲ ਤੋਂ ਪਹਿਲਾਂ ਉਸ ਨੂੰ ਸੁਪਨਾ ਆਉਂਦਾ ਹੈ ਕਿ ਕੋਈ ਉਸ ਦੀ ਛਾਤੀ ਉਤੇ ਬੈਠਾ ਉਸ ਨੂੰ ਛੁਰੀ ਨਾਲ ਵੱਢ ਰਿਹਾ ਹੈ। ਮਰਨ ਮਗਰੋਂ ਸ਼ਾਮੋ ਦਾ ਰੂਹ ਉਡ ਕੇ ਹੌਲਦਾਰ ਕੋਲ ਜਾਂਦਾ ਹੈ ਤੇ ਉਸ ਨੂੰ ਸ਼ਾਮੋ ਦੇ ਸਰੀਰ ਤਿਆਗਣ ਦੀ ਗੱਲ ਸੁਪਨੇ ਦੁਆਰਾ ਪ੍ਰਗਟ ਕਰਦਾ ਹੈ। ਇਹ ਕਥਾਨਿਕ ਰੂੜ੍ਹੀਆਂ ਪੰਜਾਬੀ ਕਿੱਸਿਆਂ ਵਿਚ ਆਮ ਮਿਲਦੀਆਂ ਹਨ।

ਆਧਾਰ : ਸ਼ਾਮੋ ਨਾਰ, ਕ੍ਰਿਤ ਨਰੈਣ ਸਿੰਘ ਦਰਜ਼ੀ।

(ਸ-433) **ਸਾਰਸੂਤ** :

ਬ੍ਰਾਹਮਣਾਂ ਦੀ ਇਕ ਗੋਤ; ਪੰਜਾਬ ਦੇ ਬਹੁਤੇ ਬ੍ਰਾਹਮਣ ਇਸੇ ਗੋਤ ਵਿਚੋਂ ਹਨ। ਇਸ ਗੋਤ ਦੇ ਬਾਰੇ ਦੋ ਮੁੱਢੀਆਂ ਪ੍ਰਚਲਤ ਹਨ। ਪੌਰਾਣਿਕ ਕਥਾ ਅਨੁਸਾਰ ਇੰਦਰ ਨੇ ਦਧੀਚ ਰਿਸ਼ੀ ਦੇ ਤੱਪ ਨੂੰ ਖੰਡਨ ਕਰਨ ਲਈ ਅਲੰਬਕਾ ਨਾਉਂ ਦੀ ਅਪੱਛਰਾ ਭੇਜੀ, ਜਿਸ ਦਾ ਅਲੌਕਿਕ ਰੂਪ ਵੇਖਦਿਆਂ ਸਾਰ ਰਿਸ਼ੀ ਦਾ ਵੀਰਜ ਸਾਰਸ੍ਵਤੀ ਨਦੀ ਵਿਚ ਜਾ ਡਿਗਾ। ਇਸੇ ਵੀਰਜ ਤੋਂ ਜੋ ਲੜਕਾ ਜੰਮਿਆ, ਉਸ ਦਾ ਨਾਂ ਸਾਰਸੂਤ ਰਖਿਆ ਗਿਆ। ਇਸੇ ਸਾਰਸੂਤ ਤੋਂ ਗੋਤ ਦਾ ਮੁਢ ਬਝਿਆ।

ਦੂਜੀ ਕਥਾ ਅਨੁਸਾਰ ਜਦੋਂ ਪਰਸਰਾਮ ਖਤਰੀਆਂ ਦਾ ਬੀਜ ਨਾਸ ਕਰ ਰਿਹਾ ਸੀ, ਤਾਂ ਇਕ ਗਰਭਵਤੀ ਖਤਰਾਣੀ ਨੇ ਸਾਰਸੂਤ ਨਾਂ ਦੇ ਬ੍ਰਾਹਮਣ ਦੇ ਘਰ ਪਨਾਹ ਲਈ। ਜਦੋਂ ਲੜਕਾ ਜੰਮਿਆ ਤਾਂ ਸਾਰਸੂਤ ਨੇ ਉਸ ਨੂੰ ਜੰਞੂ ਪਹਿਨਾ ਕੇ ਵੇਦਾਂ ਦੀ ਸਿਖਿਆ ਦਿਤੀ; ਇਸੇ ਲੜਕੇ ਤੋਂ ਸਾਰਸੂਤ ਬ੍ਰਾਹਮਣਾਂ ਦੀ ਵੰਸ਼ ਚਲੀ। ਇਹੋ ਕਥਾ ਇਕ ਹੋਰ ਰੂਪਾਂਤਰਣ ਵਿਚ ਵੀ ਪ੍ਰਚਲਤ ਹੈ। ਜਦੋਂ ਪਰਸਰਾਮ ਖਤਰੀਆਂ ਦਾ ਸਰਵਨਾਸ਼ ਕਰ ਰਿਹਾ ਸੀ, ਤਾਂ ਕੁਝ ਖਤਰਾਣੀਆਂ ਨੇ, ਜੋ ਗਰਭਵਤੀਆਂ ਸਨ, ਸਰਸਵਤੀ ਦਰਿਆ ਦੇ ਕੰਢੇ ਵਸਦੇ ਰਿਸ਼ੀਆਂ ਦੇ ਆਸ਼ਰਮਾਂ ਵਿਚ ਪਨਾਹ ਜਾ ਲਈ। ਸੂਹ ਮਿਲਦੇ ਸਾਰ ਪਰਸਰਾਮ ਉਨ੍ਹਾਂ ਖਤਰਾਣੀਆਂ ਦਾ ਬੱਧ ਕਰਨ ਵਾਸਤੇ ਉਥੇ ਪੁਜਿਆ। ਰਿਸ਼ੀਆਂ ਨੇ ਝੂਠ ਬੋਲਦਿਆਂ ਕਿਹਾ ਕਿ ਇਥੇ ਕੋਈ ਖਤਰਾਣੀ ਨਹੀਂ ਰਹਿੰਦੀ। ਪਰਸਰਾਮ ਨੇ ਤਸੱਲੀ ਲਈ ਰਿਸ਼ੀਆਂ ਨੂੰ ਕਿਹਾ ਕਿ ਉਹ ਇਨ੍ਹਾਂ ਤੀਵੀਆਂ ਦੇ ਹੱਥਾਂ ਦਾ ਤਿਆਰ ਕੀਤਾ ਭੋਜਨ ਖਾਣ। ਕਿਉਂ ਜੋ ਰਿਸ਼ੀ ਸਿਵਾਏ

ਬ੍ਰਾਹਮਣੀਆਂ ਦੇ ਕਿਸੇ ਦੂਜੇ ਹੱਥ ਦਾ ਪੱਕਾ ਭੋਜਨ ਨਹੀਂ ਸਨ ਖਾਂਦੇ। ਬ੍ਰਾਹਮਣਾਂ ਨੇ ਇਨ੍ਹਾਂ ਦੇ ਹੱਥਾਂ ਦਾ ਭੋਜਨ ਖਾ ਲਿਆ। ਇਨ੍ਹਾਂ ਖਤਰਾਣੀਆਂ ਦੀ ਹੀ ਔਲਾਦ ਮਗਰੋਂ ਸਾਰਸੁਤ ਅਖਵਾਈ। ਇਸੇ ਘਟਨਾ ਦੇ ਫਲਸਰੂਪ ਖਤਰੀਆਂ ਵਿਚ ਪ੍ਰੋਹਿਤ ਤੇ ਜਜਮਾਨ ਦੇ ਇਕੱਠਿਆਂ ਭੋਜਨ ਕਰਨ ਦੀ ਰੀਤ ਚੱਲੀ।

ਸਾਰਸੁਤ ਬ੍ਰਾਹਮਣ ਕਈ ਸ਼ਾਖ਼ਾ ਵਿਚ ਵੰਡੇ ਹੋਏ ਹਨ। ਵੇਖਿਆ ਜਾਵੇ ਤਾਂ ਹਰੇਕ ਵਰਣ — ਬ੍ਰਾਹਮਣ, ਖਤਰੀ, ਵੈਸ਼ ਤੇ ਸੂਦਰ ਦੇ ਬ੍ਰਾਹਮਣਾਂ ਦੇ ਅਲੱਗ ਅਲੱਗ ਵਰਗ ਬਣੇ ਹੋਏ ਹਨ। ਉਨ੍ਹਾਂ ਦੇ ਨਾਉਂ ਵੀ ਵੱਖੋ ਵੱਖ ਹਨ, ਜਿਵੇਂ ਬ੍ਰਾਹਮਣਾਂ ਦੇ ਬ੍ਰਾਹਮਣ 'ਸ਼ੁਕਲ' ਅਖਵਾਉਂਦੇ ਹਨ, ਜੋ ਅੱਗੋਂ ਕਈ ਗੋਤਾਂ ਵਿਚ ਵੰਡੇ ਹੋਏ ਹਨ। ਸ਼ੁਕਲਾਂ ਵਿਚ 'ਪੰਚ ਜਾਤੀ' ਵਧੇਰੇ ਪ੍ਰਸਿਧ ਹਨ, ਜਿਸ ਵਿਚ ਜੇਤਲੀ, ਡਿੰਗਣ, ਮੋਹਲਾ, ਕੁਮਾਰੀਆ ਤੇ ਤ੍ਰਿਖਾ ਨਾਂ ਦੀਆਂ ਪੰਜ ਗੋਤਾਂ ਸ਼ਾਮਲ ਹਨ।

ਖਤਰੀਆਂ ਦੇ ਬ੍ਰਾਹਮਣ ਖਤਰੀਆਂ ਦੀ ਉਪ-ਵੰਡ ਵਾਂਗ ਹੀ ਅੱਗੋਂ ਕਈ ਸ਼ਾਖ਼ਾਂ ਵਿਚ ਵੰਡੇ ਹੋਏ ਹਨ। ਖਤਰੀਆਂ ਵਾਂਗ ਉਨ੍ਹਾਂ ਦੀਆਂ ਵੀ ਉਸੇ ਤਰ੍ਹਾਂ ਦੀਆਂ ਸ਼ਾਖ਼ਾਂ ਹਨ : (1) ਪੰਚ ਜਾਤੀ, (2) ਛੇ ਜਾਤੀ, (3) ਅਸ਼ਟ ਬੰਸ, (4) ਖੁਖਰੈਣ, (5) ਬੰਝਾਈ ਤੇ (6) ਸਰੀਨ।

ਅਰੋੜਿਆਂ ਦੇ ਸਾਰਸੁਤ ਬ੍ਰਾਹਮਣ ਵੀ ਅੱਗੋਂ 'ਪੰਚ ਜਾਤੀ' ਅਤੇ 'ਬਾਰ੍ਹੀ' ਸ਼ਾਖ਼ਾਂ ਵਿਚ ਵੰਡੇ ਹੋਏ ਹਨ। ਨੀਵੀਆਂ ਜਾਤੀਆਂ ਦੇ ਬ੍ਰਾਹਮਣ ਚਮਾਰਵਾ ਤੇ ਧਾਣਕਵਾ ਅਖਵਾਉਂਦੇ ਹਨ (ਵੇਖੋ : ਬ੍ਰਾਹਮਣ)।

(ਸ-434) **ਸਾਰੰਗ** :

(1) ਟੁੰਡੇ ਅਸਰਾਜ ਦਾ ਪਿਉ; ਸਾਰੰਗ ਦੀ ਛੋਟੀ ਰਾਣੀ ਮੋਰਨੀ ਨੇ ਲੂਣਾਂ ਵਾਂਙ ਹੀ ਅਸਰਾਜ ਉਤੇ ਝੂਠਾ ਕਲੰਕ ਲਗਾਇਆ ਤੇ ਸਾਰੰਗ ਨੇ ਕਰੋਧਵਾਨ ਹੋ ਕੇ, ਅਸਰਾਜ ਦੇ ਦੋਵੇਂ ਹੱਥ ਕਟਵਾ ਕੇ ਉਸ ਨੂੰ ਆਪਣੇ ਮੁਲਕ ਵਿਚੋਂ ਬਦਰ ਕਰ ਦਿਤਾ, ਪਿਛੋਂ ਜਦੋਂ ਸਾਰੰਗ ਨੂੰ ਅਸਲੀਅਤ ਦਾ ਗਿਆਨ ਹੋਇਆ, ਤਾਂ ਉਹ ਬੜਾ ਲੱਜਿਤ ਹੋਇਆ ਤੇ ਅਸਰਾਜ ਨੂੰ ਰਾਜ ਭਾਗ ਸੌਂਪ ਕੇ ਖ਼ੁਦ ਇਕਾਂਤ ਵਿਚ ਪਸਚਾਤਾਪ ਕਰਨ ਲੱਗਾ (ਵੇਖੋ : ਅਸਰਾਜ)।

(2) ਰਾਜੇ ਰਸਾਲੂ ਦੀ ਕੰਨਿਆਂ; ਇਕ ਰਵਾਇਤ ਹੈ ਕਿ ਸਾਰੰਗ ਰਾਜੇ ਹੋਡੀ ਨਾਲ ਪ੍ਰੇਮ ਕਰਦੀ ਸੀ। ਸਿਆਲਕੋਟ ਗਜ਼ਟੀਅਰ ਅਨੁਸਾਰ ਰਾਜੇ ਹੋਡੀ ਨੇ ਸਾਰੰਗ ਨੂੰ ਹਾਸਿਲ ਕਰਨ ਲਈ ਸਿਆਲਕੋਟ ਉਤੇ 360 ਈ. ਦੇ ਲਾਗੇ ਹੱਲਾ ਬੋਲਿਆ, ਪਰ ਰਾਜੇ ਰਸਾਲੂ ਨੇ ਆਪਣੀ ਧੀ ਸਾਰੰਗ ਦਾ ਡੋਲਾ ਦੇਣ ਦਾ ਇਕਰਾਰ ਕਰ ਕੇ ਉਸ ਨਾਲ ਸੁਲਹ ਕਰ ਲਈ। ਮਗਰੋਂ ਰਸਾਲੂ ਨੇ ਇਸ ਬਚਨ ਨੂੰ ਪੂਰਾ ਕਰਨ ਤੋਂ ਇਨਕਾਰ ਕਰ ਦਿਤਾ। ਸਾਰੰਗ ਦਾ ਹੋਡੀ ਨਾਲ ਪ੍ਰੇਮ ਸੀ, ਇਸ ਲਈ ਉਹ ਹੋਡੀ ਨਾਲ ਨਠ ਗਈ ਅਤੇ ਲਾਹੌਰ ਦੇ ਲਾਗੇ ਲੂਮ ਨਾਂ ਦੇ ਪਿੰਡ ਵਿਚ ਰਹਿਣ ਲੱਗੀ। ਕੁਝ ਚਿਰ ਬਾਅਦ ਹੋਡੀ ਨੇ ਫਿਰ ਸਿਆਲਕੋਟ ਤੇ ਧਾਵਾ ਬੋਲ ਕੇ ਰਸਾਲੂ ਉਤੇ ਵਿਜੈ ਪ੍ਰਾਪਤ ਕਰ ਲਈ। ਤਾਂ ਰਸਾਲੂ ਨੇ ਸਾਰੰਗ ਦਾ ਵਿਆਹ ਹੋਡੀ ਨਾਲ ਕਰ ਦਿਤਾ। ਰਾਜੇ ਹੋਡੀ ਤੋਂ ਬਾਅਦ ਸਿਆਲਕੋਟ 'ਤੇ ਸਾਰੰਗ ਦੇ ਪੁਤਰ ਰਾਜੇ ਕਾਮ ਨੇ ਰਾਜ ਕੀਤਾ।

ਕੁਝ ਰਵਾਇਤਾਂ ਅਨੁਸਾਰ ਰਾਜੇ ਹੋਡੀ ਦਾ ਪ੍ਰੇਮ ਰਾਜੇ ਰਸਾਲੂ ਦੀ ਪਤਨੀ ਕੋਕਲਾਂ ਨਾਲ ਸੀ (ਵੇਖੋ : ਹੋਡੀ)।

(ਸ-435) **ਸਾਰਦਾ** :

ਬ੍ਰਹਮਾ ਦੀ ਪਤਨੀ; ਰਾਗ ਤੇ ਵਿੱਦਿਆ ਦੀ ਦੇਵੀ ਸਰਸਵਤੀ (ਵੇਖੋ : ਸਰਸਵਤੀ)। ਕਈ ਕਵੀਆਂ ਨੇ ਆਪਣੇ ਕਿੱਸਿਆਂ ਦੇ ਆਰੰਭ ਵਿਚ ਸਾਰਦਾ ਦੇਵੀ ਨੂੰ ਸਿਮਰਿਆ ਹੈ ਅਤੇ ਉਸ ਤੋਂ ਕਵਿਤਾ ਦਾ ਦਾਨ ਮੰਗਿਆ ਹੈ :

ਮਾਤਾ ਸਾਰਦਾ ਸਿਮਰਦਾ ਤੇਰਾ ਨਾਮ ਹਮੇਸ਼
ਕਰੇ ਸਹੈਤਾ ਆਨ ਕੇ ਅਰਜ ਕਰੇ ਦਰਵੇਸ਼
ਦੇਵੀ ਮਾਤਾ ਆਦਿ ਕੁਮਾਰੀ ਪੂਰ ਹਮਾਰੀ ਆਸ਼ਾ
'ਕੌਲਾਂ ਸ਼ਾਹਣੀ' ਰਚਾਂ ਕਹਾਣੀ
ਏਹ ਮੇਰੀ ਅਭਿਲਾਸ਼ਾ
ਜੋ ਆਵੇ ਦਰਬਾਰ ਤੁਸਾਂ ਦੇ ਜਾਂਦਾ ਨਹੀਂ ਨਿਰਾਸ਼ਾ
ਛਜੂ ਸਿੰਘ ਨੂੰ ਕਵਿਤਾ ਦੀਜੇ
ਕਰ ਲੀਜੋ ਨਿਜ ਦਾਸਾ।

(ਸ-436) **ਸਾਰਦੂਲ** :

(1) ਇਕ ਜੋਗਨੀ; ਹਿੰਦੂ ਧਾਰਨਾ ਅਨੁਸਾਰ ਜੋਗਨੀਆਂ ਗਿਣਤੀ ਵਿਚ ਚੌਂਸਠ ਹਨ ਅਤੇ ਉਹ ਵਖੋ ਵਖ ਦਿਸ਼ਾਵਾਂ ਵਿਚ, ਖ਼ਾਸ ਖ਼ਾਸ ਤਿੱਥਾਂ ਨੂੰ ਮੌਜੂਦ ਰਹਿੰਦੀਆਂ ਹਨ। ਦਿਸ਼ਾ-ਸਥਿਤੀ ਅਨੁਸਾਰ ਇਨ੍ਹਾਂ ਦਾ ਚੰਗਾ ਮੰਦਾ ਪ੍ਰਭਾਵ ਲੋਕਾਂ ਉਤੇ ਪੈਂਦਾ ਹੈ। ਸਾਰਦੂਲ ਜੋਗਨੀ ਸੱਠਾਂ ਘੜੀਆਂ ਵਿਚ ਧਰਤੀ ਦੀ ਪੂਰੀ ਪ੍ਰਕਰਮਾ ਕਰਦੀ ਹੈ। ਸਫ਼ਰ ਜਾਂ ਕੰਮ ਧੰਦੇ ਵੇਲੇ ਸਾਰਦੂਲ ਦੀ ਦਿਸ਼ਾ ਜੇ ਅਨੁਕੂਲ ਹੋਵੇ ਤਾਂ ਲਾਭ ਹੁੰਦਾ ਹੈ, ਜੇ ਪ੍ਰਤੀਕੂਲ ਹੋਵੇ ਤਾਂ ਹਾਨੀ ਪਹੁੰਚਦੀ ਹੈ। ਸ਼ਿਕਾਰ ਖੇਡਣ ਵੇਲੇ ਜੇ ਸ਼ਿਕਾਰੀ ਦੀ ਸਾਹਮਣੀ ਦਿਸ਼ਾ ਵਲ ਸਾਰਦੂਲ ਜੋਗਨੀ ਸਥਿਤ ਹੋਵੇ, ਤਾਂ ਸ਼ਿਕਾਰੀ ਦੀ ਜਾਨ ਨੂੰ ਖ਼ਤਰਾ ਹੁੰਦਾ ਹੈ। ਜੇ ਜੋਗਨੀ ਪਿੱਠ ਵਲ ਜਾਂ ਸੱਜੇ ਪਾਸੇ ਹੋਵੇ, ਤਾਂ ਕਾਫ਼ੀ ਮਾਤਰਾ ਵਿਚ ਸ਼ਿਕਾਰ ਹੱਥ ਲੱਗਦਾ ਹੈ।

(2) ਰਾਮਾਇਣ ਅਨੁਸਾਰ ਰਾਵਣ ਦਾ ਇਕ ਦੂਤ।

(ਸ-437) **ਸਾਰਮੇਯਸ** :

ਯਮ ਦੇ ਦੋ ਕੁੱਤੇ, ਜੋ ਇੰਦਰ ਦੀ ਰਾਖਵੀਂ ਕੁੱਤੀ ਸਰਮਾ ਤੋਂ ਪੈਦਾ ਹੋਏ (ਵੇਖੋ : ਸਰਮਾ)। ਇਨ੍ਹਾਂ ਦੋਹਾਂ ਕੁੱਤਿਆਂ ਦੀਆਂ ਚਾਰ ਚਾਰ ਅੱਖਾਂ ਤੇ ਚੌੜੀਆਂ ਨਾਸਾਂ ਹਨ ਅਤੇ ਇਹ ਦੋਵੇਂ ਯਮੇ ਦੇ ਨਿਵਾਸ ਅਸਥਾਨ ਵਲ ਨੂੰ ਜਾਂਦੇ ਰਸਤੇ ਦੀ ਰੱਖਿਆ ਕਰਦੇ ਹਨ। ਇਹੋ ਕੁੱਤੇ ਮਾਤ ਲੋਕ ਤੋਂ ਯਮ ਨਗਰੀ ਵਿਚ ਮਰਨ ਉਪਰੰਤ ਪਹੁੰਚੀਆਂ ਰੂਹਾਂ ਨੂੰ ਤੇਜ਼ ਰਫ਼ਤਾਰ ਨਾਲ ਤੁਰਨ ਲਈ ਪ੍ਰੇਰਦੇ ਹਨ। ਇਹ ਵੀ ਧਾਰਨਾ ਹੈ ਕਿ ਇਹ ਦੋਵੇਂ ਕੁੱਤੇ ਯਮ ਦੇ ਦੂਤ ਬਣ ਕੇ ਮਨੁੱਖ ਜਾਤੀ ਵਿਚ ਵਿਚਰਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਮਾਲਕ ਕੋਲ ਭੇਜਣ ਲਈ ਸੱਦਾ ਦੇਂਦੇ ਰਹਿੰਦੇ ਹਨ। ਇਸੇ ਲਈ ਜਦੋਂ ਕਿਸੇ ਦੇ ਬੂਹੇ ਅੱਗੇ ਕੁੱਤਾ ਹਵਾਂਕੇ ਜਾਂ ਰੋਵੇ, ਤਾਂ ਲੋਕੀਂ ਇਸ ਨੂੰ ਮੌਤ ਦਾ ਸੰਦੇਸ਼ਾ ਮੰਨਦੇ ਹਨ। ਉਸ ਕੁੱਤੇ ਵਿਚ ਯਮ ਦੇ ਇਨ੍ਹਾਂ ਕੁੱਤਿਆਂ ਦੀ ਹੀ ਆਤਮਾ ਨੇ ਪ੍ਰਵੇਸ਼ ਕੀਤਾ ਹੁੰਦਾ ਹੈ।

(ਸ-438) **ਸਾਲ** :

ਇਕ ਰੀਤ, ਜੋ ਪ੍ਰਾਚੀਨ ਕਾਲ ਵਿਚ ਘੋੜਿਆਂ ਦੀ ਰੱਖਿਆ ਲਈ, ਜਾਦੂ ਟੂਣੇ ਦੇ ਰੂਪ ਵਿਚ, ਪ੍ਰਚਲਤ ਸੀ। ਇਹ ਰੀਤ ਚਮਾਰਾਂ ਵਿਚ ਹੁਣ ਤਕ ਸੁਰਜੀਤ ਹੈ। ਸਾਲ ਦੀ ਰੀਤ ਹੜੱਪਾ ਸੰਸਕ੍ਰਿਤੀ ਤੋਂ ਚਲੀ ਆ ਰਹੀ ਹੈ। ਇਸ ਰੀਤ ਨੂੰ ਕਰਨ ਲਈ, ਕਈ ਮਹੀਨੇ ਪਹਿਲੋਂ ਹੀ, ਕੋਈ ਖ਼ਾਸ ਦਿਨ — ਐਤਵਾਰ, ਮੰਗਲਵਾਰ ਜਾਂ ਸ਼ਨਿਚਰਵਾਰ ਮਿਥ ਲਿਆ ਜਾਂਦਾ ਹੈ। ਕਿਉਂ ਜੋ ਇਹ ਰੀਤ ਪਿੰਡ ਦੇ ਪਸ਼ੂਆਂ ਦੀ ਭਲਾਈ ਖ਼ਾਤਰ ਕੀਤੀ ਜਾਂਦੀ ਹੈ, ਇਸ ਵਾਸਤੇ ਪਿੰਡ ਦੇ ਸਾਰੇ ਕਿਸਾਨ ਅੰਨ ਦਾਣੇ ਨਾਲ ਪੂਰੀ ਤਰ੍ਹਾਂ ਸਹਾਇਤਾ ਕਰਦੇ ਹਨ। ਨਿਸਚਤ ਦਿਨ ਚੇਲੇ ਨੂੰ ਆਦਰ ਨਾਲ ਪਿੰਡ ਵਿਚ ਲਿਆਇਆ ਜਾਂਦਾ ਹੈ। ਕੁਝ ਜੰਤਰ ਮੰਤਰ ਤੇ ਟੂਣੇ ਆਦਿ ਕਰਨ ਪਿਛੋਂ ਇਕ ਬਕਰਾ ਭੈਰੋਂ ਦੀ ਭੇਟ ਕੀਤਾ ਜਾਂਦਾ ਹੈ। ਬਕਰੇ ਦੇ ਲਹੂ ਨਾਲ ਇਕ ਕੁੱਜੀ ਭਰ ਲਈ ਜਾਂਦੀ ਹੈ, ਜਿਸ ਵਿਚੋਂ ਚੇਲਾ ਆਪਣੀ ਉਂਗਲ ਨਾਲ ਸਾਰੇ ਪਿੰਡ ਦੇ ਪਸ਼ੂਆਂ ਦੇ ਵਾੜਿਆਂ ਵਿਚ ਲਹੂ ਛਿੜਕਦਾ ਹੈ। ਫਿਰ ਪਲਾਹ ਦੀਆਂ ਛਟੀਆਂ ਦੀਆਂ ਛੋਟੀਆਂ ਛੋਟੀਆਂ ਪੰਜ ਗੰਢਾਂ ਬੰਨ੍ਹੀਆਂ ਜਾਂਦੀਆਂ ਹਨ, ਜੋ ਰਾਤ ਦੇ ਹਨੇਰੇ ਵਿਚ ਪਿੰਡ ਦੀ ਹੱਦੋਂ ਬਾਹਰ ਸੁਟ ਦਿਤੀਆਂ ਜਾਂਦੀਆਂ ਹਨ।

ਇਸ ਰੀਤ ਨਾਲ ਤਮਾਸ਼ੇ ਤੇ ਸਾਂਗ ਦੇ ਅੰਸ਼ ਵੀ ਮਿਲੇ ਹੋਏ ਹਨ। ਰਾਤ ਦੇ ਕੋਈ ਦਸ ਗਿਆਰਾਂ ਵਜੇ ਇਕ ਜਲੂਸ ਨਿਕਲ ਕੇ ਪਿੰਡ ਦੇ ਅਖਾੜੇ ਵਲ ਤੁਰਦਾ ਹੈ, ਜਿਸ ਦੇ ਅੱਗੇ ਅੱਗੇ ਚੇਲਾ ਹੁੰਦਾ ਹੈ। ਧਾਰਨਾ ਹੈ ਕਿ ਅਖਾੜੇ ਵਲ ਜਾਂਦੇ ਹੋਏ ਇਸ ਜਲੂਸ ਦਾ, ਜੋ ਵੀ ਵਿਅਕਤੀ ਰਾਹ ਕਟਦਾ ਹੈ, ਉਹ ਭੈਰੋਂ ਦੀ ਮਾਰ ਤੋਂ ਬਚ ਨਹੀਂ ਸਕਦਾ।

ਰਾਤ ਵੇਲੇ ਥੋੜੀ ਥੋੜੀ ਦੇਰ ਬਾਅਦ ਮੌਨ ਝਾਕੀਆਂ ਵੀ ਕਢੀਆਂ ਜਾਂਦੀਆਂ ਹਨ। ਉਨ੍ਹਾਂ ਵਿਚੋਂ ਸਭ ਤੋਂ ਪ੍ਰਸਿਧ ਝਾਕੀ ਸ਼ਿਵ ਜੀ ਤੇ ਪਾਰਬਤੀ ਦੀ ਹੈ। ਲੋਕਾਂ ਦੀ ਧਾਰਨਾ ਹੈ ਕਿ ਸ਼ਿਵ ਜੀ ਆਪਣੀ ਅਰਧੰਗੀ ਸਮੇਤ ਅੱਧੀ ਰਾਤ ਵੇਲੇ ਹਾਥੀ ਉਤੇ ਬੈਠ ਕੇ ਰਟਨ ਕਰਦੇ ਹਨ। ਇਸ ਝਾਕੀ ਵਾਸਤੇ ਫ਼ਰਜ਼ੀ ਹਾਥੀ ਦਾ ਸਾਂਗ ਤਿਆਰ ਕੀਤਾ ਜਾਂਦਾ ਹੈ। ਹਰੇਕ ਝਾਕੀ ਅਖਾੜੇ ਦੇ ਦੁਆਲੇ ਪਰਕਰਮਾ ਕਰਦੀ ਹੈ। ਦਰਸ਼ਕ

ਭੇਟਾ ਚੜ੍ਹਾਉਂਦੇ ਹਨ। ਚੇਲੇ ਵਿਚ ਕਈ ਵਾਰ ਦੇਵੀ ਪ੍ਰਵੇਸ਼ ਕਰਦੀ ਹੈ ਤੇ ਉਹ 'ਖੇਲਣ' ਲੱਗਦਾ ਹੈ, ਜੋ ਇਕ ਚੰਗਾ ਸ਼ਗਨ ਸਮਝਿਆ ਜਾਂਦਾ ਹੈ।

ਸਾਲ ਦੀ ਰੀਤ ਤੋਂ ਬਾਅਦ ਹਮੇਸ਼ਾਂ ਭੰਡਾਂ ਦੀਆਂ ਨਕਲਾਂ ਜਾਂ ਤਮਾਸ਼ਾ ਹੁੰਦਾ ਹੈ, ਜੋ ਸਾਰੀ ਰਾਤ ਰਹਿੰਦਾ ਹੈ। ਪੰਜਾਬ ਦੇ ਝਿਉਰਾਂ ਦਾ ਸਾਲ ਇਸ ਨਾਲੋਂ ਕੁਝ ਵੱਖਰੀ ਭਾਂਤ ਦਾ ਹੈ। ਉਹ ਸਾਲ ਵੇਲੇ ਪਾਣੀ ਦੇ ਦਿਓਤੇ ਦੀ ਪੂਜਾ ਕਰਦੇ ਹਨ।

(ਆਧਾਰ ਗ੍ਰੰਥ : 'ਮਧਕਾਲੀਨ ਲੋਕ-ਨਾਟ', ਡਾ. ਹਰਚਰਨ ਸਿੰਘ)।

(ਸ-439) **ਸ਼ਾਲ** :

ਪਸ਼ਮ ਦੇ ਧਾਗੇ ਨਾਲ ਬੁਣੀ ਚਾਦਰ; ਸ਼ਾਲ ਅਸਲੋਂ ਕਸ਼ਮੀਰ ਦੀ ਲੋਕ-ਕਲਾ ਹੈ, ਪਰ ਮੁਗ਼ਲਾਂ ਤੇ ਸਿੱਖਾਂ ਦੇ ਰਾਜ ਵੇਲੇ ਲਾਹੌਰ ਤੇ ਅੰਮ੍ਰਿਤਸਰ ਵੀ ਸ਼ਾਲਾਂ ਬਨਾਉਣ ਦੇ ਕੇਂਦਰ ਰਹੇ। ਸ਼ਾਲਾਂ ਦੀ ਕਢਾਈ ਪਸ਼ਮ ਦੇ ਪਤਲੇ ਤੇ ਇਕ ਸੂਤ ਦੇ ਧਾਗੇ ਨਾਲ ਕੀਤੀ ਜਾਂਦੀ ਹੈ। ਕਸ਼ਮੀਰ ਵਿਚ ਇਹ ਕਲਾ ਬੜੀ ਪ੍ਰਾਚੀਨ ਹੈ। ਮੁਗ਼ਲਾਂ ਦੇ ਰਾਜ ਸਮੇਂ, ਅਕਬਰ ਨੇ, ਇਸ ਉਦਯੋਗ ਦੇ ਵਿਕਾਸ ਵਿਚ ਚੋਖਾ ਹਿੱਸਾ ਪਾਇਆ। ਅਕਬਰ ਸ਼ਾਲਾਂ ਦੇ ਡਿਜ਼ਾਇਨਾ ਅਤੇ ਪੈਟਰਨਾਂ ਵਿਚ ਇਤਨੀ ਦਿਲਚਸਪੀ ਰਖਦਾ ਸੀ ਕਿ ਉਸ ਨੇ ਕਈ ਪੈਟਰਨ ਆਪਣੀ ਕਲਪਨਾ ਤੇ ਪਸਿੰਦ ਦੇ ਬਣਵਾਏ। 'ਆਇਨੇ ਅਕਬਰੀ' ਵਿਚ ਕਸ਼ਮੀਰ ਦੀਆਂ ਸ਼ਾਲਾਂ ਦਾ ਵੇਰਵੇ ਨਾਲ ਜ਼ਿਕਰ ਹੈ। ਮੁਗ਼ਲ ਬਾਦਸ਼ਾਹ ਆਪਣੀ ਪੱਗ ਵਿਚ ਬਦਾਮ ਦੀ ਸ਼ਕਲ ਦਾ ਇਕ ਗਹਿਣਾ–ਜਿਗ੍ਹਾ, ਪਹਿਨਿਆ ਕਰਦੇ ਸਨ, ਜਿਸ ਦੇ ਉਤੇ ਖੰਭਾਂ ਦੀ ਕਲਗੀ ਬੀੜੀ ਜਾਂਦੀ ਸੀ। ਇਸ ਚਿੰਨ੍ਹ ਦਾ ਰਵਾਜ ਬਾਬਰ ਤੋਂ ਚਲਿਆ, ਜਿਸ ਦਾ ਜਿਗ੍ਹਾ ਨਾਲ ਅਟੁਟ ਪਿਆਰ ਸੀ। ਬਾਬਰ ਦੀ ਇਸ ਭਾਵਨਾ ਨੂੰ ਬੁਣਤੀ ਦੇ ਮੁਹਾਵਰੇ ਵਿਚ ਪੇਸ਼ ਕਰਨ ਲਈ ਇਕ ਜੁਲਾਹੇ ਨੇ ਲੰਮੀ ਸਾਧਨਾ ਨਾਲ ਜਿਗ੍ਹਾ ਦਾ ਡਿਜ਼ਾਇਨ ਸ਼ਾਲ ਉਤੇ ਉਲੀਕਿਆ ਅਤੇ ਉਦੋਂ ਤੋਂ ਇਹ ਪੈਟਰਨ ਸ਼ਾਲਾਂ ਦਾ ਲੋਕ-ਪ੍ਰਿਅ ਪੈਟਰਨ ਬਣ ਗਿਆ। ਹੁਣ ਤਕ ਉਹ ਪੈਟਰਨ ਸ਼ਾਲ ਦੀ ਬੁਣਤੀ ਦਾ ਅੰਗ ਚਲਿਆ ਆ ਰਿਹਾ ਹੈ।

ਅਕਬਰ ਦੇ ਰਾਜ ਸਮੇਂ ਕਸ਼ਮੀਰ ਵਿਚ ਸ੍ਰੀ ਨਗਰ ਅਤੇ ਪੰਜਾਬ ਵਿਚ ਲਾਹੌਰ ਸ਼ਾਲਾਂ ਦੇ ਕੇਂਦਰ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਨੇਕਾਂ ਕਸ਼ਮੀਰੀ ਕਾਰੀਗਰ ਲਾਹੌਰ, ਅੰਮ੍ਰਿਤਸਰ ਅਤੇ ਲੁਧਿਆਣੇ ਆ ਵਸੇ, ਜਿਸ ਨਾਲ ਪੰਜਾਬ ਵਿਚ ਸ਼ਾਲ ਕਲਾ ਦਾ ਕਾਫ਼ੀ ਵਿਕਾਸ ਹੋਇਆ।

ਸ੍ਰੀ ਜੌਨਸਟੋਨ 'ਮੋਨੋਗਰਾਫ਼ ਔਨ ਦੀ ਵੂਲਨ ਮੈਨੂਫ਼ੈਕਚਰਜ਼ ਆਫ਼ ਦੀ ਪੰਜਾਬ' ਵਿਚ ਸ਼ਾਲ ਦੀ ਕਲਾ ਬਾਰੇ ਵੇਰਵੇ ਨਾਲ ਲਿਖਦਾ ਹੈ ਕਿ ਇਹ ਕਲਾ ਸਾਮੂਹਿਕ ਰੂਪ ਧਾਰ ਗਈ ਸੀ। ਡੀਜ਼ਾਇਨ ਬਨਾਉਣ ਵਾਲਾ ਪਹਿਲਾਂ ਪੈਟਰਨ ਨੂੰ ਸਿਆਹੀ ਨਾਲ ਕਾਗਜ਼ ਉਤੇ ਉਤਾਰਦਾ, ਫਿਰ ਉਸ ਵਿਚ ਰੰਗ ਭਰਨ ਲਈ ਤੇ ਖ਼ਾਸ ਖ਼ਾਸ ਤਕਨੀਕੀ ਵੇਰਵੇ ਲਈ ਨਿਸ਼ਾਨ ਲਗਾਏ ਜਾਂਦੇ। ਫਿਰ ਇਕ ਹੋਰ ਕਾਰੀਗਰ, ਜੋ ਰੰਗਾਂ ਵਿਚ ਮਾਹਿਰ ਹੁੰਦਾ, ਰੰਗਾਂ ਦੇ ਮੇਲ ਅਨੁਸਾਰ ਧਾਗੇ ਦੇ ਗੁੱਛੇ ਚੁਣਦਾ ਅਤੇ ਤੀਜਾ ਉਸ ਦੇ ਦੱਸੇ ਅਨੁਸਾਰ ਕਾਗਜ਼ ਤਿਆਰ ਕਰਦਾ, ਜਿਸ ਦੇ ਉਤੇ ਜੁਲਾਹੇ ਵਾਸਤੇ ਹਦਾਇਤਾਂ ਹੁੰਦੀਆਂ। ਇਸ ਕਾਗਜ਼ ਨੂੰ 'ਤਾਲੀਮ' ਕਹਿੰਦੇ ਸਨ। ਇਸ ਤਰ੍ਹਾਂ ਸ਼ਾਲਾਂ ਬੜੀ ਮਿਹਨਤ, ਸਿਦਕ ਤੇ ਕਾਰੀਗਰੀ ਨਾਲ ਤਿਆਰ ਕੀਤੀਆਂ ਜਾਂਦੀਆਂ ਸਨ।

(ਸ-440) **ਸਾਲਗ੍ਰਾਮ** :

ਗੋਲ ਸ਼ਕਲ ਦਾ ਇਕ ਵਿਸ਼ੇਸ਼ ਪੱਥਰ ਜੋ ਗੰਡਕੀ ਨਦੀ ਵਿਚ ਮਿਲਦਾ ਹੈ। ਇਸ ਪੱਥਰ ਨੂੰ ਵੈਸ਼ਣੋ ਮੱਤ ਵਾਲੇ ਵਿਸ਼ਨੂੰ ਦਾ ਰੂਪ ਜਾਣ ਕੇ, ਠਾਕਰਾਂ ਵਾਂਗ ਪੂਜਦੇ ਹਨ। ਇਸ ਅਮੋਲਿਆ ਪੱਥਰ ਉਪਰ ਚੱਕਰ ਦਾ ਚਿੰਨ੍ਹ ਉਕਰਿਆ ਹੁੰਦਾ ਹੈ।

ਸਾਲਗ੍ਰਾਮ ਦੀ ਉਤਪੱਤੀ ਬਾਰੇ ਪੁਰਾਣਾਂ ਵਿਚ ਇਕ ਕਥਾ ਮਿਲਦੀ ਹੈ। ਦੇਵੀ ਭਾਗਵਤ (9,24) ਅਨੁਸਾਰ ਸੰਖਚੂੜ ਨਾਂ ਦੇ ਰਾਖਸ਼ ਨੇ ਸਭ ਦੇਵਤਿਆਂ 'ਤੇ ਜਿੱਤ ਪ੍ਰਾਪਤ ਕਰ ਲਈ ਅਤੇ ਤ੍ਰੈਲੋਕੀ ਦਾ ਸਵਾਮੀ ਬਣ ਬੈਠਾ। ਸੰਖਚੂੜ ਨੂੰ ਵਰ ਪ੍ਰਾਪਤ ਸੀ ਕਿ ਜਦੋਂ ਤਕ ਉਸ ਦੀ ਇਸਤ੍ਰੀ ਵ੍ਰਿੰਦਾ ਪਤੀਬ੍ਰਤ ਧਰਮ ਵਿਚ ਕਾਇਮ ਹੈ, ਸੰਖਚੂੜ ਉਪਰ ਕੋਈ ਜਿੱਤ ਪ੍ਰਾਪਤ ਨਹੀਂ ਕਰ ਸਕਦਾ।

ਸਭ ਦੇਵਤੇ ਵਿਸ਼ਨੂੰ ਦੀ ਸ਼ਰਨ ਵਿਚ ਗਏ ਅਤੇ ਭਗਵਾਨ ਨੇ ਦੇਵਤਿਆਂ ਦੀ ਦੁਹਾਈ ਸੁਣ ਕੇ, ਸੰਖਚੂੜ ਦਾ ਰੂਪ ਧਾਰ ਕੇ, ਵ੍ਰਿੰਦਾ ਨਾਲ ਆਲਿੰਗਨ ਕੀਤਾ। ਜਦੋਂ ਵ੍ਰਿੰਦਾ ਨੂੰ ਅਸਲੀਅਤ ਦਾ ਪਤਾ ਚਲਿਆ, ਤਾਂ ਉਸ ਨੇ ਵਿਸ਼ਨੂੰ ਨੂੰ ਪੱਥਰ ਹੋ ਜਾਣ ਦਾ ਸਰਾਪ ਦਿਤਾ। ਵਿਸ਼ਨੂੰ ਨੇ ਵੀ ਅੱਗੋਂ ਵ੍ਰਿੰਦਾ ਦੇ ਸਰੀਰ ਨੂੰ ਗੰਡਕਾ ਨਦੀ ਦਾ ਰੂਪ ਧਾਰਨ ਤੇ ਕੇਸਾਂ ਨੂੰ ਤੁਲਸੀ ਦਾ ਬੂਟਾ ਬਣਨ ਦਾ ਸਰਾਪ ਦੇ ਦਿਤਾ। ਦੋਹਾਂ ਦੇ ਪ੍ਰਸਪਰ ਸਰਾਪ ਸਦਕਾ ਵਿਸ਼ਨੂੰ ਸਾਲਗ੍ਰਾਮ ਬਣੇ, ਵ੍ਰਿੰਦਾ ਦੀ ਦੇਹ ਗੰਡਕਾ ਨਦੀ ਤੇ ਕੇਸ ਤੁਲਸੀ ਦਾ ਬੂਟਾ। ਸਾਲਗ੍ਰਾਮ ਸਿਰਫ਼ ਗੰਡਕਾ ਨਦੀ ਵਿਚ ਹੀ ਮਿਲਦੇ ਹਨ।

ਵੈਸ਼ਣੋ ਮੱਤ ਵਾਲੇ ਸਾਲਗ੍ਰਾਮ ਨੂੰ ਸਾਫ਼ ਕਪੜੇ ਵਿਚ ਵਲ੍ਹੇਟ ਕੇ ਤੁਲਸੀ ਦੇ ਪੱਤਿਆਂ ਵਿਚ ਰਖਦੇ ਹਨ। ਖ਼ਾਸ ਖ਼ਾਸ ਦਿਨ ਦਿਹਾਰਾਂ 'ਤੇ ਸਾਲਗ੍ਰਾਮ ਨੂੰ ਇਸ਼ਨਾਨ ਕਰਵਾ ਕੇ, ਉਸ ਜਲ ਨੂੰ ਅੰਮ੍ਰਿਤ ਸਮਝ ਕੇ ਪੀਂਦੇ ਹਨ। ਧਾਰਨਾ ਹੈ ਕਿ ਉਸ ਜਲ ਦੇ ਪੀਣ ਨਾਲ ਸਭ ਪਾਪ ਨਸ਼ਟ ਹੋ ਜਾਂਦੇ ਹਨ।

ਵੈਸ਼ਣੋ ਸਾਲਗ੍ਰਾਮ ਤੇ ਤੁਲਸੀ ਦਾ ਵਿਆਹ ਧੂਮਧਾਮ ਨਾਲ ਰਚਾਂਦੇ ਹਨ। ਇਸ ਤਰ੍ਹਾਂ ਕਰਨ ਨਾਲ ਵਿਸ਼ਨੂੰ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ ਤੇ ਮਨੋ-ਕਾਮਨਾ ਪੂਰੀਆਂ ਹੁੰਦੀਆਂ ਹਨ। ਸਾਲਗ੍ਰਾਮ ਤੇ ਤੁਲਸੀ ਦੀ ਪੂਜਾ ਵਿਸ਼ੇਸ਼ ਰੂਪ ਵਿਚ ਕੱਤਕ ਦੀ ਮੱਸਿਆ ਨੂੰ ਕੀਤੀ ਜਾਂਦੀ ਹੈ। ਇਸੇ ਦਿਨ ਸਾਲਗ੍ਰਾਮ ਤੇ ਤੁਲਸੀ ਦਾ ਵਿਆਹ ਵੀ ਰਚਾਇਆ ਜਾਂਦਾ ਹੈ, ਕਿਉਂ ਜੋ ਇਸੇ ਤਿਥ ਨੂੰ ਤੁਲਸੀ ਜੰਮੀ ਸੀ। ਕਈ ਰਾਮ ਭਗਤ ਸਾਲਗ੍ਰਾਮ ਨੂੰ ਰਾਮ ਦਾ ਰੂਪ ਜਾਣ ਕੇ ਅਤੇ ਤੁਲਸੀ ਨੂੰ ਸੀਤਾ ਮੰਨ ਕੇ, ਦੋਹਾਂ ਦਾ ਵਿਆਹ ਰਚਾਂਦੇ ਹਨ।

ਸਾਲਗ੍ਰਾਮ ਦਾ ਸ਼ਾਬਦਿਕ ਅਰਥ ਹੈ: ਉਹ ਗ੍ਰਾਮ ਜਿਥੇ ਸਾਲ ਦੇ ਦਰੱਖ਼ਤ ਹੋਣ। ਇਸ ਨਾਉਂ ਦਾ ਪਿੰਡ ਗੰਡਕੀ ਨਦੀ ਦੇ ਕੰਢੇ 'ਤੇ ਸਥਿਤ ਹੈ। ਇਹੋ ਸੰਗਿਆ ਮਗਰੋਂ ਇਸ ਨਦੀ ਦੇ ਪੱਥਰਾਂ ਲਈ ਰੂੜ੍ਹ ਹੋ ਗਈ।

(ਸ-441) **ਸ਼ਾਲਵ :**

ਰਾਜਸਥਾਨ ਦੇ ਇਲਾਕੇ ਦਾ ਇਕ ਰਾਜਾ, ਜਿਸ ਦੀ ਮੰਗਣੀ ਕਾਸ਼ੀ ਦੇ ਰਾਜੇ ਦੀ ਕੰਨਿਆਂ ਅੰਬਾ ਨਾਲ ਹੋਈ। ਭੀਸ਼ਮ ਅੰਬਾ ਨੂੰ ਯੁਧ ਵਿਚ ਮਾਲੀ ਵਜੋਂ ਜਿਤ ਕੇ ਆਪਣੇ ਭਰਾ ਨਾਲ ਵਿਆਹੁਣ ਲਈ ਲੈ ਆਇਆ, ਪਰ ਜਦੋਂ ਭੀਸ਼ਮ ਨੂੰ ਅੰਬਾ ਨੇ ਦਸਿਆ ਕਿ ਉਹ ਸ਼ਾਲਵ ਦੀ ਮੰਗੇਤਰ ਹੈ, ਤਾਂ ਭੀਸ਼ਮ ਨੇ ਅੰਬਾ ਨੂੰ ਸ਼ਾਲਵ ਦੇ ਕੋਲ ਭੇਜ ਦਿਤਾ। ਸ਼ਾਲਵ ਨੇ ਅੰਬਾ ਨੂੰ ਇਸ ਲਈ ਅੰਗੀਕਾਰ ਨਾ ਕੀਤਾ ਕਿ ਉਹ ਪਰਾਏ ਮਰਦ ਦੇ ਘਰ ਰਹਿ ਆਈ ਸੀ। ਮਗਰੋਂ ਸ਼ਾਲਵ ਇਕ ਯੁਧ ਵਿਚ ਕ੍ਰਿਸ਼ਨ ਦੇ ਹੱਥੋਂ ਮਾਰਿਆ ਗਿਆ ਸੀ।

(ਸ-442) **ਸਾਲਾ :**

(ਵੇਖੋ : ਪੇਕੇ-ਸਹੁਰੇ)।

(ਸ-443) **ਸ਼ਾਲਿਹੋਤ੍ਰ :**

ਇਕ ਰਿਸ਼ੀ ਜਿਸ ਨੇ ਘੋੜਿਆਂ ਦੇ ਸੁਭਾਵ, ਲੱਛਣ ਅਤੇ ਰੋਗਾਂ ਆਦਿ ਬਾਰੇ ਇਕ ਗ੍ਰੰਥ ਲਿਖਿਆ। ਪੁਰਾਣਾਂ ਅਨੁਸਾਰ ਪਹਿਲਾਂ ਘੋੜਿਆਂ ਦੇ ਖੰਭ ਹੋਇਆ ਕਰਦੇ ਸਨ। ਉਹ ਪੰਛੀਆਂ ਵਾਂਗ ਹੀ ਅਸਮਾਨ ਵਿਚ ਉਡਿਆ ਕਰਦੇ ਸਨ ਅਤੇ ਲੋਕਾਂ ਦੇ ਮਕਾਨਾਂ ਦੀਆਂ ਛੱਤਾਂ ਅਤੇ ਬਨੇਰਿਆਂ ਉਪਰ ਬੈਠ ਕੇ ਖਰੂਦ ਕੀਤਾ ਕਰਦੇ ਸਨ। ਇੰਦਰ ਦੇ ਆਦੇਸ਼ ਉਤੇ ਸ਼ਾਲਿਹੋਤ੍ਰ ਰਿਸ਼ੀ ਨੇ ਘੋੜਿਆਂ ਦੇ ਖੰਭ ਕਟ ਦਿਤੇ ਸਨ।

ਇਸੇ ਰਿਸ਼ੀ ਦੇ ਨਾਉਂ ਤੇ ਪਸ਼ੂਆਂ ਦੀ ਵਿੱਦਿਆ ਲਈ ਸਾਲਹੋਤ੍ਰ ਵਿੱਦਿਆ ਦਾ ਨਾਉਂ ਪ੍ਰਚਲਤ ਹੋਇਆ।

(ਸ-444) **ਸਾਲਿਬਾਹਨ :**

ਪੰਜਾਬ ਦਾ ਇਕ ਪ੍ਰਸਿਧ ਲੋਕ-ਕਥਾਈ (Legendary) ਰਾਜਾ, ਜਿਸ ਨਾਲ ਲੋਕ-ਕਥਾਵਾਂ ਦਾ ਸਭ ਤੋਂ ਵੱਡਾ ਤੇ ਮਹੱਤਵਪੂਰਣ ਚੱਕਰ ਜੁੜਿਆ ਹੋਇਆ ਹੈ ਅਤੇ ਜੋ ਪੰਜਾਬੀਆਂ ਦਾ ਪ੍ਰਾਚੀਨਤਮ ਲੋਕ-ਨਾਇਕ ਹੈ। ਇਸ ਨੇ ਬਦੇਸ਼ੀ ਧਾੜਵੀਆਂ ਨੂੰ ਪੰਜਾਬ ਦੀ ਧਰਤੀ ਵਿਚੋਂ ਕਢ ਕੇ ਅਤੇ ਕਰੂਰ ਦੇ ਮੈਦਾਨ ਵਿਚ ਉਨ੍ਹਾਂ ਉਤੇ ਭਾਰੀ ਜਿੱਤ ਪ੍ਰਾਪਤ ਕਰ ਕੇ, ਸਾਕਾ ਸੰਮਤ

ਦੀ ਨੀਂਹ ਰਖੀ। ਸਾਲਿਵਾਹਨ ਇਕ ਵਿਸ਼ਾਲ ਬੋਹੜ ਵਾਂਗ ਹੈ, ਜਿਸ ਦੇ ਇਕ ਪਾਸੇ ਪ੍ਰਵਿਰਤੀ ਦੀ ਨਿਰਮਲ ਤੇ ਸੀਤ ਧਾਰਾ 'ਪੂਰਨ-ਲੂਣਾਂ-ਸੁੰਦਰਾਂ' ਦੇ ਰੂਪ ਵਿਚ ਨਿਕਲ ਕੇ ਪੰਜਾਬ ਦੇ ਪੂਰਬੀ ਖੇਤਰ ਵਿਚ ਫੈਲਦੀ ਹੈ ਅਤੇ ਦੂਜੇ ਤਟ ਤੋਂ ਪ੍ਰਵਿਰਤੀ ਦੀ ਭਖਦੀ ਤੇ ਜੋਸ਼ੀਲੀ ਧਾਰਾ 'ਰਸਾਲੂ-ਕੋਕਲਾਂ-ਹੋਡੀ' ਦੀ ਸ਼ਕਲ ਵਿਚ ਪੱਛਮੀ ਖੇਤਰ ਵਿਚ ਤੂਫ਼ਾਨ ਲੈ ਆਉਂਦੀ ਹੈ। ਇਨ੍ਹਾਂ ਦੋ ਵਿਪੱਖੀ ਪ੍ਰਵਿਰਤੀਆਂ ਵਾਲੇ ਲੋਕ-ਨਾਇਕਾਂ ਦਾ ਪਿਤਾ ਸਾਲਿਵਾਹਨ ਖ਼ੁਦ ਇਕ ਯੁਗ ਬਣ ਕੇ ਲੋਕ-ਸਿਮਰਤੀ ਉਤੇ ਛਾਇਆ ਰਿਹਾ ਅਤੇ ਲੋਕ-ਸੱਚ ਤੋਂ ਇਤਿਹਾਸਕ ਸੱਚ ਬਣਨ ਲਈ ਜੂਝਦਾ ਰਿਹਾ।

ਸਾਲਿਵਾਹਨ ਨਾਲ ਢੇਰ ਸਾਰੀ ਲੋਕਧਾਰਾ ਸਮਿਲਤ ਹੋ ਜਾਣ ਕਰ ਕੇ ਉਸ ਦਾ ਯਥਾਰਥਕ ਤੇ ਇਤਿਹਾਸਕ ਮੁਹਾਂਦਰਾ, ਜੇ ਕੋਈ ਹੈ ਵੀ ਸੀ ਤਾਂ ਉਹ ਧੁੰਦਲਾ ਪੈ ਗਿਆ ਹੈ। ਉਸ ਦੇ ਜਨਮ, ਜਾਤ, ਕਾਲ, ਸਥਾਨ ਕਿਸੇ ਗੱਲ ਬਾਰੇ ਵੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਸਾਲਿਵਾਹਨ ਬਾਰੇ ਜੋ ਰਵਾਇਤਾਂ ਪ੍ਰਚਲਤ ਹਨ, ਉਹ ਇਤਨੀਆਂ ਆਤਮ-ਵਿਰੋਧੀ, ਕਾਲ-ਵਿਥੀ ਤੇ ਸਥਾਨ-ਭੇਦੀ ਹਨ ਕਿ ਸਭ ਆਕਾਰ ਧੁੰਦਲੇ ਤੇ ਖੰਡਤ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਧਾਰ ਬਣਾ ਕੇ ਕਿਸੇ ਕਾਲ-ਕੇਂਦ੍ਰਤ ਇਤਿਹਾਸਕ ਬਿੰਦੂ ਉਤੇ ਨਹੀਂ ਪੁਜਿਆ ਜਾ ਸਕਦਾ। ਪਰ ਇਕ ਗੱਲ ਸਪਸ਼ਟ ਹੈ ਕਿ ਸਾਲਿਵਾਹਨ ਕੋਈ ਪ੍ਰਤਿਭਾਸ਼ਾਲੀ ਗੌਰਵ ਵਾਲਾ ਸੂਰਬੀਰ ਲੋਕ-ਨਾਇਕ ਸੀ, ਜਿਸ ਨੇ ਦੋ ਹੋਰ ਮਹਾਨ ਲੋਕ-ਨਾਇਕ — ਪੂਰਨ ਤੇ ਰਸਾਲੂ ਨੂੰ ਆਪਣੇ ਕਰਮ ਖੇਤਰ ਵਿਚ ਸਮੋ ਲਿਆ।

ਹੋ ਸਕਦਾ ਹੈ ਕਿ ਸਾਲਿਵਾਹਨ ਕੋਈ ਉਪਾਧੀ ਹੋਵੇ ਜਿਸ ਨੂੰ ਕਈ ਰਾਜਿਆਂ ਨੇ ਗ੍ਰਹਿਣ ਕੀਤਾ ਹੋਵੇ ਤੇ ਲੋਕ-ਸਿਮਰਤੀ ਵਿਚ ਕਈ ਯਾਦਾਂ ਇਕ ਦੂਜੇ ਵਿਚ ਰਚ ਕੇ, ਇਕਾਗਰ ਸਰੂਪ ਵਿਚ ਉਭਰ ਆਈਆਂ ਹੋਣ। ਸਾਲਿਵਾਹਨ ਦਾ ਸ਼ਾਬਦਿਕ ਅਰਥ ਇਸੇ ਗੱਲ ਵਲ ਸੰਕੇਤ ਕਰਦਾ ਹੈ। ਸ਼ਾਲਿ ਤੋਂ ਭਾਵ ਸ਼ਿਲਾ (ਪੱਥਰ) ਹੈ ਤੇ ਵਾਹਨ ਸਵਾਰੀ ਦਾ ਸਾਧਨ ਹੈ। ਹੋ ਸਕਦਾ ਹੈ ਕਿ ਸਾਲਿਵਾਹਨ ਦੀਆਂ ਫ਼ੌਜਾਂ ਨੇ ਵਿਰੋਧੀ ਧਿਰ ਦੀ ਸੈਨਾ ਨੂੰ ਪੱਥਰ ਮਾਰ ਮਾਰ ਕੇ ਨਸ਼ਟ ਕਰ ਦਿਤਾ ਹੋਵੇ ਅਤੇ ਵਿਜੈ ਮਗਰੋਂ ਇਹ ਉਪਾਧੀ ਧਾਰਨ ਕਰ ਲਈ ਹੋਵੇ। ਇਕ ਹੋਰ ਅਰਥ ਅਨੁਸਾਰ ਸ਼ਾਲਿ ਤੋਂ ਭਾਵ ਘੋੜੇ ਦਾ ਹੈ। ਚੰਗਾ ਘੋੜ-ਸਵਾਰ ਹੋਣ ਕਰ ਕੇ ਉਸ ਰਾਜੇ ਲਈ ਇਹ ਉਪਾਧੀ ਪ੍ਰਚਲਤ ਹੋ ਗਈ ਹੋਵੇ। ਜੇ ਇਹੋ ਗੱਲ ਹੈ ਤਾਂ ਇਹ ਸ਼ਬਦ ਬਿਕ੍ਰਮਾਜੀਤ ਵਾਂਗ ਕਈਆਂ ਦੀ ਉਪਾਧੀ ਹੋ ਸਕਦਾ ਹੈ। ਨਹੀਂ ਤਾਂ ਪ੍ਰਤਿਪੱਖੀ ਵਿਚਾਰ ਸਾਲਿਵਾਹਨ ਨਾਲ ਕਦੇ ਨਾ ਜੁੜੇ ਹੁੰਦੇ।

ਇਕ ਰਵਾਇਤ ਅਨੁਸਾਰ ਸਾਕਾ ਸੰਮਤ ਦਾ ਮੁੱਢ ਸਾਲਿਵਾਹਨ ਨੇ ਬੰਨ੍ਹਿਆ। ਜਦੋਂ ਇੰਡੋ-ਸਿਥੀਅਨ ਕਬੀਲੇ ਪੰਜਾਬ ਵਲ ਅੱਗੇ ਵਧ ਰਹੇ ਸਨ, ਤਾਂ ਸਾਲਿਵਾਹਨ ਨੇ ਮੁਲਤਾਨ ਦੇ ਲਾਗੇ ਕਰੋਰ ਦੇ ਸਥਾਨ ਉਤੇ, ਉਨ੍ਹਾਂ ਨਾਲ ਘੋਰ ਯੁਧ ਲੜ ਕੇ ਵਿਜੈ ਪ੍ਰਾਪਤ ਕੀਤੀ ਤੇ ਇਸੇ ਖ਼ੁਸ਼ੀ ਵਿਚ ਸਾਕਾਹਾਰੀ ਸੰਮਤ ਸ਼ੁਰੂ ਕੀਤਾ। ਇਹ ਗੱਲ 78 ਈਸਵੀ ਦੀ ਹੈ।

ਪਰ ਦੂਜੀ ਰਵਾਇਤ ਅਨੁਸਾਰ ਸਾਲਿਵਾਹਨ ਇੰਡੋ-ਸਿਥੀਅਨ ਸੀ। ਉਜੈਨ ਦਾ ਰਾਜਾ ਵਿਕ੍ਰਮਾਦਿਤਯ ਜਦੋਂ ਪੰਜਾਬ ਆਇਆ ਤਾਂ ਸਾਲਿਵਾਹਨ ਨੇ, ਜੋ ਉਦੋਂ ਸਿਆਲਕੋਟ ਦਾ ਰਾਜਾ ਸੀ, ਉਸ ਦੀ ਉੱਕੀ ਪਰਵਾਹ ਨਾ ਕੀਤੀ। ਵਿਕ੍ਰਮਾਦਿਤਯ ਨੇ ਆਪਣਾ ਅਪਮਾਨ ਸਮਝ ਕੇ ਸਿਆਲਕੋਟ 'ਤੇ ਧਾਵਾ ਬੋਲ ਦਿਤਾ। ਇਸ ਯੁਧ ਵਿਚ ਸਾਲਿਵਾਹਨ ਨੂੰ ਵਿਜੈ ਪ੍ਰਾਪਤ ਹੋਈ ਅਤੇ ਉਸ ਨੇ ਜਿੱਤ ਦੀ ਖ਼ੁਸ਼ੀ ਵਿਚ ਸਾਕਾ ਸੰਮਤ ਦਾ ਮੁੱਢ ਬੰਨ੍ਹਿਆ।

ਇਨ੍ਹਾਂ ਰਵਾਇਤਾਂ ਤੋਂ ਭਾਵੇਂ ਸਾਲਿਵਾਹਨ ਦੀ ਜਾਤ ਨਸਲ ਬਾਰੇ ਘਚੋਲਾ ਮਚ ਜਾਂਦਾ ਹੈ, ਪਰ ਇਕ ਗੱਲ ਸਪਸ਼ਟ ਹੈ ਕਿ ਸਾਕਾ ਸੰਮਤ ਦਾ ਉਸ ਨਾਲ ਕੋਈ ਸਬੰਧ ਜ਼ਰੂਰ ਹੈ। ਦੱਖਣ ਵਿਚ ਸਾਕਾ-ਕਾਲ ਨੂੰ 'ਸਾਲਿਵਾਹਨ-ਕਾਲ' ਵੀ ਕਿਹਾ ਜਾਂਦਾ ਰਿਹਾ ਹੈ (E. R. E. 9,65)।

ਕੁਝ ਰਵਾਇਤਾਂ ਸਾਲਿਵਾਹਨ ਨੂੰ ਨਾਗ ਕਬੀਲੇ ਦਾ ਵੀ ਸਿਧ ਕਰਦੀਆਂ ਹਨ। ਸਾਲਿਵਾਹਨ ਦੇ ਜਨਮ ਬਾਰੇ ਦੋ ਭਿੰਨ, ਪਰ ਰੋਚਕ ਕਥਾਵਾਂ ਪ੍ਰਚਲਤ ਹਨ। ਪਹਿਲੀ ਕਥਾ,

ਜੋ ਸਿਆਲਕੋਟ-ਸੂਚਿਕ ਹੈ, ਦੇ ਅਨੁਸਾਰ ਇਕ ਖਤਰਾਣੀ ਐਕ ਨਦੀ ਵਿਚ ਨਹਾ ਰਹੀ ਸੀ, ਤਾਂ ਜਲ ਵਿਚ ਵਿਚਰ ਰਿਹਾ ਬਾਸਕ ਨਾਗ ਉਸ ਦੇ ਰੂਪ 'ਤੇ ਮੋਹਿਤ ਹੋ ਗਿਆ ਤੇ ਉਸ ਨੇ ਖਤਰਾਣੀ ਨਾਲ ਆਲਿੰਗਨ ਕੀਤਾ, ਜਿਸ ਤੋਂ ਸਾਲਿਵਾਹਨ ਪੈਦਾ ਹੋਇਆ। ਸਾਲਿਵਾਹਨ ਜਦੋਂ ਵੱਡਾ ਹੋਇਆ, ਤਾਂ ਉਸ ਨੇ ਬਾਸਕ ਨਾਗ ਦੀ ਮਦਦ ਨਾਲ ਸਿਆਲਕੋਟ ਦੇ ਇਲਾਕੇ 'ਤੇ ਆਪਣਾ ਰਾਜ-ਅਧਿਕਾਰ ਸਥਾਪਿਤ ਕਰ ਲਿਆ। ਇਕ ਹੋਰ ਰਵਾਇਤ ਅਨੁਸਾਰ ਸੁਮਿਤ੍ਰਾ ਨੇ ਐਕ ਨਦੀ ਵਿਚ ਰੁੜ੍ਹਦਾ ਇਕ ਫੁੱਲ ਸੁੰਘਿਆ ਤੇ ਉਸ ਨੂੰ ਗਰਭ ਠਹਿਰ ਗਿਆ, ਜਿਸ ਤੋਂ ਸਾਲਿਵਾਹਨ ਦਾ ਜਨਮ ਹੋਇਆ।

ਇਸੇ ਤਰ੍ਹਾਂ ਦੀ ਦੂਜੀ ਰਵਾਇਤ ਹਰੀਦਾਸ ਦੀ ਪ੍ਰਾਕ੍ਰਿਤ ਵਿਚ ਲਿਖੀ ਕਾਵਿ-ਕਥਾ 'ਵਿਕ੍ਰਮ ਚਰਿਤ੍ਰ' ਵਿਚ ਮਿਲਦੀ ਹੈ, ਜੋ ਸਾਲਿਵਾਹਨ ਨੂੰ ਸ਼ੇਸ਼ ਨਾਗ ਦੀ ਸੰਤਾਨ ਦਸਦੀ ਹੈ। ਇਸ ਕਥਾ ਅਨੁਸਾਰ ਪ੍ਰਭਿਸ਼ਠਾਨ ਨਾਮਕ ਨਗਰ ਦੇ ਇਕ ਬ੍ਰਾਹਮਣ ਸਲੋਚਨ ਦੀ ਕੰਨਿਆ ਸੁਮਿਤ੍ਰਾ, ਜਦੋਂ ਸੱਤਾਂ ਵਰ੍ਹਿਆਂ ਦੀ ਸੀ, ਤਾਂ ਗੋਦਾਵਰੀ ਦੇ ਕੰਢੇ ਸ਼ੇਸ਼ ਨਾਗ ਨੇ, ਉਸ ਨਾਲ ਆਲਿੰਗਨ ਕੀਤਾ, ਜਿਸ ਤੋਂ ਸਾਲਿਵਾਹਨ ਦਾ ਜਨਮ ਹੋਇਆ (ਵੇਖੋ : ਸੁਮਿਤ੍ਰਾ)। ਵਿਕ੍ਰਮਾਜੀਤ ਨੂੰ ਜੋਤਸ਼ੀਆਂ ਨੇ ਦਸਿਆ ਸੀ ਕਿ ਉਸ ਦੀ ਮੌਤ ਸੱਤ ਵਰ੍ਹੇ ਦੀ ਕੰਨਿਆ ਦੇ ਉਦਰ ਤੋਂ ਪੈਦਾ ਹੋਏ ਬਾਲ ਦੇ ਹੱਥੋਂ ਹੋਵੇਗੀ। ਸੋ ਵਿਕ੍ਰਮਾਜੀਤ ਨੇ ਸਾਲਿਵਾਹਨ ਦੀ ਹੱਤਿਆ ਕਰਨੀ ਚਾਹੀ, ਪਰ ਸਾਲਿਵਾਹਨ ਨੇ ਸ਼ੇਸ਼ ਨਾਗ ਦੀ ਦੈਵੀ ਸਹਾਇਤਾ ਨਾਲ ਵਿਕ੍ਰਮਾਜੀਤ ਉਪਰ ਵਿਜੈ ਪ੍ਰਾਪਤ ਕੀਤੀ ਤੇ ਇਕ ਨਵਾਂ ਸੰਮਤ ਚਲਾਇਆ।

ਇਹ ਦੋਵੇਂ ਜਨਮ-ਕਥਾਵਾਂ ਇਕ ਦੂਜੀ ਦਾ ਹੀ ਵਿਗਾੜ ਹਨ। ਪਹਿਲੀ ਕਥਾ ਵਿਚਲੀ ਖਤਰਾਣੀ, ਐਕ ਨਦੀ ਤੇ ਬਾਸਕ ਨਾਗ ਦੂਜੀ ਕਥਾ ਵਿਚਲੀ ਬ੍ਰਾਹਮਣ ਕੰਨਿਆ, ਗੋਦਾਵਰੀ ਤੇ ਸ਼ੇਸ਼ ਨਾਗ ਦਾ ਹੀ ਬਦਲਿਆ ਹੋਇਆ ਰੂਪ ਹੈ। ਦੋਹਾਂ ਵਿਚ ਪ੍ਰਾਕ੍ਰਿਤ ਮੂਲਕ ਕਥਾ ਵਧੇਰੇ ਪ੍ਰਾਚੀਨ ਜਾਪਦੀ ਹੈ। ਮਗਰੋਂ ਜਦੋਂ ਸਾਲਿਵਾਹਨ ਦਾ ਨਾਂ ਸਿਆਲਕੋਟ ਨਾਲ ਜੁੜ ਗਿਆ, ਤਾਂ ਉਸ ਨਾਲ ਸੰਬੰਧਤ ਜਨਮ-ਕਥਾਵਾਂ ਦਾ ਵੀ ਸਥਾਨੀਕਰਣ ਕਰ ਕੇ ਉਸ ਨੂੰ ਐਕ ਨਦੀ ਨਾਲ ਜੋੜ ਦਿਤਾ ਗਿਆ।

ਇਕ ਹੋਰ ਰਵਾਇਤ ਸਾਲਿਵਾਹਨ ਨੂੰ ਭੱਟੀ ਰਾਜਪੂਤਾਂ ਦਾ ਵਡਿਕਾ ਮੰਨਦੀ ਹੈ। ਇਸ ਰਵਾਇਤ ਅਨੁਸਾਰ ਸਾਲਿਵਾਹਨ ਰਾਜਾ ਗਜ ਦੀ ਚੌਧਵੀਂ ਪੀੜ੍ਹੀ ਵਿਚੋਂ ਸੀ। ਰਾਜੇ ਗਜ ਨੇ ਮਸੀਹ ਤੋਂ ਤਿੰਨ ਸਦੀਆਂ ਪਹਿਲਾਂ ਗਜ਼ਨੀ ਦੀ ਨੀਂਹ ਰਖੀ ਸੀ। ਜੈਸਲਮੇਰ ਦੇ ਭੱਟੀ ਰਾਜਪੂਤ ਆਪਣੇ ਆਪ ਨੂੰ ਰਾਜਾ ਰਸਾਲੂ ਤੇ ਸਾਲਿਵਾਹਨ ਦੀ ਵੰਸ਼ ਦਸਦੇ ਹਨ। ਰਾਜਪੂਤਾਂ ਦੀਆਂ ਕੁਝ ਹੋਰ ਗੋਤਾਂ ਜਿਹਾ ਕਿ ਮੰਜ ਰਾਜਪੂਤ ਆਦਿ ਵੀ ਆਪਣਾ ਸ਼ਜਰਾ ਸਾਲਿਵਾਹਨ ਨਾਲ ਜੋੜਦੇ ਹਨ। ਮੰਜ ਰਾਜਪੂਤਾਂ ਦੇ ਸ਼ਜਰੇ ਅਨੁਸਾਰ ਸਾਲਿਵਾਹਨ ਉਨ੍ਹਾਂ ਦਾ ਵਡਿਕਾ ਸੀ। ਉਸੇ ਸ਼ਜਰੇ ਅਨੁਸਾਰ ਸਾਲਿਵਾਹਨ ਕ੍ਰਿਸ਼ਨ ਤੋਂ 26ਵੀਂ ਪੀੜ੍ਹੀ 'ਤੇ ਸੀ (ਗਲਾਸਰੀ 3,292)। ਮੰਜਾਂ ਦੀ ਇਸ ਰਵਾਇਤ ਅਨੁਸਾਰ ਸਾਲਿਵਾਹਨ ਯਾਦਵ ਕੁਲ ਨਾਲ ਜਾ ਜੁੜਦਾ ਹੈ।

ਸਿਆਲਕੋਟ ਗਜ਼ਟੀਅਰ ਅਨੁਸਾਰ ਸਾਲਿਵਾਹਨ ਸੀਅ ਜਾਤੀ ਦਾ ਸੀ। ਇਸ ਲਈ ਉਸ ਨੇ ਆਪਣੀ ਰਾਜਧਾਨੀ ਦਾ ਨਾਂ ਸੀਅਕੋਟ ਰਖਿਆ, ਜੋ ਮਗਰੋਂ ਸਿਆਲਕੋਟ ਪ੍ਰਸਿੱਧ ਹੋਇਆ। ਪਰ ਸੀਆ ਜਾਤੀ ਕਿਸ ਨਸਲ ਵਿਚੋਂ ਸੀ, ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿਤੀ ਗਈ।

ਇਨ੍ਹਾਂ ਵਿਵਧ ਰਵਾਇਤਾਂ ਵਿਚ ਇਤਿਹਾਸਕ ਤੱਥ ਲਭਣਾ ਸਹਿਜ ਨਹੀਂ। ਜੇ ਇਕ ਜਨਮ-ਮਿਥ ਸਾਲਿਵਾਹਨ ਨੂੰ ਨਾਗ ਸਿਧ ਕਰਦੀ ਹੈ, ਤਾਂ ਦੂਜੀ ਕਰਮ-ਮਿਥ ਉਸ ਨੂੰ ਸਾਕਾਹਰੀ। ਜੇ ਤੀਜੀ ਜਾਤੀ-ਮਿਥ ਸਾਕਾ ਦਸਦੀ ਹੈ, ਤਾਂ ਚੌਥੀ ਵੰਸ਼-ਮਿਥ ਉਸ ਨੂੰ ਯਾਦਵ ਕੁਲ ਨਾਲ ਜੋੜਦੀ ਹੈ। ਕਈ ਲੋਕਧਾਰਾ-ਸ਼ਾਸਤਰੀਆਂ ਨੇ ਇਨ੍ਹਾਂ ਰਵਾਇਤਾਂ ਵਿਚ ਇਕਸਾਰਤਾ ਪ੍ਰਗਟ ਕਰਨ ਦਾ ਯਤਨ ਵੀ ਕੀਤਾ ਹੈ ਜਿਵੇਂ ਕਰਨਲ ਟਾਡ ਨੇ ਨਾਗ (ਤਕਸ਼ਕ) ਕੌਮ ਨੂੰ ਸਾਕਿਆਂ ਦੀ ਹੀ ਇਕ ਸ਼ਾਖ ਦਸਿਆ ਹੈ। ਇਸੇ ਤਰ੍ਹਾਂ ਕਰਨਲ ਟਾਡ ਨੇ ਰਾਜਪੂਤਾਂ ਨੂੰ ਇੰਡੋ-ਸਿਥੀਅਨ ਅਥਵਾ ਸਾਕੇ ਹੀ ਮੰਨਿਆ ਹੈ। ਜੇ ਇਹ ਮੱਤ ਪ੍ਰਵਾਨ ਕਰ ਲਿਆ ਜਾਏ, ਤਾਂ ਉਪਰੋਕਤ ਸਮੂਹ ਸਾਰੀਆਂ ਰਵਾਇਤਾਂ

ਪ੍ਰਤਿਪੱਖੀ ਨਹੀਂ ਰਹਿੰਦੀਆਂ ਅਤੇ ਸਾਲਿਵਾਹਨ ਨੂੰ ਸਾਕਾ ਹੀ ਸਿਧ ਕਰਦੀਆਂ ਹਨ।

ਜਨਰਲ ਕਨਿੰਘਮ ਸਾਲਿਵਾਹਨ ਨੂੰ ਯਾਦਵ ਕੁਲ ਵਿਚੋਂ ਮੰਨਦਾ ਹੈ। ਉਸ ਦੇ ਕਥਨ ਅਨੁਸਾਰ ਸਾਲਿਵਾਹਨ ਦਾ ਪਿਉ ਗਾਜ਼ੀਪੁਰ (ਰਾਵਲਪਿੰਡੀ) ਵਿਚ ਰਾਜ ਕਰਦਾ ਸੀ। ਜਦੋਂ ਇੰਡੋ-ਸਿਥੀਅਨ ਕਬੀਲਿਆਂ ਨੇ ਗਾਜ਼ੀਪੁਰ ਉਤੇ ਧਾਵਾ ਬੋਲਿਆ, ਤਾਂ ਸਾਲਿਵਾਹਨ ਦਾ ਪਿਉ ਵੈਰੀਆਂ ਹੱਥੋਂ ਮਾਰਿਆ ਗਿਆ। ਸਾਲਿਵਾਹਨ ਆਪਣੀ ਸੈਨਾ ਨਾਲ ਪੂਰਬੀ ਪੰਜਾਬ ਵਲ ਭਜ ਨੱਠਾ ਅਤੇ ਉਸ ਨੇ ਜੰਮੂ ਦੇ ਨੇੜੇ ਆਪਣੀ ਨਵੀਂ ਰਾਜਧਾਨੀ ਸਾਲਿਵਾਹਨਪੁਰ ਵਸਾਈ, ਜੋ ਮਗਰੋਂ ਸਿਆਲਕੋਟ ਦੇ ਨਾਂ ਨਾਲ ਪ੍ਰਸਿਧ ਹੋਈ।

ਕੁਝ ਰਵਾਇਤਾਂ ਸਾਲਿਵਾਹਨ ਤੇ ਵਿਕ੍ਰਮਾ-ਦਿਤਯ ਨੂੰ ਇਕੋ ਵਿਅਕਤੀ ਮੰਨਦੀਆਂ ਹਨ। ਜਨਰਲ ਕਨਿੰਘਮ ਦੀ ਇਹੋ ਧਾਰਨਾ ਹੈ, ਪਰ ਕੁਝ ਦੂਜੀਆ ਰਵਾਇਤਾਂ ਅਨੁਸਾਰ ਸਿਆਲਕੋਟ ਵਿਚ ਸਾਲਿਵਾਹਨ ਤੇ ਵਿਕ੍ਰਮਾਦਿਤਯ ਦਾ ਯੁਧ ਹੋਇਆ, ਜਿਸ ਵਿਚ ਸਾਲਿਵਾਹਨ ਨੂੰ ਵਿਜੈ ਪ੍ਰਾਪਤ ਹੋਈ। ਹੋ ਸਕਦਾ ਹੈ ਕਿ ਜਿੱਤ ਤੋਂ ਬਾਅਦ ਸਾਲਿਵਾਹਨ ਨੇ ਵਿਕ੍ਰਮਾਦਿਤਯ ਦੀ ਉਪਾਧੀ ਗ੍ਰਹਿਣ ਕਰ ਲਈ ਹੋਵੇ, ਜਿਸ ਤੋਂ ਇਹ ਘਚੋਲਾ ਪੈਦਾ ਹੋ ਗਿਆ ਹੋਵੇ।

ਦੱਖਣ ਦੀਆਂ ਰਵਾਇਤਾਂ ਅਨੁਸਾਰ ਸਾਲਿਵਾਹਨ ਦੀ ਰਾਜਧਾਨੀ ਗੋਦਾਵਰੀ ਨਦੀ ਦੇ ਕੰਢੇ ਪ੍ਰਤਿਸ਼ਠਾਨ ਵਿਚ ਸੀ। ਇਹ ਨਗਰ ਔਰੰਗਾਬਾਦ ਦੇ ਜ਼ਿਲੇ ਵਿਚ ਹੈ ਅਤੇ 'ਪੈਥਾਂ' ਦੇ ਨਾਂ ਨਾਲ ਪ੍ਰਸਿਧ ਹੈ। ਇਥੋਂ ਹੀ ਆ ਕੇ ਸਾਲਿਵਾਹਨ ਨੇ ਪੰਜਾਬ ਨੂੰ ਫ਼ਤਹਿ ਕੀਤਾ ਅਤੇ ਸਾਲਿਵਾਹਨਕੋਟ ਵਸਾਇਆ।

ਪਰ ਕਪੂਰ ਸਿੰਘ ਅਨੁਸਾਰ ਪਠਾਨਕੋਟ ਦਾ ਪ੍ਰਾਚੀਨ ਨਾਂ ਪ੍ਰਤਿਸ਼ਠਾਨਕੋਟ ਸੀ, ਜੋ ਵਿਗੜ ਕੇ ਪਠਾਨਕੋਟ ਬਣ ਗਿਆ। ਇਹ ਨਗਰ ਕਦੇ ਮਹਾਰਾਜਾ ਸਾਲਿਵਾਹਨ ਦੇ ਰਾਜ ਦੀ ਸੀਮਾਂ ਉਤੇ ਰੱਖਿਅਕ ਕੋਟ ਸੀ (ਪੁੰਛੀਕ, 98)। ਇਸ ਤਰ੍ਹਾਂ ਸਾਲਿਵਾਹਨ-ਲੋਕਧਾਰਾ ਵਿਚ ਕਾਫ਼ੀ ਘਚੋਲੇ ਹਨ, ਜਿਨ੍ਹਾਂ ਦੇ ਹੁੰਦਿਆਂ ਨਿਰਮਲ ਤੱਥ ਨੂੰ ਨਿਤਾਰਨਾ ਸਹਿਜ ਨਹੀਂ ਰਿਹਾ।

ਮੱਧਕਾਲ ਵਿਚ ਜੋ ਰਵਾਇਤਾਂ ਸਾਲਿਵਾਹਨ ਨਾਲ ਜੁੜੀਆਂ, ਉਨ੍ਹਾਂ ਸਦਕਾ ਸਾਲਿਵਾਹਨ ਦਾ ਕਾਲ ਨਿਸਚਤ ਕਰਨਾ ਵੀ ਅਸੰਭਵ ਹੋ ਗਿਆ ਹੈ। ਉਪਰੋਂ ਵੇਖਿਆਂ ਤਾਂ ਇਹ ਗੱਲ ਬੜੀ ਸੌਖੀ ਲੱਗਦੀ ਹੈ। ਸਾਲਿਵਾਹਨ ਸਾਕਾ ਸੰਮਤ ਦਾ ਮੋਢੀ ਸੀ, ਇਸ ਲਈ ਸਹਿਜ ਹੈ ਕਿ ਉਹ ਪਹਿਲੀ ਸਦੀ ਪੂਰਬੀ ਈਸਵੀ ਵਿਚ ਹੋਇਆ। ਪਰ ਇਹੋ ਸਾਲਿਵਾਹਨ ਇਕ ਪਾਸੇ ਰਾਜੇ ਰਸਾਲੂ ਦਾ ਪਿਤਾ ਹੈ ਅਤੇ ਦੂਜੇ ਪਾਸੇ ਪੂਰਨ ਭਗਤ ਦਾ। ਰਾਜੇ ਰਸਾਲੂ ਦਾ ਸਮਾਂ ਰਿਚਰਡ ਟੈਂਪਲ ਅਤੇ ਕੁਝ ਹੋਰ ਵਿਦਵਾਨਾਂ ਨੇ ਅਠਵੀਂ ਸਦੀ ਨਿਸਚਤ ਕੀਤਾ ਹੈ। ਦੂਜੇ ਪਾਸੇ ਪੂਰਨ ਭਗਤ ਦਾ ਏਕੀਕਰਣ ਚੌਰੰਗੀ ਨਾਥ ਨਾਲ ਕੀਤਾ ਜਾਂਦਾ ਹੈ, ਜੋ ਗੋਰਖਨਾਥ ਦਾ ਸਮਕਾਲੀ ਸੀ। ਰਸਾਲੂ ਤੇ ਪੂਰਨ ਬਾਰੇ ਵਿਚਾਰ ਅਸੀਂ ਉਨ੍ਹਾਂ ਦੇ ਨਾਵਾਂ ਹੇਠ ਹੀ ਕਰਾਂਗੇ। ਇਥੇ ਕੇਵਲ ਇਹੋ ਦਸਣਾ ਕਾਫ਼ੀ ਹੈ ਕਿ ਪੂਰਨ ਦੀ ਕਥਾ ਜੋਗ ਮਤ ਦੀ ਚੜ੍ਹਤ ਸਮੇਂ ਰਾਜੇ ਸਾਲਿਵਾਹਨ ਨਾਲ ਸਮਿਲਤ ਕਰ ਦਿਤੀ ਗਈ ਅਤੇ ਉਸ ਨੂੰ ਆਧਾਰ ਬਣਾ ਕੇ ਸਾਲਿਵਾਹਨ ਨੂੰ ਕਾਲ-ਕੇਂਦ੍ਰਿਤ ਕਰਨਾ ਨਿਸਚੇ ਹੀ ਭੁਲ-ਭੁਲੱਈਆਂ ਵਿਚ ਭਟਕਣਾ ਹੈ। ਰਾਜਾ ਰਸਾਲੂ ਨੂੰ ਕੁਝ ਇਤਿਹਾਸਕਾਰ ਪਹਿਲੀ ਸਦੀ ਪੂਰਬੀ ਈਸਵੀ ਵਿਚ ਹੋਇਆ ਮੰਨਦੇ ਹਨ ਅਤੇ ਇਨ੍ਹਾਂ ਸਭ ਤੱਥਾਂ ਦੇ ਹੁੰਦਿਆਂ ਜਦੋਂ ਤਕ ਕੋਈ ਹੋਰ ਨਿਗਰ ਸਬੂਤ ਨਾ ਮਿਲੇ, ਸਾਨੂੰ ਇਹ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਕਿ ਸਾਲਿਵਾਹਨ ਪਹਿਲੀ ਸਦੀ ਬੀ.ਸੀ ਵਿਚ ਹੋਇਆ।

ਆਮ ਤੌਰ ਤੇ ਰਾਜੇ ਸਾਲਿਵਾਹਨ ਦੇ ਦੋ ਹੀ ਪੁੱਤਰ ਮੰਨੇ ਜਾਂਦੇ ਹਨ, ਪਰ ਕਰਨਲ ਟਾਡ ਨੇ ਰਾਜਸਥਾਨ ਦੇ ਇਤਿਹਾਸ ਵਿਚ ਸਾਲਿਵਾਹਨ ਦੇ 13 ਪੁੱਤਰਾਂ ਦੇ ਨਾਂ ਦਿਤੇ ਹਨ—ਬਲੰਦ, ਰਸਾਲੂ, ਧਰਮ ਅੰਗਦ, ਵਾਚਾ, ਰੂਪਾ, ਸੁੰਦਰ, ਲੇਖ, ਜਮਕਰਨ, ਨੈਮਾ, ਮਾਉਤ, ਨੀਪਕ, ਗੰਗਿਓ, ਜਗਿਉ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਇਸ ਸੂਚੀ ਵਿਚ ਪੂਰਨ ਦਾ ਨਾਂ ਨਹੀਂ।

ਰਾਜਾ ਸਲਵਾਨ, ਜੋ ਕਦੇ ਪੰਜਾਬੀ ਗਭਰੂਆਂ ਦਾ ਸੁਪਨਾ ਸੀ, ਦਾ ਪਤਨ ਜੋਗ ਮਤ ਦੀ ਚੜ੍ਹਤ ਵੱਲ ਹੋਇਆ, ਜਦੋਂ ਪੂਰਨ ਨੂੰ ਸਲਵਾਨ ਨਾਲ

ਪੁੱਤਰ ਦੇ ਰੂਪ ਵਿਚ ਜੋੜ ਲਿਆ ਗਿਆ। ਜੋਗੀ ਤਿਆਗੀ ਸਨ ਅਤੇ ਉਹ ਰਾਜਿਆਂ ਨੂੰ ਭੋਗੀ ਤੇ ਮਾਇਆਧਾਰੀ ਸਮਝ ਕੇ ਨਕਾਰਦੇ ਸਨ, ਇਸ ਲਈ ਉਨ੍ਹਾਂ ਨੇ ਸਲਵਾਨ ਨਾਲ ਲੂਣਾ ਦੀ ਕਥਾ ਜੋੜ ਕੇ ਉਸ ਦਾ ਪਹਿਲਾ ਬਿੰਬ ਖੰਡਤ ਕਰ ਦਿਤਾ।

(ਸ-445) **ਸਾਲੀ** :

(ਵੇਖੋ : ਜੀਜਾ-ਸਾਲੀ)।

(ਸ-446) **ਸਾਲੂ** :

(1) ਫੁਲਕਾਰੀ ਦੀ ਇਕ ਵਿਸ਼ੇਸ਼ ਕਿਸਮ; ਇਹ ਫੁਲਕਾਰੀ ਲਾਲ ਜਾਂ ਗੂੜ੍ਹੇ ਲਾਲ ਰੰਗ ਦੇ ਕਪੜੇ ਉਪਰ ਰੇਸ਼ਮ ਦੇ ਧਾਗਿਆਂ ਨਾਲ ਕੱਢੀ ਜਾਂਦੀ ਹੈ। ਇਸ ਕਪੜੇ ਨੂੰ ਫੇਰਿਆਂ ਵੇਲੇ ਕੰਨਿਆਂ ਸਿਰ ਉਪਰ ਓੜ੍ਹਦੀ ਹੈ। ਸਾਧਾਰਨ ਕਢਾਈ ਵਾਲੇ ਸਾਲੂ ਵੀ ਮਿਲਦੇ ਹਨ, ਜੋ ਘਰਾਂ ਵਿਚ ਆਮ ਪਹਿਨੇ ਜਾਂਦੇ ਹਨ। ਸਾਲੂ ਦੀ ਕਢਾਈ ਕਈ ਰੰਗਾਂ ਤੇ ਰੂਪਾਂ ਵਿਚ ਕੀਤੀ ਜਾਂਦੀ ਹੈ (ਵੇਖੋ : ਫੁਲਕਾਰੀ)।

ਸਾਲੂ ਦਾ ਜ਼ਿਕਰ ਕਈ ਲੋਕ-ਗੀਤਾਂ ਤੇ ਲੋਕ-ਕਹਾਣੀਆਂ ਵਿਚ ਆਉਂਦਾ ਹੈ। ਇਹ ਸ਼ਬਦ ਸੁਹਾਗ ਦਾ ਪ੍ਰਤੀਕ ਹੋਣ ਕਰ ਕੇ, ਅਧਿਆਤਮਕ ਪ੍ਰਾਪਤੀ ਦਾ ਵੀ ਬੋਧ ਕਰਾਉਂਦਾ ਹੈ। ਬੁਲ੍ਹੇ ਸ਼ਾਹ ਦੀ ਪ੍ਰਸਿੱਧ ਕਾਫ਼ੀ 'ਸਾਲੂ ਸਹਿਜ ਰੰਗਾਏ ਲੈ ਨੀ' ਵਿਚ ਸਾਲੂ ਅਧਿਆਤਮਕ ਪ੍ਰਾਪਤੀ ਵਲ ਸੰਕੇਤ ਕਰਦਾ ਹੈ।

(2) ਪੰਜਾਬ ਦੀ ਇਕ ਪ੍ਰਸਿਧ ਲੋਕ-ਕਥਾ 'ਸਾਲੂ' ਹੈ, ਜਿਸ ਵਿਚ ਇਕ ਨਨਾਣ ਅੰਬ ਆਪਣੀ ਭਰਜਾਈ ਦਾ ਸਾਲੂ ਮੰਗ ਕੇ ਸਹੇਲੀਆਂ ਨਾਲ ਸਾਵੇਂ ਬੂਟਣ ਲਈ ਜਾਂਦੀ ਹੈ। ਭਰਜਾਈ ਇਸ ਸ਼ਰਤ ਉਤੇ ਨਨਾਣ ਨੂੰ ਸਾਲੂ ਦੇਂਦੀ ਹੈ ਕਿ ਜੇ ਇਹਦੇ ਉਤੇ ਕਾਂ ਦੀ ਵਿੱਠ ਪੈ ਗਈ, ਤਾਂ ਉਹ ਉਸ ਦੇ ਲਹੂ ਨਾਲ ਸਾਲੂ ਨੂੰ ਧੋਏਗੀ, ਕਿਉਂ ਜੋ ਕਾਂ ਦੀ ਵਿੱਠ ਸਾਲੂ ਉਤੇ ਪੈ ਜਾਣੀ ਇਕ ਵੱਡੀ ਅਪਸ਼ਗਣੀ ਮੰਨੀ ਜਾਂਦੀ ਸੀ। ਏਵਨੇਂ ਪੀਂਘ ਝੂਟਦਿਆਂ ਇਕ ਕਾਂ ਨੇ ਸਾਲੂ ਉਤੇ ਵਿੱਠ ਕਰ ਦਿਤੀ। ਭਰਜਾਈ ਦੇ ਕਹਿਣ ਉਤੇ ਉਸ ਦੇ ਵੀਰ ਨੇ ਸਾਲੂ ਨੂੰ ਅੰਬੋ ਭੈਣ ਦੇ ਲਹੂ ਨਾਲ ਧੋਤਾ ਤੇ ਜਿਥੇ ਭੈਣ ਨੂੰ ਮਾਰ ਕੇ ਦਬਿਆ, ਉਥੇ ਅੰਬਾਂ ਦਾ ਬੂਟਾ ਉਗ ਆਇਆ। ਜਾਪਦਾ ਹੈ ਇਹ ਕਥਾ ਪ੍ਰਾਚੀਨ ਕਾਲ ਵਿਚ ਅੰਬ ਦੇ ਬਿਰਛ ਤੋਂ ਵਧੇਰੇ ਫਲ ਪ੍ਰਾਪਤ ਕਰਨ ਲਈ ਦਿਤੀ ਕਿਸੇ ਮਨੁਖੀ ਬਲੀ ਵਲ ਸੰਕੇਤ ਕਰਦੀ ਹੈ।

(ਸ-447) **ਸਾਲੂ ਆਰਤਾ** :

ਮੁਸਲਮਾਨਾਂ ਵਿਚ ਨਿਕਾਹ ਤੋਂ ਬਾਅਦ ਦੀ ਇਕ ਰਸਮ। ਨਿਕਾਹ ਤੋਂ ਅਗਲੀ ਸਵੇਰ ਦੂਲ੍ਹਾ ਤੇ ਉਸ ਦਾ ਸਬਾਲਾ ਆਪਣੇ ਸਾਥੀਆਂ ਨਾਲ ਰਲ ਮਿਲ ਕੇ ਉਚੇਚੀ ਬਣੀ ਖੀਰ ਖਾਂਦੇ ਹਨ। ਇਸ ਤੋਂ ਉਪਰੰਤ ਇਕ ਤਸ਼ਤਰੀ ਵਿਚ ਗੁੜ ਪਾ ਕੇ ਦੂਲ੍ਹੇ ਦੇ ਅੱਗੇ ਰਖਿਆ ਜਾਂਦਾ ਹੈ ਅਤੇ ਦੂਲ੍ਹਾ ਉਸ ਤਸ਼ਤਰੀ ਵਿਚ ਕੁਝ ਰੁਪਏ ਧਰਦਾ ਹੈ। ਇਸ ਰੀਤ ਨੂੰ 'ਸਾਲੂ ਆਰਤਾ' ਕਹਿੰਦੇ ਹਨ। ਇਸ ਰੀਤ ਦੇ ਬਾਅਦ 'ਮੁੰਦਰੀ ਛੱਲਾ' ਖੇਡਿਆ ਜਾਂਦਾ ਹੈ।

(ਸ-448) **ਸਾਵਣ** :

ਸਾਵਣ ਦੀ ਰੁੱਤ ਪੰਜਾਬੀਆਂ ਦੇ ਸੁਭਾਅ ਦੇ ਅਨੁਕੂਲ ਹੀ ਬੜੀ ਰਮਣੀਕ ਤੇ ਰੰਗੀਲੀ ਹੈ। ਜੇਠ ਹਾੜ ਦੀਆਂ ਤਪਦੀਆਂ ਲੂਆਂ ਮਗਰੋਂ ਸਾਵਣ ਦੀ ਅਨੂਠੀ ਕਿਣਮਿਣ ਦਾ ਆਪਣਾ ਹੀ ਅਲੌਕਿਕ ਸਵਾਦ ਹੈ। ਪਿਆਰ ਵਿਚ ਭਿਜੀਆਂ ਰੂਹਾਂ ਤਾਂ ਸਾਵਣ ਨੂੰ 'ਵਸਲ ਦੀ ਰੁੱਤ' ਕਹਿ ਲੈਂਦੀਆਂ ਹਨ, ਕਿਉਂ ਜੋ ਨਵੇਂ ਵਿਆਹੇ ਪ੍ਰਾਹੁਣੇ ਇਸੇ ਰੁੱਤ ਆਪਣੀ ਦੁਲ੍ਹਨ ਨੂੰ ਸਹੁਰੇ ਘਰ ਮਿਲਣ ਲਈ ਆਉਂਦੇ ਹਨ।

ਸਾਵਣ ਦੇ ਮਹੀਨੇ ਕਈ ਅਹਿਮ ਤਿਉਹਾਰ ਮਨਾਏ ਜਾਂਦੇ ਹਨ, ਜੋ ਇਸ ਰੁੱਤ ਦੇ ਚਰਿਤ੍ਰ ਦਾ ਅਨੁਕਰਣ ਰੂਪ ਹਨ ਅਤੇ ਪ੍ਰਕ੍ਰਿਤੀ ਨਾਲ ਇਕਸੁਰ ਤੇ ਇਕਰਸ ਹੋਣ ਦੀ ਰੀਝ ਵਿਚ ਰਚੇ ਗਏ ਹਨ। ਸਾਵਣ ਦੀ ਤੀਜੀ ਤਿੱਥ ਨੂੰ ਤੀਆਂ ਦਾ ਤਿਉਹਾਰ ਆਰੰਭ ਹੁੰਦਾ ਹੈ, ਜੋ ਪੂਰਨਮਾਸ਼ੀ ਤਕ ਚਲਦਾ ਰਹਿੰਦਾ ਹੈ। ਮੁਟਿਆਰਾਂ ਕੁਦਰਤ ਨਾਲ ਇਕਸੁਰ ਹੋ ਕੇ ਗਿੱਧੇ ਪਾਉਂਦੀਆਂ, ਪੀਂਘਾਂ ਝੂਟਦੀਆਂ ਤੇ ਗੀਤਾਂ ਦੀਆਂ ਮਧੁਰ ਧੁਨੀਆਂ ਛੂਹੰਦੀਆਂ,

ਵਾਤਾਵਰਨ ਵਿਚ ਰਸ ਘੋਲੀ ਰਖਦੀਆਂ ਹਨ। ਇਸ ਮਹੀਨੇ ਦੇ ਵਿਸ਼ੇਸ਼ ਗਿੱਧੇ ਨੂੰ 'ਸਾਵਣ ਗਿੱਧਾ' ਕਿਹਾ ਜਾਂਦਾ ਹੈ। ਇਸ ਗਿੱਧੇ ਅਤੇ ਦੂਜੇ ਗਿੱਧੇ ਵਿਚ ਵੱਡਾ ਅੰਤਰ ਇਹੋ ਹੈ ਕਿ ਇਸ ਵਿਚ ਮੁਟਿਆਰਾਂ ਮੋਰਾਂ ਵਾਂਗ ਪੈਲਾਂ ਪਾਉਂਦੀਆਂ, ਪਪੀਹੇ ਵਾਂਗ ਆਵਾਜ਼ਾਂ ਕਢਦੀਆਂ ਤੇ ਹਰਨੀਆਂ ਵਾਂਗ ਚੁੰਗੀਆਂ ਭਰਨ ਤੋਂ ਇਲਾਵਾ ਗਰਜਦੇ ਬੱਦਲਾਂ ਤੇ ਵਰ੍ਹਦੀਆਂ ਕਣੀਆਂ ਦਾ ਅਨੁਕਰਣ ਕਰਦੀਆਂ ਹਨ।

ਸਾਵਣ ਦੇ ਮਹੀਨੇ ਹੀ 'ਰੱਖੜੀ' ਦਾ ਤਿਉਹਾਰ ਮਨਾਇਆ ਜਾਂਦਾ ਹੈ, ਜੋ ਭੈਣ ਭਰਾ ਦੇ ਨਿਰਮਲ ਪਿਆਰ ਤੇ ਇਕ ਦੂਜੇ ਲਈ ਮਿੱਠੀਆਂ ਨਿਰਛਲ ਭਾਵਨਾ ਦਾ ਬੋਧਿਕ ਹੈ। ਇਸੇ ਲਈ ਸਾਵਣ ਦੀ ਸ਼ਲਾਘਾ ਕਰਦੀਆਂ ਕੁੜੀਆਂ ਗਾਉਂਦੀਆਂ ਹਨ — "ਸੌਣ ਵੀਰ ਕੱਠਿਆਂ ਕਰੇ, ਭਾਦਰੋਂ ਚੰਦਰੀ ਵਿਛੋੜੇ ਪਾਵੇ।" ਸਾਵਣ ਦਾ ਇਕ ਵਿਸ਼ੇਸ਼ ਮੇਲਾ 'ਸਾਵਣ ਬੀੜੇ' ਹੈ, ਜੋ ਸੂਆਂ ਦੇ ਇਲਾਕੇ ਵਿਚ ਮਨਾਇਆ ਜਾਂਦਾ ਹੈ (ਵੇਖੋ : ਸਾਵਣ ਬੀੜੇ)।

ਪਹਾੜੀ ਇਲਾਕੇ, ਖ਼ਾਸ ਤੌਰ 'ਤੇ ਕਾਂਗੜੇ ਵਿਚ, ਇਸ ਮਹੀਨੇ 'ਗੁਡੀਉਂ ਕਾ ਮੇਲਾ' ਮਨਾਇਆ ਜਾਂਦਾ ਹੈ, ਜੋ ਸਾਰੇ ਮਹੀਨੇ ਹੀ ਚਲਦਾ ਹੈ। ਇਹ ਮੇਲਾ ਕਈ ਥਾਈਂ ਰਤਾ ਕੁ ਸਥਾਨਕ ਭੇਦ ਨਾਲ ਮਨਾਇਆ ਜਾਂਦਾ ਹੈ। ਕਾਂਗੜੇ ਵਿਚ ਹਰ ਮਰਦ, ਤੀਵੀਂ ਤੇ ਬੱਚਾ ਇਸ ਮਹੀਨੇ ਇਕ ਵਾਰ, ਛਾਤੀ ਨਾਲ ਗੁਡੀ ਲਗਾ ਕੇ ਦਰਿਆ 'ਤੇ ਜਾਂਦਾ ਅਤੇ ਗੁਡੀ ਨੂੰ ਜਲ ਵਿਚ ਪ੍ਰਵਾਹ ਕੇ ਆਉਂਦਾ ਹੈ। ਇਹ ਰੀਤ ਕਿਸੇ ਵੀ ਐਤਵਾਰ, ਮੰਗਲਵਾਰ ਜਾਂ ਵੀਰਵਾਰ ਨੂੰ ਕੀਤੀ ਜਾਂਦੀ ਹੈ, ਪਰ ਪਹਿਲਾਂ ਸੰਕਲਪ ਕਰਨਾ ਜ਼ਰੂਰੀ ਹੁੰਦਾ ਹੈ। ਧਾਰਨਾ ਹੈ ਕਿ ਜਿਵੇਂ ਜਿਵੇਂ ਗੁਡੀ ਜਲਧਾਰਾ ਵਿਚ ਠੰਢੀ ਹੋਵੇਗੀ, ਤਿਵੇਂ ਤਿਵੇਂ ਆਤਮਾ ਵੀ ਨਿਰਮਲ ਤੇ ਸ਼ਾਂਤ ਹੁੰਦੀ ਜਾਵੇਗੀ। ਇਸ ਰੀਤ ਵੇਲੇ ਗੀਤ ਵੀ ਗਾਏ ਜਾਂਦੇ ਹਨ (S. C. R., 426-27)। ਸਾਵਣ ਦੇ ਮਹੀਨੇ ਚੰਬੇ ਵਿਚ ਉਚੇਚੀ ਨਾਗ ਪੂਜਾ ਕੀਤੀ ਜਾਂਦੀ ਹੈ। ਕਈ ਵਾਰ ਕੁਝ ਖਾਸ ਤਿੱਥਾਂ ਨੂੰ ਤੇ ਕਈ ਵਾਰ ਸਾਰੇ ਮਹੀਨੇ ਹੀ, ਪਿੰਡ ਦਾ ਸਾਰਾ ਦੁੱਧ ਸਥਾਨਕ ਨਾਗ ਦਿਉਤੇ ਨੂੰ ਸਮਰਪਿਤ ਕੀਤਾ ਜਾਂਦਾ ਹੈ ਤੇ ਇਸ ਦੁੱਧ ਨੂੰ 'ਸੁੱਚਾ' ਕਿਹਾ ਜਾਂਦਾ ਹੈ (ਗਲਾਸਰੀ 1,149)। ਹਿਮਾਚਲ ਪ੍ਰਦੇਸ਼ ਦੇ ਕਈ ਹੋਰ ਖੇਤਰਾਂ ਵਿਚ ਵੀ ਸਾਵਣ ਦੇ ਸਾਰੇ ਮਹੀਨੇ ਦਾ ਦੁੱਧ 'ਸੁੱਚਾ' ਸੰਕਲਪ ਕੇ, ਸਥਾਨਕ ਨਾਗ ਜਾਂ ਦੇਵੀ ਦਿਉਤੇ ਨੂੰ ਭੇਟ ਕੀਤਾ ਜਾਂਦਾ ਹੈ।

ਸਾਵਣ ਨਾਲ ਕਈ ਰੀਤਾਂ ਰਸਮਾਂ ਵੀ ਜੁੜੀਆਂ ਹੋਈਆਂ ਹਨ। ਕਈ ਖਤਰੀਆਂ ਜਿਵੇਂ ਕਿ ਵਿਜਾਂ ਵਿਚ ਨਵੇਂ ਜੰਮੇ ਬਾਲ ਉਤੇ ਸਾਵਣ ਦੀਆਂ ਬਾਰਸ਼ਾਂ ਤਕ ਮੀਂਹ ਦੀ ਕਣੀ ਨਹੀਂ ਪੈਣ ਦਿਤੀ ਜਾਂਦੀ ਅਤੇ ਸਾਵਣ ਵਿਚ ਬਾਰਸ਼ ਦੇ ਪਾਣੀ ਨਾਲ ਨ੍ਹਾਵਣ ਦੀ ਰੀਤ ਕੀਤੀ ਜਾਂਦੀ ਹੈ।

ਸਾਵਣ ਦੇ ਮਹੀਨੇ ਨਾਲ ਕਈ ਭਰਮ ਵਹਿਮ ਤੇ ਮਨੌਤਾਂ ਵੀ ਜੁੜੀਆਂ ਹੋਈਆਂ ਹਨ। ਹਰ ਸਵਾਣੀ ਲਈ ਸਾਵਣ ਵਿਚ ਇਕ ਵਾਰ ਪੀਂਘ ਝੂਟਣੀ ਜ਼ਰੂਰੀ ਹੈ। ਜਿਹੜੀ ਨਹੀਂ ਝੂਟਦੀ, ਉਸ ਦਾ ਵਰ੍ਹਾ ਹੁਲਾਰੇ ਭਰਿਆ ਨਹੀਂ ਲੰਘਦਾ। ਸਾਵਣ ਦੀ ਸੂਈ ਘੋੜੀ ਅਸ਼ੁਭ ਹੁੰਦੀ ਹੈ — 'ਸਾਵਣ ਘੋੜੀ, ਭਾਦੋਂ ਗਾਂ, ਉਜੜੇ ਘਰ ਜਾਂ ਉਜੜੇ ਗਰਾਂ।' ਸਾਵਣ ਦੇ ਮਹੀਨੇ ਇਕ ਵਾਰ ਖੀਰ ਨਾ ਖਾਣ ਵਾਲੇ ਦਾ ਜਨਮ ਬਿਰਥਾ ਜਾਂਦਾ ਹੈ — 'ਸਾਵਣ ਖੀਰ ਨਾ ਖਾਧੀਆ ਤਾਂ ਕਿਉਂ ਜੰਮਿਉਂ ਅਪਰਾਧੀਆ' ਅਖਾਣ ਇਸੇ ਵਲ ਸੰਕੇਤ ਕਰਦਾ ਹੈ। ਸਾਵਣ ਪੰਜਾਬ ਦੀ ਆਰਥਿਕਤਾ ਦਾ ਵੀ ਆਧਾਰ ਹੈ। ਸੁੱਕਾ ਸਾਵਣ ਦਲਿਦ੍ਰ ਲਿਆਉਂਦਾ ਹੈ : 'ਸਾਵਣ ਗਿਆ ਸੁਕਾ, ਭਾਦੋਂ ਕੀਤੀ ਦਇਆ, ਸੋਨੇ ਦਾ ਘੜਾਉਂਦੀ ਸੀ, ਰੁਪੇ ਦਾ ਵੀ ਗਿਆ।' ਇਨ੍ਹਾਂ ਦਿਨਾਂ ਵਿਚ ਮੀਂਹ ਨੂੰ ਵਰਜਣ ਲਈ, ਕੁਝ ਸ਼ਾਹੂਕਾਰ ਟੂਣੇ ਟੱਪੇ ਕਰਦੇ ਹਨ, ਤਾਂ ਜੋ ਉਨ੍ਹਾਂ ਦਾ ਅੰਨ ਮਹਿੰਗਾ ਵਿਕੇ (ਵੇਖੋ : ਸ਼ਾਹੂਕਾਰ)।

ਸਾਵਣ ਦੀ ਰੁੱਤ ਬਾਰੇ ਸਭ ਤੋਂ ਵਧ ਗੀਤ ਤੇ ਕਹਾਵਤਾਂ ਮਿਲਦੀਆਂ ਹਨ। ਸਾਵਣ ਦੇ ਬਹੁਤੇ ਗੀਤ ਕੁੜੀਆਂ ਦੇ ਹੀ ਰਚੇ ਹੋਏ ਹਨ ਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਹੀ ਸਾਕਾਰ ਕਰਦੇ ਹਨ। ਇਨ੍ਹਾਂ ਗੀਤਾਂ ਨੂੰ 'ਸਾਵੇਂ' ਜਾਂ ਤੀਆਂ ਦੇ ਗੀਤ ਕਿਹਾ ਜਾਂਦਾ ਹੈ (ਵੇਖੋ : ਤੀਆਂ)।

(ਸ-449) **ਸਾਵਣ ਬੀੜੇ** :

ਸੂਆਂ ਦੇ ਇਲਾਕੇ ਦਾ ਇਕ ਮੇਲਾ, ਦੇਸ਼ ਵੰਡ ਤੋਂ ਪਹਿਲਾਂ ਸੂਆਂ ਵਿਚ ਰਾਜੜ ਪਿੰਡ ਦੇ ਬਾਹਰ ਬੰਨੀਆਂ (ਛਪੜਾਂ) ਉਤੇ ਇਕ ਨਿੱਕਾ ਜਿਹਾ ਮੇਲਾ ਲੱਗਿਆ ਕਰਦਾ ਸੀ, ਜੋ ਆਪਣੀ ਕਿਸਮ ਦਾ ਵੱਖਰਾ ਸੀ। ਸਾਵਣ ਦੇ ਪਹਿਲੇ ਐਤਵਾਰ ਨੂੰ ਪਿੰਡ ਦੀਆਂ ਸਵਾਣੀਆਂ ਵੱਖੋ ਵੱਖਰੀਆਂ ਬੰਨੀਆਂ 'ਤੇ ਜਾ ਕੇ, ਆਪੋ ਆਪਣੇ ਕੰਨਾਂ ਦੇ ਧਾਗੇ ਜਾਂ ਫੁਮਣੀਆਂ ਪਾਣੀ ਵਿਚ ਦੱਬ ਆਉਂਦੀਆਂ ਸਨ ਤੇ ਅਗਲੇ ਐਤਵਾਰ ਜਾ ਕੇ ਉਸੇ ਥਾਂ ਤੋਂ ਮਿੱਟੀ ਪੁਟ ਕੇ ਕਢ ਲਿਆਂਦੀਆਂ ਸਨ, ਜਿਥੇ ਉਨ੍ਹਾਂ ਦੱਬੇ ਹੁੰਦੇ ਸਨ। ਸਵਾਣੀਆਂ ਸੇਂਵੀਆਂ, ਕੜਾਹ ਪੂੜੀਆਂ ਅਤੇ ਖੀਰ ਆਦਿ ਪਦਾਰਥ ਘਰੋਂ ਤਿਆਰ ਕਰ ਕੇ ਨਾਲ ਲੈ ਜਾਂਦੀਆਂ ਅਤੇ ਬੰਨਾਂ ਦੇ ਕੰਢੇ ਬੈਠ ਕੇ ਰਲ ਮਿਲ ਕੇ ਖਾਂਦੀਆਂ ਤੇ ਗੀਤਾਂ ਨਾਲ ਫ਼ਿਜ਼ਾ ਵਿਚ ਰਸ ਘੋਲਦੀਆਂ ਸਨ। ਇਸ ਉਤਸ਼ਵ ਨੂੰ 'ਸਾਵਣ ਬੀੜੇ' ਜਾਂ 'ਲੋੜਕੇ' ਕਹਿੰਦੇ ਹਨ ਅਤੇ ਇਸ ਮੌਕੇ ਤੇ ਜੋ ਗੀਤ ਤੇ ਟੱਪੇ ਕੁੜੀਆਂ ਗਾਉਂਦੀਆਂ ਹਨ, ਉਨ੍ਹਾਂ ਨੂੰ ਵੀ 'ਲੋੜਕੇ' ਹੀ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਇਕ ਟੱਪਾ ਦਿਤਾ ਜਾਂਦਾ ਹੈ :

ਕੰਨੀਂ ਸਾਡੇ ਵੇ ਲੋੜਕੇ
ਸਹੀਆਂ ਪੀਂਘਾਂ ਝੂਟਦੀਆਂ
ਨਾ ਵੰਝੀਂ ਵੇ ਰੋਂਦੀ ਕੀ ਛੋੜਕੇ।

ਇਹ ਤਿਉਹਾਰ ਵਧੇਰੇ ਹਿੰਦੂ ਤੀਵੀਆਂ ਵਿਚ ਪ੍ਰਚਲਤ ਸੀ ਅਤੇ ਦੇਸ਼ ਵੰਡ ਤੋਂ ਬਾਅਦ ਇਤਿਹਾਸ ਦੀ ਯਾਦ ਬਣ ਕੇ ਰਹਿ ਗਿਆ ਹੈ।

(ਸ-450) **ਸਾਵਣ ਮਲ** :

ਮਹਾਰਾਜਾ ਰਣਜੀਤ ਸਿੰਘ ਦਾ ਇਕ ਉਚ ਅਧਿਕਾਰੀ, ਜਿਸ ਨੂੰ ਮਹਾਰਾਜੇ ਨੇ 1821 ਈ: ਵਿਚ ਮੁਲਤਾਨ ਦਾ ਸੂਬਾ ਮੁਕਰਰ ਕੀਤਾ। ਸਾਵਣ ਮਲ ਤੋਂ ਪਹਿਲਾਂ ਮੁਲਤਾਨ ਵਿਚ ਬੜੀ ਬਦਅਮਨੀ ਫੈਲੀ ਹੋਈ ਸੀ, ਪਰ ਸਾਵਣ ਮਲ ਨੇ ਆਪਣੀ ਰਾਜਨੈਤਿਕ ਸੂਝ, ਦੂਰ-ਦ੍ਰਿਸ਼ਟਤਾ ਤੇ ਜੁਗਤੀ ਨਾਲ ਮੁਲਤਾਨ ਵਿਚ ਅਮਨ ਤੇ ਸ਼ਾਂਤੀ ਕਾਇਮ ਕਰ ਦਿਤੀ। ਮਹਾਰਾਜਾ ਰਣਜੀਤ ਸਿੰਘ ਦੇ ਕਾਲਵਸ ਹੋਣ ਮਗਰੋਂ ਵੀ ਸਾਵਣ ਮਲ ਮੁਲਤਾਨ ਦਾ ਸੂਬਾ ਰਿਹਾ, ਪਰ ਸਤੰਬਰ 1844 ਈ: ਨੂੰ ਇਕ ਸਿਪਾਹੀ ਨੇ ਸਾਵਣ ਮਲ ਨੂੰ ਧੋਖੇ ਨਾਲ ਮਾਰ ਦਿਤਾ।

ਸਾਵਣ ਮਲ ਨੇ ਤਿੰਨ ਵਿਆਹ ਕੀਤੇ, ਜਿਨ੍ਹਾਂ ਵਿਚੋਂ ਕਿਸ਼ਨਾ ਦੇਵੀ ਦੇ ਉਦਰ ਤੋਂ ਤਿੰਨ ਲੜਕੇ ਪੈਦਾ ਹੋਏ, ਜਿਨ੍ਹਾਂ ਦੇ ਨਾਂ ਰਾਮ ਦਾਸ, ਮੂਲ ਰਾਜ ਤੇ ਕਰਮ ਨਰੈਣ ਸਨ। ਸਾਵਣ ਮਲ ਦੀ ਨਿਆਂਕਾਰੀ ਕਹਾਵਤ ਬਣ ਚੁਕੀ ਹੈ। ਇਸ ਨੇ ਆਪਣੇ ਲੜਕੇ ਮੂਲ ਰਾਜ ਨੂੰ ਇਕ ਅਪਰਾਧ ਬਦਲੇ ਕਰੜੀ ਸਜ਼ਾ ਦਿਤੀ ਸੀ। ਸਾਵਣ ਮਲ ਤੇ ਉਸ ਦੇ ਦੋਹਾਂ ਲੜਕਿਆਂ ਬਾਰੇ ਇਕ ਕਹਾਵਤ ਇਉਂ ਪ੍ਰਸਿਧ ਹੈ :

ਮੁਲਤਾਨ ਦਾ ਸਾਵਣ
ਲੈਹ ਦਾ ਕਰਮ
ਝੰਗ ਦਾ ਮੂਲਾ।

ਕਰਮ ਨਰੈਣ ਲੈਹ ਦਾ ਵੱਡਾ ਹਾਕਮ ਸੀ ਤੇ ਮੂਲ ਰਾਜ ਝੰਗ ਦਾ। ਸਾਵਣ ਮਲ ਵਾਂਗ ਕਰਮ ਨਰੈਣ ਵੀ ਬੜਾ ਲੋਕ-ਪ੍ਰਿਯ ਸੀ, ਪਰ ਮੂਲ ਰਾਜ ਬੜਾ ਬਦਨਾਮ ਸੀ, ਜਿਸ ਲਈ ਲੋਕੀਂ ਉਸ ਨੂੰ ਮੂਲਾ ਕਹਿੰਦੇ ਸਨ। ਮੂਲਾ ਇਕ ਖ਼ਾਸ ਕਿਸਮ ਦੇ ਕੀੜੇ ਨੂੰ ਵੀ ਕਹਿੰਦੇ ਹਨ, ਜੋ ਕਣਕ ਦਾ ਨਾਸ਼ ਕਰਦਾ ਹੈ।

ਸਾਵਣ ਮਲ ਦੇ ਇਨਸਾਫ਼ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ।

(ਸ-451) **ਸਾਵਰਣ** :

ਅਠਵਾਂ ਮਨੂ; ਅਠਵੇਂ ਮਨੂ ਤੋਂ ਬਾਅਦ ਇਹ ਨਾਂ ਕਈ ਹੋਰ ਮਨੂਆਂ ਦੇ ਨਾਵਾਂ ਨਾਲ ਵੀ ਵਰਤਿਆ ਗਿਆ ਹੈ, ਜਿਵੇਂ ਬ੍ਰਹਮ ਸਾਵਰਣ, ਧਰਮ ਸਾਵਰਣ, ਰੁਦ੍ਰ ਸਾਵਰਣ ਆਦਿ (ਵੇਖੋ : ਮਨੂ)।

(ਸ-452) **ਸਾਂਵਲ ਸ਼ਾਹ** :

ਵਿਸ਼ਨੂੰ ਮਹਾਰਾਜ ਨੇ ਆਪਣੇ ਇਕ ਭਗਤ ਨਰਸੀ ਦੀ ਹੁੰਡੀ ਤਾਰਨ ਲਈ ਸਾਂਵਲ ਸ਼ਾਹ ਸ਼ਾਹੂਕਾਰ ਦਾ ਰੂਪ ਧਾਰਨ ਕੀਤਾ ਸੀ। ਨਰਸੀ ਭਗਤ ਜੂਨਾਗੜ੍ਹ ਵਿਚ ਇਕ ਨਾਗਰ ਬ੍ਰਾਹਮਣ ਦੇ ਘਰ 1450 ਈ: ਵਿਚ ਪੈਦਾ ਹੋਏ। ਆਪ ਵਿਸ਼ਨੂੰ

ਦੇ ਅਨਿਨ ਭਗਤ ਸਨ। ਆਪ ਨੇ ਆਰਥਿਕ ਸੰਕਟ ਤੋਂ ਮਜਬੂਰ ਹੋ ਕੇ ਇਕ ਝੂਠੀ ਹੁੰਡੀ, ਦਵਾਰਕਾ ਦੇ ਸਾਵਲ ਸ਼ਾਹ ਦੇ ਨਾਂ ਦੇ ਦਿਤੀ। ਆਪਣੀ ਪੱਤ ਦੀ ਰੱਖਿਆ ਲਈ ਨਰਸੀ ਨੇ ਵਿਸ਼ਨੂੰ ਦੀ ਅਰਾਧਨਾ ਕੀਤੀ। ਵਿਸ਼ਨੂੰ ਨੇ ਭਗਤ ਦੀ ਲਾਜ ਰਖਣ ਲਈ ਸਾਵਲ ਸ਼ਾਹ ਦਾ ਰੂਪ ਧਾਰ ਕੇ ਉਹ ਹੁੰਡੀ ਤਾਰ ਦਿਤੀ। ਨਰਸੀ ਦੀ ਮ੍ਰਿਤੂ 1515 ਈ: ਵਿਚ ਹੋਈ। ਵੈਸ਼ਣੋ ਭਗਤਾਂ ਵਿਚ ਇਹ ਕਥਾ ਇਸ ਭਾਵ ਦੀ ਵਿਆਖਿਆ ਲਈ ਦੋਹਰਾਈ ਜਾਂਦੀ ਹੈ ਕਿ ਵਿਸ਼ਨੂੰ ਆਪਣੇ ਭਗਤ ਦੀ ਪੈਜ ਰਖਦਾ ਹੈ।

(ਸ-453) **ਸਾਂਵਲ ਸ਼ਾਹੀ** :

ਇਕ ਫ਼ਿਰਕਾ ਜੋ ਦੇਸ਼ ਵੰਡ ਤੋਂ ਪਹਿਲਾਂ ਮੁਜ਼ਫ਼ਰਗੜ੍ਹ, ਮੁਲਤਾਨ ਤੇ ਡੇਹਰਾ ਇਸਮਾਈਲ ਖ਼ਾਂ ਦੇ ਇਲਾਕੇ ਵਿਚ ਮਿਲਦਾ ਸੀ। ਸੰਮਤ 1545 ਵਿਚ ਜਦੋਂ ਗੁਰੂ ਨਾਨਕ ਦੇਵ ਸਿੰਧ ਤੇ ਦੱਖਣ ਪੱਛਮੀ ਪੰਜਾਬ ਦੀ ਯਾਤ੍ਰਾ ਤੇ ਗਏ, ਤਾਂ ਉਨ੍ਹਾਂ ਨੇ ਵੇਖਿਆ ਕਿ ਉਥੋਂ ਦੇ ਹਿੰਦੂ ਕਿਰਾੜ ਧਰਮ ਕਰਮ ਨੂੰ ਭੁਲਾਈ ਬੈਠੇ ਹਨ ਤੇ ਉਨ੍ਹਾਂ ਦਾ ਕੋਈ ਗੁਰੂ ਪੀਰ ਨਹੀਂ। ਗੁਰੂ ਨਾਨਕ ਦੇਵ ਨੇ ਸਾਂਵਲ ਸ਼ਾਹ ਨੂੰ ਇਲਾਕੇ ਵਿਚ ਧਰਮ ਪ੍ਰਚਾਰ ਲਈ ਥਾਪਿਆ। ਸਾਂਵਲ ਸ਼ਾਹ ਦੇ ਉਪਦੇਸ਼ਾਂ ਉਤੇ ਚੱਲਣ ਵਾਲੇ ਸਾਂਵਲ ਸ਼ਾਹੀ ਅਖਵਾਏ। ਸਾਂਵਲ ਸ਼ਾਹ ਦੇ ਪੈਰੋਕਾਰਾਂ ਨੂੰ ਸਾਂਵਲ ਪੰਥੀ ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਕਈ ਕੇਸਾਧਾਰੀ ਸਨ ਅਤੇ ਕਈ ਸਹਿਜਧਾਰੀ।

ਇਕ ਰਵਾਇਤ ਅਨੁਸਾਰ ਸਾਂਵਲ ਸ਼ਾਹ ਅੰਮ੍ਰਿਤਸਰ ਦਾ ਅਰੋੜਾ ਸ਼ਾਹੂਕਾਰ ਸੀ, ਜਿਸ ਦੇ ਪਿਤਾ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਗੁਰੂ ਰਾਮ ਦਾਸ ਨੂੰ ਚੋਖੀ ਸਾਰੀ ਰਕਮ ਦਿਤੀ। ਸਾਂਵਲ ਸ਼ਾਹ ਦਾ ਭਰਾ ਸੋਮਨ ਸਿੰਘ ਸੀ। ਗੁਰੂ ਗੋਬਿੰਦ ਸਿੰਘ ਦੇ ਸਮੇਂ ਇਹ ਦੋਵੇਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਸਨ। ਇਨ੍ਹਾਂ ਨੇ ਮੁਜ਼ਫ਼ਰਗੜ੍ਹ, ਮੁਲਤਾਨ ਤੇ ਡੇਹਰਾ ਇਸਮਾਈਲ ਖ਼ਾਂ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ।

(ਸ-454) **ਸਾਵੇਂ** :

ਤੀਵੀਆਂ ਦਾ ਇਕ ਉਤਸ਼ਵ, ਜੋ ਉਹ ਸਾਵਣ ਸੁਦੀ ਤੀਜ ਨੂੰ ਮਨਾਂਦੀਆਂ ਹਨ। ਸਾਵਣ ਦਾ ਪੁਰਬ ਹੋਣ ਕਰ ਕੇ ਇਸ ਨੂੰ 'ਸਾਵੇਂ' ਅਤੇ ਸੁਦੀ ਤੀਜ ਨੂੰ ਸ਼ੁਰੂ ਹੋਣ ਕਰ ਕੇ 'ਤੀਆਂ' ਕਹਿੰਦੇ ਹਨ। ਸਾਵੇਂ ਨਾਲ ਸਬੰਧਿਤ ਕਾਫ਼ੀ ਸਾਰੇ ਲੋਕ-ਗੀਤ ਮਿਲਦੇ ਹਨ, ਜੋ 'ਸਾਵੇਂ' ਜਾਂ 'ਤੀਆਂ' ਦੇ ਨਾਂ ਨਾਲ ਹੀ ਪ੍ਰਸਿਧ ਹਨ (ਵੇਖੋ : ਤੀਆਂ)।

(ਸ-455) **ਸ਼ਾਵਾ** :

ਇਕ ਮੰਗਲ ਬੋਧਕ ਸ਼ਬਦ, ਜੋ ਕੁੜੀਆਂ ਢੋਲਕੀ ਦੇ ਗੀਤ ਗਾਉਣ ਵੇਲੇ, ਹਰ ਤੁਕ ਜਾਂ ਤੁਕਾਂਗ ਦੇ ਅੰਤ ਵਿਚ ਤਾੜੀਆਂ ਮਾਰਦਿਆਂ ਹੋਇਆਂ ਉਚਾਰਦੀਆਂ ਹਨ। ਸ਼ਾਵਾ ਦੇ ਬਾਰ ਬਾਰ ਉੱਚਾਰਨ ਨਾਲ ਗੀਤ ਵਧੇਰੇ ਰਸੀਲਾ ਤੇ ਉਤੇਜਨਾ ਭਰਪੂਰ ਹੋ ਜਾਂਦਾ ਹੈ। ਸ਼ਾਵਾ ਪਦ ਸ਼ਾਬਾਸ਼ ਦਾ ਸੰਖੇਪ ਹੈ ਅਤੇ ਇਹ ਸ਼ਬਦ ਕਿਸੇ ਨੂੰ ਹਲਾਸ਼ੇਰੀ ਦੇਣ ਲਈ ਜਾਂ ਕਿਸੇ ਦੀ ਪ੍ਰਸ਼ੰਸਾ ਕਰਨ ਲਈ ਵਰਤਿਆ ਜਾਂਦਾ ਹੈ।

(ਸ-456) **ਸਾਵਿਤ੍ਰੀ** :

(1) ਵੇਦਾਂ ਵਿਚ ਵਰਣਤ ਇਕ ਮੰਤ੍ਰ ਜਿਸ ਨੂੰ ਗਾਯਤ੍ਰੀ ਮੰਤਰ ਵੀ ਕਹਿੰਦੇ ਹਨ (ਵੇਖੋ : ਗਾਯਤ੍ਰੀ)। ਇਹ ਧਰਮ-ਮੰਤਰ ਹਿੰਦੂਆਂ ਵਿਚ ਬੜਾ ਪਵਿਤ੍ਰ ਤੇ ਮਹਾਨ ਮੰਨਿਆ ਗਿਆ ਹੈ। ਇਸ ਦਾ ਜਾਪ ਕੇਵਲ ਉਚੀਆਂ ਜਾਤੀਆਂ ਵਾਲੇ ਬ੍ਰਾਹਮਣ, ਕਸ਼ਤ੍ਰੀ ਤੇ ਵੈਸ਼ਯ ਹੀ ਕਰ ਸਕਦੇ ਹਨ, ਸੂਦਰ ਨਹੀਂ।

(2) ਪਦਮ ਪੁਰਾਣ ਅਨੁਸਾਰ ਬ੍ਰਹਮਾ ਦੀ ਇਸਤ੍ਰੀ; ਬ੍ਰਹਮਾ ਨੇ ਇਕ ਵਿਸ਼ੇਸ਼ ਯੱਗ ਕੀਤਾ। ਸਾਵਿਤ੍ਰੀ ਬੁਲਾਉਣ ਦੇ ਬਾਵਜੂਦ ਵੀ ਯੱਗ ਵਿਚ ਹਾਜ਼ਰ ਨਾ ਹੋਈ। ਇਸਤ੍ਰੀ ਬਗੈਰ ਕੋਈ ਯੱਗ ਸੰਪੂਰਨ ਨਹੀਂ ਸੀ ਹੋ ਸਕਦਾ। ਸੋ ਬ੍ਰਹਮਾ ਨੇ ਇਕ ਗਵਾਲਨ 'ਗਾਯਤ੍ਰੀ' ਨਾਲ ਗੰਧਰਵ ਰੀਤੀ ਨਾਲ ਵਿਆਹ ਕਰ ਕੇ ਯੱਗ ਸੰਪੂਰਨ ਕੀਤਾ।

(3) ਕਈ ਪੁਰਾਣਾਂ ਵਿਚ ਬ੍ਰਹਮਾ ਦੀ ਪੁਤਰੀ ਦਾ ਨਾਂ ਵੀ 'ਸਾਵਿਤ੍ਰੀ' ਲਿਖਿਆ ਮਿਲਦਾ ਹੈ।

(4) ਵੇਦਾਂ ਵਿਚ ਸਾਵਿਤ੍ਰੀ ਦਾ ਨਾਂ ਸੂਰਜ ਵਾਸਤੇ ਵੀ ਪ੍ਰਯੋਗ ਕੀਤਾ ਗਿਆ ਹੈ ਅਤੇ ਵੇਦਾਂ ਦੀਆਂ ਕੁਝ ਰਿਚਾਵਾਂ ਸਾਵਿਤ੍ਰੀ ਨੂੰ ਸੰਬੋਧਨ ਹਨ। ਕਈ ਵਾਰ ਸਾਵਿਤ੍ਰੀ ਨੂੰ ਸੂਰਜ ਨਾਲੋਂ ਵੱਖਰਾ ਦੇਵਤਾ ਵੀ ਮੰਨ ਲਿਆ ਗਿਆ ਹੈ।

(5) ਆਦਿਤਯਾਂ ਵਿਚੋਂ ਇਕ ਦਾ ਨਾਉਂ ਵੀ ਸਾਵਿਤ੍ਰੀ ਹੈ।

(ਸ-457) **ਸਾਵਿਤ੍ਰੀ ਸਤਿਆਵਾਨ** :

ਇਕ ਪਤੀਬ੍ਰਤਾ ਇਸਤ੍ਰੀ, ਜਿਸ ਨੇ ਪਤੀ-ਭਗਤੀ ਦੇ ਬਲ ਨਾਲ ਯਮ ਨੂੰ ਪਤਿਆ ਲਿਆ ਸੀ ਅਤੇ ਆਪਣੇ ਪਤੀ ਸਤਿਆਵਾਨ ਦੀ ਜੀਵ-ਆਤਮਾ ਨੂੰ ਮੋੜਨ ਲਈ ਮਜਬੂਰ ਕਰ ਦਿਤਾ ਸੀ। ਮਹਾਂਭਾਰਤ ਅਨੁਸਾਰ ਸਾਵਿਤ੍ਰੀ ਰਾਜੇ ਅਸ੍ਵਪਤੀ ਦੀ ਲੜਕੀ ਸੀ। ਉਸ ਦਾ ਸਤਿਆਵਾਨ ਨਾਲ ਅਥਾਹ ਪ੍ਰੇਮ ਸੀ। ਨਾਰਦ ਮੁਨੀ ਦੇ ਇਹ ਰਹੱਸ ਦੱਸ ਦੇਣ ਦੇ ਬਾਵਜੂਦ ਵੀ ਕਿ ਸਤਿਆਵਾਨ ਨੇ ਸਾਲ ਦੇ ਅੰਦਰ ਅੰਦਰ ਚਲਾਣਾ ਕਰ ਜਾਣਾ ਹੈ, ਸਾਵਿਤ੍ਰੀ ਨੇ ਸਤਿਆਵਾਨ ਨਾਲ ਵਿਆਹ ਕਰਵਾ ਲਿਆ। ਮੌਤ ਵਾਲੇ ਦਿਨ ਸਤਿਆਵਾਨ ਜੰਗਲ ਵਿਚ ਲਕੜਾਂ ਕੱਟਣ ਵਾਸਤੇ ਗਿਆ ਤਾਂ ਬੇਸੁਧ ਹੋ ਕੇ ਡਿਗ ਪਿਆ। ਸਾਵਿਤ੍ਰੀ ਨੂੰ ਪਹਿਲੋਂ ਹੀ ਸਤਿਆਵਾਨ ਦੀ ਮੌਤ ਦਾ ਗਿਆਨ ਸੀ, ਇਸੇ ਲਈ ਉਹ ਉਸ ਦਿਨ ਜੰਗਲ ਵਿਚ ਸਤਿਆਵਾਨ ਦੇ ਮਗਰ ਮਗਰ ਗਈ ਤੇ ਜਦੋਂ ਯਮ ਸਤਿਆਵਾਨ ਦੇ ਪ੍ਰਾਣ ਲੈ ਕੇ ਯਮ ਨਗਰੀ ਵਲ ਚਲਿਆ, ਤਾਂ ਸਾਵਿਤ੍ਰੀ ਨੇ ਉਸ ਦਾ ਪਿੱਛਾ ਕੀਤਾ। ਯਮ ਨੇ ਸਾਵਿਤ੍ਰੀ ਨੂੰ ਬੜਾ ਵਰਜਿਆ, ਪਰ ਸਾਵਿਤ੍ਰੀ ਨੇ ਪ੍ਰਣ ਕੀਤਾ ਕਿ ਉਹ ਸਤਿਆਵਾਨ ਦੇ ਪ੍ਰਾਣ ਵਾਪਸ ਲਏ ਬਿਨਾਂ ਨਹੀਂ ਪਰਤੇਗੀ। ਅਖ਼ੀਰ ਯਮ ਨੇ ਸਾਵਿਤ੍ਰੀ ਦੀ ਪਤੀ-ਭਗਤੀ, ਇਕਾਂਤੀ ਪ੍ਰੇਮ ਤੇ ਦ੍ਰਿੜ੍ਹਤਾ ਤੋਂ ਪ੍ਰਭਾਵਿਤ ਹੋ ਕੇ, ਉਸ ਨੂੰ ਪਤੀ ਦੇ ਪ੍ਰਾਣ ਤੋਂ ਇਲਾਵਾ ਕੋਈ ਵੀ ਵਰ ਮੰਗਣ ਲਈ ਕਿਹਾ, ਪਰ ਸਾਵਿਤ੍ਰੀ ਨੇ ਇਨਕਾਰ ਕਰ ਦਿਤਾ। ਸਾਵਿਤ੍ਰੀ ਨੇ ਉਦੋਂ ਤਕ ਯਮ ਦਾ ਖਹਿੜਾ ਨਾ ਛਡਿਆ, ਜਦੋਂ ਤਕ ਉਸ ਨੇ ਸਤਿਆਵਾਨ ਦੇ ਪ੍ਰਾਣ ਵਾਪਸ ਨਾ ਕਰ ਦਿਤੇ।

ਪੰਜਾਬ ਵਿਚ ਪ੍ਰਚਲਤ ਰੂਪਾਂਤਰ ਅਨੁਸਾਰ ਸਾਵਿਤ੍ਰੀ ਨੇ ਯਮ ਤੋਂ ਇਹ ਵਰ ਮੰਗਿਆ ਕਿ ਸਾਵਿਤ੍ਰੀ ਦਾ ਸਹੁਰਾ ਜੋ ਅੰਨ੍ਹਾ ਸੀ, ਆਪਣੇ ਪੋਤਰੇ ਨੂੰ ਸੋਨੇ ਦੇ ਝੂਲੇ ਝੂਲਦਾ ਵੇਖੇ। ਯਮਦੂਤ ਨੇ ਇਹ ਵਰ ਦੇਣਾ ਮੰਨ ਲਿਆ। ਪਿਛੋਂ ਯਮਦੂਤ ਨੂੰ ਸਮਝ ਆਈ ਕਿ ਇਹ ਵਰ ਤਾਂ ਹੀ ਪੂਰਾ ਹੋ ਸਕਦਾ ਹੈ, ਜੇ ਸਤਿਆਵਾਨ ਦੇ ਪ੍ਰਾਣ ਵਾਪਸ ਕੀਤੇ ਜਾਣ। ਸੋ ਯਮ ਆਪਣੇ ਬਚਨਾਂ ਦੀ ਪੂਰਤੀ ਲਈ ਸਤਿਆਵਾਨ ਦੇ ਪ੍ਰਾਣ ਵਾਪਸ ਕਰਨ ਲਈ ਮਜਬੂਰ ਹੋ ਗਿਆ। ਸਾਵਿਤ੍ਰੀ ਨੇ ਇਕੋ ਵਰ ਵਿਚ ਸਹੁਰੇ ਦੀਆਂ ਅੱਖਾਂ, ਪਤੀ ਦੇ ਪ੍ਰਾਣ ਤੇ ਪੁੱਤਰ ਦੀ ਦਾਤ ਮੰਗ ਲਈ ਸੀ। ਸਤਿਆਵਾਨ ਮੁੜ ਸੁਰਜੀਤ ਹੋ ਗਿਆ। ਇਹ ਕਥਾ ਪਤੀਬ੍ਰਤਾ ਇਸਤ੍ਰੀ ਦੀ ਦੈਵੀ ਸ਼ਕਤੀ ਦੇ ਪਰਮਾਣ ਵਜੋਂ ਪ੍ਰਚਲਤ ਹੈ।

ਪੰਜਾਬ ਵਿਚ ਸਤੀ ਸਾਵਿਤ੍ਰੀ ਬਾਰੇ ਪ੍ਰਚਲਤ ਇਕ ਹੋਰ ਰੂਪਾਂਤਰ ਅਨੁਸਾਰ ਸਾਵਿਤ੍ਰੀ ਨੇ ਉਸ ਦਿਨ ਆਪਣੀ ਸ਼ਕਤੀ ਦੁਆਰਾ ਸੂਰਜ ਨੂੰ ਚੜ੍ਹਨ ਤੋਂ ਰੋਕ ਲਿਆ, ਜਿਸ ਦਿਨ ਸਤਿਆਵਾਨ ਦੀ ਮ੍ਰਿਤੂ ਹੋਣੀ ਸੀ। ਸੋ ਸਾਰੀ ਦੁਨੀਆਂ ਉਤੇ ਅੰਧਕਾਰ ਫੈਲ ਗਿਆ। ਇਹ ਸਥਿਤੀ ਕਈ ਮਹੀਨਿਆਂ ਤਕ ਰਹੀ। ਦੇਵਤਿਆਂ ਨੇ ਧਰਤੀ ਦੀ ਰੱਖਿਆ ਲਈ ਸਤਿਆਵਾਨ ਨੂੰ ਦੀਰਘ ਆਯੂ ਬਖ਼ਸ਼ੀ, ਤਾਂ ਸਾਵਿਤ੍ਰੀ ਨੇ ਸੂਰਜ ਨੂੰ ਚੜ੍ਹਨ ਦਿਤਾ।

(ਸ-458) **ਸਾਵੀ** :

ਛੋਟੇ ਬੱਚੇ ਨਾਲ ਸੰਬੰਧਿਤ ਇਕ ਰੀਤ, ਜੋ ਲੁਬਾਣਿਆਂ ਵਿਚ ਪ੍ਰਚਲਤ ਹੈ। ਬੱਚੇ ਦੇ ਜਨਮ ਮਗਰੋਂ ਪਹਿਲੇ ਕੁਝ ਸਾਲ, ਹਰ ਵਰ੍ਹੇ ਇਕ ਨਿਸਚਤ ਦਿਨ, ਇਹ ਰੀਤ ਕੀਤੀ ਜਾਂਦੀ ਹੈ। ਪਰਿਵਾਰ ਦੀਆਂ ਵਡੇਰੀਆਂ ਤੀਵੀਆਂ ਸਰਘੀ ਵੇਲੇ ਇਸ਼ਨਾਨ ਕਰ ਕੇ ਪ੍ਰਸ਼ਾਦਿ ਤਿਆਰ ਕਰਦੀਆਂ ਹਨ। ਖੰਡ, ਘਿਓ ਤੇ ਆਟਾ ਜਾਂ ਸੂਜੀ, ਤਿੰਨੋਂ ਵਸਤੂਆਂ ਪੰਜ ਪੰਜ ਪਾਓ ਲਈਆਂ ਜਾਂਦੀਆਂ ਹਨ। ਕੜਾਹ ਤਿਆਰ ਕਰਵਾ ਕੇ ਮਰਦਾਂ ਤੇ ਮੁੰਡਿਆਂ ਵਿਚ ਵੰਡਿਆ ਜਾਂਦਾ ਹੈ, ਤੀਵੀਆਂ ਤੇ ਕੁੜੀਆਂ ਨੂੰ ਨਹੀਂ ਦਿਤਾ ਜਾਂਦਾ। ਇਸ ਤੋਂ ਬਾਅਦ ਮਰਦ ਬਕਰਾ ਵਢ ਕੇ ਰਿੰਨ੍ਹਦੇ ਹਨ। ਨਾਲ ਹੀ

ਕੁੜ ਫੂਲਕੇ ਤੇ ਭੱਤ ਤਿਆਰ ਕੀਤਾ ਜਾਂਦਾ ਹੈ। ਫਿਰ ਇਹ ਤਿੰਨੋਂ ਚੀਜ਼ਾਂ ਸਾਰਾ ਪਰਿਵਾਰ ਰਲ ਕੇ ਖਾਂਦਾ ਹੈ। ਇਹ ਰਸਮ ਉਦੋਂ ਤਕ ਹਰ ਸਾਲ ਕੀਤੀ ਜਾਂਦੀ ਹੈ, ਜਦੋਂ ਤਕ ਬੱਚਾ ਪੈਰਾਂ ਭਾਰ ਖਲੋ ਕੇ ਤੁਰਨਾ ਨਹੀਂ ਸ਼ੁਰੂ ਕਰ ਦੇਂਦਾ।

(ਸ-459) **ਸਾੜ੍ਹਸਤੀ** :

ਸਨਿਚਰ ਗ੍ਰਹਿ ਦਾ ਮੰਦ ਪ੍ਰਭਾਵ, ਜੋ ਸਾਢੇ ਸਤ ਸਾਲਾਂ ਤਕ ਰਹਿੰਦਾ ਹੈ। ਜੋਤਿਸ਼ ਅਨੁਸਾਰ ਤਿੰਨਾਂ ਰਾਸ਼ੀਆਂ, ਭਾਵ ਕੁੰਡਲੀ ਦੀ ਬਾਰ੍ਹਵੀਂ ਰਾਸ਼ੀ, ਜਨਮ ਰਾਸ਼ੀ ਤੇ ਦੂਜੀ ਰਾਸ਼ੀ ਵਿਚ ਢਾਈ ਢਾਈ ਵਰ੍ਹੇ ਸਨਿਚਰ ਦੇ ਰਹਿਣ ਨਾਲ ਸਾੜ੍ਹਸਤੀ (ਸਾਢ ਸਤੀ) ਦੀ ਦਸ਼ਾ ਬਣਦੀ ਹੈ। ਇਹ ਦਸ਼ਾ ਬੜੀ ਦੁਖਦਾਈ ਮੰਨੀ ਗਈ ਹੈ ਅਤੇ ਜਿਸ ਪ੍ਰਾਣੀ ਉਤੇ ਆਉਂਦੀ ਹੈ, ਉਹ ਦਲਿਦਰ, ਰੋਗ ਤੇ ਸੰਕਟ ਦਾ ਸ਼ਿਕਾਰ ਰਹਿੰਦਾ ਹੈ।

ਜੇ ਹਰ ਸਨਿਚਰਵਾਰ ਨੂੰ ਸ਼ਨੀ ਦੇਵਤੇ ਦੀ ਪੂਜਾ ਕੀਤੀ ਜਾਵੇ, ਭਾਟੜਿਆਂ ਦੀ ਸ਼ਨੀ-ਮੂਰਤੀ ਵਾਲੇ ਤੇਲ ਵਿਚ ਮੂੰਹ ਵੇਖ ਕੇ ਤਾਂਬੇ ਦਾ ਸਿਕਾ ਦਾਨ ਕੀਤਾ ਜਾਵੇ, ਤਾਂ ਸਾੜ੍ਹਸਤੀ ਦਾ ਪ੍ਰਭਾਵ, ਸਮੇਂ ਦੇ ਪੱਖੋਂ ਘਟਦਾ ਹੈ ਅਤੇ ਸਾਢੇ ਸਤ ਵਰ੍ਹਿਆਂ ਤੋਂ ਘਟ ਕੇ ਸਾਢੇ ਸਤ ਮਹੀਨੇ, ਸਾਢੇ ਸਤ ਦਿਨ, ਸਾਢੇ ਸਤ ਪਹਿਰ ਜਾਂ ਸਾਢੇ ਸਤ ਪਲ ਰਹਿ ਜਾਂਦਾ ਹੈ।

ਕਥਾ ਹੈ ਕਿ ਇਕ ਵਾਰ ਸ਼ਨੀ ਦੇਵਤਾ ਕੈਲਾਸ਼ ਪਰਬਤ ਉਤੇ ਸ਼ਿਵ ਜੀ ਪਾਸ ਗਿਆ ਤੇ ਕਹਿਣ ਲੱਗਾ : "ਮੇਰਾ ਪ੍ਰਭਾਵ ਇਤਨਾ ਪ੍ਰਬਲ ਏ ਕਿ ਕੋਈ ਵੀ ਪ੍ਰਾਣੀ ਮੇਰੀ ਸਾੜ੍ਹਸਤੀ ਤੋਂ ਬਚ ਨਹੀਂ ਸਕਦਾ। ਐਤਕੀਂ ਇਹ ਸਾੜ੍ਹਸਤੀ ਤੁਹਾਡੇ ਤੇ ਪੈਣੀ ਹੈ, ਪਰ ਮੈਂ ਸਾਢੇ ਸਤ ਸਾਲਾਂ ਦੀ ਥਾਂ ਕੇਵਲ ਸਾਢੇ ਸਤ ਪਲ ਤੁਹਾਨੂੰ ਕਸ਼ਟ ਦੇਵਾਂਗਾ।" ਸ਼ਿਵ ਜੀ ਕਹਿਣ ਲੱਗੇ, "ਕੋਈ ਹਰਜ ਨਹੀਂ, ਪਰ ਇਹ ਸਾੜ੍ਹਸਤੀ ਕਦੋਂ ਪਏਗੀ।" ਸਨਿਚਰ ਨੇ ਕਿਹਾ, "ਕਲ੍ਹ ਸੂਰਜ ਚੜ੍ਹਨ ਤੋਂ ਪਹਿਲਾਂ।"

ਅਗਲੇ ਦਿਨ ਸ਼ਿਵ ਜੀ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਹਿਮਾਲੀਆ ਪਰਬਤ ਉਤੇ ਜਾ ਕੇ, ਇਕ ਸਰੋਵਰ ਵਿਚ ਚੁਭੀ ਮਾਰ ਕੇ, ਸਾਢੇ ਸਤ ਪਲਾਂ ਲਈ ਸਮਾਧੀ ਵਿਚ ਬੈਠ ਰਹੇ। ਸਰੀਰ ਬਰਫ਼ ਵਾਂਗ ਜੰਮ ਗਿਆ। ਜਦੋਂ ਸੂਰਜ ਉਦੈ ਹੋਇਆ ਤਾਂ ਸ਼ਿਵ ਜੀ ਪਾਣੀ ਤੋਂ ਬਾਹਰ ਨਿਕਲੇ, ਤਾਂ ਉਨ੍ਹਾਂ ਨੇ ਸਰੋਵਰ ਦੇ ਬਾਹਰ ਸ਼ਨੀ ਦੇਵਤੇ ਨੂੰ ਖਲੋਤੇ ਵੇਖਿਆ ਅਤੇ ਕਿਹਾ, "ਭਈ, ਤੂੰ ਆਪਣਾ ਪ੍ਰਭਾਵ ਨਹੀਂ ਵਿਖਾਇਆ, ਸੂਰਜ ਉਦੈ ਹੋ ਗਿਆ ਏ।" ਸਨਿਚਰ ਮੁਸਕ੍ਰਾ ਕੇ ਕਹਿਣ ਲੱਗਾ, 'ਤੁਹਾਡੇ ਵਰਗਾ ਮਹਾਨ ਦੇਵਤਾ, ਮੇਰੀ ਸ਼ਕਤੀ ਤੋਂ ਡਰ ਕੇ, ਸਾਢੇ ਸਤ ਪਲ ਠੰਢੇ ਪਾਣੀ ਵਿਚ ਠਹਿਰਿਆ ਰਿਹਾ, ਇਸ ਤੋਂ ਵੱਡਾ ਮੇਰਾ ਪ੍ਰਭਾਵ ਹੋਰ ਕੀ ਹੋ ਸਕਦਾ ਏ।"

ਸਾੜ੍ਹਸਤੀ ਦੇ ਅਸਰ ਤੋਂ ਬਚਣ ਲਈ ਤੇ ਪ੍ਰਭਾਵ ਨੂੰ ਘਟਾਣ ਲਈ ਕਈ ਹਿੰਦੂ ਸਨਿਚਰ ਨੂੰ ਵਰਤ ਰਖਦੇ ਹਨ (ਵੇਖੋ : ਸਨਿਚਰਵਾਰ ਦਾ ਵਰਤ)। ਸਾੜ੍ਹਸਤੀ ਦੇ ਵਰਤ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :

ਪੂਰਵ ਇਤਿਹਾਸਕ ਕਾਲ ਦੀ ਗੱਲ ਹੈ, ਇਕ ਵਾਰ ਸ਼ਨੀ ਦੇਵਤਾ ਇਕ ਰਾਜੇ ਦੇ ਆਗਿਆਕਾਰੀ ਵਜ਼ੀਰ ਦੇ ਸੁਪਨੇ ਵਿਚ ਪ੍ਰਗਟ ਹੋਇਆ ਤੇ ਕਹਿਣ ਲੱਗਾ, "ਮੈਂ ਸ਼ਨੀ ਦੇਵਤਾ ਹਾਂ ਤੇ ਸਾਢੇ ਸਤ ਵਰ੍ਹੇ ਤੁਹਾਡੇ ਰਾਜੇ 'ਤੇ ਭਾਰਾ ਰਵ੍ਹਾਂਗਾ। ਇਹ ਮੇਰੀ ਚੇਤਾਵਨੀ ਏ।" ਵਜ਼ੀਰ ਨੇ ਸੋਚਿਆ ਕਿ ਜੇ ਸਾਢੇ ਸਤ ਸਾਲ ਸ਼ਨੀ ਦੇਸ਼ ਉਤੇ ਭਾਰਾ ਰਿਹਾ, ਤਾਂ ਸਾਰਾ ਦੇਸ਼ ਕਾਲ ਅਤੇ ਸੰਕਟ ਵਿਚ ਗ੍ਰਸਿਆ ਜਾਵੇਗਾ। ਸੋ, ਉਸ ਨੇ ਸ਼ਨੀ ਦੇਵਤੇ ਦੀ ਬੜੇ ਸਿਦਕ ਨਾਲ ਅਰਾਧਨਾ ਤੇ ਪੂਜਾ ਕੀਤੀ। ਵਜ਼ੀਰ ਉਤੇ ਪ੍ਰਸੰਨ ਹੋ ਕੇ ਸ਼ਨੀ ਪ੍ਰਗਟ ਹੋਇਆ। ਸ਼ਨੀ ਦੇ ਪੁੱਛਣ ਉਤੇ ਕਿ ਉਹ ਕੀ ਚਾਹੁੰਦਾ ਹੈ, ਵਜ਼ੀਰ ਨੇ ਦਸਿਆ ਕਿ ਜੇ ਸ਼ਨੀ ਨੇ ਰਾਜੇ ਉਤੇ ਭਾਰਾ ਹੋਣਾ ਹੀ ਹੈ ਤਾਂ ਉਹ ਥੋੜ੍ਹੇ ਜਿਹੇ ਸਮੇਂ ਵਾਸਤੇ ਹੋਵੇ। ਸ਼ਨੀ ਨੇ ਕਿਹਾ : "ਅੱਛਾ ਮੈਂ ਸਾਢੇ ਸਤ ਸਾਲ ਦੀ ਥਾਂ ਸਾਢੇ ਸਤ ਮਹੀਨੇ ਭਾਰਾ ਰਹਾਂਗਾ।" ਵਜ਼ੀਰ ਨੇ ਦੁਬਾਰਾ ਅਰਜ਼ ਕਰਦਿਆਂ ਕਿਹਾ ਕਿ ਇਹ ਸਮਾਂ ਵੀ ਕਾਫ਼ੀ ਲੰਮਾ ਹੈ। ਸ਼ਨੀ ਵਜ਼ੀਰ ਉਤੇ ਬਹੁਤਾ ਪ੍ਰਸੰਨ ਸੀ, ਸੋ ਕਹਿਣ ਲੱਗਾ, "ਅੱਛਾ, ਮੈਂ ਕੇਵਲ ਸਾਢੇ ਸਤ ਦਿਨ ਪ੍ਰਭਾਵ ਵਿਖਾਵਾਂਗਾ।" ਵਜ਼ੀਰ ਨੇ ਹੋਰ ਸਮਾਂ ਘਟਾਣ ਲਈ ਬੇਨਤੀ ਕੀਤੀ ਤਾਂ ਸ਼ਨੀ ਨੇ ਕਿਹਾ,

"ਚੰਗਾ, ਮੈਂ ਸਿਰਫ਼ ਢਾਈ ਘੜੀਆਂ ਲਈ ਆਵਾਂਗਾ।"

ਵਜ਼ੀਰ ਬੜਾ ਆਗਿਆਕਾਰੀ ਤੇ ਰਾਜ-ਭਗਤ ਸੀ। ਕਹਿਣ ਲੱਗਾ, "ਇਕ ਕ੍ਰਿਪਾ ਹੋਰ ਕਰੋ। ਤੁਸੀਂ ਰਾਜੇ ਦੀ ਥਾਂ ਮੇਰੇ ਉਤੇ ਢਾਈ ਘੜੀਆਂ ਲਈ ਆਓ।" ਸ਼ਨੀ ਪਹਿਲਾਂ ਤਾਂ ਨਾ ਮੰਨਿਆਂ, ਪਰ ਵਜ਼ੀਰ ਦੇ ਜ਼ੋਰ ਦੇਣ ਤੇ ਉਸ ਨੇ ਇਹ ਗੱਲ ਵੀ ਸਵੀਕਾਰ ਕਰ ਲਈ।

ਸ਼ਨੀ ਦੇਵ ਦੇ ਪੈਰ ਪਾਉਣ ਦੀ ਢਿੱਲ ਸੀ ਕਿ ਦੇਸ਼ ਵਿਚ ਸਾਜ਼ਸ਼ਾਂ ਹੋਣ ਲੱਗੀਆਂ। ਕਿਸੇ ਨੇ ਰਾਜਕੁਮਾਰ ਨੂੰ ਕਤਲ ਕਰ ਕੇ ਉਸ ਦੀ ਲਾਸ਼ ਵਜ਼ੀਰ ਦੇ ਘਰ ਸੁਟ ਦਿਤੀ। ਜਦੋਂ ਰਾਜੇ ਨੂੰ ਖ਼ਬਰ ਮਿਲੀ ਤਾਂ ਉਸ ਨੇ ਵਜ਼ੀਰ ਨੂੰ ਬੰਦੀ ਬਣਾ ਲਿਆ, ਕਿਉਂ ਜੋ ਸਾਰੇ ਸਬੂਤ ਇਹੋ ਸਿਧ ਕਰਦੇ ਸਨ ਕਿ ਰਾਜਕੁਮਾਰ ਦੇ ਕਤਲ ਵਿਚ ਵਜ਼ੀਰ ਦਾ ਹੱਥ ਹੈ। ਰਾਜੇ ਨੇ ਵਜ਼ੀਰ ਨੂੰ ਫਾਂਸੀ ਚੜ੍ਹਾ ਦੇਣ ਦਾ ਹੁਕਮ ਦਿਤਾ। ਉਧਰ ਵਜ਼ੀਰ ਫਾਂਸੀ ਤੇ ਚਾੜ੍ਹਿਆ ਜਾਣ ਲੱਗਾ, ਤਾਂ ਦੂਜੇ ਪਾਸੇ ਰਾਜਕੁਮਾਰ ਦੀ ਦੇਹ ਦਾ ਅੰਤਮ ਸੰਸਕਾਰ ਹੋਣ ਲੱਗਾ। ਇਤਨੇ ਸਮੇਂ ਵਿਚ ਢਾਈ ਘੜੀਆਂ ਬੀਤ ਗਈਆਂ ਅਤੇ ਵਜ਼ੀਰ ਦੇ ਗਲ ਵਿਚੋਂ ਫਾਹੀ ਦਾ ਫੰਧਾ ਆਪਣੇ ਆਪ ਟੁਟ ਗਿਆ। ਰਾਜਕੁਮਾਰ ਦੀ ਚਿਖਾ ਨੂੰ ਜਦੋਂ ਅੱਗ ਦਾਗੀ ਜਾਣ ਲੱਗੀ ਤਾਂ ਉਹ ਅੱਖਾਂ ਮਲਦਾ ਹੋਇਆ ਉਠ ਬੈਠਾ। ਸਭ ਲੋਕ ਹੈਰਾਨ ਰਹਿ ਗਏ। ਰਾਜੇ ਨੇ ਆਪਣੇ ਵਜ਼ੀਰ ਨੂੰ ਸੱਦ ਕੇ ਸਾਰੀ ਗੱਲ ਪੁੱਛੀ। ਉਸ ਨੇ ਅਸਲ ਗੱਲ ਦਸਦੇ ਹੋਏ ਕਿਹਾ ਕਿ ਇਹ ਤਾਂ ਸ਼ਨੀ ਦੀ ਸਾੜ੍ਹਸਤੀ ਸੀ, ਜੋ ਢਾਈ ਸਾਲਾਂ ਦੀ ਥਾਂ ਢਾਈ ਘੜੀਆਂ ਦੀ ਰਹਿ ਗਈ ਸੀ। ਜੇ ਢਾਈ ਘੜੀਆਂ ਵਿਚ ਸ਼ਨੀ ਇਤਨਾ ਉਪੱਦਰ ਲਿਆ ਸਕਦਾ ਹੈ, ਤਾਂ ਸਾਢੇ ਸਤ ਸਾਲਾਂ ਵਿਚ ਤਾਂ ਦੇਸ਼ ਨਸ਼ਟ ਹੋ ਜਾਣਾ ਸੀ। ਉਦੋਂ ਤੋਂ ਲੋਕੀਂ ਸ਼ਨਿਚਰਵਾਰ ਨੂੰ ਸ਼ਨੀ ਦਾ ਵਰਤ ਰਖਣ ਲੱਗੇ। ਲੋਕਾਂ ਦਾ ਨਿਸਚਾ ਹੈ ਕਿ ਸ਼ਨਿਚਰਵਾਰ ਦਾ ਵਰਤ ਰਖਣ ਨਾਲ ਸ਼ਨੀ ਦੀ ਸਾੜ੍ਹਸਤੀ ਦਾ ਅਸਰ ਘਟ ਕੇ ਸਾਢੇ ਸਤ ਘੜੀਆਂ ਰਹਿ ਜਾਂਦਾ ਹੈ।

## (ਸ-460) **ਸਿਉਂਕ** :

ਸਿਉਂਕ ਲਕੜੀ, ਕਪੜੇ ਤੇ ਭੋਇੰ ਨੂੰ ਕਾਫ਼ੀ ਨੁਕਸਾਨ ਪਹੁੰਚਾਂਦੀ ਹੈ। ਇਸ ਨੂੰ ਨਸ਼ਟ ਕਰਨ ਵਾਸਤੇ ਕਈ ਲੋਕ-ਜੁਗਤਾਂ ਦੇ ਟੂਣੇ ਟੱਪੇ ਪ੍ਰਚਲਤ ਹਨ। ਲੋਕ-ਚਿਕਿਤਸਾ ਅਨੁਸਾਰ ਜਿਥੇ ਕਿਥੇ ਸਿਉਂਕ ਹੋਵੇ, ਉਥੇ ਪੋਟਲੀ ਵਿਚ ਹਿੰਗ ਬੰਨ੍ਹਕੇ ਧੁਖਾ ਦੇਣ ਨਾਲ ਸਿਉਂਕ ਖ਼ਤਮ ਹੋ ਜਾਂਦੀ ਹੈ। ਕਈ ਲੋਕ ਹਿੰਗ ਧੁਖਾਣ ਦੀ ਥਾਂ ਖਾਲ ਦੇ ਵਗਦੇ ਪਾਣੀ ਵਿਚ ਹਿੰਗ ਦੀ ਪੋਟਲੀ ਬੰਨ੍ਹ ਕੇ ਸੁਟ ਦੇਂਦੇ ਹਨ। ਇਸ ਤਰ੍ਹਾਂ ਖੇਤ ਵਿਚ ਸਿਉਂਕ ਨਹੀਂ ਰਹਿੰਦੀ।

ਸਿਉਂਕ ਨੂੰ ਖੇਤ ਵਿਚੋਂ ਕੱਢਣ ਬਾਰੇ ਇਕ ਟੂਣਾ ਪ੍ਰਚਲਤ ਹੈ। ਜੇ ਕੋਈ ਕੁੜੀ ਡੋਲੀ ਚੜ੍ਹਨ ਵੇਲੇ, ਕੁਝ ਸਿਉਂਕ, ਆਪਣੇ ਸਾਲੂ ਦੇ ਪੱਲੇ ਨਾਲ ਬੰਨ੍ਹ ਕੇ, ਸਹੁਰੇ ਘਰ ਲੈ ਜਾਵੇ, ਤਾਂ ਉਸ ਕੰਨਿਆਂ ਦੇ ਪਿਉ ਦੇ ਖੇਤ ਵਿਚ ਸਿਉਂਕ ਨਹੀਂ ਰਹਿੰਦੀ। ਜੇ ਪਿੰਡ ਦੇ ਪੈਂਚ ਡੋਲੀ ਚੜ੍ਹਨ ਵੇਲੇ ਕੰਨਿਆਂ ਦੇ ਪੱਲੇ ਨਾਲ ਸਿਉਂਕ ਬੰਨ੍ਹ ਦੇਣ, ਤਾਂ ਸਾਰੇ ਪਿੰਡ ਦੀ ਸਿਉਂਕ ਹੀ ਨਸ਼ਟ ਹੋ ਜਾਂਦੀ ਹੈ।

## (ਸ-461) **ਸਿਆਣਾ** :

ਭੂਤਾਂ ਪ੍ਰੇਤਾਂ ਨੂੰ ਵਸ ਵਿਚ ਕਰਨ ਅਤੇ ਕਾਲੇ ਇਲਮ ਵਿਚ ਮਾਹਿਰ ਚੇਲਾ ਜਾਂ ਜੋਗੀ। ਸਿਆਣਾ ਪਕੜ ਤੇ ਸਾਏ ਵਾਲੇ ਰੋਗੀਆਂ ਨੂੰ ਕਈ ਜੁਗਤਾਂ ਨਾਲ ਨਰੋਆ ਕਰਦਾ ਹੈ। ਪੰਜਾਬ ਦੇ ਪਿੰਡਾਂ ਵਿਚ ਸਿਆਣੇ ਆਮ ਵੇਖੇ ਜਾਂਦੇ ਹਨ। ਕਈ ਤਾਂ ਇਸ ਕਲਾ ਵਿਚ ਇਤਨੇ ਪ੍ਰਸਿਧ ਹਨ ਕਿ ਦੂਰੋਂ ਦੂਰੋਂ ਰੋਗੀ ਉਨ੍ਹਾਂ ਕੋਲ ਇਲਾਜ ਲਈ ਆਉਂਦੇ ਹਨ। ਅਨਪੜ੍ਹ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕ ਅਜੇ ਭਰਮਾਂ ਵਹਿਮਾਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋਏ। ਉਹ, ਕਈ ਮਾਨਸਿਕ ਤੇ ਦਿਮਾਗੀ ਰੋਗਾਂ ਨੂੰ, ਜਿਨ੍ਹਾਂ ਵਿਚ ਰੋਗੀ ਝਲ ਵਲੱਲੀਆਂ ਗੱਲਾਂ ਕਰਨ ਲੱਗ ਪੈਂਦਾ ਜਾਂ ਬੇਸੁਧ ਹੋ ਜਾਂਦਾ ਹੈ, ਜਿੰਨ ਭੂਤਾਂ ਤੇ ਹੋਰ ਕਰੂਰ ਤਾਕਤਾਂ ਦਾ ਸਾਇਆ ਮੰਨਦੇ ਹਨ ਅਤੇ ਉਨ੍ਹਾਂ ਦਾ ਇਲਾਜ ਹਕੀਮ ਵੈਦ ਤੋਂ ਕਰਵਾਉਣ ਦੀ ਥਾਂ ਚੇਲਿਆਂ/ਸਿਆਣਿਆਂ/ਜੋਗੀਆਂ ਤੋਂ ਕਰਵਾਉਂਦੇ ਹਨ।

'ਸਿਆਣੇ' ਮੜ੍ਹੀਆਂ ਵਿਚ ਚਿਲੇ ਕਟ ਕੇ ਘੋਰ ਸਾਧਨਾ ਦੁਆਰਾ ਜਿੰਨ ਭੂਤ, ਕੋਈ ਬੀਰ ਜਾਂ ਦੇਵੀ ਦਿਉਤਾ ਵਸ ਵਿਚ ਕਰ ਲੈਂਦੇ ਹਨ, ਫਿਰ ਉਸ ਦੀ ਮਦਦ ਨਾਲ ਉਹ ਆਪਣੇ ਕਾਰਜ ਸਾਧਦੇ ਤੇ ਰੋਗੀਆਂ ਦੇ ਦੁਖ ਦੂਰ ਕਰਦੇ ਹਨ।

'ਸਿਆਣੇ' ਜਿੰਨ ਭੂਤ ਤੇ ਚੁੜੇਲ ਆਦਿ ਨੂੰ ਰੋਗੀ ਦੀ ਦੇਹ ਵਿਚੋਂ ਕੱਢਣ ਲਈ ਕਈ ਜੁਗਤਾਂ ਵਰਤਦੇ ਹਨ, ਜਿਨ੍ਹਾਂ ਵਿਚੋਂ ਚਾਰ ਪ੍ਰਮੁਖ ਹਨ : (1) ਪ੍ਰੇਤ ਰੂਹਾਂ ਧੂੰਏਂ ਅਤੇ ਅੱਗ ਤੋਂ ਬੜਾ ਭੈ ਖਾਂਦੀਆਂ ਹਨ। ਇਸ ਵਾਸਤੇ ਧੂੰਏਂ ਦੁਆਰਾ ਪ੍ਰੇਤ ਰੂਹਾਂ ਨੂੰ ਰੋਗੀ ਦੇ ਸਰੀਰ ਵਿਚੋਂ ਕਢਿਆ ਜਾਂਦਾ ਹੈ। ਧੂਪ, ਹਰਮਲ ਜਾਂ ਕਈ ਵਾਰ ਮਿਰਚਾਂ ਦਾ ਧੂੰਆਂ ਰੋਗੀ ਦੀਆਂ ਨਾਸਾਂ ਵਿਚ ਦਿਤਾ ਜਾਂਦਾ ਹੈ। ਕਈ ਸਾਧੂ ਧੂਣੀ ਦੇ ਧੂੰਏਂ ਨਾਲ ਹੀ ਰੋਗੀ ਦਾ ਇਲਾਜ ਕਰਦੇ ਹਨ। (2) ਦੂਜੀ ਵਿਧੀ ਰੋਗੀ ਨੂੰ ਤਸੀਹੇ ਦੇਣ ਦੀ ਹੈ। ਅੱਗ ਵਿਚ ਲੋਹੇ ਦੀਆਂ ਸਲਾਖਾਂ ਜਾਂ ਚੁਮਟਾ ਤਾਅ ਕੇ ਰੋਗੀ ਦੇ ਸਰੀਰ ਨਾਲ ਛੁਹਾਇਆ ਜਾਂਦਾ ਹੈ। ਜਾਂ ਫਿਰ ਜੁਤੀਆਂ, ਛੱਟੀਆਂ ਤੇ ਸੰਗਲੀ ਆਦਿ ਨਾਲ ਰੋਗੀ ਨੂੰ ਹੱਡ-ਭੰਨਵੀਂ ਮਾਰ ਦਿਤੀ ਜਾਂਦੀ ਹੈ। ਵਿਸ਼ਵਾਸ ਹੈ ਕਿ ਇਨ੍ਹਾਂ ਤਸੀਹਿਆਂ ਦਾ ਕਸ਼ਟ ਰੋਗੀ ਨੂੰ ਨਹੀਂ ਪਹੁੰਚਦਾ, ਸਗੋਂ ਰੋਗੀ ਵਿਚ ਵਸਦੀ ਪ੍ਰੇਤ-ਰੂਹ ਨੂੰ ਹੁੰਦਾ ਹੈ, ਜੋ ਮਜਬੂਰ ਹੋ ਕੇ ਉਸ ਸਰੀਰ ਨੂੰ ਤਿਆਗ ਦੇਂਦੀ ਹੈ। ਪ੍ਰੇਤ-ਰੂਹ ਸਰੀਰ ਨੂੰ ਛੱਡਣ ਲੱਗਿਆਂ ਕਿਸੇ ਢੰਗ ਨਾਲ ਆਪਣੇ ਜਾਣ ਦੀ ਦੱਸ ਪਾ ਜਾਂਦੀ ਹੈ, ਜਿਵੇਂ ਕਮਰੇ ਵਿਚਲੀ ਕਿਸੇ ਚੀਜ਼ ਦਾ ਫ਼ਰਸ਼ ਉਤੇ ਡਿਗ ਕੇ ਟੁਟਣਾ ਜਾਂ ਦਰਵਾਜ਼ੇ ਦਾ ਕੁੰਡਾ ਖੜਕਣਾ। ਪਰ ਇਨ੍ਹਾਂ ਤਸੀਹਿਆਂ ਨਾਲ ਕਈ ਵਾਰ ਰੋਗੀ ਦੀ ਮੌਤ ਵੀ ਹੋ ਜਾਂਦੀ ਹੈ। (3) ਤੀਜਾ ਉਪਾ 'ਹਾਲ' ਦਾ ਹੈ। ਰੋਗੀ ਨੂੰ ਸਿਰ ਮਾਰਨ ਲਈ ਕਿਹਾ ਜਾਂਦਾ ਹੈ। ਚੇਲਾ ਨਾਲੋ ਨਾਲ ਮੰਤਰਾਂ ਦਾ ਉਚਾਰਨ ਕਰਦਾ ਜਾਂਦਾ ਹੈ ਤੇ ਚੇਲੇ ਦੇ ਪ੍ਰਭਾਵ ਹੇਠ ਪ੍ਰੇਤ, ਰੋਗੀ ਦੀ ਅਰਧ-ਚੇਤਨ ਅਵਸਥਾ ਵਿਚ, ਉਸ ਦਾ ਸਰੀਰ ਛੱਡ ਜਾਂਦਾ ਹੈ। (4) ਚੌਥੀ ਵਿਧੀ ਮੰਤਰਾਂ ਦੁਆਰਾ ਭੂਤ ਪ੍ਰੇਤ ਨਠਾਣ ਦੀ ਹੈ (ਵੇਖੋ : ਭੂਤ ਪ੍ਰੇਤ)।

(ਸ-462) **ਸਿਆਪਾ :**

ਸੰਸਕ੍ਰਿਤ ਦੇ ਸ਼ਬਦ 'ਸ਼ਵ-ਪ੍ਰਲਾਪ' ਦਾ ਤਦਭਵ ਜਿਸ ਦਾ ਅਰਥ ਹੈ, ਸ਼ਵ (ਮੁਰਦੇ) ਲਈ ਵਿਰਲਾਪ ਕਰਨਾ। ਪੰਜਾਬ ਵਿਚ ਜਦੋਂ ਕਿਸੇ ਪ੍ਰਾਣੀ ਦੀ ਮ੍ਰਿਤੂ ਹੋ ਜਾਂਦੀ ਹੈ, ਤਾਂ ਉਸ ਦੇ ਸ਼ੋਕ ਵਿਚ, ਬਰਾਦਰੀ ਦੀਆਂ ਇਸਤ੍ਰੀਆਂ, ਵਿਰਲਾਪ ਕਰਦੀਆਂ ਹੋਈਆਂ ਆਪਣੇ ਸਿਰ, ਮੂੰਹ, ਛਾਤੀ ਤੇ ਪੱਟਾਂ ਆਦਿ ਉਤੇ ਜ਼ੋਰ ਜ਼ੋਰ ਦੇ ਹੱਥ ਮਾਰ ਮਾਰ ਕੇ ਪਿਟਦੀਆਂ ਤੇ ਨਾਲ ਹੀ ਵੈਣ ਪਾਉਂਦੀਆਂ ਹਨ। ਇਸੇ ਨੂੰ 'ਸਿਆਪਾ' ਕਿਹਾ ਜਾਂਦਾ ਹੈ।

ਪਹਿਲਿਆਂ ਵਿਚ ਸਿਆਪੇ ਉਤੇ ਮਿਰਾਸਣਾਂ ਜਾਂ ਨੈਣਾਂ ਨੂੰ ਉਚੇਚੇ ਤੌਰ ਉਤੇ ਸੱਦਿਆ ਜਾਂਦਾ ਸੀ। ਨੈਣਾਂ ਨੂੰ ਬੜੇ ਕਰੁਣਾਮਈ ਵੈਣ ਤੇ ਅਲਾਹਣੀਆਂ ਯਾਦ ਹੁੰਦੀਆਂ ਸਨ ਤੇ ਉਹ ਸੁਰ ਤਾਲ ਵਿਚ ਅਲਾਹਣੀਆਂ ਨੂੰ ਅਲਾਪਦੀਆਂ ਹੋਈਆਂ ਇਕ ਕਰੁਣਾਮਈ ਵਾਤਾਵਰਣ ਸਿਰਜ ਦੇਂਦੀਆਂ ਸਨ।

ਸਿਆਪੇ ਵੇਲੇ ਤੀਵੀਆਂ ਇਕ ਚੱਕਰ ਵਿਚ ਖੜੀਆਂ ਹੋ ਜਾਂਦੀਆਂ ਹਨ ਤੇ ਨੈਣ ਵਿਚਕਾਰ। ਫਿਰ ਨੈਣ ਦੀ ਅਗਵਾਈ ਹੇਠ ਤੀਵੀਆਂ ਇਕ ਤਾਲ ਵਿਚ ਦੋਵੇਂ ਹੱਥ ਤਰਤੀਬਵਾਰ ਮੱਥੇ, ਛਾਤੀ ਤੇ ਪੱਟਾਂ ਉਤੇ ਮਾਰਦੀਆਂ ਹਨ। ਪਹਿਲਾਂ ਚਾਲ ਕੁਝ ਮੱਧਮ ਹੁੰਦੀ ਹੈ, ਜੋ ਹੌਲੇ ਹੌਲੇ ਤੇਜ਼ੀ ਪਕੜਦੀ ਜਾਂਦੀ ਹੈ। ਨੈਣ ਕੋਈ ਵੈਣ ਜਾਂ ਅਲਾਹਣੀ ਛੁਹੰਦੀ ਹੈ, ਤਾਂ ਘੇਰੇ ਵਿਚ ਖਲੋਤੀਆਂ ਤੀਵੀਆਂ ਅੰਤਰੇ ਦੀ ਤੁਕ ਨੂੰ, ਜੇ ਗਭਰੂ ਦੀ ਮੌਤ ਹੋਵੇ ਤਾਂ 'ਹਾਇਹਾ ਸ਼ੇਰ ਸਰੂ ਜਿਹਾ' ਅਤੇ ਜੇ ਮੁਟਿਆਰ ਦੀ ਹੋਵੇ ਤਾਂ 'ਹਾਇਹਾ ਧੀਏ ਮੋਰਨੀਏ' ਅਲਾਪਦੀਆਂ ਹਨ। ਬੜਾ ਕਰੁਣਾਮਈ ਦ੍ਰਿਸ਼ ਹੁੰਦਾ ਹੈ ਤੇ ਪੱਥਰ ਦਿਲ ਵੀ ਪਿਘਲ ਤੁਰਦੇ ਹਨ। ਹੁਣ ਸਿਆਪੇ ਦਾ ਰਵਾਜ ਘਟਦਾ ਜਾ ਰਿਹਾ ਹੈ।

ਸਿਆਪੇ ਦਾ ਸਬੰਧ ਮੋਏ ਪ੍ਰਾਣੀ ਦੀ ਉਮਰ ਨਾਲ ਵੀ ਹੁੰਦਾ ਹੈ। ਜਵਾਨੀ ਦੀ ਮੌਤ ਉਤੇ ਸਰੀਰ ਪਿਟ ਪਿਟ ਕੇ ਨੀਲਾ ਕਰ ਲਿਆ ਜਾਂਦਾ ਹੈ। ਬੁਢੇ ਦੇ ਸਿਆਪੇ ਵਿਚ ਜਵਾਨੀ ਦੀ ਮੌਤ ਵਾਲਾ ਕਰੁਣਾਮਈ ਰੰਗ ਨਹੀਂ ਹੁੰਦਾ। ਉਥੇ ਨਾਸ਼ਮਾਨ ਸਰੀਰ ਦੀ ਛਿੰਨ ਭੰਗਰੀ ਹੋਂਦ ਨੂੰ

ਕਬੂਲਿਆ ਜਾਂਦਾ ਹੈ। ਬੱਚੇ ਦੀ ਮੌਤ ਉਤੇ ਵੈਣ ਹੀ ਪਾਏ ਜਾਂਦੇ ਹਨ, ਸਿਆਪਾ ਨਹੀਂ ਕੀਤਾ ਜਾਂਦਾ।

ਸਿਆਪੇ ਤੇ ਵੈਣ ਵਿਚ ਕਾਫ਼ੀ ਫ਼ਰਕ ਹੈ। ਸਿਆਪੇ ਵੇਲੇ ਤੀਵੀਆਂ ਇਕ ਚਕਰ ਵਿਚ ਖਲੋ ਕੇ ਨਿਯਮਤ ਢੰਗ ਨਾਲ ਸੁਰ ਤਾਲ ਵਿਚ ਪਿਟਦੀਆਂ ਹਨ। ਪਰ ਵੈਣ ਦੋ ਜ਼ਨਾਨੀਆਂ ਇਕ ਦੂਜੇ ਦੇ ਗਲ ਲੱਗ ਕੇ ਪਾਉਂਦੀਆਂ ਹਨ। ਸਿਆਪੇ ਦੀ ਵੰਨਗੀ :

ਹੈਂ ਹੈਂ ਮਿਰਜ਼ਾ ਸੌਂ ਗਿਆ ਨੀ,
ਹਾਏ ਹਾਏ ਮਿਰਜ਼ਾ ਸੌਂ ਗਿਆ ਨੀ।
ਸੌਂ ਗਿਆ ਚਾਦਰ ਤਾਣ ਨੀ,
ਹਾਏ ਹਾਏ ਮਿਰਜ਼ਾ ਸੌਂ ਗਿਆ ਨੀ।
ਸੁਤੇ ਨੂੰ ਨਾ ਆਈ ਜਾਗ,
ਕਿ ਮਿਰਜ਼ਾ ਸੌਂ ਗਿਆ ਨੀ।
ਰੋਂਦਾ ਸਭ ਪਰਵਾਰ,
ਕਿ ਮਿਰਜ਼ਾ ਸੌਂ ਗਿਆ ਨੀ।

(ਸ-463) **ਸ਼ਿਆਮ** :

ਕ੍ਰਿਸ਼ਨ ਰੰਗ ਦਾ ਸਾਂਵਲਾ ਸੀ, ਜਿਸ ਕਰ ਕੇ ਉਸ ਨੂੰ ਲਾਡ ਨਾਲ 'ਸਿਆਮ' ਕਿਹਾ ਜਾਂਦਾ ਸੀ। ਮਗਰੋਂ ਇਹੋ ਸ਼ਬਦ ਕ੍ਰਿਸ਼ਨ ਦੀ ਉਪਾਧੀ ਬਣ ਗਿਆ (ਵੇਖੋ : ਕ੍ਰਿਸ਼ਨ)।

(ਸ-464) **ਸਿਆਲ** :

ਬਾਰ (ਪਛਮੀ ਪੰਜਾਬ) ਦੇ ਇਲਾਕੇ ਦਾ ਇਕ ਪ੍ਰਸਿਧ ਕਬੀਲਾ; ਹੀਰ ਤੇ ਸਾਹਿਬਾਂ ਦੋਵੇਂ ਸਿਆਲਾਂ ਦੀਆਂ ਹੀ ਧੀਆਂ ਸਨ। ਹੀਰ ਚੂਚਕ ਸਿਆਲ ਦੀ ਧੀ ਸੀ ਅਤੇ ਸਾਹਿਬਾਂ ਖੀਵੇ ਦੀ, ਜੋ ਮਾਹਣੀ ਸਿਆਲ ਸੀ। ਇਸ ਲਈ ਪੰਜਾਬ ਦੀ ਲੋਕਧਾਰਾ ਵਿਚ ਸਿਆਲ ਕਬੀਲਾ ਵਿਸ਼ੇਸ਼ ਸਥਾਨ ਰਖਦਾ ਹੈ। ਸਿਆਲ ਮੁੱਢ ਦੇ ਰਾਜਪੂਤ ਹਨ।

ਸਿਆਲ ਕਬੀਲੇ ਦੇ ਮੁੱਢ ਬਾਰੇ ਕਈ ਰਵਾਇਤਾਂ ਪ੍ਰਚਲਤ ਹਨ। ਇਸ ਕਬੀਲੇ ਦੇ ਇਤਿਹਾਸ ਬਾਰੇ ਕਈ ਪੁਸਤਕਾਂ ਵੀ ਲਿਖੀਆਂ ਮਿਲਦੀਆਂ ਹਨ। 'ਤਾਰੀਖ਼ੇ ਝੰਗ ਸਿਆਲ' ਵਿਚ ਸਿਆਲ ਕਬੀਲੇ ਦਾ ਜੋ ਇਤਿਹਾਸ ਦਰਜ ਹੈ, ਉਹ ਉਨ੍ਹਾਂ ਦੇ ਝਨਾਂ ਦੇ ਇਲਾਕੇ ਵਿਚ ਵਸਣ ਤੋਂ ਬਾਅਦ ਦਾ ਹੈ। ਮੌਲਵੀ ਨੂਰ ਮੁਹੰਮਦ ਦੀ 'ਹਿਸਟਰੀ ਆਫ਼ ਦੀ ਸਿਆਲਜ਼' ਵਿਚ ਕਬੀਲੇ ਦੀ ਚੜ੍ਹਤ ਦਾ ਇਤਿਹਾਸ ਦਰਜ ਹੈ। ਇਸੇ ਤਰ੍ਹਾਂ 'ਝੰਗ ਗਜ਼ਟੀਅਰ' ਵਿਚ ਸਿਆਲ ਕਬੀਲੇ ਦੇ ਮੁਢਲੇ ਹਾਲਾਤ ਵੇਰਵੇ ਨਾਲ ਮਿਲਦੇ ਹਨ। 'ਗਲਾਸਰੀ' ਜਿਲਦ ਤੀਜੀ (ਪੰਨਾ 417-420) ਵਿਚ ਸਿਆਲ ਕਬੀਲੇ ਬਾਰੇ ਕਾਫ਼ੀ ਵਡਮੁੱਲੀ ਵਾਕਫ਼ੀ ਦਰਜ ਹੈ।

ਈ. ਬੀ. ਸਟੀਡਮੈਨ ਸਿਆਲ ਕਬੀਲੇ ਬਾਰੇ ਲਿਖਦਾ ਹੈ ਕਿ ਉਹ ਧਾਰਾਨਗਰ ਦੇ ਇਕ ਪੁੰਵਾਰ ਰਾਜਪੂਤ ਰਾਏ ਸ਼ੰਕਰ ਦੀ ਵੰਸ਼ ਹਨ। ਧਾਰਾਨਗਰ ਅਲਾਹਬਾਦ ਤੇ ਫ਼ਤਹਪੁਰ ਦੇ ਵਿਚਕਾਰ ਸਥਿਤ ਹੈ। ਪੁੰਵਾਰਾਂ ਦੀ ਇਕ ਸ਼ਾਖ਼ ਆਪਣੇ ਅਸਲੀ ਵਤਨ ਤੋਂ ਜੌਨਪੁਰ ਆ ਕੇ ਵਸਣ ਲੱਗ ਪਈ ਤੇ ਉਥੇ ਹੀ ਰਾਏ ਸ਼ੰਕਰ ਦਾ ਜਨਮ ਹੋਇਆ।

ਇਕ ਰਵਾਇਤ ਅਨੁਸਾਰ ਰਾਏ ਸ਼ੰਕਰ ਦੇ ਘਰ ਤਿੰਨ ਲੜਕੇ 'ਸਿਓ', 'ਟਿਓ' ਤੇ 'ਘਿਓ' ਜੰਮੇ। ਝੰਗ ਦੇ ਸਿਆਲ ਸਿਓ ਦੀ ਵੰਸ਼ ਹਨ, ਸ਼ਾਹਪੁਰ ਦੇ ਟਿਵਾਣੇ 'ਟਿਓ' ਦੀ ਅਤੇ ਪਿੰਡੀ ਘੇਬ ਦੇ ਘੇਬੇ 'ਘਿਓ' ਦੀ। ਪਰ ਇਕ ਹੋਰ ਰਵਾਇਤ ਅਨੁਸਾਰ ਸਿਆਲ ਰਾਏ ਸ਼ੰਕਰ ਦਾ ਇਕੋ ਇਕ ਲੜਕਾ ਸੀ; ਟਿਵਾਣਿਆਂ ਤੇ ਘੇਬਿਆਂ ਦੇ ਵਡਿਕੇ ਰਾਏ ਸ਼ੰਕਰ ਤੇ ਸਿਆਲ ਦੇ ਦੂਰੋਂ ਪਾਰੋਂ ਰਿਸ਼ਤੇਦਾਰ ਹਨ।

ਸਟੀਡਮੈਨ ਅਨੁਸਾਰ ਰਾਏ ਸ਼ੰਕਰ ਦੀ ਮੌਤ ਮਗਰੋਂ ਉਸ ਦੇ ਪਰਿਵਾਰ ਵਿਚ ਕਈ ਤਰ੍ਹਾਂ ਦੇ ਵਾਦ-ਵਿਵਾਦ ਉਠ ਖੜੇ ਹੋਏ ਅਤੇ ਅਲਾਉਦੀਨ ਗੌਰੀ ਦੇ ਜ਼ਮਾਨੇ ਵਿਚ ਸਿਆਲ ਪੰਜਾਬ ਵਿਚ ਆ ਕੇ ਵਸਣ ਲੱਗਾ। ਇਹੋ ਉਹ ਸਮਾਂ ਸੀ ਜਦੋਂ ਖਰਲਾਂ, ਟਿਵਾਣਿਆਂ, ਘੇਬਿਆਂ, ਚੰਦਨਾਂ ਤੇ ਪੁੰਵਾਰ ਸਿਆਲਾਂ ਦੇ ਵਡਿਕੇ, ਹਿੰਦੁਸਤਾਨ ਦੇ ਦੂਜੇ ਇਲਾਕਿਆਂ ਵਿਚੋਂ ਪੰਜਾਬ ਆ ਕੇ ਵੱਸਣ ਲੱਗੇ ਸਨ। ਉਨ੍ਹੀਂ ਦਿਨੀਂ ਪਾਕਪਟਨ ਦੇ ਬਾਬਾ ਫ਼ਰੀਦ ਸ਼ਕਰਗੰਜ ਆਪਣੇ ਮਿੱਠੇ ਸੁਭਾਵ ਤੇ ਸ਼ੀਰੀਂ ਕਲਾਮ ਦੁਆਰਾ ਹਿੰਦੂਆਂ ਨੂੰ ਪ੍ਰਭਾਵਿਤ ਕਰ ਕੇ ਇਸਲਾਮ ਵਿਚ ਲਿਆ ਰਹੇ ਸਨ।

ਸਿਆਲ ਵੀ ਆਪਣੇ ਸਾਥੀਆਂ ਸਮੇਤ ਘੁੰਮਦਾ ਘੁੰਮਾਂਦਾ ਪਾਕਪਟਨ ਪਹੁੰਚਿਆ ਅਤੇ ਉਹ ਸਭ ਬਾਬਾ ਫ਼ਰੀਦ ਦੇ ਅਸਰ ਹੇਠਾਂ ਮੁਸਲਮਾਨ ਬਣ ਗਏ। ਸਿਆਲ ਤੇ ਉਸ ਦੇ ਸਾਥੀ ਪਹਿਲਾਂ ਕੁਝ ਚਿਰ ਰਚਨਾ ਤੇ ਚਜ ਦੁਆਬ ਵਿਚ ਵਿਚਰਦੇ ਰਹੇ ਤੇ ਫਿਰ ਜਿਹਲਮ ਦੇ ਸੱਜੇ ਕੰਢੇ ਟਿਕ ਕੇ ਆਬਾਦ ਹੋ ਗਏ। 'ਝੰਗ ਗਜ਼ਟੀਅਰ' (ਪੰਨਾ 48) ਅਨੁਸਾਰ ਸਿਆਲ ਰਾਵੀ ਨੂੰ ਪਾਰ ਕਰ ਕੇ ਝਨਾਂ ਦੇ ਇਲਾਕੇ ਸ਼ੇਰ ਕੋਟ ਵਿਚ 14ਵੀਂ ਸਦੀ ਵਿਚ ਪਹੁੰਚੇ ਤੇ ਉਥੇ ਉਨ੍ਹਾਂ ਨੇ ਇਕ ਮਜ਼ਬੂਤ ਕਿਲ੍ਹਾ ਬਣਵਾਇਆ, ਤਾਂ ਜੋ ਇਲਾਕੇ ਦੇ ਦੂਜੇ ਕਬੀਲੇ ਉਨ੍ਹਾਂ ਸਾਹਮਣੇ ਸਿਰ ਨਾ ਚੁਕ ਸਕਣ। ਇਕ ਰਵਾਇਤ ਅਨੁਸਾਰ, ਮਲ ਖ਼ਾਨ ਨੇ, ਜੋ ਸਿਆਲ ਦੀ ਨਾਵੀਂ ਪੀੜ੍ਹੀ ਵਿਚ ਸੀ, 1462 ਈ: ਵਿਚ ਝਨਾਂ ਦੇ ਕੰਢੇ ਝੰਗ ਸਿਆਲ ਦਾ ਪਿੰਡ ਵਸਾਇਆ।

ਜਿਨ੍ਹੀਂ ਦਿਨੀਂ ਸਿਆਲ ਆਪਣੇ ਸਾਥੀਆਂ ਨਾਲ ਰਚਨਾ ਦੁਆਬ ਵਿਚ ਰਹਿ ਰਿਹਾ ਸੀ, ਉਸ ਨੇ ਉਥੇ ਇਕ ਕਿਲ੍ਹਾ ਬਣਵਾਇਆ, ਜੋ ਉਸ ਦੇ ਨਾਉਂ ਉਤੇ ਸਿਆਲਕੋਟ ਪ੍ਰਸਿਧ ਹੋਇਆ। ਮਗਰੋਂ ਇਸ ਦੇ ਆਲੇ ਦੁਆਲੇ ਜੋ ਨਗਰ ਵਸਿਆ, ਉਸ ਦਾ ਨਾਂ ਵੀ ਸਿਆਲਕੋਟ ਪੈ ਗਿਆ (ਵੇਖੋ : ਸਿਆਲਕੋਟ)।

ਸਰ ਅਲੈਗਜ਼ੈਂਡਰ ਕਨਿੰਘਮ ਦਾ ਮਤ ਹੈ ਕਿ ਸਿਆਲ ਰਾਜਾ ਹੋਡੀ ਦੀ ਵੰਸ਼ ਵਿਚੋਂ ਸਨ। ਰਾਜਾ ਹੋਡੀ ਇੰਡੋ-ਸਿਥੀਅਨ ਕਬੀਲਿਆਂ ਵਿਚੋਂ ਸੀ ਅਤੇ ਉਹ ਰਾਜਾ ਰਸਾਲੂ ਦਾ ਵਿਰੋਧੀ ਸੀ। ਪਰ ਇਸ ਮਤ ਨਾਲ ਦੂਜੇ ਨਸਲੀ ਵਿਗਿਆਨੀ ਸਹਿਮਤ ਨਹੀਂ। ਇਕ ਹੋਰ ਰਵਾਇਤ ਅਨੁਸਾਰ ਜੋ ਢੀਦੁਆਨਾ ਕਬੀਲੇ ਦੇ ਮਿਰਾਸੀਆਂ ਵਿਚ ਪ੍ਰਚਲਤ ਹੈ, ਸੇਵਾ ਨਾਉਂ ਦੇ ਇਕ ਸਹਿਗਲ ਖਤਰੀ ਨੂੰ ਬਾਬਾ ਫ਼ਰੀਦ ਨੇ ਮੁਸਲਮਾਨ ਬਣਾ ਕੇ ਉਸ ਦਾ ਨਾਉਂ ਸਿਆਲ ਰਖਿਆ। ਇਸੇ ਤੋਂ ਸਿਆਲਾਂ ਦੀ ਵੰਸ਼ ਚੱਲੀ। ਇਹ ਖਤਰੀ ਸਿਆਲਕੋਟ ਦਾ ਵਸਨੀਕ ਸੀ (ਗਲਾਸਰੀ 3,417)।

ਸਿਆਲ ਜਾਤੀ ਦੇ ਸੁਭਾਵ ਤੇ ਵਸੇਬ ਬਾਰੇ ਪੁਰਸਰ ਲਿਖਦਾ ਹੈ ਕਿ ਸਿਆਲ "ਕਦ ਕਾਠ ਦੇ ਲੰਮੇ ਤੇ ਸੁਭਾਵ ਦੇ ਖਰ੍ਹਵੇ ਹਨ। ਇਹ ਪਸ਼ੂਆਂ ਨੂੰ ਸ਼ੌਕ ਨਾਲ ਪਾਲਦੇ, ਪਰ ਵਾਹੀ ਖੇਤੀ ਵਿਚ ਬਿਲਕੁਲ ਰੁਚੀ ਨਹੀਂ ਰਖਦੇ।" ਦਮੋਦਰ ਨੇ ਹੀਰ ਰਾਂਝੇ ਦੇ ਕਿੱਸੇ ਵਿਚ, ਸਿਆਲਾਂ ਦੇ ਜੋ ਰੀਤ ਰਵਾਜ ਦੱਸੇ ਹਨ, ਉਹ ਬਹੁਤੇ ਹਿੰਦੂਆਂ ਵਾਲੇ ਹੀ ਹਨ। ਇੰਜ ਜਾਪਦਾ ਹੈ ਕਿ ਮੁਸਲਮਾਨ ਮਤ ਧਾਰਨ ਕਰਨ ਮਗਰੋਂ ਲੰਮੇ ਅਰਸੇ ਤਕ ਸਿਆਲ ਹਿੰਦੂ ਰੀਤਾਂ ਰਸਮਾਂ ਨੂੰ ਤਿਆਗ ਨਹੀਂ ਸਨ ਸਕੇ।

ਪੁਰਸਰ ਅਨੁਸਾਰ ਸਿਆਲ ਊਦੀਆ ਰੰਗ ਦੇ ਕਪੜੇ ਪਹਿਨਣ ਦਾ ਭਰਮ ਕਰਦੇ ਹਨ। ਇਸ ਦਾ ਕਾਰਨ ਸਿਆਲ ਇਹ ਦਸਦੇ ਹਨ ਕਿ ਹੀਰ ਨੇ ਰਾਂਝੇ ਨਾਲ ਉਧਲਣ ਵੇਲੇ ਊਦੇ ਰੰਗ ਦਾ ਦੁਪੱਟਾ ਧਾਰਨ ਕੀਤਾ ਹੋਇਆ ਸੀ। ਇਸ ਤੋਂ ਇਹ ਰੰਗ ਉਧਲਣ ਦਾ ਚਿੰਨ੍ਹ ਬਣ ਗਿਆ। ਸਿਆਲਾਂ ਵਿਚ ਪਿਤਲ ਦਾ ਭਾਂਡਾ ਵਰਤਣਾ ਅਤੇ ਇਕ ਖ਼ਾਸ ਤਰ੍ਹਾਂ ਦਾ ਤਰਬੂਜ਼, ਕਲਕ ਖਾਣਾ ਵੀ ਨਿਸ਼ੇਧ ਹੈ। ਸਿਆਲਾਂ ਦੇ ਘਰਾਂ ਵਿਚ ਹੀਰ ਜਾਂ ਸਾਹਿਬਾਂ ਦਾ ਨਾਂ ਲੈਣਾ ਵੀ ਵਰਜਿਤ ਹੈ।

ਸਿਆਲ ਅੱਗੋਂ ਕਈ ਕਬੀਲਿਆਂ ਵਿਚ ਵੰਡੇ ਹੋਏ ਹਨ। ਮਾਹਣੀ ਕਬੀਲੇ ਦੇ ਲੋਕ ਖੀਵੇ ਦੀ ਵੰਸ਼ ਵਿਚੋਂ ਹਨ। ਸਾਹਿਬਾਂ ਇਸੇ ਕਬੀਲੇ ਦੀ ਧੀ ਧਿਆਣੀ ਸੀ। ਕਹਿੰਦੇ ਹਨ ਕਿਸੇ ਫ਼ਕੀਰ ਦੇ ਸਰਾਪ ਕਾਰਨ ਇਹ ਕਬੀਲਾ ਨਸ਼ਟ ਹੋ ਗਿਆ। ਉਸ ਫ਼ਕੀਰ ਦੀ ਝਲ-ਵਲਲੀ ਕੰਨਿਆਂ ਨੰਗੀ-ਮਨੰਗੀ ਟਕਰਾਂ ਖਾਂਦੀ, ਖੀਵੇ ਪਿੰਡ ਵਲ ਜਾ ਨਿਕਲੀ। ਖੀਵੇ ਦੇ ਮਾਹਣੀ ਚੌਧਰੀ ਨੇ ਉਸ ਨੂੰ ਅਪਮਾਨਤ ਕਰ ਕੇ ਪਿੰਡੋਂ ਕਢ ਦਿਤਾ। ਫ਼ਕੀਰ ਨੇ ਕਰੋਧ ਵਿਚ ਆ ਕੇ ਆਪਣੇ ਵਿਹੜੇ ਵਿਚ ਲੱਗੇ ਦਰੱਖ਼ਤ ਨੂੰ ਸੰਬੋਧਨ ਕਰ ਕੇ ਮਾਹਣੀ ਨੂੰ ਇਉਂ ਸਰਾਪ ਦਿਤਾ — "ਚੋਹ ਟਾਲੀਆ, ਘਰ ਮਾਲੀਆ। ਇਥੋਂ ਖਿਦੀ ਮਾਹਣੀ ਕਢ; ਕਹਿਰ ਅੱਲਾ ਦਾ ਮਾਰਿਆ, ਨਾ ਰਹਿਣੀ ਵਢ।"

ਜਲਾਲਖ਼ਾਨਾਨ ਸਿਆਲ ਆਪਣਾ ਅਸਲਾ ਰਾਜੇ ਕਰਨ ਨਾਲ ਜੋੜਦੇ ਹਨ, ਪਰ ਜਲਾਲ ਖ਼ਾਨ ਦੀ ਵੰਸ਼ ਵਿਚੋਂ ਹੋਣ ਕਰ ਕੇ ਉਨ੍ਹਾਂ ਦਾ ਇਹ ਨਾਂ ਪ੍ਰਚਲਤ ਹੈ। ਗਲਾਸਰੀ (3,419) ਅਨੁਸਾਰ ਇਨ੍ਹਾਂ ਦੀਆਂ ਰੀਤਾਂ ਬਾਕੀ ਸਿਆਲਾਂ ਨਾਲੋਂ ਕੁਝ ਵੱਖਰੀਆਂ ਹਨ। ਇਨ੍ਹਾਂ ਵਿਚ ਵਿਧਵਾ ਦੇ

ਪੁਨਰ-ਵਿਆਹ ਦੀ ਪ੍ਰਥਾ ਨਹੀਂ। ਬੀਜਾਈ ਤੋਂ ਬਿਨਾਂ ਹੋਰ ਕਿਸੇ ਵਾਹੀ ਖੇਤੀ ਦੇ ਕੰਮ ਨੂੰ ਇਹ ਕਦੇ ਹੱਥ ਨਹੀਂ ਲਗਾਂਦੇ। ਇਨ੍ਹਾਂ ਵਿਚ ਸੇਹੇ, ਗਊ ਤੇ ਊਠ ਦਾ ਮਾਸ ਵੀ ਵਰਜਿਤ ਹੈ। ਜਦੋਂ ਤਕ ਕੋਈ ਭਾਂਡਾ ਘਾਹ-ਫੂਸ ਨਾਲ ਮਾਂਝ ਨਾ ਲੈਣ, ਉਸ ਵਿਚੋਂ ਪਾਣੀ ਨਹੀਂ ਪੀਂਦੇ। ਵੀਹਵੀਂ ਸਦੀ ਦੇ ਮੁਢ ਤਕ, ਵਿਆਹਾਂ ਵੇਲੇ ਇਹ ਬ੍ਰਾਹਮਣਾਂ ਨੂੰ ਸਦਦੇ ਰਹੇ ਹਨ ਅਤੇ ਇਨ੍ਹਾਂ ਦੀਆਂ ਬਹੁਤੀਆਂ ਰੀਤਾਂ ਹਿੰਦੂਆਂ ਵਾਲੀਆਂ ਹੀ ਸਨ।

ਚੇਲਾ ਗੋਤ ਦੇ ਸਿਆਲਾਂ ਵਿਚ ਖੱਗ ਪੰਛੀ ਦਾ ਮਾਸ ਵਰਜਿਤ ਹੈ, ਕਿਉਂ ਜੋ ਖੱਗ ਇਨ੍ਹਾਂ ਦੇ ਕਬੀਲੇ ਦੇ ਇਕ ਪੀਰ ਦਾ ਨਾਂ ਸੀ। ਸਿਆਲਾਂ ਦੇ ਅਨੇਕਾਂ ਹੋਰ ਕਬੀਲੇ ਵੀ ਹਨ। ਸਿਆਲ ਆਪਣੇ ਆਪ ਨੂੰ ਖ਼ਾਨ ਸਦਾਉਂਦੇ ਹਨ, ਪਰ ਸਿਆਲਾਂ ਦੀਆਂ ਉਪ-ਜਾਤੀਆਂ ਮਹਰ। ਪੀਲੂ ਨੇ ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿਚ ਸਿਆਲ ਜਾਤੀ ਨੂੰ ਖ਼ੂਬ ਨਿੰਦਿਆ ਹੈ :

ਬੁਰੇ ਸਿਆਲਾਂ ਦੇ ਮਾਮਲੇ
ਬੁਰੀ ਸਿਆਲਾਂ ਦੀ ਰਾਹ
ਬੁਰੀਆਂ ਸਿਆਲਾਂ ਦੀਆਂ ਔਰਤਾਂ
ਜਾਦੂ ਲੈਂਦੀਆਂ ਪਾ।

(ਸ-465) **ਸਿਆਲ ਸਿੰਙੀ** :

(ਵੇਖੋ : ਗਿਦੜ ਸਿੰਙੀ)।

(ਸ-466) **ਸਿਆਲਕੋਟ** :

ਪੰਜਾਬ ਦਾ ਇਕ ਪ੍ਰਾਚੀਨ ਨਗਰ, ਜੋ ਐਕ ਨਦੀ ਦੇ ਉਤਰੀ ਕੰਢੇ ਉਤੇ ਸਥਿੱਤ ਹੈ। ਇਸ ਨਗਰ ਦਾ ਇਤਿਹਾਸ ਬਹੁਤਾ ਪੁਰਾਣਾ ਹੈ। ਪਰ ਮੰਦੇ ਭਾਗੀਂ ਉਹ ਇਤਿਹਾਸ ਸਮੇਂ ਦੀ ਕੁਖ ਵਿਚ ਹੀ ਅਲੋਪ ਹੋ ਗਿਆ ਹੈ। ਪੁਰਾਣੇ ਗ੍ਰੰਥਾਂ ਵਿਚ ਇਸ ਦਾ ਨਾਉਂ 'ਸ਼ਾਕਲ' ਜਾਂ 'ਸਾਗਲ' ਲਿਖਿਆ ਹੈ। ਰਵਾਇਤ ਅਨੁਸਾਰ ਇਸ ਨਗਰ ਦੀ ਨੀਂਹ ਪੂਰਵ-ਇਤਿਹਾਸਕ ਕਾਲ ਵਿਚ ਰਾਜਾ ਸ਼ਾਲਵ ਨੇ ਰਖੀ, ਜਿਸ ਤੋਂ ਇਸ ਦਾ ਨਾਂ ਸ਼ਾਲੂਕੋਟ ਪਿਆ ਤੇ ਮਗਰੋਂ ਹੌਲੇ ਹੌਲੇ ਇਹ ਨਗਰ ਸਿਆਲਕੋਟ ਅਖਵਾਉਣ ਲੱਗਾ। ਮਹਾਂਭਾਰਤ ਅਨੁਸਾਰ ਰਾਜਾ ਸ਼ਾਲਵ ਪਾਂਡਵਾਂ ਦਾ ਮਾਮਾ ਸੀ। ਉਸ ਦੀ ਵੰਸ਼ ਸਿਆਲਕੋਟ ਵਿਚ 1500 ਸਾਲਾਂ ਰਾਜ ਕਰਦੀ ਰਹੀ। ਪਿਛੋਂ ਇਹ ਇਲਾਕਾ ਹੜਾਂ ਨਾਲ ਬਿਲਕੁਲ ਤਬਾਹ ਹੋ ਗਿਆ ਤੇ ਇਕ ਹਜ਼ਾਰ ਸਾਲ ਤਕ ਵੀਰਾਨ ਪਿਆ ਰਿਹਾ।

ਡਾ: ਗੰਡਾ ਸਿੰਘ ਅਨੁਸਾਰ ਯੂਨਾਨੀਆਂ ਵੇਲੇ ਸਿਆਲਕੋਟ ਉਨ੍ਹਾਂ ਦੀ ਪ੍ਰਸਿਧ ਰਾਜਧਾਨੀ ਸੀ ਅਤੇ ਮੇਨਿੰਦਰ (140-110 ਪੂਰਬ ਈਸਵੀ) ਇਥੇ ਹੀ ਰਾਜ-ਸਿੰਘਾਸਨ ਉਤੇ ਬੈਠਾ ਸੀ। ਵਾਯੂ ਪੁਰਾਣ ਅਨੁਸਾਰ ਇਥੇ ਅਠ ਯਵਨ ਰਾਜਿਆਂ ਨੇ 82 ਵਰ੍ਹੇ ਤਕ ਰਾਜ ਕੀਤਾ ਸੀ (ਪੰਜਾਬ, 489)। ਮੁੜ ਰਾਜਾ ਸਲਵਾਨ ਜਾਂ ਸਾਲਿਵਾਹਨ ਨੇ ਇਸ ਨਗਰ ਦੀ ਪੁਨਰ-ਸਥਾਪਨਾ ਕੀਤੀ। ਕਨਿੰਘਮ ਅਨੁਸਾਰ ਸਾਲਿਵਾਹਨ ਯਾਦਵ ਕੁਲ ਦਾ ਸ਼ਹਿਜ਼ਾਦਾ ਸੀ ਅਤੇ ਉਸ ਦਾ ਪਿਉ ਗ਼ਜ਼ੀਪੁਰ (ਰਾਵਲਪਿੰਡੀ ਦਾ ਪ੍ਰਾਚੀਨ ਨਾਂ) ਵਿਚ ਰਾਜ ਕਰਦਾ ਸੀ। ਜਦੋਂ ਸਿਥੀਅਨਾਂ ਨੇ ਗ਼ਜ਼ੀਪੁਰ ਉਤੇ ਧਾਵਾ ਬੋਲਿਆ, ਤਾਂ ਸਾਲਿਵਾਹਨ ਦਾ ਪਿਉ ਸ਼ਹੀਦ ਹੋ ਗਿਆ ਅਤੇ ਸਾਲਿਵਾਹਨ ਗ਼ਜ਼ੀਪੁਰੋਂ ਨਠ ਕੇ ਪੂਰਬੀ ਪੰਜਾਬ ਵਲ ਆ ਗਿਆ। ਉਥੇ ਸਾਲਿਵਾਹਨ ਨੇ ਇਕ ਨਵੀਂ ਰਾਜਧਾਨੀ ਸਾਲਿਵਾਹਨਪੁਰ ਦੀ ਨੀਂਹ ਰਖੀ। ਮਗਰੋਂ ਇਸੇ ਨਗਰ ਦਾ ਨਾਂ ਸਿਆਲਕੋਟ ਪਿਆ। ਇਥੇ ਆ ਕੇ ਹੀ ਸਾਲਿਵਾਹਨ ਨੇ ਆਪਣੀ ਸੈਨਿਕ ਸ਼ਕਤੀ ਦਾ ਪੁਨਰ-ਸੰਗਠਨ ਕੀਤਾ ਅਤੇ ਫਿਰ ਦੁਬਾਰਾ ਇੰਡੋ-ਸਿਥੀਅਨ ਨਾਲ ਕਰੋਰ ਦੇ ਮੁਕਾਮ 'ਤੇ ਘੋਰ ਯੁਧ ਕਰ ਕੇ, ਉਨ੍ਹਾਂ ਨੂੰ ਨਠਾ ਦਿਤਾ। ਇਹ ਘਟਨਾ 78 ਈਸਵੀ ਦੀ ਹੈ ਤੇ ਇਸੇ ਜਿੱਤ ਦੀ ਖ਼ੁਸ਼ੀ ਵਿਚ ਸਾਕਾ ਸੰਮਤ ਦਾ ਮੁੱਢ ਬੰਨ੍ਹਿਆ ਗਿਆ। ਕਰਨਲ ਟਾਡ ਅਨੁਸਾਰ ਸਾਲਿਵਾਹਨ ਨੇ ਸਿਆਲਕੋਟ ਦੀ ਨੀਂਹ ਐਤਵਾਰ, ਭਾਦਰੋਂ ਦੀ ਅਠਵੀਂ ਨੂੰ, ਬਿਕ੍ਰਮੀ ਸੰਮਤ 72 ਵਿਚ ਰਖੀ।

ਰਾਜੇ ਸਾਲਿਵਾਹਨ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਰਾਜਾ ਰਸਾਲੂ ਸਿਆਲਕੋਟ ਵਿਚ ਰਾਜ ਕਰਦਾ ਰਿਹਾ। ਰਾਜਾ ਰਸਾਲੂ ਪੰਜਾਬ ਦਾ ਪ੍ਰਸਿਧ ਲੋਕ-ਨਾਇਕ ਹੈ, ਜਿਸ ਦੇ ਸਾਹਸ ਤੇ ਪ੍ਰਾਕ੍ਰਮ ਦੀਆਂ ਰੋਮਾਂਚਿਕ ਕਥਾਵਾਂ ਲੋਕਾਂ ਦੇ ਮੂੰਹ ਹੁਣ ਤਕ ਚੜ੍ਹੀਆਂ ਹੋਈਆਂ ਹਨ। ਰਸਾਲੂ ਦੇ ਬੁਢੇਪੇ ਦੇ ਦਿਨੀਂ, ਰਾਜੇ ਹੋਡੀ ਨੇ, ਜੋ

ਗਖੜ ਕਬੀਲੇ ਦਾ ਸਰਦਾਰ ਸੀ, ਸਿਆਲਕੋਟ ਉੱਤੇ ਹੱਲਾ ਬੋਲ ਦਿਤਾ ਤੇ ਰਾਜਾ ਰਸਾਲੂ ਉਤੇ ਫ਼ਤਹਿ ਪ੍ਰਾਪਤ ਕਰ ਕੇ ਉਸ ਦੀ ਲੜਕੀ ਸਰਨ ਨਾਲ ਵਿਆਹ ਕਰ ਲਿਆ। ਇਸ ਦੰਦ-ਕਥਾ ਅਨੁਸਾਰ ਸਰਨ ਰਾਜੇ ਰਸਾਲੂ ਦੀ ਇਕੋ ਇਕ ਲੜਕੀ ਸੀ। ਇਸ ਲਈ ਰਸਾਲੂ ਦੀ ਮੌਤ ਤੋਂ ਬਾਅਦ ਰਾਜਾ ਹੋਡੀ ਨੇ ਸਿਆਲਕੋਟ ਉਤੇ ਰਾਜ ਕੀਤਾ। ਇਹ ਧਾਰਨਾ ਕਨਿੰਘਮ ਦੀ ਹੈ।

ਇਸ ਸ਼ਹਿਰ ਦੇ ਉਤਰ ਵਲ ਇਕ ਪ੍ਰਾਚੀਨ ਕਿਲ੍ਹੇ ਦੀ ਥੇਹ ਹੁਣ ਤਕ ਮਿਲਦੀ ਹੈ, ਜੋ ਬਾਕੀ ਸ਼ਹਿਰ ਨਾਲੋਂ ਉਚੀ ਹੋਣ ਕਰ ਕੇ ਅਡਰੀ ਵਿਖਾਈ ਦਿੰਦੀ ਹੈ। ਇਥੋਂ ਸਾਰੇ ਸ਼ਹਿਰ ਦਾ ਨਜ਼ਾਰਾ ਲਿਆ ਜਾ ਸਕਦਾ ਹੈ। ਲੋਕ-ਧਾਰਨਾ ਅਨੁਸਾਰ ਇਹ ਥੇਹ ਰਾਜੇ ਸਾਲਿਵਾਹਨ ਦੇ ਉਸਾਰੇ ਕਿਲ੍ਹੇ ਦੀ ਹੈ, ਜਿਥੇ ਪਹਿਲਾਂ ਰਾਜਾ ਰਸਾਲੂ ਅਤੇ ਮਗਰੋਂ ਰਾਜਾ ਹੋਡੀ ਰਾਜ ਕਰਦਾ ਰਿਹਾ।

ਇਕ ਹੋਰ ਰਵਾਇਤ ਅਨੁਸਾਰ ਰਾਜਾ ਸਾਲਿਵਾਹਨ ਸੀਆ ਜਾਤੀ ਦਾ ਸੀ, ਜਿਸ ਕਰ ਕੇ ਉਸ ਨੇ ਇਥੇ ਜੋ ਕਿਲ੍ਹਾ ਉਸਾਰਿਆ, ਉਸ ਦਾ ਨਾਂ ਉਸ ਨੇ ਸੀਆ-ਕੋਟ ਰਖਿਆ; ਮਗਰੋਂ ਉਸ ਕਿਲ੍ਹੇ ਦੇ ਲਾਗੇ ਜੋ ਨਗਰ ਵਸਿਆ, ਉਹ ਸਿਆਲਕੋਟ ਸਦਵਾਉਣ ਲੱਗਾ।

'ਸਿਆਲਕੋਟ ਜ਼ਿਲਾ ਗਜ਼ਟੀਅਰ' ਅਨੁਸਾਰ ਪ੍ਰਾਚੀਨ ਕਾਲ ਵਿਚ ਇਥੇ ਇਕ ਚਰਵਾਹਿਆਂ ਦੀ ਜਾਤੀ 'ਯਾਹਰ' ਜਾਂ 'ਯੀਰ' ਰਹਿੰਦੀ ਸੀ, ਜੋ ਦਰਿਆ ਦੇ ਕੰਢੇ ਕੰਢੇ ਝੁਗੀਆਂ ਪਾ ਕੇ ਵਸਦੀ ਸੀ। ਸਿਕੰਦਰ ਦੇ ਹੱਲੇ ਪਿਛੋਂ ਰਾਜਪੂਤਾਨੇ ਦੇ ਰਾਜਾ ਗਚੋਰ ਰਾਓ ਦੇ ਤਿੰਨ ਲੜਕੇ – ਸੂਨ, ਹੂਨ ਤੇ ਦਲ ਆਪਣੀਆਂ ਫ਼ੌਜਾਂ ਸਮੇਤ ਇਥੇ ਆ ਵਸੇ ਤੇ ਉਨ੍ਹਾਂ ਨੇ ਹੀ ਇਥੇ ਪਹਿਲਾਂ ਵਸਦੇ ਲੋਕਾਂ ਨੂੰ ਵਾਹੀ ਖੇਤੀ ਤੇ ਪਾਣੀ ਦੀ ਸਿੰਚਾਈ ਦੀ ਕਲਾ ਸਿਖਾਈ। ਵਿਕ੍ਰਮਾਦਿਤਿਆ ਦੇ ਸਮੇਂ ਸੂਨ ਦਲ ਪੰਜਾਬ ਦਾ ਬੜਾ ਸ਼ਕਤੀਸ਼ਾਲੀ ਕਬੀਲਾ ਸੀ। ਕੁਝ ਸਮੇਂ ਕਸ਼ਮੀਰ ਦੇ ਰਾਜੇ ਵੀ ਇਸ ਇਲਾਕੇ ਉਤੇ ਰਾਜ ਕਰਦੇ ਰਹੇ, ਰਾਜਾ ਸੋਮਦਤ ਦੇ ਸਮੇਂ ਸਿਆਲਕੋਟ ਕਸ਼ਮੀਰ ਦਾ ਹਿੱਸਾ ਬਣਿਆ ਰਿਹਾ।

ਸਿਆਲਕੋਟ ਵਿਚ ਹੇਠ ਲਿਖੇ ਪ੍ਰਸਿਧ ਸਥਾਨ ਹਨ :

(ੳ) ਬਾਬੇ ਦੀ ਬੇਰ :– ਇਥੇ ਹੁਣ ਸ਼ਾਨਦਾਰ ਗੁਰਦਵਾਰਾ ਹੈ, ਗੁਰੂ ਨਾਨਕ ਦੇਵ ਨੇ ਦੇਸ਼ ਰਟਨ ਸਮੇਂ, ਸਿਆਲਕੋਟ ਵਿਚ ਜਿਸ ਬੇਰ ਹੇਠਾਂ ਨਿਵਾਸ ਕੀਤਾ ਸੀ, ਉਹ ਬੇਰ ਹੁਣ ਤਕ ਸੁਰੱਖਿਅਤ ਹੈ। ਦੇਸ਼ ਵੰਡ ਤੋਂ ਪਹਿਲਾਂ ਇਥੇ ਹਰ ਸਾਲ ਵਿਸਾਖੀ ਉਤੇ ਭਾਰੀ ਮੇਲਾ ਲੱਗਦਾ ਸੀ।

(ਅ) ਦਰਬਾਰ ਬਾਉਲੀ ਸਾਹਿਬ :— ਇਹ ਬਾਉਲੀ ਜੋ ਉਪਰੋਂ ਢਕੀ ਹੋਈ ਹੈ, ਗੁਰੂ ਨਾਨਕ ਦੇਵ ਨਾਲ ਸੰਬੰਧਿਤ ਦੱਸੀ ਜਾਂਦੀ ਹੈ। ਅਫ਼ਗਾਨਿਸਤਾਨ ਤੋਂ ਵਾਪਸ ਆਉਂਦੇ ਹੋਏ ਗੁਰੂ ਨਾਨਕ ਦੇਵ ਇਥੇ ਠਹਿਰੇ ਸਨ।

(ੲ) ਇਮਾਮ ਅਲੀ-ਉਲ-ਹਕ ਸ਼ਹੀਦ ਦੀ ਦਰਗਾਹ, ਜਿਸ ਨੂੰ ਸ਼ਾਹ ਦੌਲਾ ਨੇ ਬਣਵਾਇਆ। ਮੁਹੱਰਮ ਦੇ ਦਿਨੀਂ ਇਥੇ ਹਰ ਸਾਲ ਇਕ ਭਾਰੀ ਮੇਲਾ ਲੱਗਦਾ ਹੈ। ਹਰ ਜੁਮੇਂਰਾਤ ਨੂੰ ਵੀ ਇਥੇ ਇਕ ਮੇਲਾ ਭਰਦਾ ਹੈ।

(ਸ) ਮੌਲਵੀ ਅਬਦੁਲ ਹਕੀਮ ਦਾ ਮਕਬਰਾ :– ਮੌਲਵੀ ਅਬਦੁਲ ਹਕੀਮ ਔਰੰਗਜ਼ੇਬ ਦੇ ਸਮੇਂ ਇਕ ਪ੍ਰਸਿਧ ਵਿਦਵਾਨ ਹੋਏ। ਇਸ ਮਕਬਰੇ ਦਾ ਨਿਰਮਾਣ ਉਨ੍ਹਾਂ ਨੇ ਜਿਉਂਦੇ ਜੀਅ ਖ਼ੁਦ ਹੀ ਕੀਤਾ ਸੀ।

(ਹ) ਪੂਰਨ ਦਾ ਖੂਹ :— ਇਹ ਸਿਆਲਕੋਟ ਤੋਂ ਤਿੰਨ ਕੋਹਾਂ ਦੀ ਵਿਥ ਉਤੇ ਸਥਿਤ ਹੈ। ਇਥੇ ਹਰ ਸਾਲ ਪੰਜ ਦਿਨ ਲਗਾਤਾਰ ਮੇਲਾ ਲੱਗਦਾ ਹੈ। ਇਸ ਖੂਹ ਨਾਲ ਬਹੁਤ ਸਾਰੀ ਲੋਕਧਾਰਾ ਜੁੜੀ ਹੋਈ ਹੈ (ਵੇਖੋ : ਪੂਰਨ ਦਾ ਖੂਹ)।

ਇਸ ਜ਼ਿਲੇ ਦੀਆਂ ਚਾਰ ਤਹਿਸੀਲਾਂ — ਸਿਆਲਕੋਟ, ਪਸਰੂਰ, ਡਸਕਾ ਤੇ ਜ਼ਫਰਵਾਲ ਹਨ। ਪਸਰੂਰ ਦਾ ਕਸਬਾ, ਜੋ ਸਿਆਲਕੋਟ ਤੋਂ 15 ਮੀਲ ਦੂਰ ਹੈ, ਬਾਬਰ ਦੇ ਵੇਲੇ ਨਾਕਾ ਨਾਂ ਦੇ ਬਾਜਵੇ ਜੱਟ ਦੇ ਪ੍ਰੋਹਿਤ ਪਰਸ ਰਾਮ ਨੇ ਵਸਾ ਕੇ, ਉਸ ਦਾ ਨਾਂ ਪਸਰੂਰ ਰਖਿਆ। ਔਰੰਗਜ਼ੇਬ ਦੇ ਸਮੇਂ ਇਸ ਨਗਰ ਦਾ ਨਾਂ ਪੁਰ-ਸਰੂਰ ਪ੍ਰਚਲਤ ਹੋ ਗਿਆ। ਡਸਕਾ ਨਾਂ ਦੇ

ਕਸਬੇ ਦੀ ਨੀਂਹ ਸ਼ਾਹਜਹਾਨ ਦੇ ਵੇਲੇ ਰਖੀ ਗਈ ਤੇ ਇਸ ਦਾ ਪਹਿਲਾ ਨਾਂ ਸ਼ਾਹਜਹਾਨ ਆਬਾਦ ਸੀ, ਪਰ ਇਹ ਕਸਬਾ ਸਿਆਲਕੋਟ, ਪਸਰੂਰ, ਗੁਜਰਾਂਵਾਲਾ ਤੇ ਵਜ਼ੀਰਾਬਾਦ ਆਦਿ ਸ਼ਹਿਰਾਂ ਤੋਂ ਲਗਭਗ ਦਸ ਦਸ ਕੋਹਾਂ ਦੇ ਫ਼ਾਸਲੇ ਉਤੇ ਸਥਿਤ ਹੈ, ਜਿਸ ਤੋਂ ਇਸ ਦਾ ਨਾਂ ਲੋਕਾਂ ਨੇ 'ਦਸਕੋਹ' ਪਾ ਲਿਆ, ਜੋ ਵਿਗੜ ਕੇ ਡਸਕਾ ਬਣ ਗਿਆ। ਜ਼ਫਰਵਾਲ ਕਸਬੇ ਦੀ ਨੀਂਹ ਇਕ ਬਾਜਵਾ ਜਟ ਜ਼ਾਫਰ ਖ਼ਾਂ ਨੇ ਰਖੀ ਸੀ।

(ਸ-467) **ਸ਼ਿਸ਼ੂਪਾਲ** :

ਚੇਦੀ ਦੇ ਰਾਜਾ ਦਮਘੋਸ਼ ਦਾ ਪੁੱਤਰ, ਜੋ ਵਸੂਦੇਵ ਦੀ ਭੈਣ ਸ਼ੁਤਦੇਵਾਂ ਦੇ ਉਦਰ ਤੋਂ ਜੰਮਿਆ। ਰਿਸ਼ਤੇ ਵਿਚ ਉਹ ਕ੍ਰਿਸ਼ਨ ਦਾ ਮਸੇਰਾ ਭਰਾ ਸੀ। ਵਿਸ਼ਨੂੰ ਪੁਰਾਣ ਅਨੁਸਾਰ ਸ਼ਿਸ਼ੂਪਾਲ ਪੂਰਵ ਜਨਮ ਵਿਚ ਦੈਂਤਾਂ ਦਾ ਰਾਜਾ ਹਿਰਣਯਕਸ਼ਿਪ ਸੀ, ਜਿਸ ਦਾ ਬੱਧ ਵਿਸ਼ਨੂੰ ਦੇ ਨਰਸਿੰਘ ਅਵਤਾਰ ਨੇ ਕੀਤਾ। ਫਿਰ ਅਗਲੇ ਜਨਮ ਵਿਚ ਉਹ ਦਸਾਂ ਸਿਰਾਂ ਵਾਲੇ ਰਾਵਣ ਦੇ ਰੂਪ ਵਿਚ ਜੰਮਿਆ, ਜਿਸ ਨੂੰ ਵਿਸ਼ਨੂੰ ਦੇ ਅਵਤਾਰ ਰਾਮ ਚੰਦਰ ਨੇ ਮਾਰਿਆ। ਵਰਤਮਾਨ ਜਨਮ ਵਿਚ ਸ਼ਿਸ਼ੂਪਾਲ ਭਾਵੇਂ ਕ੍ਰਿਸ਼ਨ ਦਾ ਮਸੇਰਾ ਭਰਾ ਸੀ, ਪਰ ਦਿਲੋਂ ਕ੍ਰਿਸ਼ਨ ਨਾਲ ਵੈਰ ਰਖਦਾ ਸੀ, ਕਿਉਂ ਜੋ ਕ੍ਰਿਸ਼ਨ ਉਸ ਦੀ ਮੰਗੇਤਰ ਰੁਕਮਣੀ ਨੂੰ ਐਨ ਵਿਆਹ ਵੇਲੇ ਉਧਾਲ ਕੇ ਲੈ ਗਿਆ ਸੀ। ਯੁਧਿਸ਼ਟਰ ਦੇ ਰਾਜਸੂਯ ਜਗ ਸਮੇਂ ਸ਼ਿਸ਼ੂਪਾਲ ਨੇ ਕ੍ਰਿਸ਼ਨ ਦੀ ਨਿਰਾਦਰੀ ਕੀਤੀ ਅਤੇ ਗਾਲ੍ਹਾਂ ਕੱਢੀਆਂ, ਜਿਸ ਕਰ ਕੇ ਕ੍ਰਿਸ਼ਨ ਨੇ ਸ਼ਿਸ਼ੂਪਾਲ ਨੂੰ ਥਾਂ ਸਿਰ ਹੀ ਕਤਲ ਕਰ ਦਿਤਾ।

ਮਹਾਂਭਾਰਤ ਅਨੁਸਾਰ ਸ਼ਿਸ਼ੂਪਾਲ ਦੀ ਸ਼ਕਲ ਸੂਰਤ ਜੰਮਣ ਵੇਲੇ ਕਈ ਗੱਲਾਂ ਵਿਚ ਵਚਿਤ੍ਰ ਸੀ। ਉਸ ਦੀਆਂ ਤਿੰਨ ਅੱਖਾਂ ਅਤੇ ਚਾਰ ਬਾਹਵਾਂ ਸਨ। ਉਸ ਦੀ ਅਜੀਬ ਸ਼ਕਲ ਵੇਖ ਕੇ, ਮਾਪਿਆਂ ਨੇ ਉਸ ਨੂੰ ਜੰਗਲ ਵਿਚ ਸੁਟ ਦੇਣਾ ਚਾਹਿਆ, ਪਰ ਆਕਾਸ਼ਵਾਣੀ ਹੋਈ ਕਿ ਜੋ ਕੋਈ ਦੈਵੀ ਪੁਰਸ਼ ਇਸ ਬੱਚੇ ਨੂੰ ਆਪਣੀ ਗੋਦ ਵਿਚ ਲਏਗਾ, ਤਾਂ ਇਸ ਦੇ ਵਾਧੂ ਅੰਗ ਝੜ ਜਾਣਗੇ, ਪਰ ਅਖੀਰ ਉਸੇ ਦੈਵੀ ਪੁਰਸ਼ ਦੇ ਹੱਥੋਂ ਇਸ ਦੀ ਮੌਤ ਵੀ ਹੋਵੇਗੀ। ਜਦੋਂ ਕ੍ਰਿਸ਼ਨ ਨੇ ਇਸ ਬਾਲ ਨੂੰ ਚੁਕਿਆ ਤਾਂ ਇਸ ਦੇ ਵਾਧੂ ਅੰਗ ਝੜ ਗਏ। ਅਖ਼ੀਰ ਸ਼ਿਸ਼ੂਪਾਲ ਦੀ ਮ੍ਰਿਤੂ ਵੀ ਕ੍ਰਿਸ਼ਨ ਦੇ ਹੱਥੋਂ ਹੀ ਹੋਈ।

(ਸ-468) **ਸ਼ਿਸ਼ੂਮਾਰ** :

ਵਿਸ਼ਨੂੰ ਪੁਰਾਣ ਅਨੁਸਾਰ ਸੱਤਾਂ ਤਾਰਿਆਂ ਦਾ ਇਕ ਸਮੂਹ, ਜੋ ਆਕਾਰ ਵਿਚ ਮੱਛੀ ਦੀ ਸ਼ਕਲ ਦਾ ਹੈ। ਇਸ ਸਮੂਹ ਦੇ ਮੱਧ ਵਿਚ ਵਿਸ਼ਨੂੰ ਬਿਰਾਜਮਾਨ ਹੈ ਅਤੇ ਧ੍ਰੂਹ ਇਸ ਦੀ ਪੂਛਲ ਵਲ ਸਥਿਤ ਹੈ।

(ਸ-469) **ਸਿੰਹਿਕਾ** :

ਦਕਸ਼ ਦੀ ਲੜਕੀ ਤੇ ਕਸ਼ਯਪ ਦੀ ਪਤਨੀ; ਕੁਝ ਗ੍ਰੰਥਾਂ ਅਨੁਸਾਰ ਇਹ ਕਸ਼ਯਪ ਦੀ ਲੜਕੀ ਤੇ ਵਿਪ੍ਰਚਿਤੀ ਦੀ ਇਸਤ੍ਰੀ ਸੀ। ਸਿੰਹਿਕਾ ਵਿਚ ਪਰਛਾਵੇਂ ਨੂੰ ਗ੍ਰਹਿਣ ਕਰਨ ਦੀ ਵਚਿਤ੍ਰ ਸ਼ਕਤੀ ਸੀ। ਇਹ ਰਾਖਸ਼ਣੀ ਅਸਮਾਨ ਵਿਚ ਉਡਦੀ ਹੋਈ ਕਿਸੇ ਚੀਜ਼ ਦੀ ਛਾਯਾ ਨੂੰ ਫੜ ਕੇ ਜਦੋਂ ਆਪਣੇ ਵਲ ਖਿਚਦੀ, ਤਾਂ ਜਿਸ ਵਸਤੂ ਦਾ ਉਹ ਪਰਛਾਵਾਂ ਹੁੰਦਾ, ਉਹ ਵਸਤੂ ਸੁਤੇ ਸਿਧ ਖਿਚੀ ਹੋਈ ਉਸ ਦੇ ਮੂੰਹ ਵਿਚ ਆ ਜਾਂਦੀ ਅਤੇ ਉਸ ਨੂੰ ਉਹ ਨਿਗਲ ਜਾਂਦੀ। ਇਸੇ ਕਰ ਕੇ ਇਸ ਨੂੰ 'ਛਾਯਾ ਗ੍ਰਹਿਣੀ' ਵੀ ਕਹਿੰਦੇ ਸਨ। ਜਦੋਂ ਹਨੂੰਮਾਨ ਸੀਤਾ ਦੀ ਖੋਜ ਵਿਚ ਸਮੁੰਦਰ ਨੂੰ ਪਾਰ ਕਰਕੇ ਲੰਕਾ ਜਾ ਰਿਹਾ ਸੀ, ਤਾਂ ਸਿੰਹਿਕਾ ਨੇ ਹਨੂੰਮਾਨ ਦੇ ਪਾਣੀ ਉਤੇ ਤਰਦੇ ਪਰਛਾਵੇਂ ਨੂੰ ਖਿਚ ਕੇ ਨਿਗਲਣਾ ਚਾਹਿਆ। ਹਨੂੰਮਾਨ ਨੇ ਪਹਿਲਾਂ ਆਪਣੇ ਸਰੀਰ ਨੂੰ ਬਹੁਤ ਹੀ ਲਘੂ ਕਰ ਲਿਆ ਤੇ ਸਿੰਹਿਕਾ ਉਸ ਨੂੰ ਅੰਦਰ ਨਿਘਾਰ ਗਈ। ਪਰ ਹਨੂੰਮਾਨ ਨੇ ਉਸਦੇ ਸਰੀਰ ਦੇ ਅੰਦਰ ਜਾ ਕੇ ਵਿਸ਼ਾਲ ਰੂਪ ਧਾਰਨ ਕਰ ਲਿਆ, ਜਿਸ ਨਾਲ ਸਿੰਹਿਕਾ ਦੀ ਕਾਇਆ ਫਟ ਕੇ ਟੁਕੜੇ ਟੁਕੜੇ ਹੋ ਗਈ ਤੇ ਸਿੰਹਿਕਾ ਦੀ ਮ੍ਰਿਤੂ ਹੋ ਗਈ।

(ਸ-470) **ਸਿਹਰ** :

(ਅਰਬੀ) ਜਾਦੂ ਮੰਤਰ; ਕਿਸੇ ਸ਼ਖ਼ਸ ਨੂੰ

ਪ੍ਰਭਾਵ ਵਿਧੀ ਨਾਲ ਉਨਮਾਦ ਵਿਚ ਲਿਆ ਕੇ ਉਸ ਤੋਂ ਪ੍ਰਸ਼ਨਾਂ ਦੇ ਉਤਰ ਪੁੱਛਣ ਦੀ ਕਿਰਿਆ। ਇਹ ਇਕ ਤਰ੍ਹਾਂ ਦਾ ਮੈਸਮਰਿਜ਼ਮ ਹੈ। ਸਿਹਰ ਕਰਨ ਵਾਲਾ ਸਿਹਰੀ ਕਿਸੇ ਬੱਚੇ ਨੂੰ ਇਕ ਅਜੇਹੇ ਕਮਰੇ ਵਿਚ ਬੈਠਾਂਦਾ ਹੈ, ਜੋ ਚਾਰੇ ਪਾਸੇ ਤੋਂ ਚੰਗੀ ਤਰ੍ਹਾਂ ਬੰਦ ਹੋਵੇ ਅਤੇ ਕਿਸੇ ਪਾਸੇ ਤੋਂ ਵੀ ਅੰਦਰ ਰੋਸ਼ਨੀ ਨਾ ਪੈਂਦੀ ਹੋਵੇ। ਫਿਰ ਇਕ ਦੀਵਾ ਬਾਲ ਕੇ ਬੱਚੇ ਦੇ ਸਾਹਮਣੇ ਰਖ ਦਿਤਾ ਜਾਂਦਾ ਹੈ। ਇਕ ਕਗ਼ਜ਼ ਉਤੇ ਕੁਝ ਮੰਤਰ ਲਿਖ ਕੇ, ਬੱਚੇ ਨੂੰ ਲਗਾਤਾਰ, ਉਸ ਕਾਗ਼ਜ਼ ਵਲ, ਵੇਖਦੇ ਰਹਿਣ ਲਈ ਕਿਹਾ ਜਾਂਦਾ ਹੈ। ਬੱਚਾ ਜਦੋਂ ਕਾਗ਼ਜ਼ ਵਲ ਵੇਖ ਰਿਹਾ ਹੁੰਦਾ ਹੈ, ਤਾਂ ਸਿਹਰੀ ਕੁਝ ਕਲਾਮ ਪੜ੍ਹਦਾ ਜਾਂਦਾ ਹੈ। ਬੱਚੇ ਨੂੰ ਇਸ ਤਰ੍ਹਾਂ ਉਨਮਾਦ ਅਵਸਥਾ ਵਿਚ ਲਿਆਉਣ ਦਾ ਯਤਨ ਕੀਤਾ ਜਾਂਦਾ ਹੈ। ਜਦੋਂ ਬੱਚਾ ਉਨਮਾਦ ਵਿਚ ਆ ਜਾਂਦਾ ਹੈ, ਤਾਂ ਉਹ ਅਲ-ਵਲੱਲ ਬੋਲਣ ਲੱਗਦਾ ਹੈ। ਉਦੋਂ ਉਸ ਤੋਂ ਕੁਝ ਪ੍ਰਸ਼ਨ ਪੁਛੇ ਜਾਂਦੇ ਹਨ, ਜੋ ਆਮ ਤੌਰ ਉਤੇ ਕਿਸੇ ਰੋਗ ਜਾਂ ਸੰਕਟ ਤੋਂ ਮੁਕਤ ਹੋਣ ਬਾਰੇ ਹੀ ਹੁੰਦੇ ਹਨ। ਬੱਚਾ, ਉਨ੍ਹਾਂ ਸਵਾਲਾਂ ਦੇ ਜੋ ਉਤਰ ਦੇਂਦਾ ਹੈ, ਉਹ ਸੱਚ ਸਮਝੇ ਜਾਂਦੇ ਹਨ। ਸਿਹਰ ਆਮ ਤੌਰ ਤੇ ਛੋਟੇ ਬੱਚੇ ਉਤੇ ਹੀ ਕੀਤਾ ਜਾਂਦਾ ਹੈ, ਕਿਉਂ ਜੋ ਉਹ ਸਹਿਜੇ ਹੀ ਉਨਮਾਦ ਵਿਚ ਆ ਜਾਂਦਾ ਹੈ।

(2) ਜਾਦੂ ਟੂਣਾ (ਵੇਖੋ : ਜਾਦੂ ਟੂਣਾ)।

(ਸ-471) **ਸਿਹਰਾ** :

ਸਿਹਰਾ ਭਾਵੇਂ ਅੱਜ ਪਹਿਲੇ ਅਰਥਾਂ ਦਾ ਬੋਧਿਕ ਨਹੀਂ ਰਿਹਾ, ਪਰ ਮੁੱਢ ਕਦੀਮ ਵਿਚ ਸਿਹਰਾ ਬਦ-ਨਜ਼ਰ ਤੋਂ ਬਚਾਓ ਅਤੇ ਪ੍ਰੇਤ ਰੂਹਾਂ ਨੂੰ ਦੂਰ ਨਠਾਣ ਲਈ ਬੰਨ੍ਹਿਆ ਜਾਂਦਾ ਸੀ। ਜਦੋਂ ਘਰ ਵਿਚ ਬੱਚਾ ਪੈਦਾ ਹੁੰਦਾ ਤਾਂ ਬੱਚੇ ਦੀ ਸੁਰੱਖਿਆ ਦੀ ਭਾਵਨਾ ਨਾਲ ਘਰ ਦੇ ਮੂਹਰਲੇ ਦਰਵਾਜ਼ੇ ਅੱਗੇ, ਅੰਬ ਦੇ ਪੱਤਿਆਂ ਦਾ ਸਿਹਰਾ ਬਣਾ ਕੇ, ਲਟਕਾ ਦਿਤਾ ਜਾਂਦਾ। ਇਕ ਤਾਂ ਅੰਬ ਉਤਪੱਤੀ ਦਾ ਪ੍ਰਤੀਕ ਹੈ, ਦੂਜਾ ਮਿੱਠਾ ਤੇ ਲਜ਼ੀਜ਼ ਹੋਣ ਕਰ ਕੇ ਸ਼ੁਭ ਵੀ। ਤੀਜਾ, ਜਿਥੇ ਅੰਬ ਦੇ ਪੱਤੇ ਬੱਝੇ ਹੋਣ, ਉਸ ਘਰ ਦੇ ਅੰਦਰ ਪ੍ਰੇਤ ਰੂਹ ਪੈਰ ਨਹੀਂ ਪਾ ਸਕਦੀ। ਚੌਥਾ, ਜੇ ਕੋਈ ਅਪਵਿਤ੍ਰ ਜਾਂ ਅਸ਼ੁਭ ਅਸਰ ਵਾਲਾ ਮਰਦ ਤੀਵੀਂ ਘਰ ਵਿਚ ਦਾਖ਼ਲ ਹੋ ਵੀ ਜਾਵੇ, ਤਾਂ ਉਸ ਦਾ ਬੁਰਾ ਅਸਰ ਬੱਚੇ 'ਤੇ ਨਹੀਂ ਪੈਂਦਾ। ਪਹਿਲਿਆਂ ਵਿਚ ਸਿਹਰਾ ਚਾਲ੍ਹੀ ਦਿਨਾਂ ਤਕ ਮੂਹਰਲੇ ਦਰਵਾਜ਼ੇ ਉਤੇ ਬਝਿਆ ਰਹਿੰਦਾ ਸੀ। ਉਸ ਤੋਂ ਬਾਅਦ ਵੀ ਸਿਹਰਾ ਨਹੀਂ ਸੀ ਉਤਾਰਿਆ ਜਾਂਦਾ। ਉਹਦੇ ਪੱਤੇ ਆਪਣੇ ਆਪ ਸੁਕ ਕੇ ਡਿਗ ਪੈਂਦੇ ਸਨ। ਕਈ ਲੋਕ ਅੰਬ ਦੀ ਥਾਂ, ਨਿੰਮ ਦੇ ਪੱਤੇ ਦਾ ਸਿਹਰਾ ਦਰਵਾਜ਼ੇ ਤੇ ਬੰਨ੍ਹਦੇ ਹਨ।

ਵਿਆਹ ਸ਼ਾਦੀ ਤੇ ਹੋਰ ਮੰਗਲ ਕਾਰਜਾਂ ਸਮੇਂ ਵੀ ਘਰ ਦੇ ਵਡੇ ਦਰਵਾਜ਼ੇ ਉਤੇ ਸਿਹਰਾ ਬੰਨ੍ਹਣ ਦੀ ਪ੍ਰਥਾ ਸੀ, ਜੋ ਕਈ ਜਾਤਾਂ ਕਬੀਲਿਆਂ ਵਿਚ ਹੁਣ ਤਕ ਪ੍ਰਚਲਤ ਹੈ। ਹੌਲੇ ਹੌਲੇ ਦੂਲ੍ਹੇ ਦੇ ਮੁਖੜੇ ਉਤੇ ਸਿਹਰਾ ਬੰਨ੍ਹਣ ਦਾ ਰਵਾਜ ਪੈ ਗਿਆ।

ਅੱਜ ਕਲ੍ਹ ਘੋੜੀ ਚੜ੍ਹਨ ਤੋਂ ਪਹਿਲਾਂ ਲਾੜ੍ਹੇ ਦੇ ਸਿਰ ਉਤੇ, ਮੁਕਟ ਵਾਂਙ ਸਿਹਰਾ ਸਜਾਇਆ ਜਾਂਦਾ ਹੈ। ਸਿਹਰੇ ਕਈ ਰੂਪਾਂ ਤੇ ਸ਼ੈਲੀਆਂ ਦੇ ਹਨ। ਕਈ ਸਿਹਰੇ ਮੁਕਟ ਦੀ ਸ਼ਕਲ ਦੇ ਹੁੰਦੇ ਹਨ, ਪਰ ਕਈਆਂ ਦੇ ਅੱਗੇ ਸੁਨਹਿਰੀ ਤੇ ਰੁਪਹਿਰੀ ਧਾਗਿਆਂ ਦੀ ਝਾਲਰ ਤੇ ਮੋਤੀਆਂ ਦੀਆਂ ਲੜੀਆਂ ਲਟਕ ਰਹੀਆਂ ਹੁੰਦੀਆਂ ਹਨ, ਜੋ ਲਾੜ੍ਹੇ ਦੇ ਮੂੰਹ ਨੂੰ ਢਕ ਲੈਂਦੀਆਂ ਹਨ। ਇਸ ਤਰ੍ਹਾਂ ਜਿਥੇ ਦਰਸ਼ਕਾਂ ਦੇ ਦਿਲ ਵਿਚ ਲਾੜ੍ਹੇ ਦਾ ਮੂੰਹ ਵੇਖਣ ਦੀ ਉਤਸੁਕਤਾ ਬਣੀ ਰਹਿੰਦੀ ਹੈ, ਉਥੇ ਲਾੜ੍ਹਾ ਲੋਕਾਂ ਦੀ ਮੰਦੀ ਨਜ਼ਰ ਤੋਂ ਵੀ ਬਚਿਆ ਰਹਿੰਦਾ ਹੈ।

ਸਿੱਖ ਪਗੜੀ ਉਤੇ ਸਿਹਰਾ ਬੰਨ੍ਹਦੇ ਹਨ ਅਤੇ ਉਸ ਦੀ ਸ਼ੋਭਾ ਵਧਾਣ ਲਈ ਪਗੜੀ ਦੇ ਮੱਥੇ ਉਤੇ ਸੁਨਹਿਰੀ ਕਲਗੀ ਸਜਾ ਲੈਂਦੇ ਹਨ। ਸਿੱਖਾਂ ਦੇ ਸਿਹਰੇ ਵਧੇਰੇ ਕਰ ਕੇ ਝਾਲਰ ਦੀ ਸ਼ਕਲ ਦੇ ਹੁੰਦੇ ਹਨ, ਕਿਉਂ ਜੋ ਪਗੜੀ ਉਤੇ ਝਾਲਰ ਹੀ ਵਧੇਰੇ ਸਜਦੀ ਹੈ। ਇਸ ਦੇ ਉਲਟ ਹਿੰਦੂਆਂ ਦੇ ਸਿਹਰੇ ਮੁਕਟ ਦੀ ਸ਼ਕਲ ਦੇ ਹੁੰਦੇ ਹਨ।

ਸਿਹਰਾ ਲਾੜ੍ਹੇ ਦੇ ਮੂੰਹ ਉਤੇ ਰਸਮੀ ਢੰਗ ਨਾਲ ਸਜਾਇਆ ਜਾਂਦਾ ਹੈ। ਸਿਹਰਾਬੰਦੀ ਵੇਲੇ

ਸਾਕ ਸੰਬੰਧੀ ਇਕੱਠੇ ਹੁੰਦੇ ਹਨ ਤੇ ਲਾੜ੍ਹੇ ਦੀਆਂ ਭੈਣਾਂ ਸ਼ਗਨ ਵਿਚਾਰ ਕੇ ਭਰਾ ਦੇ ਸਿਰ ਉਤੇ ਸਿਹਰਾ ਸਜਾਂਦੀਆਂ ਹਨ। ਕੁਝ ਜਾਤਾਂ ਵਿਚ ਸਿਹਰਾ ਪ੍ਰੋਹਿਤ ਤੋਂ ਬੰਨ੍ਹਵਾਇਆ ਜਾਂਦਾ ਹੈ, ਜੋ ਮੰਤਰਾਂ ਦਾ ਉਚਾਰਨ ਕਰਦਾ ਹੋਇਆ ਸਿਹਰਾ ਬੰਨ੍ਹਦਾ ਅਤੇ ਲਾਗ ਲੈਂਦਾ ਹੈ। ਸਿਹਰਾ ਬੰਨ੍ਹਣ ਵੇਲੇ ਰਿਸ਼ਤੇਦਾਰ ਲਾੜ੍ਹੇ ਨੂੰ ਸ਼ਗਨ ਵਜੋਂ ਕੁਝ ਰੁਪਏ ਭੇਟ ਕਰਦੇ ਹਨ। ਭੈਣਾਂ ਤੇ ਹੋਰ ਤੀਵੀਆਂ ਸਿਹਰੇ ਦੇ ਗੀਤ ਅਲਾਪਦੀਆਂ ਹਨ।

ਸਿਹਰੇ ਨੂੰ ਖੋਲ੍ਹਿਆ ਵੀ ਰਸਮੀ ਢੰਗ ਨਾਲ ਜਾਂਦਾ ਹੈ। ਇਸ ਰਸਮ ਨੂੰ 'ਸਿਹਰਾ ਵਧਾਣਾ' ਜਾਂ 'ਵਡਾ ਕਰਨਾ' ਕਿਹਾ ਜਾਂਦਾ ਹੈ। ਸਿਹਰੇ ਨੂੰ ਆਮ ਤੌਰ ਤੇ ਭੈਣਾਂ ਖੋਲ੍ਹ ਕੇ ਉਤਾਰਦੀਆਂ ਹਨ। ਪਰ ਕੁਝ ਜਾਤਾਂ, ਗੁਲਾਟੀਆਂ ਆਦਿ ਵਿਚ ਸਿਹਰਾ ਸਾਲੀ ਖੋਲ੍ਹਦੀ ਹੈ। ਹਿੰਦੂਆਂ ਵਿਚ, ਲਾੜ੍ਹਾ ਜਦੋਂ ਡੋਲੀ ਲੈ ਕੇ ਘਰ ਆ ਜਾਂਦਾ ਹੈ, ਤਾਂ ਸਿਹਰਾ ਖੋਲ੍ਹਿਆ ਜਾਂਦਾ ਹੈ, ਪਰ ਸਿੱਖਾਂ ਵਿਚ ਲਾਵਾਂ ਦੀ ਰਸਮ ਤੋਂ ਪਹਿਲਾਂ। ਸਿਹਰੇ ਨੂੰ ਭੈਣ ਆਪਣੇ ਘਰ ਸੰਭਾਲ ਕੇ ਰਖਦੀ ਹੈ।

## (ਸ-472) **ਸਿਹਰਾ (ਕਾਵਿ)** :

ਇਕ ਪ੍ਰਸਿਧ ਕਾਵਿ ਰੂਪ, ਜਿਸ ਵਿਚ ਲਾੜ੍ਹੇ ਦੀ ਮਹਿਮਾ ਤੇ ਵਡਿਆਈ ਗਾਈ ਜਾਂਦੀ ਹੈ। ਸਿਹਰੇ ਵਿਚ ਲਾੜ੍ਹੇ ਦੀ ਵਿਆਹ ਵੇਲੇ ਦੀ ਚੜ੍ਹਤ ਤੇ ਫਬਨ, ਉਸ ਦੇ ਸਿਹਰੇ ਅਤੇ ਰੂਪ ਦਾ ਜਲਾਲ, ਸਾਕ-ਸੰਬੰਧੀਆਂ ਦੇ ਦਿਲਾਂ ਦੀਆਂ ਰੀਝਾਂ ਤੇ ਸਧਰਾਂ ਦੀ ਉਪਭਾਵਕ ਜਿਹੀ ਪੇਸ਼ਕਾਰੀ ਹੁੰਦੀ ਹੈ।

ਜੰਞ ਚੜ੍ਹਨ ਵੇਲੇ ਲਾੜ੍ਹੇ ਨੂੰ ਸਜਾ ਕੇ ਸ਼ਿੰਗਾਰੇ ਹੋਏ ਘੋੜੇ ਉਤੇ ਸੂਰਮੇ ਵਾਂਙ ਬੈਠਾਇਆ ਜਾਂਦਾ ਹੈ। ਲਾੜ੍ਹਾ ਹੱਥ ਵਿਚ ਤਲਵਾਰ ਲੈ ਕੇ ਜਾਂਞੀਆਂ ਸਮੇਤ ਬੜੇ ਗੌਰਵ ਨਾਲ ਇਉਂ ਨਿਕਲਦਾ ਹੈ ਜਿਵੇਂ ਉਹ ਯੁਧ ਵਿਚ ਮਾਲੀ ਜਿੱਤਣ ਜਾ ਰਿਹਾ ਹੋਵੇ। ਪੰਜਾਬੀਆਂ ਦੀਆਂ ਵਿਆਹ ਦੀਆਂ ਰਸਮਾਂ-ਰੀਤਾਂ ਪਿਛੇ ਇਹੋ ਪ੍ਰਧਾਨ ਪ੍ਰਤੀਕ ਕੰਮ ਕਰ ਰਿਹਾ ਹੈ। ਯੁਧ ਤੋਂ ਪਹਿਲਾਂ ਜਿਵੇਂ ਸੂਰਮੇ ਨੂੰ ਉਤੇਜਤ ਕਰਨ ਲਈ ਉਸ ਦੇ ਪੁਰਖਾਂ ਦੇ ਜਸ ਵਿਚ ਵਾਰਾਂ ਗਾਈਆਂ ਜਾਂਦੀਆਂ ਸਨ, ਉਸੇ ਤਰ੍ਹਾਂ ਵਿਆਹ ਦੇ ਵੇਲੇ ਲਾੜ੍ਹੇ ਦਾ ਸਿਹਰਾ ਪੜ੍ਹ ਕੇ ਉਸ ਨੂੰ ਵਡਿਆਇਆ ਜਾਂਦਾ ਹੈ ਤੇ ਨਾਲ ਹੀ ਉਹਦੇ ਅੰਦਰ ਨਵੀਂ ਸੋਝੀ ਤੇ ਚੇਤਨਾ ਜਗਾਈ ਜਾਂਦੀ ਹੈ।

ਪਹਿਲਾਂ ਪਹਿਲ ਸਿਹਰਾ ਸਿਹਰਾ-ਬੰਦੀ ਵੇਲੇ ਪੜ੍ਹਿਆ ਜਾਂਦਾ ਸੀ ਅਤੇ ਇਸ ਨੂੰ ਕੁਲ ਦਾ ਭਟ ਜਾਂ ਪਿੰਡ ਦਾ ਮਿਰਾਸੀ ਪੜ੍ਹਦਾ ਸੀ। ਪਰ ਅੱਜ ਕਲ੍ਹ ਸਿਹਰੇ ਨੂੰ ਹਿੰਦੂਆਂ ਵਿਚ ਜੰਞ ਦੇ ਢੁਕਾਓ ਸਮੇਂ ਅਤੇ ਸਿੱਖਾਂ ਵਿਚ ਲਾਵਾਂ ਦੀ ਰਸਮ ਤੋਂ ਬਾਅਦ ਪੜ੍ਹਨ ਦੀ ਪ੍ਰਥਾ ਹੈ। ਸਿਹਰਾ ਪੜ੍ਹਨ ਵਾਲੇ ਨੂੰ ਵਰ ਤੇ ਕੰਨਿਆਂ ਦੋਹਾਂ ਧਿਰਾਂ ਦੇ ਰਿਸ਼ਤੇਦਾਰ ਸ਼ਗਨ ਵਜੋਂ ਕੁਝ ਰੁਪਏ ਭੇਟ ਕਰਦੇ ਹਨ। ਸਿਹਰਾ ਪੜ੍ਹਨ ਦਾ ਰਵਾਜ ਹੁਣ ਕੁਝ ਵਧਦਾ ਜਾ ਰਿਹਾ ਹੈ। ਸ਼ਹਿਰਾਂ ਵਿਚ ਤਾਂ ਸਿਹਰਾ ਪੜ੍ਹਨਾ ਵਿਆਹ ਦੀ ਇਕ ਬਾਕਾਇਦਾ ਰਸਮ ਬਣ ਗਈ ਹੈ।

ਇਸ ਕਾਵਿ-ਰੂਪ ਵਿਚ ਲਾੜ੍ਹੇ ਦੇ ਸੁੰਦਰ ਸਿਹਰੇ, ਉਸ ਦੀ ਖ਼ੂਬਸੂਰਤ ਡੀਲ ਡੌਲ ਤੇ ਕਦ-ਕਾਠ, ਕੁਲ ਤੇ ਖ਼ਾਨਦਾਨ ਦੀ ਵਡਿਆਈ ਹੁੰਦੀ ਹੈ ਅਤੇ ਪਰਿਵਾਰ ਦੇ ਜੀਆਂ ਦੇ ਦਿਲਾਂ ਅੰਦਰ ਮਚਲਦੀ ਖ਼ੁਸ਼ੀ ਅਤੇ ਉਮਾਹ ਨੂੰ ਸ਼ਬਦਾਂ ਦੁਆਰਾ ਸਾਕਾਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਦੰਪਤੀ ਜੀਵਨ ਦੇ ਕਰਤੱਵਾਂ ਦਾ ਗਿਆਨ ਅਤੇ 'ਇਕ ਜੋਤ ਦੋਇ ਮੂਰਤੀ' ਦੀ ਆਦਰਸ਼ਕ ਸਿੱਖਿਆ ਦਿਤੀ ਜਾਂਦੀ ਹੈ। ਇਹ ਕਾਵਿ-ਰੂਪ ਕਵੀਆਂ ਦੀ ਕਲਪਨਾ ਸ਼ਕਤੀ ਨੂੰ ਇਕ ਵੰਗਾਰ ਹੈ ਤੇ ਹਰ ਕਵੀ ਉਪਮਾਵਾਂ ਤੇ ਰੂਪਕਾਂ ਨੂੰ ਘੜਨ ਤੇ ਬੰਨ੍ਹਣ ਵਿਚ ਦੂਜਿਆਂ ਨੂੰ ਪਿਛੇ ਛੱਡਣਾ ਚਾਹੁੰਦਾ ਹੈ। ਕਈ ਸਿਹਰੇ ਉੱਤਮ ਕਵਿਤਾ ਦੇ ਨਮੂਨੇ ਹਨ, ਪਰ ਬਹੁਤੇ ਰਵਾਇਤੀ ਢੰਗ ਦੇ ਹੁੰਦੇ ਹਨ, ਜਿਨ੍ਹਾਂ ਵਿਚ ਪਰੰਪਰਾਗਤ ਅਲੰਕਾਰਾਂ ਤੇ ਸੰਕਲਪ-ਚਿਤਰਾਂ ਨੂੰ ਦੁਹਰਾਇਆ ਗਿਆ ਹੁੰਦਾ ਹੈ। ਸਿਹਰੇ ਦਾ ਕੋਈ ਬਝਵਾਂ ਛੰਦ ਨਹੀਂ, ਪਰ ਬਹੁਤੇ ਸਿਹਰੇ ਛੇ ਕਲੀਏ ਬੈਂਤ ਵਿਚ ਹੀ ਰਚੇ ਮਿਲਦੇ ਹਨ।

ਹੁਣ ਤਕ ਪੰਜਾਬੀ ਵਿਚ ਬੇਸ਼ੁਮਾਰ ਸਿਹਰੇ ਲਿਖੇ-ਪੜ੍ਹੇ ਗਏ ਹਨ, ਪਰ ਪੰਜਾਬੀਆਂ ਨੇ ਇਨ੍ਹਾਂ ਦੀ ਸੰਭਾਲ ਵਲ ਧਿਆਨ ਨਹੀਂ ਦਿਤਾ। ਇਸ

ਅਨਮੋਲ ਵਿਰਸੇ ਨੂੰ ਸੰਭਾਲਣਾ ਸਾਡਾ ਉਤਨਾ ਹੀ ਕਰਤੱਵ ਹੈ, ਜਿਤਨਾ ਬਾਕੀ ਕਾਵਿ-ਰੂਪਾਂ ਨੂੰ। ਪਹਿਲਿਆਂ ਵਿਚ ਵਿਆਹ ਉਤੇ ਕਿਸੇ ਸਥਾਨਕ ਕਵੀ ਜਾਂ ਕਵੀਸ਼ਰ ਤੋਂ ਉਚੇਚੇ ਤੌਰ ਉਤੇ ਸਿਹਰੇ ਲਿਖਵਾਏ ਜਾਂਦੇ ਸਨ ਤੇ ਨਿਕੇ ਮੋਟੇ ਕਵੀਆਂ ਨੂੰ ਸਿਹਰਿਆਂ ਦੀ ਰਚਨਾ ਦੁਆਰਾ ਆਪਣੀ ਪ੍ਰਤਿਭਾ ਦਾ ਕਮਾਲ ਵਿਖਾਉਣ ਦਾ ਮੌਕਾ ਮਿਲਦਾ ਰਹਿੰਦਾ ਸੀ, ਨਵੇਂ ਕਵੀ ਪੈਦਾ ਹੁੰਦੇ ਤੇ ਮੌਲਦੇ ਵਿਗਸਦੇ ਸਨ। ਪਰ ਹੁਣ ਤਾਂ ਮੌਲਿਕ ਸਿਹਰਾ ਲਿਖਵਾਣ ਦੀ ਥਾਂ ਕਿਸੇ ਪੁਰਾਣੇ ਸਿਹਰੇ ਨੂੰ ਲੈ ਕੇ, ਉਸ ਵਿਚ ਨਾਵਾਂ ਥਾਵਾਂ ਦੀ ਤਬਦੀਲੀ ਕਰ ਲਈ ਜਾਂਦੀ ਹੈ। ਇਸ ਤਰ੍ਹਾਂ ਸਿਹਰੇ ਦੀ ਮੌਲਿਕਤਾ ਦੀ ਸੰਘੀ ਘੁਟੀ ਜਾ ਰਹੀ ਹੈ।

(ਸ-473) **ਸਿਹਰਾ-ਬੰਦੀ :**

ਵਿਆਹ ਵੇਲੇ ਲਾੜ੍ਹੇ ਦੇ ਸਿਰ ਤੇ ਸਿਹਰਾ ਬੰਨ੍ਹਣ ਦੀ ਰਸਮ; ਜੰਞ ਚੜ੍ਹਨ ਤੋਂ ਕੁਝ ਚਿਰ ਪਹਿਲਾਂ ਸਾਰੀ ਬਰਾਦਰੀ ਇਕੱਠੀ ਹੁੰਦੀ ਹੈ ਤੇ ਲਾੜ੍ਹੇ ਦੀਆਂ ਭੈਣਾਂ, ਗੀਤ ਗਾਉਂਦੀਆਂ ਹੋਈਆਂ, ਲਾੜ੍ਹੇ ਦੇ ਸਿਰ ਉਤੇ ਰੁਪਹਿਰੀ ਜਾਂ ਸੁਨਹਿਰੀ ਤਿੱਲੇ ਦਾ ਬਣਿਆ ਸਿਹਰਾ ਸਜਾਂਦੀਆਂ ਹਨ। ਸਿਹਰਾ ਬੰਨ੍ਹਣ ਵੇਲੇ ਲਾੜ੍ਹਾ ਭੈਣਾਂ ਨੂੰ ਸ਼ਗਨ ਵਜੋਂ ਕੁਝ ਰੁਪਏ ਦੇਂਦਾ ਹੈ।

ਸਿਹਰਾ-ਬੰਦੀ ਵੇਲੇ ਬਰਾਦਰੀ ਦੀਆਂ ਤੀਵੀਆਂ, ਭੈਣਾਂ ਨਾਲ ਰਲ ਕੇ, ਗੀਤ ਅਲਾਪਦੀਆਂ ਹਨ। ਇਹ ਗੀਤ, ਬਿਨਾਂ ਕਿਸੇ ਸਾਜ਼ ਦੇ, ਧੀਮੀ ਤੇ ਮਧੁਰ ਸੁਰ ਵਿਚ ਗਾਏ ਜਾਂਦੇ ਹਨ। ਇਨ੍ਹਾਂ ਵਿਚ ਲਾੜ੍ਹੇ ਦੀ ਚੜ੍ਹਤ ਤੇ ਸੋਭਾ ਦੀ ਮਹਿਮਾ ਹੁੰਦੀ ਹੈ, ਨਮੂਨਾ ਇਸ ਪ੍ਰਕਾਰ ਹੈ :

ਸਿਰ ਸਿਹਰਾ ਸੋਭੇ ਗਾਨਾ,
ਵੇ ਘੋੜੀ ਚੜ੍ਹਿਉਂ ਜਵਾਨਾ।
ਵੀਰਾ ! ਦੇਹ ਭੈਣਾਂ ਨੂੰ ਭੋਛਣ,
ਤੇਰੀਆਂ ਸਭੇ ਮੁਰਾਦਾਂ ਹੋਸਣ।
ਜੀਵੇ ! ਦੇਹ ਭੈਣਾਂ ਨੂੰ ਚੁੰਨੀਆਂ,
ਤੇਰੀਆਂ ਸਭੇ ਮੁਰਾਦਾਂ ਪੁਨੀਆਂ।

(ਸ-474) **ਸਿਕੰਦਰ :**

ਪ੍ਰਾਚੀਨ ਕਾਲ ਤੋਂ ਹੁਣ ਤਕ ਜਿਤਨੀ ਪ੍ਰਸਿਧਤਾ ਮਹਾਂ ਸਿਕੰਦਰ ਨੂੰ ਪ੍ਰਾਪਤ ਹੋਈ ਹੈ, ਉਹ ਕਿਸੇ ਦੂਜੇ ਬਾਦਸ਼ਾਹ ਦੇ ਹਿੱਸੇ ਨਹੀਂ ਆਈ। ਇਹੋ ਕਾਰਨ ਹੈ ਕਿ ਬਹੁਤ ਸਾਰੀ ਲੋਕਧਾਰਾ, ਜੋ ਕਿਸੇ ਲੋਕ-ਨਾਇਕ ਨਾਲ ਸਹਿਜ ਹੀ ਜੁੜ ਜਾਂਦੀ ਹੈ, ਮਹਾਂ ਸਿਕੰਦਰ ਦੇ ਜੀਵਨ ਤੇ ਕਿਰਦਾਰ ਨਾਲ ਵੀ ਸਮਿਲਤ ਹੋ ਗਈ। ਸਿਕੰਦਰ (356-323 ਬੀ.ਸੀ.) ਮਕਦੂਨੀਆ ਦੇ ਫ਼ਿਲਪ ਦੂਜੇ ਦਾ ਲੜਕਾ ਸੀ, ਜੋ ਉਲਿੰਪੀਅਸ ਦੇ ਉਦਰ ਤੋਂ ਪੈਦਾ ਹੋਇਆ। ਪਰ ਲੋਕਧਾਰਾ ਅਨੁਸਾਰ ਸਿਕੰਦਰ ਇਕ ਨਾਗ ਦੇਵਤੇ ਦਾ ਪੁੱਤਰ ਸੀ। ਸਿਕੰਦਰ ਦੇ ਪਿਤਾ ਫਿਲਪਸ ਨੇ ਖ਼ੁਦ ਉਲਿੰਪੀਅਸ ਦੀ ਸੇਜ ਉਤੇ ਇਕ ਨਾਗ ਨੂੰ ਸੁਤਿਆਂ ਵੇਖਿਆ ਅਤੇ ਉਸ ਦਿਨ ਤੋਂ ਹੀ ਪਤੀ ਪਤਨੀ ਵਿਚ ਰੰਜਸ਼ ਪੈਦਾ ਹੋ ਗਈ। ਇਸੇ ਮਿਥ ਦੇ ਇਕ ਹੋਰ ਰੂਪਾਂਤਰ ਅਨੁਸਾਰ ਮਿਸਰ ਦਾ ਪ੍ਰਸਿਧ ਜਾਦੂਗਰ ਨੈਕਟੇਨਬਸ ਸਿਕੰਦਰ ਦਾ ਅਸਲੀ ਪਿਉ ਸੀ। ਉਹ ਜਾਦੂਗਰ ਪਹਿਲਾਂ ਆਪਣੇ ਇੰਦਰਜਾਲ ਦੁਆਰਾ ਮਿਸਰ ਉਤੇ ਰਾਜ ਕਰ ਚੁਕਾ ਸੀ। ਉਹ ਆਪਣੇ ਸ਼ਤਰੂ ਤੇ ਉਸ ਦੇ ਲਸ਼ਕਰ ਦੀਆਂ ਮੋਮ ਦੀਆਂ ਮੂਰਤੀਆਂ ਬਣਾ ਕੇ, ਜਾਦੂ ਮੰਤਰਾਂ ਦੁਆਰਾ ਉਨ੍ਹਾਂ ਨੂੰ ਨਸ਼ਟ ਕਰ ਦੇਂਦਾ ਸੀ। ਫਲਸਰੂਪ ਵੈਰੀ ਤੇ ਉਸ ਦਾ ਲਸ਼ਕਰ ਤਬਾਹ ਹੋ ਜਾਂਦਾ। ਪਰ ਉਸ ਜਾਦੂਗਰ ਨੂੰ ਚਲਾਕੀ ਨਾਲ ਮਿਸਰ ਵਿਚੋਂ ਬਾਹਰ ਕਢ ਦਿਤਾ ਗਿਆ ਅਤੇ ਉਹ ਮਕਦੂਨੀਆਂ ਵਿਚ ਜੋਤਿਸ਼ੀ ਬਣ ਕੇ ਰਹਿਣ ਲੱਗਾ। ਉਲਿੰਪੀਅਸ ਉਹਦੇ ਕੋਲ ਸੰਤਾਨ ਪ੍ਰਾਪਤੀ ਦੀ ਆਸ਼ਾ ਨਾਲ ਆਇਆ ਕਰਦੀ ਸੀ। ਜਾਦੂਗਰ ਨੇ ਉਸ ਨੂੰ ਦਸਿਆ ਕਿ ਜੀਅਸ ਦੇਵਤਾ ਰਾਤ ਨੂੰ ਉਸ ਦੀ ਸੇਜ ਭੋਗਣ ਲਈ ਆਏਗਾ, ਪਰ ਉਸ ਨੇ ਖ਼ੁਦ ਅਜਗਰ ਦਾ ਵੇਸ ਧਾਰ ਕੇ ਰਾਤੀਂ ਉਲਿੰਪੀਅਸ ਨਾਲ ਸੇਜ ਸਾਂਝੀ ਕੀਤੀ, ਉਸੇ ਸੰਜੋਗ ਤੋਂ ਸਿਕੰਦਰ ਪੈਦਾ ਹੋਇਆ। ਉਸ ਜਾਦੂਗਰ ਦੀ ਮੌਤ ਮਗਰੋਂ ਸਿਕੰਦਰ ਦੇ ਹੱਥੋਂ ਹੀ ਹੋਈ। ਇਕ ਵਾਰ ਜਦੋਂ ਉਹ ਜਾਦੂਗਰ ਸਿਕੰਦਰ ਨੂੰ ਜੋਤਿਸ਼ ਵਿੱਦਿਆ ਬਾਰੇ ਕੁਝ ਰਹੱਸ ਸਮਝਾ ਰਿਹਾ ਸੀ ਤਾਂ ਸਿਕੰਦਰ ਨੇ ਉਸ ਨੂੰ ਇਹ ਕਹਿੰਦਿਆਂ ਖਾਈ ਵਿਚ ਧੱਕਾ ਦੇ ਦਿਤਾ ਕਿ

ਤੂੰ ਆਪਣੇ ਭਵਿੱਖਤ ਬਾਰੇ ਕੁਝ ਨਹੀਂ ਜਾਣਦਾ, ਦੂਜਿਆਂ ਨੂੰ ਕੀ ਸੋਝੀ ਦੇਵੇਂਗਾ (ਫ਼ੋਕਲੋਰ ਡਿਕਸ਼ਨਰੀ, 1,34-35)।

ਸਿਕੰਦਰ ਬਾਰੇ ਅਨੇਕਾਂ ਹੋਰ ਦਿਲਚਸਪ ਕਥਾਵਾਂ ਵੀ ਮਿਲਦੀਆਂ ਹਨ। ਇਕ ਕਥਾ ਅਨੁਸਾਰ ਸਿਕੰਦਰ ਨੇ ਅਮਰ ਹੋ ਜਾਣ ਦੇ ਵਿਚਾਰ ਨਾਲ ਆਬੇ-ਹਯਾਤ ਦਾ ਚਸ਼ਮਾ ਲੱਭਣ ਦੀ ਕੋਸ਼ਿਸ਼ ਕੀਤੀ। ਉਸ ਦੇ ਨਾਲ ਉਸ ਦਾ ਰਸੋਈਆ ਖ਼ਿਜ਼ਰ ਵੀ ਸੀ। ਇਕ ਪਹਾੜ ਦੀ ਗੁਠ ਵਿਚ ਜਦੋਂ ਸਿਕੰਦਰ ਬਿਸਰਾਮ ਕਰ ਰਿਹਾ ਸੀ, ਤਾਂ ਖ਼ਿਜ਼ਰ ਸੁਕੀ ਹੋਈ ਮੱਛੀ ਨੂੰ ਧੋ ਕੇ ਪਕਾਣ ਦੇ ਖ਼ਿਆਲ ਨਾਲ, ਪਾਣੀ ਦੀ ਖੋਜ ਵਿਚ ਨਿਕਲਿਆ। ਜਦੋਂ ਖ਼ਿਜ਼ਰ ਉਸ ਮੱਛੀ ਨੂੰ ਇਕ ਸਰੋਵਰ ਵਿਚ ਧੋਣ ਲੱਗਾ, ਤਾਂ ਉਹ ਸੁਰਜੀਤ ਹੋ ਕੇ ਪਾਣੀ ਵਿਚ ਤੈਰਨ ਲੱਗੀ। ਖ਼ਿਜ਼ਰ ਨੇ ਉਸ ਸਰੋਵਰ ਵਿਚੋਂ ਇਸ਼ਨਾਨ ਕਰ ਕੇ ਅੰਮ੍ਰਿਤ ਦੇ ਕੁਝ ਘੁਟ ਭਰੇ, ਜਿਸ ਕਰ ਕੇ ਉਹ ਅਮਰ ਹੋ ਗਿਆ। ਜਦੋਂ ਖ਼ਿਜ਼ਰ ਨੇ ਸਿਕੰਦਰ ਨੂੰ ਸਾਰੀ ਗੱਲ ਦਸੀ, ਤਾਂ ਸਿਕੰਦਰ ਉਸੇ ਵੇਲੇ ਸਰੋਵਰ ਵਾਲੀ ਥਾਂ ਉਤੇ ਪੁਜਾ, ਪਰ ਉਥੇ ਬੰਜਰ ਧਰਤੀ ਤੋਂ ਸਿਵਾ ਹੋਰ ਕੁਝ ਵਿਖਾਈ ਨਾ ਦਿਤਾ। ਸਿਕੰਦਰ ਨੇ ਕਰੋਧ ਵਿਚ ਆ ਕੇ ਖ਼ਿਜ਼ਰ ਦੀ ਹੱਤਿਆ ਕਰਨੀ ਚਾਹੀ। ਪਰ ਅਮਰ ਜੀਵਨ ਪ੍ਰਾਪਤ ਕਰ ਚੁਕੇ ਖ਼ਿਜ਼ਰ ਦਾ ਸਿਕੰਦਰ ਕੁਝ ਵੀ ਨਾ ਵਿਗਾੜ ਸਕਿਆ। ਅਖ਼ੀਰ ਸਿਕੰਦਰ ਨੇ ਬਦਲੇ ਦੀ ਭਾਵਨਾ ਨਾਲ ਖ਼ਿਜ਼ਰ ਦੇ ਕੰਠ ਵਿਚ ਇਕ ਵੱਡਾ ਸਾਰਾ ਪੱਥਰ ਬੰਨ੍ਹਿਆ ਅਤੇ ਉਸ ਨੂੰ ਸਮੁੰਦਰ ਵਿਚ ਡੋਬ ਦਿਤਾ, ਜਿਥੇ ਉਹ ਸੁਰਜੀਤ ਅਵਸਥਾ ਵਿਚ ਹੁਣ ਤਕ ਮੌਜੂਦ ਮੰਨਿਆ ਜਾਂਦਾ ਹੈ। ਇਹੋ ਖ਼ਿਜ਼ਰ ਮਗਰੋਂ ਜਲ ਦਾ ਦੇਵਤਾ ਬਣ ਕੇ ਪੂਜਿਆ ਜਾਣ ਲੱਗਾ। ਖ਼ਿਜ਼ਰ ਬਾਰੇ ਉਪ੍ਰੋਕਤ ਕਥਾ ਕੁਰਾਨ ਵਿਚ ਦਰਜ ਕਥਾ (ਸੂਰਾ-18) ਦਾ ਹੀ ਵਿਕ੍ਰਿਤ ਰੂਪ ਹੈ ਤੇ ਮੁਸਲਮਾਨੀ ਰਵਾਇਤਾਂ ਨਾਲ ਹੀ ਪੰਜਾਬ ਵਿਚ ਪ੍ਰਚਲਤ ਹੋਈ (ਵੇਖੋ : ਖ਼ਿਜ਼ਰ)।

ਅਰਬੀ ਕਥਾਵਾਂ ਅਨੁਸਾਰ ਸਿਕੰਦਰ ਈਮਾਨ ਦਾ ਉਪਦੇਸ਼ਕ ਤੇ ਬੁਤ-ਸ਼ਿਕਨ ਸੀ। ਸਿਕੰਦਰ ਦੇ ਕੋਲ ਹਮੇਸ਼ਾਂ ਇਕ ਕਾਲਾ ਤੇ ਦੂਜਾ ਸਫ਼ੈਦ ਝੰਡਾ ਹੁੰਦਾ ਸੀ। ਜਦੋਂ ਉਸ ਦਾ ਜੀਅ ਚਾਹੁੰਦਾ ਕਾਲੇ ਝੰਡੇ ਨੂੰ ਫੈਲਾ ਕੇ ਰਾਤ ਜਾਂ ਚਿੱਟੇ ਝੰਡੇ ਨਾਲ ਦਿਨ ਕਰ ਲੈਂਦਾ ਸੀ।

ਪੰਜਾਬ ਵਿਚ ਸਿਕੰਦਰ ਬਾਰੇ ਉਪ੍ਰੋਕਤ ਕਥਾਵਾਂ ਨਾਲੋਂ ਕੁਝ ਵੱਖਰੀਆਂ ਦੰਤੀਆਂ ਵੀ ਉਪਲਬਧ ਹਨ, ਜੋ ਪੰਜਾਬ ਦੀ ਲੋਕ-ਕਲਪਨਾ ਨੇ ਹੀ ਸਿਰਜੀਆਂ ਹਨ। ਇਕ ਵਾਰ ਸਿਕੰਦਰ ਬੀਮਾਰ ਪੈ ਗਿਆ, ਆਪਣਾ ਅੰਤ ਨੇੜੇ ਜਾਣ ਕੇ ਉਸ ਨੇ ਇਕ ਪੰਜਾਬੀ ਮਹਾਤਮਾ ਦੀ ਸ਼ਰਣ ਲਈ। ਮਹਾਤਮਾ ਨੇ ਸਿਕੰਦਰ ਨੂੰ ਕਿਹਾ ਕਿ ਜੇ ਉਹ ਉਨ੍ਹਾਂ ਲੋਕਾਂ ਨੂੰ ਭੋਜ ਦੇਵੇ, ਜਿਨ੍ਹਾਂ ਕਦੇ ਕਿਸੇ ਦੁਖ ਦਾ ਮੂੰਹ ਨਹੀਂ ਵੇਖਿਆ, ਤਾਂ ਉਹ ਨਰੋਆ ਹੋ ਸਕਦਾ ਹੈ। ਪਰ ਉਸ ਭੋਜ ਉਤੇ ਕੋਈ ਇਕ ਸ਼ਖ਼ਸ ਵੀ ਨਾ ਬਹੁੜਿਆ ਅਤੇ ਸਿਕੰਦਰ ਨੂੰ ਅਨੁਭਵ ਹੋ ਗਿਆ ਕਿ ਦੁਖ ਤਾਂ ਇਸ ਜੀਵਨ ਦਾ ਸਹਿਜ ਭੋਗ ਹੈ। ਇਹ ਕਥਾ ਬੋਧੀ ਲੋਕਧਾਰਾ ਦੇ ਪ੍ਰਭਾਵ ਹੇਠ ਸਿਕੰਦਰ ਨਾਲ ਜੁੜੀ ਜਾਪਦੀ ਹੈ।

ਦੂਜੀ ਦੰਦ-ਕਥਾ ਬੜੀ ਰੌਚਕ ਤੇ ਅਪੂਰਵ ਹੈ। ਜਦੋਂ ਸਿਕੰਦਰ ਬਿਆਸ ਦੇ ਕੰਢੇ ਪੁਜਾ, ਤਾਂ ਕਿਸੇ ਨੇ ਉਸ ਨੂੰ ਦਸਿਆ ਕਿ ਬਿਆਸ ਦਰਿਆ ਦੇ ਪਤਣ ਦੇ ਨੇੜੇ ਇਕ ਦੋ ਸੌ ਸਾਲ ਪੁਰਾਣਾ ਪਿੱਪਲ ਹੈ, ਜਿਸ ਨੂੰ ਪੂਰਨਮਾਸ਼ੀ ਵਾਲੀ ਰਾਤ ਜੀਭ ਲੱਗ ਜਾਂਦੀ ਹੈ। ਪਿੱਪਲ ਤੋਂ ਜੋ ਗੱਲ ਪੁਛੀ ਜਾਵੇ, ਉਸ ਦਾ ਜੁਆਬ, ਉਹ ਮਨੁੱਖੀ ਆਵਾਜ਼ ਵਿਚ, ਸੁਆਲ ਪੁਛਣ ਵਾਲੇ ਦੀ ਭਾਸ਼ਾ ਵਿਚ ਹੀ ਦੇਂਦਾ ਹੈ। ਸਿਕੰਦਰ ਪੂਰਨਮਾਸ਼ੀ ਤਕ ਬਿਆਸ ਦੇ ਪੱਤਣ ਉਤੇ ਹੀ ਠਹਿਰਿਆ ਤੇ ਪੂਰਨਮਾਸ਼ੀ ਦੀ ਰਾਤ ਨੂੰ ਉਸ ਨੇ ਪਿੱਪਲ ਤੋਂ ਪੁਛਿਆ, "ਕੀ ਮੈਂ ਸਾਰੀ ਦੁਨੀਆਂ ਫ਼ਤਹਿ ਕਰ ਸਕਾਂਗਾ ?" ਪਿੱਪਲ ਨੇ ਜੁਆਬ ਦਿਤਾ, "ਤੇਰੇ ਦਿਨ ਥੋੜੇ ਰਹਿ ਗਏ ਨੇ ਅਤੇ ਤੂੰ ਸਹੀ ਸਲਾਮਤ ਆਪਣੇ ਵਤਨ ਵਾਪਸ ਨਹੀਂ ਪੁਜ ਸਕੇਂਗਾ।" ਇਸ ਭਵਿਸ਼ਬਾਣੀ ਨੂੰ ਗ਼ਲਤ ਸਾਬਿਤ ਕਰਨ ਲਈ ਸਿਕੰਦਰ ਨੇ ਆਪਣੇ ਲਸ਼ਕਰ ਨੂੰ ਉਸੇ ਪੈਰ ਵਾਪਸ ਆਪਣੇ ਦੇਸ਼ ਚੱਲਣ ਦਾ ਆਦੇਸ਼ ਦਿਤਾ, ਪਰ ਸਿਕੰਦਰ ਦੀ ਰਾਹ ਵਿਚ ਹੀ ਮੌਤ ਹੋ ਗਈ। ਕਹਿੰਦੇ ਹਨ ਸਿਕੰਦਰ ਦੀ ਫ਼ੌਜ ਨੇ ਉਸ ਪਿੱਪਲ ਨੂੰ ਟੁਕੜੇ ਟੁਕੜੇ ਕਰ ਦਿਤਾ ਸੀ।

ਸਿਕੰਦਰ ਪੰਜਾਬੀਆਂ ਦੀ ਲੋਕ-ਸਿਮਰਤੀ ਉਤੇ ਕਾਫ਼ੀ ਲੰਮੇ ਸਮੇਂ ਤਕ ਛਾਇਆ ਰਿਹਾ। ਪੰਜਾਬੀ ਲੋਕ-ਗੀਤਾਂ ਵਿਚ ਉਸ ਦੀ ਫ਼ੌਜੀ ਮੁਹਿੰਮ ਵਲ ਸੰਕੇਤ ਮਿਲਦੇ ਹਨ :

ਬੇੜਾ ਤਕ ਕੇ ਸਿਕੰਦਰੀ ਆਉਂਦਾ
ਸੰਧੂਆਂ ਨੇ ਪਤਣ ਮਲ ਲਏ।
ਰੁਤ ਸੋਣ ਦੀ ਸਿਕੰਦਰਾ ਆਈ,
ਵੇ ਕੁੜੀਆਂ ਨੂੰ ਮਾਣ ਲੈਣ ਦੇ।
ਕਾਲੇ ਨਾਗ ਨੀ ਸਿਕੰਦਰੀ ਫ਼ੌਜਾਂ,
ਵਾਹ ਪੈ ਗੀ ਨਿਊਲਿਆਂ ਨਾਲ।

ਪਰ ਇਹ ਗੀਤ ਉਮਰ ਵਿਚ ਬਹੁਤੇ ਪੁਰਾਣੇ ਨਹੀਂ ਲੱਗਦੇ।

## (ਸ-475) ਸਿਕੰਦਰ ਬਿਰਾਹਿਮ ਦੀ ਕਥਾ :

ਰਾਜਪੂਤੀ ਚੜ੍ਹਤ ਸਮੇਂ ਦਾ ਇਕ ਸਾਕਾ, ਜਿਸ ਨੂੰ ਢਾਡੀਆਂ ਨੇ ਵਾਰ ਦੇ ਰੂਪ ਵਿਚ ਗਾਂਵਿਆ। ਗੁਰੂ ਕਾਲ ਵਿਚ ਸਿਕੰਦਰ ਬਿਰਾਹਿਮ ਦੀ ਵਾਰ ਇਤਨੀ ਲੋਕ-ਪ੍ਰਿਯ ਸੀ ਕਿ ਗੁਰੂ ਅਮਰਦਾਸ ਜੀ ਦੀ 'ਗੁਜਰੀ ਕੀ ਵਾਰ', ਇਸੇ ਵਾਰ ਦੀ ਧੁਨੀ ਵਿਚ ਗਾਉਣ ਦੀ ਪ੍ਰਥਾ ਚਲ ਪਈ ਅਤੇ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦਾ ਸੰਕਲਨ ਕਰਨ ਵੇਲੇ ਗੁਜਰੀ ਦੀ ਵਾਰ ਉਤੇ ਸਿਕੰਦਰ ਬਿਰਾਹਿਮ ਦੀ ਵਾਰ ਦੀ ਧੁਨੀ ਅੰਕਿਤ ਕਰ ਦਿਤੀ। ਇਹ ਵੀ ਵਿਚਾਰ ਹੈ ਕਿ 'ਗੁਜਰੀ ਦੀ ਵਾਰ' ਰਚੀ ਹੀ ਇਸੇ ਵਾਰ ਦੀ ਧਾਰਨਾ ਵਿਚ ਗਈ ਸੀ।

ਸਿਕੰਦਰ ਤੇ ਬਿਰਾਹਿਮ (ਅਬਰਾਹੀਮ) ਦੋਵੇਂ ਰਾਜਪੂਤ ਸਨ। ਇਕੋ ਕਬੀਲੇ ਵਿਚੋਂ ਹੋਣ ਕਰ ਕੇ ਦੋਵੇਂ ਸ਼ਰੀਕੇ ਵਿਚੋਂ ਭਰਾ ਲੱਗਦੇ ਸਨ ਅਤੇ ਦੋਵੇਂ ਦੋ ਛੋਟੀਆਂ ਛੋਟੀਆਂ ਰਿਆਸਤਾਂ ਦੇ ਰਾਜੇ ਸਨ।

ਬਿਰਾਹਿਮ ਲੰਪਟ ਸੁਭਾਅ ਦਾ ਹੋਣ ਕਰ ਕੇ ਰਾਜ ਭਾਗ ਨਾਲੋਂ ਵਧੇਰੇ ਦਿਲਚਸਪੀ ਸ਼ਿਕਾਰ ਤੇ ਰਾਗ ਰੰਗ ਦੀਆਂ ਮਜਲਸਾਂ ਵਿਚ ਲੈਂਦਾ ਸੀ। ਇਕ ਵਾਰ ਸ਼ਿਕਾਰ ਨੂੰ ਜਾਂਦਿਆਂ, ਉਸ ਦੀ ਨਜ਼ਰ ਮੁਕਲਾਵਾ ਲੈ ਕੇ ਜਾਂਦੇ, ਇਕ ਬ੍ਰਾਹਮਣ ਦੀ ਖ਼ੂਬਸੂਰਤ ਪਤਨੀ ਉਤੇ ਜਾ ਪਈ। ਬਿਰਾਹਿਮ ਬ੍ਰਾਹਮਣੀ ਨੂੰ ਆਪਣੀ ਹੱਵਸ ਦਾ ਸ਼ਿਕਾਰ ਬਨਾਉਣਾ ਚਾਹੁੰਦਾ ਸੀ, ਪਰ ਕਾਫ਼ੀ ਸਾਰੇ ਅਹਿਲਕਾਰ ਨਾਲ ਹੋਣ ਕਰ ਕੇ ਸਾਹਸ ਨਾ ਕਰ ਸਕਿਆ। ਫਿਰ ਵੀ ਬਿਰਾਹਿਮ ਨੇ ਬ੍ਰਾਹਮਣ ਤੋਂ ਉਸ ਦਾ ਨਾਉਂ ਤੇ ਟਿਕਾਣਾ ਪੁੱਛ ਲਿਆ।

ਬਿਰਾਹਿਮ ਦੀ ਮੰਦ ਭਾਵਨਾ ਨੂੰ ਬ੍ਰਾਹਮਣ ਤਾੜ ਗਿਆ। ਸੋ ਉਸ ਨੇ ਆਪਣੀ ਪੱਤ ਬਚਾਣ ਵਾਸਤੇ ਸਿਕੰਦਰ ਦੀ ਸ਼ਰਨ ਜਾ ਲਈ, ਜੋ ਸੂਰਮਾ ਹੋਣ ਤੋਂ ਇਲਾਵਾ ਉਚੇ ਸੁੱਚੇ ਆਚਰਣ ਦਾ ਮਾਲਕ ਵੀ ਸੀ। ਸਿਕੰਦਰ ਨੇ ਬਿਰਾਹਿਮ ਨੂੰ ਸਮਝਾਇਆ, ਪਰ ਵਾਸ਼ਨਾ ਵਿਚ ਅੰਨ੍ਹੇ ਹੋਏ ਬਿਰਾਹਿਮ ਨੇ ਉਸ ਦੀ ਕੋਈ ਪਰਵਾਹ ਨਾ ਕੀਤੀ, ਸਗੋਂ ਉਸ ਨੇ ਬ੍ਰਾਹਮਣੀ ਨੂੰ ਜ਼ੋਰ ਜ਼ਬਰ ਨਾਲ ਪ੍ਰਾਪਤ ਕਰ ਕੇ ਘਰ ਰਖ ਲਿਆ।

ਸਿਕੰਦਰ ਨੇ ਕਰੋਧ ਵਿਚ ਆ ਕੇ ਫ਼ੌਜ ਨੂੰ ਹੁਕਮ ਦਿਤਾ ਕਿ ਉਹ ਬਿਰਾਹਿਮ ਨੂੰ ਬ੍ਰਾਹਮਣੀ ਸਮੇਤ ਗ੍ਰਿਫ਼ਤਾਰ ਕਰ ਲਿਆਵੇ। ਦੋਹਾਂ ਧਿਰਾਂ ਵਿਚ ਕੁਝ ਚਿਰ ਜ਼ੋਰਦਾਰ ਲੜਾਈ ਹੋਈ। ਸਿਕੰਦਰ ਨੇ ਬਹਾਦਰੀ ਦੇ ਉਹ ਜੌਹਰ ਵਿਖਾਏ ਕਿ ਥੋੜੇ ਸਮੇਂ ਵਿਚ ਹੀ ਬਿਰਾਹਿਮ ਦੀ ਫ਼ੌਜ ਹਥਿਆਰ ਸੁਟਣ ਉਤੇ ਮਜਬੂਰ ਹੋ ਗਈ। ਸਿਕੰਦਰ ਨੇ ਬਿਰਾਹਿਮ ਨੂੰ ਬੰਦੀ ਬਣਾ ਕੇ ਕੈਦਖ਼ਾਨੇ ਵਿਚ ਸੁਟ ਦਿਤਾ। ਜਦੋਂ ਬਿਰਾਹਮ ਦਾ ਕਾਮ-ਵੇਗ ਉਤਰ ਗਿਆ, ਤਾਂ ਉਸ ਨੇ ਸਿਕੰਦਰ ਤੋਂ ਮਾਫ਼ੀ ਮੰਗੀ। ਸਿਕੰਦਰ ਦਿਲ ਦਾ ਨੇਕ ਸੀ, ਝਟ ਮਾਫ਼ ਕਰ ਕੇ ਬਿਰਾਹਿਮ ਨੂੰ ਮੁੜ ਉਸ ਦਾ ਰਾਜ ਭਾਗ ਵਾਪਸ ਕਰ ਦਿਤਾ।

ਢਾਡੀਆਂ ਨੇ ਸਿਕੰਦਰ ਦੀ ਵਡਿਆਈ ਵਿਚ ਵਾਰ ਰਚੀ। ਧੁਨੀ ਦੀਆਂ ਹੋਰ ਵਾਰਾਂ ਵਾਂਗ ਇਹ ਵਾਰ ਪੂਰੀ ਨਹੀਂ ਮਿਲਦੀ, ਇਸ ਦੀਆਂ ਕੇਵਲ ਦੋ ਪਉੜੀਆਂ ਹੀ ਮਿਲਦੀਆਂ ਹਨ :

(1) ਸਿਕੰਦਰ ਕਹੇ ਬਰਾਹਮ ਨੂੰ
ਇਕ ਗੱਲ ਹੈ ਭਾਈ।
ਤੇਰੀ ਸਾਡੀ ਰਣ ਵਿਚ ਅੱਜ ਪਈ ਲੜਾਈ।
ਤੂੰ ਨਾਹੀਂ ਕਿ ਮੈਂ ਨਾਹੀਂ, ਇਹ ਹੁੰਦੀ ਆਈ।
ਰਾਜਪੂਤੀ ਜਾਤੀ ਨਸਿਆ
ਰਣ ਲਾਜ ਮਰਾਹੀ।
ਲੜੀਏ ਆਹਮੋ ਸਾਹਮਣੇ
ਜੋ ਕਰੇ ਸੋ ਸਾਈਂ।

(2) ਪਾਪੀ ਬਿਰਹਾਖ਼ਾਨ ਪਰ ਚੜ੍ਹਿਆ ਸਿਕੰਦਰ
ਭੇੜ ਦੁਹੁ ਦਾ ਮੱਚਿਆ ਬਡ ਰਣ ਦੇ ਅੰਦਰ
ਫੜਿਆ ਖਾਨ ਬਰਾਹਮ ਨੂੰ ਕਰ ਵਡ ਅਡੰਬਰ
ਬਧਿਆ ਸੰਗਲ ਪਾਇਕੇ ਜਣ ਕੀਲੇ ਬੰਦਰ
ਆਪਣਾ ਹੁਕਮ ਮਨਾਇਕੇ
ਛਡਿਆ ਜੱਗ ਅੰਦਰ।

ਕੁਝ ਸਟੀਕਾਂ ਵਿਚ ਦਿਤੀ ਕਥਾ ਵਿਚ ਸਿਕੰਦਰ ਨੂੰ ਵਿਭਚਾਰੀ ਅਤੇ ਬਿਰਾਹਮ ਨੂੰ ਦਇਆਲੂ ਤੇ ਬੀਰਤਾ ਦਾ ਪੁੰਜ ਮੰਨਿਆ ਗਿਆ ਹੈ। ਪੂਰੀ ਵਾਰ ਪ੍ਰਾਪਤ ਨਾ ਹੋਣ ਕਾਰਣ ਨਿਰਣੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

(ਸ-476) **ਸਿਕਦਾਰਾ** :

ਇਕ ਝੀਵਰ, ਜਿਸ ਦੀ ਧੀ ਰਾਂਝੇ 'ਤੇ ਮੋਹਿਤ ਹੋ ਗਈ ਸੀ। ਦਮੋਦਰ ਦੇ ਕਿੱਸੇ ਅਨੁਸਾਰ ਜਦੋਂ ਧੀਦੋ ਘਰੋਂ ਨਠਿਆ, ਤਾਂ ਰਾਹ ਵਿਚ, ਰਾਤ ਕੱਟਣ ਲਈ, ਉਹ ਇਕ ਮਸੀਤ ਵਿਚ ਠਹਿਰਿਆ। ਮਸੀਤ ਵਿਚ ਕੁਝ ਕੁੜੀਆਂ ਪਾਣੀ ਭਰਨ ਲਈ ਆਈਆਂ, ਜਿਨ੍ਹਾਂ ਵਿਚੋਂ ਇਕ ਸਿਕਦਾਰੇ ਝੀਵਰ ਦੀ ਲੜਕੀ ਸੀ, ਜੋ ਰਾਂਝੇ ਨੂੰ ਵੇਖਦੇ ਸਾਰ ਮੋਹਿਤ ਹੋ ਗਈ ਤੇ ਘਰ ਜਾ ਕੇ ਮਾਂ ਅੱਗੇ ਤਰਲੇ ਲੈਣ ਲੱਗੀ ਕਿ ਉਹ ਉਸ ਦਾ ਵਿਆਹ ਧੀਦੋ ਨਾਲ ਕਰ ਦੇਵੇ :

ਘਿਨ ਘੜਾ ਸਿਰ ਉਤੋਂ ਮਾਇ,
ਨਹੀਂ ਤਾਂ ਭੁਇ ਮਰੇਂਦੀ
ਵਿਚ ਮਸੀਤੇ ਚੰਨ ਫਥਿਓ ਈ,
ਮੈਂ ਵਰ ਨੀਹੇ ਦੇਂਦੀ
ਹਸ ਰਸ ਸਿਰ ਰਖ ਅਸਾਡੇ,
ਨਹੀਂ ਆਪੇ ਨਿਕਲ ਵੈਂਦੀ।

ਝੀਵਰੀ ਆਪਣੀ ਧੀ ਨੂੰ ਬੇਹਾਲ ਵੇਖ ਧੀਦੋ ਨੂੰ ਖ਼ੁਦ ਵੇਖਣ ਗਈ। ਧੀਦੋ ਉਸ ਨੂੰ ਇਤਨਾ ਪਿਆਰਾ ਲੱਗਾ ਕਿ ਉਹ ਸੋਚਣ ਲੱਗੀ : "ਹੈ ਜੇ ਚੋਖ ਵਡੇਰਾ ਹੋਵੇ, ਤਾਂ ਮੈਂ ਆਪ ਨਿਕਾਹ ਬਨ੍ਹਾਈਂ।"

ਮਸੀਤ ਵਿਚ ਕੁਝ ਜੱਟ ਵੀ ਠਹਿਰੇ ਹੋਏ ਸਨ। ਝੀਵਰੀ ਨੇ ਧੀਦੋ ਨੂੰ ਜੱਟਾਂ ਦਾ ਹੀ ਮੁੰਡਾ ਸਮਝਿਆ ਤੇ ਉਸ ਤੋਂ ਧੀਦੋ ਦਾ ਹੱਥ ਆਪਣੀ ਧੀ ਲਈ ਮੰਗਿਆ। ਜੱਟਾਂ ਨੇ ਖਾਣ ਪੀਣ ਦੇ ਲਾਲਚ ਵਿਚ ਹਾਂ ਕਰ ਦਿਤੀ। ਝੀਵਰੀ ਨੇ ਦੁਧ ਘਿਓ ਤੇ ਸੇਵੀਆਂ ਨਾਲ ਜੱਟਾਂ ਦੀ ਖ਼ੂਬ ਸੇਵਾ ਕੀਤੀ। ਜੱਟ ਖਾ ਪੀ ਕੇ, ਉਥੋਂ ਅੱਗੇ ਖਿਸਕ ਗਏ ਤੇ ਰਾਂਝਾ ਆਪਣੀ ਜਿੰਦ ਛੁਡਾਣ ਲਈ ਰਾਤੋ ਰਾਤ ਉਥੋਂ ਨੱਠ ਗਿਆ। ਮਗਰੋਂ ਝੀਵਰੀ ਹੱਥ ਮਲਦੀ ਰਹਿ ਗਈ।

(ਸ-477) **ਸ਼ਿਕੰਜਾ** :

ਵੇਲਣੇ ਦੀ ਸ਼ਕਲ ਦਾ ਇਕ ਯੰਤਰ, ਜਿਸ ਵਿਚ ਪੁਰਾਣੇ ਵੇਲਿਆਂ ਵਿਚ ਘੋਰ ਅਪਰਾਧੀਆਂ ਨੂੰ ਪੀੜ ਕੇ ਮਾਰਿਆ ਜਾਂਦਾ ਸੀ। ਮੁਗਲਾਂ ਦੇ ਸਮੇਂ ਸ਼ਿਕੰਜੇ ਦੀ ਵਰਤੋਂ ਪ੍ਰਚਲਤ ਸੀ। ਮੀਰ ਮਨੂੰ ਦੇ ਸਮੇਂ ਅਨੇਕਾਂ ਸਿੱਖਾਂ ਨੂੰ ਰੋਜ਼ ਸ਼ਿਕੰਜੇ ਵਿਚ ਪੀੜ ਕੇ ਸ਼ਹੀਦ ਕੀਤਾ ਜਾਂਦਾ ਸੀ। ਪੰਜਾਬ ਦੀਆਂ ਲੋਕ-ਕਥਾਵਾਂ ਵਿਚ ਸ਼ਿਕੰਜੇ ਦਾ ਜ਼ਿਕਰ ਆਮ ਮਿਲਦਾ ਹੈ। ਅਪਰਾਧੀਆਂ ਨੂੰ, ਮੌਤ ਦਾ ਦੰਡ, ਸ਼ਿਕੰਜੇ ਦੁਆਰਾ ਦਿਤਾ ਜਾਂਦਾ ਸੀ।

(ਸ-478) **ਸਿਕਲੀਗਰ** :

ਪੰਜਾਬ ਦਾ ਇਕ ਖ਼ਾਨਬਦੋਸ਼ ਕਬੀਲਾ ਜੋ ਚਾਕੂ, ਛੁਰੀ, ਰੰਬੀ, ਦਾਤ੍ਰੀ ਅਤੇ ਖੇਤੀ ਬਾੜੀ ਨਾਲ ਸੰਬੰਧਿਤ ਸੰਦ ਬਣਾਉਂਦੇ ਅਤੇ ਧਾਤ ਦੀਆਂ ਚੀਜ਼ਾਂ ਨੂੰ ਸਿਕਲ ਕਰਦੇ ਹਨ। ਸਿਕਲੀਗਰ ਆਮ ਤੌਰ ਤੇ ਪਿੰਡੋਂ ਬਾਹਰ ਡੇਰਿਆਂ ਵਿਚ ਵਸਦੇ ਹਨ। ਇਨ੍ਹਾਂ ਦੀਆਂ ਟਪਰੀਆਂ ਕੱਖਾਂ ਕਾਨਿਆਂ ਅਤੇ ਤੀਲਾਂ ਦੀਆਂ ਹੁੰਦੀਆਂ ਹਨ, ਜੋ ਉਹ ਡੇਰਾ ਬਦਲਣ ਵੇਲੇ ਇਕ ਥਾਂ ਤੋਂ ਦੂਜੀ ਥਾਂ ਪੁਟ ਕੇ ਨਾਲ ਹੀ ਲੈ ਜਾਂਦੇ ਹਨ। ਪਰ ਅੱਜ ਕਲ੍ਹ ਕਈ ਥਾਈਂ ਸਿਕਲੀਗਰ ਪੱਕੇ ਟਿਕਾਣੇ ਬਣਾ ਕੇ ਰਹਿਣ ਲੱਗ ਪਏ ਹਨ। ਪੰਜਾਬ ਵਿਚ ਸਿਕਲੀਗਰਾਂ ਦੇ ਡੇਰੇ ਅੰਮ੍ਰਿਤਸਰ, ਗੁਰਦਾਸਪੁਰ, ਪਟਿਆਲਾ, ਬਠਿੰਡਾ, ਫ਼ੀਰੋਜ਼ਪੁਰ ਤੇ ਲੁਧਿਆਣਾ ਵਿਚ ਮਿਲਦੇ ਹਨ। ਹਰਿਆਣੇ ਵਿਚ ਇਨ੍ਹਾਂ ਦੀ ਬਹੁਤੀ ਵਸੋਂ ਪਾਣੀਪਤ ਵਿਚ ਹੈ। ਦਿੱਲੀ ਵਿਚ ਕਾਫ਼ੀ ਸਾਰੇ ਸਿਕਲੀਗਰ ਪੱਕੇ ਘਰ ਬਣਾ ਕੇ ਵਸ ਗਏ ਹਨ।

ਸਿਕਲੀਗਰ ਆਪਣਾ ਮੁੱਢ ਰਾਜਪੂਤਾਂ ਨਾਲ ਜੋੜਦੇ ਹਨ। ਰਵਾਇਤਾਂ ਅਨੁਸਾਰ ਉਨ੍ਹਾਂ ਦੇ

ਵਡਿਕੇ ਮਾਰਵਾੜ ਤੋਂ ਆ ਕੇ ਪੰਜਾਬ ਅਤੇ ਹਰਿਆਣੇ ਵਿਚ ਵਸੇ। ਸ਼ੇਰ ਸਿੰਘ 'ਸ਼ੇਰ' ਸਿਕਲੀਗਰਾਂ ਦਾ ਸਬੰਧ ਬਨਜਾਰਿਆਂ ਅਤੇ ਲੁਬਾਣਿਆਂ ਨਾਲ ਜੋੜਦਾ ਹੈ। ਪਰ ਟਪਰੀਵਾਸਾਂ ਦੀਆਂ ਆਪਣੀਆਂ ਰਵਾਇਤਾਂ ਅਨੁਸਾਰ ਲੁਬਾਣੇ, ਬਾਜ਼ੀਗਰ ਅਤੇ ਸਿਕਲੀਗਰ ਇਕੋ ਵਡਿਕੇ ਦੀ ਵੰਸ਼ ਹਨ। ਇਨ੍ਹਾਂ ਦੇ ਵਡੇਰੇ ਚਾਰ ਭਰਾ ਸਨ। ਦੋਹਾਂ ਭਰਾਵਾਂ ਦੀ ਔਲਾਦ ਬਾਜ਼ੀਗਰ ਪ੍ਰਸਿਧ ਹੋਈ ਅਤੇ ਬਾਕੀ ਦੋਹਾਂ ਵਿਚੋਂ ਇਕ ਦੀ ਲੁਬਾਣੇ ਅਤੇ ਦੂਜੇ ਦੀ ਸਿਕਲੀਗਰ ਅਖਵਾਣ ਲੱਗੀ (ਖੋਜ ਦਰਪਣ, ਜੁਲਾਈ 1977, ਪੰਨਾ 72)।

ਸਿਕਲੀਗਰਾਂ ਦੇ ਕਥਨ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ (1595-1644) ਨੇ ਜਦੋਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ, ਤਾਂ ਉਨ੍ਹਾਂ ਨੇ ਹਥਿਆਰਾਂ ਦੀ ਲੋੜ ਪੂਰੀ ਕਰਨ ਲਈ, ਮੌਲਾ ਬਖ਼ਸ਼ ਲੋਹਾਰ ਤੋਂ ਹਥਿਆਰ ਬਣਵਾਏ। ਮਗਰੋਂ ਜਦੋਂ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਯੁਧ ਹੋਣ ਲੱਗੇ, ਤਾਂ ਮੁਗ਼ਲਾਂ ਦੀ ਪ੍ਰੇਰਨਾ ਉਤੇ ਮੌਲਾ ਬਖ਼ਸ਼ ਨੇ, ਕੱਚੇ ਲੋਹੇ ਦੀਆਂ ਖੁੰਡੀਆਂ ਤਲਵਾਰਾਂ ਅਤੇ ਬਰਛੇ ਬਣਾ ਕੇ ਦਿਤੇ। ਉਦੋਂ ਕੁਝ ਸਿੱਖ ਗੁਰੂ ਜੀ ਦੀ ਆਗਿਆ ਨਾਲ ਮਾਰਵਾੜ ਗਏ ਅਤੇ ਉਥੋਂ ਕੁਝ ਮਾਰਵਾੜੀ ਲੋਹਾਰ ਆਪਣੇ ਨਾਲ ਲੈ ਆਏ। ਇਨ੍ਹਾਂ ਲੋਹਾਰਾਂ ਦੀ ਵੰਸ਼ ਹੀ ਸਿਕਲੀਗਰਾਂ ਦੇ ਨਾਂ ਨਾਲ ਪ੍ਰਸਿਧ ਹੋਈ। ਇਕ ਰਵਾਇਤ ਅਨੁਸਾਰ ਹਥਿਆਰ ਤਿਆਰ ਕਰਨ ਵਾਲੇ ਲੋਹਾਰਾਂ ਨੂੰ ਸਿਕਲੀਗਰ ਦਾ ਨਾਂ ਗੁਰੂ ਗੋਬਿੰਦ ਸਿੰਘ ਨੇ ਪ੍ਰਦਾਨ ਕੀਤਾ। ਗੁਰੂ ਜੀ ਨੇ ਜਦੋਂ ਉਨ੍ਹਾਂ ਲੋਕਾਂ ਨੂੰ ਸ਼ਰਧਾ ਭਾਵਨਾ ਨਾਲ ਤਲਵਾਰਾਂ ਤੇ ਬਰਛੇ ਸਿਕਲ ਕਰਦਿਆਂ ਵੇਖਿਆ, ਤਾਂ ਪਿਆਰ ਨਾਲ ਉਨ੍ਹਾਂ ਨੂੰ ਸਿਕਲੀਗਰ ਕਿਹਾ, ਜੋ ਨਾਂ ਮਗਰੋਂ ਰੂੜ੍ਹ ਹੋ ਗਿਆ।

ਸਿਕਲੀਗਰਾਂ ਦਾ ਮੁਖ ਧੰਦਾ ਲੋਹਾਰਾ ਰਿਹਾ ਹੈ ਅਤੇ ਉਹ ਮੁਦਤਾਂ ਤੋਂ ਚਾਕੂ ਛੁਰੀਆਂ, ਬਰਛੇ, ਨੇਜ਼ੇ, ਤੀਰ ਤਲਵਾਰਾਂ, ਖੰਡੇ, ਛਵੀਆਂ ਤੇ ਕੁਹਾੜੇ ਆਦਿ ਬਣਾਉਂਦੇ ਚਲੇ ਆ ਰਹੇ ਹਨ। ਇਹੋ ਸਿਕਲੀਗਰ ਰਾਜਿਆਂ ਮਹਾਰਾਜਿਆਂ ਵਾਸਤੇ, ਹਥਿਆਰ ਅਤੇ ਹੋਰ ਸੰਦ ਤਿਆਰ ਕਰਦੇ ਰਹੇ। ਅੰਗਰੇਜ਼ੀ ਰਾਜ ਦੇ ਸਮੇਂ ਜਦੋਂ ਹਥਿਆਰ ਬਨਾਉਣ 'ਤੇ ਪਾਬੰਦੀ ਲਗਾ ਦਿਤੀ ਗਈ, ਤਾਂ ਸਿਕਲੀਗਰਾਂ ਨੇ ਲੋਹੇ ਦੀਆਂ ਕੜਛੀਆਂ, ਛੱਜ-ਛਾਨਣੀਆਂ, ਖੁਰਪਾ, ਰੰਭੀ ਤੇ ਵਾਹੀ ਖੇਤੀ ਦੇ ਹੋਰ ਸੰਦ ਬਨਾਉਣੇ ਸ਼ੁਰੂ ਕਰ ਦਿਤੇ। ਇਸ ਧੰਦੇ ਵਿਚ ਸਿਕਲੀਗਰਾਂ ਦੀਆਂ ਤੀਵੀਆਂ ਵੀ ਉਨ੍ਹਾਂ ਦੇ ਹੱਥ ਵਟਾਂਦੀਆਂ ਹਨ। ਛੋਟੇ ਮੋਟੇ ਕੰਮ ਤਾਂ ਸਿਕਲੀਗਰਨੀਆਂ ਮਰਦ ਦੀ ਸਹਾਇਤਾ ਤੋਂ ਬਗ਼ੈਰ, ਇਕੱਲਿਆਂ ਹੀ ਕਰ ਲੈਂਦੀਆਂ ਹਨ।

ਡੇਰਿਆਂ ਵਿਚ ਰਹਿਣ ਵਾਲੇ ਸਿਕਲੀਗਰਾਂ ਦੀ ਪੁਸ਼ਾਕ ਟਪਰੀ ਵਾਸੀਆਂ ਵਾਂਗ ਸਿਧੀ ਸਾਦੀ, ਪਰ ਭੜਕੀਲੀ ਹੁੰਦੀ ਹੈ। ਮਰਦ ਆਮ ਤੌਰ 'ਤੇ ਗਲ ਵਿਚ ਕੁੜਤਾ ਪਹਿਨਦੇ ਅਤੇ ਲੱਕ ਦੁਆਲੇ ਧੋਤੀ ਬੰਨ੍ਹਦੇ ਹਨ। ਪੰਜਾਬ ਦੇ ਬਹੁਤੇ ਸਿਕਲੀਗਰ ਸਿੱਖ ਹੋਣ ਦੇ ਨਾਤੇ ਕੇਸਾਧਾਰੀ ਹਨ। ਹਿੰਦੂ ਸਿਕਲੀਗਰ ਵੀ ਸਿਰ 'ਤੇ ਪੱਗ ਰਖਦੇ ਹਨ। ਤੀਵੀਆਂ ਪਹਿਲਾਂ ਘਾਘਰਾ ਅਤੇ ਅੰਗੀ ਪਹਿਨਦੀਆਂ ਸਨ, ਪਰ ਹੁਣ ਉਨ੍ਹਾਂ ਵਿਚ ਕਮੀਜ਼ ਸਲਵਾਰ ਦਾ ਰਵਾਜ ਵਧਦਾ ਜਾ ਰਿਹਾ ਹੈ। ਤੀਵੀਆਂ ਦੇ ਕਪੜਿਆਂ ਦੇ ਰੰਗ ਗੂੜ੍ਹੇ ਤੇ ਸ਼ੋਖ਼ ਹੁੰਦੇ ਹਨ। ਤੀਵੀਆਂ ਚਾਂਦੀ ਦੇ ਗਹਿਣੇ ਕਾਫ਼ੀ ਮਾਤਰਾ ਵਿਚ ਧਾਰਨ ਕਰਦੀਆਂ ਹਨ। ਸਿਕਲੀਗਰਨੀਆਂ ਦੀਆਂ ਲੱਤਾਂ ਵਿਚ ਪਏ, ਚਾਂਦੀ ਦੇ ਢੇਰ ਸਾਰੇ ਵੰਨ ਸਵੰਨੇ ਗਹਿਣੇ, ਉਨ੍ਹਾਂ ਦੀ ਪਛਾਣ ਬਣ ਚੁਕੇ ਹਨ।

ਕੰਵਾਰੀ ਕੁੜੀ ਤੇ ਵਿਆਹੀ ਵਰੀ ਤੀਵੀਂ ਦੀ ਪੁਸ਼ਾਕ ਅਤੇ ਸ਼ਿੰਗਾਰ ਵਿਚ ਕਾਫ਼ੀ ਅੰਤਰ ਹੈ। ਕੰਵਾਰੀ ਕੰਨਿਆਂ ਕਦੇ ਵੀ ਅੰਗੀ ਅਤੇ ਘਘਰਾ ਨਹੀਂ ਪਹਿਨਦੀ, ਨਾ ਹੀ ਨੱਕ ਵਿਚ ਨੱਥ ਜਾਂ ਲੌਂਗ ਧਾਰਨ ਕਰਦੀ ਹੈ। ਕੁੜੀਆਂ ਚਿੜੀਆਂ ਆਮ ਤੌਰ 'ਤੇ ਕੱਚ ਦੀਆਂ ਚੂੜੀਆਂ ਪਹਿਨਦੀਆਂ ਹਨ। ਇਸ ਦੇ ਉਲਟ ਵਿਆਹੀ ਵਰੀ ਤੀਵੀਂ ਵਾਸਤੇ ਕੁਝ ਗਹਿਣੇ ਨੱਥ, ਲੌਂਗ ਆਦਿ ਧਾਰਨ ਕਰਨੇ ਲਾਜ਼ਮੀ ਹਨ, ਭਾਵੇਂ ਉਹ ਚਾਂਦੀ ਦੇ ਹੀ ਹੋਣ। ਕੰਵਾਰੀ ਕੁੜੀ ਕੇਵਲ ਇਕੋ ਗੁਤ ਕਰਦੀ ਹੈ, ਪਰ ਵਿਆਹੀ ਚੂੰਡਾ ਬਣਾਉਂਦੀ ਹੈ, ਜਿਸ ਵਿਚ ਕਈ ਮੇਢੀਆਂ ਗੁੰਦ ਕੇ ਜੋੜੀਆਂ ਹੁੰਦੀਆਂ ਹਨ। ਕੰਵਾਰੀ ਕੰਨਿਆਂ ਵਾਸਤੇ ਸੁਰਮੇ

ਤੇ ਸ਼ੀਸ਼ੇ ਦੀ ਵਰਤੋਂ ਨਿਸ਼ੇਧ ਹੈ।

ਸਿਕਲੀਗਰਾਂ ਦੇ ਮੁੰਡੇ ਲੱਕ ਦੁਆਲੇ ਤੜਾਗੀ ਪਹਿਨਦੇ ਹਨ। ਤੜਾਗੀ ਨਾਲ ਰੰਗ ਬਰੰਗਾ ਫੁੰਮਣ ਜਾਂ ਕੌਡੀਆਂ ਦਾ ਗੁੱਛਾ ਲਟਕਿਆ ਹੁੰਦਾ ਹੈ। ਧਾਰਨਾ ਹੈ ਕਿ ਇਸ ਫੁੰਮਣ ਜਾਂ ਗੁੱਛੇ ਸਦਕਾ ਨਾ ਤਾਂ ਪ੍ਰੇਤ ਰੂਹਾਂ ਬੱਚੇ ਦੇ ਨੇੜੇ ਢੁਕਦੀਆਂ ਹਨ ਤੇ ਨਾ ਹੀ ਬੱਚੇ 'ਤੇ ਕੋਈ ਨਜ਼ਰ ਟਪਾਰ ਅਸਰ ਕਰਦੀ ਹੈ।

ਸਿਕਲੀਗਰਾਂ ਦਾ ਖਾਣਾ ਪੀਣਾ ਬੜਾ ਸਾਦਾ ਹੈ। ਮਾਸ ਦੇ ਸ਼ੌਕੀਨ ਹੋਣ ਕਰ ਕੇ ਉਹ ਜੰਗਲੀ ਸੂਰ, ਖ਼ਰਗੋਸ਼ ਅਤੇ ਹਿਰਨ ਦਾ ਸ਼ਿਕਾਰ ਜੱਥੇ ਬਣਾ ਕੇ ਕਰਦੇ ਹਨ। ਦਿਨਾਂ ਦਿਹਾਰਾਂ ਅਤੇ ਸ਼ਗਨ ਦੇ ਮੌਕਿਆਂ ਉਤੇ ਕੜਾਹ, ਖੀਰ ਅਤੇ ਲਾਬਸੀ ਬਣਾ ਕੇ ਖ਼ੁਦ ਖਾਣ ਤੇ ਭਾਈਚਾਰੇ ਵਿਚ ਵੰਡਣ ਦੀ ਪ੍ਰਥਾ ਹੈ।

ਸਿਕਲੀਗਰਾਂ ਵਿਚ ਪੰਚਾਇਤ ਨੂੰ ਬੜਾ ਮਹੱਤਵ ਪ੍ਰਾਪਤ ਹੈ। ਬਹੁਤ ਸਾਰੇ ਆਪਸੀ ਝਗੜੇ ਉਹ ਡੇਰੇ ਵਿਚ ਹੀ ਪੈਂਚਾਂ ਦੁਆਰਾ ਨਜਿਠ ਲੈਂਦੇ ਹਨ। ਸਮਾਜਕ ਰਸਮਾਂ ਰੀਤਾਂ ਵੇਲੇ ਵੀ ਪੰਚਾਇਤ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ।

ਸਿਕਲੀਗਰ ਤੇਰਾਂ ਉਪ-ਜਾਤਾਂ ਵਿਚ ਵੰਡੇ ਹੋਏ ਹਨ, ਜਿਨ੍ਹਾਂ ਦੇ ਨਾਂ ਇਹ ਹਨ — ਪਟਵਾ, ਭੌਂਡ, ਤਿਲ ਪਿਠੀਆ, ਡੰਗੀ, ਟੌਂਕ, ਜਿਓਨੀ, ਪਿਆਲਾ, ਭੜੇ, ਬੌਰੀ, ਪਤਲੇਹੜੇ, ਮਤਲਾਣੇ, ਖੀਚੀ, ਘਟਾੜੇ। ਟੌਂਕਾਂ ਦੀਆਂ ਅੱਗੋਂ ਤਿੰਨ ਉਪ-ਸ਼੍ਰੇਣੀਆਂ ਹਨ — ਮੁੰਦਰਾਂ ਵਾਲੇ ਟੌਂਕ, ਘਾਸੀ ਟੌਂਕ ਤੇ ਟੌਂਕ। ਇਸੇ ਤਰ੍ਹਾਂ ਬੌਰੀ ਵੀ ਅੱਗੋਂ ਤਿੰਨ ਸ਼੍ਰੇਣੀਆਂ ਵਿਚ ਵੰਡੇ ਹੋਏ ਹਨ — ਅੰਧਰੇਲੇ ਬੌਰੀ, ਬੌਰੀ, ਛੁਰੀਆ ਬੌਰੀ। ਹਰੇਕ ਉਪਜਾਤੀ ਦਾ ਆਪੋ ਆਪਣਾ ਵੱਖਰਾ ਵਡਿਕਾ ਹੈ, ਜਿਸ ਦੀ ਪੂਜਾ ਉਸ ਸ਼੍ਰੇਣੀ ਦੇ ਸਿਕਲੀਗਰ ਕਰਦੇ ਹਨ। ਹਰੇਕ ਵਡਿਕੇ ਦੀ ਪੂਜਾ ਦੀ ਵਿਧੀ ਤੇ ਭੇਟ-ਵਸਤੂ ਵੱਖੋ ਵੱਖਰੀ ਹੈ। ਜਿਵੇਂ ਡੰਗੀ ਸਿਕਲੀਗਰ ਗੁਰਦਾਸ ਬਲੀ ਦੀ ਪੂਜਾ ਕਰਦੇ ਹੋਏ, ਉਸ ਨੂੰ ਚਾਵਲਾਂ ਦੇ ਪਿੰਡ ਪੇਸ਼ ਕਰਦੇ ਹਨ। ਇਹ ਪਿੰਡ ਉਹ ਵਡਿਕੇ ਦਾ ਨਾਂ ਲੈ ਕੇ ਅੱਗ ਵਿਚ ਰਖ ਦਿੰਦੇ ਹਨ। ਟੌਂਕ ਦਾਦਾ ਦੇਸ਼ ਸਿੰਘ ਦੀ ਪੂਜਾ ਵੇਲੇ ਚੂਰੀ ਦੇ ਲੱਡੂ ਬਣਾ ਕੇ ਅੱਗ ਦੇ ਸ਼ੋਅਲਿਆਂ ਦੀ ਭੇਟ ਕਰਦੇ ਹਨ। ਖੀਚੀ ਸ਼੍ਰੇਣੀ ਦੇ ਮੋਹਰ ਸਿੰਘ ਦੀ ਪੂਜਾ ਵੇਲੇ ਅਫ਼ੀਮ ਦਾ ਗੋਲਾ ਤੇ ਚੰਬੇਲੀ ਦੇ ਫੁੱਲ ਭੇਟ ਕਰਦੇ ਹਨ, ਕਿਉਂ ਜੋ ਮੋਹਰ ਸਿੰਘ ਅਫ਼ੀਮ ਖਾਂਦਾ ਸੀ ਤੇ ਉਸ ਦੀ ਵਹੁਟੀ ਨੂੰ ਚੰਬੇਲੀ ਦੇ ਹਾਰ ਪਹਿਨਣ ਦਾ ਬੜਾ ਸ਼ੌਕ ਸੀ।

ਪਿਆਲਾ ਸ਼੍ਰੇਣੀ ਦੇ ਸਿਕਲੀਗਰ ਆਪਣੇ ਵਡੇਰੇ ਖੜਗ ਸਿੰਘ ਦੀ ਪੂਜਾ ਕਰਦੇ ਹਨ, ਜੋ ਯਖਨੀ ਦਾ ਬੜਾ ਸ਼ੌਕੀਨ ਸੀ। ਸੋ ਉਸ ਨਮਿਤ ਬਕਰਾ ਝਟਕਾ ਕੇ ਉਸ ਦੀ ਯਖਨੀ ਅੱਗ ਨੂੰ ਭੇਟ ਕੀਤੀ ਜਾਂਦੀ ਹੈ।

**ਰੀਤ ਰਵਾਜ** : ਸੁਭਾਅ ਵਿਚ ਪਰੰਪਰਾ-ਵਾਦੀ ਹੋਣ ਕਰ ਕੇ, ਸਿਕਲੀਗਰ ਪਿਤਾ-ਪੁਰਖੀ ਰੀਤ-ਰਵਾਜਾਂ ਵਿਚ ਆਸਥਾ ਰਖਦੇ ਹਨ। ਉਨ੍ਹਾਂ ਦੇ ਕੁਝ ਰਵਾਜ ਆਮ ਪੰਜਾਬੀਆਂ ਵਾਲੇ ਹੀ ਹਨ, ਕੇਵਲ ਸ਼ੈਲੀ ਵਿਚ ਵਖਰੇਵਾਂ ਹੈ, ਪਰ ਕੁਝ ਰੀਤ ਰਵਾਜ ਬਿਲਕੁਲ ਨਵੇਕਲੇ ਹਨ, ਜੋ ਦੂਜੀਆਂ ਜਾਤਾਂ ਗੋਤਾਂ ਵਿਚ ਨਹੀਂ ਵੇਖੇ ਜਾਂਦੇ। ਇਸ ਲਈ ਸਿਕਲੀਗਰਾਂ ਦੇ ਰੀਤ ਰਵਾਜਾਂ ਉਤੇ ਚਰਚਾ ਜ਼ਰੂਰੀ ਹੈ :

(ੳ) ਜਨਮ ਸੰਬੰਧੀ ਰੀਤਾਂ : ਬੱਚਾ ਹੋਣ ਵੇਲੇ ਗਰਭਵਤੀ ਨੂੰ ਧਰਤੀ ਉਤੇ ਗੋਦੜੀ ਵਿਛਾ ਕੇ ਲਿਟਾ ਦਿਤਾ ਜਾਂਦਾ ਹੈ। ਧਾਰਨਾ ਹੈ ਕਿ ਧਰਤੀ ਮਾਤਾ ਦੀ ਗੋਦ ਵਿਚ ਜਣਨੀ ਨੂੰ ਬਹੁਤੀ ਪੀੜ ਨਹੀਂ ਹੁੰਦੀ। ਔਲ ਨੂੰ ਉਸੇ ਥਾਂ ਧਰਤੀ ਵਿਚ ਦੱਬ ਦਿਤਾ ਜਾਂਦਾ ਹੈ, ਜਿਥੇ ਬੱਚਾ ਜੰਮਿਆ ਹੋਵੇ। ਜਿਤਨੀ ਡੂੰਘੀ ਔਲ ਦੱਬੀ ਜਾਵੇ, ਉਤਨੀ ਹੀ ਸੁਖੀ ਬੱਚੇ ਦੀ ਕਾਇਆ ਰਹਿੰਦੀ ਹੈ। ਜੇ ਔਲ ਕਿਸੇ ਬਾਂਝ ਤੀਵੀਂ ਦੇ ਹੱਥ ਲੱਗ ਜਾਵੇ, ਤਾਂ ਬੱਚੇ ਨੂੰ ਕਸ਼ਟ ਭੋਗਣੇ ਪੈਂਦੇ ਹਨ। ਇਸ ਲਈ ਔਲ ਦੀ ਸੰਭਾਲ ਜ਼ਰੂਰੀ ਹੈ।

ਗੁੜ੍ਹਤੀ ਆਮ ਤੌਰ ਤੇ ਚਾਸ਼ਨੀ ਦੀ ਦਿਤੀ ਜਾਂਦੀ ਹੈ, ਜੋ ਘਿਉ ਖੰਡ ਵਿਚ ਪਾਣੀ ਮਿਲਾ ਕੇ ਤਿਆਰ ਕੀਤੀ ਜਾਂਦੀ ਹੈ। ਗੁੜ੍ਹਤੀ ਕਿਸੇ ਨੇਕ ਤੇ ਆਦਰ ਮਾਣ ਵਾਲੇ ਬਜ਼ੁਰਗ ਹੱਥੋਂ ਦਿਵਾਣ ਦੀ ਪ੍ਰਥਾ ਹੈ। ਬੱਚਾ ਜੰਮਣ ਮਗਰੋਂ ਟਪਰੀ ਦੇ ਅੱਗੇ ਅੰਬਾਂ ਦਾ ਸਿਹਰਾ ਬੰਨ੍ਹਣ ਦਾ ਰਵਾਜ ਹੈ। ਇਸ ਤਰ੍ਹਾਂ ਦੁਸ਼ਟ ਰੂਹਾਂ ਟਪਰੀ ਦੇ ਨੇੜੇ ਨਹੀਂ

ਢੁਕਦੀਆਂ। ਪਹਿਲਾ ਚੋਲਾ ਕਿਸੇ ਬਜ਼ੁਰਗ ਦੇ ਕੁੜਤੇ ਵਿਚੋਂ ਕਪੜਾ ਫਾੜ ਕੇ ਬਣਾਇਆ ਜਾਂਦਾ ਹੈ। ਜਣਨੀ ਤੇਰਹਵੇਂ ਦਿਨ ਇਸ਼ਨਾਨ ਕਰਦੀ ਹੈ; ਉਦੋਂ ਤਕ 'ਅਲਾਅ' ਪੈਣ ਦਾ ਡਰ ਰਹਿੰਦਾ ਹੈ, ਭਾਵ ਜੇ ਜਣਨੀ ਕਿਸੇ ਗਰਭਵਤੀ ਤੀਵੀਂ ਦੇ ਬੋਲ ਸੁਣ ਲਏ, ਤਾਂ ਉਸ ਦਾ ਦੁਧ ਸੁਕ ਜਾਂਦਾ ਹੈ। ਕਈਆਂ ਘਰਾਂ ਵਿਚ 'ਅਲਾਅ' ਦਾ ਭਰਮ ਚਾਲ੍ਹੀ ਦਿਨਾਂ ਤਕ ਮੰਨਿਆ ਜਾਂਦਾ ਹੈ।

ਸਿਕਲੀਗਰਾਂ ਦੀ ਖੀਚੀ ਗੋਤ ਵਿਚ, ਜਣੇਪੇ ਵਿਚ ਚਲ੍ਹੀਏ ਤਕ, ਜਣਨੀ ਧਰਤੀ ਉਤੇ ਹੀ ਲੰਮੀ ਪਈ ਰਹਿੰਦੀ ਹੈ। ਇਨ੍ਹਾਂ ਦਿਨਾਂ ਵਿਚ ਇਕ ਰਾਤ ਜਗਰਾਤਾ ਵੀ ਕੀਤਾ ਜਾਂਦਾ ਹੈ। ਉਸ ਰਾਤ ਆਟੇ ਦੇ ਬਣੇ ਦੀਵੇ ਵਿਚ ਘਿਉ ਪਾ ਕੇ ਜੋਤ ਜਗਾਈ ਜਾਂਦੀ ਹੈ ਅਤੇ ਪਰਿਵਾਰ ਦੇ ਸਭ ਲੋਕ ਜਾਗਦੇ ਰਹਿੰਦੇ ਹਨ। ਸੁਆਣੀਆਂ ਗੀਤ ਛੁਹੀ ਰਖਦੀਆਂ ਹਨ। ਜੇ ਦੀਵੇ ਦੀ ਜੋਤ ਕਿਸੇ ਕਾਰਨ ਬੁਝ ਜਾਵੇ, ਤਾਂ ਇਹ ਵਡਿਕੇ ਦੇ ਨਾਰਾਜ਼ ਹੋਣ ਦੀ ਪ੍ਰਤੀਕ ਹੈ।

ਸਿਕਲੀਗਰਾਂ ਵਿਚ ਬੱਚੇ ਦਾ ਨਾਂ ਆਮ ਤੌਰ ਤੇ ਭੂਆ ਜਾਂ ਮਾਮਾ ਰਖਦਾ ਹੈ। ਨਵੇਂ ਜੰਮੇ ਬੱਚੇ ਦਾ ਨਾਂ ਕਿਸੇ ਬਜ਼ੁਰਗ ਦੇ ਨਾਂ ਉਤੇ ਨਹੀਂ ਰਖਿਆ ਜਾਂਦਾ। ਭਰਮ ਹੈ ਕਿ ਇਸ ਤਰ੍ਹਾਂ ਉਹ ਬੱਚਾ ਲੰਮੀ ਉਮਰ ਨਹੀਂ ਭੋਗਦਾ। ਚਲ੍ਹੀਏ ਮਗਰੋਂ ਜਣਨੀ ਨਹਾ ਧੋ ਕੇ ਚੌਂਕੇ ਚੜ੍ਹਦੀ ਹੈ।

(ਅ) ਵਿਆਹ : ਸਿਕਲੀਗਰਾਂ ਵਿਚ ਆਪਣੇ ਕਬੀਲੇ ਤੋਂ ਬਾਹਰ ਵਿਆਹ ਕਰਨ ਦੀ ਪ੍ਰਥਾ ਨਹੀਂ। ਜੇ ਕੋਈ ਸਿਕਲੀਗਰ ਕਬੀਲੇ ਤੋਂ ਬਾਹਰੋਂ ਕੁੜੀ ਵਿਆਹ ਲਿਆਵੇ, ਤਾਂ ਉਸ ਤੀਵੀਂ ਨੂੰ 'ਤਨਹੀ' ਕਹਿੰਦੇ ਹਨ ਤੇ ਉਸ ਦਾ ਗੋਤ-ਕੁਨਾਲਾ ਨਹੀਂ ਕੀਤਾ ਜਾਂਦਾ। ਉਸ ਤੀਵੀਂ ਤੋਂ ਪੈਦਾ ਹੋਏ ਬੱਚੇ ਸ਼ੁਧ ਸਿਕਲੀਗਰ ਨਹੀਂ ਮੰਨੇ ਜਾਂਦੇ।

ਇਸ ਦੇ ਉਲਟ ਸਿਕਲੀਗਰਾਂ ਵਿਚ ਆਪਣੀ ਕੁਲ ਜਾਂ ਗੋਤ ਵਿਚ ਵੀ ਵਿਆਹ ਕਰਨੇ ਵਰਜਿਤ ਹਨ। ਇਸ ਕਿਸਮ ਦੇ ਵਿਆਹ ਨੂੰ ਵਿਭਚਾਰ ਦਾ ਦਰਜਾ ਦਿਤਾ ਜਾਂਦਾ ਹੈ। ਜੇ ਕੋਈ ਸ਼ਖ਼ਸ ਇਸ ਨੇਮ ਦੀ ਉਲੰਘਣਾ ਕਰੇ, ਤਾਂ ਭਾਈਚਾਰਾ ਉਸ ਨਾਲ ਹੁੱਕਾ ਪਾਣੀ ਛੇਕ ਦਿੰਦਾ ਹੈ। ਜੇ ਵਿਆਹ ਕਰਨ ਵਾਲਾ ਪਰਿਵਾਰ ਆਪਣੀ ਖ਼ੁਨਾਮੀ ਮੰਨਦਾ ਹੋਇਆ, ਭੁਲ ਬਖ਼ਸ਼ਾਣਾ ਚਾਹੇ, ਤਾਂ ਉਸ ਨੂੰ ਪੰਚਾਇਤ ਅੱਗੇ ਜੁਰਮਾਨਾ ਭਰਨਾ ਪੈਂਦਾ ਹੈ।

ਸਿਕਲੀਗਰਾਂ ਵਿਚ ਤਿੰਨ ਕਿਸਮਾਂ ਦੇ ਵਿਆਹ ਪ੍ਰਚਲਤ ਹਨ :

(ੳ) ਪੁੰਨ-ਵਿਆਹ — ਪੁੰਨ ਦੇ ਵਿਆਹ ਵਿਚ ਕੰਨਿਆਂ ਦਾ ਪਿਉ ਬਿਨਾਂ ਕਿਸੇ ਕਿਸਮ ਦਾ ਮੁਆਵਜ਼ਾ ਲਏ ਦੇ ਕੰਨਿਆਂ ਨੂੰ ਕਿਸੇ ਯੋਗ ਵਰ ਨਾਲ ਵਿਆਹੁੰਦਾ ਹੈ। ਪਰ ਪੁੰਨ-ਵਿਆਹ ਵਿਚ ਵੀ, ਰਿਸ਼ਤਾ ਪੱਕਾ ਕਰਨ ਵੇਲੇ, ਵਰ ਦਾ ਪਿਉ ਕੰਨਿਆਂ ਦੇ ਪਿਉ ਦੀ ਤਲੀ ਉਤੇ ਦਸ ਕੁ ਰੁਪਏ ਧਰਦਾ ਹੈ। ਇਸੇ ਰਕਮ ਦਾ ਗੁੜ ਮੰਗਵਾ ਕੇ ਭਾਈਚਾਰੇ ਵਿਚ ਵੰਡਣ ਦੀ ਪ੍ਰਥਾ ਹੈ।

(ਅ) ਕੋਲ-ਪੜੋਸੇ ਵਿਆਹ — ਇਸ ਵਿਆਹ ਵਿਚ ਵਰ ਪੱਖ ਵਾਲੇ ਨੂੰ ਬੜੀ ਸਾਧਨਾ ਕਰਨੀ ਪੈਂਦੀ ਹੈ। ਰਿਸ਼ਤੇ ਦੀ ਇੱਛਾ ਰਖਣ ਵਾਲਾ ਪਰਿਵਾਰ, ਕੰਨਿਆਂ ਦੇ ਘਰ ਜਾ ਕੇ, ਬਿਨਾਂ ਆਪਣਾ ਮੰਤਵ ਦਸੇ ਦੇ, ਉਸ ਪਰਿਵਾਰ ਦੀ ਸੇਵਾ ਕਰਦਾ ਅਤੇ ਉਨ੍ਹਾਂ ਦੇ ਕੰਮ ਧੰਦੇ ਵਿਚ ਹੱਥ ਵਟਾਂਦਾ ਰਹਿੰਦਾ ਹੈ। ਕਈ ਵਾਰ ਇਹ ਸਾਧਨਾ ਮਹੀਨਿਆਂ ਤੇ ਸਾਲਾਂ ਬੱਧੀ ਜਾਰੀ ਰਹਿੰਦੀ ਹੈ। ਇਸ ਦੇ ਬਾਵਜੂਦ ਵੀ ਕੰਨਿਆਂ ਦਾ ਪਿਉ ਰਿਸ਼ਤੇ ਨੂੰ ਰੱਦ ਕਰ ਸਕਦਾ ਹੈ। ਜੇ ਕੰਨਿਆਂ ਦਾ ਪਿਉ ਰਜ਼ਾਮੰਦੀ ਪ੍ਰਗਟ ਕਰੇ, ਤਾਂ ਨਾਰੀਅਲ ਲਿਆ ਕੇ ਪੰਚਾਂ ਵਿਚ ਵੰਡਿਆ ਜਾਂਦਾ ਹੈ।

'ਕੋਲ ਪੜੋਸੇ' ਵਾਕੰਸ਼ ਦਾ ਭਾਵ ਹੈ ਗਲੀ ਗੁਆਂਢ ਵਿਚ ਰਹਿਣ ਵਾਲੇ ਲੋਕ। ਕਿਉਂ ਜੋ ਇਸ ਕਿਸਮ ਦੀ ਸਾਧਨਾ-ਨੁਮਾ ਸੇਵਾ ਡੇਰੇ ਵਿਚ ਹੀ, ਨਜ਼ਦੀਕ ਰਹਿਣ ਵਾਲੇ ਲੋਕ ਕਰ ਸਕਦੇ ਹਨ, ਇਸ ਲਈ ਇਸ ਰਿਸ਼ਤੇ ਦਾ ਇਹ ਨਾਂ ਰੂੜ੍ਹ ਹੋ ਗਿਆ।

(ੲ) ਵਟੋ-ਸਟਾ ਵਿਆਹ — ਇਸ ਰਿਸ਼ਤੇ ਵਿਚ ਜਿਸ ਘਰ ਤੋਂ ਕੰਨਿਆਂ ਲਈ ਜਾਂਦੀ ਹੈ, ਉਸ ਘਰ ਨੂੰ, ਕਿਸੇ ਨਾ ਕਿਸੇ ਰੂਪ ਵਿਚ, ਵਟੇ ਵਜੋਂ ਕੰਨਿਆਂ ਦਿਤੀ ਵੀ ਜਾਂਦੀ ਹੈ। ਅਜਿਹੇ ਰਿਸ਼ਤੇ ਵਿਚ ਦੋਵੇਂ ਕੁੜਮ ਬਰਾਬਰ ਦਾ ਦਰਜਾ ਰਖਦੇ ਹੋਣ ਕਰ ਕੇ ਇਕ ਦੂਜੇ ਦੇ ਘਰ ਰਿਸ਼ਤਾ

ਮੰਗਣ ਨਹੀਂ ਜਾਂਦੇ। ਦੋਵੇਂ ਆਪਣੀ ਰਜ਼ਾਮੰਦੀ ਪੰਚਾਇਤ ਨੂੰ ਦਸ ਦੇਂਦੇ ਹਨ।

ਕੁੜਮਾਈ ਤੋਂ ਬਾਅਦ ਹੀ ਵਿਆਹ ਦੀ ਰਸਮ ਕੀਤੀ ਜਾਂਦੀ ਹੈ। ਵਿਆਹ ਦੀ ਤਾਰੀਖ਼ ਮਿਥਣ ਵੇਲੇ ਪੰਚਾਇਤ ਖ਼ੁਦ ਕੰਨਿਆਂ ਦੇ ਪਿਉ ਕੋਲ ਚਲ ਕੇ ਆਉਂਦੀ ਹੈ। ਵਿਆਹ ਦਾ ਸ਼ੁਰੂ-ਆਦਿ 'ਗਾਨਾ ਬੰਨ੍ਹਣ' ਨਾਲ ਹੁੰਦਾ ਹੈ। ਗਾਨਾ ਬੰਨ੍ਹਣ ਵੇਲੇ ਦੂਲ੍ਹੇ ਨੂੰ ਇਕ ਤੀਰ ਕੋਲ ਰਖਣ ਲਈ ਦਿਤਾ ਜਾਂਦਾ ਹੈ, ਜੋ ਉਹ ਵਿਆਹ ਤੋਂ ਬਾਅਦ, ਤੀਰ ਠੰਢੇ ਕਰਨ ਦੀ ਰਸਮ ਤਕ, ਆਪਣੇ ਕੋਲ ਹੀ ਰਖਦਾ ਹੈ। ਗਾਨੇ ਤੋਂ ਤੀਜੇ ਦਿਨ ਜੰਞ ਚੜ੍ਹਦੀ ਹੈ, ਜਿਸ ਵਿਚ ਮਰਦ ਤੇ ਤੀਵੀਆਂ ਦੋਵੇਂ ਸ਼ਾਮਲ ਹੁੰਦੇ ਹਨ।

ਜਦੋਂ ਜੰਞ ਕੰਨਿਆਂ ਦੇ ਬੂਹੇ ਉਤੇ ਢੁਕਦੀ ਹੈ, ਤਾਂ ਕੰਨਿਆਂ ਦੀ ਮਾਂ ਇਕ ਥਾਲ ਵਿਚ ਦੀਵੇ ਅਤੇ ਕੁਝ ਹੋਰ ਸਾਮਗ੍ਰੀ ਰਖ ਕੇ, ਦੂਲ੍ਹੇ ਦੀ ਸਿਰ ਤੋਂ ਪੈਰਾਂ ਤਕ, ਸਤ ਵਾਰ ਆਰਤੀ ਉਤਾਰਦੀ ਹੈ, ਫਿਰ ਉਹ ਉਸ ਤੋਂ ਪਾਣੀ ਵਾਰ ਕੇ ਪੀਂਦੀ ਹੈ। ਇਸ ਤੋਂ ਬਾਅਦ ਦੋਵੇਂ ਕੁੜਮ ਇਕ ਦੂਜੇ ਤੋਂ ਪਾਣੀ ਵਾਰਦੇ ਹਨ, ਜੋ ਮਗਰੋਂ ਇਕ ਪਾਸੇ ਕਰ ਕੇ ਬਿਖੇਰ ਦਿਤਾ ਜਾਂਦਾ ਹੈ। ਫਿਰ ਮਿਲਣੀ ਦੀ ਰਸਮ ਹੁੰਦੀ ਹੈ। ਢੁਕਾਅ ਅਤੇ ਮਿਲਣੀ ਤੋਂ ਬਾਅਦ ਜਾਂਞੀ ਆਪਣੇ ਘਰ ਨੂੰ ਵਾਪਸ ਚਲੇ ਜਾਂਦੇ ਹਨ। ਉਨ੍ਹਾਂ ਦੇ ਜਾਣ ਤੋਂ ਬਾਅਦ ਲਾੜ੍ਹੇ ਨੂੰ ਵੇਦੀ ਉਪਰ ਬਿਠਾ ਦਿਤਾ ਜਾਂਦਾ ਹੈ।

ਭਾਵੇਂ ਸਿਕਲੀਗਰ ਸਿੱਖ ਹੋਣ ਅਤੇ ਭਾਵੇਂ ਹਿੰਦੂ, ਉਨ੍ਹਾਂ ਦੇ ਵਿਆਹ ਆਮ ਕਰ ਕੇ ਵੇਦੀ ਦੇ ਹੁੰਦੇ ਹਨ। ਵੇਦੀ ਰਤਾ ਵਡੇਰੀ ਹੁੰਦੀ ਹੈ ਅਤੇ ਉਸ ਵਿਚ ਚਾਰ ਥੰਮ੍ਹੀਆਂ ਖੜੀਆਂ ਕਰ ਕੇ ਉਪਰ ਛੱਤ ਬਣਾ ਲਈ ਜਾਂਦੀ ਹੈ। ਵੇਦੀ ਵਿਚ ਇਕ ਪਾਸੇ ਜਲ ਦਾ ਭਰਿਆ ਕੁੰਭ ਰਖਿਆ ਹੁੰਦਾ ਹੈ। ਘੜੇ ਨੂੰ ਕੁਜੀ ਦੇ ਨਾਲ ਢਕ ਦਿਤਾ ਜਾਂਦਾ ਹੈ ਅਤੇ ਕੁਜੀ ਵਿਚ ਚਾਵਲ ਅਤੇ ਗੁੜ ਧਰ ਦਿੰਦੇ ਹਨ। ਫਿਰ ਕੁੰਭ ਨੂੰ ਚੁਫੇਰਿਉਂ ਲਾਲ ਸਾਲੂ ਨਾਲ ਲਪੇਟ ਦਿਤਾ ਜਾਂਦਾ ਹੈ।

ਲਾਵਾਂ ਵੇਲੇ ਸਤ ਫੇਰੇ ਲਏ ਜਾਂਦੇ ਹਨ। ਪਹਿਲੀਆਂ ਚਾਰ ਲਾਵਾਂ ਵੇਲੇ ਲਾੜ੍ਹਾ ਅੱਗੇ ਅੱਗੇ ਤੁਰਦਾ ਹੈ ਅਤੇ ਪਿਛਲੀਆਂ ਤਿੰਨ ਲਾਵਾਂ ਵੇਲੇ ਦੁਲ੍ਹਨ। ਦੂਲ੍ਹਾ ਚਾਰ ਦਿਨਾਂ ਤਕ ਵੇਦੀ ਵਿਚ ਹੀ ਬਸੇਰਾ ਕਰਦਾ ਹੈ ਅਤੇ ਉਥੇ ਹੀ ਖਾਂਦਾ ਪੀਂਦਾ ਹੈ। ਪੰਜਵੇਂ ਦਿਨ ਜਾਂਞੀ ਮੁੜ ਕੰਨਿਆਂ ਦੇ ਘਰ ਆਉਂਦੇ ਹਨ। ਉਹ ਆਪਣੇ ਨਾਲ ਦੁਲ੍ਹਨ ਲਈ ਨਵੇਂ ਕਪੜੇ ਲਿਆਉਂਦੇ ਹਨ, ਜਿਨ੍ਹਾਂ ਨੂੰ ਪਹਿਨ ਕੇ, ਦੁਲ੍ਹਨ, ਵੇਦੀ ਉਤੇ ਦੂਲ੍ਹੇ ਦੇ ਸਾਹਮਣੇ ਬੈਠਦੀ ਹੈ। ਤਾਂ ਪਹਿਲਾਂ ਗਾਨਾ ਖੋਲ੍ਹਣ ਦੀ ਰਸਮ ਕੀਤੀ ਜਾਂਦੀ ਹੈ, ਫਿਰ ਛੱਲਾ ਪਰਾਤ ਦੀ।

ਵਿਆਹ ਤੋਂ ਬਾਅਦ ਦੂਲ੍ਹੇ ਦਾ ਪਿਉ ਡੇਰੇ ਦੇ ਪੰਚਾਂ ਨੂੰ ਇਕ ਵਿਸ਼ੇਸ਼ ਭੋਜ ਦਿੰਦਾ ਹੈ, ਜਿਸ ਨੂੰ 'ਬਲੋੜੀ' ਕਹਿੰਦੇ ਹਨ। ਕਈ ਵਾਰ ਦੁਲ੍ਹਨ ਦਾ ਪਿਉ ਵੀ ਵਿਤ ਮੂਜਬ ਇਸ ਭੋਜ ਵਿਚ ਆਪਣੀ ਵਲੋਂ ਕੁਝ ਹਿੱਸਾ ਰਲਾ ਦਿੰਦਾ ਹੈ, ਪਰ ਇਹ ਲਾਜ਼ਮੀ ਨਹੀਂ ਹੁੰਦਾ।

ਡੋਲੀ ਵਿਦਾ ਕਰਨ ਵੇਲੇ ਦੁਲ੍ਹਨ ਦੀ ਮਾਂ ਇਕ ਗੁਥੀ ਵਿਚ ਬਦਾਮ ਦੀਆਂ ਗਿਰੀਆਂ, ਛੁਹਾਰੇ ਅਤੇ ਮੇਵਾ ਆਦਿ ਪਾ ਕੇ ਦੁਲ੍ਹਨ ਨੂੰ ਆਪਣੇ ਨਾਲ ਲਿਜਾਣ ਵਾਸਤੇ ਦੇਂਦੀ ਹੈ। ਇਸ ਗੁਥੀ ਨੂੰ 'ਬਰਮਾਲਾ' ਕਹਿੰਦੇ ਹਨ। ਦੂਲ੍ਹੇ ਕੋਲ ਵੀ ਆਪਣੀ 'ਬਰਮਾਲਾ' ਹੁੰਦੀ ਹੈ, ਜੋ ਘੋੜੀ ਚੜ੍ਹਨ ਵੇਲੇ ਉਸ ਨੂੰ ਉਹਦੀ ਮਾਂ ਫੜਾਂਦੀ ਹੈ। ਤੀਰ ਠੰਢੇ ਕਰਨ ਦੀ ਰਸਮ ਤਕ ਦੂਲ੍ਹਾ ਅਤੇ ਦੁਲ੍ਹਨ ਦੋਵੇਂ ਆਪੋ ਆਪਣੇ 'ਬਰਮਾਲੇ' ਸੰਭਾਲੀ ਰਖਦੇ ਹਨ।

ਜਦੋਂ ਡੋਲੀ ਦੂਲ੍ਹੇ ਦੇ ਘਰ ਆਉਂਦੀ ਹੈ ਤਾਂ ਤੇਲ ਚੋਣ, ਪਾਣੀ ਵਾਰਨ, ਗੋਦ ਲੈਣ ਆਦਿ ਦੀਆਂ ਆਮ ਪੰਜਾਬੀ ਰਸਮਾਂ ਕੀਤੀਆਂ ਜਾਂਦੀਆਂ ਹਨ। ਸਿਕਲੀਗਰਾਂ ਵਿਚ ਗੋਤ ਕੁਨਾਲ ਦੀ ਰਸਮ ਲਾਜ਼ਮੀ ਹੈ। ਇਸ ਰੀਤ ਵੇਲੇ ਭਾਈਚਾਰੇ ਦੀਆਂ ਕੇਵਲ ਉਹ ਤੀਵੀਆਂ ਹੀ ਸ਼ਾਮਲ ਹੁੰਦੀਆਂ ਹਨ, ਜਿਨ੍ਹਾਂ ਵਿਚ ਸਿਕਲੀਗਰੀ ਲਹੂ ਹੋਵੇ। ਜਿਸ ਤੀਵੀਂ ਦਾ ਗੋਤ ਕੁਨਾਲ ਨਾ ਹੋਇਆ ਹੋਵੇ, ਉਹ ਭਾਈਚਾਰੇ ਵਿਚ ਕਬੂਲ ਨਹੀਂ ਕੀਤੀ ਜਾਂਦੀ।

ਛਿਟੀਆਂ ਖੇਡਣ ਦੀ ਰੀਤ ਸਵੇਰ ਵੇਲੇ ਕੀਤੀ ਜਾਂਦੀ ਹੈ। ਦੂਲ੍ਹਾ ਕਿਸੇ ਛਪੜ ਜਾਂ ਨਦੀ ਵਲ ਜਾਂਦਾ ਹੈ ਅਤੇ ਦੁਲ੍ਹਨ ਆਪਣੀਆਂ ਨਨਾਣਾਂ ਤੇ ਜਠਾਣੀਆਂ ਦੇ ਨਾਲ ਉਸ ਦੇ ਮਗਰ ਮਗਰ ਤੁਰਦੀ ਹੈ। ਦੂਲ੍ਹਾ ਤੇ ਦੁਲ੍ਹਨ ਦੋਹਾਂ ਦੇ ਹਥਾਂ

ਵਿਚ ਛਿਟੀਆਂ ਹੁੰਦੀਆਂ ਹਨ, ਜੋ ਉਹ ਰਸਤੇ ਵਿਚ ਇਕ ਦੂਜੇ ਦੀ ਪਿੱਠ ਵਿਚ ਮਾਰਦੇ ਜਾਂਦੇ ਹਨ। ਤੀਵੀਆਂ ਗੀਤ ਗਾਂਦੀਆਂ ਜਾਂਦੀਆਂ ਹਨ (ਵੇਖੋ : ਛਿਟੀਆਂ ਖੇਡਣਾ)।

ਵਿਆਹ ਦੀ ਅਖ਼ੀਰਲੀ ਰੀਤ ਛੱਪੜ ਜਾਂ ਨਦੀ ਉਤੇ ਜਾ ਕੇ ਤੀਰ ਠੰਢੇ ਕਰਨਾ ਹੈ। ਗਾਨਾ ਬੰਨ੍ਹਣ ਦੀ ਰਸਮ ਵੇਲੇ ਤੋਂ ਵਰ ਤੇ ਕੰਨਿਆਂ ਦੋਵੇਂ ਆਪਣੇ ਕੋਲ ਇਕ ਇਕ ਤੀਰ ਰਖਦੇ ਹਨ, ਉਹ ਤੀਰ ਇਸ ਰੀਤ ਵੇਲੇ ਆਪਣੇ ਇਸ਼ਟ ਨੂੰ ਧਿਆਂਦਿਆਂ ਪਾਣੀ ਵਿਚ ਪ੍ਰਵਾਹ ਦਿਤੇ ਜਾਂਦੇ ਹਨ।

ਤੀਰ ਠੰਢੇ ਕਰਨ ਮਗਰੋਂ 'ਬਰਮਾਲਾ' ਲੁਟੀ ਜਾਂਦੀ ਹੈ। ਕੰਵਾਰੇ ਮੁੰਡੇ ਕੁੜੀਆਂ ਜੋੜੀ ਨੂੰ ਘੇਰ ਲੈਂਦੇ ਹਨ। ਮੁੰਡੇ ਦੂਲ੍ਹੇ ਦੀ 'ਬਰਮਾਲਾ' ਵਿਚੋਂ ਗਿਰੀ ਬਦਾਮ ਤੇ ਮੇਵੇ ਆਦਿ ਖਾਣ ਵਾਸਤੇ ਖੋਹ ਖਿੰਝ ਕਰਦੇ ਹਨ ਅਤੇ ਕੰਵਾਰੀਆਂ ਕੁੜੀਆਂ ਦੁਲ੍ਹਨ ਦੇ ਦੁਆਲੇ ਹੋ ਜਾਂਦੀਆਂ ਹਨ। ਧਾਰਨਾ ਹੈ ਕਿ ਜਿਹੜਾ ਲੜਕਾ ਜਾਂ ਲੜਕੀ ਬਰਮਾਲੇ ਵਿਚੋਂ ਸਭ ਤੋਂ ਪਹਿਲਾਂ ਕੋਈ ਚੀਜ਼ ਮੂੰਹ ਲਗਾ ਲਏ, ਉਸ ਦਾ ਵਿਆਹ ਛੇਤੀ ਹੋ ਜਾਂਦਾ ਹੈ। ਬਰਮਾਲਾ ਲੁਟਣਾ ਵੈਸੇ ਵੀ ਸ਼ੁਭ ਸਮਝਿਆ ਜਾਂਦਾ ਹੈ।

ਫੇਰੇ ਮਗਰੋਂ ਪਹਿਲੇ ਐਤਵਾਰ ਨੂੰ ਲੌਢੇ ਵੇਲੇ ਦੁਲ੍ਹਨ ਕਿਸੇ ਖੂਹ, ਨਦੀ ਜਾਂ ਛੱਪੜ ਉਤੇ ਘੜੋਲੀ ਭਰਨ ਵਾਸਤੇ ਜਾਂਦੀ ਹੈ। ਘੜੋਲੀ ਉਪਰੋਂ ਗੜਵੀ ਨਾਲ ਢਕੀ ਹੁੰਦੀ ਹੈ। ਦੁਲ੍ਹਨ ਦੇ ਨਾਲ ਨਾਲ ਜਠਾਣੀਆਂ, ਨਨਾਣਾਂ ਤੇ ਹੋਰ ਰਿਸ਼ਤੇਦਾਰ ਗੌਣ ਗਾਉਂਦੇ ਜਾਂਦੇ ਹਨ। ਮਰਦਾਂ ਦਾ ਨਾਲ ਹੋਣਾ ਵਰਜਿਤ ਹੈ। ਜਦੋਂ ਘੜਾ ਭਰ ਕੇ ਦੁਲ੍ਹਨ ਵਾਪਸ ਘਰ ਆਉਂਦੀ ਹੈ, ਤਾਂ ਦੂਲ੍ਹਾ ਅੱਗੋਂ ਸਵਾਗਤ ਕਰਦਾ ਹੋਇਆ ਗੜਵੀ ਵਿਚ ਕੁਝ ਫਲ ਫੁੱਲ ਪਾਉਂਦਾ ਅਤੇ ਘੜੋਲੀ ਹੇਠਾਂ ਉਤਰਵਾਂਦਾ ਹੈ। ਫਿਰ ਦੁਲ੍ਹਨ ਘੜੋਲੀ ਵਿਚੋਂ ਕੁਝ ਪਾਣੀ ਲੈ ਕੇ ਦੂਲ੍ਹੇ ਨੂੰ ਪੀਣ ਲਈ ਦਿੰਦੀ ਹੈ। ਇਸ ਰਸਮ ਤੋਂ ਬਾਅਦ ਦੁਲ੍ਹਨ ਘਰ ਦੇ ਕੰਮ ਧੰਦੇ ਵਿਚ ਹੱਥ ਵਟਾਣ ਲੱਗਦੀ ਹੈ। ਉਸ ਦਿਨ ਸ਼ਾਮ ਨੂੰ ਸ਼ੀਰਾ ਜਾਂ ਲਾਬਸੀ ਬਣਾ ਕੇ ਖਾਧੀ ਤੇ ਵੰਡੀ ਜਾਂਦੀ ਹੈ।

ਸਿਕਲੀਗਰਾਂ ਵਿਚ ਤਲਾਕ ਦੀ ਪ੍ਰਥਾ ਹੈ, ਪਰ ਪੰਚਾਇਤ ਦੀ ਪ੍ਰਵਾਨਗੀ ਤੋਂ ਬਗ਼ੈਰ ਕੋਈ ਤੀਵੀਂ ਜਾਂ ਮਰਦ ਇਕ ਦੂਜੇ ਨੂੰ ਤਲਾਕ ਨਹੀਂ ਦੇ ਸਕਦਾ। ਤਲਾਕ ਦੀ ਸੂਰਤ ਵਿਚ ਛੋਟੇ ਬੱਚੇ ਪਹਿਲਾਂ ਮਾਂ ਦੇ ਨਾਲ ਰਹਿੰਦੇ ਹਨ, ਫਿਰ ਵਡੇ ਹੋਣ 'ਤੇ ਆਪਣੇ ਪਿਤਾ ਕੋਲ ਚਲੇ ਜਾਂਦੇ ਹਨ।

(ੲ) ਮੌਤ ਨਾਲ ਸੰਬੰਧਿਤ ਰੀਤਾਂ—ਸਿਕਲੀਗਰਾਂ ਵਿਚ ਜਦੋਂ ਕੋਈ ਸ਼ਖ਼ਸ ਪ੍ਰਾਣ ਤਿਆਗਣ ਲੱਗਦਾ ਹੈ, ਤਾਂ ਉਸ ਨੂੰ ਧਰਤੀ ਉਤੇ ਲੰਮਾ ਪਾ ਦਿਤਾ ਜਾਂਦਾ ਹੈ। ਧਾਰਨਾ ਹੈ ਕਿ ਧਰਤੀ ਦੀ ਗੋਦ ਵਿਚ ਪ੍ਰਾਣ ਤਿਆਗਣ ਵਾਲੇ ਨੂੰ ਮੌਤ ਦੇ ਬਹੁਤੇ ਤਸੀਹੇ ਝਾਗਣੇ ਨਹੀਂ ਪੈਂਦੇ। ਇਸ ਤੋਂ ਇਲਾਵਾ ਮਰਨ ਮਗਰੋਂ ਰੂਹ ਨੂੰ ਜੋ ਪੰਧ ਤੈਅ ਕਰਨਾ ਪੈਂਦਾ ਹੈ, ਉਹ ਬਹੁਤਾ ਭਿਆਵਲਾ ਨਹੀਂ ਰਹਿੰਦਾ।

ਜੇ ਕਿਸੇ ਕਾਰਨ ਮ੍ਰਿਤਕ ਦੀ ਦੇਹ ਨੂੰ ਰਾਤ ਭਰ ਰਖਣਾ ਪੈ ਜਾਵੇ, ਤਾਂ ਉਸ ਦੇ ਸਰੀਰ ਨੂੰ ਸੋਟੀ ਨਾਲ ਨਾਪ ਲਿਆ ਜਾਂਦਾ ਹੈ। ਇਸ ਤਰ੍ਹਾਂ ਮ੍ਰਿਤਕ ਦਾ ਪ੍ਰੇਤ ਕਿਸੇ ਨੂੰ ਚੰਬੜਦਾ ਤੇ ਕਸ਼ਟ ਨਹੀਂ ਦੇਂਦਾ। ਰਾਤ ਵੇਲੇ ਬਹੁਤ ਸਾਰੇ ਲੋਕ ਜਾਗ ਕੇ ਲੋਥ ਦੀ ਰਾਖੀ ਕਰਦੇ ਹਨ। ਇਸ ਕਿਸਮ ਦੀ ਸਥਿਤੀ ਤਾਂ ਹੀ ਪੈਦਾ ਹੁੰਦੀ ਹੈ, ਜਦੋਂ ਕੋਈ ਸ਼ਖ਼ਸ ਤ੍ਰਿਕਾਲਾਂ ਮਗਰੋਂ ਪ੍ਰਾਣ ਤਿਆਗੇ। ਸਿਕਲੀਗਰਾਂ ਵਿਚ ਸੂਰਜ ਡੁਬਣ ਮਗਰੋਂ ਸਸਕਾਰ ਕਰਨਾ ਵਰਜਿਤ ਹੈ।

ਅਰਥੀ ਨੂੰ ਮਰਘਟ ਵਲ ਲਿਜਾਂਦਿਆਂ ਰਸਤੇ ਵਿਚ ਮ੍ਰਿਤਕ ਦੇ ਸਿਰ ਨਾਲ ਕੁਜੀਆਂ ਠਕੋਰ ਕੇ ਭੰਨਣ ਦੀ ਰੀਤ ਪ੍ਰਚਲਤ ਹੈ। ਇਹ ਇਸ ਵਾਸਤੇ ਕੀਤਾ ਜਾਂਦਾ ਹੈ ਕਿ ਜੇ ਕਿਧਰੇ ਕਿਸੇ ਪ੍ਰਾਣੀ ਦੇ ਸਵਾਸ ਦਸਮ ਦੁਆਰ ਵਿਚ ਅਟਕੇ ਹੋਣ, ਤਾਂ ਨਿਕਲ ਜਾਣ। ਸਸਕਾਰ ਕਰਨ ਤੋਂ ਪਹਿਲਾਂ ਮ੍ਰਿਤਕ ਦੇ ਮੂੰਹ ਵਿਚ ਚਾਂਦੀ ਦਾ ਸਿੱਕਾ ਤੇ ਮੱਖਣ ਦਾ ਪਿੰਨਾ ਪਾਇਆ ਜਾਂਦਾ ਹੈ, ਇਸ ਤਰ੍ਹਾਂ ਉਸ ਦੀ ਕਾਇਆ ਸੁੱਚੀ ਹੋ ਗਈ ਮੰਨੀ ਜਾਂਦੀ ਹੈ। ਸਸਕਾਰ ਉਦੋਂ ਤਕ ਸੰਪੂਰਨ ਨਹੀਂ ਹੁੰਦਾ, ਜਦੋਂ ਤਕ 'ਚੋਕ' (ਕਪਾਲ ਕਿਰਿਆ) ਦੀ ਰਸਮ ਨਹੀਂ ਹੋ ਜਾਂਦੀ। ਫੁਲ ਚੌਥੇ ਦਿਨ ਚੁਗੇ ਜਾਂਦੇ ਹਨ। ਕੋਈ ਸਿਕਲੀਗਰ ਹਰਦੁਆਰ ਜਾ ਕੇ ਫੁਲ ਤਾਰਦਾ ਹੈ ਅਤੇ ਕੋਈ ਕਿਸੇ ਨਦੀ

ਨਾਲੇ ਵਿਚ ਹੀ ਪ੍ਰਵਾਹ ਦਿੰਦਾ ਹੈ ।

ਜੇ ਕਿਸੇ ਪ੍ਰਾਣੀ ਦੀ ਮ੍ਰਿਤੂ ਸੀਤਲਾ ਜਾਂ ਮਰੀ ਆਦਿ ਦੇ ਰੋਗ ਨਾਲ ਹੋਈ ਹੋਵੇ ਤਾਂ ਉਸ ਦੇ ਪ੍ਰੇਤ ਦੀ ਸ਼ਾਂਤੀ ਵਾਸਤੇ ਸੀਤਲਾ ਜਾਂ ਮਰੀ ਦੇਵੀ ਦੀ ਪੂਜਾ ਤੋਂ ਇਲਾਵਾ ਕੁਝ ਵਿਸ਼ੇਸ਼ ਮੰਤਰਾਂ ਦਾ ਜਾਪ ਵੀ ਕੀਤਾ ਜਾਂਦਾ ਹੈ ।

ਸਿਕਲੀਗਰਾਂ ਵਿਚ ਮੌਤ ਨਾਲ ਸੰਬੰਧਿਤ ਕੁਝ ਕੁ ਰੀਤਾਂ ਵਿਲਖਣ ਹਨ, ਜਿਨ੍ਹਾਂ ਦੀ ਚਰਚਾ ਕਰਨੀ ਜ਼ਰੂਰੀ ਹੈ । ਜਦੋਂ ਅਰਥੀ ਨਾਲ ਸ਼ਾਮਲ ਲੋਕ ਮ੍ਰਿਤਕ ਦੇਹ ਨੂੰ ਦਾਹ ਕੇ ਡੇਰੇ ਵਲ ਤੁਰਦੇ ਹਨ ਤਾ ਰਸਤੇ ਵਿਚ ਇਕ 'ਕਾਰ' ਵਾਹੀ ਜਾਂਦੀ ਹੈ, ਜੋ ਮ੍ਰਿਤਕ ਨਾਲ ਭਾਈਚਾਰਕ ਤੇ ਮਾਨਸਿਕ ਸਬੰਧ ਟੁਟਣ ਦੀ ਪ੍ਰਤੀਕ ਹੈ । ਇਸ ਕਾਰ ਨੂੰ ਟਪ ਕੇ, ਪੁਠੇ ਹੱਥੀਂ ਪਿਛੇ ਵਲ ਪਾਣੀ ਸੁਟਿਆ ਜਾਂਦਾ ਹੈ । ਇਸ ਤੋਂ ਬਾਅਦ ਅਰਥੀ ਨਾਲ ਸ਼ਾਮਲ ਲੋਕ ਇਸ਼ਨਾਨ ਕਰ ਕੇ ਡੇਰੇ ਵਾਪਸ ਆਉਂਦੇ ਹਨ । ਡੇਰੇ ਦੇ ਨੇੜੇ ਪਹੁੰਚ ਕੇ ਫਿਰ ਇਕ ਹੋਰ ਕਾਰ ਵਾਹੀ ਜਾਂਦੀ ਹੈ । ਪਹਿਲਾਂ ਧਰਤੀ ਉਤੇ ਪਾਣੀ ਤਰੌਂਕਿਆ ਜਾਂਦਾ ਹੈ । ਫਿਰ ਕਿਸੇ ਦਰੱਖਤ ਨਾਲੋਂ ਹਰੀ ਟਹਿਣੀ ਤੋੜ ਕੇ ਇਕ ਲੰਮੀ ਸਾਰੀ ਲਕੀਰ ਖਿਚਦੇ ਹਨ । ਅਰਥੀ ਨਾਲ ਸ਼ਾਮਲ ਲੋਕ ਇਸ ਕਾਰ ਨੂੰ ਟਪਦੇ ਹੋਏ ਪਹਿਲਾਂ ਮ੍ਰਿਤਕ ਦੇ ਘਰ ਜਾਂਦੇ ਹਨ ਤੇ ਫਿਰ ਉਥੋਂ ਆਪੋ ਆਪਣੀਆਂ ਟਪਰੀਆਂ ਵਿਚ ।

ਅਗਲੇ ਤਿੰਨ ਦਿਨ, ਭਾਵ ਫੂਲ ਚੁਗਣ ਤਕ, ਦੁੱਧ ਦੀ ਭਰੀ ਹੋਈ ਕੌਲੀ ਦਾਹ ਸੰਸਕਾਰ ਵਾਲੀ ਥਾਂ ਉਤੇ ਰਖੀ ਜਾਂਦੀ ਹੈ । ਦੁੱਧ ਪੰਖੇਰੂ ਪੀ ਜਾਂਦੇ ਹਨ, ਪਰ ਕੌਲੀ ਉਥੇ ਹੀ ਧਰੀ ਰਹਿੰਦੀ ਹੈ । ਇਸ ਕੌਲੀ ਨੂੰ ਕਦੇ ਵਾਪਸ ਘਰ ਨਹੀਂ ਲਿਆਂਦਿਆ ਜਾਂਦਾ । ਜੇ ਕੋਈ ਗ਼ਲਤੀ ਨਾਲ ਕੌਲੀ ਘਰ ਲੈ ਜਾਵੇ, ਤਾ ਧਾਰਨਾ ਹੈ ਕਿ ਕੌਲੀ ਦੇ ਨਾਲ ਭੂਤ ਪ੍ਰੇਤ ਵੀ ਉਸ ਦੇ ਘਰ ਆ ਜਾਂਦੇ ਹਨ ।

ਸ਼ਾਮ ਨੂੰ ਸਾਰੇ ਡੇਰੇ ਨੂੰ ਖਾਣਾ ਦਿਤਾ ਜਾਂਦਾ ਹੈ । ਕਈ ਵਾਰ ਭਾਈਚਾਰੇ ਵਿਚ ਕੱਚੀ ਸਾਮਗ੍ਰੀ ਦੀ ਸ਼ਕਲ ਵਿਚ ਹੀ ਅੰਨ ਤੇ ਦਾਲ ਵੰਡ ਦਿਤੀ ਜਾਂਦੀ ਹੈ । ਭਾਈਚਾਰੇ ਦੇ ਲੋਕ ਨੇਂਦਰਾ ਦੇਂਦੇ ਹਨ । ਛੇ ਮਹੀਨੇ ਮਗਰੋਂ ਮ੍ਰਿਤਕ ਦਾ ਪਰਿਵਾਰ ਭਾਈਚਾਰੇ ਨੂੰ ਇਕ ਵਿਸ਼ੇਸ਼ ਭੋਜ ਦੇਂਦਾ ਹੈ, ਜਿਸ ਨੂੰ 'ਨਾਂ ਨੇਕੀ' ਕਹਿੰਦੇ ਹਨ । ਇਹ ਰਸਮ ਬੜੀ ਮਹਿੰਗੀ ਪੈਂਦੀ ਹੈ ਅਤੇ ਕਿਸੇ ਜਵਾਨ ਜਾਂ ਬੁਢੇ ਦੀ ਮੌਤ ਉਤੇ ਹੀ ਕੀਤੀ ਜਾਂਦੀ ਹੈ ।

'ਨਾਂ ਨੇਕੀ' ਦੀ ਰਸਮ ਵਾਲੇ ਦਿਨ ਸਾਰੇ ਭਾਈਚਾਰੇ ਨੂੰ ਖਾਣਾ ਦਿਤਾ ਜਾਂਦਾ ਹੈ । ਲੌਢੇ ਵੇਲੇ 13 ਕੋਰੇ ਕੁਜੇ ਅਤੇ 13 ਫੁਟ ਲੰਮੀ ਚਾਦਰ ਲਿਆਈ ਜਾਂਦੀ ਹੈ । ਫਿਰ ਟਪਰੀ ਦੇ ਪਿਛਲੇ ਪਾਸੇ ਵਲ ਪਾਣੀ ਤਰੌਂਕ ਕੇ ਖੁਰਪੀ ਨਾਲ ਇਕ ਲੰਮੀ 'ਕਾਰ' ਵਾਹ ਲੈਂਦੇ ਹਨ, ਜਿਸ ਦੇ ਉਤੇ ਪਾਣੀ ਨਾਲ ਭਰੇ ਹੋਏ 13 ਕੁਜੇ ਰਖੇ ਜਾਂਦੇ ਹਨ । ਫਿਰ ਸਭ ਲੋਕ ਤਾਰਾ ਚੜ੍ਹਨ ਦੀ ਉਡੀਕ ਕਰਦੇ ਹਨ । ਜਦੋਂ ਤਾਰਾ ਚੜ੍ਹਦਾ ਹੈ, ਤਾਂ ਕੁਲ ਦਾ ਵਡਿਕਾ ਸਭ ਕੁਜਿਆਂ ਵਿਚ ਥੋੜਾ ਥੋੜਾ ਕੇਸਰ ਧੂੜਦਾ ਹੈ । ਫਿਰ ਉਨ੍ਹਾਂ ਕੁਜਿਆਂ ਉਪਰ ਚਾਦਰ ਵਿਛਾ ਕੇ ਉਸ ਚਾਦਰ ਉਤੇ ਵੀ ਕੇਸਰ ਤਰੌਂਕ ਦਿਤਾ ਜਾਂਦਾ ਹੈ । ਇਸ ਤੋਂ ਬਾਅਦ ਸਭ ਲੋਕ ਤਾਰਿਆਂ ਵਲ ਵੇਖ ਕੇ, ਇਕ ਇਕ ਕਰ ਕੇ, ਕੁਜੇ ਨੂੰ ਛੂਹੰਦੇ ਹੋਏ ਕਹਿੰਦੇ ਹਨ : "ਹੇ ਪ੍ਰਭੂ ! ਮੋਏ ਜੀਅ ਦੀ ਗਤੀ ਹੋਵੇ । ਅੱਗੇ ਥਾਂ ਟਿਕਾਣਾ ਮਿਲੇ, ਢੋਈ ਮਿਲੇ ।" ਫਿਰ ਸਭ ਲੋਕ ਆਪੋ ਆਪਣੇ ਘਰਾਂ ਨੂੰ ਵਾਪਸ ਚਲੇ ਜਾਂਦੇ ਹਨ । ਕੁਜੇ ਅਤੇ ਉਨ੍ਹਾਂ ਦੇ ਉਪਰ ਦਾ ਕਪੜਾ ਧੀਆਂ ਧਿਆਣੀਆਂ ਨੂੰ ਦੇ ਦਿਤਾ ਜਾਂਦਾ ਹੈ ।

ਜੇ ਬੱਚਾ ਮਰਿਆ ਹੋਵੇ, ਤਾਂ ਉਸ ਦੀ ਮਾਂ ਰਸਮੀ ਢੰਗ ਨਾਲ ਬੱਚੇ ਨੂੰ ਬੱਤੀ ਧਾਰਾਂ ਬਖ਼ਸ਼ਦੀ ਹੈ, ਤਾਂ ਜੋ ਅਗਲੇ ਲੋਕ ਵਿਚ ਬੱਚਾ ਮਾਂ ਦਾ ਰਿਣੀ ਨਾ ਰਹੇ । ਛੋਟੇ ਬੱਚੇ ਨੂੰ ਆਮ ਤੌਰ ਤੇ ਦਬਿਆ ਜਾਂਦਾ ਹੈ । ਬੱਚੇ ਵੇਲੇ ਵੀ ਕਾਰ ਵਾਹਣ ਅਤੇ ਦੁਧ-ਕੌਲੀ ਦੀ ਰੀਤ ਕਰਨ ਦੀ ਪ੍ਰਥਾ ਹੈ ।

**ਭਰਮ ਵਹਿਮ :** ਸਿਕਲੀਗਰ ਮਾਨਸਿਕ ਤੌਰ 'ਤੇ ਪਛੜੇ ਹੋਣ ਕਰ ਕੇ ਪਰੰਪਰਾਗਤ ਜੀਵਨ ਦੇ ਧਾਰਨੀ ਹਨ । ਇਸ ਲਈ ਉਨ੍ਹਾਂ ਦਾ ਭਰਮਾਂ ਵਹਿਮਾਂ ਵਿਚ ਗ੍ਰਸੇ ਹੋਣਾ ਸਹਿਜ ਹੈ । ਉਨ੍ਹਾਂ ਦੇ ਬਹੁਤੇ ਭਰਮ ਵਹਿਮ ਤਾਂ ਆਮ ਪੰਜਾਬੀਆਂ ਵਾਲੇ ਹੀ ਹਨ ਅਤੇ ਦਿਨਾਂ-ਦਿਹਾਰਾਂ, ਤਿਥਾਂ, ਗ੍ਰਹਿਆਂ, ਪੰਖੇਰੂਆਂ, ਅੰਗ-ਫਰਕਣ ਆਦਿ ਬਾਰੇ ਵਿਸ਼ਵਾਸ ਲਗਪਗ ਸਾਂਝੀ ਕਿਸਮ ਦੇ ਹੀ ਹਨ । ਸ਼ਗਨ-

ਅਪਸਗਨ ਵੀ ਰਲਦੇ ਮਿਲਦੇ ਹਨ, ਪਰ ਇਸ ਦੇ ਬਾਵਜੂਦ ਸਿਕਲੀਗਰਾਂ ਦੇ ਕੁਝ ਭਰਮ ਵਹਿਮ ਵਿਲੱਖਣ ਹਨ, ਜਿਨ੍ਹਾਂ ਦੀ ਇਥੇ ਚਰਚਾ ਕਰਨੀ ਜ਼ਰੂਰੀ ਹੈ।

ਸਿਕਲੀਗਰਾਂ ਵਿਚ ਟਪੇ ਦੀ ਭਿਟ ਗ੍ਰਹਿਣ ਦੀ ਭਿਟ ਦੇ ਤੁਲ ਮੰਨੀ ਜਾਂਦੀ ਹੈ। ਖ਼ਾਸ ਤੌਰ ਤੇ ਤੀਵੀਂ ਦੇ ਟਪੇ ਦਾ। ਜਿਸ ਖਾਣੇ ਤੋਂ ਤੀਵੀਂ ਟਪ ਜਾਵੇ, ਉਸ ਨੂੰ ਮਰਦ ਜਾਂ ਤੀਵੀਂ ਕੋਈ ਵੀ ਨਹੀਂ ਖਾਂਦਾ। ਉਸ ਖਾਣੇ ਨੂੰ ਬਾਹਰ ਕੁੱਤਿਆਂ ਅੱਗੇ ਸੁਟ ਦਿਤਾ ਜਾਂਦਾ ਹੈ। ਜਿਸ ਭਾਂਡੇ ਵਿਚ ਉਹ ਖਾਣਾ ਹੋਵੇ, ਜੇ ਉਹ ਮਿੱਟੀ ਦਾ ਹੋਵੇ, ਤਾਂ ਉਹ ਭਾਂਡਾ ਵੀ ਨਾਲ ਹੀ ਬਾਹਰ ਸੁਟ ਦਿੰਦੇ ਹਨ। ਪਰ ਜੇ ਉਹ ਭਾਂਡਾ ਧਾਤ ਦਾ ਬਣਿਆ ਹੋਵੇ, ਤਾਂ ਉਸਨੂੰ ਚੰਗੀ ਤਰ੍ਹਾਂ ਮਾਂਜ ਲਿਆ ਜਾਂਦਾ ਹੈ।

ਤੀਵੀਂ ਕਦੇ ਕਿਸੇ ਮਰਦ ਦੇ ਅੱਗੋਂ ਦੀ ਨਹੀਂ ਲੰਘਦੀ, ਭਾਵੇਂ ਪਿਛਲੇ ਪਾਸੇ ਥਾਂ ਕਿਤਨੀ ਵੀ ਭੀੜੀ ਕਿਉਂ ਨਾ ਹੋਵੇ। ਅੱਗੋਂ ਲੰਘਣ ਨਾਲ ਮਰਦ ਦੀ ਸਾਖ ਗ੍ਰਹਿਣੀ ਜਾਂਦੀ ਹੈ।

ਸਿਕਲੀਗਰ ਆਮ ਤੌਰ ਤੇ ਸਾਣ ਘਰੋਂ ਬਾਹਰ ਜਾ ਕੇ ਤਿਆਰ ਕਰਦੇ ਹਨ। ਧਾਰਨਾ ਹੈ ਕਿ ਜੇ ਸਾਣ ਬਨਾਉਣ ਵੇਲੇ ਕਿਸੇ ਤੀਵੀਂ ਦੀ ਨਜ਼ਰ ਪੈ ਜਾਵੇ, ਤਾਂ ਮਿੱਟੀ ਅਤੇ ਲਾਖ ਆਪ ਵਿਚ ਚੰਗੀ ਤਰ੍ਹਾਂ ਨਹੀਂ ਰਲਦੇ। ਜੇ ਉਸ ਸਾਮਗ੍ਰੀ ਉੱਤੇ ਤੀਵੀਂ ਦਾ ਪਰਛਾਵਾਂ ਪੈ ਜਾਵੇ, ਤਾਂ ਵੀ ਸਾਣ ਠੀਕ ਤਰ੍ਹਾਂ ਨਹੀਂ ਗੁਝਦੀ। ਸਿਰ ਨ੍ਹਾਵਣੀ ਦੇ ਦਿਨਾਂ ਦਾ ਪਰਛਾਵਾਂ ਮੰਨਿਆ ਜਾਂਦਾ ਹੈ। ਜੇ ਮਾਹਵਾਰੀ ਵਾਲੀ ਔਰਤ ਦਾ ਪਰਛਾਵਾਂ ਅਚਾਰ ਉੱਤੇ ਪੈ ਜਾਵੇ, ਤਾਂ ਉਸ ਵਿਚ ਚਿੱਟਾ ਜਾਲਾ ਆ ਜਾਂਦਾ ਹੈ। ਸੂਤਕ ਬਾਰੇ ਬਹੁਤੇ ਭਰਮ ਵਹਿਮ ਅਤੇ ਨਿਸ਼ੇਧ ਆਮ ਪੰਜਾਬੀਆਂ ਨਾਲ ਸਾਂਝੇ ਹਨ।

ਜੇ ਬੱਚਾ ਪੁਠਾ ਜੰਮੇ ਤਾਂ ਉਸ ਨੂੰ 'ਔਖੀ' ਕਹਿੰਦੇ ਹਨ। ਔਖੀ ਕਿਸੇ ਮਾੜ ਦਾ ਫਲ ਮੰਨਿਆ ਜਾਂਦਾ ਹੈ। ਇਸ ਲਈ ਔਖੀ ਨੂੰ ਹਨੇਰੀ ਤੂਫ਼ਾਨ ਅਤੇ ਬਿਜਲੀ ਦੇ ਗੜਕਣ ਵੇਲੇ ਆਪਣੀ ਪਤਨੀ ਨਾਲ ਆਲਿੰਗਨ ਨਹੀਂ ਕਰਨਾ ਚਾਹੀਦਾ। ਬਿਜਲੀ ਦੇ ਡਿਗਣ ਦਾ ਅੰਦੇਸ਼ਾ ਰਹਿੰਦਾ ਹੈ।

ਕੰਵਾਰੀ ਕੰਨਿਆਂ ਲਈ ਸੁਰਮੇ ਤੇ ਸ਼ੀਸ਼ੇ ਦੀ ਵਰਤੋਂ ਨਿਸ਼ੇਧ ਹੈ। ਸਿਕਲੀਗਰਾਂ ਦੀ ਪਟਵਾ ਉਪਜਾਤੀ ਵਿਚ ਲਾਲ ਅਤੇ ਹਰੇ ਕਪੜੇ ਪਹਿਨਣ ਦੀ ਮਨਾਹੀ ਹੈ। ਟਾਂਕ ਮੁੰਦਰਾਂ ਉਪਜਾਤੀ ਵਿਚ ਹਲਵਾਈ ਦੀ ਬਣੀ ਮਠਿਆਈ ਖਾਣੀ ਵਰਜਿਤ ਹੈ।

ਸਿਕਲੀਗਰ ਭੂਤ ਪ੍ਰੇਤ ਵਿਚ ਵੀ ਵਿਸ਼ਵਾਸ਼ ਰਖਦੇ ਹਨ ਅਤੇ ਪੱਕੀ ਥਾਂ ਦੇ ਨੇੜੇ ਨਹੀਂ ਜਾਂਦੇ। ਗਰਭਪਾਤ ਦਾ ਕਾਰਨ ਭੂਤ ਪ੍ਰੇਤ ਦਾ ਸਾਇਆ ਮੰਨਿਆ ਜਾਂਦਾ ਹੈ ਜਾਂ ਫਿਰ ਕਿਸੇ ਟੂਣੇ ਟਪੇ ਦਾ ਫਲ। ਜੇ ਕੋਈ ਤੀਵੀਂ ਸੂਤਕ ਦੇ ਦਿਨਾਂ ਵਿਚ ਮਰ ਜਾਵੇ, ਤਾਂ ਉਹ ਚੁੜੇਲ ਬਣ ਕੇ ਰਿਸ਼ਤੇਦਾਰਾਂ ਨੂੰ ਕਸ਼ਟ ਦੇਂਦੀ ਹੈ। ਉਪਾਅ ਵਜੋਂ ਅਜਿਹੀ ਤੀਵੀਂ ਦੀ ਮੜ੍ਹੀ ਦੇ ਦੁਆਲੇ ਮੇਖਾਂ ਗਡ ਦਿਤੀਆਂ ਜਾਂਦੀਆਂ ਹਨ। ਅਠਰਾਹ ਦੀ ਬੀਮਾਰੀ ਪਰਛਾਵੇਂ ਜਾਂ ਮੂਠ ਸੁਟਣ ਕਾਰਨ ਹੁੰਦੀ ਮੰਨਦੇ ਹਨ। ਇਸ ਲਈ ਉਹਦਾ ਇਲਾਜ ਮੰਤਰਾਂ ਤੇ ਝਾੜੇ ਦੁਆਰਾ ਕਰਨ ਵਿਚ ਯਕੀਨ ਰਖਦੇ ਹਨ।

ਸਿਕਲੀਗਰ ਜਾਦੂ ਟੂਣੇ ਉਤੇ ਵੀ ਪੂਰਾ ਵਿਸ਼ਵਾਸ਼ ਰਖਦੇ ਹਨ। ਉਨ੍ਹਾਂ ਦੀ ਧਾਰਨਾ ਅਨੁਸਾਰ ਬੀਮਾਰੀਆਂ ਤੇ ਸੰਕਟ ਪਿਤਰਾਂ ਦੀ ਕਰੋਪੀ, ਭੂਤ ਪ੍ਰੇਤਾਂ ਦੇ ਪਰਛਾਵੇਂ ਤੇ ਜਾਦੂ ਟੂਣੇ ਦਾ ਫਲ ਹਨ। ਇਸ ਲਈ ਕਈ ਸਿਕਲੀਗਰ ਜੰਤਰ ਮੰਤਰ ਤੇ ਤਵੀਜ਼ਾਂ ਉਤੇ ਵਿਸ਼ਵਾਸ਼ ਰਖਦੇ ਹੋਏ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਚੇਲਿਆਂ ਤੇ ਓਝਿਆਂ ਕੋਲ ਜਾਂਦੇ ਹਨ। ਡੇਰਿਆਂ ਵਿਚ ਇਨ੍ਹਾਂ ਦੇ ਆਪਣੇ ਚੇਲੇ ਰਹਿੰਦੇ ਹਨ।

**ਲੋਕ ਧਰਮ :** ਭਾਵੇਂ ਪੰਜਾਬ ਦੇ ਬਹੁਤ ਸਾਰੇ ਸਿਕਲੀਗਰ ਸਿੱਖ ਧਰਮ ਦੇ ਧਾਰਨੀ ਹਨ, ਪਰ ਉਨ੍ਹਾਂ ਦਾ ਜੀਵਨ ਵਿਹਾਰ ਗੁਰਮਤਿ ਮਰਯਾਦਾ ਨਾਲੋਂ ਵਧੇਰੇ ਲੋਕ-ਮਰਯਾਦਾ ਅਨੁਸਾਰ ਚਲਦਾ ਹੈ। ਸੁਭਾਅ ਵਿਚ ਖ਼ਾਨਾਬਦੋਸ਼ੀ ਹੋਣ ਕਰ ਕੇ ਸਿਕਲੀਗਰਾਂ ਦੇ ਮਨਾਂ ਉੱਤੇ ਆਤਮਸ਼ੀਲ, ਟੂਣਾ ਅਤੇ ਅਨੁਸ਼ਠਾਨਿਕ ਚਿੰਤਨ ਦਾ ਗਹਿਰਾ ਪ੍ਰਭਾਵ ਹੋਣਾ ਸਹਿਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ਰਧਾ ਰਖਣ ਦੇ ਬਾਵਜੂਦ ਵੀ ਬਹੁਤੇ ਸਿੱਖ ਸਿਕਲੀਗਰ ਅਜੇ ਵੀ ਆਪਣੇ ਵਿਆਹ ਗੁਰ-ਮਰਯਾਦਾ ਦੀ ਥਾਂ ਕਬੀਲੇ ਦੀ ਲੋਕ-ਵਿਧੀ

ਅਨੁਸਾਰ ਹੀ ਕਰਦੇ ਹਨ ।

ਸਿਕਲੀਗਰ ਦੇਵੀ ਦੇਵਤਿਆਂ ਵਿਚ ਪੂਰਨ ਵਿਸ਼ਵਾਸ਼ ਰਖਦੇ ਹਨ ਅਤੇ ਉਨ੍ਹਾਂ ਵਿਚ ਸੀਤਲਾ ਮਾਈ, ਮਸਾਣੀ ਦੇਵੀ ਤੇ ਗੁਗੇ ਬੀਰ ਦੀ ਪੂਜਾ ਦੀ ਪ੍ਰਥਾ ਹੈ । ਸੀਤਲਾ ਮਾਈ ਨੂੰ, ਸਾਵਣ ਦੇ ਮਹੀਨੇ, ਸੀਤਲਾ ਸਪਤਮੀ ਨੂੰ ਪੂਜਿਆ ਜਾਂਦਾ ਹੈ ਅਤੇ ਉਸ ਦੀ ਮਾੜੀ ਅੱਗੇ ਭੇਟਾ ਚਾੜ੍ਹੀਆਂ ਜਾਂਦੀਆਂ ਹਨ । ਆਮ ਤੌਰ ਤੇ ਚਿੱਟਾ ਕੁੱਕੜ ਅਤੇ ਸੂਰ, ਸੀਤਲਾ ਦੇਵੀ ਨੂੰ ਭੇਟ ਕਰ ਕੇ, ਖੁਲ੍ਹਾ ਛੱਡ ਦਿਤਾ ਜਾਂਦਾ ਹੈ। ਮਾਈ ਮਸਾਣੀ ਦੀ ਪੂਜਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ। ਮਾਈ ਮਸਾਣੀ, ਬੱਚਿਆਂ ਨੂੰ ਸਾਏ ਦੇ ਰੋਗ ਵਿਚ ਗ੍ਰਸ ਲੈਂਦੀ ਹੈ ਅਤੇ ਬੱਚਾ ਸੁਕ ਸੁਕ ਕੇ ਤੇ ਘੁਲ ਘੁਲ ਕੇ ਮਰਦਾ ਹੈ। ਮਸਾਣੀ ਮਾਤਾ ਦੀ ਪੂਜਾ ਦੇ ਅਸਥਾਨ ਕਈ ਜਗ੍ਹਾ ਹਨ, ਪਰ ਸਿਕਲੀਗਰ ਆਮ ਤੌਰ ਤੇ ਪਾਣੀਪਤ ਦੇ ਨੇੜੇ ਸੂਆ ਵਿਚ ਜਾਂਦੇ ਹਨ, ਜਿਥੇ ਹੋਲੀ ਦੇ ਦਿਨਾਂ ਵਿਚ ਹਰ ਸਾਲ ਮਸਾਣੀ ਦੇਵੀ ਨੂੰ ਪਤਿਆਣ ਲਈ ਇਕ ਭਾਰੀ ਮੇਲਾ ਭਰਦਾ ਹੈ । ਉਥੇ ਸਿਕਲੀਗਰ ਸੂਰ ਭੇਟ ਕਰਦੇ ਹਨ । ਸੂਰ ਦੇ ਕੰਨ, ਨੱਕ ਅਤੇ ਪੂਛਲ ਵਿਚੋਂ ਕੁਝ ਲਹੂ ਕਢ ਕੇ ਤੇ ਉਹ ਬੂੰਦਾਂ ਪ੍ਰਤੀਕ ਵਜੋਂ ਭੇਟ ਕਰ ਕੇ, ਫਿਰ ਸੂਰ ਨੂੰ ਖੁਲ੍ਹਾ ਛੱਡ ਦਿੰਦੇ ਹਨ । ਮਸਾਣੀ ਦੇਵੀ ਨੂੰ ਪਤਿਆਣ ਵਾਸਤੇ ਕਈ ਸਿਕਲੀਗਰ ਸਿਰਮੂਰ ਜਾਂਦੇ ਹਨ ਅਤੇ ਉਥੇ 32 ਜੋਤਾਂ ਵਾਲਾ ਇਕ ਵਿਸ਼ੇਸ਼ ਪ੍ਰਕਾਰ ਦਾ ਦੀਵਾ ਜਗਾ ਕੇ ਬੱਚੇ ਤੇ ਉਸ ਦੀ ਮਾਂ ਦੀ ਆਰਤੀ ਉਤਾਰਦੇ ਹਨ। ਮਗਰੋਂ ਉਹ ਦੀਵਾ ਪਿੰਡ ਦੀ ਸੀਮਾ ਉਤੇ ਰਖ ਕੇ ਮਾਂ-ਪੁੱਤਰ ਘਰ ਵਾਪਿਸ ਆ ਜਾਂਦੇ ਹਨ ।

ਨੌਰਾਤਿਆਂ ਦੇ ਦਿਨਾਂ ਵਿਚ ਤੀਵੀਆਂ ਦੁਰਗਾ ਮਾਤਾ ਜਾਂ ਸਾਂਝੀ ਦੀ ਪੂਜਾ ਕਰਦੀਆਂ ਹਨ ਅਤੇ ਵਰਤ ਵੀ ਰਖਦੀਆਂ ਹਨ । ਪੀਰਾਂ ਵਿਚੋਂ ਗੁਗੇ ਦੀ ਪੂਜਾ ਪ੍ਰਤਿਸ਼ਠਾ ਵਧੇਰੇ ਹੈ। ਧਾਰਨਾ ਹੈ ਕਿ ਗੁਗਾ ਨੌਮੀ ਨੂੰ ਜੇ ਗੁਗੇ ਨੂੰ ਪੂਜ ਕੇ ਪਤਿਆਇਆ ਜਾਵੇ, ਤਾਂ ਸਾਰਾ ਸਾਲ ਸੱਪ ਨਹੀਂ ਕਟਦਾ । ਇਸ ਲਈ ਇਸ ਦਿਨ ਸਿਕਲੀਗਰਨੀਆਂ ਸੇਂਵੀਆਂ ਅਤੇ ਖੀਰ ਰਿੰਨ੍ਹ ਕੇ ਇਕ ਥਾਲੀ ਵਿਚ ਪਾ ਲੈਂਦੀਆਂ ਹਨ । ਨਾਲ ਹੀ ਥਾਲੀ ਵਿਚ, ਦੁੱਧ ਦੀ ਇਕ ਕਟੋਰੀ ਅਤੇ ਆਟੇ ਦੇ ਦੀਵੇ ਦੀ ਜੋਤ ਰਖ ਕੇ ਸਾਰਾ ਕੁਝ ਉਹ ਕਿਸੇ ਥਾਂਬੀ ਦੇ ਨੇੜੇ ਧਰਦੀਆਂ ਹੋਈਆਂ ਗੁਗੇ ਦੀ ਕੀਰਤੀ ਵਿਚ ਇਹ ਸੱਤਰਾਂ ਪੜ੍ਹਦੀਆਂ ਹਨ :

ਧੌਲੀਏ ਦਾਹੜੀਏ ਨੀ,
ਚਿੱਟੀਏ ਪੱਗੇ ਨੀ,
ਅਰਜ਼ ਕਰੇਨੀਆਂ, ਗੁਗੇ ਦੇ ਅੱਗੇ ਨੀ,
ਸੁੱਕੀਆਂ ਵੇਲਾਂ ਨੂੰ ਛੇਤੀ ਫਲ ਲੱਗੇ ਨੀ ।
ਹੋਵੇ ਵੇਲ ਹਰੀ, ਗੁਗਿਆ, ਮਿਹਰ ਕਰੀਂ ।

ਕਈ ਸਿਕਲੀਗਰਨੀਆਂ ਮੱਸਿਆ ਅਤੇ ਪੂਰਨਮਾਸ਼ੀ ਨੂੰ ਵਰਤ ਰਖਦੀਆਂ ਹਨ। ਉਨ੍ਹਾਂ ਵਿਚ ਲੋਹੜੀ ਦੀ ਧੂਣੀ ਦੀ ਪ੍ਰਕਰਮਾ ਤੇ ਪੂਜਾ ਦੀ ਵੀ ਪ੍ਰਥਾ ਹੈ । ਨਿਰਸੰਤਾਨ ਤੀਵੀਆਂ ਔਲਾਦ ਦੀ ਖ਼ਾਤਰ ਦੇਵੀ ਦੇਵਤਿਆਂ ਨੂੰ ਧਿਆਂਦੀਆਂ ਤੇ ਮੰਨਤਾਂ ਮੰਨਦੀਆਂ ਹਨ ਅਤੇ ਔਲਾਦ ਹੋਣ 'ਤੇ ਸੁੱਖਣਾ ਨੂੰ ਸ਼ਰਧਾ ਨਾਲ ਤਾਰਦੀਆਂ ਹਨ। ਕਈ ਸਿਕਲੀਗਰ ਕਿਸੇ ਸੁੱਖਣਾ ਦੀ ਪੂਰਤੀ ਤੇ ਜਵਾਲਾਮੁਖੀ ਜਾਂਦੇ ਹਨ ਅਤੇ ਕਈ ਵੈਸ਼ਣੋ ਦੇਵੀ ਦੀ ਯਾਤਰਾ ਕਰਦੇ ਹਨ ।

ਸਿਕਲੀਗਰਾਂ ਵਿਚ ਬੀਰ ਪੂਜਾ ਤੇ ਪਿਤਰੀ ਪੂਜਾ ਦੀ ਵੀ ਪ੍ਰਥਾ ਹੈ। ਬੀਰ ਅਥਾਹ ਸਰੀਰਕ ਤੇ ਮਾਨਸਿਕ ਸ਼ਕਤੀ ਦੇ ਮਾਲਕ ਮੰਨੇ ਜਾਂਦੇ ਹਨ । ਬੀਰ ਨੂੰ ਧਿਆਣ ਵਾਸਤੇ ਉਸ ਨਮਿਤ ਜੋ ਫਲ ਅੰਨ ਦਿਤਾ ਜਾਂਦਾ ਹੈ, ਉਸਨੂੰ ਬੀਰਤ ਕਹਿੰਦੇ ਹਨ। ਬੀਰ ਪੂਜਾ ਵੇਲੇ ਬਕਰਾ ਝਟਕਾਇਆ ਜਾਂਦਾ ਹੈ।

ਸਿਕਲੀਗਰਾਂ ਵਿਚ ਮੁੱਢ ਕਦੀਮ ਤੋਂ ਪਿਤਰ-ਪੂਜਾ ਵੀ ਚਲੀ ਆ ਰਹੀ ਹੈ। ਹਰੇਕ ਜਾਤੀ ਦੇ ਆਪੋ ਆਪਣੇ ਕੁਲ ਵਡੇਰੇ ਹਨ, ਜਿਨ੍ਹਾਂ ਨੂੰ ਖ਼ਾਸ ਖ਼ਾਸ ਦਿਨ-ਦਿਹਾਰਾਂ ਉਤੇ ਪੂਜਿਆ ਤੇ ਧਿਆਇਆ ਜਾਂਦਾ ਹੈ । ਖੀਚੀ ਉਪਜਾਤੀ ਦਾ ਵਡੇਰਾ ਮੋਹਰ ਸਿੰਘ ਅਫ਼ੀਮ ਖਾਂਦਾ ਸੀ ਤੇ ਉਸ ਦੀ ਬੀਵੀ ਚੰਬੇਲੀ ਦੇ ਫੁੱਲਾਂ ਦੇ ਹਾਰ ਧਾਰਨ ਕਰਦੀ ਸੀ । ਇਸ ਲਈ ਖੀਚੀ ਜਾਤੀ ਦੇ ਸਿਕਲੀਗਰ ਮੋਹਰ ਸਿੰਘ ਦੀ ਪੂਜਾ ਵੇਲੇ, ਗਊ ਦਾ ਪੋਚਾ ਦੇ ਕੇ, ਉਪਰ ਅਫ਼ੀਮ ਦੀ ਗੋਲੀ ਤੇ ਚੰਬੇਲੀ ਦੇ ਫੁੱਲਾਂ ਦੀ ਮਾਲਾ ਰਖਦੇ ਹਨ। ਪੂਜਾ ਮਗਰੋਂ ਹਾਰ ਨੂੰ ਤਾਂ ਕਿਸੇ ਕੰਨਿਆਂ ਦੇ ਗਲੇ ਵਿਚ ਪਾ ਦਿਤਾ ਜਾਂਦਾ ਹੈ ਪਰ ਅਫ਼ੀਮ ਘਰ

ਵਿਚ ਰਖ ਲਈ ਜਾਂਦੀ ਹੈ। ਇਹ ਅਫੀਮ ਸਭ ਰੋਗਾਂ ਲਈ ਔਸ਼ਧੀ ਮੰਨੀ ਜਾਂਦੀ ਹੈ।

ਇਸ ਤਰ੍ਹਾਂ ਬਾਕੀ ਉਪ-ਸ਼੍ਰੇਣੀਆਂ ਵੀ ਆਪੋ ਆਪਣੇ ਕੁਲ-ਵਡਿੱਕੇ ਪੂਜਦੀਆਂ ਹਨ ਤੇ ਸੁੱਖਣਾ ਪੂਰੀ ਹੋਣ ਉਤੇ ਭੇਟਾ ਦੇਂਦੀਆਂ ਹਨ। ਸਿਕਲੀਗਰ ਆਪਣੇ ਵਡਿੱਕੇ ਨੂੰ ਜੋ ਭੇਟਾ ਦਿੰਦੇ ਹਨ, ਉਹ ਚੁੱਲ੍ਹੇ ਵਿਚ ਸੁੱਚੀ ਅੱਗ ਬਾਲ ਕੇ ਹੀ ਉਸ ਵਿਚ ਦਾਹ ਦਿਤੀ ਜਾਂਦੀ ਹੈ।

**ਭਾਸ਼ਾ :** ਸਾਂਸੀਆਂ ਤੇ ਹੋਰ ਟਪਰੀ ਵਾਸੀਆਂ ਵਾਂਗ ਸਿਕਲੀਗਰਾਂ ਦੀ ਬੋਲੀ ਵਿਚ ਵੀ ਕੁਝ ਸ਼ਬਦ ਅਜਿਹੇ ਮਿਲਦੇ ਹਨ, ਜੋ ਆਮ ਪੰਜਾਬੀ ਨਹੀਂ ਵਰਤਦੇ। ਕੁਝ ਸ਼ਬਦ ਤਾਂ ਗੰਵਾਰੂ ਹਨ, ਜੋ ਉਨ੍ਹਾਂ ਨੇ ਆਪਣੀ ਲੋੜ ਨੂੰ ਮੁਖ ਰਖ ਕੇ ਘੜ ਲਏ ਹਨ ਅਤੇ ਜਿਨ੍ਹਾਂ ਦੇ ਅਰਥ ਦੂਜੇ ਲੋਕਾਂ ਦੀ ਸਮਝ ਵਿਚ ਨਹੀਂ ਆਉਂਦੇ। ਸਿਕਲੀਗਰਾਂ ਵਿਚ ਕੁਝ ਸ਼ਬਦ ਦੂਜੇ ਟਪਰੀਵਾਸਾਂ ਨਾਲ ਸਾਂਝੇ ਵੀ ਹਨ, ਜਿਵੇਂ ਘੋੜੇ ਲਈ ਕੁਦਰੂ ਸ਼ਬਦ ਦਾ ਪ੍ਰਯੋਗ। ਸਾਂਸੀ ਵੀ ਘੋੜੇ ਲਈ ਕੁਦਰੂ ਸ਼ਬਦ ਦੀ ਵਰਤੋਂ ਕਰਦੇ ਹਨ।

ਟਪਰੀ ਵਾਸਾਂ ਦੀ ਇਹ ਬਿਰਤੀ ਰਹੀ ਹੈ ਕਿ ਜਿਹੜੇ ਸ਼ਬਦ ਉਹ ਆਮ ਬੋਲੀ ਦੇ ਵੀ ਵਰਤਦੇ ਹਨ, ਉਨ੍ਹਾਂ ਨੂੰ ਹੀ ਲੋੜ ਪੈਣ ਉਤੇ ਵਿਗਾੜ ਲੈਂਦੇ ਹਨ, ਜਿਵੇਂ, 'ਮੈਂ ਕਿਹਾ' ਨੂੰ 'ਮੈਂਪਨੇ ਕੇਪਨੇਹਾ'। ਇਸ ਤਰ੍ਹਾਂ ਪਨੇ ਦੀ ਧੁਨੀ ਹਰ ਪਦ ਵਿਚ ਰਲਾ ਕੇ ਨਵੇਂ ਸ਼ਬਦ ਸਿਰਜ ਲਏ ਜਾਂਦੇ ਹਨ। ਕਈ ਵਾਰ ਸਿਕਲੀਗਰ ਕਿਸੇ ਆਮ ਸ਼ਬਦ ਦੇ ਪਹਿਲੇ ਅੱਖਰ ਦੀ ਥਾਂ 'ਨ' ਵਰਤ ਕੇ ਉਸ ਨੂੰ ਨਵਾਂ ਰੂਪ ਦੇ ਲੈਂਦੇ ਹਨ, ਜਿਵੇਂ 'ਰੋਜ਼' ਨੂੰ 'ਨੋਜ਼', 'ਰੋਟੀ' ਨੂੰ 'ਨੋਟੀ' ਤੇ 'ਪਾਣੀ' ਨੂੰ 'ਨਾਣੀ'।

ਪਰ ਸਿਕਲੀਗਰਾਂ ਕੋਲ ਕੁਝ ਸ਼ਬਦ ਬਿਲਕੁਲ ਨਵੇਕਲੇ ਵੀ ਹਨ, ਜੋ ਉਨ੍ਹਾਂ ਦੀ ਕਬੀਲਾ ਸਿਰਜਣਾ ਦਾ ਫਲ ਹਨ, ਜਿਵੇਂ, ਗੋਲਚੋ (ਲੜਕਾ), ਝੁੱਕਲ (ਕੁੱਤਾ) ਆਦਿ।

**ਆਧਾਰ ਗ੍ਰੰਥ :** (1) ਦੀ ਸਿਕਲੀਗਰਜ਼ ਆਫ਼ ਪੰਜਾਬ, ਜ਼ੋਰ ਸਿੰਘ ਜ਼ੋਰ।

(2) ਆਦਿਵਾਸੀ, ਇੰਡੀਅਨ ਗਵਰਨਮੈਂਟ ਪਬਲੀਕੇਸ਼ਨਜ਼, ਦਿੱਲੀ, 1959।

(3) ਗਲਾਸਰੀ ਆਫ਼ ਟਰਾਈਬਜ਼ ਐਂਡ ਕੇਸਟਸ ਆਫ਼ ਪੰਜਾਬ ਐਂਡ ਐਨ. ਡਬਲੀਓ., ਐਫ. ਪੀ., ਰੋਜ਼, ਐਚ. ਏ.।

(4) ਜਿਪਸੀਜ਼ — ਦੀ ਸੀਕਰਟ ਪੀਪਲ, ਵੈਬ, ਜੀ. ਈ. ਸੀ.।

(5) ਖੋਜ ਦਰਪਣ, ਜੁਲਾਈ 1971।

## (ਸ-479) ਸਿਖੰਡਿਨੀ :

ਰਾਜੇ ਦ੍ਰੁਪਦ ਦੀ ਕੰਨਿਆਂ; ਮਹਾਂਭਾਰਤ ਅਨੁਸਾਰ ਸਿਖੰਡਿਨੀ ਪੂਰਬਲੇ ਜਨਮ ਵਿਚ, ਕਾਂਸ਼ੀ ਦੇ ਰਾਜੇ ਦੀ ਕੰਨਿਆਂ ਅੰਬਾ ਸੀ, ਜਿਸ ਨੂੰ ਭੀਸ਼ਮ ਪਿਤਾਮਾ ਜਿੱਤ ਮਗਰੋਂ, ਮਾਲੀ ਵਜੋਂ ਆਪਣੇ ਭਰਾ ਵਿਚਿਤ੍ਰ ਵੀਰਯ ਨਾਲ ਵਿਆਹੁਣ ਲਈ ਚੁਕ ਕੇ ਲੈ ਆਇਆ ਸੀ। ਅੰਬਾ ਸ਼ਾਲਵ ਨੂੰ ਦਿਲੋਂ ਪਤੀ ਧਾਰ ਚੁਕੀ ਸੀ, ਇਸ ਲਈ ਉਹ ਵਿਚਿਤ੍ਰ ਵੀਰਯ ਨਾਲ ਵਿਆਹ ਕਰਨ ਲਈ ਰਜ਼ਾਮੰਦ ਨਹੀਂ ਸੀ। ਜਦੋਂ ਭੀਸ਼ਮ ਨੂੰ ਇਸ ਗੱਲ ਦੀ ਖ਼ਬਰ ਹੋਈ, ਤਾਂ ਉਸ ਨੇ ਅੰਬਾ ਨੂੰ ਸ਼ਾਲਵ ਪਾਸ ਭੇਜ ਦਿਤਾ। ਪਰ ਸ਼ਾਲਵ ਨੇ ਅੰਬਾ ਨੂੰ ਇਸ ਵਾਸਤੇ ਅੰਗੀਕਾਰ ਨਾ ਕੀਤਾ ਕਿ ਉਹ ਕੁਝ ਦਿਨ ਓਪਰੇ ਮਰਦ ਕੋਲ ਰਹਿ ਚੁਕੀ ਸੀ। ਅੰਬਾ ਨੇ ਸਾਰੀ ਉਮਰ ਸ਼ਾਲਵ ਦੇ ਬ੍ਰਿਹੋਂ ਵਿਚ ਗੁਜ਼ਾਰੀ। ਫਿਰ ਉਸ ਨੇ ਘੋਰ ਤਪੱਸਿਆ ਕਰ ਕੇ ਸ਼ਿਵ ਤੋਂ ਇਹ ਵਰ ਪ੍ਰਾਪਤ ਕੀਤਾ ਕਿ ਉਹ ਅਗਲੇ ਜਨਮ, ਮਰਦ ਦੇ ਰੂਪ ਵਿਚ ਪੈਦਾ ਹੋਏ, ਤਾਂ ਜੋ ਆਪਣੇ ਨਾਲ ਇਸ ਜਨਮ ਵਿਚ ਹੋਏ ਅਨਿਆਂ ਦਾ ਬਦਲਾ ਲੈ ਸਕੇ।

ਭੀਸ਼ਮ ਤੋਂ ਬਦਲਾ ਲੈਣ ਦੀ ਚੇਸ਼ਟਾ ਨਾਲ, ਅੰਬਾ ਨੇ ਮੁੜ ਰਾਜੇ ਦ੍ਰੁਪਦ ਦੇ ਘਰ ਸਿਖੰਡਿਨੀ ਨਾਂ ਦੀ ਕੰਨਿਆਂ ਦੇ ਰੂਪ ਵਿਚ ਜਨਮ ਲਿਆ। ਇਕ ਯੱਖਸ਼ ਨੇ ਸਿਖੰਡਿਨੀ ਨੂੰ ਮਰਦ ਦਾ ਰੂਪ ਪ੍ਰਦਾਨ ਕੀਤਾ। ਕੁਰਛੇਤਰ ਦੀ ਲੜਾਈ ਵਿਚ ਜਦੋਂ ਭੀਸ਼ਮ ਅਰਜਨ ਤੇ ਵਾਰ ਕਰਨ ਲੱਗਾ, ਤਾਂ ਸਿਖੰਡਿਨੀ ਅਰਜਨ ਦੇ ਅੱਗੇ ਆ ਖਲੋਤੀ, ਜਿਸ ਕਰ ਕੇ ਭੀਸ਼ਮ ਦਾ ਹੱਥ ਰੁਕ ਗਿਆ। ਇਤਨੀ ਦੇਰ ਵਿਚ ਅਰਜਨ ਨੇ ਭੀਸ਼ਮ ਉਤੇ ਤੀਰਾਂ ਦੀ ਇਤਨੀ ਜ਼ੋਰਦਾਰ ਬੁਛਾੜ ਕੀਤੀ ਕਿ ਉਹ ਮਾਰਿਆ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ

ਭੀਸ਼ਮ ਦੀ ਮੌਤ ਸਿਖੰਡਿਨੀ ਦੇ ਹੱਥੋਂ ਚਲਾਏ ਗਏ ਇਕ ਤੀਰ ਨਾਲ ਹੋਈ (ਵੇਖੋ : ਭੀਸ਼ਮ)।

(ਸ-480) **ਸਿਖਿਆ** :

ਇਕ ਲੋਕ-ਕਾਵਿ ਰੂਪ; ਸਿਖਿਆ ਵਿਚ ਕੰਨਿਆ ਨੂੰ ਕੁਝ ਨੈਤਿਕ ਕੀਮਤਾਂ ਕਦਰਾਂ ਅਤੇ ਕੁਝ ਸਮਾਜਕ ਤੇ ਧਾਰਮਕ ਉਪਦੇਸ਼ ਦਿਤੇ ਜਾਂਦੇ ਅਤੇ ਗ੍ਰਿਹਸਤ ਆਸ਼ਰਮ ਦੀ ਰੀਤ-ਮਰਯਾਦਾ ਸਮਝਾਈ ਜਾਂਦੀ ਹੈ। ਸਿਹਰੇ ਵਾਂਗ ਸਿਖਿਆ ਵੀ ਰਵਾਇਤੀ ਢੰਗ ਦੀ ਕਾਵਿ ਹੈ, ਜੋ ਫੇਰਿਆਂ ਮਗਰੋਂ ਪੜ੍ਹਨ ਦਾ ਰਵਾਜ ਹੈ। ਹੇਠਾਂ ਵੰਨਗੀ ਵਜੋਂ ਸਿਖਿਆ ਦਾ ਇਕ ਬੰਦ ਦਿਤਾ ਜਾਂਦਾ ਹੈ :

ਧੀਆਂ ਧਨ ਪਰਾਇਆ ਲੋਕੋ,
ਖਿੜੀਆਂ ਤੇ ਟੁਰ ਚਲੀਆਂ।
ਘਰ ਵਿਚ ਇਹ ਧਨ ਸਾਂਭ ਨਾ ਰਖਿਆ;
ਪੀਰ ਪੈਗੰਬਰਾਂ ਵਲੀਆਂ।
ਟੁਰ ਜਾਵਣ ਇਹ ਸੁੰਞੀਆਂ ਛੱਡ ਕੇ,
ਮਹਿਲ, ਨਗਰ ਤੇ ਗਲੀਆਂ।
ਨਵੇਂ ਬਾਗ਼ ਜਾ ਡੇਰਾ ਲਾਵਣ,
ਛੱਡ ਜਿਥੇ ਸਨ ਪਲੀਆਂ।
ਧੀਏ ਨਾ ਕਰ ਮਾਣ ਅਸਾਡਾ,
ਅਸੀਂ ਤਾਂ ਸਾਕ ਪਰਾਏ।
ਸਕਿਆਂ ਸਾਕਾਂ ਕੋਲ ਤੂੰ ਚੱਲੀ,
ਸਾਡੇ ਕੂੜੇ ਦਾਅਏ।

ਇਸ ਕਾਵਿ ਦੁਆਰਾ ਵਿਜੋਗ ਦੇ ਭਾਵਾਂ ਨੂੰ ਵੀ ਵਿਅਕਤ ਕੀਤਾ ਜਾਂਦਾ ਹੈ ਅਤੇ ਇਸ ਵਿਚ ਕਰੁਣਾ ਰਸ ਦੀ ਪ੍ਰਧਾਨਤਾ ਰਹਿੰਦੀ ਹੈ।

(ਸ-481) **ਸ਼ਿੰਗਾਰ** :

(ਵੇਖੋ : ਸੋਲਾ ਸ਼ਿੰਗਾਰ)।

(ਸ-482) **ਸ਼ਿੰਗਾਰ ਪਟਾਰੀ** :

ਉਹ ਪਟਾਰੀ ਜਿਸ ਵਿਚ ਬਿੰਦੀ, ਦੰਦਾਸਾ, ਮਿਸੀ, ਸ਼ੀਸ਼ਾ, ਕੰਘੀ ਆਦਿ ਸ਼ਿੰਗਾਰ ਦਾ ਸਾਮਾਨ ਰਖਿਆ ਜਾਂਦਾ ਹੈ। ਲਾਵਾਂ ਫੇਰਿਆਂ ਤੋਂ ਪਹਿਲਾਂ, ਵਰ ਪੱਖ ਵਾਲੇ, ਕੰਨਿਆਂ ਨੂੰ ਆਪਣਾ ਸ਼ਿੰਗਾਰ ਕਰਨ ਲਈ, ਸ਼ਿੰਗਾਰ ਪਟਾਰੀ ਭੇਜਦੇ ਹਨ, ਜਿਸ ਵਿਚ ਸ਼ਿੰਗਾਰ ਦੀਆਂ ਵਸਤੂਆਂ ਤੋਂ ਇਲਾਵਾ ਗਹਿਣੇ ਆਦਿ ਵੀ ਹੁੰਦੇ ਹਨ। ਇਹ ਪਟਾਰੀ ਸੁਹਾਗ-ਭਾਗ ਦਾ ਚਿਨ੍ਹ ਬਣ ਗਈ ਹੈ। ਇਸ ਲਈ ਕਿਸੇ ਵਿਧਵਾ ਦਾ ਪਰਛਾਵਾਂ ਸ਼ਿੰਗਾਰ ਪਟਾਰੀ 'ਤੇ ਨਹੀਂ ਪੈਣ ਦਿਤਾ ਜਾਂਦਾ। ਸ਼ਿੰਗਾਰ ਪਟਾਰੀ ਨੂੰ ਸੁਹਾਗ ਪਟਾਰੀ ਵੀ ਕਹਿ ਲਿਆ ਜਾਂਦਾ ਹੈ। ਹਰਦੁਆਰ ਵਿਚ ਕਈ ਸੁਹਾਗਣਾਂ ਆਪਣੀ ਸੁਹਾਗ ਪਟਾਰੀ ਨੂੰ ਪੂਜ ਕੇ ਗੰਗਾ ਦਰਿਆ ਵਿਚ ਇਸ ਆਸ਼ੇ ਨਾਲ ਪ੍ਰਵਾਹ ਦੇਂਦੀਆਂ ਹਨ ਕਿ ਗੰਗਾ ਮਾਈ ਉਨ੍ਹਾਂ ਦੇ ਸੁਹਾਗ ਦੀ ਰੱਖਿਆ ਕਰੇਗੀ (ਵੇਖੋ : ਸੁਹਾਗ ਪਟਾਰੀ)।

(ਸ-483) **ਸ਼ਿੰਗਾਰ ਪੱਟੀ** :

ਇਕ ਗਹਿਣਾ, ਜੋ ਸਜ-ਵਿਆਹੀ ਤੀਵੀ, ਸਿਰ ਦੀ ਸਜਾਵਟ ਲਈ, ਮੱਥੇ ਤੋਂ ਰਤਾ ਕੁ ਪਿਛੇ ਵਲ ਕੇਸਾਂ ਉਤੇ ਪਹਿਨਦੀ ਹੈ। ਇਸ ਨੂੰ ਸਿਰ ਦਾਉਣੀ ਵੀ ਕਿਹਾ ਜਾਂਦਾ ਹੈ (ਵੇਖੋ : ਸਿਰ ਦਾਉਣੀ)।

(ਸ-484) **ਸਿੰਗੀ** :

ਪਸ਼ੂਆਂ ਦੇ ਸਿੰਗ ਤੋਂ ਬਣਾਇਆ ਇਕ ਸਾਜ਼, ਜਿਸ ਵਿਚੋਂ ਫੂਕ ਮਾਰ ਕੇ ਧੁਨੀ ਕੱਢੀ ਜਾਂਦੀ ਹੈ। ਸਿੰਗੀ ਨੂੰ ਵਜਾਉਣ ਲਈ ਕਾਫ਼ੀ ਮੁਹਾਰਤ ਦੀ ਲੋੜ ਹੈ। ਸ਼ਿਵ ਭਗਤ ਅਤੇ ਗੋਰਖ ਪੰਥੀ ਜੋਗੀ ਭਿਖਿਆ ਮੰਗਣ ਵੇਲੇ ਸਿੰਗੀ ਵਜਾ ਕੇ ਨਾਦ ਕਢਦੇ ਹਨ। ਲੜਾਈ ਦੇ ਮੈਦਾਨ ਵਿਚ ਵੱਡੀ ਸਿੰਗੀ ਵਜਾਈ ਜਾਂਦੀ ਰਹੀ ਹੈ, ਜਿਸ ਨੂੰ ਰਣਸਿੰਗਾ ਕਹਿੰਦੇ ਹਨ। ਮਗਰੋਂ ਸਿੰਗੀਆਂ ਤਾਂਬੇ ਜਾਂ ਕਿਸੇ ਹੋਰ ਧਾਤ ਦੀਆਂ ਵੀ ਬਣਾਈਆਂ ਜਾਣ ਲੱਗੀਆਂ। 'ਆਇਨੇ ਅਕਬਰੀ' ਅਨੁਸਾਰ ਅਕਬਰ ਦੇ ਰਾਜ ਵੇਲੇ ਤਾਂਬੇ ਦੀਆਂ ਸਿੰਗੀਆਂ ਦਾ ਆਮ ਰਵਾਜ ਸੀ।

ਪ੍ਰਾਚੀਨ ਕਾਲ ਵਿਚ ਪ੍ਰੇਤ ਰੂਹਾਂ ਨੂੰ ਨਠਾਣ ਲਈ ਵੀ ਸਿੰਗ ਦੀ ਧੁਨੀ ਕੱਢੀ ਜਾਂਦੀ ਸੀ।

(ਸ-485) **ਸਿੰਗੀ ਰਿਸ਼ੀ** :

ਇਕ ਰਿਸ਼ੀ ਜਿਸ ਦੇ ਵਰ ਨਾਲ ਦਸਰਥ ਦੇ ਘਰ ਰਾਮ ਆਦਿ ਸੰਤਾਨ ਪੈਦਾ ਹੋਈ ਸੀ। ਰਾਜੇ ਦਸਰਥ ਨੇ ਸਿੰਗੀ ਰਿਸ਼ੀ ਤੋਂ ਪੁਤ੍ਰੇਸ਼ਟੀ ਯੱਗ

ਕਰਵਾਇਆ ਅਤੇ ਹਵਨ ਕੁੰਡ ਵਿਚੋਂ ਨਿਕਲੀ ਖੀਰ ਰਾਣੀਆਂ ਨੂੰ ਖਵਾਉਣ ਨਾਲ ਦਸਰਥ ਦੇ ਘਰ ਸੰਤਾਨ ਪੈਦਾ ਹੋਈ (ਵੇਖੋ : ਸੰਤਾਨ ਦੀ ਉਤਪੱਤੀ)।

ਰਾਮਾਇਣ ਅਨੁਸਾਰ ਇਸ ਰਿਸ਼ੀ ਦੇ ਸਿਰ 'ਤੇ ਸਿੰਗ ਸਨ। ਇਸ ਦੇ ਜਨਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ — ਇਕ ਵਾਰ ਉਰਵਸ਼ੀ ਅਪੱਛਰਾਂ ਨੂੰ ਵੇਖਦੇ ਹੀ ਵਿਭਾਂਡਕ ਰਿਸ਼ੀ ਦਾ ਵੀਰਜ ਝੜ ਗਿਆ, ਜਿਸਨੂੰ ਇਕ ਮ੍ਰਿਗਣੀ ਨੇ ਚਟ ਲਿਆ। ਇਸੇ ਮ੍ਰਿਗਣੀ ਦੇ ਉਦਰ ਤੋਂ ਸਿੰਗੀ ਰਿਸ਼ੀ ਦਾ ਜਨਮ ਹੋਇਆ, ਜੋ ਵਿਭਾਂਡਕ ਦੇ ਆਸ਼ਰਮ ਵਿਚ ਹੀ ਪਲਿਆ।

ਇਕ ਵਾਰ, ਰਾਜੇ ਲੋਮਪਾਦ ਦੇ ਦੇਸ਼ ਅੰਗ ਵਿਚ, ਵਰਖਾ ਨਾ ਹੋਣ ਕਰ ਕੇ, ਕਾਲ ਪੈ ਗਿਆ। ਲੋਮਪਾਦ ਨੇ ਰਿਸ਼ੀਆਂ ਤੋਂ ਮੀਂਹ ਵਸਣ ਦਾ ਉਪਾਅ ਪੁਛਿਆ। ਉਨ੍ਹਾਂ ਨੇ ਦਸਿਆ ਕਿ ਸਿੰਗੀ ਰਿਸ਼ੀ ਦੇ ਜਿਥੇ ਵੀ ਪੈਰ ਪੈਣਗੇ, ਉਥੇ ਖ਼ੂਬ ਵਰਖਾ ਹੋਵੇਗੀ। ਵ੍ਰਿਕਤ ਹੋਣ ਕਰ ਕੇ ਸਿੰਗੀ ਰਿਸ਼ੀ ਜੰਗਲ ਛੱਡ ਕੇ ਸ਼ਹਿਰ ਵਿਚ ਆਉਣ ਨੂੰ ਤਿਆਰ ਨਹੀਂ ਸੀ, ਸੋ ਰਾਜੇ ਨੇ ਕੁਝ ਕਾਮਣੀਆਂ ਭੇਜੀਆਂ, ਜਿਨ੍ਹਾਂ ਨੇ ਰਿਸ਼ੀ ਨੂੰ ਆਪਣੇ ਰੂਪ ਜਾਲ ਵਿਚ ਫਸਾ ਕੇ ਅੰਗ ਦੇਸ਼ ਲੈ ਆਂਦਾ। ਸਿੰਗੀ ਦੇ ਆਉਣ ਨਾਲ ਖ਼ੂਬ ਵਰਖਾ ਹੋਈ। ਮਗਰੋਂ ਰਾਜੇ ਲੋਮਪਾਦ ਨੇ ਆਪਣੀ ਲੈਪਾਲਕ ਕੰਨਿਆਂ ਸ਼ਾਂਤਾ ਨੂੰ ਰਿਸ਼ੀ ਨਾਲ ਵਿਆਹ ਦਿਤਾ।

## (ਸ-486) ਸਿੰਘ ਸਭਾ ਲਹਿਰ :

ਸਿੱਖਾਂ ਵਿਚ ਨਵ-ਜਾਗ੍ਰਤੀ ਪੈਦਾ ਕਰਨ ਲਈ, ਸਿੱਖ ਸਿਦਕਵਾਨਾਂ ਅਤੇ ਵਿਦਵਾਨਾਂ ਵਲੋਂ ਚਲਾਈ ਗਈ ਇਕ ਸੁਧਾਰਕ ਲਹਿਰ। ਇਸ ਲਹਿਰ ਦਾ ਮਨੋਰਥ ਸਿੱਖ ਸਮਾਜ ਵਿਚ ਗੁਰਮਤਿ ਦੀ ਰਹੁ-ਰੀਤ ਤੇ ਮਰਯਾਦਾ ਪ੍ਰਚਲਤ ਕਰਨਾ ਅਤੇ ਸਿੱਖਾਂ ਨੂੰ ਗੁਰੂ ਸਾਹਿਬਾਨ ਦੇ ਵੇਲੇ ਵਾਲੇ ਧਾਰਮਕ ਜੀਵਨ ਵਲ ਮੋੜਨਾ ਸੀ। ਇਸ ਤੋਂ ਇਲਾਵਾ ਗੁਰਬਾਣੀ ਦਾ ਪ੍ਰਚਾਰ ਕਰਨਾ, ਗੁਰ-ਇਤਿਹਾਸ ਦੇ ਅਧਿਐਨ ਲਈ ਪ੍ਰੇਰਨਾ ਅਤੇ ਗੁਰਮੁਖੀ ਅੱਖਰਾਂ ਦੁਆਰਾ ਪੰਜਾਬੀ ਪੜ੍ਹਨ-ਪੜ੍ਹਾਉਣ ਦੀ ਰੁਚੀ ਪੈਦਾ ਕਰਨੀ ਸੀ। ਭਾਵ ਸਿੱਖਾਂ ਦੀ ਧਾਰਮਕ, ਵਿਦਿਅਕ ਤੇ ਸਮਾਜਕ ਸਥਿਤੀ ਨੂੰ ਸੁਧਾਰਨ ਦੇ ਉਪਰਾਲੇ ਕਰਨਾ ਸੀ।

ਇਸ ਲਹਿਰ ਦਾ ਬੁਨਿਆਦੀ ਮਨੋਰਥ ਧਰਮ ਨੂੰ ਸਭਿਆਚਾਰ ਨਾਲ ਜੋੜ ਕੇ, ਸਿੱਖਾਂ ਨੂੰ ਇਕ ਨਵਾਂ ਸਭਿਆਚਾਰ ਪ੍ਰਦਾਨ ਕਰਨਾ ਸੀ, ਤਾਂ ਜੋ ਉਹ ਧਰਮ ਦੇ ਨਾਲ ਨਾਲ ਸਾਂਸਕ੍ਰਿਤਕ ਤੌਰ 'ਤੇ ਵੀ ਹਿੰਦੂਆਂ ਨਾਲੋਂ ਅੱਡਰੇ ਤੇ ਵਿਲੱਖਣ ਲੱਗਣ। ਇਸੇ ਵਾਸਤੇ ਇਸ ਲਹਿਰ ਨੇ ਪੰਜਾਬ ਦੀ ਲੋਕ-ਸੰਸਕ੍ਰਿਤੀ ਨੂੰ ਗੁਰਮਤਿ ਸਿਧਾਂਤਾਂ ਤੇ ਸਿੱਖ ਮਰਯਾਦਾ ਅਨੁਸਾਰ ਢਾਲ ਕੇ, ਇਕ ਨਵਾਂ ਸਰੂਪ ਦੇਣਾ ਚਾਹਿਆ। ਇਹ ਲਹਿਰ ਭਰਮਾਂ ਵਹਿਮਾਂ, ਪੁਰਾਣੀਆਂ ਰਹੁ-ਰੀਤਾਂ ਤੇ ਮਨੌਤਾਂ ਦਾ ਖੰਡਨ ਕਰ ਕੇ, ਲੋਕਾਂ ਦੇ ਦਿਲਾਂ ਵਿਚ ਗਿਆਨ ਦਾ ਪ੍ਰਕਾਸ਼ ਕਰਨ ਵਿਚ ਜਿਥੇ ਸਫਲ ਰਹੀ, ਉਥੇ ਨਾਲ ਹੀ ਪੰਜਾਬ ਦੀ ਲੋਕ-ਸੰਸਕ੍ਰਿਤੀ ਦੇ ਪੋਸ਼ਟਿਕ ਵਿਰਸੇ ਨੂੰ ਵੀ ਇਸ ਨੇ ਢਾਹ ਲਗਾਈ, ਕਿਉਂ ਜੋ ਇਸ ਲਹਿਰ ਨੇ ਵਿਆਹ 'ਤੇ ਗਾਏ ਜਾਂਦੇ ਗਾਉਣ ਅਤੇ ਸਿਠਣੀਆਂ ਤੋਂ ਇਲਾਵਾ ਪੰਜਾਬ ਦੇ ਲੋਕ-ਨਾਚਾਂ — ਗਿੱਧਾ, ਭੰਗੜਾ ਆਦਿ ਦਾ ਵੀ ਜ਼ੋਰਦਾਰ ਖੰਡਨ ਕੀਤਾ। ਪੰਜਾਬ ਦੀਆਂ ਰੋਮਾਂਚਿਕ ਪ੍ਰੀਤ-ਕਥਾਵਾਂ, ਜੋ ਹੁਣ ਤਕ ਸਿੱਖ-ਸੰਸਕ੍ਰਿਤੀ ਦਾ ਰੋਚਕ ਅੰਗ ਸਨ ਤੇ ਭਾਈ ਗੁਰਦਾਸ ਅਤੇ ਗੁਰੂ ਗੋਬਿੰਦ ਸਿੰਘ ਨੇ ਜਿਨ੍ਹਾਂ ਨੂੰ ਪ੍ਰਤੀਕਾਂ ਦੇ ਰੂਪ ਵਿਚ ਆਪਣੀ ਕਾਵਿ ਤੇ ਬਾਣੀ ਵਿਚ ਵਰਤਿਆ ਸੀ, ਨੂੰ ਸਿੱਖ ਸਭਿਆਚਾਰ ਨਾਲੋਂ ਤੋੜਨ ਦਾ ਯਤਨ ਕੀਤਾ ਗਿਆ। ਕਰਮ ਸਿੰਘ ਹਿਸਟੋਰੀਅਨ ਦਾ 'ਮਿਰਜ਼ਾ ਸਾਹਿਬਾਂ' ਲੇਖ ਇਸੇ ਸਿੰਘ ਸਭਾਈ ਰੁਚੀ ਦਾ ਫਲ ਹੈ, ਜਿਸ ਵਿਚ ਮਿਰਜ਼ਾ ਸਾਹਿਬਾਂ ਨੂੰ 'ਵਿਗੜੇ ਤਿਗੜੇ ਮੁੰਡੇ ਕੁੜੀਆਂ' ਦਸਿਆ ਗਿਆ ਹੈ।

ਇਸ ਲਹਿਰ ਵਲੋਂ ਲੋਕ-ਸੰਸਕ੍ਰਿਤੀ ਤੇ ਜੋ ਵਾਰ ਕੀਤੇ ਗਏ, ਉਸ ਤੋਂ ਲੋਕ ਸੁਚੇਤ ਹੋ ਗਏ ਤੇ ਲੋਕ-ਆਤਮਾ ਨੇ ਸਿੰਘ ਸਭੀਆਂ ਨੂੰ ਕੋਸਣਾ ਸ਼ੁਰੂ ਕੀਤਾ। ਵਿਦ੍ਰੋਹ ਦੀ ਇਹ ਭਾਵਨਾ ਕਈ ਲੋਕ-ਗੀਤਾਂ ਤੋਂ ਪ੍ਰਗਟ ਹੁੰਦੀ ਹੈ :

ਜਦੋਂ ਮੁਕ ਗਏ ਘੜੇ 'ਚ ਦਾਣੇ,
ਬਣ ਗਿਆ ਸਿੰਘ ਸਭੀਆ ।
ਮਰ ਜਾਣ ਸਿੰਘ ਸਭੀਏ,
ਜਿਨ੍ਹਾਂ ਗਿੱਧੇ ਪਿੰਡਾਂ ਦੇ ਬੰਦ ਕੀਤੇ ।
ਮਾਹੀ ਮੇਰਾ ਸਿੰਘ ਸਭੀਆ,
ਮੈਨੂੰ ਵਰਤ ਰਖਣ ਨਾ ਦੇਵੇ ।

(ਸ-487) **ਸਿੰਘਗਤ (ਸਿੰਘਤ)** :

ਗ੍ਰਹਿਆਂ ਦੀ ਇਕ ਦਸ਼ਾ; ਜਦੋਂ ਬ੍ਰਿਹਸਪਤ ਗ੍ਰਹਿ ਸਿੰਘ ਰਾਸ਼ੀ ਵਿਚ ਸਥਿਤ ਹੋਵੇ; ਇਹ ਯੋਗ ਹਰ ਬਾਰ੍ਹਾਂ ਵਰ੍ਹਿਆਂ ਮਗਰੋਂ ਆਉਂਦਾ ਹੈ ਅਤੇ ਆਮ ਤੌਰ ਉਤੇ ਤੇਰ੍ਹਾਂ ਮਹੀਨੇ ਰਹਿੰਦਾ ਹੈ। ਹਿੰਦੂਆਂ ਵਿਚ ਇਹ ਗ੍ਰਹਿ ਸਥਿਤੀ ਅਸ਼ੁਭ ਮੰਨੀ ਗਈ ਹੈ ਅਤੇ ਇਨ੍ਹੀਂ ਦਿਨੀਂ ਵਿਆਹ ਜਾਂ ਕੋਈ ਹੋਰ ਮੰਗਲ ਕਾਰਜ ਨਹੀਂ ਕੀਤਾ ਜਾਂਦਾ (ਵੇਖੋ : ਬ੍ਰਿਹਸਪਤ ਗ੍ਰਹਿ)।

(ਸ-488) **ਸਿੰਘ ਦੁਆਰ** :

ਮਹਿਲਾਂ ਤੇ ਮਾੜੀਆਂ ਦਾ ਵੱਡਾ ਦਰਵਾਜ਼ਾ, ਜੋ ਆਕਾਰ ਵਿਚ ਕਾਫ਼ੀ ਲੰਮਾ ਚੌੜਾ ਹੁੰਦਾ ਹੈ। ਪਹਿਲਿਆਂ ਵਿਚ ਇਸ ਦਰਵਾਜ਼ੇ ਦੇ ਦੋਵੇਂ ਪਾਸੇ ਸ਼ੇਰ ਦੀਆਂ ਮੂਰਤੀਆਂ ਸਥਾਪਿਤ ਹੁੰਦੀਆਂ ਸਨ, ਜਿਸ ਤੋਂ ਇਸ ਦਾ ਨਾਂ ਸਿੰਘ ਦੁਆਰ ਪੈ ਗਿਆ। ਸ਼ੇਰ ਭਾਰਤੀ ਲੋਕਧਾਰਾ ਵਿਚ ਬੀਰਤਾ, ਨਿਰਭੈਤਾ ਤੇ ਅਭਿਮਾਨ ਦਾ ਚਿੰਨ੍ਹ ਰਿਹਾ ਹੈ। ਦੁਰਗਾ ਦੇਵੀ ਦਾ ਵਾਹਨ ਹੋਣ ਕਰ ਕੇ, ਸ਼ੇਰ ਸ਼ਕਤੀ ਦਾ ਪ੍ਰਤੀਕ ਵੀ ਹੈ। ਹਿੰਦੂ ਨਿਸਚੇ ਅਨੁਸਾਰ ਜਿਥੇ ਸ਼ੇਰ ਦੀ ਮੂਰਤੀ ਹੋਵੇ, ਉਥੇ ਦੁਰਗਾ ਦੇਵੀ ਖ਼ੁਦ ਰੱਖਿਆ ਲਈ ਆ ਬਿਰਾਜਦੀ ਹੈ। ਇਸ ਵਾਸਤੇ ਸਿੰਘ ਦੁਆਰ ਸਹਿਜ ਰੂਪ ਵਿਚ ਹੀ ਸੰਕਟ ਤੋਂ ਰੱਖਿਅਕ ਮੰਨੇ ਗਏ ਹਨ। ਮਗਰੋਂ ਮੁਖੀ ਦੁਆਰ ਉਤੇ ਸ਼ੇਰ ਦੀਆਂ ਮੂਰਤੀਆਂ ਰਖਣ ਦਾ ਰਵਾਜ ਭਾਵੇਂ ਨਹੀਂ ਰਿਹਾ, ਪਰ ਇਹਦਾ ਨਾਂ ਸਿੰਘ ਦੁਆਰ ਹੀ ਪ੍ਰਚਲਤ ਰਿਹਾ।

(ਸ-489) **ਸਿੰਘ ਰਾਸ਼ੀ** :

ਜੋਤਿਸ਼ ਵਿੱਦਿਆ ਅਨੁਸਾਰ ਪੰਜਵੀਂ ਰਾਸ਼ੀ (ਵੇਖੋ : ਸ਼ੀਂਹ ਰਾਸ਼ੀ)।

(490) **ਸਿੰਘ ਗਊ** :

ਪੰਜਾਬ ਦੀ ਇਕ ਪ੍ਰਸਿਧ ਨੀਤੀ-ਕਥਾ, ਜਿਸ ਵਿਚ ਪੰਚ-ਤੰਤਰ ਵਾਂਗ ਹੀ ਪ੍ਰਧਾਨ ਕਥਾ ਦੇ ਅੰਤਰਗਤ ਕਈ ਹੋਰ ਉਪ-ਕਥਾਵਾਂ ਚਲਦੀਆਂ ਹਨ ਅਤੇ ਇਨ੍ਹਾਂ ਸਭਨਾਂ ਦਾ ਉਦੇਸ਼ ਮਨੁੱਖ ਜਾਤੀ ਨੂੰ ਦਇਆ, ਖਿਮਾਂ, ਨਿੰਮ੍ਰਤਾ ਆਦਿ ਦੀ ਨੈਤਿਕ ਸਿਖਸ਼ਾ ਦੇਣੀ ਹੈ। ਸਿੰਘ ਗਊ ਦੀ ਕਥਾ ਮਧਕਾਲ ਵਿਚ ਇਤਨੀ ਪ੍ਰਸਿਧ ਹੋਈ ਕਿ ਕਈ ਕਵੀਸ਼ਰਾਂ ਨੇ ਇਸ ਨੂੰ ਕਾਵਿ ਵਿਚ ਅਭਿਵਿਅਕਤ ਕੀਤਾ, ਪਰ ਵਧੇਰੇ ਪ੍ਰਸਿਧੀ ਦੇਵੀ ਦਾਸ ਦੀ ਰਚੀ ਕਾਵਿ-ਕਥਾ ਨੂੰ ਹੀ ਪ੍ਰਾਪਤ ਹੋਈ ਹੈ। ਪ੍ਰਧਾਨ ਕਥਾ ਬਹੁਲਾ ਨਾਂ ਦੀ ਗਊ ਦੀ ਹੈ, ਜੋ ਜੰਗਲ ਵਿਚ ਘਾਹ ਚਰਦਿਆਂ, ਅਚਾਨਕ ਸ਼ੇਰ ਦੇ ਸਨਮੁਖ ਆ ਜਾਂਦੀ ਹੈ ਅਤੇ ਸ਼ੇਰ ਉਸ ਨੂੰ ਮਾਰ ਕੇ ਖਾ ਜਾਣਾ ਚਾਹੁੰਦਾ ਹੈ। ਬਹੁਲਾ ਸ਼ੇਰ ਅੱਗੇ ਰਹਿਮ ਵਾਸਤੇ ਤਰਲੇ ਕਰਦੀ ਹੈ, ਪਰ ਸ਼ੇਰ ਨੂੰ ਬੇਅਸਰ ਵੇਖ ਕੇ ਗਊ ਉਸ ਨੂੰ ਦੂਜੇ ਸ਼ੇਰਾਂ ਦੀਆਂ ਉਹ ਕਹਾਣੀਆਂ ਸੁਣਾਉਂਦੀ ਹੈ, ਜਿਨ੍ਹਾਂ ਵਿਚ ਸ਼ੇਰ ਕਿਸੇ ਪਸ਼ੂ ਦੀ ਰੱਖਿਆ ਜਾਂ ਪ੍ਰਿਤਪਾਲਨਾ ਕਰਦੇ ਹਨ, ਜਿਵੇਂ ਪਹਿਲੀ ਉਪ-ਕਥਾ ਇਕ ਬਕਰੀ (ਅਜਾ) ਦੀ ਹੈ, ਜਿਸ ਨੂੰ ਉਸ ਦਾ ਮਾਲਕ ਜੰਗਲ ਵਿਚ ਇਕੱਲਿਆਂ ਛੱਡ ਕੇ ਚਲਾ ਗਿਆ ਤੇ ਬਕਰੀ ਇਕ ਗੁਫ਼ਾ ਵਿਚ ਬਿਸਰਾਮ ਲਈ ਜਾਂਦੀ ਹੋਈ ਅਚਾਨਕ ਸ਼ੇਰ ਦੇ ਸਨਮੁਖ ਆ ਗਈ। ਅਜਾ ਨੇ ਸ਼ੇਰ ਦੇ ਕਦਮਾਂ ਤੇ ਡਿਗ ਕੇ ਜਾਨ ਬਖ਼ਸ਼ੀ ਲਈ ਤਰਲਾ ਕੀਤਾ, ਤਾਂ ਸ਼ੇਰ ਨੇ ਅਜਾ ਨੂੰ ਬਖ਼ਸ਼ ਦਿਤਾ। ਉਹ ਬਕਰੀ ਉਸੇ ਜੰਗਲ ਵਿਚ ਹੀ ਰਹਿਣ ਲੱਗ ਪਈ। ਇਕ ਦਿਨ ਬਕਰੀ ਨੇ ਸ਼ੇਰ ਅੱਗੇ ਪਾਣੀ ਦੀ ਕਿੱਲਤ ਦਾ ਜ਼ਿਕਰ ਕੀਤਾ, ਤਾਂ ਸ਼ੇਰ ਨੇ ਉਸੇ ਵੇਲੇ ਹਾਥੀ ਨੂੰ ਆਦੇਸ਼ ਦਿਤਾ ਕਿ ਉਹ ਬਕਰੀ ਨੂੰ ਪਿੱਠ ਤੇ ਬਿਠਾ ਕੇ ਤਲਾਬ ਉਤੇ ਲੈ ਜਾਵੇ। ਇਸ ਤਰ੍ਹਾਂ ਦੀ ਕਥਾ ਸੁਣਾ ਕੇ ਬਹੁਲਾ ਤਰਲਾ ਕਰਦੀ ਹੈ :

ਉਹਿ ਅਜਿਆ ਤਜੀ ਤੁਮ ਗਊ ਤਿਆਗੋ
ਮਧਿਮ ਤਿਆਗ ਉਤਮ ਮਤ ਲਾਗੋ

ਪਰ ਸ਼ੇਰ ਦੇ ਮਨ ਉਤੇ ਇਸ ਕਥਾ ਦਾ ਕੋਈ ਅਸਰ ਨਹੀਂ ਹੁੰਦਾ। ਫਿਰ ਗਊ ਆਪਣੇ ਵੱਛੇ ਦਾ ਵਾਸਤਾ ਪਾਉਂਦੀ ਹੈ, ਜੋ ਘਰ ਵਿਚ ਉਸ ਦੀ

ਦੁੱਧ ਲਈ ਉਡੀਕ ਕਰ ਰਿਹਾ ਹੈ। ਨਾਲ ਹੀ ਉਹ ਦਇਆ ਭਾਵਨਾ ਦੀਆਂ ਕੁਝ ਹੋਰ ਕਥਾਵਾਂ ਸੁਣਾਉਂਦੀ ਹੈ। ਅਖੀਰ ਸ਼ੇਰ ਪਸੀਜ ਕੇ, ਗਊ ਤੋਂ ਇਹ ਬਚਨ ਲੈ ਕੇ, ਉਸ ਨੂੰ ਜਾਣ ਦਿੰਦਾ ਹੈ ਕਿ ਉਹ ਵੱਛੇ ਨੂੰ ਦੁੱਧ ਪਿਲਾ ਕੇ ਵਾਪਸ ਉਸ ਕੋਲ ਆ ਜਾਵੇਗੀ।

ਗਊ ਆਪਣੇ ਬਚਨ ਦੀ ਪਾਲਣਾ ਕਰਦੀ ਹੈ ਅਤੇ ਆਪਣੇ ਵੱਛੇ ਨੂੰ ਦੁੱਧ ਚੁੰਘਾ ਕੇ ਮੁੜ ਜੰਗਲ ਵਿਚ ਸ਼ੇਰ ਕੋਲ ਵਾਪਸ ਆ ਜਾਂਦੀ ਹੈ। ਇਹ ਵੇਖ ਸ਼ੇਰ ਨੂੰ ਗਊ 'ਤੇ ਦਇਆ ਆ ਜਾਂਦੀ ਹੈ ਤੇ ਉਹ ਗਊ ਨੂੰ ਮੁਕਤ ਕਰ ਦੇਂਦਾ ਹੈ। ਇਸ ਤਰ੍ਹਾਂ ਨੈਤਿਕਤਾ ਨੂੰ ਦ੍ਰਿੜ੍ਹ ਕਰਵਾ ਕੇ ਅਖ਼ੀਰ ਵਿਚ ਇਹ ਉਪਦੇਸ਼ ਦਿਤਾ ਹੈ:

ਮੁਖ ਕਾ ਬਚਨ ਸਤਿ ਜੋ ਕਰੈ,
ਦਇਆਵੰਤ ਭਉ ਸਾਗਰ ਤਰੈ
ਜਨਿ 'ਦੇਵੀ ਦਾਸ' ਤਿਸ ਪਰਿ ਬਲਿਹਾਰੀ,
ਆਪ ਤਰੇ ਅਵਰਾਂ ਕੋ ਤਾਰੀ।

ਮਧਕਾਲੀਨ ਦੀਆਂ ਧਾਰਮਿਕ ਕਥਾਵਾਂ ਵਾਂਗ ਇਸ ਕਥਾ ਦੇ ਸੁਣਨ ਪੜ੍ਹਨ ਦਾ ਵੀ ਮਹਾਤਮ ਹੈ, ਜੋ ਅੰਤ ਵਿਚ ਇਉਂ ਦਿਤਾ ਹੈ:

ਗਊ ਸਿੰਘ ਪੋਥੀ ਲਿਖੀ, ਕਬਿਤਾ ਦੇਵੀ ਦਾਸ
ਸੁਣੇ ਪੜੇ ਹਿਰਦੇ ਧਰੇ, ਪਾਵੈ ਬੈਕੁੰਠ ਵਾਸ

'ਸਿੰਘ ਗਉ ਕਥਾ' ਕ੍ਰਿਤ ਦੇਵੀ ਦਾਸ ਦੀਆਂ ਕਈ ਹੱਥ-ਲਿਖਤ ਪ੍ਰਤੀਆਂ ਮਿਲਦੀਆਂ ਹਨ।

(ਸ-491) **ਸਿੰਘਾਸਨ ਬਤੀਸੀ :**

ਸੰਸਕ੍ਰਿਤ ਵਿਚ ਰਚਿਆ ਲੋਕ-ਕਹਾਣੀਆਂ ਦਾ ਇਕ ਸੰਗ੍ਰਹਿ; ਸਿੰਘਾਸਨ ਬਤੀਸੀ ਦਾ ਅਨੁਵਾਦ ਲਗਪਗ ਹਰੇਕ ਭਾਰਤੀ ਭਾਸ਼ਾ ਅਤੇ ਕਈ ਬਦੇਸ਼ੀ ਭਾਸ਼ਾਵਾਂ ਵਿਚ ਵੀ ਹੋ ਚੁਕਾ ਹੈ। ਇਸ ਸੰਗ੍ਰਹਿ ਵਿਚ ਬੱਤੀ ਕਥਾਵਾਂ ਦਾ ਪ੍ਰਵਾਹ ਚਲਦਾ ਹੈ, ਜੋ ਪ੍ਰਸਿਧ ਲੋਕ-ਨਾਇਕ ਵਿਕ੍ਰਮਾਜੀਤ ਦੇ ਚਰਿਤ੍ਰ ਨਾਲ ਸੰਬੰਧਤ ਹਨ; ਜਿਸ ਕਰ ਕੇ ਇਸ ਸੰਗ੍ਰਹਿ ਨੂੰ 'ਵਿਕ੍ਰਮਾਦਿੱਤਜ-ਚਰਿਤ੍ਰ' ਵੀ ਕਿਹਾ ਜਾਣ ਲੱਗਾ। ਇਹ ਕਥਾਵਾਂ, ਰਾਜੇ ਭੋਜ ਨੂੰ, 32 ਪੁਤਲੀਆਂ ਇਕ ਇਕ ਕਰ ਕੇ ਉਦੋਂ ਸੁਣਾਉਂਦੀਆਂ ਹਨ, ਜਦੋਂ ਉਹ ਸਿੰਘਾਸਨ ਉਤੇ ਬਿਰਾਜਮਾਨ ਹੋਣ ਲੱਗਦਾ ਹੈ: "ਜਬ ਰਾਜਾ ਭੋਜ ਸੁਭ ਮਹੂਰਤ ਪੂਛਿ ਕਰਿ ਰਾਜਾ ਵਿਕ੍ਰਮਾਜੀਤ ਕੇ ਸਿੰਘਾਸਨ ਪਰ ਬੈਸਨੇ ਕੀ ਮਨਸ਼ਾ ਧਾਰੀ, ਤਬ ਪੁਤਲੀ ਪਹਲੀ ਬੋਲੀ, ਜੋ ਹੇ ਰਾਜਾ ਭੋਜ! ਜੋ ਕੋਊ ਐਸਾ ਰਾਜਾ ਵਿਕ੍ਰਮਾਜੀਤ ਕੀ ਨਿਆਈ ਪਰਾਕਰਮ ਬਲ ਧਰਤਾ ਹੋਵੇ, ਸੋ ਪੁਰਸ਼ ਯਾਂ ਸਿੰਘਾਸਨ ਪਰ ਆਸਨ ਕਰੇ।" ਹਰੇਕ ਕਥਾ ਦੁਆਰਾ ਪੁਤਲੀਆਂ ਵਿਕ੍ਰਮਾਜੀਤ ਦੇ ਚਰਿਤ੍ਰ ਦਾ ਕੋਈ ਇਕ ਵਿਸ਼ੇਸ਼ ਪਹਿਲੂ ਪੇਸ਼ ਕਰਦੀਆਂ ਹਨ। ਵਿਕ੍ਰਮਾਜੀਤ ਆਪਣੇ ਬਲ ਪ੍ਰਾਕ੍ਰਮ ਤੇ ਸਾਹਸ ਦੁਆਰਾ ਹਰ ਵਾਰ ਕੋਈ ਦੈਵੀ ਵਸਤੂ ਪ੍ਰਾਪਤ ਕਰਦਾ ਹੈ, ਪਰ ਹਰ ਵਾਰ ਉਸ ਤੋਂ ਉਹ ਵਸਤੂ ਪਰਜਾ ਦਾ ਕੋਈ ਅਦਨਾ ਜਿਹਾ ਆਦਮੀ ਦਾਨ ਵਜੋਂ ਮੰਗ ਲੈਂਦਾ ਹੈ। ਇਸ ਤਰ੍ਹਾਂ ਬੱਤੀ ਦੀਆਂ ਬੱਤੀ ਪੁਤਲੀਆਂ ਵਿਕ੍ਰਮਾਜੀਤ ਦੇ ਵੱਖ ਵੱਖ ਕਾਰਨਾਮੇ ਸੁਣਾਂਦੀਆਂ ਹਨ! ਰਾਜਾ ਭੋਜ ਆਪਣੇ ਆਪ ਨੂੰ ਉਸ ਤਖ਼ਤ ਦੇ ਯੋਗ ਨਾ ਸਮਝਦਾ ਹੋਇਆ, ਉਸ ਸਿੰਘਾਸਨ ਨੂੰ ਮੁੜ ਧਰਤੀ ਵਿਚ ਦਬਵਾ ਦੇਂਦਾ ਹੈ ਤੇ ਖ਼ੁਦ ਵੈਰਾਗ ਲੈ ਲੈਂਦਾ ਹੈ।

ਸਿੰਘਾਸਨ ਬਤੀਸੀ ਦੀਆਂ ਕਥਾਵਾਂ ਵਾਂਗ ਉਸ ਦੀ ਭੂਮਿਕਾ ਵੀ ਬੜੀ ਰੌਚਕ ਤੇ ਅਦਭੁਤ ਹੈ। ਉਜੈਨ ਨਗਰੀ ਦਾ ਰਾਜਾ ਭੋਜ ਬੜਾ ਸੂਝਵਾਨ, ਮਹਾਂ ਬਲੀ ਅਤੇ ਧਰਮਾਤਮਾ ਸੀ। ਉਸ ਦੀ ਨਗਰੀ ਵਿਚ ਇਕ ਸ਼ਖ਼ਸ ਨੇ ਖੁਲ੍ਹੇ ਖੇਤ ਵਿਚ ਇਕ ਮਚਾਨ ਬਣਵਾਈ। ਜਿਹੜਾ ਸ਼ਖ਼ਸ ਵੀ ਉਸ ਮਚਾਨ ਉਤੇ ਚੜ੍ਹਦਾ, ਉਸ ਦੇ ਅੰਦਰ ਰਾਜਿਆਂ ਵਾਲੀ ਖ਼ੁਦੀ ਤੇ ਤਕੱਬਰ ਸੁਤੇ ਸਿਧ ਪੈਦਾ ਹੋ ਜਾਂਦਾ ਅਤੇ ਉਹ ਆਪਣੇ ਸਿਪਾਹੀਆਂ ਨੂੰ ਆਵਾਜ਼ਾਂ ਮਾਰਦਾ ਹੋਇਆ ਰਾਜੇ ਭੋਜ ਨੂੰ ਬੰਦੀ ਬਣਾ ਕੇ ਲਿਆਉਣ ਦਾ ਹੁਕਮ ਦਿੰਦਾ। ਸੋ ਰਾਜੇ ਭੋਜ ਨੇ ਪੰਡਤਾਂ ਤੇ ਜੋਤਸ਼ੀਆਂ ਨੂੰ ਸਦਵਾ ਕੇ ਇਸ ਗੱਲ ਦਾ ਕਾਰਨ ਪੁਛਿਆ। ਜੋਤਸ਼ੀਆਂ ਨੇ ਦਸਿਆ ਕਿ ਉਸ ਧਰਤੀ ਦੇ ਹੇਠਾਂ ਕੋਈ ਕੀਮਤੀ ਖ਼ਜ਼ਾਨਾ ਜਾਂ ਵਡਮੁੱਲੀ ਵਸਤੂ ਦੱਬੀ ਹੋਈ ਹੈ। ਜਦੋਂ ਧਰਤੀ ਖੁਦਵਾਈ ਗਈ, ਤਾਂ ਹੇਠੋਂ ਇਕ ਸਿੰਘਾਸਨ ਨਿਕਲਿਆ, ਜਿਸ ਨੂੰ ਲੱਖਾਂ ਮਜ਼ਦੂਰ ਵੀ ਰਲ ਕੇ ਨਾ ਹਿਲਾ ਸਕੇ। ਰਾਜੇ ਭੋਜ ਨੇ ਦੈਵੀ ਸਹਾਇਤਾ ਲਈ ਇਕ ਕਰੋੜ

ਮੱਝਾਂ ਗਾਵਾਂ ਦੀ ਬਲੀ ਦਿਤੀ, ਤਾਂ ਉਹ ਜੜਾਊ ਸਿੰਘਾਸਨ ਅਸਾਨੀ ਨਾਲ ਚੁਕਿਆ ਜਾ ਸਕਿਆ। ਉਸ ਸਿੰਘਾਸਨ ਦੇ ਚੌਹਾਂ ਪਾਵਿਆਂ ਨਾਲ ਅੱਠ ਅੱਠ ਪੁਤਲੀਆਂ ਲਟਕ ਰਹੀਆਂ ਸਨ ਅਤੇ ਹਰੇਕ ਪੁਤਲੀ ਦੇ ਹੱਥਾਂ ਵਿਚ ਇਕ ਇਕ ਕੰਵਲ ਫੁੱਲ ਸੀ।

ਭਾਰਤੀ ਸੰਸਕ੍ਰਿਤੀ ਅਨੁਸਾਰ ਮਹਾਂਪੁਰਸ਼ੀ ਦੇ ਬੱਤੀ ਲੱਛਣ ਹਨ ਅਤੇ ਇਸ ਸੰਗ੍ਰਹਿ ਦੀ ਹਰੇਕ ਕਥਾ ਕਿਸੇ ਇਕ ਲੱਛਣ ਦਾ ਕਥਾਤਮਿਕ ਪ੍ਰਗਟਾਅ ਹੈ। ਉਪਰੋਂ ਵੇਖਿਆਂ ਹਰੇਕ ਕਹਾਣੀ ਇਕ ਪਰੀ-ਕਥਾ ਹੈ ਜਿਸ ਵਿਚ ਕਈ ਤਰ੍ਹਾਂ ਦੀਆਂ ਪਰਾਸਰੀਰਕ ਤੇ ਅਲੌਕਿਕ ਰੂੜ੍ਹੀਆਂ ਸਮਿਲਤ ਹਨ, ਪਰ ਡੂੰਘੀ ਨਜ਼ਰੇ ਹਰੇਕ ਕਹਾਣੀ ਵਿਚ ਰਮਜ਼ ਭਰੀ ਨੈਤਿਕਤਾ ਹੈ, ਜੋ ਰਾਜ ਸਿੰਘਾਸਨ ਉਪਰ ਬੈਠਣ ਵਾਲੇ ਰਾਜੇ ਦੇ ਕਿਸੇ ਵਿਸ਼ੇਸ਼ ਗੁਣ ਉਤੇ ਬਲ ਦੇਂਦੀ ਹੈ।

ਇਨ੍ਹਾਂ ਕਥਾਵਾਂ ਵਿਚ ਲੋਕ-ਮਨ ਦੀ ਅਭਿਵਿਅਕਤੀ ਪੂਰੇ ਜਲਾਲ ਵਿਚ ਹੈ। ਲਕੜੀ ਦੀਆਂ ਪੁਤਲੀਆਂ ਮਨੁਖਾਂ ਵਾਂਗ ਗੱਲਾਂ ਕਰਦੀਆਂ ਹੋਈਆਂ ਰਾਜਾ ਭੋਜ ਨੂੰ ਸਿੰਘਾਸਨ ਉਤੇ ਪੈਰ ਧਰਨ ਤੋਂ ਵਰਜਦੀਆਂ ਹਨ। ਖੀਰੇ ਨੂੰ ਛੁਰੀ ਨਾਲ ਕੱਟਣ ਵਾਲੇ ਦਾ ਆਪਣਾ ਸਿਰ ਸੁਤੇ ਸਿਧ ਕਟ ਜਾਂਦਾ ਹੈ। ਇਕ ਖੂਹ ਦੇ ਪਾਣੀ ਦੇ ਛੱਟੇ ਮਾਰਨ ਨਾਲ ਕੰਨਿਆਂ ਬਾਂਦਰੀ ਦਾ ਰੂਪ ਧਾਰ ਲੈਂਦੀ ਹੈ, ਦੂਜੇ ਖੂਹ ਦੇ ਪਾਣੀ ਦੇ ਛੱਟਿਆਂ ਨਾਲ, ਉਹ ਮੁੜ ਅਸਲੀ ਰੂਪ ਵਿਚ ਆ ਜਾਂਦੀ ਹੈ। ਰੂਪ-ਪਰਿਵਰਤਨ ਆਮ ਹੈ। ਰਾਜੇ ਬਾਹੂ ਬਲ ਦਾ ਵਜ਼ੀਰ ਲੂਤਬਰਨ ਕਾਂ ਦੇ ਭੇਸ ਵਿਚ ਰਾਜੇ ਵਿਕ੍ਰਮਾਜੀਤ ਉਤੇ ਵਿਠ ਕਰਦਾ ਹੈ। ਰਾਜਾ ਤੇਲ ਦੇ ਤਪਦੇ ਕੜਾਹੇ ਵਿਚੋਂ ਲੰਘਦਾ ਹੋਇਆ ਪਹਿਲਾਂ ਪ੍ਰਾਣ ਤਿਆਗ ਦੇਂਦਾ ਹੈ ਤੇ ਫਿਰ ਬੀਰ ਉਸ ਨੂੰ ਮੁੜ ਜ਼ਿੰਦਾ ਕਰ ਦੇਂਦੇ ਹਨ। ਜੜ੍ਹ ਵਸਤੂਆਂ ਪ੍ਰਾਣਧਾਰੀ ਰੂਪ ਵਿਚ ਵਿਚਰਦੀਆਂ ਹਨ ਅਤੇ ਅਮੂਰਤ ਚੀਜ਼ਾਂ ਸਮੂਰਤ ਰੂਪ ਵਿਚ।

ਇਹ ਕਥਾਵਾਂ ਵਿਕ੍ਰਮਾਦਿੱਤਯ ਕਥਾ-ਚਕਰ ਦੇ ਅੰਤਰਗਤ ਆਉਂਦੀਆਂ ਹਨ। ਐਨ. ਪੀ. ਪੇਂਜਰ (ਔਸ਼ਨ ਆਫ਼ ਸਟੋਰੀ, 6,228) ਅਨੁਸਾਰ ਇਹ ਸੰਕਲਨ 13ਵੀਂ ਸਦੀ ਤੋਂ ਪੂਰਬਲੀ ਰਚਨਾ ਨਹੀਂ, ਪਰ ਕਥਾਵਾਂ ਚਰਿਤ੍ਰ ਵਿਚ ਬਹੁਤ ਹੀ ਪ੍ਰਾਚੀਨ ਜਾਪਦੀਆਂ ਹਨ। ਕਿਉਂ ਜੋ ਇਨ੍ਹਾਂ ਵਿਚ ਧਾਰਮਕ ਤੱਤ ਨਾਲੋਂ ਜਾਦੂ ਟੂਣੇ ਦਾ ਤੱਤ ਕਾਫ਼ੀ ਬਲਵਾਨ ਤੇ ਉਘੜਵਾਂ ਹੈ।

ਸਿੰਘਾਸਨ ਬਤੀਸੀ ਦੇ ਕਈ ਅਨੁਵਾਦ ਹੱਥ-ਲਿਖਤਾਂ ਦੇ ਰੂਪ ਵਿਚ ਮਿਲਦੇ ਹਨ। ਬਹੁਤੇ ਅਨੁਵਾਦ ਕਵਿਤਾ ਵਿਚ ਹਨ। ਇਕ ਅਨੁਵਾਦ ਸੋਢੀ ਮਿਹਰਬਾਨ ਦੇ ਨਾਂ ਹੇਠ ਵੀ ਮਿਲਦਾ ਹੈ ਜਿਸ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਹਰੇਕ ਕਥਾ ਦੇ ਅੰਤ ਵਿਚ ਕਥਾ ਵਿਚਲੀ ਨੈਤਿਕਤਾ ਦਾ ਸਾਰ ਸਲੋਕ ਵਿਚ ਦਿਤਾ ਗਿਆ ਹੈ ਤੇ ਉਸ ਵਿਚ ਨਾਨਕ ਨਾਂ ਦਾ ਵੀ ਉਲੇਖ ਹੈ, ਜਿਵੇਂ ਅਠਵੀਂ ਕਥਾ ਦੇ ਅੰਤ ਵਿਚ ਲਿਖਿਆ ਹੈ:

"ਜੋ ਤਨ ਧਨੁ ਪ੍ਰਭ ਕਾ ਜਾਨ ਕੈ ਅਗੇ ਪ੍ਰਭੁ ਕਾਜਾ।
'ਨਾਨਕ' ਸੋ ਜਨ ਆਪਨਾ ਪ੍ਰਭ ਆਪ ਨਿਵਾਜਾ।"

ਜਾਪਦਾ ਹੈ ਕਿ ਸੋਢੀ ਮਿਹਰਵਾਨ ਨੇ ਇਨ੍ਹਾਂ ਕਥਾਵਾਂ ਨੂੰ ਸਿੱਖ ਲੋਕਧਾਰਾ ਤੇ ਨੈਤਿਕਤਾ ਦਾ ਅੰਗ ਬਨਾਉਣ ਦਾ ਯਤਨ ਕੀਤਾ ਹੈ।

ਇਕ ਹੱਥ-ਲਿਖਤ ਵਿਚ ਸਿੰਘਾਸਨ ਬਤੀਸੀ ਦੀ ਕਥਾ ਦਾ ਮਹਾਤਮ ਇਉਂ ਦਰਜ ਹੈ:

ਵਿਪ੍ਰ ਸੁਨੈ ਯਾ ਕਥਾ ਕੋ,
ਵਿਦਯਾ ਬੁਧਿ ਕੀ ਦਾਨਿ।
ਛਤ੍ਰੀ ਸੁਨੈ ਸੁ ਧਰਮ ਰਤਿ,
ਸੁਖ ਸਮੂਹ ਕੀ ਖਾਨਿ।
ਬੈਸ ਸੁਨੈ ਬਹੁ ਧਨ ਲਹੈ,
ਸੂਦ੍ਰ ਸੁਨੈ ਸੁਖ ਪਾਇ।
ਭੂਪ ਸੁਨੈ ਬਹੁ ਹਰਖ ਸੋ,
ਨਿਤ ਉਠਿ ਕਰੈ ਨਿਆਇ।

ਇਹੋ ਮਧਕਾਲੀਨੀ ਬਿਰਤੀ ਰਹੀ ਹੈ।

ਕਾਮ ਕੰਦਲਾਂ ਅਤੇ ਅਮਰ ਫਲ ਦੀ ਪ੍ਰਸਿਧ ਕਥਾ ਇਸੇ ਸੰਕਲਨ ਵਿਚ ਮਿਲਦੀ ਹੈ।

(ਸ-492) **ਸਿੰਙੀ**:

ਅਹੇੜੀਆਂ ਦੀ ਇਕ ਟਪਰੀਵਾਸੀ ਜਾਤੀ; ਇਹ ਲੋਕ ਹਿਰਨਾਂ ਦੇ ਸਿੰਙਾਂ ਨਾਲ ਆਪਣੀਆਂ ਝੁਗੀਆਂ ਛਤਿਆ ਕਰਦੇ ਸਨ, ਜਿਸ ਕਰ ਕੇ ਸਿੰਙੀ ਨਾਉਂ ਨਾਲ ਪ੍ਰਸਿਧ ਹੋ ਗਏ। ਇਹ ਜਾਤੀ ਵਧੇਰੇ ਕਰ ਕੇ ਰਾਜਸਥਾਨ ਵਿਚ ਮਿਲਦੀ ਹੈ,

ਪਰ ਕੁਝ ਲੋਕ ਪੂਰਬੀ ਪੰਜਾਬ ਵਿਚ ਰਹਿੰਦੇ ਹਨ (ਵੇਖੋ : ਟਪਰੀਵਾਸੀ)।

(ਸ-493) **ਸਿੰਙੀ ਸਿਧਾਂ ਦੀ** :

ਚਾਂਦੀ ਦੀ ਇਕ ਛੋਟੀ ਜਿਹੀ ਤਾਰ, ਜੋ ਪਹਾੜੀ ਲੋਕ ਗਲ ਵਿਚ ਪਹਿਨਦੇ ਹਨ। ਵਿਸ਼ਵਾਸ਼ ਹੈ ਕਿ ਜੋ ਸ਼ਖਸ ਇਸ ਸਿੰਙੀ ਨੂੰ ਧਾਰਨ ਕਰਦਾ ਹੈ, ਸਿਧ ਬਾਲਕ ਨਾਥ ਜੋਗੀ ਉਸ ਦੀ ਦੁਖ-ਮੁਸੀਬਤ ਵੇਲੇ ਰੱਖਿਆ ਕਰਦਾ ਹੈ। ਜੋ ਸਿਧਾਂ ਦੀ ਸਿੰਙੀ ਨਹੀਂ ਪਹਿਨਦਾ, ਉਸ ਉਤੇ ਸਿਧ ਦੀ ਕਰੋਪੀ ਰਹਿੰਦੀ ਹੈ।

(ਸ-494) **ਸਿਜਦਾ** :

ਗੋਡਿਆਂ ਪਰਨੇ ਹੋ ਕੇ ਭੋਇੰ ਤੇ ਸਿਰ ਨਿਵਾ ਕੇ ਪ੍ਰਾਰਥਨਾ ਕਰਨਾ; ਆਦਮ ਅਵਸਥਾ ਵਿਚ ਮਨੁੱਖ ਤਾਬੇਦਾਰੀ ਜਾਂ ਸਤਿਕਾਰ ਪ੍ਰਗਟ ਕਰਨ ਲਈ ਗੋਡੇ ਪਰਨੇ ਹੋ ਕੇ ਸਿਰ ਝੁਕਾਇਆ ਕਰਦਾ ਸੀ। ਇਸੇ ਦਾ ਸੋਧਿਆ ਹੋਇਆ ਰੂਪ ਹਿੰਦੂਆਂ ਵਿਚ ਅਸ਼ਟਾਂਗ ਤੇ ਮੁਸਲਮਾਨਾਂ ਵਿਚ ਸਿਜਦਾ ਹੈ। ਮੁਸਲਮਾਨ ਨਮਾਜ਼ ਪੜ੍ਹਨ ਤੇ ਪ੍ਰਾਰਥਨਾ ਕਰਨ ਵੇਲੇ ਝੁਕ ਕੇ ਗੋਡੇ ਪਰਨੇ ਜ਼ਿਮੀਂ ਤੇ ਬੈਠਦੇ ਤੇ ਸਿਰ ਝੁਕਾਂਦੇ ਹਨ, ਇਸੇ ਆਸਨ ਨੂੰ ਸਿਜਦਾ ਕਰਨਾ ਕਹਿੰਦੇ ਹਨ। ਮੁਸਲਮਾਨ ਹਮੇਸ਼ਾਂ ਪੱਛਮੀ ਦਿਸ਼ਾ ਵਲ ਸਿਜਦਾ ਕਰਦੇ ਹਨ, ਕਿਉਂ ਜੋ ਉਸੇ ਪਾਸੇ ਵਲ ਕਾਅਬਾ ਹੈ (ਵੇਖੋ : ਨਮਾਜ਼)।

(ਸ-495) **ਸਿਜਲ** :

ਮੁਸਲਮਾਨੀ ਪਰੰਪਰਾ ਅਨੁਸਾਰ ਇਕ ਫ਼ਰਿਸ਼ਤਾ ਜਿਸ ਦੇ ਪਾਸ ਅੱਲਾ ਦਾ ਰੋਜ਼ਨਾਮਚਾ ਹੁੰਦਾ ਹੈ। ਹਿੰਦੂਆਂ ਦੇ ਧਰਮਰਾਜ ਵਾਂਗ, ਸਿਜਲ ਆਪਣੇ ਵਹੀ ਖਾਤੇ ਵਿਚ ਇਨਸਾਨਾਂ ਦੇ ਕਰਮਾਂ ਦਾ ਲੇਖਾ ਦਰਜ ਕਰਦਾ ਰਹਿੰਦਾ ਹੈ। ਸਿਜਲ ਦੇ ਰੋਜ਼ਨਾਮਚੇ ਅਨੁਸਾਰ ਹੀ ਪ੍ਰਾਣੀ ਨੂੰ ਜੰਨਤ ਜਾਂ ਦੋਜ਼ਖ਼ ਵਿਚ ਸੁਟਿਆ ਜਾਂਦਾ ਹੈ।

(ਸ-496) **ਸਿਟ** :

(1) ਡੋਲੀ ਤੁਰਨ ਵੇਲੇ, ਦੂਲ੍ਹੇ ਦੇ ਪਿਉ ਵਲੋਂ, ਦੁਲਹਨ ਦੀ ਡੋਲੀ ਤੋਂ ਵਾਰ ਕੇ ਜਾਂ ਬਰਾਤ ਦੇ ਢੁਕਾਓ ਵੇਲੇ ਦੂਲ੍ਹੇ ਦੇ ਸਿਰ ਤੋਂ ਵਾਰ ਕੇ ਸੁਟੇ ਗਏ ਰੁਪਏ। ਇਹ ਇਕ ਤਰ੍ਹਾਂ ਦਾ 'ਸਿਰ ਵਾਰਨਾ' ਹੁੰਦਾ ਹੈ ਅਤੇ ਇਸ ਦਾ ਉਦੇਸ਼ ਵਰ ਤੇ ਕੰਨਿਆਂ ਤੋਂ ਬਦ-ਨਜ਼ਰ ਤੇ ਪ੍ਰੇਤ ਰੂਹਾਂ ਨੂੰ ਦੂਰ ਰਖਣਾ ਹੈ (ਵੇਖੋ : ਸੋਟ)।

(2) ਕੱਚੇ ਮਸਾਣ ਦੁਆਰਾ ਦੁਸ਼ਮਣ 'ਤੇ ਜਾਦੂ ਦੇ ਵਰ ਨੂੰ ਵੀ 'ਸਿਟ' ਕਹਿਆ ਜਾਂਦਾ ਹੈ। ਇਸ ਨੂੰ 'ਮੁੱਠ ਸੁਟਣਾ' ਵੀ ਕਹਿੰਦੇ ਹਨ (ਵੇਖੋ : ਮੁੱਠ ਸੁਟਣਾ)। ਜਿਸ ਉਤੇ ਮੁੱਠ ਸੁਟੀ ਜਾਵੇ, ਉਸ ਨੂੰ ਕੋਈ ਭਿਆਨਕ ਰੋਗ ਹੋ ਜਾਂਦਾ ਹੈ, ਜਿਸ ਕਰ ਕੇ ਕਈ ਵਾਰ ਉਸ ਦੀ ਮੌਤ ਵੀ ਹੋ ਜਾਂਦੀ ਹੈ।

(ਸ-497) **ਸਿੱਠ** :

ਪੰਜਾਬ ਦਾ ਇਕ ਲੋਕ-ਕਾਵਿ-ਰੂਪ, ਜਿਸ ਵਿਚ ਕਿਸੇ ਸ਼ਖਸ ਦੀ ਸੁਭਾਵਿਕ ਕਮਜ਼ੋਰੀ ਦੀ ਭੰਡੀ ਪਾਈ ਗਈ ਹੁੰਦੀ ਹੈ। ਸਿੱਠ ਸੰਸਕ੍ਰਿਤ ਦੇ ਸ਼ਬਦ 'ਸ੍ਰਠ' ਦਾ ਵਿਕ੍ਰਿਤ ਰੂਪ ਹੈ, ਜਿਸ ਦਾ ਅਰਥ ਹੈ — ਅਯੋਗ ਵਚਨ। ਪੰਜਾਬੀ ਵਿਚ ਸਿੱਠ ਸ਼ਬਦ ਨਿੰਦਾ, ਭੰਡੀ, ਵਿਅੰਗ ਆਦਿ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਹ ਕਾਵਿ ਰੂਪ ਉਰਦੂ ਦੇ 'ਹਜਵ' ਨਾਲ ਕਾਫ਼ੀ ਮੇਲ ਖਾਂਦਾ ਹੈ।

ਮਧਕਾਲ ਵਿਚ ਇਹ ਕਾਵਿ-ਰੂਪ ਵਧੇਰੇ ਕਰ ਕੇ ਭੰਡਾਂ ਮਿਰਾਸੀਆਂ ਵਿਚ ਪ੍ਰਚਲਤ ਸੀ, ਜੋ ਜ਼ਿਮੀਂਦਾਰਾਂ, ਸ਼ਾਹੂਕਾਰਾਂ ਤੇ ਆਪਣੇ ਸਰਪ੍ਰਸਤਾਂ ਤੋਂ, ਆਸ ਨਾਲੋਂ ਘਟ ਮਿਲੇ ਦਾਨ ਤੋਂ ਚਿੜ ਕੇ, ਉਨ੍ਹਾਂ ਤੇ ਵਿਅੰਗ ਕਰਨ ਲਈ ਸਿੱਠਾਂ ਜੋੜਦੇ ਸਨ। ਹੇਠਾਂ ਇਕ 'ਸ਼ਾਹ ਦੀ ਸਿੱਠ' ਦਿਤੀ ਜਾਂਦੀ ਹੈ, ਜੋ ਪੱਛਮੀ ਪੰਜਾਬ ਵਿਚ ਕਾਫ਼ੀ ਪ੍ਰਚਲਤ ਰਹੀ ਹੈ :

(1) ਜੀਵੇ ਤੇਰੀ ਸ਼ਾਹੂਕਾਰੀ —
ਦੋ ਮੁਠ ਆਟਾ ਨਹੀਂ ਮੁਕਣਾ,
ਭਾਵੇਂ ਖਾਈਏ ਉਮਰਾਂ ਸਾਰੀ।
ਸਾਰੀ ਮੁਦਾਂ ਸਿਰ ਕਜੇਸੀ
ਤੈਂਡੀ ਫਟੀ ਹੋਈ ਸਲਾਹੀ।
ਮੇਰੇ ਸ਼ਾਹਾ ! ਮੈਂ ਤੈਥੋਂ ਵਾਰੀ।

(2) ਵੇ ਟਕਰ ਦਿਤਾ ਈ ਸਤਮਾਹਿਆ
ਸਾਡੇ ਵੰਦਾਂ ਦੀ ਉਮਰ ਪੰਜਾਹ ਦੀ
ਮੰਘੋ ਥੱਲੇ ਲਾਹਣ ਲਈ
ਮਿਹਰ ਚਾਹੀਦੀ ਏ ਹੁਣ ਅਲਾਹ ਦੀ।
ਭਾਵੇਂ ਥੀ ਵੰਞੇ ਜਿੰਦ ਢੇਰੀ
ਪਰ ਜੀਵੇ ਰਹਿਮਤ ਤੇਰੀ।

(3) ਵਡੀ ਸਰਦਾਰੀ ਤੇਰੀ —
ਸਾਨੂੰ ਲੰਙੜੀ ਮਿਲੀ ਵਛੇਰੀ
ਮੰਗੀ ਸੀ ਚੜ੍ਹਨ ਨੂੰ
ਪਰ ਦਿਤੀ ਮੋਢੇ ਧਰਨ ਨੂੰ
ਜਿੰਦ ਥੀ ਵੰਞੇ ਨਾ ਢੇਰੀ,
ਰੱਬ ਆਪ ਰਖੇਸੀ।

ਸਿੱਠ ਵਿਚ ਦੋ ਪ੍ਰਮੁਖ ਤੱਤ ਹੁੰਦੇ ਹਨ — ਇਕ, ਅਤਿ-ਕਥਨੀ ਦਾ, ਭਾਵ ਹਰੇਕ ਗੱਲ ਵਧਾ ਚੜ੍ਹਾ ਕੇ ਕੀਤੀ ਜਾਂਦੀ ਹੈ। ਦੂਜਾ, ਵਿਅੰਗ ਦਾ, ਭਾਵ ਹਰ ਗੱਲ ਦਾ ਮੌਜੂ ਉਡਾਇਆ ਜਾਂਦਾ ਹੈ। ਪੰਜਾਬ ਦੀ ਇਕ ਹੋਰ ਪ੍ਰਸਿਧ ਸਿੱਠ 'ਖ਼ਾਨ ਸੂਰਮੇ' ਦੀ ਹੈ, ਜਿਸ ਵਿਚ ਪਠਾਣਾਂ ਦੀ ਵੀਰਤਾ ਦਾ ਅਪਹਾਸ ਹੈ :

ਖ਼ਾਨ ਸੂਰਮੇ ਚੜ੍ਹੇ ਸ਼ਿਕਾਰ,
ਮੱਖੀ ਘੇਰੀ ਵਿਚ ਬਾਜ਼ਾਰ
ਮਾਰੀ ਨਹੀਂ ਪਰ ਲੰਙੜੀ ਕੀਨੀ,
ਇਹ ਵੀ ਫ਼ਤਹਿ ਖ਼ੁਦਾ ਨੇ ਦੀਨੀ।

ਇਹ ਸਿੱਠ ਸਿੱਖਾਂ ਦੀ ਚੜ੍ਹਤ ਸਮੇਂ ਪ੍ਰਚਲਤ ਹੋਈ (ਵੇਖੋ : ਸਿਠਣੀ)।

(ਸ-498) **ਸਿਠਣੀ :**

ਸਿਠਣੀ ਦਾ ਕਾਵਿ-ਰੂਪ ਪੰਜਾਬੀ ਸੁਭਾਅ ਦੇ ਅਨੁਕੂਲ ਅਤੇ ਪ੍ਰਤਿਕੂਲ ਲਛਣਾਂ ਦਾ ਸਹਿਜ ਸੰਜੋਗ ਹੋਣ ਕਰ ਕੇ ਵੱਖਰੀ ਪ੍ਰਕ੍ਰਿਤੀ ਰਖਦਾ ਹੈ। ਅਨੁਕੂਲਤਾ ਇਹ ਹੈ ਕਿ ਪੰਜਾਬੀ ਸੁਭਾਅ ਵਿਚ ਤਨਜ਼ ਅਤੇ ਵਿਅੰਗ ਹੈ, ਜੋ ਇਸ ਕਾਵਿ ਰੂਪ ਵਿਚ ਪੂਰੀ ਸਮਰੱਥਾ ਨਾਲ ਵਿਗਸਿਆ ਹੈ। ਪ੍ਰਤਿਕੂਲਤਾ ਇਹ ਹੈ ਕਿ ਪੰਜਾਬੀ ਮਹਿਮਾਨ-ਨਿਵਾਜ਼ ਹੋਣ ਕਰ ਕੇ, ਆਪਣੇ ਘਰ ਆਏ ਅਤਿਥੀ ਨੂੰ ਬੜੀ ਇੱਜ਼ਤ ਆਬਰੋ ਦੇਂਦੇ ਹਨ, ਪਰ ਸਿਠਣੀਆਂ ਵਿਚ ਕੰਨਿਆਂ ਪੱਖ ਦੀਆਂ ਤੀਵੀਆਂ ਵਰ ਪੱਖ ਦਾ ਮਜ਼ਾਕ ਉਡਾਂਦੀਆਂ, ਟਿਚਕਰਾਂ ਕਰਦੀਆਂ ਅਤੇ ਉਨ੍ਹਾਂ ਦੀਆਂ ਤਰੁਟੀਆਂ ਦੀ ਭੰਡੀ ਪਾਉਂਦੀਆਂ ਹਨ। ਇਹ ਗੱਲ ਹੋਰ ਵੀ ਹੈਰਾਨੀ ਭਰੀ ਹੈ ਜਦੋਂ ਕਿ ਸਾਡੇ ਸਮਾਜ ਵਿਚ ਵਰ ਪੱਖ ਦਾ ਮੁਰਾਤਬਾ ਕੰਨਿਆਂ ਪੱਖ ਨਾਲੋਂ ਉਚਾ ਸਮਝਿਆ ਜਾਂਦਾ ਹੈ, ਫਿਰ ਵਰ ਪੱਖ ਨੂੰ ਇਉਂ ਠਿੱਠ ਕਰਨ ਦਾ ਕੀ ਕਾਰਨ ? ਇਸ ਲਈ ਸਿਠਣੀ ਦਾ ਕਾਵਿ-ਰੂਪ ਗੰਭੀਰ ਵਿਚਾਰ ਦੀ ਮੰਗ ਕਰਦਾ ਹੈ ਅਤੇ ਇਸ ਰੂਪ ਦਾ ਉਦਭਵ ਬਾਰੇ ਜਾਣਨਾ ਜ਼ਰੂਰੀ ਹੋ ਜਾਂਦਾ ਹੈ।

ਮੇਰੀ ਜਾਚੇ ਸਿਠਣੀਆਂ ਦੇ ਉਦਭਵ ਵਿਚ ਦੋ ਪਰੰਪਰਾਵਾਂ ਦਾ ਸੰਜੋਗ ਹੈ। ਇਕ ਤਾਂ ਬੋਲ ਕਬੋਲ ਤੇ ਠਿੱਠ ਕਰਨ ਦੀ ਰੀਤ ਜੋ ਕਿਸੇ ਆਦਿਮ ਰੀਤ ਦਾ ਸਹਿਜ ਵਿਕਾਸ ਹੈ। ਪ੍ਰਾਚੀਨ ਕਾਲ ਵਿਚ ਪੰਜਾਬ ਦੇ ਕੁਝ ਕਬੀਲਿਆਂ ਵਿਚ ਉਧਾਲੇ ਦੁਆਰਾ ਵਿਆਹ ਹੁੰਦੇ ਸਨ। ਦੂਲ੍ਹੇ ਦਾ ਹੱਥ ਵਿਚ ਤਲਵਾਰ ਫੜ ਕੇ ਘੋੜੇ ਉਤੇ ਸਵਾਰ ਹੋਣਾ ਅਤੇ ਢੇਰ ਸਾਰੇ ਬਰਾਤੀਆਂ ਨੂੰ ਨਾਲ ਲੈ ਕੇ ਇਉਂ ਨਿਕਲਣਾ ਜਿਵੇਂ ਸੂਰਮਾ ਕੋਈ ਮਾਲੀ ਜਿਤਣ ਚਲਿਆ ਹੋਵੇ। ਇਸ ਤਰ੍ਹਾਂ ਦੀ ਚੜ੍ਹਤ ਵਾਲਾ ਵਿਆਹ ਪੁਰਾਣੇ ਵੇਲਿਆਂ ਦੇ ਉਧਾਲੇ ਦਾ ਹੀ ਪ੍ਰਤੀਕ ਰੂਪ ਹੈ। ਕੁਝ ਮਾਨਵ-ਸ਼ਾਸਤ੍ਰੀਆਂ ਦੀ ਵੀ ਇਹੋ ਧਾਰਨਾ ਹੈ। ਉਧਾਲੇ ਵੇਲੇ ਜਦੋਂ ਇਕ ਕਬੀਲੇ ਦੇ ਲੋਕ ਦੂਜੇ ਕਬੀਲੇ ਦੀ ਧੀ ਭੈਣ ਉਧਾਲ ਕੇ ਲੈ ਜਾਂਦੇ, ਤਦੋਂ ਦੂਜੇ ਕਬੀਲੇ ਦੇ ਗਭਰੂ ਤਾਂ ਵਾਹਰ ਲੈ ਕੇ ਉਨ੍ਹਾਂ ਦਾ ਪਿੱਛਾ ਕਰਦੇ, ਪਰ ਤੀਵੀਆਂ ਘਰਾਂ ਵਿਚ ਬੈਠੀਆਂ ਉਧਾਲਣ ਵਾਲੇ ਕਬੀਲੇ ਦੇ ਵਡਿਆਂ ਨੂੰ ਕੋਸਦੀਆਂ ਰਹਿੰਦੀਆਂ। ਸਿਠਣੀਆਂ ਉਨ੍ਹਾਂ ਅਜੋਗ ਬਚਨਾਂ, ਭੰਡੀ ਭਰੇ ਬੋਲਾਂ ਅਤੇ ਠਿਠ ਦੀ ਕਾਵਿ-ਮਾਧਿਅਮ ਦੁਆਰਾ ਪੇਸ਼ਕਾਰੀ ਕਹੀ ਜਾ ਸਕਦੀ ਹੈ।

ਉਧਾਲੇ ਦੇ ਕੁਝ ਹੋਰ ਅਵਸ਼ੇਸ਼ ਵੀ ਪੰਜਾਬੀ ਵਿਆਹ ਦੀਆਂ ਰੀਤਾਂ ਵਿਚ ਮਿਲਦੇ ਹਨ। ਪਹਾੜੀ ਇਲਾਕੇ ਵਿਚ ਕਈ ਥਾਈਂ ਵਿਆਹ ਸਮੇਂ ਦੂਲ੍ਹੇ ਨੂੰ ਰਤਾ ਬਚਾ ਕੇ ਇਉਂ ਪੱਥਰ ਮਾਰੇ ਜਾਂਦੇ ਹਨ, ਤਾਂ ਜੋ ਪੱਥਰ ਉਸ ਨੂੰ ਲੱਗਣ ਨਾ। ਪੰਜਾਬ ਦੇ ਮੈਦਾਨੀ ਇਲਾਕੇ ਵਿਚ ਵੀ ਪਹਿਲਿਆਂ ਵਿਚ ਦੂਲ੍ਹੇ ਤੇ ਬਰਾਤੀਆਂ ਨੂੰ ਬੜਾ ਤੰਗ ਕੀਤਾ ਜਾਂਦਾ ਸੀ। ਇਥੋਂ ਤਕ ਕਿ ਖਾਣ ਦੀਆਂ ਚੀਜ਼ਾਂ

ਵਿਚ ਲੂਣ ਮਿਰਚ ਜਾਂ ਮਿੱਠਾ ਜ਼ਿਆਦਾ ਪਾ ਦੇਣਾ। ਕੇਲਿਆਂ ਵਿਚ ਸੂਈਆਂ ਪਾ ਕੇ ਖਾਣ ਨੂੰ ਦੇਣੀਆਂ।

ਦੂਜੀ ਗੱਲ ਇਹ ਹੈ ਕਿ ਪੁਰਾਣੇ ਵੇਲਿਆਂ ਵਿਚ ਲੋਕਾਂ ਦੀ ਧਾਰਨਾ ਸੀ ਕਿ ਮੰਗਲ ਕਾਰਜਾਂ ਵੇਲੇ ਪ੍ਰੇਤ ਰੂਹਾਂ ਖ਼ੁਸ਼ੀ ਨੂੰ ਖੰਡਤ ਕਰਨ ਦੇ ਯਤਨ ਵਿਚ ਤਤਪਰ ਰਹਿੰਦੀਆਂ ਹਨ। ਵਿਆਹ ਨਾਲ ਵਰ ਤੇ ਕੰਨਿਆਂ ਦੋਵੇਂ ਜੀਵਨ ਦੇ ਇਕ ਨਵੇਂ ਤੇ ਅਹਿਮ ਮੋੜ ਉਤੇ ਕਦਮ ਧਰਦੇ ਹਨ, ਇਸ ਲਈ ਪ੍ਰੇਤ ਰੂਹਾਂ ਦੇ ਕਰੂਰ ਪ੍ਰਭਾਵ ਤੋਂ ਬਚਣ ਲਈ ਜੰਞ ਦੇ ਢੁਕਾਅ ਵੇਲੇ ਗਾਲ੍ਹੀ ਗਲੋਚ, ਅਯੋਗ ਵਚਨ ਜਾਂ ਭੰਡੀ ਭਰੇ ਬੋਲਾਂ ਨੂੰ ਪ੍ਰਯੋਗ ਕਰਨ ਦਾ ਰਵਾਜ ਸੀ। ਬਿਲਕੁਲ ਉਸੇ ਤਰ੍ਹਾਂ ਜਿਵੇਂ ਮਾਵਾਂ ਬੱਚੇ ਨੂੰ ਸਜਾ ਸ਼ਿੰਗਾਰ ਕੇ ਅਖੰਡ ਸੁੰਦਰਤਾ ਦਾ ਪ੍ਰਭਾਵ ਖੰਡਤ ਕਰਨ ਲਈ, ਉਸ ਦੇ ਮੱਥੇ ਉਤੇ ਕਾਲਾ ਦਾਗ ਲਗਾ ਦਿੰਦੀਆਂ ਹਨ ਜਾਂ ਕਿਸੇ ਖ਼ੂਬਸੂਰਤ ਮਕਾਨ ਦੇ ਮੱਥੇ ਉਤੇ ਕਾਲੀ ਕੁੰਨੀ ਲਟਕਾ ਦਿਤੀ ਜਾਂਦੀ ਹੈ। ਸੋ ਸਿਠਣੀਆਂ ਦਾ ਕਾਵਿ ਰੂਪ ਮੰਗਲ ਤੇ ਹਰਖ ਦੀ ਅਖੰਡਤਾ ਨੂੰ, ਕਰੂਰ ਪ੍ਰਭਾਵ ਤੋਂ ਬਚਾਣ ਲਈ, ਖੰਡਤ ਕਰਨ ਦੀ ਇਕ ਲੋਕ-ਵਿਧੀ ਵਿਚੋਂ ਉਪਜਿਆ। ਨਹੀਂ ਤਾਂ ਮਰਦ ਪ੍ਰਧਾਨ ਸਮਾਜ ਵਿਚ ਕੰਨਿਆਂ ਨੂੰ ਵਿਆਹੁਣ ਵਾਸਤੇ ਆਏ ਬਰਾਤੀਆਂ ਅਤੇ ਲਾੜ੍ਹੇ ਦੇ ਪਰਿਵਾਰ ਨੂੰ ਮਿਹਣੇ ਤਾਅਨੇ ਮਾਰਨੇ ਜਾਂ ਉਨ੍ਹਾਂ ਦਾ ਮਖ਼ੌਲ ਉਡਾਉਣਾ ਇਕ ਸੁਭਾਵਿਕ ਕਰਮ ਨਹੀਂ ਲੱਗਦਾ।

ਸੋ ਸਿਠਣੀਆਂ ਲੋਕ-ਮਨ ਦੀ ਅਭਿਵਿਅਕਤੀ ਹਨ ਅਤੇ ਇਕ ਖ਼ਾਸ ਉਦੇਸ਼ ਦੀ ਸਿਧੀ ਲਈ ਇਹ ਕਾਵਿ ਰੂਪ ਹੋਂਦ ਵਿਚ ਆਇਆ। ਮਗਰੋਂ ਸਮਾਜਿਕ ਵਿਕਾਸ ਨਾਲ, ਸਿਠਣੀਆਂ, ਪੁਰਾਣੀ ਪਰੰਪਰਾ ਨਾਲੋਂ ਟੁਟ ਕੇ ਨਵਾਂ ਰੂਪ ਗ੍ਰਹਿਣ ਕਰ ਗਈਆਂ, ਪਰ ਉਸ ਰੂਪ ਵਿਚ ਮੂਲ ਪ੍ਰਛਾਈਂ ਅਜੇ ਵੀ ਪਛਾਣੀ ਜਾ ਸਕਦੀ ਹੈ।

ਸਿਠਣੀ ਦਾ ਸ਼ਾਬਦਿਕ ਅਰਥ ਅਯੋਗ ਵਚਨ ਅਥਵਾ ਭੰਡੀ ਭਰੇ ਬੋਲ ਹਨ। ਸਿਠਣੀਆਂ ਵਿਚ ਹਾਸ-ਵਿਅੰਗ ਤੇ ਮਸ਼ਕਰੀ ਦਾ ਰੰਗ ਹੁੰਦਾ ਹੈ ਅਤੇ ਉਨ੍ਹਾਂ ਦੁਆਰਾ ਲਾੜ੍ਹੇ ਦੀ ਕਿਸੇ ਕਮਜ਼ੋਰੀ, ਉਸ ਦੇ ਪਿਉ ਦੇ ਸੂਮਪੁਣੇ ਜਾਂ ਵਰੀ ਵਿਚ ਘਟ ਤਿਵਰ ਤੇ ਗਹਿਣੇ ਢੋਣ ਦੀ ਭੰਡੀ ਪਾਈ ਗਈ ਹੁੰਦੀ ਹੈ :

ਆਣਿਉਂ ਤਰਾਮੀ ਕਢਿਓ ਟੁੱਕਰ,
ਨੱਢਾ ਸੁਣੀਂਦਾ ਕਾਣੀ ਦਾ ਪੁੱਤਰ,
ਨੁਹਾਰ ਤਾਂ ਛਿਪਦੀ ਨਹੀਂ।

ਰਾਹੇ ਰਾਹੇ ਤੁਸਾਂ ਠੋਕੀਆਂ ਕਿਲੀਆਂ,
ਹੋਠ ਸੁ ਮੋਟੇ, ਅੱਖਾਂ ਸੁ ਬਿੱਲੀਆਂ,
ਨੱਢਾ ਬਿੱਲਾ ਸੁਣੀਂਦਾ ਸਹੀ।

ਛੇ ਮਹੀਨੇ ਅਸਾਂ ਤੱਕਣ ਤਕਿਆ
ਅਜੇ ਵੀ ਨੱਢਾ ਤੁਸਾਂ ਕਾਲਾ ਈ ਰਖਿਆ,
ਸਾਬਣੇ ਦੀ ਟਿਕੀ ਮਲਾਵੇ ਆ ਸਹੀ।

ਜਦੋਂ ਜੰਞ ਰੋਟੀ ਖਾਣ ਲੱਗਦੀ ਹੈ, ਤਾਂ ਜਾਂਞੀਆਂ ਦੇ ਪਦਾਰਥਾਂ ਉਤੇ ਟੁਟ ਕੇ ਪੈਣ ਦੀ ਖਿੱਲੀ ਇਉਂ ਉਡਾਈ ਜਾਂਦੀ ਹੈ :

ਜਾਂਞੀਓ ਸਾਂਞੀਓ ਕਿਹੜੇ ਵੇਲੇ ਹੋਏ ਨੇ
ਖਾ ਖਾ ਕੇ ਰੱਜੇ ਨਾ, ਢਿੱਡ ਨੇ ਕਿ ਟੋਹੇ ਨੇ
ਨਿਕੇ ਨਿਕੇ ਮੂੰਹ ਨੇ, ਢਿੱਡ ਨੇ ਕਿ ਖੂਹ ਨੇ।

ਜਦੋਂ ਵਰ ਪੱਖ ਵਾਲੇ ਵਰੀ ਵਿਖਾਂਦੇ ਹਨ, ਤਾਂ ਸਿਠਣੀਆਂ ਦੁਆਰਾ ਉਨ੍ਹਾਂ ਦੇ ਕਪੜਿਆਂ ਤੇ ਗਹਿਣਿਆਂ ਦੀ ਭੰਡੀ ਪਾਈ ਜਾਂਦੀ ਹੈ :

ਯਾਰਾਂ ਮਹੀਨੇ ਸੁਨਿਆਰਾ ਬਠਾਇਆ
ਚਾਂਦੀ ਦੇ ਗਹਿਣਿਆਂ ਤੇ ਸੋਨਾ ਚੜ੍ਹਾਇਆ,
ਪਿੱਤਲ ਹੀ ਪਾਵੋ ਆ ਸਹੀ।

ਤੁਸਾਂ ਕਪੜੇ ਆਂਦੇ ਮੰਗ ਚੌਧਰੀ,
ਅਸਾਂ ਕਿੱਲੀ ਤੇ ਦਿਤੇ ਟੰਗ ਚੌਧਰੀ,
ਆਪਣਾ ਖਦਰ ਹੀ ਲਿਆਵੋ ਆ ਸਹੀ।

ਸਿਠਣੀਆਂ ਦਾ ਮੰਤਵ ਹਾਸਾ-ਠਠਾ ਹੀ ਹੁੰਦਾ ਹੈ। ਕੋਈ ਇਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਅਤੇ ਨਾ ਹੀ ਕੋਈ ਰੋਸ ਪ੍ਰਗਟ ਕਰਦਾ ਹੈ। ਸਿਠ ਤੇ ਸਿਠਣੀ ਦਾ ਸੁਭਾਵ ਤੇ ਭਾਵਨਾ ਇਕੋ ਹੈ। ਸਿਠਣੀ ਵਿਆਹ ਦੀ ਰਸਮ ਨਾਲ ਸੰਬੰਧਿਤ ਹੈ, ਪਰ ਸਿਠ ਮਨੁੱਖੀ ਚਰਿਤ੍ਰ ਤੇ ਕਿਸੇ ਕਰਤਵ ਦਾ ਮਖ਼ੌਲ ਉਡਾਂਦੀ ਹੈ।

(ਸ-499) **ਸਿਧ** :

ਨਾਥਾਂ ਤੇ ਜੋਗੀਆਂ ਦੇ ਪੁਰਾਣੇ ਵੇਲਿਆਂ ਵਿਚ ਹੋਏ ਆਗੂ, ਜੋ ਸਾਧਨਾ ਦੁਆਰਾ ਉਚੀ ਅਧਿਆਤਮਕ ਅਵਸਥਾ 'ਤੇ ਪੁਜੇ ਹੋਏ ਸਨ

ਅਤੇ ਜਿਨ੍ਹਾਂ ਨੂੰ ਅਲੌਕਿਕ ਸ਼ਕਤੀਆਂ ਪ੍ਰਾਪਤ ਸਨ, ਸਿਧ ਅਖਵਾਉਂਦੇ ਸਨ। ਲੋਕਧਾਰਾ ਵਿਚ ਸਿਧ ਉਸ ਪੁਰਸ਼ ਨੂੰ ਕਹਿੰਦੇ ਹਨ, ਜਿਸ ਨੂੰ ਕੋਈ ਸਿਧੀ : ਵਾਕ ਸਿਧੀ, ਮੰਤ੍ਰ ਸਿਧੀ, ਸਹਿਜ ਸਿਧੀ ਆਦਿ ਪ੍ਰਾਪਤ ਹੋਵੇ। ਜਿੰਨ-ਭੂਤਾਂ ਅਤੇ ਪ੍ਰੇਤ ਰੂਹਾਂ ਉਤੇ ਅਧਿਕਾਰ ਰਖਣ ਵਾਲੇ ਚੇਲੇ ਨੂੰ ਵੀ ਸਿਧ ਕਿਹਾ ਜਾਂਦਾ ਹੈ। ਪੁਰਾਣਾਂ ਵਿਚ ਸਿਧ ਸ਼ਬਦ ਦੀ ਵਰਤੋਂ ਦੇਵਤਿਆਂ ਦੇ ਇਕ ਵਿਸ਼ੇਸ਼ ਵਰਗ ਲਈ ਕੀਤੀ ਗਈ ਹੈ, ਜੋ ਪ੍ਰਿਥਵੀ ਤੇ ਸੂਰਜ ਲੋਕ ਦੇ ਮਧ ਵਿਚ ਨਿਵਾਸ ਕਰਦੇ ਹਨ ਤੇ ਜਿਨ੍ਹਾਂ ਦੀ ਗਿਣਤੀ 88000 ਹੈ। ਨਾਥਾਂ ਦਾ ਸਿੱਧਾਂ ਨਾਲ ਏਕੀਕਰਣ ਵੀ ਕਰ ਲਿਆ ਜਾਂਦਾ ਹੈ, ਕਿਉਂ ਜੋ ਪ੍ਰਸਿਧ ਨੌਂ ਨਾਥਾਂ ਦੇ ਨਾਉਂ ਸਿੱਧਾਂ ਦੀਆਂ ਸੂਚੀਆਂ ਵਿਚ ਵੀ ਉਪਲਬਧ ਹਨ। ਪਰ ਪੰਜਾਬ ਵਿਚ ਆਮ ਤੌਰ ਤੇ ਸ਼ੈਵ-ਯੋਗੀਆਂ ਲਈ ਨਾਥ ਅਤੇ ਬੋਧ-ਤਾਂਤ੍ਰਿਕਾਂ ਲਈ ਸਿਧ ਸ਼ਬਦ ਦਾ ਪ੍ਰਯੋਗ ਹੁੰਦਾ ਰਿਹਾ ਹੈ (ਵੇਖੋ : ਨਾਥ)।

ਲੋਕ-ਧਾਰਨਾ ਅਨੁਸਾਰ ਸਿਧ ਅਜਰ ਅਤੇ ਅਮਰ ਹਨ। ਉਹ ਸਾਧਨਾ ਦੁਆਰਾ ਕਾਲ ਤੋਂ ਮੁਕਤ ਹੋ ਕੇ, ਬ੍ਰਹਿਮੰਡ ਵਿਚ ਕਾਇਆ ਸਮੇਤ, ਅਦ੍ਰਿਸ਼ਟ ਰੂਪ ਵਿਚ ਵਿਚਰਦੇ ਰਹਿੰਦੇ ਹਨ। ਇਸ ਤਰ੍ਹਾਂ ਸਿਧ ਵੀ ਤੰਤ੍ਰ ਮੱਤ ਦੀਆਂ 'ਜੋਗਣੀਆਂ' ਅਤੇ ਮੁਸਲਮਾਨਾਂ ਦੇ 'ਅਬਦਾਲਾਂ' ਵਾਂਗ ਅਲੌਕਿਕ ਪੁਰਸ਼ ਹਨ। ਰਵਾਇਤ ਹੈ ਕਿ ਸਿੱਧਾਂ ਨੇ ਸੰਸਾਰ ਵਿਚ ਵੀ ਤਿੰਨ ਤਿੰਨ ਚਾਰ ਚਾਰ ਸੌ ਵਰ੍ਹਿਆਂ ਦੀ ਦੀਰਘ ਆਯੂ ਭੋਗ ਕੇ ਕਾਇਆ ਨੂੰ ਤਿਆਗਿਆ।

ਪ੍ਰਮੁਖ ਸਿੱਧਾਂ ਦੀ ਸੰਖਿਆ ਚੌਰਾਸੀ ਮੰਨੀ ਜਾਂਦੀ ਹੈ, ਪਰ ਇਹ ਅੰਕ ਭਾਰਤੀ ਲੋਕਧਾਰਾ ਵਿਚ ਰਹੱਸਮਈ ਹੋਣ ਕਰ ਕੇ, ਯਥਾਰਥ ਦਾ ਬੋਧਿਕ ਨਹੀਂ। ਇਹ ਅੰਕ ਬਾਰਾਂ ਰਾਸ਼ੀਆਂ ਅਤੇ ਸੱਤ ਗ੍ਰਹਿਆਂ ਦੀ ਗੁਣਾਂ ਹੋਣ ਕਰ ਕੇ ਕਲਿਆਣ-ਕਾਰੀ ਹੈ (ਵੇਖੋ : ਚੌਰਾਸੀ)। ਸਿੱਧਾਂ ਦੀਆਂ ਪ੍ਰਾਪਤ ਸੂਚੀਆਂ ਵਿਚ ਵੀ ਨਾਵਾਂ ਦੀ ਇਕਸਾਰਤਾ ਨਹੀਂ, ਜਿਸ ਦਾ ਇਕ ਕਾਰਨ ਤਾਂ ਇਹ ਜਾਪਦਾ ਹੈ ਕਿ ਸਿੱਧਾਂ ਵਿਚ ਨਵੀਂ ਸਾਧਨਾ ਨਾਲ ਨਾਉਂ ਬਦਲਣ ਦੀ ਵੀ ਪ੍ਰਵਿਰਤੀ ਸੀ, ਜਿਸ ਕਰ ਕੇ ਇਕੋ ਸਿਧ ਦੇ ਕਈ ਨਾਂ ਪ੍ਰਚਲਤ ਹੋ ਗਏ। ਇਸ ਵਾਸਤੇ ਇਹ ਸੂਚੀਆਂ ਇਤਿਹਾਸਕ ਤੱਥ ਲੱਭਣ ਵਿਚ ਸਹਾਇਕ ਨਹੀਂ ਹੋ ਸਕਦੀਆਂ। ਇਤਿਹਾਸਕ ਸਾਮਗ੍ਰੀ ਦੇ ਅਭਾਵ ਕਾਰਨ ਸਿੱਧਾਂ ਦੇ ਕਾਲਕ੍ਰਮ ਬਾਰੇ ਵੀ ਨਿਰਨੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਵਿਦਵਾਨਾਂ ਦਾ ਅਨੁਮਾਨ ਹੈ ਕਿ ਸਿਧ 800 ਈ. ਤੋਂ 1100 ਈ. ਦੇ ਵਿਚ ਵਿਚਾਲੇ ਹੋਏ।

ਸਿੱਧਾਂ ਦੇ ਸਾਧਨਾ ਕੇਂਦਰ, ਜਿਨ੍ਹਾਂ ਨੂੰ ਸਿਧ-ਪੀਠ ਕਹਿੰਦੇ ਹਨ, ਸਾਰੇ ਦੇਸ਼ ਵਿਚ ਮਿਲਦੇ ਹਨ। ਪੰਜਾਬ ਵਿਚ ਸਿੱਧਾਂ ਦੀ ਚੜ੍ਹਤ ਸਮੇਂ ਜਲੰਧਰ ਵਿਚ ਇਕ ਵੱਡਾ ਸਿਧ-ਪੀਠ ਸਥਾਪਿਤ ਸੀ।

ਪੰਜਾਬ ਦੇ ਪਹਾੜੀ ਖੇਤਰ ਵਿਚ ਸਿੱਧਾਂ ਦੀ ਪੂਜਾ ਹੁਣ ਤਕ ਪ੍ਰਚਲਤ ਹੈ। ਸਿੱਧਾਂ ਦੇ ਕਈ ਥਾਈਂ ਮੰਦਰ ਹਨ—ਸਿਰਾਜ ਵਿਚ ਪੋਖਰੀ ਦੇ ਸਥਾਨ 'ਤੇ ਚੌਰਾਸੀ ਸਿਧ ਨਾਂ ਦਾ ਮੰਦਰ ਹੈ, ਜਿਥੇ ਵਿਸਾਖ ਸੁਦੀ ਤਿੰਨ ਨੂੰ ਮੇਲਾ ਲੱਗਦਾ ਹੈ। ਗੱਦੀ ਐਤਵਾਰ ਤੇ ਵੀਰਵਾਰ ਵਾਲੇ ਦਿਨ ਨਾਗ ਅਤੇ ਸਿੱਧ ਪੂਜਦੇ ਹਨ। ਸਿੱਧਾਂ ਨੂੰ ਗੱਦੀ ਗੁਲਾਬ ਦੀ ਛੜੀ, ਚੰਦਨ, ਖੂੰਡੀ ਅਤੇ ਰੋਟ ਭੇਟ ਕਰਦੇ ਹਨ। ਚੰਬੇ ਵਿਚ ਵੀ ਸਿਧ-ਪੂਜਾ ਦੀ ਪ੍ਰਥਾ ਹੈ। ਹੁਸ਼ਿਆਰਪੁਰ ਵਿਚ ਦਰਜਨ ਦੇ ਲਗਪਗ ਸਥਾਨ ਸਿੱਧਾਂ ਨਾਲ ਸੰਬੰਧਿਤ ਮਿਲਦੇ ਹਨ, ਜਿਥੇ ਸਿੱਧਾਂ ਦੀ ਪੂਜਾ ਕੀਤੀ ਜਾਂਦੀ ਹੈ। ਇਥੋਂ ਦਾ ਮੁਖੀ ਸਿਧ ਦੇਵਤਾ ਸਿਧ ਜਾਂ ਬਾਲਕ ਨਾਥ ਹੈ, ਜਿਸ ਬਾਰੇ ਕਈ ਅਲੌਕਿਕ ਕਥਾਵਾਂ ਪ੍ਰਚਲਤ ਹਨ। ਰਵਾਇਤ ਹੈ ਕਿ ਇਹ ਸਿਧ ਕਾਂਗੜੇ ਦਾ ਬ੍ਰਾਹਮਣ ਸੀ। ਇਸ ਨੇ ਅਜਿਹੀ ਗਊ ਦਾ ਦੁਧ ਚੋ ਕੇ ਵਿਖਾਇਆ, ਜੋ ਅਜੇ ਗਭਰੇਟ ਅਵਸਥਾ ਵਿਚ ਸੀ ਅਤੇ ਜਿਸ ਨੇ ਕਿਸੇ ਵੱਛੇ ਵੱਛੀ ਨੂੰ ਜਨਮ ਨਹੀਂ ਸੀ ਦਿਤਾ। ਇਸ ਸਿਧ ਦਾ ਸਥਾਨ 'ਤਤਵਾਲ' ਵਿਚ ਹੈ, ਜੋ ਹੁਸ਼ਿਆਰਪੁਰ ਤੋਂ ਕਾਂਗੜੇ ਦੀ ਹੱਦ 'ਤੇ ਹੈ। ਧਾਰਨਾ ਹੈ ਕਿ ਇਥੇ ਰੋਗੀ ਪਸ਼ੂਆਂ ਨੂੰ ਲਿਆਣ ਨਾਲ ਉਹ ਰੋਗ-ਮੁਕਤ ਹੋ ਜਾਂਦੇ ਹਨ।

ਸਿੱਧੂ ਜੱਟਾਂ ਦਾ ਜਠੇਰਾ ਸਿਧ ਤਿਲਕਾਰਾ ਵੀ ਪ੍ਰਸਿਧ ਸਿਧ ਸੀ, ਜਿਸ ਦੀ ਸਮਾਧ ਫ਼ਿਰੋਜ਼ਪੁਰ ਵਿਚ ਮਹਿਰਾਜ ਵਿਖੇ ਹੈ। ਸਿੱਧੂ ਮੰਗਲ ਕਾਰਜਾਂ ਸਮੇਂ ਉਸ ਦੀ ਪੂਜਾ ਕਰਦੇ ਹਨ। ਹਰ ਮਹੀਨੇ ਦੇ ਹਨੇਰੇ ਪੱਖ ਦੀ ਚੌਦਸ ਨੂੰ ਗਊ ਦੀਆਂ ਪਹਿਲੀਆਂ

ਧਾਰਾਂ ਉਸੇ ਨੂੰ ਭੇਟ ਕਰਦੇ ਹਨ (ਵੇਖੋ : ਸਿੰਧੂ)।

(ਸ-500) **ਸਿੰਧ** :
(ਵੇਖੋ : ਅਟਕ)।

(ਸ-501) **ਸਿੰਧਊਰਾ** :
ਕੋਈ ਵੀ ਵਸਤੂ ਜਿਸ ਉਤੇ ਸੰਧੂਰ ਧੂੜਿਆ ਗਿਆ ਹੋਵੇ। ਪਰ ਹੌਲੇ ਹੌਲੇ ਇਹ ਸ਼ਬਦ ਸੰਧੂਰ ਧੂੜੇ ਨਾਰੀਅਲ ਲਈ ਰੂੜ੍ਹ ਹੋ ਗਿਆ। ਪੁਰਾਣੇ ਵੇਲਿਆਂ ਵਿਚ ਜਦੋਂ ਮਨੁੱਖ ਦੀ ਬਲੀ ਦਿਤੀ ਜਾਂਦੀ, ਤਾਂ ਪਹਿਲਾਂ ਉਸਦੀ ਗੋਦ ਵਿਚ ਸਿੰਧਉਰਾ ਅਤੇ ਕੁਝ ਹੋਰ ਸਾਮਗ੍ਰੀ ਰਖੀ ਜਾਂਦੀ। ਪਿਛੋਂ ਜਦੋਂ ਮਨੁੱਖ ਦੀ ਬਲੀ ਦੀ ਪ੍ਰਥਾ ਖ਼ਤਮ ਹੋ ਗਈ ਤਾਂ ਪੂਜਾ ਅਰਚਾ ਵੇਲੇ ਸਿੰਧਉਰਾ ਰਖਣ ਦੀ ਰੀਤ ਚਲ ਪਈ। ਹੁਣ ਵੀ ਮਕਾਨ ਦੀ ਉਸਾਰੀ ਕਰਨ ਤੋਂ ਪਹਿਲਾਂ ਉਸ ਦੀ ਨੀਹਾਂ ਵਿਚ ਸਿੰਧਉਰਾ ਰਖਣ ਦੀ ਪ੍ਰਥਾ ਹੈ, ਜੋ ਮਨੁੱਖ ਬਲੀ ਦਾ ਹੀ ਪ੍ਰਤੀਕ ਹੈ।

ਪਹਿਲਿਆਂ ਵਿਚ ਜਦੋਂ ਕੋਈ ਵਿਧਵਾ ਆਪਣੇ ਪਤੀ ਨਾਲ ਸਤੀ ਹੋਣ ਲਈ ਘਰੋਂ ਨਿਕਲਦੀ ਸੀ ਤਾਂ ਉਹ ਇਕ ਥਾਲੀ ਨੂੰ, ਜਿਸ ਵਿਚ ਨਾਰੀਅਲ, ਫੁੱਲ ਅਤੇ ਧੂਪ ਦੀਪ ਆਦਿ ਰਖੇ ਹੁੰਦੇ, ਹੱਥਾਂ ਵਿਚ ਲੈ ਕੇ ਸਾਰੇ ਨਗਰ ਦੀ ਪ੍ਰਕਰਮਾ ਕਰਨ ਉਪ੍ਰੰਤ, ਮ੍ਰਿਤਕ ਪਤੀ ਦੀ ਲੋਥ ਦੇ ਮੱਥੇ ਉਤੇ ਸੰਧੂਰ ਦਾ ਤਿਲਕ ਲਗਾ ਕੇ, ਥਾਲ ਵਿਚਲੀ ਸਾਮਗ੍ਰੀ ਭੇਟ ਕਰਦੀ ਸੀ। ਫਿਰ ਉਹ ਚਿਖਾ ਦੀ ਪ੍ਰਕਰਮਾ ਕਰਦੀ ਅਤੇ ਆਪਣੇ ਕੁਟੰਬ ਦੇ ਲੋਕਾਂ ਨੂੰ ਅਸ਼ੀਰਵਾਦ ਦੇਂਦੀ ਹੋਈ ਚਿਖਾ ਉਤੇ ਜਾ ਚੜ੍ਹਦੀ। ਲੋਕਾਂ ਦੀ ਧਾਰਨਾ ਸੀ ਕਿ ਹੱਥ ਵਿਚ ਸਿੰਧਉਰਾ ਲੈਣ ਮਗਰੋਂ ਇਸਤ੍ਰੀ ਵਿਚ ਸਹਿਜ ਸ਼ਕਤੀ ਆ ਜਾਂਦੀ ਹੈ ਅਤੇ ਉਸ ਦਾ ਦਿਤਾ ਅਸ਼ੀਰਵਾਦ ਸੁਤੇ ਸਿਧ ਪੂਰਾ ਹੋ ਜਾਂਦਾ ਹੈ। ਕਬੀਰ ਨੇ ਇਸੇ ਰੀਤ ਵਲ ਸੰਕੇਤ ਕੀਤਾ ਹੈ: "ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨਾ" — ਕਬੀਰ।

(ਸ-502) **ਸਿਧ ਸਿੰਘ** :
ਕੁੱਲੂ ਦਾ ਇਕ ਪ੍ਰਸਿਧ ਰਾਜਾ, ਜਿਸ ਬਾਰੇ ਕਈ ਅਨੂਠੀਆਂ ਤੇ ਰੌਚਕ ਕਥਾਵਾਂ ਪ੍ਰਚਲਤ ਹਨ। ਸਿਧ ਸਿੰਘ ਦਾ ਪਹਿਲਾ ਨਾਉਂ ਸਿਧ ਪਾਲ ਸੀ। ਉਹ ਕੁੱਲੂ ਦੇ ਪ੍ਰਸਿੱਧ ਮੰਦਰਾਂ ਦੀ ਯਾਤ੍ਰਾ ਵਾਸਤੇ ਘਰੋਂ ਨਿਕਲਿਆ। ਜਦੋਂ ਉਹ ਬਿਜਲੀ ਮਹਾਦੇਵ ਦੇ ਮੰਦਰ ਦੇ ਦਰਸ਼ਨਾਂ ਲਈ ਤੁਰਿਆ, ਜੋ ਭੂਇਨ ਦੇ ਉਤਾਂਹ ਵਲ ਇਕ ਪਹਾੜੀ 'ਤੇ 8500 ਫ਼ੁਟ ਦੀ ਉਚਿਆਈ ਉਤੇ ਹੈ, ਤਾਂ ਉਸ ਨੂੰ ਲੋਕਾਂ ਨੇ ਦਸਿਆ ਕਿ ਜੇ ਬਿਆਸ ਤੇ ਪਾਰਵਤੀ ਦਰਿਆਵਾਂ ਦੇ ਸੰਗਮ ਤੋਂ ਲਿਆਂਦੇ ਪਾਣੀ ਨਾਲ, ਦੇਵਤੇ ਦੀ ਮੂਰਤੀ ਨੂੰ ਇਸ਼ਨਾਨ ਕਰਵਾਇਆ ਜਾਵੇ, ਤਾਂ ਦੇਵਤਾ ਵਰ ਬਖ਼ਸ਼ਦਾ ਹੈ। ਸਿਧ ਪਾਲ ਨੇ ਉਸੇ ਤਰ੍ਹਾਂ ਕੀਤਾ। ਜਦੋਂ ਉਹ ਰਾਤੀਂ ਮੰਦਰ ਵਿਚ ਸੁੱਤਾ ਪਿਆ ਸੀ, ਤਾਂ ਸੁਫਨੇ ਵਿਚ ਦੇਵਤੇ ਨੇ ਪ੍ਰਗਟ ਹੋ ਕੇ ਉਸ ਨੂੰ ਜਗਤ ਸੁਖ ਜਾਣ ਦਾ ਆਦੇਸ਼ ਦਿਤਾ। ਜਗਤ ਸੁਖ ਵਲ ਜਾਂਦਿਆਂ, ਰਸਤੇ ਵਿਚ ਸਿਧ ਪਾਲ ਨੇ ਇਕ ਬਿਰਧ ਤੀਵੀਂ ਵੇਖੀ, ਜਿਸ ਨੇ ਆਪਣੀ ਪਿੱਠ ਉਤੇ ਬੋਝ ਲਦਿਆ ਹੋਇਆ ਸੀ, ਤੇ ਜੋ ਬੁਰੇ ਹਾਲ ਥਕੀ ਮਾਂਦੀ ਤੁਰਦੀ ਜਾ ਰਹੀ ਸੀ। ਅਸਲ ਵਿਚ ਇਹੋ ਹੁਰਮਾ ਦੇਵੀ ਸੀ, ਜੋ ਸਿਧ ਪਾਲ ਦੀ ਪ੍ਰੀਖਿਆ ਲੈਣ ਵਾਸਤੇ, ਬੁੱਢੀ ਦੇ ਰੂਪ ਵਿਚ ਪ੍ਰਗਟ ਹੋਈ ਸੀ। ਸਿਧ ਪਾਲ ਨੇ ਬੁੱਢੀ ਉਤੇ ਤਰਸ ਖਾਂਦਿਆਂ ਹੋਇਆਂ ਉਸ ਦਾ ਭਾਰ ਖ਼ੁਦ ਚੁਕ ਲਿਆ। ਕੁਝ ਕਦਮ ਅੱਗੇ ਜਾ ਕੇ ਹੁਰਮਾ ਦੇਵੀ ਅਸਲੀ ਰੂਪ ਵਿਚ ਪ੍ਰਗਟ ਹੋਈ ਤੇ ਉਸ ਨੇ ਸਿਧ ਪਾਲ ਨੂੰ ਆਪਣੇ ਮੋਢਿਆਂ ਤੇ ਬਿਠਾ ਕੇ 32 ਕੋਹ ਉਚਾ ਚੁਕਿਆ ਤੇ ਵਰ ਬਖ਼ਸ਼ਿਆ ਕਿ ਜਿਥੋਂ ਤਕ ਉਹ ਚੁਫੇਰੇ ਦ੍ਰਿਸ਼ਟੀ ਦੁੜਾਏਗਾ, ਉਥੋਂ ਤਕ ਦੀ ਸਾਰੀ ਭੋਇੰ ਉਤੇ ਉਸ ਦਾ ਅਧਿਕਾਰ ਹੋ ਜਾਵੇਗਾ। ਅਸ਼ੀਰਵਾਦ ਦੇ ਕੇ ਹੁਰਮਾ ਦੇਵੀ ਅਲੋਪ ਹੋ ਗਈ। ਕੁਝ ਦਿਨਾਂ ਮਗਰੋਂ ਸਿਧ ਪਾਲ ਨੇ ਇਕ ਸ਼ੇਰ ਮਾਰਿਆ, ਜੋ ਆਸ ਪਾਸ ਦੇ ਪਿੰਡਾਂ ਦੇ ਪਸ਼ੂ ਮਾਰ ਕੇ ਖਾ ਜਾਇਆ ਕਰਦਾ ਸੀ, ਜਿਸ ਤੋਂ ਸਿਧ ਪਾਲ ਦਾ ਨਾਉਂ ਸਿਧ ਸਿੰਘ ਪੈ ਗਿਆ।

ਜਦੋਂ ਸਿਧ ਸਿੰਘ ਦੀ ਬਹਾਦਰੀ ਤੇ ਦੇਵੀ ਦੀ ਬਖ਼ਸ਼ਿਸ਼ ਦੀਆਂ ਗੱਲਾਂ ਲੋਕਾਂ ਤਕ ਪਹੁੰਚੀਆਂ ਤਾਂ ਉਨ੍ਹਾਂ ਨੇ ਸਿਧ ਪਾਲ ਨੂੰ ਵਜੀਰੀ ਪਰੋਲ ਦਾ ਰਾਜਾ ਚੁਣ ਲਿਆ। ਉਦੋਂ ਕੁੱਲੂ ਵਿਚ ਅਨੇਕਾਂ

ਨਿਕੇ ਨਿਕੇ ਰਾਜਿਆਂ ਤੇ ਠਾਕਰਾਂ ਦਾ ਰਾਜ ਹੁੰਦਾ ਸੀ। ਹੌਲੇ ਹੌਲੇ ਸਿਧ ਪਾਲ ਨੇ ਸਾਰੀ ਕੁੱਲੂ ਵਾਦੀ ਉਤੇ ਆਪਣਾ ਰਾਜ ਸਥਾਪਿਤ ਕਰ ਲਿਆ। (ਆਧਾਰ ਗ੍ਰੰਥ : ਕੁੱਲੂ ਦੇ ਲੋਕ-ਗੀਤ, 24-25)।

(ਸ-503) **ਸਿਧ ਬਗਾਈ** :

ਟਿਲੇ ਦਾ ਇਕ ਜੋਗੀ, ਜਿਸ ਤੋਂ ਰਾਂਝੇ ਨੇ ਜੋਗ ਧਾਰਨ ਕੀਤਾ ਸੀ। ਇਹ ਟਿਲਾ ਜਿਹਲਮ ਤੋਂ ਬਾਰ੍ਹਾਂ ਕੋਹ ਦੂਰ ਇਕ ਪਹਾੜੀ ਉਤੇ ਸਥਿਤ ਹੈ। ਮਧਕਾਲ ਵਿਚ ਇਹ ਟਿਲਾ ਆਈ ਪੰਥੀ ਜੋਗੀਆਂ ਦਾ ਵੱਡਾ ਮੱਠ ਰਿਹਾ ਹੈ।

ਦਮੋਦਰ ਅਨੁਸਾਰ ਰਾਂਝੇ ਨੇ ਸਿਧ ਬਗਾਈ ਤੋਂ ਜੋਗ ਪ੍ਰਾਪਤ ਕੀਤਾ ਸੀ : "ਮੈਨੂੰ ਸਿਧ ਬਗਾਈ ਦੀ ਥਾਪਨਾ ਜੇੜ੍ਹਾ ਟਿੱਲੇ ਦਾ ਪੀਰ।" ਪਰ ਵਾਰਸ ਸ਼ਾਹ ਨੇ ਇਸ ਜੋਗੀ ਦਾ ਨਾਂ ਬਾਲ ਨਾਥ ਦਸਿਆ ਹੈ। ਅਹਿਮਦ ਕਵੀ ਨੇ ਸਿਧ ਬਗਾਈ ਦੀ ਥਾਂ ਬਾਲ ਗੁਸਾਈਂ ਨਾਂ ਲਿਖਿਆ ਹੈ (ਵੇਖੋ : ਬਾਲ ਨਾਥ)।

ਚੌਰਾਸੀ ਸਿੱਧਾਂ ਵਿਚੋਂ ਇਕ ਸਿਧ ਦਾ ਨਾਂ ਬਗਨਪਾ ਹੈ। ਸਿੱਧਾਂ ਦੇ ਨਾਂ ਨਾਲ 'ਪਾ' ਪਦ ਦੀ ਵਰਤੋਂ ਆਦਰ ਭਾਵ ਨਾਲ ਕੀਤੀ ਜਾਂਦੀ ਹੈ। ਜਾਪਦਾ ਹੈ ਕਿ ਇਹੋ ਸਿਧ ਬਗਨਪਾ ਪੰਜਾਬੀ ਵਿਚ ਸਿਧ ਬਗਾਈ ਦੇ ਨਾਂ ਨਾਲ ਪ੍ਰਸਿਧ ਹੋਏ।

(ਸ-504) **ਸਿਧ ਬਾਵਾ ਸਰਸੁਤੀ ਨਾਥ** :

ਇਕ ਕਰਣੀ ਵਾਲਾ ਫ਼ਕੀਰ, ਜੋ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ੍ਰ: ਮਹਾਂ ਸਿੰਘ ਦਾ ਸਮਕਾਲੀ ਸੀ। ਇਸ ਸਿਧ ਬਾਵਾ ਦੀ ਸਮਾਧੀ ਗੁਜਰਾਂਵਾਲਾ ਵਿਚ, ਦੇਵੀ ਦੇ ਤਲਾਬ ਦੇ ਕੰਢੇ, ਦਮਦਮਾ ਸਾਹਿਬ ਦੇ ਨਜ਼ਦੀਕ ਬਣੀ ਹੋਈ ਹੈ। ਸਿਧ ਬਾਵਾ ਦੇ ਕਈ ਮੋਅਜਜ਼ੇ ਲੋਕਾਂ ਵਿਚ ਪ੍ਰਸਿਧ ਹਨ। ਰਵਾਇਤ ਹੈ ਕਿ ਸੁਕਰਚਕੀਆ ਮਿਸਲ ਦੇ ਸ੍ਰਦਾਰ ਮਹਾਂ ਸਿੰਘ ਨੇ, ਇਕ ਛੋਟੇ ਜਿਹੇ ਪਿੰਡ ਕੋਟ ਨਕਾ ਉਤੇ ਧਾਵਾ ਬੋਲਿਆ। ਇਹ ਪਿੰਡ ਗੁਜਰਾਂਵਾਲਾ ਤੋਂ ਥੋੜੀ ਕੁ ਵਾਟ 'ਤੇ ਸਥਿਤ ਸੀ ਅਤੇ ਕਿਸੇ ਮੁਸਲਮਾਨ ਹਾਕਮ ਦੇ ਕਬਜ਼ੇ ਵਿਚ ਸੀ। ਇਸੇ ਪਿੰਡ ਵਿਚ ਸਿਧ ਬਾਵਾ ਸਰਸੂਤੀ ਨਾਥ ਆਪਣੇ ਆਸ਼ਰਮ ਵਿਚ ਰਹਿੰਦਾ ਸੀ। ਪਿੰਡ ਦਾ ਹਾਕਮ ਜੋ ਜ਼ਾਤ ਦਾ ਸੱਯਦ ਸੀ, ਸਿਧ ਬਾਵੇ ਦਾ ਸ਼ਰਧਾਲੂ ਸੀ। ਸੋ ਉਸ ਨੇ ਸਿਧ ਬਾਵੇ ਤੋਂ ਦੈਵੀ ਸਹਾਇਤਾ ਮੰਗੀ। ਸਿਧ ਬਾਵੇ ਨੇ ਹਾਕਮ ਨੂੰ ਕੱਚੇ ਸੂਤਰ ਦਾ ਇਕ ਗੁੱਛਾ ਦੇ ਕੇ ਕਿਹਾ ਕਿ ਉਹ ਇਸ ਸੂਤਰ ਨੂੰ ਪਿੰਡ ਦੇ ਚੁਫੇਰੇ ਪ੍ਰਕਰਮਾ ਕਰਦਾ ਹੋਇਆ ਵਲ ਦੇਵੇ। ਰਵਾਇਤ ਹੈ ਕਿ ਧਾਗੇ ਦੇ ਵਲ੍ਹੇਟਣ ਦੀ ਢਿਲ ਸੀ ਕਿ ਤੋਪਾਂ ਦੇ ਵਾਰ ਬੇਅਸਰ ਹੋ ਗਏ। ਕੋਈ ਵੀ ਗੋਲਾ ਧਾਗੇ ਨੂੰ ਪਾਰ ਨਾ ਕਰ ਸਕਿਆ। ਅੰਤ ਵਿਚ ਮਹਾਂ ਸਿੰਘ ਨਿਰਾਸ ਹੋ ਕੇ ਵਾਪਸ ਪਰਤ ਗਿਆ।

ਕੁਝ ਚਿਰ ਮਗਰੋਂ ਮਹਾਂ ਸਿੰਘ ਨੇ ਸਿਧ ਬਾਵਾ ਨੂੰ ਗੁਜਰਾਂਵਾਲੇ ਸੱਦਿਆ ਅਤੇ ਉਥੇ ਹੀ ਉਨ੍ਹਾਂ ਨੂੰ ਆਸ਼ਰਮ ਬਣਵਾ ਦਿਤਾ। ਮਹਾਂ ਸਿੰਘ ਦੀ ਸ਼ਰਧਾ ਤੇ ਸੇਵਾ ਉਤੇ ਪ੍ਰਸੰਨ ਹੋ ਕੇ ਸਿਧ ਬਾਵਾ ਨੇ ਮਹਾਂ ਸਿੰਘ ਨੂੰ ਵਰ ਦਿਤਾ ਕਿ ਉਸ ਦੇ ਘਰ ਬੜਾ ਪ੍ਰਤਾਪੀ ਲੜਕਾ ਪੈਦਾ ਹੋਵੇਗਾ। ਸਿਧ ਬਾਵੇ ਦੀ ਅਸ਼ੀਰਵਾਦ ਸਦਕਾ ਮਹਾਂ ਸਿੰਘ ਦੇ ਘਰ ਬੁੱਢੇ ਵਾਰੇ ਰਣਜੀਤ ਸਿੰਘ ਜੰਮਿਆਂ।

(ਸ-505) **ਸਿਧਾਂਜਨ** :

ਸਿਧ-ਅੰਜਨ; ਅੱਖਾਂ ਦਾ ਇਕ ਦੈਵੀ ਸੁਰਮਾ, ਜਿਸ ਨੂੰ ਪਾਉਣ ਨਾਲ ਧਰਤੀ ਵਿਚ ਦੱਬੀ ਹੋਈ ਵਸਤੂ ਨਜ਼ਰ ਆ ਜਾਂਦੀ ਹੈ। ਇਸ ਸੁਰਮੇ ਦਾ ਜ਼ਿਕਰ ਤੰਤਰ-ਸ਼ਾਸਤ੍ਰਾਂ ਵਿਚ ਹੈ। ਪੰਜਾਬ ਦੀ ਇਕ ਪਰੀ ਕਹਾਣੀ ਦਾ ਪਾਤਰ ਧਰਤੀ ਵਿਚ ਦੱਬੇ ਖ਼ਜ਼ਾਨੇ ਦੀ ਭਾਲ ਵਿਚ ਨਿਕਲਦਾ ਹੈ ਅਤੇ ਉਹ ਇਕ ਸਿਧ ਦੀ ਸੇਵਾ ਮਗਰੋਂ, ਉਸ ਤੋਂ ਸਿਧਾਂਜਨ ਪ੍ਰਾਪਤ ਕਰ ਕੇ, ਖ਼ਜ਼ਾਨੇ ਨੂੰ ਲਭ ਕੇ, ਧੌਲਰ ਉਸਾਰਦਾ ਤੇ ਰਾਜ-ਕੰਨਿਆਂ ਦੇ ਨਾਲ ਵਿਆਹ ਕਰਵਾਂਦਾ ਹੈ।

(ਸ-506) **ਸਿੱਧੀ** :

ਸਿੱਧੀ ਇਕ ਵਿਸ਼ੇਸ਼ ਪ੍ਰਕਾਰ ਦੀ ਮੰਤ੍ਰ-ਕਥਾ ਹੈ, ਜਿਸ ਦਾ ਵਿਧੀ ਪੂਰਵਕ ਸਰਵਣ ਕਰਨ ਨਾਲ, ਸਹਿਜ ਭਾਵ ਵਿਚ ਹੀ, ਰੋਗੀ ਉਸ ਖ਼ਾਸ ਰੋਗ ਤੋਂ ਮੁਕਤ ਹੋ ਜਾਂਦਾ ਹੈ, ਜਿਸ ਬਾਰੇ ਉਹ ਸਿੱਧੀ ਹੈ। ਹਰੇਕ ਰੋਗ ਲਈ ਵੱਖੋ ਵੱਖਰੀ ਸਿੱਧੀ ਪ੍ਰਚਲਿਤ ਹੈ। ਗੀਤਾਂ ਵਿਚ ਜੋ ਸਥਾਨ ਮੰਤਰਾਂ ਦਾ ਹੈ, ਉਹ

ਕਥਾਵਾਂ ਵਿਚ ਸਿੱਧੀਆਂ ਦਾ। ਮੰਤ੍ਰ-ਜੰਤ੍ਰ ਵਾਂਗ ਇਸ ਕਥਾ ਨਾਲ ਟੂਣੇ ਦੀ ਭਾਵਨਾ ਜੁੜੀ ਹੋਈ ਹੈ। ਜੰਤ੍ਰ ਹਮੇਸ਼ਾਂ ਲਿਖ ਕੇ ਦਿਤਾ ਜਾਂਦਾ ਹੈ ਅਤੇ ਉਸ ਦਾ ਅਸਰ ਸਰੀਰ ਨੂੰ ਛੂਹਣ ਨਾਲ ਹੀ ਹੁੰਦਾ ਹੈ। ਇਸ ਲਈ ਜੰਤਰ ਸਰੀਰ ਉਪਰ ਧਾਰਨ ਕੀਤੇ ਜਾਂਦੇ ਹਨ। ਮੰਤਰ ਦਾ ਆਧਾਰ ਸ਼ਬਦ-ਸ਼ਕਤੀ ਹੈ, ਪਰ ਸਿੱਧੀ ਵਿਚ ਸ਼ਬਦ ਦੇ ਨਾਲ ਨਾਲ ਬਿਰਤਾਂਤ ਸ਼ਕਤੀ ਵੀ ਆਪਣਾ ਅਸਰ ਵਿਖਾਂਦੀ ਹੈ। ਇਹ ਕਥਾ ਲੋਕ-ਮਨ ਦੀ ਇਕ ਖ਼ਾਸ ਪ੍ਰਵਿਰਤੀ ਉਤੇ ਆਧਾਰਿਤ ਹੈ। ਲੋਕ-ਮਨ ਅਨੁਸਾਰ ਕਿਸੇ ਕਰਮ ਦੀ ਸ਼ਕਤੀ ਕਦੇ ਨਸ਼ਟ ਨਹੀਂ ਹੁੰਦੀ ਅਤੇ ਉਸ ਕਰਮ-ਪ੍ਰਸੰਗ ਦੀ ਸਿਮਰਤੀ ਜਾਂ ਸਰਵਣ ਦੇ ਨਾਲ ਉਸ ਦਾ ਫਲ ਵੀ ਸਹਿਜ ਰੂਪ ਵਿਚ ਪ੍ਰਾਪਤ ਹੋ ਜਾਂਦਾ ਹੈ। ਸਿੱਧੀ-ਕਥਾ ਟੂਣਾ ਚਿੰਤਨ ਵਿਚੋਂ ਉਪਜੀ ਹੈ, ਜਿਸ ਅਨੁਸਾਰ ਪਰੰਪਰਾ ਤੋਂ ਪ੍ਰਾਪਤ ਕਿਸੇ ਰਚਨਾ ਵਿਚ ਕਰਤਾ ਦੀ ਦੈਵੀ ਸ਼ਕਤੀ ਛਾਇਆ ਜਾਂ ਅੰਸ਼ ਰੂਪ ਵਿਚ ਸਮਾਈ ਰਹਿੰਦੀ ਹੈ ਅਤੇ ਆਪਣਾ ਅਸਰ ਦੁਹਰਾਂਦੀ ਰਹਿੰਦੀ ਹੈ। ਪਿੰਡਾਂ ਵਿਚ ਸਿਆਣੇ, ਓਝੇ ਅਤੇ ਕਈ ਪੀਰ-ਫ਼ਕੀਰ ਮੰਤਰਾਂ ਅਤੇ ਸਿੱਧੀਆਂ ਦੁਆਰਾ ਰੋਗ ਦੂਰ ਕਰਦੇ ਆਮ ਵੇਖੇ ਜਾਂਦੇ ਹਨ। ਹਰ ਰੋਗ ਲਈ ਕੋਈ ਵੱਖਰਾ ਮੰਤ੍ਰ ਜਾਂ ਸਿੱਧੀ ਪ੍ਰਚਲਤ ਹੈ। ਜਿਵੇਂ ਅੱਧੇ ਸਿਰ ਦਾ ਦਰਦ ਦੂਰ ਕਰਨ ਲਈ ਅਧ-ਸੀਸੀ ਦੀ ਕਥਾ ਹੈ। ਵਾਰਸ ਸ਼ਾਹ ਨੇ ਵੀ ਇਸ ਕਥਾ ਵਲ ਸੰਕੇਤ ਕੀਤਾ ਹੈ — "ਹੋਵੇ ਪੁੜਪੁੜੀ ਤੇ ਅਧ ਸੀਸੀ, ਉਹਦੀ ਕਥਾ ਦਿਨ ਅਠਵੇਂ ਪਾਵਨੇ ਹਾਂ" (ਵੇਖੋ : ਅਧ ਸੀਸੀ)।

ਸਿੱਖਾਂ ਵਿਚ ਤੀਏ ਤਾਪ ਦੀ ਕਥਾ ਪ੍ਰਚਲਤ ਹੈ, ਜਿਸ ਨੂੰ ਗੁਰੂ ਅਮਰਦਾਸ ਨੇ ਪੰਛੀ ਦੇ ਸਮੂਰਤ ਰੂਪ ਵਿਚ ਬੰਦੀ ਬਣਾ ਲਿਆ ਸੀ ਤੇ ਉਦੋਂ ਤਕ ਉਸ ਨੂੰ ਮੁਕਤ ਨਹੀਂ ਸੀ ਕੀਤਾ, ਜਦੋਂ ਤਕ ਉਸ ਨੇ ਇਹ ਬਚਨ ਨਹੀਂ ਸੀ ਦਿਤਾ ਕਿ ਜਿਥੇ ਕੋਈ ਰੋਗੀ ਇਹ ਕਥਾ ਸੁਣੇਗਾ, ਉਥੋਂ 'ਤੀਆ' ਛੱਡ ਕੇ ਚਲਾ ਜਾਵੇਗਾ (ਵੇਖੋ : ਤੀਏ ਦਾ ਤਾਪ)।

ਮਹਾਤਮ ਵਾਂਗ ਭਾਵੇਂ ਸਿੱਧੀ ਵੀ ਫਲ ਪ੍ਰਦਾਨ ਕਰਨ ਵਾਲੀ ਕਥਾ ਹੈ, ਪਰ ਦੋਹਾਂ ਵਿਚ ਉਹ ਹੀ ਅੰਤਰ ਹੈ, ਜੋ ਧਰਮ ਅਤੇ ਟੂਣੇ ਵਿਚ ਹੈ। ਧਰਮ ਅਤੇ ਟੂਣਾ ਚਿੰਤਨ ਦੋਵੇਂ ਇਹ ਮੰਨਦੇ ਹਨ ਕਿ ਬ੍ਰਹਿਮੰਡ ਦੇ ਸਾਰੇ ਪਰਪੰਚ ਨੂੰ ਕੋਈ ਸ਼ਕਤੀ ਚਲਾ ਰਹੀ ਹੈ, ਜੋ ਨੇਮਾਂ ਵਿਚ ਬੱਝੀ ਹੋਈ ਹੈ। ਧਰਮ ਅਨੁਸਾਰ ਇਹ ਸ਼ਕਤੀ ਚੇਤਨ ਤੇ ਵਿਅਕਤਵ ਸੰਪੰਨ ਹੈ, ਜੋ ਪ੍ਰਾਰਥਨਾ ਅਤੇ ਉਸਤਤੀ ਨਾਲ ਰੀਝਾਈ ਜਾ ਸਕਦੀ ਹੈ; ਇਸ ਦੇ ਉਲਟ ਟੂਣਾ ਚਿੰਤਨ ਅਨੁਸਾਰ ਇਹ ਸ਼ਕਤੀ ਅਵਚੇਤਨ ਅਤੇ ਨਿਰਵਿਅਕਤਵ ਹੈ। ਇਸ ਸ਼ਕਤੀ ਦੇ ਰਹੱਸਾਂ ਤੋਂ ਜਾਣੂ ਸ਼ਖ਼ਸ ਮੰਤਰਾਂ ਅਤੇ ਅਨੁਸ਼ਠਾਨਾਂ ਦੁਆਰਾ, ਸ਼ਕਤੀ ਨੂੰ ਮਜਬੂਰ ਕਰ ਕੇ ਕਾਮਨਾ ਅਨੁਸਾਰ ਫਲ ਪ੍ਰਾਪਤ ਕਰ ਸਕਦਾ ਹੈ। ਮਹਾਤਮ ਵਿਚ ਇਸ ਵਿਅਕਤਵ ਸੰਪੰਨ ਸ਼ਕਤੀ ਦੀ ਉਸਤਤੀ ਕਰ ਕੇ ਤੇ ਕਰਮ-ਕਾਂਡਾਂ ਦੁਆਰਾ ਰੀਝਾ ਕੇ ਫਲ ਪ੍ਰਾਪਤ ਕੀਤਾ ਜਾਂਦਾ ਹੈ, ਪਰ ਸਿੱਧੀ ਵਿਚ ਇਹ ਫਲ ਸਹਿਜ ਰੂਪ ਵਿਚ ਲੁਪਤ ਮੰਨਿਆ ਗਿਆ ਹੈ। ਸੋ, ਜਾਦੂ ਦੀ ਭਾਵਨਾ ਤੇ ਧਰਮ ਦੀ ਭਾਵਨਾ ਵਿਚਲਾ ਅੰਤਰ ਹੀ 'ਸਿੱਧੀ' ਤੇ 'ਮਹਾਤਮ' ਦਾ ਅੰਤਰ ਮਿਥਿਆ ਜਾ ਸਕਦਾ ਹੈ। ਪਰ ਰੂਪ ਤੇ ਪ੍ਰਕ੍ਰਿਤੀ ਦੋਹਾਂ ਦੀ ਇਕੋ ਹੈ।

ਸਿੱਧੀ ਕਥਾ ਦੀ ਰੋਚਕਤਾ ਸਮੂਰਤੀਕਰਨ ਵਿਚ ਹੈ, ਘਟਨਾ ਪ੍ਰਬੰਧ ਵਿਚ ਨਹੀਂ। ਕਿਸੇ ਰੋਗ ਨੂੰ ਸਮੂਰਤ ਰੂਪ ਵਿਚ ਪਾਤਰ ਵਜੋਂ ਪੇਸ਼ ਕਰਨਾ ਆਪਣੇ ਆਪ ਵਿਚ ਹੀ ਅਦਭੁਤ ਤੇ ਰੋਚਕ ਹੈ, ਪਰ ਇਸ ਤੋਂ ਅੱਗੋਂ ਘਟਨਾ-ਪ੍ਰਬੰਧ ਸਾਧਾਰਨ ਜਿਹਾ ਹੁੰਦਾ ਹੈ।

(ਸ-507) **ਸਿਧੀਆਂ :**

(ਵੇਖੋ : ਰਿਧੀ-ਸਿਧੀ)।

(ਸ-508) **ਸਿੱਧੂ :**

ਜੱਟਾਂ ਦੀ ਇਕ ਗੋਤ; ਪੰਜਾਬ ਦੇ ਜੱਟ ਕਬੀਲਿਆਂ ਵਿਚੋਂ ਸਿੱਧੂ ਗਿਣਤੀ ਤੇ ਪਸਾਰ ਦੇ ਪੱਖੋਂ ਸਭ ਤੋਂ ਵੱਡੀ ਗੋਤ ਹੋਣ ਕਰ ਕੇ, ਵਿਸ਼ੇਸ਼ ਮਹੱਤਵ ਰਖਦੇ ਹਨ। ਇਸੇ ਗੋਤ ਵਿਚੋਂ ਦੋ ਹੋਰ ਪ੍ਰਸਿਧ ਗੋਤਾਂ ਸਿੱਧੂ-ਬਰਾੜ ਤੇ ਫੂਲ ਨਿਕਲੀਆਂ ਹਨ। ਪੰਜਾਬ ਦੀਆਂ ਪੁਰਾਣੀਆਂ ਰਿਆਸਤਾਂ ਪਟਿਆਲਾ, ਨਾਭਾ, ਫ਼ਰੀਦਕੋਟ, ਜੀਂਦ ਆਦਿ ਦੇ

ਰਾਜੇ ਇਨ੍ਹਾਂ ਵੰਸ਼ਾਂ ਵਿਚੋਂ ਸਨ।

ਸਿੱਧੂ ਗੋਤ ਦਾ ਮੁੱਢ ਸਿੱਧੂ ਨਾਂ ਦੇ ਇਕ ਬਲਵਾਨ ਭੱਟੀ ਰਾਜਪੂਤ ਤੋਂ ਹੋਇਆ, ਜੋ ਜੈਸਲ ਤੋਂ ਸਤਵੀਂ ਪੀੜ੍ਹੀ ਸੀ। ਜੈਸਲ ਯਦੁਵੰਸ਼ੀ ਭੱਟੀ ਰਾਜਪੂਤ ਸੀ, ਜਿਸ ਨੇ ਬਾਰ੍ਹਵੀਂ ਸਦੀ ਵਿਚ ਰਾਜਸਥਾਨ ਦੇ ਪ੍ਰਸਿਧ ਨਗਰ ਜੈਸਲਮੇਰ ਨੂੰ ਵਸਾਇਆ। ਰਵਾਇਤ ਹੈ ਕਿ ਜੈਸਲ ਦੇ ਦੇਸ਼ ਵਿਚ ਵਿਦ੍ਰੋਹ ਹੋ ਗਿਆ ਤੇ ਉਸ ਨੇ ਵਿਦ੍ਰੋਹੀਆਂ ਤੋਂ ਜਾਨ ਬਚਾ ਕੇ ਪ੍ਰਿਥਵੀ ਰਾਜ ਚੌਹਾਨ ਦੀ ਸ਼ਰਨ ਲਈ। ਜੈਸਲ ਦੀ ਵੰਸ਼ ਦਾ ਹਿਸਾਰ ਤੇ ਸਰਸੇ ਵਿਚ ਕਦੇ ਚੰਗਾ ਦਬਦਬਾ ਸੀ ਤੇ ਸਰਸੇ ਦੇ ਇਲਾਕੇ ਨੂੰ ਉਨ੍ਹਾਂ ਨੇ ਹੀ 'ਭਟਿਆਨੇ' ਦਾ ਨਾਉਂ ਦਿਤਾ। ਜੈਸਲ ਦੀ ਵੰਸ਼ ਵਿਚ ਛੇਵੀਂ ਪੀੜ੍ਹੀ ਖੀਵਾ ਭੱਟੀ ਹੋਇਆ, ਜਿਸ ਨੇ ਘੱਘਰ ਦੀ ਇਕ ਜੱਟੀ ਨਾਲ ਵਿਆਹ ਕੀਤਾ, ਉਸੇ ਦੇ ਉਦਰ ਤੋਂ ਸਿੱਧੂ ਜੰਮਿਆ। ਸਿੱਧੂ ਦੇ ਅੱਗੋਂ ਚਾਰ ਪੁੱਤਰ ਹੋਏ — ਧਰ, ਬੂੜ, ਸੂਰ ਤੇ ਰੂਪਾ। ਬੂੜ ਤੋਂ ਅਠਵੀਂ ਪੀੜ੍ਹੀ ਅਥਵਾ ਸਿੱਧੂ ਤੋਂ ਨੌਵੀਂ ਪੀੜ੍ਹੀ ਬਰਾੜ ਹੋਇਆ, ਜਿਸ ਤੋਂ ਬਰਾੜ ਕਬੀਲੇ ਦਾ ਮੁੱਢ ਬਝਿਆ। ਬਰਾੜ ਤੋਂ ਬਾਰ੍ਹਵੀਂ ਪੀੜ੍ਹੀ 'ਤੇ ਬਾਬਾ ਫੂਲ ਹੋਇਆ, ਜਿਸ ਤੋਂ ਫੂਲ ਵੰਸ਼ ਚੱਲੀ। ਭਟਿਆਨੇ ਦੇ ਭੱਟੀ ਰਾਜਪੂਤ ਸਿੱਧੂਆਂ ਤੇ ਬਰਾੜਾਂ ਨੂੰ ਆਪਣੀ ਬਰਾਦਰੀ ਵਿਚੋਂ ਹੀ ਮੰਨਦੇ ਹਨ।

ਸਿੱਧੂਆਂ ਦਾ ਨਿਵਾਸ ਅਸਥਾਨ ਵਧੇਰੇ ਮਾਲਵੇ ਦਾ ਖੇਤਰ ਹੀ ਰਿਹਾ ਹੈ। ਅੱਜ ਵੀ ਇਸ ਗੋਤ ਦੇ ਬਹੁਤੇ ਲੋਕ ਫ਼ਿਰੋਜ਼ਪੁਰ, ਪਟਿਆਲਾ, ਨਾਭਾ ਆਦਿ ਵਿਚ ਮਿਲਦੇ ਹਨ। ਪਰ ਕੁਝ ਸਿੱਧੂ ਸਤਲੁਜ ਤੋਂ ਪਾਰ ਜਲੰਧਰ ਤੇ ਅੰਮ੍ਰਿਤਸਰ ਦੇ ਜ਼ਿਲਿਆਂ ਵਿਚ ਵੀ ਫੈਲੇ ਹੋਏ ਹਨ। ਸਰ ਲੈਪਲ ਗ੍ਰਿਫਨ ਨੇ ਸਿੱਧੂ ਕਬੀਲੇ ਦਾ ਇਤਿਹਾਸ 'ਪੰਜਾਬ ਚੀਫ਼ਜ਼' ਵਿਚ ਵੇਰਵੇ ਨਾਲ ਦਿਤਾ ਹੈ।

ਸਿੱਧੂ ਜੱਟਾਂ ਦਾ ਇਕ ਵਡਿੱਕਾ ਸਿਧ ਤਿਲਕਾਰਾ ਹੋਇਆ ਹੈ, ਜਿਸ ਨੂੰ ਉਹ ਜਠੇਰੇ ਵਾਂਗ ਪੂਜਦੇ ਹਨ। ਹਰ ਮਹੀਨੇ ਦੀ ਹਨੇਰੀ ਚੌਦਸ ਨੂੰ ਗਊ ਦੀਆਂ ਪਹਿਲੀਆਂ ਧਾਰਾਂ ਸਿਧ ਤਿਲਕਾਰਾ ਨੂੰ ਭੇਟ ਕਰਨ ਦੀ ਪ੍ਰਥਾ ਹੈ। ਇਸੇ ਦਿਨ ਕੰਜਕਾਂ ਨੂੰ ਵੀ ਭੋਜਨ ਖਵਾਇਆ ਜਾਂਦਾ ਹੈ। ਵਿਆਹ ਸਮੇਂ ਸਿੱਧੂ ਜਠੇਰੇ ਨੂੰ ਰੋਟ ਭੇਟ ਕਰਦੇ ਹਨ। ਸਿਧ ਤਿਲਕਾਰਾ ਦੀ ਸਮਾਧ ਫ਼ਿਰੋਜ਼ਪੁਰ ਵਿਚ ਮਰਾਝ ਦੇ ਸਥਾਨ 'ਤੇ ਹੈ।

ਸਿੱਧੂਆਂ ਦੇ ਬਹੁਤੇ ਰੀਤੀ ਰਵਾਜ ਜੱਟਾਂ ਵਾਲੇ ਹੀ ਹਨ। ਪਰ ਕੁਝ ਰੀਤਾਂ ਅੱਡਰੀਆਂ ਵੀ ਹਨ। ਵਿਆਹ ਦੇ ਮੌਕੇ 'ਤੇ ਲਾੜ੍ਹਾ ਜੰਡੀ ਕੱਟਣ ਤੋਂ ਬਾਅਦ ਮੋਚੀ ਦੇ ਸੰਦਾਂ ਦੀ ਪੂਜਾ ਕਰਦਾ ਹੈ। ਕਾਰਨ ਇਹ ਦਸਿਆ ਜਾਂਦਾ ਹੈ ਕਿ ਸਿੱਧੂ ਇਕ ਮੋਚਣ ਵੰਗੜ ਦੇ ਦੁੱਧ ਤੋਂ ਪਲਿਆ ਸੀ। ਜਦੋਂ ਸਿੱਧੂ ਵੱਡਾ ਹੋਇਆ, ਤਾਂ ਮੋਚਣ ਨੇ ਸਿੱਧੂ ਅੱਗੇ ਬੇਨਤੀ ਕੀਤੀ ਕਿ ਉਹ ਮੋਚੀਆਂ ਦੇ ਸੰਦਾਂ, ਆਰੀ ਤੇ ਰੰਬੀ ਨੂੰ, ਹਮੇਸ਼ਾਂ ਆਦਰ ਭਾਵਨਾ ਨਾਲ ਵੇਖੇ। ਸਿੱਧੂ ਨੇ ਆਪਣੀ ਵੰਸ਼ ਨੂੰ ਆਦੇਸ਼ ਦਿਤਾ ਕਿ ਵਿਆਹ ਵੇਲੇ ਦੂਲ੍ਹਾ ਤੇ ਦੁਲ੍ਹਨ ਦੋਵੇਂ ਮੋਚੀ ਦੇ ਸੰਦਾਂ ਦੀ ਪੂਜਾ ਕਰਨ, ਪਰ ਹੁਣ ਇਹ ਪ੍ਰਥਾ ਘਟਦੀ ਜਾ ਰਹੀ ਹੈ।

ਸਿੱਧੂਆਂ ਵਿਚੋਂ ਸਿੱਧੂ-ਬਰਾੜ ਸੁਭਾਅ ਦੇ ਬੜੇ ਤਿੱਖੇ, ਜੋਸ਼ੀਲੇ ਤੇ ਨਿਡਰ ਹੀ ਨਹੀਂ, ਅਣਖ ਤੇ ਮਰ ਮਿਟਣ ਵਾਲੇ ਵੀ ਹਨ। ਪੰਜਾਬੀ ਦੀ ਇਕ ਕਹਾਵਤ ਬਰਾੜਾਂ ਦੀ ਸ਼ਕਤੀ ਵਲ ਸੰਕੇਤ ਕਰਦੀ ਹੈ — "ਟਿਕਾ ਧਾਲੀਵਾਲ ਦਾ, ਚੌਧਰੀ ਗਰੇਵਾਲ ਦਾ, ਬਰਛੀ ਬਰਾੜ ਦੀ।" ਸਿੱਧੂ ਬਰਾੜਾਂ ਨੇ ਪੰਜਾਬ ਦੇ ਮਾਲਵੇ ਖੇਤਰ ਵਿਚ ਕਾਫ਼ੀ ਸਮੇਂ ਤਕ ਰਾਜ ਕੀਤਾ। ਬਰਾੜਾਂ ਦੀ ਬਰਾਦਰੀ ਤੇ ਸ਼ਰੀਕੇਦਾਰੀ, ਰਾਜਿਆਂ ਨਾਲ ਜਾ ਰਲਦੀ ਹੈ, ਇਸੇ ਲਈ ਇਨ੍ਹਾਂ ਵਿਚ ਅਭਿਮਾਨ ਤੇ ਘੁਮੰਡ ਬਾਕੀ ਜੱਟਾਂ ਨਾਲੋਂ ਕੁਝ ਵਧੇਰੇ ਹੈ।

ਬਰਾੜਾਂ ਵਿਚ ਕਿਸੇ ਵੇਲੇ ਕੰਨਿਆਂ ਮਾਰਨ ਦਾ ਆਮ ਰਵਾਜ ਰਿਹਾ ਹੈ। ਇਕ ਸਮਾਂ ਅਜਿਹਾ ਵੀ ਸੀ ਜਦੋਂ ਬਰਾੜਾਂ ਦੇ ਘਰਾਂ ਵਿਚ ਕਦੇ ਕਿਸੇ ਨੂੰ ਕੰਨਿਆਂ ਵੇਖਣ ਨੂੰ ਨਹੀਂ ਸੀ ਮਿਲਦੀ। ਬਰੈਂਡਰਥ (ਗਲਾਸਰੀ 3,422) ਇਸ ਭੈੜੀ ਰੀਤ ਦਾ ਕਾਰਨ ਇਹ ਦਸਦਾ ਹੈ ਕਿ ਨਾਭੇ ਦੇ ਕਿਸੇ ਮੁਖੀਏ ਦੀ ਕੰਨਿਆਂ ਦੀ ਮੰਗਣੀ ਧੋਖੇ ਨਾਲ ਕਿਸੇ ਨੀਵੀਂ ਜਾਤੀ ਦੇ ਸ਼ਖਸ ਨਾਲ ਹੋ ਗਈ। ਮੁਖੀਏ ਨੇ ਉਸ ਨਾਲ ਕੰਨਿਆਂ ਤਾਂ ਵਿਆਹ ਦਿਤੀ, ਪਰ ਉਸ ਨੇ ਆਪਣੀ ਬਰਾਦਰੀ ਇਕੱਠੀ ਕਰ ਕੇ ਇਹ ਫ਼ੈਸਲਾ ਕਰਵਾ ਲਿਆ ਕਿ ਅੱਗੋਂ ਕਬੀਲੇ ਵਿਚ ਜੋ ਧੀਆਂ ਜੰਮਣ ਗੀਆਂ, ਉਨ੍ਹਾਂ ਨੂੰ ਜੰਮਦੇ ਹੀ

ਮਾਰ ਦਿਤਾ ਜਾਵੇਗਾ।

ਸਿੱਧੂ ਚੋਵੀ ਮੂੰਹੀਆਂ ਵਿਚ ਵੰਡੇ ਹੋਏ ਹਨ ਜਿਨ੍ਹਾਂ ਵਿਚੋਂ ਕੁਝ ਨਾਂ ਇਹ ਹਨ : ਰਥੀਆ, ਖਿਲਰੀਆ, ਮਹਿਰ ਮੀਆਂ, ਦਰਾਕੇ, ਮਰਾੜ ਕੇ, ਰਤੀਆ, ਭੱਲਣ, ਹਰੀਕੇ, ਬੰਧਾਤੇ, ਭੱਕਣ, ਜੋਦ, ਬਰਾੜ, ਪਹਿਲੋਕੇ, ਸਰਾਂ, ਮਾਣਕੇ, ਖੋਖਰ ਕੇ, ਉਗਰ ਕੇ, ਸਾਹੋ ਕੇ, ਅਮੂੰ ਕੇ, ਅਚਲ, ਅਸਪਾਲ ਆਦਿ (ਫ਼ਿਰੋਜ਼ਪੁਰ ਗਜ਼ਟੀਅਰ, 180)। ਇਨ੍ਹਾਂ ਵਿਚੋਂ ਕਈ ਮੂੰਹੀਆਂ ਆਪੋ ਵਿਚ ਰਿਸ਼ਤੇ ਨਾਤੇ ਕਰ ਲੈਂਦੀਆਂ ਹਨ।

ਸ੍ਰ: ਅਤਰ ਸਿੰਘ ਭਦੌੜ ਨੇ ਬੜੀ ਖੋਜ ਤੇ ਮਿਹਨਤ ਨਾਲ ਸਿੱਧੂਆਂ ਦਾ ਇਤਿਹਾਸ 'ਤਾਰੀਖ਼ ਸਿੱਧੂ-ਬਰਾੜ ਤੇ ਖ਼ਾਨਦਾਨ ਫੂਲ' ਵਿਚ ਅੰਕਿਤ ਕੀਤਾ ਹੈ।

ਸਿੱਧੂ, ਸਿੰਧੂ ਤੇ ਗਿਲ ਭਾਵੇਂ ਤਿੰਨੋਂ ਜੱਟ ਕਬੀਲੇ ਹਨ, ਪਰ ਉਨ੍ਹਾਂ ਦੇ ਸਮਾਜਿਕ ਦਰਜੇ ਬਾਰੇ ਇਕ ਕਹਾਵਤ ਇਉਂ ਪ੍ਰਚਲਤ ਹੈ : "ਸਿੱਧੂ ਸਿੰਧੂ ਇਕ ਬਰਾਬਰ ਗਿਲ ਰਤਾ ਕੁ ਉਚੇਰੇ।"

(ਸ-509) **ਸਿਧੂ-ਬਰਾੜ :**

(ਵੇਖੋ : ਸਿੱਧੂ)।

(ਸ-510) **ਸਿੰਧੂ, ਸੰਧੂ :**

ਜੱਟਾਂ ਦੀ ਇਕ ਪ੍ਰਸਿਧ ਗੋਤ, ਜੋ ਗਿਣਤੀ ਦੇ ਲਿਹਾਜ਼ ਨਾਲ ਸਿੱਧੂਆਂ ਤੋਂ ਬਾਅਦ ਜੱਟਾਂ ਦੀ ਦੂਜੀ ਵੱਡੀ ਗੋਤ ਮੰਨੀ ਜਾਂਦੀ ਹੈ। ਇਨ੍ਹਾਂ ਦੀ ਬਹੁਤੀ ਵਸੋਂ ਮਾਝੇ ਵਿਚ ਹੈ। ਸਿੰਧੂ ਆਪਣਾ ਪਿੱਛਾ ਸੂਰਜਬੰਸੀ ਰਾਜਪੂਤਾਂ ਦੀ ਰਘੂ-ਬੰਸੀ ਸ਼ਾਖ਼ ਨਾਲ ਜੋੜਦੇ ਹਨ।

ਸਿੰਧੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਵਡਿਕੇ ਨੂੰ ਮਹਿਮੂਦ ਗ਼ਜ਼ਨੀ ਆਪਣੇ ਨਾਲ ਹੀ ਗ਼ਜ਼ਨੀ ਲੈ ਗਿਆ ਸੀ। ਉਸ ਦੀ ਵੰਸ਼, ਕੁਝ ਪੀੜ੍ਹੀਆਂ ਮਗਰੋਂ ਤੇਰ੍ਹਵੀਂ ਸਦੀ ਜਾਂ ਫ਼ਿਰੋਜ਼ ਸ਼ਾਹ ਦੇ ਵੇਲੇ ਮੁੜ ਪੰਜਾਬ ਆ ਕੇ ਮਾਝੇ ਵਿਚ ਵੱਸਣ ਲੱਗੀ। ਪਰ ਕੁਝ ਹੋਰ ਸਿੰਧੂਆਂ ਦਾ ਕਥਨ ਹੈ ਕਿ ਉਹ ਗ਼ਜ਼ਨੀ ਅਫ਼ਗ਼ਾਨਿਸਤਾਨ ਵਾਲਾ ਨਹੀਂ, ਦੱਖਣ ਦੇਸ਼ ਵਲ ਸਥਿਤ ਇਕ ਹੋਰ ਗ਼ਜ਼ਨੀ ਸੀ। ਇਕ ਹੋਰ ਧਾਰਨਾ ਅਨੁਸਾਰ ਇਹ ਗ਼ਜ਼ਨੀ ਬੀਕਾਨੇਰ ਵਿਚ ਸੀ। ਜਲੰਧਰ ਦੇ ਸਿੰਧੂਆਂ ਦੀਆਂ ਰਵਾਇਤਾਂ ਅਨੁਸਾਰ ਉਹ ਸੋਲ੍ਹਵੀਂ ਸਤਾਰ੍ਹਵੀਂ ਸਦੀ ਵਿਚ ਦੱਖਣ ਵਲੋਂ ਮਾਝੇ ਵਿਚ ਉਨ੍ਹੀਂ ਦਿਨੀਂ ਆ ਕੇ ਵਸੇ, ਜਦੋਂ ਪਠਾਣਾਂ ਨੇ ਮੰਜ ਰਾਜਪੂਤਾਂ ਨੂੰ ਉਥੋਂ ਕੱਢ ਦਿਤਾ ਸੀ ਅਤੇ ਗਿਲਾਂ ਨੇ ਸਿੰਧੂਆਂ ਨੂੰ ਮੰਜ ਰਾਜਪੂਤਾਂ ਦੇ ਖ਼ਾਲੀ ਕੀਤੇ ਇਲਾਕਿਆਂ ਵਿਚ ਵੱਸਣ ਲਈ ਸੱਦਾ ਭੇਜਿਆ (ਗਲਾਸਰੀ 3,423)।

ਸਰ ਲੇਪਲ ਗ੍ਰਿਫ਼ਨ ਨੇ ਪੰਜਾਬ ਚੀਫ਼ਜ਼ (417-428) ਵਿਚ, ਸਿੰਧੂਆਂ ਦੀ ਰਾਜਸੀ ਪ੍ਰਗਤੀ ਦਾ ਇਤਿਹਾਸ ਵੇਰਵੇ ਨਾਲ ਦਿਤਾ ਹੈ। ਉਸ ਦਾ ਮੱਤ ਹੈ ਕਿ ਸਿੰਧੂ ਪੰਜਾਬ ਵਿਚ ਉਤਰ-ਪੱਛਮੀ ਰਾਜਪੂਤਾਨੇ ਵਿਚੋਂ ਆਏ।

ਸਿੰਧੂ ਚੌਰਾਸੀ ਮੂੰਹੀਆਂ ਵਿਚ ਵੰਡੇ ਹੋਏ ਹਨ। ਇਨ੍ਹਾਂ ਮੂੰਹੀਆਂ ਦੇ ਆਰੰਭ ਬਾਰੇ ਤਿੰਨ ਕਥਾਵਾਂ ਰੋਜ਼ ਦੀ ਗਲਾਸਰੀ (3,424) ਵਿਚ ਦਰਜ ਹਨ। ਪਹਿਲੀ ਕਥਾ ਅਨੁਸਾਰ ਵਾਗੜ ਦਾ ਇਕਲੌਤਾ ਪੁੱਤਰ ਸਿੰਧੂ ਸੀ, ਜਿਸ ਦਾ ਵਿਆਹ ਨੰਦਨ ਨਾਲ ਹੋਇਆ। ਸਿੰਧੂ ਦੀ ਮੌਤ ਮਗਰੋਂ ਨੰਦਨ ਨੇ, ਜੋ ਆਪਣੇ ਗਰਭਵਤੀ ਹੋਣ ਤੋਂ ਅਗਿਆਤ ਸੀ, ਕੁਲ ਨੂੰ ਅੱਗੇ ਤੋਰਨ ਵਾਸਤੇ, ਆਪਣੇ ਸਹੁਰੇ ਵਾਗੜ ਦਾ ਵਿਆਹ ਆਪਣੀ ਬਰਾਦਰੀ ਦੀ ਕਿਸੇ ਕੁੜੀ ਨਾਲ ਕਰਵਾ ਦਿਤਾ। ਪਰ ਉਹ ਕੁੜੀ ਗਰਭ ਅਵਸਥਾ ਵਿਚ ਚਲਾਣਾ ਕਰ ਗਈ ਅਤੇ ਉਸ ਦੇ ਉਦਰ ਤੋਂ ਚੀ ਨਾਉਂ ਦਾ ਬਾਲ ਚਿਖਾ ਉਤੇ ਜੰਮਿਆ। ਪਰ ਵਾਗੜ ਨੇ ਜਿਸ ਨੂੰ ਚੀ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ, ਬਰਾਦਰੀ ਦੇ ਲੋਕਾਂ ਨੂੰ ਕਿਹਾ ਕਿ ਉਹ ਉਸ ਨੂੰ ਇਕ ਪੁੱਤਰ ਮੁਤਬੰਨਾ ਬਨਾਉਣ ਲਈ ਦੇਣ, ਤਾਂ ਜੋ ਉਹ ਨਿਪੁਤਾ ਨਾ ਮਰੇ। ਜਦੋਂ ਵਾਗੜ ਆਪਣੀ ਪਤਨੀ ਦਾ ਦਾਹ ਸੰਸਕਾਰ ਕਰ ਕੇ ਘਰ ਆਇਆ, ਤਾਂ ਉਸ ਵੇਖਿਆ ਕਿ ਬਰਾਦਰੀ ਦੇ ਅਨੇਕਾਂ ਲੋਕ ਉਸ ਨੂੰ ਆਪਣੇ ਪੁੱਤਰ ਸੌਂਪ ਗਏ ਸਨ। ਇਨ੍ਹਾਂ ਬੱਚਿਆਂ ਦੀ ਗਿਣਤੀ 82 ਸੀ। ਇਨ੍ਹਾਂ 82 ਬੱਚਿਆਂ ਤੋਂ ਇਲਾਵਾ ਉਸ ਦਾ ਇਕ ਪੁੱਤਰ ਚੀ ਅਤੇ ਨੰਦਨ ਦੀ ਕੁਖੋਂ ਜੰਮਿਆ ਪੋਤਰਾ ਕਣ ਸੀ। ਸੋ ਇਹ ਕੁਲ

ਮਿਲਾ ਕੇ 84 ਬਣਦੇ ਸਨ, ਜਿਨ੍ਹਾਂ ਤੋਂ ਸਿੱਧੂਆਂ ਦੀਆਂ 84 ਮੂੰਹੀਆਂ ਚੱਲੀਆਂ । ਦੂਜੀ ਕਥਾ ਅਨੁਸਾਰ ਵਾਗੜ ਦੀ ਕੋਈ ਸੰਤਾਨ ਨਹੀਂ ਸੀ, ਕਿਸੇ ਸਾਧੂ ਨੇ ਉਸ ਨੂੰ ਚਾਵਲਾਂ ਦੀ ਮੁਠ ਦਿਤੀ, ਤਾਂ ਜੋ ਉਹ ਸੰਤਾਨ ਦੀ ਪ੍ਰਾਪਤੀ ਲਈ ਆਪਣੀ ਪਤਨੀ ਨੂੰ ਖਵਾ ਦੇਵੇ । ਉਸ ਦੀ ਪਤਨੀ ਨੇ ਉਹ ਚਾਵਲ ਤ੍ਰਿੰਞਣ ਵਿਚ ਬੈਠੀਆਂ ਸਖੀਆਂ ਨੂੰ ਇਕ ਇਕ ਕਰ ਕੇ ਵੰਡ ਦਿਤੇ। ਉਨ੍ਹਾਂ ਸਭਨਾਂ ਦੀ ਔਲਾਦ ਤੋਂ 84 ਮੂੰਹੀਆਂ ਚੱਲੀਆਂ। ਇਹੋ ਕਾਰਨ ਹੈ ਕਿ ਸਿੱਧੂ ਗੋਤ ਚੂਹੜਿਆਂ, ਮੋਚੀਆਂ, ਬਰਵਾਲਿਆਂ, ਕਮੀਣਾਂ ਤੇ ਅਨੁਸੂਚਿਤ ਜਾਤਾਂ ਵਿਚ ਵੀ ਮਿਲਦੀ ਹੈ । ਤੀਜੀ ਰਵਾਇਤ ਅਨੁਸਾਰ ਵਾਗੜ ਦੀਆਂ ਦੋ ਪਤਨੀਆਂ ਰੂਪ ਕੌਰ ਤੇ ਨੰਦਨ ਸਨ, ਜਿਨ੍ਹਾਂ ਤੋਂ ਇੱਕੀ ਬਾਲ ਪੈਦਾ ਹੋਏ, ਕਾਲਾ ਮਹਿਰ ਦੇ ਸੱਤ, ਅਤੇ ਕਾਲਾ ਪੀਰ, ਘਿਰਾਹ, ਪੰਟੂ, ਗੋਲੀ, ਚੀ; ਗੁੰਡ ਰਾਏ ਦੇ ਇਕ ਇਕ, ਜੋ ਕੁਲ 34 ਬਣੇ। ਇਨ੍ਹਾਂ ਤੋਂ 50 ਉਪ-ਸ਼ਾਖ਼ਾਂ ਚੱਲੀਆਂ, ਇਸ ਤਰ੍ਹਾਂ ਕੁਲ ਮਿਲਾ ਕੇ ਚੌਰਾਸੀ ਮੂੰਹੀਆਂ ਹੋਂਦ ਵਿਚ ਆਈਆਂ।

ਸਿੱਧੂਆਂ ਦਾ ਜਠੇਰਾ ਕਾਲਾ ਮਹਿਰ ਹੈ, ਜਿਸ ਦਾ ਪ੍ਰਧਾਨ ਸਥਾਨ ਸਿਆਲਕੋਟ ਦੇ ਥਾਣਾ ਸਤਰਾ ਵਿਚ ਹੈ। ਉਹ ਸਿੱਧੂ ਤੋਂ ਚੌਥੀ ਪੀੜ੍ਹੀ 'ਤੇ ਸੀ। ਕਾਲਾ ਮਹਿਰ ਨੂੰ ਭੱਟੀਆਂ ਨੇ ਸ਼ਹੀਦ ਕਰ ਦਿਤਾ ਸੀ, ਪਰ ਉਹ ਇਨ੍ਹਾਂ ਨਾਲ ਸੀਸ ਬਗ਼ੈਰ ਹੀ ਲੜਦਾ ਰਿਹਾ। ਅਖ਼ੀਰ ਉਸ ਨੇ ਭੱਟੀਆਂ ਨੂੰ ਮੈਦਾਨ ਵਿਚੋਂ ਨਠਾ ਦਿਤਾ। ਇਕ ਰੰਗ ਸਾਜ਼ ਨੇ ਭੱਟੀਆਂ ਨੂੰ ਨਠਦਿਆਂ ਵੇਖ ਕੇ ਮਿਹਣਾ ਮਾਰਿਆ ਕਿ ਉਹ ਧੜ ਤੋਂ ਡਰਦੇ ਨਠ ਰਹੇ ਹਨ, ਤਾਂ ਭੱਟੀ ਪਰਤ ਆਏ ਅਤੇ ਕਾਲਾ ਮਹਿਰ ਥਾਂ 'ਤੇ ਹੀ ਡਿਗ ਕੇ ਢੇਰੀ ਹੋ ਗਿਆ। ਰੰਗ ਸਾਜ਼ ਪ੍ਰਤੀ ਘ੍ਰਿਣਾ ਦੀ ਭਾਵਨਾ ਪ੍ਰਗਟ ਕਰਨ ਵਾਸਤੇ ਕਾਲਾ ਮਹਿਰ ਦੀ ਵੰਸ਼ ਨੀਲੇ ਕਪੜੇ ਨਹੀਂ ਪਹਿਨਦੀ (ਵੇਖੋ : ਕਾਲਾ ਮਹਿਰ)। ਸਿੱਧੂਆਂ ਲਈ ਇੱਟ ਮੰਨਣੀ ਤੇ ਨੀਲਾ ਨਹੀਂ ਪਹਿਨਣ ਦਾ ਆਦੇਸ਼ ਹੈ — "ਇੱਟ ਮੰਨਣੀ, ਨੀਲ ਨਹੀਂ ਪਹਿਨਣਾ, ਉਸ ਸਿੱਧੂ ਦੀ ਚਲੇਗੀ ਮੋਹਰ ਛਾਪ।" ਕਲ੍ਹ ਤਕ ਸਿੱਧੂ ਪੱਕੀ ਇੱਟ ਦੀ ਵਰਤੋਂ ਕਰਨੋਂ ਕਤਰਾਂਦੇ ਰਹੇ ਹਨ, ਪਰ ਹੁਣ ਇਹ ਭਰਮ ਪ੍ਰਚਲਤ ਨਹੀਂ ਰਿਹਾ। ਰਵਾਇਤ ਹੈ ਕਿ ਕਾਲਾ ਮਹਿਰ ਅੱਖਾਂ ਖੋਲ੍ਹ ਕੇ ਸੌਂਦਾ ਸੀ, ਇਸੇ ਲਈ ਕਈ ਸਿੱਧੂ 'ਕਾਣੀ ਨੀਂਦ' ਸੌਂਦੇ ਹਨ ਅਥਵਾ ਸੌਣ ਵੇਲੇ ਅੱਧੀ ਅੱਖ ਖੁਲ੍ਹੀ ਰਖਦੇ ਹਨ।

ਸਿੱਧੂਆਂ ਵਿਚ, ਸਾਹੂ ਤੇ ਚੀਮਿਆਂ ਵਾਂਗ, ਵਿਆਹ ਵੇਲੇ ਬਕਰੇ ਦੇ ਕੰਨ ਕਟ ਕੇ ਵਰ ਤੇ ਕੰਨਿਆਂ ਦੇ ਮੱਥੇ ਉਤੇ ਲਹੂ ਦਾ ਤਿਲਕ ਲਗਾਣ ਦੀ ਪ੍ਰਥਾ ਹੈ। ਇਸ ਤੋਂ ਇਲਾਵਾ ਸਿੱਧੂਆਂ ਵਿਚ ਜੰਡੀ ਕੱਟਣ ਤੇ ਛਟੀਆਂ ਖੇਡਣ ਦੀ ਰੀਤ ਵੀ ਪ੍ਰਚਲਤ ਹੈ।

(ਸ-511) **ਸਿਫਤਾਂ** :

ਪੰਜਾਬੀ ਦਾ ਇਕ ਉਸਤਤੀ ਮੂਲਕ ਕਾਵਿ-ਰੂਪ; ਇਹ ਰੂਪ ਵਿਸ਼ੇ ਤੇ ਸੁਭਾਵ ਵਿਚ ਸਤੋਤਰ ਨਾਲ ਮੇਲ ਖਾਂਦਾ ਹੈ। ਸਤੋਤਰ ਵਿਚ ਕਿਸੇ ਦੇਵੀ ਦੇਵਤੇ ਦੇ ਸਰੂਪ, ਸੁਭਾਵ ਤੇ ਕਰਤੱਵ ਦੀ ਮਹਿਮਾ ਹੁੰਦੀ ਹੈ। ਪਰ ਸਿਫਤਾਂ ਵਿਚ ਕਿਸੇ ਗੁਰ ਪੀਰ ਦੀ, ਜਿਸ ਨੂੰ ਉਸ ਦੇ ਅਨੁਯਾਈ ਸ਼ਰਧਾ ਭਾਵਨਾ ਨਾਲ ਰਚਦੇ ਤੇ ਗਾਉਂਦੇ ਹਨ। ਸਿਫਤ ਜ਼ਰੂਰੀ ਨਹੀਂ ਸਰੋਦੀ ਗੀਤ ਦੇ ਰੂਪ ਵਿਚ ਹੀ ਹੋਵੇ, ਕਈ ਸਿਫਤਾਂ ਵਿਚ ਪੀਰ ਦੇ ਕਿਸੇ ਚਮਤਕਾਰ ਜਾਂ ਉਸ ਦੀ ਕਿਸੇ ਸਾਖੀ ਦਾ ਪ੍ਰਸ਼ੰਸਾਤਮਕ ਵਰਣਨ ਮਿਲਦਾ ਹੈ। ਹੇਠਾਂ ਬਾਲਾ ਸ਼ਾਹ ਦੀ ਇਕ ਸਿਫਤ ਦਾ ਨਮੂਨਾ ਦਿਤਾ ਜਾਂਦਾ ਹੈ, ਜੋ ਚੂਹੜਿਆਂ ਦਾ ਪੀਰ ਸੀ। ਇਸ ਸਿਫਤ ਵਿਚ ਬਾਲਾ ਸ਼ਾਹ ਦੇ ਰੂਪ ਦਾ ਵਰਨਣ ਇਉਂ ਕੀਤਾ ਹੈ :

ਉਹਦਾ ਮੱਥਾ ਬਾਲੇ ਚੰਦ ਦਾ,
ਜਿਉਂ ਅਸਮਾਨੀ ਤਾਰੇ
ਚੰਦ ਪਿਆ ਅਸਮਾਨ 'ਤੇ
ਜਿਵੇਂ ਚਮਕਾਂ ਮਾਰੇ
ਨੂਰ ਮੱਥੇ ਦਾ ਚਮਕਦਾ,
ਲੈਂਦਾ ਲਿਸ਼ਕਾਰੇ
ਪੀਰ ਪੋਸ਼ਾਕਾਂ ਪਹਿਨੀਆਂ
ਨਹਾ ਕੇ ਉਪਰ ਖਾਰੇ।

ਇਹ ਸਿਫਤ ਕਾਫ਼ੀ ਲੰਮੀ ਹੈ ਅਤੇ ਇੰਡੀਅਨ ਐਂਟੀਕਵੇਰੀ (ਮਾਰਚ 1907, ਪੰਨਾ 73) ਵਿਚ ਪੂਰੀ ਦਿਤੀ ਹੋਈ ਹੈ। ਇਹ ਸਿਫਤ ਬਾਲਾ ਸ਼ਾਹ ਦੇ ਕਿਸੇ ਚੇਲੇ ਦੀ ਰਚੀ ਜਾਪਦੀ ਹੈ।

'ਚੇਲੇ ਸਿਫਤਾਂ ਜੋੜੀਆਂ' ਵਾਕੰਸ਼ ਇਸੇ ਗੱਲ ਵਲ ਸੰਕੇਤ ਹੈ । ਇਸੇ ਤਰ੍ਹਾਂ ਦੀਆਂ 'ਸਿਫਤਾਂ' ਗੁਗਾ ਪੀਰ, ਖ਼ਵਾਜਾ ਚਿਸ਼ਤੀ ਤੇ ਕਈ ਹੋਰ ਪੀਰਾਂ ਫ਼ਕੀਰਾਂ ਬਾਰੇ ਵੀ ਮਿਲਦੀਆਂ ਹਨ ।

ਹਜ਼ਰਤ ਮੁਹੰਮਦ ਸਾਹਿਬ ਦੀ ਮਹਿਮਾਂ ਵਿਚ ਰਚੀਆਂ ਸਿਫ਼ਤਾਂ ਨੂੰ ਮੁਸਲਮਾਨ 'ਸਿਫ਼ਾਤਾਂ' ਕਹਿੰਦੇ ਹਨ । ਇਹ ਕਾਵਿ-ਰੂਪ ਲਹਿੰਦੇ ਦੇ ਇਲਾਕੇ ਵਿਚ ਤੇ ਖ਼ਾਸ ਤੌਰ 'ਤੇ ਮੀਆਂ ਵਾਲੀ ਵਿਚ ਬੜਾ ਪ੍ਰਸਿਧ ਹੈ । ਨਮੂਨਾ ਹੇਠਾਂ ਦਿਤਾ ਜਾਂਦਾ ਹੈ :

ਹਜ਼ਰਤ ਮੁਹੰਮਦ ਸਰਵਰ ਸਾਡਾ,
ਉਮਤ ਦਾ ਰਖਵਾਲਾ ।
ਸੂਰਜ ਜਿਸ ਤੋਂ ਨੂਰ ਹੈ ਘਿੰਨਦਾ,
ਤਾਰੇ ਘਿੰਨਣ ਉਜਾਲਾ ।

ਮੁਸਲਮਾਨਾਂ ਵਿਚ ਅੱਲਾ ਦੇ ਇਕ ਸੌ ਸਿਫਾਤੀ ਅਥਵਾ ਗੁਣ ਵਾਚਕ ਨਾਉਂ ਪ੍ਰਚਲਤ ਹਨ ਅਤੇ ਮੁਸਲਮਾਨ ਤਸਬੀ ਫੇਰਨ ਵੇਲੇ ਇਨ੍ਹਾਂ ਨਾਵਾਂ ਦਾ ਜਾਪ ਕਰਦੇ ਹਨ, ਜਿਵੇਂ ਅਜ਼ੀਜ਼, ਹਕ, ਕਬੀਰ, ਗੁਫ਼ਾਰ, ਨੂਰ, ਸਤਾਰ ਆਦਿ । ਹਰ ਸਿਫਾਤ ਵਿਚ ਕਿਸੇ ਨਾ ਕਿਸੇ ਸਿਫਾਤੀ ਨਾਉਂ ਦੀ ਵਿਆਖਿਆ ਹੁੰਦੀ ਹੈ । ਸਿਫਾਤਾਂ ਆਮ ਤੌਰ ਤੇ ਪੀਰਾਂ ਦੀਆਂ ਮਜਲਸਾਂ ਵਿਚ ਗਾਈਆਂ ਜਾਂਦੀਆਂ ਹਨ ।

(ਸ-512) **ਸਿਫਾਤਾਂ** :

(ਵੇਖੋ : ਸਿਫਤਾਂ) ।

(ਸ-513) **ਸਿਪਾਹੀਆ** :

ਇਕ ਪ੍ਰਸਿਧ ਲੋਕ-ਕਾਵਿ ਰੂਪ ਜਿਸ ਵਿਚ ਸਿਪਾਹੀ ਦੀ ਪਤਨੀ ਦੀ ਸੰਵੇਦਨਾ ਦਾ ਕਰੁਣਾਮਈ ਵਰਨਣ ਹੈ । ਪੰਜਾਬ ਦੇ ਜੰਮਿਆਂ ਨੂੰ ਨਿੱਤ ਹੀ ਮੁਹਿੰਮਾਂ ਪੈਂਦੀਆਂ ਰਹੀਆਂ । ਸਵਾਣੀਆਂ ਨੇ ਆਪਣੇ ਢੋਲ-ਸਿਪਾਹੀ ਦੇ ਵਿਛੋੜੇ ਦੀ ਵਿਆਕੁਲਤਾ ਅਤੇ ਮਿਲਣ ਦੀ ਤੀਬਰਤਾ ਦੇ ਭਾਵਾਂ ਦੀ ਅਭਿਵਿਅਕਤੀ ਲਈ ਜੋ ਕਾਵਿ-ਰੂਪ ਸਿਰਜਿਆ, ਉਹ 'ਸਿਪਾਹੀਆ' ਦੇ ਨਾਂ ਨਾਲ ਪ੍ਰਚਲਤ ਹੋ ਗਿਆ । 'ਸਿਪਾਹੀਆ' ਦੇ ਗੀਤਾਂ ਵਿਚ ਬ੍ਰਿਹੋਂ ਦਾ ਹੱਡ ਖੋਰਵਾਂ ਝੋਰਾ ਸਾਕਾਰ ਹੁੰਦਾ ਹੈ :

ਜੇ ਤੂੰ ਗਿਆ ਜੰਗ ਨੂੰ ਸਿਪਾਹੀਆ
ਲਾ ਕੇ ਮੈਨੂੰ ਝੋਰਾ
ਬ੍ਰਿਹੋਂ ਹੱਡਾਂ ਨੂੰ ਇੰਜ ਖਾ ਜਾਊ
ਜਿਉਂ ਛੋਲਿਆਂ ਨੂੰ ਢੋਰਾ ।

'ਸਿਪਾਹੀਆ' ਦੇ ਗੀਤ ਵਰਜਨਾ ਨਹੀਂ, ਵੰਗਾਰ ਹਨ । ਬਹੁਤੀ ਵਾਰ ਪਤਨੀ ਬੜੇ ਉਤਸ਼ਾਹ ਨਾਲ ਆਪਣੇ ਪਤੀ ਨੂੰ ਯੁਧ ਵਿਚ ਭੇਜਦੀ ਹੈ :

ਜਾ ਵੇ ਸਿਪਾਹੀਆ ਆਵੀਂ ਛੇਤੀ,
ਬਹੁਤੀ ਦੇਰ ਨਾ ਲਾਵੀਂ ।
ਸ਼ੇਰਾਂ ਵਾਂਗੂੰ ਪਾਲੀਂ ਅਣਖ ਨੂੰ,
ਪਿੱਠ ਨਾ ਕਦੇ ਵਿਖਾਈਂ
ਤੇਰੇ ਸਿਰ ਤੇ ਸਿਪਾਹੀਆ,
ਸਿਹਰੇ ਬੰਨ੍ਹੇਗਾ ਸਾਈਂ ।

ਇਹ ਕਾਵਿ-ਰੂਪ ਸਿੱਖ ਰਾਜ ਵੇਲੇ ਬੜਾ ਲੋਕ-ਪ੍ਰਿਯ ਸੀ ਅਤੇ ਢੋਲੇ ਤੇ ਮਾਹੀਏ ਵਾਂਗ ਹੀ ਇਸ ਦੀ ਵਿਸ਼ੇਸ਼ ਹੋਂਦ ਤੇ ਵਿਲੱਖਣ ਚਰਿਤ੍ਰ ਸੀ । ਪਰ ਮਗਰੋਂ ਅੰਗ੍ਰੇਜ਼ੀ ਰਾਜ ਸਮੇਂ, ਜਦੋਂ ਪੰਜਾਬੀਆਂ ਨੂੰ ਗ਼ੁਲਾਮ ਬਣ ਕੇ, ਦੂਜੇ ਦੇਸ਼ ਦੇ ਹਾਕਮਾਂ ਲਈ ਲੜਨਾ ਪਿਆ, ਤਾਂ 'ਸਿਪਾਹੀਏ' ਦੇ ਗੀਤ ਵੰਗਾਰ ਨਾਲੋਂ ਬ੍ਰਿਹੋਂ ਦੇ ਗੀਤਾਂ ਦੇ ਰੂਪ ਵਿਚ ਬਦਲ ਗਏ । ਕਸ਼ਮੀਰ ਵਿਚ 'ਸਿਪਾਹੀਆ' ਰੂਪ ਅਜੇ ਵੀ ਪੂਰੀ ਤਰ੍ਹਾਂ ਸੁਰਜੀਤ ਹੈ, ਪਰ ਉਥੇ ਇਸ ਗੀਤ ਦੁਆਰਾ ਪ੍ਰੇਮ ਦੇ ਭਾਵਾਂ ਨੂੰ ਵਿਅਕਤ ਕੀਤਾ ਗਿਆ ਹੈ :

ਢਕੀਓਂ ਜੇ ਚੜ੍ਹਦਿਆਂ ਛੱਲਾ ਮੇਰਾ ਗੁੰਮਿਆ,
ਛਲੜੇ ਦੀ ਭਾਰੀ ਡਾਢੀ ਲੋੜ ਸਿਪਾਹੀਆ ।
ਢਕੀਓਂ ਜੇ ਚੜ੍ਹਦਿਆਂ ਗਰਮੀ ਲੱਗੀ ਆ,
ਖੋਲ੍ਹ ਤਣੀ ਪੱਖਾ ਝੋਲ ਸਿਪਾਹੀਆ ।

(ਸ-514) **ਸਿੰਮਲ** :

ਪੁਰਾਣਾਂ ਅਨੁਸਾਰ ਬ੍ਰਹਮਾ ਦੇਵਤੇ ਨੇ, ਸ੍ਰਿਸ਼ਟੀ ਦੀ ਰਚਨਾ ਦਾ ਕੰਮ ਮੁਕਾ ਕੇ ਸਿੰਮਲ ਦੀ ਛਾਂ ਹੇਠ ਬਿਸਰਾਮ ਕੀਤਾ ਸੀ । ਇਸੇ ਲਈ ਬ੍ਰਹਮਾ ਦੇ ਅਨੁਯਾਈ ਇਸ ਰੁੱਖ ਨੂੰ ਪਾਵਨ ਮੰਨਦੇ ਹਨ । ਗੁਰੂ ਕਾਲ ਵਿਚ ਸਿੰਮਲ ਛਲ ਤੇ ਕਪਟ ਦਾ ਪ੍ਰਤੀਕ ਬਣ ਗਿਆ, ਜੋ 'ਫਲ ਫਿਕੇ ਫੁਲ ਬਕਬਕੇ ਕੰਮਿ ਨਾ ਆਵਹਿ ਪਤ' ਸਦਕਾ ਉਸ ਦੀ

ਪ੍ਰਕ੍ਰਿਤੀ ਦੇ ਅਨੁਕੂਲ ਯਥਾਰਥ ਸੀ। ਗੁਰਮਤਿ ਦੇ ਪ੍ਰਭਾਵ ਹੇਠ ਲੋਕ-ਗੀਤਾਂ ਵਿਚ ਵੀ ਸਿੰਮਲ ਦਾ ਇਹੋ ਸੰਕਲਪ ਸਥਾਪਿਤ ਹੋ ਗਿਆ :

"ਤੇਰੇ ਫਲ ਵਿਕੇ ਫੁਲ ਬਕੇ,
ਸਿੰਮਲਾ ਤੂੰ ਮਾਣ ਨਾ ਕਰੀਂ।" (ਲੋਕ-ਗੀਤ)

(ਸ-515) **ਸਿਯਾਰੀ** :

ਇਕ ਵਿਸ਼ੇਸ਼ ਕਿਸਮ ਦੇ ਟੱਪੇ ਜੋ ਬੱਚੇ ਦੀ ਬਦ-ਨਜ਼ਰ ਤੋਂ ਰੱਖਿਆ ਲਈ ਪੜ੍ਹੇ ਜਾਂਦੇ ਹਨ। ਸਿਯਾਰੀ ਸ਼ਬਦ 'ਹੈਸਿਆਰੀ' ਦਾ ਵਿਕ੍ਰਿਤ ਰੂਪ ਹੈ, ਜਿਸ ਦਾ ਅਰਥ ਹੈ : ਨਿਰਦਈ, ਬੇਤਰਸ। ਜਦੋਂ ਬੱਚੇ ਨੂੰ ਕਿਸੇ ਨਿਰਦਈ ਇਸਤ੍ਰੀ ਦੀ ਨਜ਼ਰ ਲੱਗ ਜਾਵੇ, ਤਾਂ ਉਤਾਰਨ ਲਈ ਮਾਵਾਂ ਮਿਰਚਾਂ ਧੁਖਾ ਕੇ, ਬੱਚੇ ਤੋਂ ਸੱਤ ਵਾਰ ਵਾਰਦੀਆਂ ਤੇ ਨਾਲ ਹੀ ਇਹ ਤੁਕਾਂ ਪੜ੍ਹਦੀਆਂ ਹਨ :

ਸਿਯਾਰੀ ਚਕਰ ਮਾਰੀ,
ਸਿਰ ਮੁੰਨ ਕੇ ਖੋਤੇ ਚਾੜ੍ਹੀ,
ਜਿਹੜੀ ਰੰਨ ਨਜ਼ਰ ਕਰੇ
ਫੁਟ ਮਰੇ।
ਜਿਹੜੀ ਰੰਨ ਟਾਕੇ,
ਉਸ ਦੇ ਸਵਾਹ ਪਾਓ ਝਾਟੇ।
ਨਜ਼ਰ ਉਡਦੀ ਉਡਦੀ ਗਈ
ਦੋ ਟੰਗਾਂ ਵਿਚੋਂ ਗਈ।

ਇਸ ਕਾਵਿ-ਰੂਪ ਵਿਚ, ਜੋ ਲੋਕ-ਮਨ ਦੀ ਇਕ ਅਭਿਵਿਅਕਤੀ ਹੈ, ਨਜ਼ਰ ਲਗਾਣ ਵਾਲੀ ਤੀਵੀਂ ਨੂੰ ਨਿੰਦਿਆ ਤੇ ਤ੍ਰਿਸਕਾਰਿਆ ਜਾਂਦਾ ਹੈ। ਸਿਯਾਰੀ ਕਈ ਰੂਪਾਂ ਤੇ ਸ਼ੈਲੀਆਂ ਵਿਚ ਮਿਲਦੀ ਹੈ। ਇਸ ਦਾ ਇਕ ਹੋਰ ਰੂਪ ਹੈ : ਚੜ੍ਹ ਸਿਯਾਰੀ ਖੋਤੇ, ਤੇਰੀਆਂ ਅੱਖਾਂ ਵਿਚ ਕਿਲ ਠੋਕੇ, ਪਿਛੇ ਬੰਨ੍ਹਾਂ ਬੁਹਾਰੀ, ਫੂਕੇ ਖਲਕਤ ਸਾਰੀ। ਉੱਡ ਗਈ ਨਜ਼ਰ ਤੇ ਹੋ ਗਿਆ ਫ਼ਜ਼ਲ।" ਸਿਯਾਰੀ ਦੇ ਦੋ ਮੂਲ ਤੱਤ ਹਨ — ਇਕ ਨਿੰਦਾ, ਦੂਜਾ ਫਿਟਕਾਰ। ਸਿਯਾਰੀ ਦਾ ਸਮੂਰਤੀਕਰਣ ਖੰਡਿਤ ਰੂਪ ਵਿਚ ਕੀਤੀ ਜਾਂਦਾ ਹੈ (ਵੇਖੋ : ਨਜ਼ਰ)।

(ਸ-516) **ਸਿਰ** :

ਮਨੁੱਖੀ ਕਾਇਆ ਦਾ ਸਭ ਤੋਂ ਸ੍ਰੇਸ਼ਟ ਅੰਗ ਹੋਣ ਕਰ ਕੇ, ਸਿਰ ਨਾਲ ਸਹਿਜ ਰੂਪ ਵਿਚ ਹੀ ਬਹੁਤ ਸਾਰੀਆਂ ਮਨੌਤਾਂ, ਲੋਕ-ਰੂੜ੍ਹੀਆਂ ਤੇ ਵਿਸ਼ਵਾਸ਼ ਜੁੜ ਗਏ ਹਨ, ਜਿਨ੍ਹਾਂ ਦਾ ਅਧਿਅਨ ਬੜਾ ਰੋਚਕ ਹੈ। ਸਾਮੁਦ੍ਰਕ ਅਨੁਸਾਰ ਵੱਡਾ ਸਿਰ ਸਰਦਾਰੀ ਦਾ ਚਿੰਨ੍ਹ ਹੈ ਅਤੇ ਛੋਟਾ ਦਲਿਦ੍ਰ ਤੇ ਅਧੀਨਤਾ ਦਾ — 'ਸਿਰ ਵੱਡੇ ਸਰਦਾਰਾਂ ਦੇ।' ਚੌੜਾ ਮੱਥਾ ਪ੍ਰਭੁਤਾ ਦੀ ਨਿਸ਼ਾਨੀ ਹੈ। ਲੰਬੂਤਰਾ ਸਿਰ ਅਸ਼ੁਭ ਮੰਨਿਆ ਜਾਂਦਾ ਹੈ। ਇਸੇ ਲਈ ਜੇ ਬੱਚੇ ਦਾ ਸਿਰ ਜੰਮਣ ਵੇਲੇ ਲੰਬੂਤਰਾ ਹੋਵੇ, ਤਾਂ ਮਾਵਾਂ ਘੁਟ ਘੁਟ ਕੇ ਉਸ ਨੂੰ ਗੋਲ ਕਰਨ ਦਾ ਯਤਨ ਕਰਦੀਆਂ ਹਨ।

ਲੋਕ-ਧਰਮ ਅਨੁਸਾਰ ਮਹਾਂਪੁਰਖਾਂ ਦੇ ਅੰਦਰ ਇਕ ਦੈਵੀ ਕਣੀ ਹੁੰਦੀ ਹੈ, ਜੋ ਉਨ੍ਹਾਂ ਦੇ ਚਰਨਾਂ ਦੁਆਰਾ ਬਾਹਰ ਵਲ ਪ੍ਰਸਾਰਤ ਹੁੰਦੀ ਰਹਿੰਦੀ ਹੈ। ਜਗਿਆਸੂ ਇਸ ਕਣੀ ਨੂੰ ਮਸਤਕ ਦੁਆਰਾ ਗ੍ਰਹਿਣ ਕਰ ਸਕਦੇ ਹਨ। ਇਸੇ ਧਾਰਨਾ ਸਦਕਾ ਮਹਾਂਪੁਰਖਾਂ, ਗੁਰੂ-ਜਨਾਂ, ਪੀਰਾਂ ਤੇ ਭਗਤਾਂ ਦੇ ਚਰਨਾਂ ਤੇ ਮੱਥਾ ਟੇਕਣ ਦੀ ਪ੍ਰਥਾ ਚੱਲੀ। ਧਾਰਮਿਕ ਤੇ ਪਵਿਤ੍ਰ ਅਸਥਾਨਾਂ ਉਤੇ ਜਦੋਂ ਕੋਈ ਪ੍ਰਾਣੀ ਸਿਰ ਟੇਕਦਾ ਹੈ, ਤਾਂ ਮੂਲ ਵਿਚ ਉਹ ਮਸਤਕ ਦੁਆਰਾ ਉਸ ਅਸਥਾਨ ਦੀ ਦੈਵੀ ਪਵਿਤ੍ਰਤਾ ਨੂੰ ਗ੍ਰਹਿਣ ਕਰ ਕੇ, ਆਪਣੀ ਕਾਇਆ ਅਤੇ ਆਤਮਾ ਨੂੰ ਉੱਜਲਾਅ ਰਿਹਾ ਹੁੰਦਾ ਹੈ। ਸਿੱਖਾਂ ਵਿਚ ਅੰਮ੍ਰਿਤ ਛਕਣ ਵੇਲੇ ਅੰਮ੍ਰਿਤ ਦੇ ਕੁਝ ਛੱਟੇ ਸਿਰ ਅਥਵਾ ਕੇਸਾਂ ਵਿਚ ਇਸੇ ਭਾਵ ਨਾਲ ਮਾਰੇ ਜਾਂਦੇ ਹਨ ਕਿ ਅੰਮ੍ਰਿਤ ਦੀ ਦੈਵੀ ਸ਼ਕਤੀ ਸਿਰ ਦੁਆਰਾ ਪ੍ਰਾਣੀ ਵਿਚ ਪ੍ਰਵੇਸ਼ ਕਰ ਜਾਵੇ।

ਯੋਗ ਮੱਤ ਅਨੁਸਾਰ ਮਸਤਕ ਵਿਚ ਅੰਮ੍ਰਿਤ ਦਾ ਸੋਮਾ ਚੰਦ੍ਰਮਾ ਸਥਿਤ ਹੈ ਅਤੇ ਯੋਗੀ ਲੰਮੇ ਅਭਿਆਸ ਨਾਲ ਪ੍ਰਾਣਾਯਾਮ ਦੁਆਰਾ ਕੁੰਡਲਨੀ ਸ਼ਕਤੀ ਨੂੰ ਜਾਗ੍ਰਤ ਕਰ ਕੇ, ਸਹੰਸਰ ਦਲ ਕੰਵਲ ਵਿਚ ਟਿਕੇ ਇਸ ਚੰਦ੍ਰਮੇ ਵਿਚੋਂ ਅੰਮ੍ਰਿਤ ਦੀ ਧਾਰ ਪੀਂਦਾ ਹੋਇਆ ਮੁਕਤ ਹੋ ਜਾਂਦਾ ਹੈ। ਮਸਤਕ ਵਿਚ ਹੀ ਸ਼ਿਵ ਦਾ ਨਿਵਾਸ ਮੰਨਿਆ ਗਿਆ ਹੈ। ਇਸੇ ਤੋਂ ਇਹ ਧਾਰਨਾ ਪ੍ਰਚਲਤ ਹੋ ਗਈ ਕਿ ਪ੍ਰਭੂ ਦੀ ਜੋਤ ਅਥਵਾ ਆਤਮ ਤੱਤ ਮਸਤਕ ਵਿਚ ਨਿਵਾਸ ਕਰਦਾ ਹੈ।

ਸਿਰ ਨਾਲ ਕਈ ਮਨੌਤਾਂ ਵੀ ਸਬੰਧਿਤ ਹਨ।

ਧਾਰਨਾ ਹੈ ਕਿ ਜੇ ਕਿਸੇ ਰੋਗੀ ਦੇ ਸਿਰ ਤੋਂ ਸਾਮਗ੍ਰੀ ਤੇ ਰੁਪਏ ਪੈਸੇ ਵਾਰ ਕੇ ਦਾਨ ਕਰ ਦਿਤੇ ਜਾਣ, ਤਾਂ ਰੋਗੀ ਦਾ ਦੁਖ ਦਲਿਦ੍ਰ ਦੂਰ ਹੋ ਜਾਂਦਾ ਹੈ। ਬੱਚੇ ਦੇ ਜਨਮ ਅਤੇ ਵਿਆਹ ਆਦਿ ਵੇਲੇ ਉਸ ਦੇ ਸਿਰ ਤੋਂ ਰੁਪਏ ਪੈਸੇ ਵਾਰ ਕੇ ਦਾਨ ਕੀਤੇ ਜਾਂਦੇ ਹਨ, ਤਾਂ ਜੋ ਬਦ-ਨਜ਼ਰ ਬੇਅਸਰ ਰਹੇ ਅਤੇ ਕੋਈ ਇਲ ਬਲਾ ਬੱਚੇ ਜਾਂ ਵਰ ਦੇ ਨੇੜੇ ਨਾ ਢੁਕੇ। ਇਸ ਰੀਤ ਨੂੰ 'ਸਦਕਾ' ਜਾਂ 'ਸਿਰ ਵਾਰਨਾ' ਕਹਿੰਦੇ ਹਨ (ਵੇਖੋ : ਸਦਕਾ)।

ਸਿਰ ਨਾਲ ਬਹੁਤ ਸਾਰੀਆਂ ਰੀਤਾਂ ਰਸਮਾਂ ਵੀ ਸੰਬੰਧਿਤ ਹਨ। ਵਿਆਹ ਸ਼ਾਦੀ ਜਾਂ ਕਿਸੇ ਹੋਰ ਸੰਸਕਾਰ ਵੇਲੇ ਪਹਿਲਾਂ ਕਾਇਆ ਦੀ ਸ਼ੁੱਧੀ ਲਈ ਸਿਰ ਧੋਤਾ ਜਾਂਦਾ ਹੈ। ਇਸਤ੍ਰੀਆਂ ਸਿਰ ਨਾਵਣੀ ਤੋਂ ਮਗਰੋਂ ਸ਼ੁੱਧੀ ਲਈ ਕੇਸੀ ਇਸ਼ਨਾਨ ਕਰਦੀਆਂ ਹਨ।

ਕੁਝ ਰੀਤਾਂ ਰਸਮਾਂ ਵੇਲੇ ਹਿੰਦੂਆਂ ਵਿਚ 'ਸਿਰ ਮੁੰਨਣ' ਦੀ ਵੀ ਪ੍ਰਥਾ ਹੈ। ਘਰ ਵਿਚ ਜੇ ਕਿਸੇ ਪ੍ਰਾਣੀ ਦੀ ਮੌਤ ਹੋ ਜਾਵੇ, ਤਾਂ ਉਸ ਦਾ ਵੱਡਾ ਲੜਕਾ ਅਤੇ ਕਈ ਵਾਰ ਸਾਰੇ ਲੜਕੇ ਸਿਰ ਮੁੰਨਾ ਲੈਂਦੇ ਹਨ। ਇਸ ਕਿਰਿਆ ਪਿਛੇ ਇਕ ਆਦਿਮ ਸੰਕਲਪ ਹੈ। ਆਦਿਮ ਮਨੁੱਖ ਦੀ ਇਹ ਧਾਰਨਾ ਸੀ ਕਿ ਪ੍ਰਾਣੀ ਦੀ ਮੌਤ ਕਿਸੇ ਬਦਰੂਹ ਦੇ ਖੋਰ ਕਰ ਕੇ ਹੁੰਦੀ ਹੈ। ਇਸ ਲਈ ਪਰਿਵਾਰ ਤੋਂ ਬਦਰੂਹ ਦੇ ਚੰਦਰੇ ਪ੍ਰਭਾਵ ਨੂੰ ਦੂਰ ਰਖਣ ਤੇ ਸ਼ੁੱਧੀ ਲਈ ਜੀਆਂ ਦਾ ਸਿਰ ਮੁੰਨ ਦਿਤਾ ਜਾਂਦਾ ਸੀ। ਜੈਨੀਆਂ ਦੇ ਢੂੰਡੀਆ ਫ਼ਿਰਕੇ ਦੇ ਸਾਧੂ ਅਤੇ ਕਈ ਸੰਤਣੀਆਂ ਸਿਰ ਦੇ ਵਾਲਾਂ ਨੂੰ ਜੜ੍ਹਾਂ ਤੋਂ ਪੁਟ ਦਿੰਦੀਆਂ ਹਨ। ਹਿੰਦੂ ਬੱਚੇ ਦਾ ਜੰਞੂ ਪਹਿਨਾਣ ਵੇਲੇ 'ਮੁੰਡਣ ਸੰਸਕਾਰ' ਕੀਤਾ ਜਾਂਦਾ ਹੈ ਅਤੇ ਬੱਚੇ ਦੇ ਸਿਰ ਦੇ ਵਾਲ ਰਸਮੀ ਢੰਗ ਨਾਲ ਮੁੰਨੇ ਜਾਂਦੇ ਹਨ।

ਹਿੰਦੂਆਂ ਵਿਚ ਵਿਆਹ ਵੇਲੇ ਵਰ ਤੇ ਕੰਨਿਆਂ ਦੋਹਾਂ ਦੇ ਸਿਰ ਰਸਮੀ ਤੌਰ ਤੇ ਮੇਲੇ ਜਾਂਦੇ ਹਨ, ਇਸ ਰਸਮ ਬਗ਼ੈਰ ਵਿਆਹ ਮੁਕੰਮਲ ਨਹੀਂ ਸਮਝਿਆ ਜਾਂਦਾ। ਇਸ ਰੀਤ ਨੂੰ 'ਸਿਰ ਮੇਲ' ਕਹਿੰਦੇ ਹਨ। ਇਸੇ ਤਰ੍ਹਾਂ ਦੀਆਂ ਕੁਝ ਹੋਰ ਰਸਮਾਂ — 'ਸਿਰ ਗੁੰਦਣਾ', 'ਸਿਰ ਵੰਨੜਾ','ਸਿਰ ਵਾਰਨਾ', 'ਸਿਰ ਖੇਹ ਪਾਣੀ' ਹਨ। ਜਦੋਂ ਕਿਸੇ ਤੀਵੀਂ ਦਾ ਪਤੀ ਮਰ ਜਾਂਦਾ, ਤਾਂ ਸ਼ਰੀਕਣੀਆਂ ਰੋਂਦੀਆਂ ਹੋਈਆਂ ਉਸ ਦੇ ਸਿਰ ਵਿਚ ਮਿੱਟੀ ਪਾਉਂਦੀਆਂ ਸਨ, ਪਰ ਅੱਜ ਕਲ੍ਹ ਕੇਵਲ ਉਸ ਦੇ ਵਾਲਾਂ ਨੂੰ ਬਿਖੇਰ ਦਿਤਾ ਜਾਂਦਾ ਹੈ।

ਸਿਰ ਦੇ ਨਾਲ ਆਦਰ ਦੇ ਭਾਵ ਵੀ ਸੰਬੰਧਿਤ ਹਨ। ਬਾਣੀ ਦਾ ਪਾਠ ਕਰਨ ਵੇਲੇ ਜਾਂ ਗੁਰਦੁਆਰੇ ਵਿਚ ਸਿੱਖ ਸਿਰ ਢਕ ਕੇ ਬੈਠਦੇ ਹਨ। ਮੁਸਲਮਾਨ ਨਮਾਜ਼ ਵੇਲੇ ਸਿਰ ਨੰਗਾ ਹੋਣ ਨੂੰ ਕੁਫ਼ਰ ਮੰਨਦੇ ਹਨ। ਪੰਜਾਬੀ ਘਰਾਂ ਵਿਚ ਔਰਤਾ ਬਜ਼ੁਰਗਾਂ ਸਾਹਮਣੇ ਆਦਰ ਭਾਵ ਨਾਲ ਆਪਣੇ ਸਿਰ ਪੱਲੇ ਨਾਲ ਢਕ ਲੈਂਦੀਆਂ ਹਨ। ਵੱਡੀ ਉਮਰ ਦੇ ਸ਼ਖ਼ਸ, ਕਿਸੇ ਅਜ਼ੀਜ਼ ਨੂੰ ਮਿਲਣ ਜਾਂ ਵਿਛੜਨ ਵੇਲੇ, ਉਸ ਪ੍ਰਤੀ ਮੈਤ੍ਰੀ ਜਾਂ ਵਾਤਸਲ ਪ੍ਰੇਮ ਪ੍ਰਗਟ ਕਰਨ ਲਈ, ਉਸ ਦੇ ਸਿਰ 'ਤੇ ਹੱਥ ਫੇਰਦੇ ਹਨ। ਸਿਰ 'ਤੇ ਹੱਥ ਰਖਣਾ ਰੱਖਿਆ ਅਤੇ ਪ੍ਰਿਤਪਾਲਨਾ ਦਾ ਬੋਧਿਕ ਹੈ ਤੇ ਹੱਥ ਫੇਰਨਾ ਵਾਤਸਲ ਪਿਆਰ ਤੇ ਦਿਲਾਸੇ ਦਾ। ਸਾਹਿਬ ਸਲਾਮ, ਬੰਧਨਾ ਤੇ ਫ਼ਤਹਿ ਬੁਲਾਣ ਵੇਲੇ ਵੀ, ਦੂਜੇ ਪ੍ਰਤੀ ਆਦਰ ਦੀ ਭਾਵਨਾ ਪ੍ਰਗਟ ਕਰਨ ਲਈ, ਹੱਥ ਸਿਰ ਵਲ ਲਿਜਾਇਆ ਜਾਂਦਾ ਜਾਂ ਸਿਰ ਝੁਕਾਇਆ ਜਾਂਦਾ ਹੈ।

ਸਿਰ ਨਾਲ ਕੁਝ ਪੌਰਾਣਿਕ ਮਨੌਤਾਂ ਤੇ ਰੂੜ੍ਹੀਆਂ ਵੀ ਜੁੜੀਆਂ ਹੋਈਆਂ ਹਨ। ਅਵਤਾਰਾਂ ਤੇ ਮਹਾਂ ਪੁਰਖਾਂ ਦੇ ਸੀਸ ਦੁਆਲੇ ਦੈਵੀ ਜੋਤ ਦਾ ਹਾਲਾ ਪਸਰਿਆ ਹੋਇਆ ਮੰਨਿਆ ਜਾਂਦਾ ਹੈ, ਜੋ ਉਨ੍ਹਾਂ ਦੀ ਅੰਦਰਲੀ ਅਜ਼ਮਤ ਦਾ ਹੀ ਮਾਨੋਂ ਬਾਹਰਮੁਖੀ ਪਾਸਾਰ ਹੈ। ਸਿੱਖ ਗੁਰੂਆਂ ਦੇ ਚਿਤ੍ਰਾਂ ਵਿਚ ਉਨ੍ਹਾਂ ਦੇ ਸੀਸ ਦੁਆਲੇ ਨੂਰੀ ਹਾਲਾ ਇਸੇ ਸੰਕਲਪ ਦਾ ਫਲ ਹੈ (ਵੇਖੋ : ਹਾਲਾ)।

ਪੁਰਾਣਾਂ ਵਿਚ ਕਈ ਦੇਵਤਿਆਂ ਦੇ ਇਕ ਤੋਂ ਵਧੀਕ ਸੀਸ ਹਨ। ਜੇ ਸੀਸ ਨੂੰ ਬੁੱਧੀ, ਗਿਆਨ ਤੇ ਸੂਝ ਦਾ ਪ੍ਰਮਾਣ ਮਿੱਥ ਲਿਆ ਜਾਵੇ ਤਾਂ ਦੇਵਤਿਆਂ ਦੇ, ਜੋ ਵਿਵੇਕੀ, ਪਾਰਾਦਰਸ਼ੀ ਤੇ ਸੂਝਵਾਨ ਹਨ, ਇਕ ਤੋਂ ਵਧੀਕ ਸੀਸ ਮੰਨਣੇ ਸੁਭਾਵਕ ਗੱਲ ਹੈ। ਸ਼ਿਵਜੀ ਦੇ ਸਹੰਸਰ ਸੀਸਾਂ ਵਲ ਸੰਕੇਤ ਮਿਲਦਾ ਹੈ, ਪਰ ਆਮ ਤੌਰ ਤੇ ਉਸ ਦੇ ਤਿੰਨ ਸੀਸ ਮੰਨੇ ਜਾਂਦੇ ਹਨ (ਮਹਾਂਭਾਰਤ 7,80)। ਬ੍ਰਹਮਾ ਦੇ ਚਾਰ ਸੀਸ ਹਨ। ਰਾਵਣ

ਜੋ ਦੈਂਤਾਂ ਦਾ ਰਾਜਾ ਸੀ, ਦੇ ਦਸ ਸੀਸ ਦਸੇ ਜਾਂਦੇ ਹਨ । ਕੁਝ ਦੇਵਤਿਆਂ ਦੇ ਸਿਰਾਂ ਤੇ ਪਸ਼ੂਆਂ ਦੇ ਸੀਸ ਸਥਿਤ ਹਨ, ਜਿਵੇਂ ਗਣੇਸ਼ ਦੇ ਮੋਢੇ ਉਤੇ ਹਾਥੀ ਦਾ ਸਿਰ ਹੈ। ਦੱਖਸ਼ ਰਿਸ਼ੀ, ਜੋ ਸ਼ਿਵ ਜੀ ਦਾ ਸਹੁਰਾ ਸੀ, ਦਾ ਸੀਸ ਬਕਰੇ ਦਾ ਸੀ । ਪੁਰਾਣਾਂ ਵਿਚ ਅਜਿਹੀਆਂ ਕਥਾਵਾਂ ਪ੍ਰਾਪਤ ਹਨ, ਜਦੋਂ ਕਿਸੇ ਮ੍ਰਿਤਕ ਪ੍ਰਾਣੀ ਨੂੰ ਮੁੜ ਸੁਰਜੀਤ ਕਰਨ ਲਈ, ਉਸ ਦੇ ਮੋਢੇ ਉਤੇ ਕਿਸੇ ਪਸ਼ੂ ਦਾ ਸੀਸ ਲਗਾ ਦਿਤਾ ਗਿਆ ।

ਸਿਰ ਨਾਲ ਕੁਝ ਭਰਮ ਵਹਿਮ ਵੀ ਸੰਬੰਧਿਤ ਹਨ। ਸਿਰ ਵਿਚ ਸੁਆਹ ਜਾਂ ਮਿੱਟੀ ਪੈਣੀ ਅਸ਼ੁਭ ਮੰਨੀ ਜਾਂਦੀ ਹੈ, ਮੱਥੇ ਕਲੰਕ ਲੱਗਦਾ ਹੈ । ਜੇ ਇਸਤ੍ਰੀ ਦੇ ਸਿਰ ਵਿਚ ਸੁਆਹ ਪਏ, ਤਾਂ ਇਹ ਸੁਹਾਗ ਦੇ ਉਜਾੜੇ ਦਾ ਬੋਧ ਹੈ। ਸਿਰ ਖੁਲ੍ਹਾ ਫਿਰਨਾ ਇਸਤ੍ਰੀ ਲਈ ਅਸ਼ੁਭ ਹੈ, ਪਹਿਲਿਆਂ ਵਿਚ ਇਹ ਵਿਧਵਾ ਇਸਤ੍ਰੀ ਦਾ ਵੇਸ ਸੀ। ਬੱਚੇ ਨੂੰ ਉਛਾਲਣ ਵੇਲੇ ਆਪਣੇ ਸਿਰ ਤੋਂ ਉੱਚਾ ਕਰਨ ਨਾਲ ਬੱਚੇ ਨੂੰ 'ਸਿਰ ਦੌਣ' ਹੋ ਜਾਂਦੀ ਹੈ (ਵੇਖੋ : ਸਿਰ ਦੌਣ)। ਸਿਰ ਨੂੰ ਧੋਣ ਜਾਂ ਮੁੰਨਣ ਬਾਰੇ ਕੁਝ ਭਰਮ ਤੇ ਨਿਸ਼ੇਧ ਪ੍ਰਚਲਤ ਹਨ । ਜੇ ਇਸਤ੍ਰੀ ਐਤਵਾਰ ਵਾਲੇ ਦਿਨ ਸਿਰ ਧੋਵੇ, ਤਾਂ ਰੱਤੀ ਭਰ ਸੁਹਾਗ ਘਟਦਾ ਹੈ। ਸਨਿਚਰਵਾਰ ਤੇ ਮੰਗਲਵਾਰ ਨੂੰ ਸਿਰ ਧੋਣਾ ਪਤੀ ਉਤੇ ਭਾਰਾ ਹੈ। ਵੀਰਵਾਰ ਵਾਲੇ ਦਿਨ ਇਕ ਭਰਾ ਵਾਲੀ ਭੈਣ ਕਦੇ ਸਿਰ ਨਹੀਂ ਧੋਂਦੀ । ਜੇ ਮੰਗਲਵਾਰ ਨੂੰ ਮਰਦ ਸਿਰ ਨਹਾਵੇ, ਤਾਂ ਧਨ ਦਾ ਘਾਟਾ ਹੁੰਦਾ ਹੈ । ਇਸੇ ਤਰ੍ਹਾਂ ਦੇ ਕੁਝ ਭਰਮ ਸਿਰ ਮੁੰਨਾਣ ਨਾਲ ਵੀ ਸੰਬੰਧਿਤ ਹਨ। ਐਤਵਾਰ, ਸਨਿਚਰਵਾਰ ਤੇ ਮੰਗਲਵਾਰ ਸਿਰ ਮੁੰਨਾਣ ਨਾਲ ਤਰਤੀਬਵਾਰ ਇਕ ਮਹੀਨਾ, ਸੱਤ ਮਹੀਨੇ ਤੇ ਅੱਠ ਮਹੀਨੇ ਉਮਰ ਘਟਦੀ ਹੈ । ਸੋਮਵਾਰ, ਬੁਧਵਾਰ, ਵੀਰਵਾਰ ਤੇ ਸ਼ੁਕਰਵਾਰ ਸਿਰ ਮੁੰਨਾਣ ਨਾਲ ਤਰਤੀਬਵਾਰ ਸੱਤ ਮਹੀਨੇ, ਪੰਜ ਮਹੀਨੇ, ਦਸ ਮਹੀਨੇ, ਗਿਆਰਾਂ ਮਹੀਨੇ ਉਮਰ ਵਿਚ ਵਾਧਾ ਹੁੰਦਾ ਹੈ (ਗਲਾਸਰੀ 1,251) ।

ਕੁਝ ਭਰਮ ਵਹਿਮ ਸਿਰ ਦੇ ਫਰਕਣ ਨਾਲ ਸੰਬੰਧਿਤ ਹਨ । ਇਸ ਬਾਰੇ ਹੇਠਲੀ ਟੂਕ ਹੱਥ-ਲਿਖਤ ਨੰ: 347 (ਭਾਸ਼ਾ ਵਿਭਾਗ, ਪਟਿਆਲਾ) ਵਿਚੋਂ ਦਿਤੀ ਜਾਂਦੀ ਹੈ : "ਸਿਰ ਕੇ ਲਛਨ — ਜੇ ਸਿਰ ਕਾ ਤਾਲੂ ਫੁਰੇ ਤਾ ਵਡੀ ਪਦਵੀ ਪ੍ਰਾਪਤਿ ਹੋਵੇ। ਅਰ ਜੋ ਸਜਾ ਪਾਸਾ ਫੁਰੇ ਤਉ ਮਿਤ੍ਰ ਮਿਲੇਂ। ਅਰ ਜਉ ਖਬਾ ਪਾਸਾ ਫੁਰੇ ਤਉ ਸੁਖ ਹੋਵੇ ਅਰ ਜੇ ਖਬਾ ਫੁਰੇ ਤਉ ਸਿਰ ਪੀੜ ਹੋਵੇ।... ਕਰਨ ਉਪਰ ਤੇ ਫੁਰੇ ਤਉ ਸੁਖ ਦੇਵੇ। ਅਰ ਜੇ ਬੀਚ ਤੇ ਫੁਰੈ ਤਉ ਕਾਈ ਭਲੀ ਬਾਤ ਸੁਣੀਐ।"

ਜਾਦੂ ਟੂਣੇ ਵਿਚ ਵੀ ਸਿਰ ਦਾ ਵਿਸ਼ੇਸ਼ ਮਹੱਤਵ ਹੈ। ਸਿਰ ਉਤੇ ਕੀਤਾ ਟੂਣਾ ਕਦੇ ਵੀ ਨਿਸਫਲ ਨਹੀਂ ਹੁੰਦਾ। ਇਸੇ ਲਈ ਟੂਣੇਹਾਰੀ ਤੀਵੀਂ ਬੱਚੇ ਦੇ ਸਿਰ ਦੇ ਵਾਲਾਂ, ਇਸਤ੍ਰੀ ਦੇ ਦੁਪੱਟੇ ਅਤੇ ਮਰਦ ਦੀ ਪੱਗ ਦੀ ਕਾਤਰ ਉਤੇ ਟੂਣੇ ਕਰਦੀਆਂ ਹਨ। ਟੂਣਾ ਉਤਾਰਨ ਲਈ ਵੀ ਸਿਰ ਦੁਆਲੇ ਮਿਰਚਾਂ ਧੁਖਾਈਆਂ ਜਾਂਦੀਆਂ ਹਨ ।

ਸਿਰ ਸਬੰਧੀ ਸਭ ਤੋਂ ਅਨੂਠੀ ਤੇ ਅਦਭੁਤ ਲੋਕਧਾਰਾ 'ਮੁੰਡੀ ਕਟੇ ਧੜ' ਦੇ ਕਾਰਨਾਮੇ ਹਨ। ਪੰਜਾਬ ਵਿਚ ਸਮੇਂ ਸਮੇਂ ਕਈ ਅਜਿਹੇ ਸੂਰਮੇ ਹੋਏ, ਜੋ ਸ਼ਹੀਦ ਹੋਣ ਮਗਰੋਂ ਆਪਣੇ ਸੀਸ ਨੂੰ ਤਲੀ ਉਤੇ ਰਖ ਕੇ, ਕਾਫ਼ੀ ਦੇਰ ਤਕ, ਵੈਰੀਆਂ ਦੇ ਆਹੂ ਲਾਹੁੰਦੇ ਰਹੇ। ਬਾਬਾ ਦੀਪ ਸਿੰਘ ਬਾਰੇ ਰਵਾਇਤ ਹੈ ਕਿ ਉਹ ਸੰਮਤ 1817 ਵਿਚ ਯੁਧ ਵਿਚ ਸ਼ਹੀਦ ਹੋਣ ਮਗਰੋਂ, ਆਪਣੇ ਸੀਸ ਨੂੰ ਤਲੀ ਉਤੇ ਰਖ ਕੇ, ਵੈਰੀਆਂ ਨੂੰ ਮਾਰਦੇ ਹੋਏ, ਅੰਮ੍ਰਿਤਸਰ ਰਾਮਸਰ ਦੇ ਪਾਸ ਆ ਕੇ ਪ੍ਰਾਣ ਤਿਆਗ ਗਏ। ਇਹੋ ਜਿਹੀ ਕਥਾ ਮੁਸਲਮਾਨਾਂ ਦੇ ਪ੍ਰਸਿਧ ਸ਼ਹੀਦ ਗ਼ਾਜ਼ੀ ਸਲਾਰ ਬਾਰੇ ਪ੍ਰਚਲਤ ਹੈ (ਵੇਖੋ : ਗ਼ਾਜ਼ੀ ਸਲਾਰ)। ਫ਼ਿਰੋਜ਼ਪੁਰ ਜ਼ਿਲੇ ਵਿਚ ਮਾੜੀ ਨਾਂ ਦੇ ਪਿੰਡ ਵਿਚ ਇਕ ਸਿਧੂ ਸ਼ਹੀਦ ਲਛਮਣ ਦੀ ਮੜ੍ਹੀ ਹੈ, ਜੋ ਇਕ ਯੁਧ ਵਿਚ ਧਾੜਵੀਆਂ ਨਾਲ ਲੜਦਿਆਂ ਸ਼ਹੀਦ ਹੋ ਗਿਆ; ਪਰ ਸਿਰ ਧੜ ਨਾਲੋਂ ਵੱਖ ਹੋਣ ਤੋਂ ਬਾਅਦ ਵੀ, ਉਹ ਕਾਫ਼ੀ ਦੇਰ ਤਕ ਧੜ ਦੇ ਨਾਲ ਹੀ ਲੜਦਾ ਰਿਹਾ । ਇਸੇ ਤਰ੍ਹਾਂ ਸਿਧੂਆਂ ਦਾ ਜਠੇਰਾ ਕਾਲਾ ਮਹਿਰ ਵੀ ਭੱਟੀਆਂ ਨਾਲ ਸੀਸ ਬਿਨਾਂ ਹੀ ਧੜ ਨਾਲ ਲੜਦਾ ਰਿਹਾ (ਵੇਖੋ : ਕਾਲਾ ਮਹਿਰ)।

(ਸ-517) **ਸਿਰ ਸਪਰਸ਼** :

ਵਿਆਹ ਦੀ ਇਕ ਰੀਤ, ਜੋ ਵੈਦਿਕ ਕਾਲ

ਤੋਂ ਚਲੀ ਆ ਰਹੀ ਹੈ। ਇਸ ਰੀਤ ਵੇਲੇ ਵਰ ਆਪਣਾ ਸੱਜਾ ਹੱਥ ਕੰਨਿਆਂ ਦੇ ਸਿਰ ਉਪਰ ਰਖਦਾ ਹੈ, ਨਾਲ ਹੀ ਕੁਲ-ਪ੍ਰੋਹਿਤ ਰਿਗ ਵੇਦ ਵਿਚੋਂ ਕੁਝ ਮੰਤਰਾਂ ਦਾ ਉੱਚਾਰਨ ਕਰਦਾ ਜਾਂਦਾ ਹੈ। ਮੁਲਤਾਨ ਤੇ ਬਹਾਵਲਪੁਰ ਦੇ ਇਲਾਕੇ ਦੇ ਹਿੰਦੂ ਇਸ ਰੀਤ ਨੂੰ 'ਸਿਰ ਮੇਲ' ਕਹਿੰਦੇ ਹਨ ਅਤੇ ਇਹ ਰੀਤ ਇਤਨੀ ਮਹੱਤਵਪੂਰਨ ਸਮਝੀ ਜਾਂਦੀ ਹੈ ਕਿ ਇਸ ਰੀਤ ਤੋਂ ਬਗੈਰ ਵਿਆਹ ਮੁਕੰਮਲ ਨਹੀਂ ਸਮਝਿਆ ਜਾਂਦਾ (ਵੇਖੋ : ਸਿਰ ਮੇਲ)।

(ਸ-518) **ਸਿਰਸੁਖ** :

ਰਾਜੇ ਸਿਰਕਪ ਦਾ ਛੋਟਾ ਭਰਾ, ਜੋ ਰਸਾਲੂ ਕਥਾ-ਚਕਰ ਦਾ ਇਕ ਵਿਸ਼ੇਸ਼ ਤੇ ਅਦਭੁਤ ਪਾਤਰ ਹੈ। ਰਾਜੇ ਸਿਰਸੁਖ ਦੀ ਆਪਣੀ ਵੱਖਰੀ ਗੜ੍ਹੀ ਸੀ, ਜਿਸ ਨੂੰ 'ਸਿਰਸੁਖ ਦਾ ਕੋਟ' ਕਹਿੰਦੇ ਸਨ। ਇਹ ਸਥਾਨ ਹੁਣ ਤਕ ਸ਼ਾਹ ਦੀ ਢੇਰੀ (ਤਖਸ਼ਿਲਾ) ਵਿਚ, ਇਕ ਉਜੜੀ ਥੇਹ ਦੀ ਸ਼ਕਲ ਵਿਚ, ਕਈ ਮੀਲਾਂ ਦੇ ਘੇਰੇ ਵਿਚ ਫੈਲਿਆ ਮਿਲਦਾ ਹੈ। ਇਹ ਸਥਾਨ ਕੋਟ ਬਬਰਖਾਨੇ ਦੀ ਥੇਹ ਦੇ ਉੱਤਰ ਪੂਰਬ ਵਲ, ਲੁੰਡੀ ਕਸੀ ਦੇ ਪਾਰਲੇ ਪਾਸੇ, ਚਾਰ ਦੀਵਾਰੀ ਦੀ ਵਲਗਣ ਵਿਚ ਘਿਰਿਆ ਹੋਇਆ ਹੈ।

ਰਵਾਇਤ ਹੈ ਕਿ ਸਿਰਕਪ ਨੇ ਆਪਣੇ ਛੋਟੇ ਭਰਾ ਸਿਰਸੁਖ ਨੂੰ ਸਿਰ ਦੀ ਬਾਜ਼ੀ ਲਗਾ ਕੇ ਚੌਪੜ ਖੇਡਣ ਲਈ ਉਕਸਾਇਆ। ਸਿਰਸੁਖ ਇਸ ਗੱਲ ਨੂੰ ਮਜ਼ਾਕ ਸਮਝਦਾ ਹੋਇਆ, ਵੱਡੇ ਭਰਾ ਨਾਲ ਚੌਪੜ ਖੇਡਣ ਬੈਠ ਗਿਆ, ਪਰ ਸਿਰਸੁਖ ਦੇ ਹਾਰ ਜਾਣ 'ਤੇ ਸਿਰਕਪ ਨੇ ਉਸ ਦਾ ਸਿਰ ਮੰਗਿਆ। ਸਿਰਸੁਖ ਨੇ ਮਜ਼ਾਕ ਵਿਚ ਹੀ ਸਿਰ ਅੱਗੇ ਕਰ ਦਿਤਾ। ਸਿਰਕਪ ਨੇ ਅੱਖ ਪਲਕਾਰੇ ਵਿਚ ਉਸ ਦਾ ਸਿਰ ਵੱਢ ਕੇ ਉਸ ਦਾ ਦੇਸ਼ ਆਪਣੇ ਅਧੀਨ ਕਰ ਲਿਆ। ਫਿਰ ਸਿਰਕਪ ਨੇ ਉਸ ਦਾ ਸਿਰ ਤੇ ਧੜ ਦੋਵੇਂ ਨਗਰ ਤੋਂ ਬਾਹਰ ਕਬਰਸਤਾਨ ਵਿਚ ਰੁਲਣ ਲਈ ਸੁਟ ਦਿਤੇ।

ਜਦੋਂ ਰਾਜਾ ਰਸਾਲੂ ਸਿਰਕਪ ਨੂੰ ਸੋਧਣ ਵਾਸਤੇ ਇਸ ਇਲਾਕੇ ਵਿਚ ਪਹੁੰਚਿਆ, ਤਾਂ ਸਿਰਸੁਖ ਦੀ ਲਾਸ਼ ਵੇਖ ਕੇ ਉਸ ਨੂੰ ਬੜੀ ਹੈਰਾਨੀ ਹੋਈ। ਕਿਉਂ ਜੋ ਸਿਰਸੁਖ ਦਾ ਸੀਸ, ਰਾਜੇ ਰਸਾਲੂ ਨੂੰ ਵੇਖ ਕੇ, ਪਹਿਲਾਂ ਹੱਸਿਆ ਤੇ ਫਿਰ ਰੋਇਆ। ਇਸ 'ਤੇ ਰਾਜੇ ਰਸਾਲੂ ਨੇ ਸਿਰਸੁਖ ਦੀ ਲੋਥ ਉਤੇ ਮੰਤ੍ਰ ਪੜ੍ਹਦਿਆਂ ਕਿਹਾ :

ਬਾੜੇ ਅੰਦਰ ਪਿਆ ਕਰੰਗਲਾ,
ਨਾ ਇਸ ਸੀਸ ਨਾ ਮਾਸ।
ਜੇ ਮੌਲਾ ਇਸ ਨੂੰ ਜ਼ਿੰਦਾ ਕਰੇ,
ਦੋ ਬਾਤਾਂ ਕਰੇ ਹਮਾਰੇ ਸਾਥ।

ਸਿਰਸੁਖ ਦੀ ਜ਼ਬਾਨ ਹਿੱਲਣ ਲੱਗ ਪਈ ਅਤੇ ਉਸ ਨੇ ਰਾਜੇ ਰਸਾਲੂ ਨੂੰ ਸਿਰਕਪ ਦੀ ਨਗਰੀ ਵਿਚ ਜਾਣ ਤੋਂ ਵਰਜਿਆ। ਜੋ ਨਿਰਦਈ ਰਾਜਾ ਆਪਣੇ ਭਰਾ ਨੂੰ ਕੁੱਤੇ ਦੀ ਮੌਤ ਮਾਰ ਸਕਦਾ ਹੈ, ਉਹ ਕਿਸੇ ਹੋਰ ਦਾ ਕੀ ਲਿਹਾਜ਼ ਕਰੇਗਾ। ਪਰ ਰਸਾਲੂ ਨੂੰ ਆਪਣੇ ਇਰਾਦੇ ਤੇ ਦ੍ਰਿੜ੍ਹ ਵੇਖ ਕੇ, ਸਿਰਸੁਖ ਨੇ ਉਸ ਨੂੰ ਸਿਰਕਪ ਦੇ ਕਈ ਰਹੱਸ ਦੱਸੇ :—ਸਿਰਕਪ ਚੌਪੜ ਖੇਡਣ ਵੇਲੇ ਇਕ ਤਾਂ ਮੰਤ੍ਰੀਆਂ ਹੋਈਆਂ ਗੋਟਾਂ ਵਰਤਦਾ ਹੈ, ਜਿਸ ਨਾਲ ਉਸ ਨੂੰ ਵਿਜੈ ਪ੍ਰਾਪਤ ਹੁੰਦੀ ਹੈ। ਦੂਜਾ, ਜੇ ਉਹ ਹਾਰਨ ਲੱਗੇ ਤਾਂ ਚੂਹੀ ਦੀ ਮਦਦ ਨਾਲ ਗੋਟੀਆਂ ਵਿਚ ਹੇਰਾ ਫੇਰੀ ਕਰਵਾ ਦੇਂਦਾ ਹੈ। ਇਸ ਲਈ ਰਸਾਲੂ ਆਪਣੇ ਨਾਲ ਇਕ ਤਾਂ ਬਲੂੰਗੜਾ ਲੈ ਕੇ ਜਾਵੇ, ਤਾਂ ਜੋ ਚੂਹੀ ਡਰਦੇ ਮਾਰੇ ਚੌਪੜ ਦੇ ਨੇੜੇ ਨਾ ਆਏ; ਦੂਜਾ, ਉਹ ਆਪਣੀਆਂ ਗੋਟਾਂ ਨਾਲ ਚੌਪੜ ਖੇਡੇ। ਫਿਰ ਸਿਰਸੁਖ ਨੇ ਰਸਾਲੂ ਨੂੰ ਆਪਣੀਆਂ ਪਸਲੀਆਂ ਨਾਲੋਂ ਦੋ ਹੱਡੀਆਂ ਤੋੜ ਕੇ ਦਿਤੀਆਂ ਤੇ ਕਿਹਾ ਕਿ ਇਨ੍ਹਾਂ ਦੀਆਂ ਗੋਟਾਂ ਬਣਾ ਕੇ ਖੇਡਣ ਨਾਲ ਉਸ ਦੀ ਕਦੇ ਹਾਰ ਨਹੀਂ ਹੋਵੇਗੀ। ਇਨ੍ਹਾਂ ਦੋਹਾਂ ਹਦਾਇਤਾਂ 'ਤੇ ਚਲ ਕੇ ਰਾਜੇ ਰਸਾਲੂ ਨੇ ਸਿਰਕਪ ਉਪਰ ਵਿਜੈ ਪ੍ਰਾਪਤ ਕੀਤੀ (ਵੇਖੋ : ਸਿਰਕਪ)।

ਸਿਰਸੁਖ ਦੀ ਲੋਥ ਦਾ ਰਾਜੇ ਰਸਾਲੂ ਨੂੰ ਵੇਖ ਕੇ ਹੱਸਣਾ, ਰੋਣਾ, ਵਰਜਣਾ ਤੇ ਉਪਦੇਸ਼ ਕਰਨਾ ਭਾਵੇਂ ਬੜੀਆਂ ਅਲੌਕਿਕ ਤੇ ਅਸਚਰਜ ਰੂੜ੍ਹੀਆਂ ਹਨ, ਪਰ ਇਹ ਤੱਤ ਲੋਕ-ਮਨ ਦੀ ਅਭਿਵਿਅਕਤੀ ਹਨ ਤੇ ਪੰਜਾਬ ਦੀਆਂ ਕਈ ਕਥਾਵਾਂ ਵਿਚ ਮਿਲਦੇ ਹਨ। ਮੁਰਦਾ ਜੀਵਤ

ਪ੍ਰਾਣੀ ਵਾਂਗ ਨਾਇਕ ਦੀ ਦੈਵੀ ਸਹਾਇਤਾ ਕਰਦਾ ਹੈ।

(ਸ-519) **ਸਿਰਕਪ** :

ਪੰਜਾਬ ਦਾ ਇਕ ਪ੍ਰਸਿਧ ਦੰਦ-ਕਥਾਵੀ ਰਾਜਾ, ਜੋ ਰਾਜੇ ਰਸਾਲੂ ਦਾ ਸਮਕਾਲੀ ਸੀ। ਸਿਰਕਪ ਦਾ ਏਕੀਕਰਣ ਕੁਸ਼ਾਨ ਘਰਾਣੇ ਦੇ ਰਾਜੇ ਕਪਿਸ਼ ਨਾਲ ਕੀਤਾ ਜਾਂਦਾ ਹੈ। ਜਦੋਂ ਪਾਰਥੀਅਨ ਕਬੀਲਿਆਂ ਦਾ ਜ਼ੋਰ ਪੰਜਾਬ ਵਿਚ ਵਧਿਆ ਤਾਂ ਕੁਸ਼ਾਨਾਂ ਨੇ ਗਾਂਧਾਰ ਤੇ ਪੰਜਾਬ ਦੇ ਕੁਝ ਇਲਾਕੇ ਉਤੇ ਕਬਜ਼ਾ ਕਰ ਲਿਆ। ਕੁਸ਼ਾਨ ਕਪਿਸ਼ ਦੇ ਪੁੱਤਰ ਵਿਮਾ ਕਪਿਸ਼ ਦਾ ਰਾਜ ਪੰਜਾਬ, ਸਿੰਧ ਅਤੇ ਮਥਰਾ ਦੇ ਇਲਾਕਿਆਂ ਤਕ ਫੈਲਿਆ ਹੋਇਆ ਸੀ। ਇਹੋ ਕਪਿਸ਼ ਜਾਂ ਸ੍ਰੀ ਕਪਿਸ਼ ਰਾਜੇ ਮਗਰੋਂ ਸਿਰਕਪ ਦੇ ਨਾਂ ਨਾਲ ਪ੍ਰਸਿਧ ਹੋਏ। ਇਨ੍ਹਾਂ ਦਾ ਸਮਾਂ ਈਸਵੀ ਸੱਠ ਦੇ ਮੁਢਲੇ ਦਹਾਕਿਆਂ ਦਾ ਹੈ।

ਭਾਈ ਕਾਹਨ ਸਿੰਘ ਸਿਰਕਪ ਦਾ ਏਕੀਕਰਣ ਰਾਜੇ ਹੋਡੀ ਨਾਲ ਕਰਦਾ ਹੋਇਆ ਲਿਖਦਾ ਹੈ — "ਸਿਰਕਪ ਗੱਖਰਪਤਿ ਹੂਡੀ ਰਾਜੇ ਦੀ ਪਦਵੀ ਸੀ, ਜੋ ਵੈਰੀਆਂ ਦੇ ਸਿਰ ਕਟ ਲੈਂਦਾ ਸੀ।" (ਮਹਾਨ ਕੋਸ਼, 149), ਪਰ ਇਹ ਗੱਲ ਠੀਕ ਨਹੀਂ। ਇਹ ਦੋਵੇਂ ਵੱਖੋ ਵੱਖਰੇ ਵਿਅਕਤੀ ਹੋਏ ਹਨ। ਰਾਜਾ ਹੋਡੀ ਗਖੜ ਕਬੀਲੇ ਦਾ ਸੀ, ਜਦੋਂ ਕਿ ਸਿਰਕਪ ਕੁਸ਼ਾਨ ਜਾਤੀ ਦਾ। ਰਾਜੇ ਰਸਾਲੂ ਦੇ ਕਥਾ-ਚਕਰ ਵਿਚ ਇਨ੍ਹਾਂ ਦੋਹਾਂ ਪਾਤਰਾਂ ਦੇ ਕਰਦਾਰ ਬਿਲਕੁਲ ਵੱਖਰੇ ਹਨ। ਰਾਜੇ ਰਸਾਲੂ ਦੀ ਪਤਨੀ ਕੋਕਿਲਾਂ ਰਾਜੇ ਸਿਰਕਪ ਦੀ ਕੰਨਿਆਂ ਹੈ। ਜਦੋਂ ਕਿ ਰਾਜਾ ਹੋਡੀ ਰਸਾਲੂ ਕਥਾ-ਚਕਰ ਵਿਚ ਵਿਦ੍ਰੋਹੀ ਹੈ, ਜੋ ਕੋਕਿਲਾਂ ਨੂੰ ਵਰਗਲਾ ਕੇ ਉਸ ਨਾਲ ਆਲਿੰਗਨ ਕਰਦਾ ਹੈ। ਇਸ ਲਈ ਸਿਰਕਪ ਹੋਡੀ ਦੀ ਪਦਵੀ ਨਹੀਂ (ਵੇਖੋ : ਹੋਡੀ)।

ਰਵਾਇਤਾਂ ਅਨੁਸਾਰ ਰਾਜੇ ਸਿਰਕਪ ਨੂੰ ਚੌਪੜ ਖੇਡਣ ਦਾ ਬੜਾ ਸ਼ੌਕ ਸੀ ਅਤੇ ਉਹ ਹਮੇਸ਼ਾਂ ਸਿਰਾਂ ਦੀ ਬਾਜ਼ੀ ਲਗਾ ਕੇ ਖੇਡਦਾ ਸੀ, ਭਾਵ ਜਿਹੜਾ ਸ਼ਖ਼ਸ ਬਾਜ਼ੀ ਜਿੱਤ ਜਾਂਦਾ, ਉਹ ਹਾਰਨ ਵਾਲੇ ਦਾ ਸਿਰ ਵੱਢ ਲੈਂਦਾ ਤੇ ਉਸ ਦੇ ਰਾਜ ਖੇਤਰ ਉਤੇ ਕਬਜ਼ਾ ਕਰ ਲੈਂਦਾ। ਸਿਰਕਪ ਚੂਹੇ ਦੀ ਮਦਦ ਨਾਲ ਅਛੋਪਲੇ ਹੀ ਗੋਟੀਆਂ ਵਿਚ ਹੇਰਾ ਫੇਰਾ ਕਰਵਾ ਕੇ, ਹਰ ਰਾਜੇ ਤੋਂ ਬਾਜ਼ੀ ਜਿੱਤ ਲੈਂਦਾ ਸੀ ਅਤੇ ਫਿਰ ਉਸ ਦਾ ਸਿਰ ਵੱਢ ਕੇ ਚਬੂਤਰੇ ਹੇਠ ਦਬਾ ਦਿਤਾ ਕਰਦਾ ਸੀ। ਰਾਜੇ ਰਸਾਲੂ ਨੇ ਸਿਰਕਪ ਨਾਲ ਸ਼ਤਰੰਜ ਖੇਡੀ। ਪਹਿਲੀ ਬਾਜ਼ੀ ਰਾਜਾ ਰਸਾਲੂ ਹਾਰ ਗਿਆ, ਪਰ ਦੂਜੀ ਬਾਜ਼ੀ ਵੇਲੇ ਸਿਰਕਪ ਦੀ ਚਲਾਕੀ ਸਮਝ ਕੇ, ਰਸਾਲੂ ਨੇ ਬਿੱਲੀ ਆਪਣੇ ਕੋਲ ਬਿਠਾ ਲਈ, ਜਿਸ ਕਰ ਕੇ ਚੂਹਾ ਡਰਦਿਆਂ ਗੋਟੀਆਂ ਨਾ ਬਦਲ ਸਕਿਆ ਅਤੇ ਰਸਾਲੂ ਦੀ ਜਿੱਤ ਹੋਈ। ਪਰ ਜਦੋਂ ਰਸਾਲੂ ਸਿਰਕਪ ਦਾ ਸਿਰ ਵੱਢਣ ਲੱਗਾ, ਤਾਂ ਸਿਰਕਪ ਦੀਆਂ ਰਾਣੀਆਂ ਨੇ ਉਹਦੀ ਜਾਨ ਬਖ਼ਸ਼ੀ ਲਈ ਤਰਲੇ ਕੀਤੇ। ਰਾਜਾ ਰਸਾਲੂ ਪਸੀਜ ਗਿਆ ਅਤੇ ਉਸ ਨੇ ਸਿਰਕਪ ਤੋਂ ਇਹ ਪ੍ਰਣ ਲੈ ਕੇ ਕਿ ਉਹ ਅੱਗੋਂ ਕਦੇ ਸਿਰ ਦੀ ਬਾਜ਼ੀ ਲਗਾ ਕੇ ਸ਼ਤਰੰਜ ਨਹੀਂ ਖੇਡੇਗਾ, ਸਿਰਕਪ ਨੂੰ ਬਖ਼ਸ਼ ਦਿਤਾ। ਰਾਜੇ ਸਿਰਕਪ ਨੇ ਰਾਜੇ ਰਸਾਲੂ ਉਤੇ ਪ੍ਰਸੰਨ ਹੋ ਕੇ ਉਸ ਨੂੰ ਆਪਣੀ ਧੀ ਕੋਕਿਲਾਂ ਦਾ ਡੋਲਾ ਦਿਤਾ (ਵੇਖੋ : ਕੋਕਿਲਾਂ)।

ਦੰਦ-ਕਥਾਵਾਂ ਵਿਚ ਸਿਰਕਪ ਨੂੰ ਟੂਣੇਹਾਰ ਤੇ ਜਾਦੂਗਰ ਵੀ ਦਸਿਆ ਗਿਆ ਹੈ। ਜਦੋਂ ਰਾਜਾ ਰਸਾਲੂ ਸਿਰਕਪ ਦੀ ਨਗਰੀ ਦੇ ਬਾਹਰ ਪੁੱਜਾ, ਤਾਂ ਉਥੇ ਉਸ ਨੂੰ ਸਿਰਕਪ ਦੇ ਭਰਾ ਸਿਰਸੁਖ ਦੀ ਲੋਥ ਮਿਲੀ, ਜਿਸ ਨੇ ਰਾਜੇ ਰਸਾਲੂ ਨੂੰ ਸਿਰਕਪ ਤੋਂ ਇਉਂ ਖ਼ਬਰਦਾਰ ਕੀਤਾ — "ਪਹਿਲਾਂ ਸਿਰਕਪ ਜਾਦੂ ਨਾਲ ਹਨੇਰੀ ਝਖੜ ਝੁਲਾਵੇਗਾ ਅਤੇ ਤੈਨੂੰ ਤੰਬੂ ਸਮੇਤ ਉਡਾ ਕੇ ਦੂਰ ਜਾ ਸੁਟੇਗਾ। ਜੇ ਤੂੰ ਬਚ ਗਿਆ ਤਾਂ ਉਹ ਰਾਤੀਂ ਬਰਫ਼ ਦਾ ਤੂਫ਼ਾਨ ਲਿਆਵੇਗਾ। ਜੇ ਤੂੰ ਫਿਰ ਵੀ ਬਚ ਗਿਆ ਤਾਂ ਜਦੋਂ ਤੂੰ ਉਸ ਦੇ ਦਰਵਾਜ਼ੇ ਉਤੇ ਜਾ ਕੇ ਘੜਿਆਲ ਵਜਾਏਂਗਾ, ਤਾਂ ਉਸ ਦੀ ਜਾਦੂ ਦੀ ਧੁਨੀ ਤੇਰੇ ਕੰਨ ਬੋਲੇ ਕਰ ਦੇਵੇਗੀ ਅਤੇ ਤੇਰੇ ਹੋਸ਼ ਹਵਾਸ ਉੱਡ ਜਾਣਗੇ। ਜੇ ਫਿਰ ਵੀ ਤੂੰ ਸੁਚੇਤ ਰਿਹਾ, ਤਾਂ ਸਿਰਕਪ ਦੀ ਕੰਨਿਆਂ ਚਾਨਣੀ ਦੇ ਬਾਗ ਵਿਚ ਬੰਨ੍ਹੇ ਝੂਲੇ ਹੇਠੋਂ ਲੰਘਦੇ ਸਾਰ, ਤੂੰ ਪਾਗਲ ਹੋ ਜਾਵੇਂਗਾ। ਜੇ ਤੂੰ ਚੰਗੇ ਭਾਗੀਂ ਆਪਣੀ ਸ਼ਕਤੀ ਨਾਲ ਉਥੋਂ ਵੀ ਬਚ ਗਿਆ ਤਾਂ ਰਾਜਾ ਸਿਰਕਪ ਤੇਰਾ ਧਿਆਨ ਖੰਡਿਤ ਕਰਨ

ਜਲਦੀ ਆਪਣੀਆਂ ਸੁੰਦਰ ਧੀਆਂ ਤੇ ਰਾਣੀਆਂ ਨੂੰ ਸ਼ਿੰਗਾਰ ਕੇ ਤੇਰੇ ਸਾਹਮਣੇ ਬਿਠਾ ਕੇ ਚੂਹੇ ਦੀ ਮਦਦ ਨਾਲ ਗੋਟਾਂ ਬਦਲਾ ਦੇਵੇਗਾ।''

ਸਿਰਕਪ ਦੇ ਕਿਲ੍ਹਿਆਂ ਦੇ ਖੰਡਰ ਤਿੰਨ ਥਾਈਂ ਮਿਲਦੇ ਹਨ — ਸ਼ਾਹ ਢੇਰੀ (ਤਕਸ਼ਿਲਾ), ਸ਼ੇਖ਼ੂਪੁਰਾ ਤੇ ਮੀਆਂ ਵਾਲੀ। ਸ਼ਾਹ ਢੇਰੀ ਵਿਚ ਇਹ ਖੰਡਰ ਛੇ ਮੀਲਾਂ ਦੇ ਘੇਰੇ ਵਿਚ ਫੈਲੇ ਹੋਏ ਹਨ। 'ਸਿਰਕਪ ਦਾ ਕੋਟ' ਵਾਲੀ ਥੇਹ ਹਟਿਆਲ ਦੇ ਲਾਗੇ ਉਤਰ ਵਲ ਸਥਿਤ ਹੈ ਅਤੇ ਇਕ ਵੱਡੀ ਇਕਸਾਰ ਕੀਤੀ ਥੇਹ ਉਤੇ ਖੜੀ ਹੈ, ਜਿਸ ਦਾ ਘੇਰਾ ਡੇਢ ਕੁ ਮੀਲ ਹੈ। ਇਸ ਕੋਟ ਨੂੰ ਗੜ੍ਹੀ ਵੀ ਕਹਿੰਦੇ ਹਨ। 'ਅਟਕ ਗਜ਼ਟੀਅਰ' (ਪੰਨਾ 37) ਅਨੁਸਾਰ ਇਸ ਗੜ੍ਹੀ ਦੀ ਨੀਂਹ ਈਸਾ ਤੋਂ ਦੋ ਕੁ ਸਦੀਆਂ ਪਹਿਲਾਂ ਇੰਡੋ-ਯੂਨਾਨੀ ਰਾਜ ਅਧਿਕਾਰ ਸਮੇਂ ਰਖੀ ਗਈ ਅਤੇ ਵਿਮਾ ਕਪਿਸ਼ ਦੇ ਰਾਜ ਤਕ ਉਨ੍ਹਾਂ ਦੇ ਅਧਿਕਾਰ ਹੇਠਾਂ ਹੀ ਰਹੀ।

ਦੂਜਾ ਖੰਡਰ ਸ਼ੇਖ਼ੂਪੁਰੇ ਦੇ ਇਕ ਪਿੰਡ ਅੰਬਾ ਕਪੀ ਵਿਚ ਸਥਿਤ ਹੈ। ਸਥਾਨਕ ਦੰਦ-ਕਥਾਵਾਂ ਅਨੁਸਾਰ ਸਿਰਕਪ ਇਥੋਂ ਦਾ ਹੀ ਵਸਨੀਕ ਸੀ। 'ਪੰਜਾਬ ਦੀ ਸੈਰ' (ਸਫ਼ਾ 95) ਅਨੁਸਾਰ "ਹੁਣ ਤਕ ਇਥੇ ਰਾਜੇ ਸਿਰਕਪ ਦੀ ਉਜੜੀ ਥੇਹ ਮੌਜੂਦ ਹੈ ਅਤੇ ਜਿਥੇ ਚਬੂਤਰੇ ਦੇ ਥੱਲੇ ਰਾਜਿਆਂ ਦੇ ਸਿਰ ਦਬਾਏ ਜਾਂਦੇ ਸਨ, ਉਥੇ ਕਰੀਰ ਦੇ ਅਨੇਕਾਂ ਦਰੱਖ਼ਤ ਖੜੇ ਹਨ।''

ਸਿਰਕਪ ਦੀ ਇਕ ਹੋਰ ਥੇਹ ਮੀਆਂ ਵਾਲੀ ਦੇ ਇਲਾਕੇ ਵਿਚ ਵੀ ਮਿਲਦੀ ਹੈ। ਮੀਆਂ ਵਾਲੀ ਗਜ਼ਟੀਅਰ (23-24) ਅਨੁਸਾਰ "ਖੁਦਰੀ ਵਿਚ ਨਮਲ ਪਿੰਡ ਦੇ ਸਾਹਮਣੇ ਇਕ ਪਹਾੜੀ ਟਿੱਬਾ ਹੈ, ਜੋ ਤਿੰਨ ਪਾਸਿਆਂ ਤੋਂ ਪਹਾੜੀ ਵਾਛੜਾਂ ਨਾਲ ਕਟਿਆ ਤੇ ਛਿਲਿਆ ਗਿਆ ਹੈ। ਇਸ ਪਹਾੜੀ ਦੀ ਚੋਟੀ ਤੇ ਕੁਝ ਖੰਡਰ ਹਨ, ਜੋ ਰਾਜੇ ਸਿਰਕਪ ਦੀ ਗੜ੍ਹੀ ਦੇ ਖੰਡਰ ਮੰਨੇ ਜਾਂਦੇ ਹਨ।

(ਸ-520) **ਸਿਰਕਪ ਸ਼ਾਹ** :

ਇਕ ਪ੍ਰਤਾਪੀ ਫ਼ਕੀਰ, ਜਿਸ ਦੀ ਕਬਰ ਅੰਬਾਲੇ ਦੇ ਇਲਾਕੇ ਵਿਚ ਲਡਵੇ ਵਿਖੇ ਹੈ। ਰਵਾਇਤ ਹੈ ਕਿ ਇਸ ਫ਼ਕੀਰ ਨੇ ਸਾਧਨਾ ਤੇ ਕਰੜੀਆਂ ਤਪੱਸਿਆਵਾਂ ਦੁਆਰਾ ਦੈਵੀ ਸ਼ਕਤੀਆਂ ਗ੍ਰਹਿਣ ਕਰ ਲਈਆਂ ਅਤੇ ਬਾਂਝ ਇਸਤ੍ਰੀਆਂ ਨੂੰ ਸੰਤਾਨ ਦਾ ਵਰ ਪ੍ਰਦਾਨ ਕਰਨ ਲੱਗਾ। ਇਸ ਫ਼ਕੀਰ ਦੇ ਪਾਸ ਰੋਜ਼ ਹੀ ਅਨੇਕਾਂ ਤੀਵੀਆਂ ਪੁੱਤਰ ਦੀ ਦਾਤ ਵਾਸਤੇ ਆਉਂਦੀਆਂ ਸਨ, ਪਰ ਇਹ ਹਰੇਕ ਤੀਵੀਂ ਨੂੰ ਹਮੇਸ਼ਾਂ ਇਕੱਲਿਆਂ ਆਪਣੇ ਕੋਲ ਬੁਲਾਂਦਾ ਸੀ ਅਤੇ ਦੂਜੀ ਤੀਵੀਂ ਨੂੰ ਨਾਲ ਆਉਣ ਦੀ ਆਗਿਆ ਨਹੀਂ ਸੀ ਦੇਂਦਾ। ਸੋ ਕੁਝ ਲੋਕਾਂ ਨੇ ਇਤਰਾਜ਼ ਕੀਤਾ ਤੇ ਉਨ੍ਹਾਂ ਨੇ ਫ਼ਕੀਰ ਨੂੰ ਜ਼ਹਿਰ ਦੇ ਕੇ ਮਾਰਨ ਦੀ ਵੀ ਕੋਸ਼ਿਸ਼ ਕੀਤੀ। ਫ਼ਕੀਰ ਨੇ ਤੀਵੀਆਂ ਨੂੰ ਆਉਣ ਤੋਂ ਵਰਜ ਦਿਤਾ। ਪਰ ਤੀਵੀਆਂ ਫੇਰ ਵੀ ਉਸ ਦੇ ਡੇਰੇ ਆਉਂਦੀਆਂ ਰਹੀਆਂ। ਅਖੀਰ, ਕੁਝ ਲੋਕਾਂ ਨੇ ਕਰੋਧ ਵਿਚ ਆ ਕੇ ਫ਼ਕੀਰ ਦਾ ਸਿਰ ਵੱਢ ਦਿਤਾ। ਪਰ ਫ਼ਕੀਰ ਦੇ ਸਿਰ ਕਟੇ ਧੜ ਨੇ ਕੁਝ ਘੰਟਿਆਂ ਵਿਚ ਹੀ ਮਾਰਨ ਲਈ ਆਏ ਲੋਕਾਂ ਨੂੰ ਵੱਢ ਦਿਤਾ। ਇਸ ਲੜਾਈ ਵਿਚ ਅਨੇਕਾਂ ਮਰਦਾਂ ਦੇ ਮਰ ਜਾਣ ਨਾਲ ਬੇਸ਼ੁਮਾਰ ਤੀਵੀਆਂ ਵਿਧਵਾ ਹੋ ਗਈਆਂ, ਜਿਸ ਤੋਂ ਇਸ ਸਥਾਨ ਦਾ ਨਾਂ 'ਰੰਡਵਾ ਸ਼ਹਿਰ' ਪੈ ਗਿਆ, ਜੋ ਮਗਰੋਂ ਵਿਕ੍ਰਿਤ ਹੋ ਕੇ ਲਡਵਾ ਪ੍ਰਚਲਤ ਹੋ ਗਿਆ (Selection S. C. VIII, 274)।

(ਸ-521) **ਸਿਰ ਗੁੰਦੀ** :

(1) ਕੰਨਿਆਂ ਦੇ ਵਿਆਹ ਵੇਲੇ ਨਾਇਣ ਉਸ ਦੇ ਕੇਸਾਂ ਨੂੰ ਰਸਮੀ ਢੰਗ ਨਾਲ ਗੁੰਦਦੀ ਅਤੇ ਸ਼ਿੰਗਾਰਦੀ ਹੈ; ਇਸ ਮੌਕੇ ਉਤੇ ਜੋ ਗੀਤ ਅਲਾਪੇ ਜਾਂਦੇ ਹਨ, ਉਨ੍ਹਾਂ ਨੂੰ 'ਸਿਰ ਗੁੰਦੀ' ਕਹਿੰਦੇ ਹਨ। ਇਨ੍ਹਾਂ ਗੀਤਾਂ ਵਿਚ ਕੰਨਿਆਂ ਦੇ ਰੂਪ ਦੀ ਮਹਿਮਾ ਅਤੇ 'ਥਿਰ ਸੁਹਾਗ' ਲਈ ਅਰਜ਼ੋਈ ਹੁੰਦੀ ਹੈ। ਹੇਠਾਂ ਸਿਰ ਗੁੰਦੀ ਦੇ ਗੀਤਾਂ ਦੀ ਵੰਨਗੀ ਦਿਤੀ ਜਾਂਦੀ ਹੈ :

ਕੌਣ ਗੋਰੀ ਬੈਠੀ ਸਿਰ ਖੋਲ੍ਹੀ ਨੀ
ਕੌਣ ਬੈਠਾ ਪਿਠ ਮੋੜੀ।
ਗੌਰਾਂ ਬੈਠੀ ਸਿਰ ਖੋਲ੍ਹੀ ਨੀ
ਈਸਰ ਬੈਠਾ ਪਿਠ ਮੋੜੀ।

ਸਿਰ ਗੁੰਦਣ ਵੇਲੇ ਨਾਇਣ ਨੂੰ ਜੋ ਲਾਗ ਦਿਤੀ ਜਾਂਦੀ ਹੈ, ਉਸ ਨੂੰ 'ਸਿਰ ਗੁੰਦਾਈ' ਕਹਿੰਦੇ ਹਨ।

(2) ਚੰਭੇ ਦੇ ਗੱਦੀਆਂ ਵਿਚ ਵਿਆਹ ਦੀਆਂ ਤਿੰਨ ਪ੍ਰਵਾਨ ਕਿਸਮਾਂ ਛੀਂਡਕੂਕ, ਜਨਾਈ ਤੇ ਸਿਰ ਗੁੰਦੀ ਹਨ। ਗਲਾਸਰੀ (1,796) ਅਨੁਸਾਰ ਜਨਾਈ ਵਿਚ ਵਰ ਦੇ ਨਾਲ ਪੰਜ ਸਤ ਬਰਾਤੀ ਕੰਨਿਆਂ ਦੇ ਘਰ ਜਾਂਦੇ ਹਨ। ਕੰਨਿਆਂ ਪੱਖ ਵਾਲੇ ਉਨ੍ਹਾਂ ਨੂੰ ਇਕ ਬਕਰਾ ਅਤੇ ਤਿੰਨ ਰੁਪਏ ਦੇਂਦੇ ਹਨ। ਪਰ ਸਿਰ ਗੁੰਦੀ ਵਿਚ ਦੂਣੀ ਰਕਮ ਦਿਤੀ ਜਾਂਦੀ ਹੈ ਅਤੇ ਵਰ ਦੇ ਨਾਲ ਕੇਵਲ ਤਿੰਨ ਜਾਞੀ ਜਾਂਦੇ ਹਨ।

(3) ਜਦੋਂ ਕੋਈ ਤੀਵੀਂ ਵਿਧਵਾ ਹੋ ਜਾਂਦੀ ਹੈ, ਤਾਂ ਖਤਰੀਆਂ ਅਤੇ ਕੁਝ ਹੋਰ ਜਾਤਾਂ ਗੋਤਾਂ ਵਿਚ, ਕਿਰਿਆ ਵਾਲੇ ਦਿਨ, ਨਾਇਣ ਵਿਧਵਾ ਦੇ ਕੇਸਾਂ ਵਿਚ ਕੰਘੀ ਫੇਰ ਕੇ ਮੀਢੀਆਂ ਗੁੰਦਦੀ ਹੈ। ਇਸ ਰੀਤ ਨੂੰ ਵੀ 'ਸਿਰ ਗੁੰਦੀ' ਕਹਿੰਦੇ ਹਨ। ਇਸ ਤੋਂ ਬਾਅਦ ਸਿਰਵੰਨੜੇ ਦੀ ਰੀਤ ਕੀਤੀ ਜਾਂਦੀ ਹੈ।

(ਸ-522) **ਸਿਰ ਠੋਕਣਾ** :

(ਵੇਖੋ : ਕਪਾਲ ਕਿਰਿਆ)।

(ਸ-523) **ਸਿਰ ਤੋੜਾ** :

ਕਾਂਗੜੇ ਵਿਚ ਰਖੇਲੀ ਤੋਂ ਪੈਦਾ ਹੋਏ ਬੱਚੇ ਨੂੰ ਸਿਰ ਤੋੜਾ ਕਹਿੰਦੇ ਸਨ। ਕੁਝ ਜਾਤਾਂ ਵਿਚ ਸਿਰ ਤੋੜਾ ਅਤੇ ਬਿਆਤਰ (ਵਿਆਹੀ ਤੀਵੀਂ ਦੀ ਔਲਾਦ) ਨੂੰ ਵਿਰਸੇ ਵਿਚ ਬਰਾਬਰ ਦਾ ਹੱਕ ਦੇਣ ਦੀ ਪ੍ਰਥਾ ਰਹੀ ਹੈ, ਪਰ ਕੁਝ ਜਾਤਾਂ ਵਿਚ ਨਹੀਂ।

(ਸ-524) **ਸਿਰ ਦਾਉਣੀ** :

ਤੀਵੀਆਂ ਦਾ ਇਕ ਗਹਿਣਾ, ਜੋ ਸਿਰ ਉਤੇ ਪਹਿਨਿਆ ਜਾਂਦਾ ਹੈ।

"ਜੇ ਤੂੰ ਲਿਆ ਦਏਂ ਦਾਵਣੀ ਢੋਲਾ,
ਸਦਕਾ ਲਵਾਂ ਤੇਰੇ ਸਿਰ ਦਾ।" (ਲੋਕ-ਗੀਤ)

(ਸ-525) **ਸਿਰਦੋਣ** :

ਬੱਚੇ ਦੇ ਜਨਮ ਨਾਲ ਸੰਬੰਧਿਤ ਇਕ ਮੁਸਲਮਾਨੀ ਰਸਮ; ਇਹ ਰੀਤ ਤਾਰਾ ਵਿਖਾਣ ਦੀ ਰੀਤ ਮਗਰੋਂ ਕੀਤੀ ਜਾਂਦੀ ਹੈ। ਇਸ ਰੀਤ ਦਾ ਆਧਾਰ ਇਹ ਨਿਸਚਾ ਹੈ ਕਿ ਜੇ ਕਿਸੇ ਛੋਟੇ ਬੱਚੇ ਨੂੰ, ਜਿਸ ਨੇ ਹਾਲੇ ਦੰਦ ਨਹੀਂ ਕੱਢੇ, ਖਿਡਾਂਦਿਆਂ ਜਾਂ ਲਾਡ ਮਲ੍ਹਾਰ ਕਰਦਿਆਂ, ਸਿਰ ਤੋਂ ਉੱਚਾ ਉਛਾਲਿਆ ਜਾਵੇ, ਤਾਂ ਬੱਚੇ ਨੂੰ ਸਿਰਦੋਣ ਪੈ ਜਾਂਦੀ ਹੈ ਅਤੇ ਉਸ ਨੂੰ ਹਰੇ ਰੰਗ ਦੀਆਂ ਟੱਟੀਆਂ ਲੱਗ ਜਾਂਦੀਆਂ ਹਨ। ਮੁਸਲਮਾਨਾਂ ਦੀ ਧਾਰਨਾ ਹੈ ਕਿ ਜੇ ਸਿਰਦੋਣ ਦੀ ਰੀਤ ਕੀਤੀ ਜਾਵੇ, ਤਾਂ ਫਿਰ ਇਹ ਬੀਮਾਰੀ ਕਦੇ ਨਹੀਂ ਲੱਗਦੀ ਜਾਂ ਜੇ ਲੱਗੀ ਹੋਵੇ, ਤਾਂ ਛੇਤੀ ਦੂਰ ਹੋ ਜਾਂਦੀ ਹੈ। ਇਹ ਰੀਤ ਇਸ ਪ੍ਰਕਾਰ ਹੈ—ਦੋ ਤੀਵੀਆਂ, ਜੋ ਆਮ ਤੌਰ ਤੇ ਮਾਵਾਂ ਧੀਆਂ ਹੁੰਦੀਆਂ ਹਨ, ਪਹਿਲਾਂ ਕਿਸੇ ਮੰਜੀ ਦੀ ਦੌਣ ਢਿੱਲੀ ਕਰਦੀਆਂ ਹਨ। ਉਨ੍ਹਾਂ ਵਿਚੋਂ ਇਕ ਤੀਵੀਂ ਮੰਜੇ ਤੇ ਬੈਠ ਕੇ ਬੱਚੇ ਨੂੰ ਗੋਦ ਵਿਚ ਲੈ ਲੈਂਦੀ ਹੈ ਅਤੇ ਦੂਜੀ ਪੁਆਂਦ ਵਲ ਹੇਠਾਂ ਜ਼ਮੀਨ ਉਤੇ ਬੈਠ ਜਾਂਦੀ ਹੈ। ਮੰਜੀ ਉਤੇ ਬੈਠੀ ਤੀਵੀਂ ਬੱਚੇ ਨੂੰ ਦੌਣ ਵਿਚੋਂ ਲੰਘਾ ਕੇ ਹੇਠਾਂ ਬੈਠੀ ਤੀਵੀਂ ਨੂੰ ਫੜਾ ਦੇਂਦੀ ਹੈ ਅਤੇ ਇਹੋ ਕਿਰਿਆ ਸਤ ਵਾਰ ਦੁਹਰਾਈ ਜਾਂਦੀ ਹੈ ਤੇ ਨਾਲੇ ਗੀਤ ਅਲਾਪਿਆ ਜਾਂਦਾ ਹੈ : "ਸਿਰਦੋਣੀਏ ! ਆਪਣੇ ਘਰ ਜਾਹ, ਇਥੇ ਕੀ ਵਿਸਾਹ। ਅਸਾਂ ਲਾਣਾ ਤੈਨੂੰ ਫਾਹ, ਫਿਰ ਨਹੀਂ ਮਿਲਣੀ ਪਨਾਹ। ਦੌਣ ਗਈ, ਉਹ ਗਈ।" ਸਿਰਦੋਣ ਨੂੰ ਦੂਰ ਕਰਨ ਲਈ ਇਕ ਹੋਰ ਉਪਾਅ ਵੀ ਪ੍ਰਚਲਤ ਹੈ। ਬੱਚੇ ਦੇ ਮੈਲੇ ਨੂੰ, ਜੇ ਹਰੇ ਰੰਗ ਦੇ ਘਾਹ ਉਤੇ ਸੁਟਿਆ ਜਾਵੇ, ਤਾਂ ਸਿਰਦੋਣ ਠੀਕ ਹੋ ਜਾਂਦੀ ਹੈ।

(ਸ-526) **ਸਿਰ ਨ੍ਹਾਉਣਾ** :

(1) ਕੇਸੀ ਇਸ਼ਨਾਨ ਕਰਨਾ। ਬੱਚੇ ਦੇ ਜਨਮ ਮਗਰੋਂ ਤੇਰ੍ਹਵੇਂ ਦਿਨ ਤੀਵੀਆਂ ਕੇਸੀ ਇਸ਼ਨਾਨ ਕਰਦੀਆਂ ਹਨ, ਜਿਸ ਨੂੰ ਸਿਰ ਨ੍ਹਾਉਣਾ ਜਾਂ ਤੇਰ੍ਹਵਾਂ ਨ੍ਹਾਉਣਾ ਕਿਹਾ ਜਾਂਦਾ ਹੈ। ਹਿੰਦੂਆਂ ਦਾ ਵਿਚਾਰ ਹੈ ਕਿ ਬੱਚੇ ਦੇ ਜਨਮ ਨਾਲ ਘਰ ਵਿਚ ਸੂਤਕ ਦਾ ਪ੍ਰਵੇਸ਼ ਹੋ ਜਾਂਦਾ ਹੈ। ਸੂਤਕ ਤੋਂ ਮੁਕਤ ਹੋਣ ਲਈ ਤੇਰ੍ਹਵੇਂ ਦਿਨ ਸਾਰੇ ਘਰ ਨੂੰ ਲਿੰਬ ਪੋਚ ਕੇ ਸ਼ੁਧ ਕੀਤਾ ਜਾਂਦਾ ਅਤੇ ਬੱਚੇ ਤੇ ਉਸ ਦੀ ਮਾਂ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ (ਵੇਖੋ : ਤੇਰ੍ਹਵਾਂ ਨ੍ਹਾਉਣਾ)।

(2) ਜਦੋਂ ਘਰ ਵਿਚ ਕਿਸੇ ਦੀ ਮੌਤ ਹੋ ਜਾਂਦੀ ਹੈ, ਤਾਂ ਘਰ ਦੇ ਸਾਰੇ ਜੀਅ ਦਸਾਹੀ ਜਾਂ ਤੇਰਰਵੇਂ ਵਾਲੇ ਦਿਨ ਘਰ ਵਿਚੋਂ ਪਾਤਕ ਕੱਢਣ ਲਈ ਸਿਰ ਨ੍ਹਾਉਂਦੇ ਹਨ।

(ਸ-527) **ਸਿਰਨਾਵਣੀ** :

ਤੀਵੀਆਂ ਰਿਤੂ (ਲਹੂ) ਦੇ ਸੁਕਣ ਉਤੇ ਸਿਰ ਨਹਾਉਂਦੀਆਂ ਹਨ, ਇਸੇ ਤੋਂ ਰਿਤੂ ਦਾ ਨਾਉਂ ਸਿਰਨਾਵਣੀ ਪੈ ਗਿਆ। ਪੋਠੋਹਾਰ ਵਿਚ ਰਿਤੂ ਲਈ ਸੰਕੇਤ ਬੋਧਕ ਸ਼ਬਦ 'ਕਪੜੇ ਆਉਣਾ' ਵੀ ਵਰਤਿਆ ਜਾਂਦਾ ਹੈ। ਹਰ ਮਹੀਨੇ ਹੋਣ ਕਰ ਕੇ ਰਿਤੂ ਨੂੰ 'ਮਾਹਵਾਰੀ' ਵੀ ਕਹਿੰਦੇ ਹਨ।

ਸਿਰਨਾਵਣੀ ਸ਼ੁਰੂ ਹੋਣ ਤਕ ਕੰਨਿਆਂ ਬੜੀ ਪਵਿਤ੍ਰ ਮੰਨੀ ਜਾਂਦੀ ਹੈ ਅਤੇ ਉਸ ਨੂੰ ਕੰਜਕ ਜਾਂ ਕੰਜ-ਕੈਲ ਕਿਹਾ ਜਾਂਦਾ ਹੈ। ਦੇਵੀ ਦੀਆਂ ਕੰਜਕਾਂ ਕਰਨ ਲੱਗਿਆਂ ਕੰਜ-ਕੈਲਾਂ ਦੀ ਹੀ ਪੂਜਾ ਕੀਤੀ ਜਾਂਦੀ ਹੈ। ਪਹਿਲਿਆਂ ਵਿਚ ਕੰਨਿਆਂ ਨੂੰ, ਰਿਤੂ ਆਉਣ ਤੋਂ ਪਹਿਲਾਂ ਹੀ, ਵਿਆਹ ਦਿਤਾ ਜਾਂਦਾ ਸੀ। ਧਾਰਨਾ ਹੈ ਕਿ ਜਿਸ ਕੰਨਿਆਂ ਨੂੰ ਰਿਤੂ ਆ ਚੁਕੀ ਹੋਵੇ, ਉਸ ਦਾ ਕੰਨਿਆਂ ਦਾਨ ਨਹੀਂ ਲੱਗਦਾ।

ਸਿਰਨਾਵਣੀ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਜੇ ਕਿਸੇ ਤੀਵੀਂ ਨੂੰ ਨਵੇਂ ਚੰਨ ਦੀ ਤਿੱਥ ਨੂੰ ਰਿਤੂ ਸ਼ੁਰੂ ਹੋਵੇ, ਤਾ ਇਹ ਸ਼ੁਭ ਮੰਨਿਆ ਜਾਂਦਾ ਹੈ। ਵਿਚਾਰ ਹੈ ਕਿ ਉਸੇ ਮਹੀਨੇ ਉਸ ਨੂੰ ਗਰਭ ਠਹਿਰ ਜਾਂਦਾ ਹੈ ਅਤੇ ਉਸ ਦੇ ਘਰ ਚੰਨ ਵਰਗਾ ਸ਼ਾਂਤ ਸੁਭਾਅ ਤੇ ਪ੍ਰਭੁਤਾ ਵਾਲਾ ਬਾਲ ਜੰਮਦਾ ਹੈ। ਇਸੇ ਤਰ੍ਹਾਂ ਰਿਤੂ ਦੇ ਮੁਕਣ ਉਤੇ ਪਵਿਤ੍ਰ ਹੋ ਕੇ, ਨਵੇਂ ਚੰਨ ਨੂੰ ਵੇਖਣ ਨਾਲ, ਚੰਨ ਵਰਗਾ ਬਾਲ ਜੰਮਦਾ ਹੈ।

ਜੇ ਪਹਿਲੀ ਮਾਹਵਾਰੀ ਸਮੇਂ ਕੰਨਿਆਂ ਚੰਨ ਦੇ ਸਾਹਮਣੇ ਨੰਗੀ ਹੋ ਜਾਵੇ, ਤਾਂ ਧਾਰਨਾ ਅਨੁਸਾਰ ਉਸ ਨੂੰ ਗਰਭ ਠਹਿਰਣ ਦਾ ਡਰ ਹੁੰਦਾ ਹੈ। ਇਸ ਲਈ ਪਹਿਲੀ ਮਾਹਵਾਰੀ ਦੇ ਦਿਨੀਂ ਸਨਾਤਨੀ ਵਿਚਾਰਾਂ ਵਾਲੀਆਂ ਮਾਵਾਂ ਆਪਣੀਆਂ ਕੁੜੀਆਂ ਨੂੰ ਚੰਨ ਦੇ ਸਾਹਮਣੇ ਨਹੀਂ ਹੋਣ ਦੇਂਦੀਆਂ। ਇਹ ਵੀ ਧਾਰਨਾ ਹੈ ਕਿ ਕੰਨਿਆਂ ਨੂੰ ਕਦੇ ਵੀ ਮਾਹਵਾਰੀ ਦੇ ਦਿਨੀਂ ਚੰਨ ਦੇ ਸਾਹਮਣੇ ਨਹੀਂ ਹੋਣਾ ਚਾਹੀਦਾ। ਪੁਰਾਣੇ ਵੇਲਿਆਂ ਵਿਚ ਹਿੰਦੂਆਂ ਵਿਚ ਕੰਨਿਆਂ ਦੀ ਪਹਿਲੀ ਰਿਤੂ ਸਮੇਂ ਕੁਝ ਖ਼ਾਸ ਸੰਸਕਾਰ ਕੀਤੇ ਜਾਂਦੇ ਸਨ, ਜਿਨ੍ਹਾਂ ਦਾ ਸਬੰਧ ਉਪਜਾਇਕਤਾ ਨਾਲ ਹੁੰਦਾ ਸੀ, ਪਰ ਹੁਣ ਇਹ ਪ੍ਰਥਾ ਨਹੀਂ ਰਹੀ।

ਰਿਤੂ ਦੇ ਦਿਨਾਂ ਵਿਚ ਤੀਵੀਂ ਅਪਵਿਤ੍ਰ ਹੋਣ ਕਰ ਕੇ, ਪੂਜਾ ਪਾਠ ਵਿਚ ਸ਼ਾਮਲ ਹੋਣ ਦੇ ਯੋਗ ਨਹੀਂ ਸਮਝੀ ਜਾਂਦੀ। ਜੇ ਪੂਜਾ ਅਰਚਾ ਕਰੇ ਤਾਂ ਦੇਵਤੇ ਦੀ ਕਰੋਪੀ ਦਾ ਡਰ ਰਹਿੰਦਾ ਹੈ। ਇਸੇ ਲਈ ਇਨ੍ਹੀਂ ਦਿਨੀਂ ਕਈ ਹਿੰਦੂ ਤੀਵੀਆਂ ਮੰਦਰ ਵਿਚ ਅਤੇ ਸਿੱਖ ਤੀਵੀਆਂ ਗੁਰਦਵਾਰੇ ਜਾਣਾ ਠੀਕ ਨਹੀਂ ਸਮਝਦੀਆਂ। ਜੇ ਸਿੱਖ ਤੀਵੀਆਂ ਗੁਰਦਵਾਰੇ ਚਲੀਆਂ ਵੀ ਜਾਣ, ਤਾਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਨਹੀਂ ਬੈਠਦੀਆਂ ਅਤੇ ਨਾ ਹੀ ਚੌਰੀ ਝੁਲਾਂਦੀਆਂ ਹਨ। ਸਨਾਤਨੀ ਘਰਾਂ ਵਿਚ ਸਿਰਨਾਵਣੀ ਵਾਲੀ ਤੀਵੀਂ ਰਸੋਈ ਵਿਚ ਕਦਮ ਨਹੀਂ ਪਾਉਂਦੀ, ਭੋਜਨ ਦੇ ਅਪਵਿਤ੍ਰ ਹੋ ਜਾਣ ਦਾ ਡਰ ਹੈ।

ਰਿਤੂ ਵਾਲੀ ਤੀਵੀਂ ਦਾ ਪ੍ਰਛਾਵਾਂ ਜੇ ਕਿਸੇ ਸੱਪ 'ਤੇ ਪੈ ਜਾਵੇ ਤਾਂ ਕਹਿੰਦੇ ਹਨ, ਉਹ ਅੰਨ੍ਹਾਂ ਹੋ ਜਾਂਦਾ ਹੈ। ਜੇ ਮਧਾਣੀ ਜਾਂ ਚਾਟੀ ਉਤੇ ਪੈ ਜਾਵੇ, ਤਾਂ ਮੱਖਣ ਘਟ ਨਿਕਲਦਾ ਹੈ। ਮਾਹਵਾਰੀ ਦੇ ਦਿਨੀਂ ਜੇ ਕੋਈ ਤੀਵੀਂ ਮਰਤਬਾਨ ਵਿਚੋਂ ਅਚਾਰ ਕੱਢੇ ਤਾਂ ਅਚਾਰ ਉਤੇ ਮੈਲੇ ਦੀ ਝਿੱਲੀ ਚੜ੍ਹ ਜਾਣ ਦਾ ਅੰਦੇਸ਼ਾ ਹੁੰਦਾ ਹੈ।

ਮਾਹਵਾਰੀ ਦੇ ਲਹੂ ਦਾ ਨਿਸ਼ਾਨ, ਜਿਸ ਨੂੰ ਤੀਵੀਆਂ ਮਜ਼ਾਕ ਨਾਲ 'ਦੇਵੀ ਦਾ ਟਿਕਾ' ਕਹਿੰਦੀਆਂ ਹਨ, ਕਈ ਟੂਣਿਆਂ ਲਈ ਵੀ ਵਰਤਿਆ ਜਾਂਦਾ ਹੈ। ਜੇ ਕੋਈ ਤੀਵੀਂ ਰਿਤੂ ਦੀ ਬੂੰਦ ਕਿਸੇ ਮਰਦ ਨੂੰ ਭੋਜਨ ਵਿਚ ਖਵਾ ਦੇਵੇ ਤਾਂ ਉਹ ਮਰਦ ਕੀਲਿਆ ਜਾਂਦਾ ਹੈ। ਇਸੇ ਤਰ੍ਹਾਂ ਜੇ ਕੋਈ ਮਰਦ ਕਿਸੇ ਤੀਵੀਂ ਦੇ ਰਿਤੂ ਉਤੇ ਮੂਤਰੇ ਤਾਂ ਉਹ ਤੀਵੀਂ ਉਸ ਮਰਦ ਉਤੇ ਆਪਾ ਨਿਛਾਵਰ ਕਰਨ ਲਈ ਤਿਆਰ ਹੋ ਜਾਂਦੀ ਹੈ। ਇਹ ਧਾਰਨਾ ਸਹਾਨੁਭੂਤੀ ਟੂਣੇ ਉਪਰ ਆਧਾਰਤ ਹੈ।

(ਸ-528) **ਸਿਰ ਫੁਲ (ਸੀਸ ਫੁਲ)** :

ਫੁੱਲ ਦੀ ਸ਼ਕਲ ਦਾ ਇਕ ਗਹਿਣਾ, ਜੋ ਤ੍ਰੀਵੀਆਂ ਸਿਰ ਦੇ ਉਪਰ ਸਜਾਂਦੀਆਂ ਹਨ। ਇਹ ਗਹਿਣਾ ਫੁੱਲ ਵਾਂਗ ਗੋਲ ਸ਼ਕਲ ਦਾ ਹੁੰਦਾ ਹੈ ਅਤੇ ਇਹਦੇ ਵਿਚ ਨਗ ਜੜੇ ਹੁੰਦੇ ਹਨ। "ਇਕ ਤੇਰਾ ਰੂਪ ਜ਼ੁਲਮੀ, ਦੂਜਾ ਵਾਲਾਂ ਉਤੇ ਸਿਰ ਫੁਲ ਨੀ। ਭੌਰੇ ਆਣਗੇ, ਰਸ ਚੂਸ ਜਾਣਗੇ, ਨਾਲੇ ਪਾਣਗੇ ਹੁਸਨ ਦਾ ਮੁੱਲ ਨੀ।" (ਲੋ. ਗੀ.)

(ਸ-529) **ਸਿਰਮੇਲ** :

ਵਿਆਹ ਨਾਲ ਸੰਬੰਧਿਤ ਇਕ ਰੀਤ, ਜੋ ਵਧੇਰੇ ਕਰ ਕੇ ਮੁਲਤਾਨ ਅਤੇ ਮੁਜ਼ਫ਼ਰਗੜ੍ਹ ਦੇ ਹਿੰਦੂਆਂ ਵਿਚ ਪ੍ਰਚਲਤ ਹੈ। ਇਸ ਰੀਤ ਦੇ ਬਗ਼ੈਰ ਵਿਆਹ ਸੰਪੂਰਨ ਨਹੀਂ ਹੁੰਦਾ। ਸਿਰ ਮੇਲ ਦਾ ਭਾਵ ਹੈ ਵਰ ਅਤੇ ਕੰਨਿਆਂ ਦੋਹਾਂ ਦੇ ਸਿਰਾਂ ਦਾ ਮਿਲਾਣਾ। ਨਾਇਣ ਜਾਂ ਮਿਰਾਸਣ ਗੀਤ ਅਲਾਪਦੀ ਹੋਈ ਵਰ ਤੇ ਕੰਨਿਆਂ ਨੂੰ ਇਕ ਵੱਖਰੇ ਕੋਠੇ ਵਿਚ ਲੈ ਜਾਂਦੀ ਹੈ ਅਤੇ ਦੂਹਾਂ ਨੂੰ ਕੋਲੋ ਕੋਲ ਬਿਠਾ ਕੇ, ਕੰਨਿਆਂ ਦਾ ਹੱਥ ਵਰ ਦੇ ਹੱਥ ਵਿਚ ਫੜਾਂਦੀ ਹੈ ਤੇ ਦੂਹਾਂ ਦਾ ਸਿਰ ਮਿਲਾ ਕੇ, ਉਨ੍ਹਾਂ ਨੂੰ ਪਲ ਭਰ ਲਈ ਉਥੇ ਇਕੱਲਾ ਛੱਡ ਦੇਂਦੀ ਹੈ। ਕਈ ਥਾਈਂ ਨਾਇਣ ਜਾਂ ਮਿਰਾਸਣ ਦੇ ਨਾਲ ਘਰ ਦੀਆਂ ਤੀਵੀਆਂ ਵੀ ਵੱਖਰੇ ਕੋਠੇ ਵਿਚ ਜਾਂਦੀਆਂ ਹਨ। ਕਈ ਤਾਂ ਇਸ ਰੀਤ ਨੂੰ ਵਿਆਹ ਵਾਲੇ ਦਿਨ ਹੀ ਕਰ ਦੇਂਦੇ ਹਨ, ਪਰ ਕਈ ਵਿਆਹ ਤੋਂ ਕੁਝ ਦਿਨਾਂ ਮਗਰੋਂ।

ਮੁਜ਼ਫ਼ਰਗੜ੍ਹ ਦੇ ਮੁਸਲਮਾਨਾਂ ਵਿਚ ਸਿਰ ਮੇਲ ਦੀ ਰੀਤ ਦੂਲ੍ਹੇ ਦੇ ਘਰ ਕੀਤੀ ਜਾਂਦੀ ਹੈ ਅਤੇ ਦੂਲ੍ਹੇ ਦੀ ਮਾਂ ਜਾਂ ਭੈਣਾਂ ਤੇ ਭਰਜਾਈਆਂ ਇਕੱਠੀਆਂ ਹੋ ਕੇ ਦੂਲ੍ਹਾ ਤੇ ਦੂਲ੍ਹਨ ਦੇ ਸਿਰਾਂ ਨੂੰ ਪਕੜ ਕੇ ਮਿਲਾ ਦੇਂਦੀਆਂ ਹਨ। ਕੁਝ ਜਾਤਾਂ ਵਿਚ ਇਹ ਰੀਤ ਰਤਾ ਵੱਖਰੀ ਤਰ੍ਹਾਂ ਦੀ ਹੈ — ਸਬਾਲਾ ਦੂਲ੍ਹੇ ਨੂੰ ਉਸ ਕੋਠੇ ਵਿਚ ਲੈ ਜਾਂਦਾ ਹੈ, ਜਿਥੇ ਦੂਲ੍ਹਨ ਮੂੰਹ ਨੂੰ ਕਜ ਕੇ ਬੈਠੀ ਹੁੰਦੀ ਹੈ। ਦੂਲ੍ਹਨ ਦੇ ਸਾਹਮਣੇ ਕੁਰਾਨ ਸ਼ਰੀਫ਼ ਪਿਆ ਹੁੰਦਾ ਹੈ। ਦੂਲ੍ਹਨ ਦੀਆਂ ਸਹੇਲੀਆਂ ਦੂਲ੍ਹੇ ਨੂੰ ਘੁੰਡ ਚੁਕਣ ਲਈ ਕਹਿੰਦੀਆਂ ਹਨ ਅਤੇ ਦੂਲ੍ਹਾ ਘੁੰਡ ਚੁਕਦਾ ਹੈ। ਦੂਲ੍ਹਨ ਪਹਿਲੀ ਨਜ਼ਰ ਕੁਰਾਨ ਵਲ ਵੇਖਦੀ ਹੈ ਤੇ ਮਗਰੋਂ ਆਪਣੇ ਦੂਲ੍ਹੇ ਮੀਆਂ ਵਲ। ਫਿਰ ਸਹੇਲੀਆਂ ਦੋਹਾਂ ਦਾ ਸਿਰ ਪਕੜ ਕੇ ਮਿਲਾ ਦੇਂਦੀਆਂ ਹਨ।

ਸਿਰ ਮੇਲ ਵੇਲੇ ਜੋ ਗੀਤ ਗਾਏ ਜਾਂਦੇ ਹਨ ਉਨ੍ਹਾਂ ਨੂੰ 'ਸਿਰ ਮੇਲੜੀਆਂ' ਕਹਿੰਦੇ ਹਨ। ਵੰਨਗੀ ਹੇਠਾਂ ਦਿਤੀ ਜਾਂਦੀ ਹੈ :

ਬੰਨੀ ਹੋਈ ਬੰਨੇ ਦੀ ਜੀ, ਸਿਰ ਮਿਲਿਆ।
ਚੰਨੀ ਹੋਈ ਚੰਨੇ ਦੀ ਜੀ, ਸਿਰ ਮਿਲਿਆ।
ਮਾਂ ਨੂੰ ਦਿਓ ਵਧਾਈਆਂ, ਜੀ ਸਿਰ ਮਿਲਿਆ।
ਨਚਣ ਫੁਫੀਆਂ ਤਾਈਆਂ, ਜੀ ਸਿਰ ਮਿਲਿਆ।

ਸਾਂਸੀਆਂ ਵਿਚ ਵੀ ਸਿਰ ਮੇਲ ਦੀ ਰਸਮ ਪ੍ਰਚਲਤ ਹੈ। ਉਹ ਦੂਲ੍ਹਾ ਤੇ ਦੂਲ੍ਹਨ ਨੂੰ ਇਕ ਦੂਜੇ ਦੇ ਆਹਮੋ ਸਾਹਮਣੇ ਬਿਠਾ ਕੇ ਪਹਿਲਾਂ ਮੱਥੇ ਮੇਲਦੇ ਹਨ, ਫਿਰ ਪੈਰਾਂ ਦੀਆਂ ਤਲੀਆਂ। ਇਸ ਰੀਤ ਨੂੰ ਉਹ 'ਜੋਬਨ' ਕਹਿੰਦੇ ਹਨ ਤੇ ਇਹਦੇ ਨਾਲ ਹੀ ਵਿਆਹ ਦੀ ਰਸਮ ਪੂਰੀ ਹੁੰਦੀ ਹੈ।

(ਸ-530) **ਸਿਰ ਮੇਲੜੀਆਂ** :

ਵਿਆਹ ਨਾਲ ਸੰਬੰਧਿਤ ਇਕ ਗੀਤਕ ਲੋਕ-ਕਾਵਿ ਰੂਪ, ਜੋ ਸਿਰ ਮੇਲ ਦੀ ਰਸਮ ਸਮੇਂ ਗਾਇਆ ਜਾਂਦਾ ਹੈ (ਵੇਖੋ : ਸਿਰਮੇਲ)।

(ਸ-531) **ਸਿਰਮੌਰ** :

ਹਿਮਾਚਲ ਪ੍ਰਦੇਸ਼ ਦਾ ਇਕ ਖੇਤਰ; ਇਸ ਇਲਾਕੇ ਬਾਰੇ ਇਕ ਬੜੀ ਰੋਚਕ ਦੰਦ-ਕਥਾ ਪ੍ਰਚਲਤ ਹੈ। ਕਹਿੰਦੇ ਹਨ ਕਿ ਇਥੇ ਇਕ ਨਟਣੀ ਕੋਕਾ ਰਹਿੰਦੀ ਸੀ, ਜੋ ਕਾਲੇ ਜਾਦੂ ਵਿਚ ਬੜੀ ਮਾਹਿਰ ਸੀ। ਉਸ ਨੇ ਚਿਲ੍ਹੇ ਕਟ ਕੇ ਕਈ ਭੂਤ ਪ੍ਰੇਤ ਵਸ ਕੀਤੇ ਹੋਏ ਸਨ। ਲੋਕੀਂ ਕੋਕਾ ਤੋਂ ਇਤਨਾ ਡਰਦੇ ਸਨ ਕਿ ਉਸ ਦਾ ਨਾਂ ਲੈਣ ਦੀ ਥਾਂ ਉਸ ਨੂੰ 'ਤੇਰਾ ਤਾਲਣ' ਕਹਿ ਕੇ ਯਾਦ ਕਰਦੇ ਸਨ। ਇਕ ਵਾਰ ਕੋਕਾ ਸਿਰਮੌਰ ਦੇ ਸੂਰਜ ਬੰਸੀ ਰਾਜੇ ਮਦਨ ਸਿੰਘ ਦੇ ਦਰਬਾਰ ਵਿਚ ਆਈ ਅਤੇ ਉਸ ਨੇ ਜਾਦੂ ਦੇ ਕਈ ਕਰਤੱਵ ਵਿਖਾਏ। ਰਾਜੇ ਨੇ ਕੋਕਾ ਨੂੰ ਕਿਹਾ ਕਿ ਜੇ ਉਹ ਸੂਤਰ ਦੇ ਧਾਗੇ ਉਤੇ ਠੁਮਕਦੀ ਹੋਈ, ਦਰਿਆ ਨੂੰ ਪਾਰ ਕਰ ਕੇ, ਮੁੜ ਉਸ ਉਤੇ ਹੀ

ਕਲਾਬਾਜ਼ੀਆਂ ਲਗਾਂਦੀ ਵਾਪਸ ਇਥੇ ਆ ਜਾਵੇ, ਤਾਂ ਰਾਜਾ ਉਸ ਨੂੰ ਅੱਧਾ ਰਾਜ ਭਾਗ ਵੰਡ ਦੇਵੇਗਾ। ਪਰ ਜੇ ਉਹ ਇਸ ਵਿਚ ਸਫਲ ਨਾ ਹੋਈ, ਤਾਂ ਉਹਨੂੰ ਹਮੇਸ਼ਾਂ ਲਈ ਨਗਰੋਂ ਬਾਹਰ ਕਢ ਦਿਤਾ ਜਾਵੇਗਾ। ਕੋਕਾ ਮੰਨ ਗਈ। ਰਾਜੇ ਨੇ ਗਦੀ ਦਰਿਆ ਦੇ ਦੋਹਾਂ ਕੰਢਿਆਂ ਉਤੇ ਬਾਂਸ ਗਡ ਕੇ ਸੂਤਰ ਬੰਨ੍ਹਵਾ ਦਿਤਾ। ਕੋਕਾ ਉਸ ਉਤੇ ਠੁਮਕਦੀ ਹੋਈ ਦਰਿਆ ਪਾਰ ਕਰ ਗਈ। ਜਦੋਂ ਉਹ ਉਸੇ ਸੂਤਰ ਦੁਆਰਾ ਉਰਾਰ ਵਲ ਵਾਪਸ ਆ ਰਹੀ ਸੀ ਤਾਂ ਰਾਜੇ ਨੇ ਉਸ ਤੋਂ ਖਹਿੜਾ ਛੁਡਾਉਣ ਲਈ ਸੂਤਰ ਕਟਵਾ ਦਿਤਾ, ਤਾਂ ਜੋ ਉਹ ਦਰਿਆ ਵਿਚ ਡੁਬ ਕੇ ਮਰ ਜਾਵੇ। ਕੋਕਾ ਡੁਬ ਤਾਂ ਗਈ, ਪਰ ਡੁਬਦਿਆਂ ਡੁਬਦਿਆਂ ਉਸ ਨੇ ਪਾਣੀ ਵਿਚ ਅਜਿਹੀ ਫੂਕ ਮਾਰੀ, ਜਿਸ ਨਾਲ ਦਰਿਆ ਦਾ ਪਾਣੀ ਹੜ੍ਹ ਵਾਂਙ ਸਾਰੇ ਨਗਰ ਵਿਚ ਫੈਲ ਗਿਆ ਅਤੇ ਰਾਜਾ ਆਪਣੇ ਪਰਿਵਾਰ ਅਤੇ ਮਹਿਲ ਮਾੜੀਆਂ ਸਮੇਤ ਗ਼ਰਕ ਹੋ ਗਿਆ। ਲੋਕ ਕਹਿੰਦੇ ਹਨ ਕਿ ਨਟਣੀ ਨੇ ਡੁਬਣ ਤੋਂ ਪਹਿਲਾਂ, ਉਚੀ ਕੂਕ ਕੇ, ਨਗਰ ਨੂੰ ਇਹ ਸਰਾਪ ਦਿਤਾ ਸੀ : 'ਉਪਰ ਕੋਕਾ, ਇਸ ਨਗਰੀ ਵਿਚ ਕੋਈ ਨਾ ਵਸੇ ਲੋਕਾ।' ਇਹ ਘਟਨਾ 829 ਬਿਕ੍ਰਮੀ ਸੰਮਤ ਦੀ ਹੈ। ਇਸ ਹੜ੍ਹ ਦੇ ਮਗਰੋਂ 223 ਵਰ੍ਹੇ ਤਕ ਇਹ ਇਲਾਕਾ ਉਜੜਿਆ ਰਿਹਾ। ਮਗਰੋਂ ਇਸ ਨੂੰ ਸਾਲਿਵਾਹਨ ਦੇ ਪੁਤਰ ਸੋਲਹਿਜਾ ਨੇ ਵਸਾਇਆ।

ਸਿਰਮੌਰ ਵਿਚ ਇਕ ਤਲਾਅ ਹੈ, ਜਿਸ ਵਿਚ ਇਕ ਵੱਡਾ ਸਾਰਾ ਦੁਫਾੜ ਪੱਥਰ ਪਿਆ ਹੈ। ਲੋਕੀਂ ਇਸ ਪੱਥਰ ਨੂੰ ਕੋਕਾ ਦੇ ਹੜ੍ਹ ਨਾਲ ਜੋੜਦੇ ਹਨ।

(ਸ-532) **ਸਿਰਯਾਲ** :

ਗੁਗੇ ਪੀਰ ਦੀ ਪਤਨੀ (ਵੇਖੋ : ਸਿਲੀਅਰ)।

(ਸ-533) **ਸਿਰਵੰਨੜਾ** :

ਉਹ ਕਪੜੇ, ਨਕਦੀ ਤੇ ਵਸਤਾਂ ਜੋ ਕਿਸੇ ਵਿਧਵਾ ਤੀਵੀਂ ਨੂੰ ਪਤੀ ਦੀ ਕਿਰਿਆ ਕਰਮ ਵੇਲੇ, ਉਸ ਦੇ ਸਕੇ ਸਬੰਧੀ ਦੇਂਦੇ ਹਨ। ਇਸ ਰਸਮ ਵੇਲੇ, ਪਹਿਲਾਂ ਨਾਇਣ ਵਿਧਵਾ ਦੇ ਵਾਲਾਂ ਦੀਆਂ ਮੀਢੀਆਂ ਬਣਾਕੇ, ਰਸਮੀ ਢੰਗ ਨਾਲ ਗੁੰਦਦੀ ਹੈ। ਫਿਰ ਉਸ ਦੇ ਰਿਸ਼ਤੇਦਾਰ ਪੇਕੇ ਅਤੇ ਸਹੁਰੇ ਵਾਰੋ ਵਾਰੀ ਆਪੋ ਆਪਣੀ ਵਿਤ ਮੂਜਬ ਉਸ ਦੀ ਝੋਲੀ ਵਿਚ ਕਪੜੇ, ਨਕਦੀ ਜਾਂ ਕੋਈ ਗਹਿਣਾ ਆਦਿ ਪਾਉਂਦੇ ਹੋਏ ਉਹਦੇ ਗਲ ਲੱਗ ਕੇ ਰੋਂਦੇ ਹਨ। ਇਸ ਨਕਦੀ ਨੂੰ 'ਕੌੜਾ ਪੈਸਾ' ਅਤੇ ਲੈਣ ਦੇਣ ਨੂੰ 'ਕੌੜੀ ਭਾਜੀ' ਕਹਿੰਦੇ ਹਨ। ਇਹ ਨਕਦੀ ਅਤੇ ਚੀਜ਼ਾਂ ਵਸਤਾਂ ਕਿਸੇ ਸ਼ੁਭ ਕਾਰਜ ਲਈ ਨਹੀਂ ਵਰਤੀਆਂ ਜਾਂਦੀਆਂ। ਸਿਰਵੰਨੜਾ ਵਿਧਵਾ ਇਸਤ੍ਰੀ ਦੀ ਬਰਾਦਰੀ ਵਲੋਂ ਮਾਇਕ ਸਹਾਇਤਾ ਹੈ। ਮਾਲਵੇ ਵਿਚ ਇਸ ਰੀਤ ਨੂੰ 'ਬੁਰਾ' ਕਹਿੰਦੇ ਹਨ।

(ਸ-534) **ਸਿਰਵਰਤੀ** :

ਪੰਜਾਬ ਵਿਚ, ਜਦੋਂ ਕੋਈ ਬਜ਼ੁਰਗ ਬੱਚਿਆਂ ਨੂੰ ਕੋਈ ਕਥਾ ਸੁਣਾਉਣ ਲੱਗਦਾ ਹੈ, ਤਾਂ ਪਹਿਲਾਂ ਪੁਛਦਾ ਹੈ — ਸਿਰਵਰਤੀ ਸੁਣਾਵਾਂ, ਜਗ ਵਰਤੀ ਸੁਣਾਵਾਂ, ਮਨ ਵਰਤੀ ਸੁਣਾਵਾਂ ਕਿ ਦੇਵ ਵਰਤੀ ਸੁਣਾਵਾਂ।

(1) ਸਿਰਵਰਤੀ ਕਥਾ :— ਕਥੱਕੜ ਦੇ ਆਪਣੇ ਹੱਡਾਂ ਨਾਲ ਵਰਤੀ ਜਾਂ ਅੱਖੀਂ ਵੇਖੀ ਗੱਲ ਹੁੰਦੀ ਹੈ। ਇਸ ਨੂੰ ਹੱਢ ਵਰਤੀ ਜਾਂ ਗੱਲਾਂ ਵੀ ਕਿਹਾ ਜਾਂਦਾ ਹੈ। ਸਿਰ ਵਰਤੀ ਇਕ ਮੂੰਹ ਤੋਂ ਚਲਦੀ ਦੂਜੇ ਮੂੰਹ ਤਕ ਪਹੁੰਚਦੀ ਜਗ ਵਰਤੀ ਬਣ ਜਾਂਦੀ ਹੈ। ਹਰ ਕਥੱਕੜ ਇਨ੍ਹਾਂ ਗੱਲਾਂ ਵਿਚ ਰੌਚਕਤਾ ਭਰਨ ਲਈ ਕੁਝ ਵਾਧੇ ਘਾਟੇ ਕਰਦਾ ਰਹਿੰਦਾ ਹੈ। ਸਿਆਣੇ ਕਥੱਕੜ ਦੇ ਹੱਥਾਂ ਵਿਚ ਜਾ ਕੇ ਸਿਰਵਰਤੀ ਕਥਾ ਕਹਾਣੀ ਵਾਲੀ ਗੋਲਾਈ ਵਿਚ ਢਲ ਜਾਂਦੀ ਹੈ।

(2) ਜਗ ਵਰਤੀ ਕਥਾ :— ਦੂਜਿਆਂ ਨਾਲ ਵਰਤੀਆਂ ਘਟਨਾਵਾਂ ਹਨ, ਜੋ ਗੱਲਾਂ ਦੇ ਰੇੜਕੇ ਵਿਚ ਨਿਤ ਮਥੀਆਂ ਜਾਂਦੀਆਂ ਹਨ ਤੇ ਅਖ਼ੀਰ ਦੰਦ-ਕਥਾਵਾਂ ਦਾ ਰੂਪ ਧਾਰ ਲੈਂਦੀਆਂ ਹਨ। ਇਨ੍ਹਾਂ ਕਥਾਵਾਂ ਵਿਚ ਸੱਚ ਦੀ ਨਿਕੀ ਜਿਹੀ ਗਿਰੀ ਉਤੇ ਲੋਕ-ਰੂੜ੍ਹੀਆਂ, ਮਨੌਤਾਂ ਤੇ ਵਿਚਾਰਾਂ ਦਾ ਵੱਡਾ ਸਾਰਾ ਛਿਲਕਾ ਚਾੜ੍ਹ ਦਿਤਾ ਜਾਂਦਾ ਹੈ। ਇਨ੍ਹਾਂ ਨੂੰ ਹੀ ਦੰਦ-ਕਥਾ ਜਾਂ ਅਵਦਾਨ ਕਿਹਾ ਜਾਂਦਾ ਹੈ।

(3) ਮਨ ਵਰਤੀ ਕਥਾ ਮਨਘੜਤ ਹੁੰਦੀ ਹੈ, ਜੋ ਲੋਕ-ਕਲਪਨਾ ਨੇ ਮਨੋਰੰਜਨ ਲਈ ਘੜੀ ਹੁੰਦੀ ਹੈ। ਇਸ ਕਥਾ ਵਿਚ ਨਾ ਇਤਿਹਾਸਕ ਤੱਥ ਹੁੰਦਾ ਹੈ ਤੇ ਨਾ ਪੌਰਾਣਿਕ ਮਿੱਥ। ਇਸ ਦੇ ਅੰਤਰਗਤ ਨੀਤੀ ਕਥਾਵਾਂ ਅਤੇ ਪਰੀ ਕਥਾਵਾਂ ਆਦਿ ਆਉਂਦੀਆਂ ਹਨ।

(4) ਦੇਵ ਵਰਤੀ ਕਥਾ — ਦੇਵਤਿਆਂ ਤੇ ਪੁਰਖਾਂ ਨਾਲ ਵਰਤੀਆਂ ਘਟਨਾਵਾਂ ਹਨ, ਇਨ੍ਹਾਂ ਕਥਾਵਾਂ ਦਾ ਸਰੋਤ ਪੁਰਾਣ ਹਨ। ਇਨ੍ਹਾਂ ਨੂੰ ਪੌਰਾਣਿਕ ਕਥਾਵਾਂ ਵੀ ਕਿਹਾ ਜਾਂਦਾ ਹੈ (ਵੇਖੋ : ਲੋਕ-ਕਹਾਣੀ)।

(ਸ-535) **ਸਿਰ ਵਾਰਨਾ** :

ਕਿਸੇ ਦੇ ਸਿਰ ਤੋਂ ਕੋਈ ਵਸਤੂ ਜਾਂ ਨਕਦੀ ਆਦਿ ਵਾਰ ਕੇ ਦਾਨ ਕਰਨ ਦੀ ਕਿਰਿਆ। ਸੰਸਕਾਰਾਂ ਤੇ ਰੀਤਾਂ ਵੇਲੇ ਜਿਸ ਸ਼ਖ਼ਸ ਦਾ ਰੀਤ-ਸੰਸਕਾਰ ਹੋ ਰਿਹਾ ਹੁੰਦਾ ਹੈ, ਉਸ ਦੀ ਨਜ਼ਰ ਟਪਾਰ ਜਾਂ ਚੰਦਰੀ ਰੂਹ ਤੋਂ ਰੱਖਿਆ ਕਰਨ ਲਈ, ਉਹਦੇ ਸਿਰ ਤੋਂ ਕੁਝ ਸਾਮਗ੍ਰੀ ਜਾਂ ਰੁਪਏ ਵਾਰ ਕੇ ਇਕ ਪਾਸੇ ਰਖ ਦਿਤੇ ਜਾਂਦੇ ਹਨ, ਜੋ ਮਗਰੋਂ ਕਮੀਆਂ-ਕਮੀਣਾਂ ਵਿਚ ਵੰਡ ਦਿਤੇ ਜਾਂਦੇ ਹਨ। ਇਸ ਰੀਤ/ਵਸਤੂ ਨੂੰ ਸਿਰ ਵਾਰਨਾ ਕਿਹਾ ਜਾਂਦਾ ਹੈ। ਧਾਰਨਾ ਹੈ ਕਿ ਜੇ ਕਿਸੇ ਸ਼ਖ਼ਸ ਦੇ ਸਿਰ ਤੋਂ ਕੋਈ ਚੀਜ਼ ਵਾਰ ਕੇ ਦਾਨ ਕੀਤੀ ਜਾਵੇ, ਤਾਂ ਉਸ ਦਾ ਦੁਖ ਦਲਿਦ੍ਰ ਤੇ ਬਲਾਵਾਂ ਰੱਦ ਹੋ ਜਾਂਦੀਆਂ ਹਨ। ਸਿਰ ਵਾਰਨਾ ਅਨੇਕਾ ਮਗਲ ਕਾਰਜਾਂ ਸਮੇਂ ਕੀਤਾ ਜਾਂਦਾ ਹੈ। ਜਦੋਂ ਬੱਚਾ ਜੰਮਦਾ ਹੈ ਤਾਂ ਵਧਾਈ ਦੇਣ ਲਈ ਆਏ ਅੰਗ ਸਾਕ ਬੱਚੇ ਦੀਆਂ ਬਲਾਵਾ ਦੂਰ ਕਰਨ ਲਈ ਸਿਰ ਵਾਰਨੇ ਕਰਦੇ ਹਨ। ਦਾਈ ਨੂੰ ਕਣਕ, ਗੁੜ ਤੇ ਘਿਓ ਆਦਿ ਬੱਚੇ ਦੇ ਸਿਰ ਤੋਂ ਵਾਰ ਕੇ ਦਿਤਾ ਜਾਂਦਾ ਹੈ। ਮੰਗਣੀ ਅਤੇ ਵਿਆਹ ਵੇਲੇ ਵੀ ਅਨੇਕਾਂ ਰੀਤਾਂ ਸਮੇਂ ਵਰ ਦੀ ਖ਼ੈਰੀਅਤ ਲਈ ਸਿਰ ਵਾਰਨੇ ਕੀਤੇ ਜਾਂਦੇ ਹਨ।

ਸਿਰ ਵਾਰਨੇ ਵੇਲੇ ਕੁਝ ਗੀਤ ਵੀ ਗਾਏ ਜਾਂਦੇ ਹਨ। ਜਿਨ੍ਹਾ ਵਿਚ ਸ਼ਗਨਾਂ ਤੇ ਸਿਰ ਵਾਰਨੇ ਦੇ ਜ਼ਿਕਰ ਤੋਂ ਇਲਾਵਾ, ਸਭਾਂ ਬਲਾਵਾਂ ਨੂੰ ਦੂਰ ਕਰਨ ਲਈ ਪ੍ਰਾਰਥਨਾ ਹੁੰਦੀ ਹੈ :

ਮਨ ਪਕਾਇਆ ਮਿਠਾ,
ਫੁਲ ਵਿਹੜੇ ਖਿੜਿਆ ਡਿਠਾ;
ਸਤ ਬਲਾਵਾਂ ਦੂਰ, ਮੇਰੇ ਲਾਲ ਦੀਆਂ।
ਗੁੜ ਵਿਚ ਰਖਿਆ ਰੰਭਾ,
ਤੇਰੇ ਸਿਰ ਤੋਂ ਵਾਰਾ ਚੰਭਾ,
ਸਤ ਬਲਾਵਾਂ ਦੂਰ...
ਮਾਊ ਸ਼ਗਨਾਂ ਦੀ ਖਿਚੜੀ ਚਾੜ੍ਹੀ,
ਤੇਰੇ ਸਿਰ ਤੋਂ ਚਾਂਦੀ ਵਾਰੀ;
ਤੇਰੇ ਸਿਰ ਤੋਂ ਵਾਰਾਂ ਤਾਂਬੇ,
ਸ਼ਨੀ ਗਿਆ ਹੋ ਲਾਂਭੇ;
ਸਤ ਬਲਾਵਾਂ ਦੂਰ...

ਸਿਰ ਵਾਰਨੇ ਦੀ ਰੀਤ ਨੇ ਹੀ ਵਾਰ ਕਾਵਿ-ਰੂਪ ਨੂੰ ਜਨਮ ਦਿਤਾ। 'ਵਾਰਨੇ' ਦੀ ਰੀਤ ਵੇਲੇ, ਯੁਧ ਵਿਚ ਜਾ ਰਹੇ ਸੂਰਮੇ ਦੀ ਉਸਤਤੀ ਵਿਚ ਗਾਏ ਜਾਣ ਵਾਲੇ ਗੀਤ, ਵਾਰਨੇ ਅਖਵਾਂਦੇ ਸਨ ਅਤੇ ਇਹੋ ਕਾਵਿ-ਰੂਪ ਵਿਗਸਤ ਹੋ ਕੇ ਵਾਰ ਦੇ ਨਾਂ ਨਾਲ ਪ੍ਰਚਲਤ ਹੋਇਆ।

(ਸ-536) **ਸਿਰਾਤ** :

(ਵੇਖੋ : ਪੁਲ ਸਿਰਾਤ)।

(ਸ-537) **ਸਿਰੀ** :

ਇਕ ਗਹਿਣਾ ਜੋ ਮੱਥੇ ਉਤੇ ਪਹਿਨਿਆ ਜਾਂਦਾ ਹੈ। ਇਹ ਟਿਕੜੀ ਦੀ ਸ਼ਕਲ ਦਾ ਹੁੰਦਾ ਹੈ।

(ਸ-538) **ਸਿਰੋਪਾ** :

ਉਹ ਪੋਸ਼ਾਕ ਜਾਂ ਕਪੜੇ ਜੋ ਕਿਸੇ ਸ਼ਖ਼ਸ ਨੂੰ ਵਡਿਆਣ ਲਈ ਭੇਟ ਕੀਤੇ ਜਾਣ। ਸਿਰੋਪੇ ਵਿਚ ਪਹਿਲਾਂ ਸਿਰ ਤੋਂ ਲੈ ਕੇ ਪੈਰਾਂ ਤਕ ਦੀ ਪੂਰੀ ਪੋਸ਼ਾਕ ਸ਼ਾਮਲ ਹੁੰਦੀ ਸੀ। ਪੁਰਾਣੇ ਵੇਲਿਆਂ ਵਿਚ ਰਾਜੇ ਮਹਾਰਾਜੇ ਕਿਸੇ ਨੂੰ ਸਨਮਾਨਿਤ ਕਰਨ ਵੇਲੇ ਸਿਰੋਪਾ ਦੇਂਦੇ ਸਨ। ਕੰਸ ਨੇ ਅਕਰੂਰ ਨੂੰ ਸਿਰੋਪਾ ਦੇ ਕੇ ਨੰਦ ਪੁਤਰ ਨੂੰ ਬੁਲਾਣ ਲਈ ਭੇਜਿਆ ਸੀ।

ਸਿੱਖਾਂ ਵਿਚ ਸਿਰੋਪਾ ਦੇਣ ਦੀ ਪ੍ਰਥਾ ਗੁਰੂ ਅਮਰ ਦਾਸ ਤੋਂ ਸ਼ੁਰੂ ਹੋਈ ਅਤੇ ਧਾਰਮਿਕ ਮਾਣ ਮਰਯਾਦਾ ਨਾਲ ਜੁੜੀ ਹੋਣ ਕਰ ਕੇ ਵਿਲੱਖਣ ਹੈ। ਸਿੱਖਾਂ ਵਿਚ ਆਮ ਤੌਰ ਤੇ ਪਗੜੀ ਜਾਂ ਦੁਪੱਟਾ ਅਤੇ ਕਈ ਵਾਰ ਸਿਰੀ ਸਾਹਿਬ ਸਿਰੋਪੇ

ਵਜੋਂ ਭੇਟ ਕੀਤੀ ਜਾਂਦੀ ਹੈ।

ਪ੍ਰਾਚੀਨ ਕਾਲ ਵਿਚ ਲੋਕ ਬਜ਼ੁਰਗਾਂ ਦੇ ਉਤਾਰੇ ਕਪੜਿਆਂ ਵਿਚ, ਉਨ੍ਹਾਂ ਦੀ ਪ੍ਰਭੁੱਤਾ ਦਾ ਅੰਸ਼ ਮੰਨ ਕੇ, ਉਨ੍ਹਾਂ ਦੇ ਮਰਨ ਮਗਰੋਂ ਸੰਭਾਲੀ ਰਖਦੇ ਸਨ ਅਤੇ ਕਈ ਵਾਰ ਉਨ੍ਹਾਂ ਕਪੜਿਆਂ ਵਿਚੋਂ ਟੁਕੜੇ ਕਟ ਕੇ ਛੋਟੇ ਬੱਚਿਆਂ ਨੂੰ ਇਸ ਭਾਵ ਨਾਲ ਪਹਿਨਾਏ ਜਾਂਦੇ ਸਨ ਕਿ ਉਹ ਵੀ ਵੱਡੇ ਹੋ ਕੇ ਪ੍ਰਭੁਤਾ ਵਾਲੇ ਬਣਨਗੇ। ਫੇਰ ਸਾਧਾਂ ਸੰਤਾਂ ਅਤੇ ਪੀਰਾਂ ਫ਼ਕੀਰਾਂ ਦੇ ਜਿਸਮ ਤੋਂ ਉਤਰੇ ਕਪੜਿਆਂ ਵਿਚ ਬਰਕਤ ਤੇ ਦੈਵੀ ਅੰਸ਼ ਮੰਨ ਕੇ ਉਨ੍ਹਾਂ ਦੇ ਸੰਭਾਲਣ ਦੀ ਪ੍ਰਥਾ ਪੈ ਗਈ। ਹੌਲੇ ਹੌਲੇ ਨਵੇਂ ਕਪੜੇ ਬਣਵਾ ਕੇ ਤੇ ਸਾਧਾਂ ਸੰਤਾਂ ਨੂੰ ਛੁਹਾ ਕੇ, ਪਹਿਨਣ ਦਾ ਰਵਾਜ ਪੈ ਗਿਆ।

ਇਸੇ ਪ੍ਰਥਾ ਦੇ ਸਮਾਨਾਂਤਰ ਬਾਦਸ਼ਾਹ ਤੇ ਰਾਜੇ ਆਪਣੇ ਸਰੀਰ ਤੋਂ ਉਤਾਰੇ ਕਪੜੇ ਕੁਝ ਖ਼ਾਸ ਲੋਕਾਂ ਨੂੰ ਬਖ਼ਸ਼ਦੇ ਰਹੇ, ਜੋ ਸਨਮਾਨ ਦਾ ਚਿੰਨ੍ਹ ਮੰਨੇ ਜਾਣ ਲੱਗੇ। ਮਗਰੋਂ ਰਾਜੇ ਅਤੇ ਬਾਦਸ਼ਾਹ ਕਿਸੇ ਸ਼ਖ਼ਸ ਨੂੰ ਸਨਮਾਨਤ ਕਰਨ ਲਈ ਉਸ ਨੂੰ ਨਵੀਂ ਪੁਸ਼ਾਕ ਭੇਟ ਕਰਨ ਲੱਗੇ, ਜਿਸ ਨੂੰ ਖਿਲਤ ਜਾਂ ਸਿਰੋਪਾ ਕਿਹਾ ਜਾਣ ਲੱਗਾ।

(ਸ-539) **ਸਿਲਾ :**

ਅੰਨ ਦੇ ਦਾਣੇ ਜੋ ਵਾਢੀ ਸਮੇਂ ਸਿਟਿਆਂ ਨਾਲੋਂ ਹੇਠਾਂ ਡਿਗ ਪੈਂਦੇ ਹਨ। ਇਹ ਦਾਣੇ ਬੜੇ ਸ਼ੁਭ ਤੇ ਕਲਿਆਣੀ ਮੰਨੇ ਜਾਂਦੇ ਹਨ। ਗਰਭਵਤੀ ਦੇ ਪੱਲੇ ਨਾਲ ਜੇ ਸਿਲ ਦੇ ਦਾਣੇ ਬੰਨ੍ਹੇ ਹੋਣ ਤਾਂ ਭੂਤ ਪ੍ਰੇਤ ਅਥਵਾ ਚੰਦਰੀ ਰੂਹ ਉਸ ਦੇ ਗਰਭ ਨੂੰ ਹਾਨੀ ਨਹੀਂ ਪਹੁੰਚਾ ਸਕਦੀ। ਲਾੜ੍ਹਾ ਜਦੋਂ ਘੋੜੀ ਚੜ੍ਹਨ ਲੱਗਦਾ ਹੈ ਤਾਂ ਕਈ ਲੋਕ ਸਿਲ ਦੇ ਦਾਣੇ ਉਸ ਦੇ ਪੱਲੇ ਨਾਲ ਬੰਨ੍ਹ ਦਿੰਦੇ ਹਨ। ਇਹ ਬਦ ਨਜ਼ਰ ਤੇ ਚੰਦਰੀ ਰੂਹ ਤੋਂ ਰੱਖਿਆ ਲਈ ਕੀਤਾ ਜਾਂਦਾ ਹੈ। ਮਨੂ ਨੇ ਧਰਮ ਸ਼ਾਸਤ੍ਰ ਵਿਚ ਇਸ ਅੰਨ ਦੀ ਵਡਿਆਈ ਕੀਤੀ ਹੈ। ਕਹਿੰਦੇ ਹਨ ਜਦੋਂ ਫ਼ਸਲ ਪਕਦੀ ਹੈ ਤਾਂ ਅੰਨ ਦੇਵਤਾ ਉਸ ਦਾ ਭੋਗ ਲਗਾਂਦਾ ਹੈ। ਭੋਗ ਲਗਾਉਣ ਸਮੇਂ ਕੁਝ ਦਾਣੇ ਹੇਠਾ ਡਿਗ ਪੈਂਦੇ ਹਨ। ਇਸ ਲਈ ਸਿਲ ਅੰਨ ਦੇਵਤੇ ਦਾ ਪ੍ਰਸ਼ਾਦਿ ਹੈ। ਸੋ ਇਸ ਅੰਨ ਨੂੰ ਭੋਗ ਲਗਾਉਣ ਨਾਲ ਮਨ ਤੇ ਆਤਮਾ ਪਵਿਤ੍ਰ ਤੇ ਸ਼ੁਧ ਹੁੰਦੀ ਹੈ। ਨਾਲੇ ਭੰਡਾਰੇ ਭਰੇ ਰਹਿੰਦੇ ਹਨ।

ਸਿਲ ਅੰਨ ਖਾਣ ਵਾਲੇ ਨੂੰ ਸਿਲਸਿਤ ਜਾਂ ਸਿਲਬਿਰਤਿ ਕਿਹਾ ਜਾਂਦਾ ਹੈ। ਪਹਿਲਾਂ ਇਹ ਸ਼ਬਦ ਵਡਿਆਈ ਦਾ ਬੋਧਿਕ ਸੀ, ਪਰ ਮਗਰੋਂ ਇਹ ਸ਼ਬਦ ਧਰਤੀ ਤੋਂ ਡਿਗੇ ਦਾਣੇ ਚੁਕ ਕੇ ਖਾਣ ਵਾਲੇ ਗ਼ਰੀਬਾਂ ਲਈ ਵਰਤਿਆ ਜਾਣ ਲੱਗਾ।

(ਸ-540) **ਸਿਲਕੋਟ :**

ਸਿਆਲਕੋਟ ਦਾ ਪੁਰਾਣਾ ਨਾਉਂ; ਇਕ ਧਾਰਨਾ ਅਨੁਸਾਰ ਰਾਜਾ ਸਾਲਿਵਾਹਨ ਨੇ ਸਿਆਲਕੋਟ ਦੇ ਕਿਲ੍ਹੇ ਦੀ ਚਿਣਾਈ ਪੱਥਰ ਦੀਆਂ ਭਾਰੀ ਸਿਲਾਂ ਨਾਲ ਕੀਤੀ ਸੀ, ਜਿਸ ਤੋਂ ਇਸ ਕਿਲ੍ਹੇ ਦਾ ਨਾਉਂ ਸਿਲਕੋਟ ਪੈ ਗਿਆ (ਵੇਖੋ : ਸਿਆਲਕੋਟ)।

(ਸ-541) **ਸਿਲ ਪੂਜਾ :**

(ਵੇਖੋ : ਪੱਥਰ ਪੂਜਾ)।

(ਸ-542) **ਸਿਲਾ ਬਾਬਾ ਸ੍ਰੀ ਚੰਦ :**

ਚੰਬੇ ਵਿਚ, ਦਰਿਆ ਰਾਵੀ ਦੇ ਕੰਢੇ ਇਕ ਵਿਸ਼ੇਸ਼ ਸਿਲਾ। ਦਸਿਆ ਜਾਂਦਾ ਹੈ ਕਿ ਬਾਬਾ ਸ੍ਰੀ ਚੰਦ ਨੇ ਇਸ ਸਿਲਾ ਉਤੇ ਬੈਠ ਕੇ ਦਰਿਆ ਪਾਰ ਕੀਤਾ ਸੀ। ਰਵਾਇਤ ਹੈ ਕਿ ਜਦੋਂ ਬਾਬਾ ਸ੍ਰੀ ਚੰਦ ਜੀ ਚੰਬੇ ਗਏ, ਤਾਂ ਰਾਵੀ ਪਾਰ ਕਰਨ ਲਈ ਉਨ੍ਹਾਂ ਨੇ ਮੱਲਾਹ ਨੂੰ ਬੇੜੀ ਠੇਲਣ ਵਾਸਤੇ ਕਿਹਾ। ਮੱਲਾਹ ਨੇ ਦਸਿਆ ਕਿ ਤ੍ਰਿਕਾਲਾਂ ਵੇਲੇ ਦਰਿਆ ਵਿਚ ਬੇੜੀ ਠੇਲਣ ਦੀ ਰਾਜੇ ਵਲੋਂ ਮਨਾਹੀ ਹੈ।

ਬਾਬਾ ਸ੍ਰੀ ਚੰਦ ਕੰਢੇ ਉਤੇ ਹੀ ਇਕ ਵੱਡੀ ਸਾਰੀ ਸਿਲਾ ਉਤੇ ਜਾ ਬਿਰਾਜੇ। ਉਸੇ ਸਿਲਾ ਉਤੇ, ਕੁਝ ਹੋਰ ਬੰਦੇ ਵੀ, ਪਾਰ ਜਾਣ ਲਈ ਬੈਠੇ ਹੋਏ ਸਨ। ਬਾਬਾ ਸ੍ਰੀ ਚੰਦ ਨੇ ਸਿਲਾ ਨੂੰ ਥਪਕਦਿਆਂ ਕਿਹਾ, "ਚਲ, ਬੱਚਾ, ਤੂੰ ਹੀ ਪਾਰ ਲੈ ਚਲ।" ਬਾਬਾ ਜੀ ਦੇ ਮੂੰਹੋਂ ਇਹ ਵਾਕ ਨਿਕਲਣ ਦੀ ਢਿਲ ਸੀ ਕਿ ਸਿਲਾ ਮੁਸਾਫ਼ਰਾਂ ਸਮੇਤ ਉਡ ਕੇ ਪਾਰ ਜਾ ਪਹੁੰਚੀ। ਪਾਰਲੇ ਕੰਢੇ ਉਤੇ ਇਹ ਸਿਲਾ ਇਤਨੇ ਧਮਾਕੇ ਨਾਲ ਡਿਗੀ ਕਿ ਸਾਰਾ ਚੰਬਾ ਸ਼ਹਿਰ ਹਿਲ ਗਿਆ। ਜਦੋਂ

ਸਾਰੀ ਗੱਲ ਦੀ ਰਾਜੇ ਨੂੰ ਖ਼ਬਰ ਪਹੁੰਚੀ, ਤਾਂ ਉਹ ਰਾਣੀ ਸਮੇਤ ਬਾਬਾ ਜੀ ਦੇ ਦਰਸ਼ਨਾਂ ਨੂੰ ਆਇਆ। ਜਿਥੇ ਬਾਬਾ ਸ੍ਰੀ ਚੰਦ ਜੀ ਠਹਿਰੇ ਸਨ, ਉਥੇ ਉਨ੍ਹਾਂ ਦਾ ਅਸਥਾਨ ਹੁਣ ਤਕ ਮੌਜੂਦ ਹੈ।

ਭਾ: ਕਾਹਨ ਸਿੰਘ ਨਾਭਾ ਅਨੁਸਾਰ ਸਿਲਾ 'ਤੇ ਬੈਠ ਕੇ ਨਦੀ ਪਾਰ ਕਰਨ ਦੀ ਘਟਨਾ 15 ਅੱਸੂ ਸੰਮਤ 1669 ਦੀ ਹੈ। ਰਵਾਇਤ ਹੈ ਕਿ ਸਿਲਾ ਦੀ ਘਟਨਾ ਮਗਰੋਂ ਬਾਬਾ ਸ੍ਰੀ ਚੰਦ ਨੂੰ ਫੇਰ ਕਿਸੇ ਨੇ ਨਹੀਂ ਵੇਖਿਆ।

(ਸ-543) **ਸਿਲੀਅਰ** :

ਗੁਗੇ ਦੀ ਪਤਨੀ ਸਿਲੀਅਰ ਬਹੁਤ ਹੀ ਸੁੰਦਰ ਸੀ। ਗੁਗੇ ਦੀ ਮਾਸੀ ਦੇ ਪੁਤਰ ਅਰਜਨ ਤੇ ਸੁਰਜਨ ਦੋਵੇਂ ਉਸ ਨਾਲ ਖ਼ੁਦ ਵਿਆਹ ਕਰਨਾ ਲੋਚਦੇ ਸਨ, ਪਰ ਗੁਗੇ ਨੇ ਨਰ ਸਿੰਘ ਬੀਰ ਅਤੇ ਕਾਲਾ ਬੀਰ ਦੀ ਮਦਦ ਨਾਲ ਸਿਲੀਅਰ ਨੂੰ ਵਿਆਹ ਲਿਆਂਦਾ। ਇਕ ਰਵਾਇਤ ਅਨੁਸਾਰ ਗੁਗੇ ਦੇ ਮਸੇਰੇ ਭਰਾਵਾਂ ਨੇ ਆਪਣਾ ਅਸਰ ਰਸੂਖ਼ ਵਰਤ ਕੇ ਗੁਗੇ ਦੀ ਕੁੜਮਾਈ ਤੁੜਵਾ ਦਿਤੀ। ਗੁਗੇ ਨੇ ਨਾਗਾਂ ਤੋਂ ਮਦਦ ਮੰਗੀ। ਇਕ ਨਾਗ ਨੇ ਸਿਲੀਅਰ ਨੂੰ ਡੰਗ ਦਿਤਾ ਅਤੇ ਇਸ ਦੀ ਮੌਤ ਹੋ ਗਈ। ਗੁਗੇ ਨੇ ਸਿਲੀਅਰ ਨੂੰ ਮੁੜ ਸੁਰਜੀਤ ਕਰ ਕੇ ਇਸ ਨਾਲ ਵਿਆਹ ਕਰਵਾ ਲਿਆ। ਮਸੇਰੇ ਭਰਾਵਾਂ ਨੇ ਮਗਰੋਂ ਗੁਗੇ ਨੂੰ ਮਾਰ ਕੇ ਸਿਲੀਅਰ ਨੂੰ ਖੋਹਣ ਦੀ ਸਾਜ਼ਸ਼ ਕੀਤੀ, ਪਰ ਗੁਗੇ ਨੇ ਅਰਜਨ ਤੇ ਸੁਰਜਨ ਦੋਹਾਂ ਨੂੰ ਵੱਢ ਕੇ, ਉਨ੍ਹਾਂ ਦੇ ਸੀਸ ਮਾਂ ਅੱਗੇ ਆ ਧਰੇ। ਕਰੋਧ ਵਿਚ ਆ ਕੇ ਮਾਂ ਨੇ ਗੁਗੇ ਨੂੰ ਧਰਤੀ ਵਿਚ ਸਮਾ ਜਾਣ ਲਈ ਬਦਸੀਸ ਦਿਤੀ। ਗੁਗਾ ਮਾਂ ਦੇ ਬਚਨਾਂ ਉਤੇ ਫੁਲ ਚਾੜ੍ਹਦਾ ਹੋਇਆ ਖ਼ੁਦ ਹੀ ਧਰਤੀ ਵਿਚ ਗ਼ਰਕ ਹੋ ਗਿਆ (ਵੇਖੋ : ਗੁਗਾ)।

(ਸ-544) **ਸ਼ਿਵ** :

ਹਿੰਦੂਆਂ ਦਾ ਇਕ ਪ੍ਰਧਾਨ ਦੇਵਤਾ, ਜੋ ਸੰਘਾਰ ਸਰੂਪ ਵਿਚ, ਤ੍ਰਿਮੂਰਤੀ ਨਾਲ ਜੁੜਿਆ ਹੋਇਆ ਹੈ। ਹਿੰਦੂ ਧਾਰਨਾ ਅਨੁਸਾਰ ਮੌਤ ਨਾਲ ਕੋਈ ਵਸਤੂ/ਪ੍ਰਾਣੀ ਨਸ਼ਟ ਨਹੀਂ ਹੋ ਜਾਂਦਾ, ਸਗੋਂ ਰੂਪ ਬਦਲ ਕੇ ਨਵੀਂ ਸ਼ਕਲ ਗ੍ਰਹਿਣ ਕਰ ਲੈਂਦਾ ਹੈ। ਸੋ ਸੰਘਾਰ ਪੁਨਰ-ਨਿਰਮਾਣ ਦਾ ਹੀ ਬੋਧਿਕ ਹੈ। ਇਸ ਤਰ੍ਹਾਂ ਸ਼ਿਵ ਸੰਘਾਰ ਅਤੇ ਪੁਨਰ-ਸਿਰਜਨਾ ਦੀਆਂ ਵਿਪਰੀਤ ਪ੍ਰਾਕ੍ਰਿਤਕ ਸ਼ਕਤੀਆਂ ਦਾ ਹੀ ਮਾਨਵੀਕਰਣ ਹੈ। ਸ਼ਿਵ ਦੇ ਸ਼ਾਬਦਿਕ ਅਰਥ 'ਕਲਿਆਣਕਾਰੀ' ਵੀ ਇਸੇ ਦਿਸ਼ਾ ਵਲ ਸੰਕੇਤ ਕਰਦੇ ਹਨ।

ਰਾਮਾਇਣ, ਮਹਾਂ ਭਾਰਤ ਅਤੇ ਪੁਰਾਣਾਂ ਵਿਚ ਸ਼ਿਵ ਦੀ ਵਡਿਆਈ ਵਿਚ ਕਾਫ਼ੀ ਸਾਮਗ੍ਰੀ ਮਿਲਦੀ ਹੈ, ਪਰ ਵੇਦਾਂ ਵਿਚ ਸ਼ਿਵ ਦਾ ਜ਼ਿਕਰ ਕਿਧਰੇ ਨਹੀਂ। ਸ਼ਿਵ ਦੀ ਵੈਦਿਕ ਦੇਵਤੇ ਦੇ ਰੂਪ ਵਿਚ ਪ੍ਰਤਿਸ਼ਠਤਾ ਸਥਾਪਤ ਕਰਨ ਲਈ, ਸ਼ੈਵਮਤ ਦੀ ਇਹ ਧਾਰਨਾ ਹੈ ਕਿ ਵੇਦਾਂ ਵਿਚ, ਰੁਦ੍ਰ ਨਾਂ ਦੇ ਹੇਠ ਪ੍ਰਾਪਤ ਦੇਵਤਾ, ਅਸਲੋਂ ਸ਼ਿਵ ਹੀ ਹੈ। ਵੇਦਾਂ ਵਿਚ ਰੁਦ੍ਰ ਦੀ ਮਹਿਮਾ ਵਿਚ ਕਈ ਰਿਚਾਂ ਮਿਲਦੀਆਂ ਹਨ। ਇਕ ਰਿਚ ਵਿਚ ਰੁਦ੍ਰ ਨੂੰ 'ਸੂਰਜ ਵਰਗਾ ਤੇਜਸਵੀ' ਅਤੇ 'ਸੋਨੇ ਦੀ ਆਭਾ ਵਾਲਾ' ਕਹਿ ਕੇ ਵਡਿਆਇਆ ਗਿਆ ਹੈ। ਰਿਗ ਵੇਦ ਦੀ ਇਕ ਰਿਚ ਵਿਚ ਰੁਦ੍ਰ ਦੇ ਪਰਉਪਕਾਰੀ ਸੁਭਾਅ ਦੀ ਮਹਿਮਾ ਇਉਂ ਗਾਈ ਗਈ ਹੈ — "ਰੁਦ੍ਰ ਸਭ ਰੋਗਾਂ ਦਾ ਹਰਤਾ ਅਤੇ ਸੂਰਜ ਦੀ ਤਰ੍ਹਾਂ ਪ੍ਰਕਾਸ਼ਮਾਨ ਹੈ। ਉਹ ਸਭ ਦੇਵਤਿਆਂ ਨਾਲੋਂ ਵਧ ਕੇ ਪਰਉਪਕਾਰੀ ਹੈ ਅਤੇ ਘੋੜਿਆਂ, ਭੇਡਾਂ, ਮਨੁਖਾਂ ਅਤੇ ਗਊਆਂ ਨੂੰ ਖ਼ੁਸ਼ਹਾਲੀ ਤੇ ਤੰਦਰੁਸਤੀ ਬਖ਼ਸ਼ਦਾ ਹੈ।" ਪਰ ਇਸ ਦੇ ਵਿਪਰੀਤ ਰਿਗ ਵੇਦ ਵਿਚ ਹੀ ਰੁਦ੍ਰ ਦੇ ਭਿਅੰਕਰ ਰੂਪ ਦਾ ਵੀ ਵਰਣਨ ਮਿਲਦਾ ਹੈ — "ਇਸ ਦੇ ਹੱਥ ਵਿਚ ਵੱਜਰ, ਧਨੁਖ ਤੇ ਤੀਰ ਫੜਿਆ ਹੋਇਆ ਹੈ ਅਤੇ ਜਦੋਂ ਇਹ ਆਪਣੇ ਰੱਥ ਉਤੇ ਸਵਾਰ ਹੁੰਦਾ ਹੈ, ਤਾਂ ਇਹ ਜੰਗਲੀ ਜਾਨਵਰ ਵਾਂਗ ਖ਼ੌਫ਼ਨਾਕ ਤੇ ਭਿਅੰਕਰ ਸ਼ਕਲ ਦਾ ਲੱਗਦਾ ਹੈ।"

ਯੁਜਰ ਵੇਦ ਦੀ ਇਕ ਸੂਕਤ ਵਿਚ ਰੁਦ੍ਰ ਨੂੰ ਕਲਿਆਣਕਾਰੀ ਕਿਹਾ ਗਿਆ ਹੈ। ਇਹ ਪਹਿਲਾ ਚਿਕਿਤਸਕ ਹੈ, ਜੋ ਖ਼ੁਸ਼ਹਾਲੀ ਲਿਆਉਂਦਾ ਅਤੇ ਪਸ਼ੂਆਂ ਨੂੰ ਰੋਗਾਂ ਤੋਂ ਮੁਕਤ ਕਰਦਾ ਹੈ। ਅਥਰਵ ਵੇਦ ਅਨੁਸਾਰ ਰੁਦ੍ਰ ਪਸ਼ੂਆਂ ਦਾ ਰੱਖਿਅਕ ਹੈ, ਪਰ ਇਹ ਸੁਭਾਵ ਦਾ ਬੜਾ ਕਰੋਧੀ ਹੈ — "ਰੁਦ੍ਰ ਕਾਲੇ ਰੰਗ ਦਾ ਹੈ। ਉਹ ਬੜਾ ਹੀ ਭਿਅੰਕਰ ਤੇ ਖ਼ੌਫ਼ਨਾਕ ਹੈ।" ਯੁਜਰ ਵੇਦ ਵਿਚ ਰੁਦ੍ਰ ਨੂੰ

ਮਹਾਂਦੇਵ ਵੀ ਕਿਹਾ ਗਿਆ ਹੈ, ਜੋ ਸ਼ਿਵ ਦਾ ਹੀ ਇਕ ਉਪਨਾਮ ਹੈ।

ਬ੍ਰਾਹਮਣ ਗ੍ਰੰਥਾਂ ਵਿਚ ਰੁਦ੍ਰ ਦੀ ਉਤਪੱਤੀ ਬਾਰੇ ਇਕ ਕਥਾ ਹੈ :— ਪਰਜਾਪਤੀ ਦੇ ਘਰ ਊਸ਼ਾ ਦੀ ਕੁਖੋਂ ਇਕ ਬਾਲ ਜੰਮਿਆ, ਜੋ ਪੈਦਾ ਹੁੰਦੇ ਸਾਰ ਰੋਣ ਲੱਗ ਪਿਆ। ਪਰਜਾਪਤੀ ਦੇ ਕਾਰਨ ਪੁਛਣ ਉਤੇ, ਬਾਲ ਨੇ ਦਸਿਆ ਕਿ ਮੈਂ ਅਜੇ ਗੁਨਾਹਾਂ ਤੋਂ ਮੁਕਤ ਨਹੀਂ ਹੋਇਆ। ਮੇਰਾ ਅਜੇ ਤਕ ਕੋਈ ਨਾਂ ਨਹੀਂ ਰਖਿਆ ਗਿਆ। ਮੇਰਾ ਕੋਈ ਨਾਂ ਰਖੋ। ਇਸ ਉਤੇ ਪਰਜਾਪਤੀ ਨੇ ਉਸ ਦਾ ਨਾਂ ਰੁਦ੍ਰ (ਰੋਣ ਵਾਲਾ) ਰਖਿਆ। ਇਕ ਹੋਰ ਕਥਾ ਅਨੁਸਾਰ ਰੁਦ੍ਰ ਨੇ ਜੰਮਣ ਮਗਰੋਂ ਲਗਾਤਾਰ ਅਠ ਵਾਰੀ ਆਪਣੇ ਪਿਤਾ ਪਾਸੋਂ ਆਪਣਾ ਨਾਉਂ ਪੁਛਿਆ। ਪਰਜਾਪਤੀ ਨੇ ਹਰੇਕ ਵਾਰ ਨਵੇਂ ਨਾਉਂ ਦਾ ਉਚਾਰਨ ਕੀਤਾ। ਉਹ ਅੱਠ ਨਾਂ ਇਹ ਹਨ — ਭਵ, ਸ਼ਰਵ, ਪਸ਼ੂਪਤੀ, ਉਗ੍ਰਦੇਵ, ਮਹਾਂਦੇਵ, ਰੁਦ੍ਰ, ਈਸ਼ਾਨ ਅਤੇ ਅਸ਼ਨੀ। ਇਹੋ ਨਾਂ ਸ਼ਿਵ ਦੇ ਵੀ ਹਨ।

ਉਪਨਿਸ਼ਦਾਂ ਵਿਚ ਸ਼ਿਵ ਦੀ ਸ਼ਕਤੀ ਦਾ ਬੜਾ ਵਿਰਾਟ ਅਤੇ ਵਿਆਪਕ ਰੂਪ ਮਿਲਦਾ ਹੈ। ਦੇਵਤਿਆਂ ਦੇ ਪੁਛਣ ਉਤੇ ਸ਼ਿਵ ਆਪਣੇ ਅਨਾਦੀ ਸਰੂਪ ਦਾ ਵਰਨਣ ਕਰਦਾ ਹੋਇਆ ਕਹਿੰਦਾ ਹੈ — "ਇਸ ਸੰਸਾਰ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ, ਕੇਵਲ ਮੈਂ ਹੀ ਇਸ ਸੰਸਾਰ ਵਿਚ ਸਾਂ, ਮੈਂ ਹਮੇਸ਼ਾਂ ਹੀ ਵਰਤਮਾਨ ਰਹਿੰਦਾ ਹਾਂ, ਅਤੇ ਵਰਤਮਾਨ ਰਹਾਂਗਾ। ਮੇਰੇ ਤੋਂ ਪਰ੍ਹੇ ਕੋਈ ਵਸਤੂ ਸੰਸਾਰ ਵਿਚ ਨਹੀਂ। ਮੈਂ ਨਿਤ ਹਾਂ, ਅਨਿਤ ਵੀ ਮੈਂ ਹੀ ਹਾਂ। ਮੈਂ ਪ੍ਰਤੱਖ ਅਤੇ ਅਪ੍ਰਤੱਖ ਵੀ ਹਾਂ, ਮੈਂ ਹੀ ਬ੍ਰਹਮ ਹਾਂ ਅਤੇ ਬ੍ਰਹਮ ਨਹੀਂ ਵੀ ਹਾਂ।" ਇਕ ਹੋਰ ਥਾਂ ਸ਼ਿਵ ਬਾਰੇ ਲਿਖਿਆ ਹੈ — "ਇਸ ਦਾ ਨਾ ਕੋਈ ਆਦਿ ਹੈ, ਨਾ ਮੱਧ ਹੈ ਅਤੇ ਨਾ ਹੀ ਕੋਈ ਅੰਤ ਹੈ। ਇਹ ਇਕੋ ਇਕ ਹੈ, ਜੋ ਸਭ ਪ੍ਰਾਣੀਆਂ ਵਿਚ ਨਿਵਾਸ ਕਰਦਾ ਹੈ। ਇਹੋ ਹੀ ਸਰਵ ਉਚ ਪ੍ਰਮਾਤਮਾ ਹੈ।"

ਰਾਮਾਇਣ ਵਿਚ ਵਿਸ਼ਨੂੰ ਦੀ ਵਡਿਆਈ ਹੋਣ ਕਰ ਕੇ ਸ਼ਿਵ ਦੀ ਪਦਵੀ ਵਿਸ਼ਨੂੰ ਨਾਲੋਂ ਘਟ ਉਚੀ ਦਰਸਾਈ ਗਈ ਹੈ, ਪਰ ਮਹਾਂਭਾਰਤ ਵਿਚ ਮਹਾਂਦੇਵ ਨੂੰ, ਜੋ ਸ਼ਿਵ ਦਾ ਹੀ ਰੂਪ ਹੈ, ਸਭ ਦੇਵਤਿਆਂ ਨਾਲੋਂ ਸ੍ਰੇਸ਼ਟ ਪਦਵੀ ਪ੍ਰਦਾਨ ਕੀਤੀ ਗਈ ਹੈ। ਮਹਾਂਭਾਰਤ ਅਨੁਸਾਰ — "ਮਹਾਦੇਵ ਇਕ ਸਰਵ ਵਿਆਪਕ ਦੇਵਤਾ ਹੈ, ਪਰ ਅਦ੍ਰਿਸ਼ਟ ਹੋਣ ਕਰ ਕੇ ਇਹ ਕਿਧਰੇ ਵਿਖਾਈ ਨਹੀਂ ਦੇਂਦਾ। ਇਹੋ ਹੀ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦਾ ਸਿਰਜਨਹਾਰ ਹੈ। ਬ੍ਰਹਮਾ ਤੋਂ ਲੈ ਕੇ ਪਿਸਾਚਾਂ ਤਕ ਸਭ ਇਸੇ ਦੀ ਹੀ ਪੂਜਾ ਕਰਦੇ ਹਨ।"

ਹਰੀਵੰਸ਼ ਪੁਰਾਣ ਵਿਚ ਸ਼ਿਵ ਅਤੇ ਵਿਸ਼ਨੂੰ ਨੂੰ ਅਭੇਦ ਮੰਨਿਆ ਗਿਆ ਹੈ। ਸਕੰਦ ਪੁਰਾਣ ਵਿਚ ਦਿਤੀ ਇਕ ਕਥਾ ਅਨੁਸਾਰ ਇਕ ਵਾਰ ਸ਼ਿਵ ਨੇ ਵਿਸ਼ਨੂੰ ਨੂੰ 'ਮੋਹਣੀ' ਦਾ ਉਹ ਰੂਪ ਧਾਰ ਕੇ ਵਿਖਾਣ ਲਈ ਕਿਹਾ, ਜੋ ਉਨ੍ਹਾਂ ਨੇ ਸਾਗਰ ਮਥਣ ਵੇਲੇ, ਅਸੁਰਾਂ ਤੋਂ ਅੰਮ੍ਰਿਤ ਖੋਹਣ ਦੇ ਵਿਚਾਰ ਨਾਲ ਧਾਰਨ ਕੀਤਾ ਸੀ। ਵਿਸ਼ਨੂੰ ਨੂੰ ਮੋਹਣੀ ਦੇ ਰੂਪ ਵਿਚ ਵੇਖ ਕੇ ਸ਼ਿਵ ਉਤੇਜਿਤ ਹੋ ਗਿਆ ਤੇ ਆਲਿੰਗਨ ਦੀ ਚੇਸ਼ਟਾ ਨਾਲ ਮੋਹਣੀ ਦੇ ਪਿਛੇ ਨਠਿਆ, ਤਾ ਵਿਸ਼ਨੂੰ ਨੇ ਮੁੜ ਆਪਣਾ ਅਸਲੀ ਸਰੂਪ ਗ੍ਰਹਿਣ ਕਰ ਲਿਆ, ਪਰ ਉਤੇਜਿਤ ਸ਼ਿਵ ਨੇ ਵਿਸ਼ਨੂੰ ਨਾਲ ਇਤਨੇ ਜ਼ੋਰ ਦੀ ਗਲਵਕੜੀ ਪਾਈ ਕਿ ਦੋਵੇਂ ਇਕ ਰੂਪ ਹੋ ਗਏ। ਸ਼ਿਵ ਤੇ ਵਿਸ਼ਨੂੰ ਦੇ ਇਸ ਸਰੂਪ ਨੂੰ 'ਹਰ-ਹਰੀ' ਕਹਿੰਦੇ ਹਨ। ਇਸ ਅਭੇਦ ਰੂਪ ਬਾਰੇ ਪੁਰਾਣਾ ਵਿਚ ਕਈ ਕਥਾ-ਰੂਪਾਂਤਰ ਮਿਲਦ ਹਨ।

ਸ਼ਿਵ ਜੀ ਅਤੇ ਬ੍ਰਹਮਾ ਵਿਚੋਂ ਕਿਹੜਾ ਦੇਵਤਾ ਵਧੇਰੇ ਪ੍ਰਭੁਤਾ ਰਖਦਾ ਹੈ ? ਇਸ ਪ੍ਰਸੰਗ ਵਿਚ ਪੁਰਾਣਾਂ ਵਿਚ ਕਈ ਕਥਾਵਾਂ ਮਿਲਦੀਆਂ ਹਨ। ਵਾਮਨ ਪੁਰਾਣ ਅਨੁਸਾਰ ਬ੍ਰਹਮਾ ਨੇ ਸੰਸਾਰ ਦੀ ਸਿਰਜਨਾ ਵੇਲੇ ਪਹਿਲਾਂ ਖ਼ੁਦ ਸਰੂਪ ਗ੍ਰਹਿਣ ਕਰ ਕੇ ਪੰਜ ਸੀਸ ਧਾਰਨ ਕੀਤੇ। ਬਾਅਦ ਵਿਚ ਬ੍ਰਹਮਾ ਨੇ ਤਿੰਨ ਨੇਤਰਾਂ ਵਾਲੇ ਸ਼ਿਵ ਦੀ ਉਤਪੱਤੀ ਕੀਤੀ; ਕੁੰਡਲਦਾਰ ਕੇਸਾਂ ਵਾਲੇ ਸ਼ਿਵ ਨੇ ਹੱਥਾਂ ਵਿਚ ਤ੍ਰਿਸੂਲ ਤੇ ਮਾਲਾ ਧਾਰਨ ਕੀਤੀ ਹੋਈ ਸੀ। ਫਿਰ ਬ੍ਰਹਮਾ ਨੇ ਅਹੰਕਾਰ ਦੀ ਸਿਰਜਨਾ ਕੀਤੀ, ਜੋ ਦੁਹਾਂ ਦੇਵਤਿਆਂ ਦੇ ਮਨ ਤੇ ਬੁਧੀ ਉਤੇ ਛਾ ਗਿਆ। ਫਲਸਰੂਪ ਦੋਵੇਂ ਦੇਵਤੇ ਆਪਣੇ ਆਪ ਨੂੰ ਇਕ ਦੂਜੇ ਤੋਂ ਵੱਡਾ ਸਮਝਦੇ ਹੋਏ ਝਗੜ ਪਏ। ਸ਼ਿਵ ਨੇ ਕਰੋਧ ਵਿਚ ਆ ਕੇ ਬ੍ਰਹਮਾ ਦਾ ਸਿਰ

ਵਢ ਦਿਤਾ, ਜੋ ਸ਼ਿਵ ਦੇ ਹੱਥ ਨਾਲ ਹੀ ਚਿਮਟ ਕੇ ਰਹਿ ਗਿਆ। ਸ਼ਿਵ ਬ੍ਰਹਮਾ ਦੀ ਹੱਤਿਆ ਦੇ ਪਾਪ ਤੋਂ ਮੁਕਤ ਹੋਣ ਲਈ ਭਟਕਦਾ ਹੋਇਆ ਕਾਸ਼ੀ ਪੁਜਾ। ਜਦੋਂ ਤਕ ਸੀਸ ਸ਼ਿਵ ਦੇ ਹੱਥ ਨਾਲ ਰਿਹਾ, ਉਦੋਂ ਤਕ ਉਹ ਪਸਚਾਤਾਪ ਵਜੋਂ, ਜਾਚਕਾਂ ਵਾਂਗ ਦਰ ਦਰ 'ਤੇ ਭਟਕਦਾ, ਭਿਛਿਆ ਮੰਗ ਕੇ ਗੁਜ਼ਾਰਾ ਤੋਰਦਾ ਰਿਹਾ। ਕਪਾਲ ਮੋਚਨ ਦੇ ਤਾਲ ਵਿਚ ਹੱਥ ਧੋਂਦੇ ਸਾਰ ਸ਼ਿਵ ਦੇ ਹੱਥਾਂ ਨਾਲੋਂ ਸੀਸ ਝੜ ਗਿਆ। ਇਕ ਹੋਰ ਮਿਥ ਅਨੁਸਾਰ ਬ੍ਰਹਮਾ ਨੇ ਸ਼ਿਵ ਦੇ ਦਰਸ਼ਨ ਕਰਨ ਲਈ ਘੋਰ ਤਪ ਕੀਤੇ, ਸ਼ਿਵ ਨੇ ਪ੍ਰਗਟ ਹੋ ਕੇ ਬ੍ਰਹਮਾ ਨੂੰ ਵਰ ਮੰਗਣ ਲਈ ਕਿਹਾ। ਤਾਂ ਬ੍ਰਹਮਾ ਨੇ, ਸ਼ਿਵ ਨੂੰ ਬ੍ਰਹਮਾ ਦੁਆਰਾ ਪੈਦਾ ਹੋਣ ਦਾ ਵਰ ਮੰਗਿਆ, ਜੋ ਮਜਬੂਰ ਹੋ ਕੇ ਸ਼ਿਵ ਨੂੰ ਦੇਣਾ ਪਿਆ। ਪਰ ਨਾਲ ਹੀ ਸ਼ਿਵ ਨੇ ਇਹ ਸਰਾਪ ਵੀ ਦਿਤਾ ਕਿ ਬ੍ਰਹਮਾ ਦਾ ਇਕ ਸੀਸ ਸ਼ਿਵ ਦੇ ਹੱਥੋਂ ਕਟਿਆ ਜਾਵੇਗਾ। ਸ਼ੈਵ ਗ੍ਰੰਥਾਂ ਵਿਚ ਬ੍ਰਹਮਾ ਦੀ ਰਚਨਾ ਮਹਾਂਦੇਵ ਜਾਂ ਰੁਦ੍ਰ ਤੋਂ ਹੋਈ ਦਸੀ ਗਈ ਹੈ। ਕਿਧਰੇ ਬ੍ਰਹਮਾ ਨੂੰ ਲਿੰਗ ਦੀ ਪੂਜਾ ਕਰਦਿਆਂ ਅਤੇ ਕਿਧਰੇ ਰੁਦ੍ਰ ਦੇ ਰਥਵਾਨ ਦੇ ਰੂਪ ਵਿਚ ਵਿਖਾਇਆ ਗਿਆ ਹੈ।

ਲਿੰਗ ਪੁਰਾਣ ਅਨੁਸਾਰ ਸ਼ਿਵ ਇਕ ਵਾਰ ਵਿਰਾਟ ਲਿੰਗਮ ਦੇ ਰੂਪ ਵਿਚ ਪ੍ਰਗਟ ਹੋਇਆ, ਜੋ ਸੂਰਜ ਵਾਂਗ ਪ੍ਰਕਾਸ਼ਮਾਨ ਸੀ ਅਤੇ ਜਿਸ ਦਾ ਕੋਈ ਮੁਢ, ਮੱਧ ਤੇ ਅੰਤ ਨਹੀਂ ਸੀ। ਵਿਸ਼ਨੂੰ ਲਿੰਗਮ ਦਾ ਥਹੁ ਪਾਉਣ ਲਈ ਸੂਰ ਦਾ ਰੂਪ ਧਾਰ ਕੇ ਪਤਾਲ ਵਿਚ ਉਤਰ ਗਿਆ, ਪਰ ਇਕ ਹਜ਼ਾਰ ਵਰ੍ਹੇ ਭਟਕਣ ਮਗਰੋਂ ਵੀ ਵਿਸ਼ਨੂੰ ਨੂੰ ਲਿੰਗਮ ਦਾ ਥੱਲਾ ਨਾ ਲਭ ਸਕਿਆ। ਇਸੇ ਤਰ੍ਹਾਂ ਬ੍ਰਹਮਾ ਹੰਸ ਦਾ ਰੂਪ ਧਾਰ ਕੇ ਆਕਾਸ਼ ਵਲ ਉਡਿਆ, ਪਰ ਇਕ ਹਜ਼ਾਰ ਵਰ੍ਹੇ ਉਪਰ ਵਲ ਉਡਣ ਦੇ ਬਾਵਜੂਦ ਵੀ ਉਹ ਸਿਖਰ ਤਕ ਪਹੁੰਚਣੋਂ ਅਸਮਰਥ ਰਿਹਾ। ਇਕ ਹਜ਼ਾਰ ਵਰ੍ਹੇ ਬਾਅਦ ਸ਼ਿਵ ਦੋਹਾਂ ਦੇਵਤਿਆਂ ਦੇ ਸਾਹਮਣੇ ਪ੍ਰਗਟ ਹੋਇਆ। ਇਹ ਮਿਥ ਸ਼ਿਵ ਨੂੰ ਬਾਕੀ ਦੋਹਾਂ ਦੇਵਤਿਆਂ ਤੋਂ ਵਧੇਰੇ ਬਲਵਾਨ, ਵਿਆਪਕ ਤੇ ਅਨੰਤ ਦਸਣ ਲਈ ਸਿਰਜੀ ਗਈ ਜਾਪਦੀ ਹੈ।

ਦੇਹਧਾਰੀ ਸਰੂਪ ਵਿਚ ਸ਼ਿਵ ਦੇ ਪੰਜ ਮੂੰਹ ਅਤੇ ਚਾਰ ਬਾਹਵਾਂ ਹਨ। ਉਸ ਦੇ ਮੱਥੇ ਵਿਚਕਾਰ ਇਕ ਤੀਜਾ ਨੇਤਰ ਹੈ, ਜਿਸ ਦੇ ਉਤੇ ਨਵਾਂ ਚੰਨ ਉਭਰਿਆ ਵਿਖਾਈ ਦੇਂਦਾ ਹੈ। ਜਟਾਧਾਰੀ ਸ਼ਿਵ ਦੇ ਕੰਠ ਵਿਚ ਮੁੰਡ-ਮਾਲਾ ਹੈ। ਇਕ ਨਾਗ ਕੰਠ ਨੂੰ ਕੁੰਡਲ ਮਾਰੀ ਤੇ ਛਤਰ ਵਾਂਗ ਫਣ ਫੈਲਾਈ ਵਿਦਮਾਨ ਰਹਿੰਦਾ ਹੈ। ਸ਼ਿਵ ਨੀਲ ਕੰਠੀ ਹੈ। ਸਾਗਰ ਮੰਥਨ ਵੇਲੇ ਸਮੁੰਦਰ ਉਤੇ ਜੋ ਜ਼ਹਿਰ ਤਰ ਆਇਆ ਸੀ, ਉਸ ਨੂੰ ਪੀਣ ਦੇ ਨਾਲ ਸ਼ਿਵ ਦੇ ਕੰਠ ਦਾ ਰੰਗ ਨੀਲਾ ਹੋ ਗਿਆ। ਸ਼ਿਵ ਨੇ ਹੱਥਾਂ ਵਿਚ ਤ੍ਰਿਸੂਲ ਧਾਰਨ ਕੀਤਾ ਹੋਇਆ ਹੈ ਅਤੇ ਨੰਦੀ ਉਸ ਦਾ ਵਾਹਣ ਹੈ। ਸ਼ਿਵ ਦਾ ਨਿਵਾਸ ਅਸਥਾਨ ਕੈਲਾਸ਼ ਪਰਬਤ ਹੈ, ਜਿਥੇ ਉਹ ਸ਼ਿਵ ਪੁਰੀ ਵਿਚ ਨਿਵਾਸ ਕਰਦਾ ਹੈ (ਵੇਖੋ : ਕੈਲਾਸ਼)।

ਸ਼ਿਵ ਦੀ ਤੀਜੀ ਅੱਖ ਦੀ ਉਤਪੱਤੀ ਬਾਰੇ ਇਕ ਪੌਰਾਣਿਕ ਕਥਾ ਪ੍ਰਚਲਤ ਹੈ। ਇਕ ਵਾਰ ਜਦੋਂ ਸ਼ਿਵ ਕੈਲਾਸ਼ ਪਰਬਤ ਉਤੇ ਸਮਾਧੀ ਵਿਚ ਲੀਨ ਸੀ ਤਾਂ ਪਾਰਬਤੀ ਨੇ ਮੌਜ ਵਿਚ ਆ ਕੇ ਆਪਣੇ ਹੱਥਾਂ ਨਾਲ ਸ਼ਿਵ ਦੀਆਂ ਦੋਵੇਂ ਅੱਖਾਂ ਮੀਟ ਦਿਤੀਆਂ। ਫਲਸਰੂਪ ਤਿੰਨਾਂ ਲੋਕਾਂ ਵਿਚ ਅੰਧਕਾਰ ਫੈਲ ਗਿਆ ਅਤੇ ਜੀਵਨ ਨਸ਼ਟ ਹੋਣ ਲੱਗਾ। ਉਦੋਂ ਸ਼ਿਵ ਦੇ ਮੱਥੇ ਵਿਚੋਂ ਤੀਜੀ ਅੱਖ ਉਦੈ ਹੋਈ ਤਾਂ ਸ੍ਰਿਸ਼ਟੀ ਅੰਧਕਾਰ ਵਿਚੋਂ ਨਿਕਲੀ।

ਸ਼ਿਵ ਆਪਣੇ ਸਰੀਰ ਉਤੇ ਸ਼ੇਰ, ਹਿਰਨ ਜਾਂ ਹਾਥੀ ਦੀ ਖਲ ਧਾਰਨ ਕਰਦਾ ਹੈ। ਇਸ ਪ੍ਰਸੰਗ ਵਿਚ ਪੁਰਾਣਾ ਵਿਚ ਇਕ ਕਥਾ ਮਿਲਦੀ ਹੈ। ਸ਼ਿਵ ਇਕ ਵਾਰ ਵਿਰਕਤ ਦਾ ਰੂਪ ਧਾਰ ਕੇ ਜੰਗਲ ਵਿਚ ਗਿਆ। ਉਥੇ ਆਸ਼ਰਮ ਵਿਚ ਰਹਿਣ ਵਾਲੀਆਂ, ਰਿਸ਼ੀਆਂ ਦੀਆਂ ਪਤਨੀਆਂ, ਸ਼ਿਵ ਦੀ ਸੁੰਦਰਤਾ ਉਤੇ ਮੋਹਿਤ ਹੋ ਗਈਆਂ। ਕਰੋਧ ਵਿਚ ਆਏ ਰਿਸ਼ੀਆਂ ਨੇ ਸ਼ਿਵ ਨੂੰ ਦੰਡ ਦੇਣਾ ਚਾਹਿਆ, ਪਰ ਸ਼ਿਵ ਉਨ੍ਹਾਂ ਦੇ ਕਾਬੂ ਵਿਚ ਨਹੀਂ ਸੀ ਆਉਂਦਾ। ਰਿਸ਼ੀਆਂ ਨੇ ਸ਼ਿਵ ਨੂੰ ਨੁਕਸਾਨ ਪਹੁੰਚਾਣ ਲਈ ਧਰਤੀ ਵਿਚ ਇਕ ਟੋਆ ਪੁਟ ਕੇ, ਉਸ ਵਿਚ ਸ਼ੇਰ ਛੁਪਾ ਦਿਤਾ। ਜਦੋਂ ਸ਼ੇਰ ਸ਼ਿਵ ਨੂੰ ਮਾਰਨ ਲੱਗਾ, ਤਾਂ ਸ਼ਿਵ ਨੇ

ਸ਼ੇਰ ਨੂੰ ਤ੍ਰਿਸ਼ੂਲ ਨਾਲ ਮਾਰ ਕੇ ਉਸ ਦੀ ਖਲ ਖ਼ੁਦ ਪਹਿਨ ਲਈ। ਤਦੋਂ ਰਿਸ਼ੀਆਂ ਨੇ ਇਕ ਹਿਰਨ ਦੀ ਸਿਰਜਨਾ ਕੀਤੀ, ਜਿਸ ਨੇ ਸਿੰਗਾਂ ਨਾਲ ਸ਼ਿਵ ਉਤੇ ਵਾਰ ਕਰਨਾ ਸੀ। ਸ਼ਿਵ ਨੇ ਉਸ ਹਿਰਨ ਨੂੰ ਆਪਣੇ ਖੱਬੇ ਹੱਥ ਵਿਚ ਫੜ ਲਿਆ ਅਤੇ ਮੁੜ ਮੁਕਤ ਹੀ ਨਾ ਕੀਤਾ। ਇਹ ਵੇਖ ਰਿਸ਼ੀਆਂ ਨੇ ਤਪਦੇ ਲੋਹੇ ਦੇ ਗਦੇ ਨਾਲ ਸ਼ਿਵ ਉਤੇ ਵਾਰ ਕੀਤਾ। ਸ਼ਿਵ ਨੇ ਉਸ ਗਦੇ ਨੂੰ ਵੀ ਆਪਣਾ ਹਥਿਆਰ ਬਣਾ ਕੇ ਧਾਰਨ ਕਰ ਲਿਆ। ਹਾਥੀ ਦੀ ਖਲ ਧਾਰਨ ਬਾਰੇ ਕਥਾ ਇਉਂ ਹੈ :— ਗਜ ਨਾਂ ਦੇ ਅਸੁਰ ਨੇ ਤਪਾਂ ਦੁਆਰਾ ਅਸੀਮ ਤਾਕਤ ਗ੍ਰਹਿਣ ਕਰ ਕੇ ਦੇਵਤਿਆਂ ਉਪਰ ਵਿਜੈ ਪ੍ਰਾਪਤ ਕਰਨੀ ਚਾਹੀ। ਸ਼ਿਵ ਨੂੰ ਦੇਵਤਿਆਂ ਦਾ ਪੱਖ ਪੂਰਦਿਆ ਵੇਖ ਕੇ ਅਸੁਰ ਨੇ ਹਾਥੀ ਦਾ ਰੂਪ ਧਾਰ ਕੇ, ਸ਼ਿਵ ਉਤੇ ਹੱਲਾ ਬੋਲਿਆ। ਸ਼ਿਵ ਨੇ ਉਸ ਹਾਥੀ ਦਾ ਬੱਧ ਕਰ ਕੇ, ਖਲ ਆਪਣੇ ਮੋਢੇ ਉਤੇ ਰਖ ਲਈ।

ਕੁਝ ਚਿਤ੍ਰਾਂ ਵਿਚ ਸ਼ਿਵ ਦੀਆਂ ਜਟਾਂ ਵਿਚੋਂ ਗੰਗਾ ਨਿਕਲਦੀ ਵਿਖਾਈ ਗਈ ਹੈ। ਪੌਰਾਣਿਕ ਕਥਾਵਾਂ ਅਨੁਸਾਰ ਜਦੋਂ ਦੇਵੀ ਗੰਗਾ ਪ੍ਰਿਥਵੀ ਉਤੇ ਉਤਰੀ ਤਾਂ ਉਸ ਦੇ ਪਾਣੀ ਧਰਤੀ ਉਤੇ ਤੂਫ਼ਾਨ ਲੈ ਆਏ। ਧਰਤੀ ਨੂੰ ਨਸ਼ਟ ਹੁੰਦਾ ਵੇਖ ਕੇ ਸ਼ਿਵ ਨੇ ਗੰਗਾ ਨੂੰ ਆਪਣੀਆਂ ਜਟਾਂ ਵਿਚ ਹੀ ਸਮਾ ਲਿਆ ਅਤੇ ਕਈ ਸਾਲ ਗੰਗਾ ਉਥੇ ਗੇੜੇ ਕਟਦੀ ਰਹੀ। ਮਗਰੋਂ ਦੇਵਤਿਆਂ ਦੀ ਬੇਨਤੀ ਮੰਨ ਕੇ ਸ਼ਿਵ ਨੇ ਗੰਗਾ ਨੂੰ ਜਟਾਂ ਵਿਚੋਂ ਮੁਕਤ ਕੀਤਾ।

ਮਹਾਂ ਯੋਗੀ ਅਤੇ ਤਪੱਸਵੀ ਦੇ ਰੂਪ ਵਿਚ ਸ਼ਿਵ ਗੇਰੂਏ ਕਪੜੇ ਪਹਿਨਦਾ, ਜਿਸਮ ਉਤੇ ਬਿਭੂਤ ਰਮਾਂਦਾ, ਵਾਲਾਂ ਦੀਆਂ ਜਟਾਂ ਰਖਦਾ ਅਤੇ ਛਤਰਧਾਰੀ ਸਰਪ ਦੀ ਓਟ ਵਿਚ ਰਹਿੰਦਾ ਹੈ। ਇਕ ਵਾਰ ਜਦੋਂ ਸ਼ਿਵ ਤੱਪ ਵਿਚ ਲੀਨ ਸੀ, ਤਾਂ ਕਾਮਦੇਵ ਨੇ ਸ਼ਿਵ ਉਤੇ ਆਪਣਾ ਕਾਮ-ਬਾਣ ਚਲਾਇਆ, ਜਿਸ ਨਾਲ ਸ਼ਿਵ ਪਾਰਬਤੀ ਲਈ ਕਾਮਾਤੁਰ ਹੋ ਗਿਆ। ਸ਼ਿਵ ਨੇ ਕਰੋਧ ਵਿਚ ਆ ਕੇ ਆਪਣੀ ਤੀਜੀ ਅੱਖ ਖੋਲ੍ਹ ਕੇ ਕਾਮਦੇਵ ਨੂੰ ਭਸਮ ਕਰ ਦਿਤਾ।

ਸ਼ਿਵ ਨੂੰ ਭੂਤੇਸ਼ਵਰ ਅਰਥਾਤ ਭੂਤਾਂ ਪ੍ਰੇਤਾਂ ਦਾ ਸੁਆਮੀ ਵੀ ਕਿਹਾ ਜਾਂਦਾ ਹੈ। ਸ਼ਿਵ ਦਾ ਇਹ ਰੂਪ ਬੜਾ ਖ਼ੌਫ਼ਨਾਕ ਤੇ ਭਿਅੰਕਰ ਹੈ। ਇਸ ਰੂਪ ਵਿਚ ਸ਼ਿਵ ਸੀਸ ਉਤੇ ਫਨੀਅਰ ਸੱਪ ਅਤੇ ਕੰਠ ਵਿਚ ਖੋਪਰੀਆਂ ਦੀ ਮਾਲਾ ਧਾਰਨ ਕਰਦਾ ਹੈ ਅਤੇ ਉਸ ਦਾ ਨਿਵਾਸ ਸ਼ਮਸ਼ਾਨ ਜਾਂ ਉਜੜਾਂ ਵਿਚ ਹੁੰਦਾ ਹੈ। ਭੂਤਾਂ ਪ੍ਰੇਤਾਂ ਉਤੇ ਅਧਿਕਾਰ ਪ੍ਰਾਪਤ ਕਰਨ ਲਈ ਚੇਲੇ ਸ਼ਿਵ ਦੇ ਇਸੇ ਰੂਪ ਦੀ ਉਪਾਸ਼ਨਾ ਕਰਦੇ ਹਨ। ਇਸੇ ਸਰੂਪ ਵਿਚ ਸੁਰਾ ਪੀ ਕੇ ਤੇ ਭੂਤਾਂ ਪ੍ਰੇਤਾਂ ਨਾਲ ਰਲ ਕੇ ਸ਼ਿਵ ਤਾਂਡਵ ਨਾਚ ਨਚਦਾ ਹੈ, ਜਿਸ ਦੇ ਨਚਣ ਨਾਲ ਧਰਤੀ ਡੋਲਣ ਲੱਗਦੀ ਹੈ (ਵੇਖੋ : ਤਾਂਡਵ ਨਾਚ)।

ਸ਼ਿਵ ਦੇ ਇਕ ਹਜ਼ਾਰ ਅੱਠ ਨਾਉਂ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਉਪਾਧੀਆਂ ਹਨ, ਜਿਵੇਂ ਤਿੰਨਾਂ ਅੱਖਾਂ ਕਰ ਕੇ ਤ੍ਰਿਲੋਚਨ, ਪੰਜਾਂ ਮੂੰਹਾਂ ਕਰ ਕੇ ਪੰਚਾਨਣ। ਕੁਝ ਹੋਰ ਪ੍ਰਸਿਧ ਨਾਉਂ ਇਹ ਹਨ :— ਅਘੋਰ, ਚੰਦ੍ਰ ਸ਼ੇਖਰ, ਮਹੇਸ਼, ਪਸ਼ੂਪਤੀ, ਸ਼ੰਕਰ, ਸ਼ੰਭੂ, ਵਿਸ਼ਵਨਾਥ ਆਦਿ।

ਪੰਜਾਬ ਵਿਚ ਸ਼ਿਵ ਦੀ ਪੂਜਾ ਪੂਰਵ-ਇਤਿਹਾਸਕ ਕਾਲ ਤੋਂ ਚਲੀ ਆ ਰਹੀ ਹੈ। ਹੜੱਪਾ ਵਿਚੋਂ ਖ਼ੁਦਾਈ ਸਮੇਂ ਜੋ ਠੀਕਰ-ਮੁਹਰਾਂ ਲਭੀਆਂ, ਉਨ੍ਹਾਂ ਵਿਚੋਂ ਕੁਝ ਕੁ ਚਿਤ੍ਰ ਸ਼ਿਵ ਜੀ ਦੇ ਪਸ਼ੂਪਤੀ ਰੂਪ ਨੂੰ ਦਰਸਾਂਦੇ ਹਨ। ਇਕ ਠੀਕਰ-ਮੁਹਰ ਉਤੇ ਇਕ ਨਗਨ, ਤ੍ਰਿਮੁਖੀ ਤੇ ਸਿੰਗਾਂ ਵਾਲੀ ਮੂਰਤੀ ਪਦਮਾਸਨ ਅਵਸਥਾ ਵਿਚ ਦਿਖਾਈ ਗਈ ਹੈ, ਜਿਸ ਨੇ ਕੰਠ ਵਿਚ ਕਈ ਮਾਲਾ ਧਾਰਨ ਕਰ ਰਖੀਆਂ ਹਨ ਅਤੇ ਬਾਹਾਂ ਵਿਚ ਮੋਢਿਆਂ ਤਕ ਵੰਗਾਂ ਹਨ। ਉਸ ਤਪੱਸਵੀ ਦੇ ਦੁਆਲੇ ਬਹੁਤ ਸਾਰੇ ਪਸ਼ੂ — ਹਿਰਨ, ਬਾਰਾਸਿੰਗਾ, ਹਾਥੀ, ਗੈਂਡਾ, ਮਹਿੰ ਅਤੇ ਸ਼ੇਰ ਆਦਿ ਘੇਰਾ ਪਾ ਕੇ ਬੈਠੇ ਹਨ। ਨਿਸ਼ਚੇ ਹੀ ਇਹ ਸ਼ਿਵ ਦਾ ਪਸ਼ੂਪਤੀ ਰੂਪ ਹੈ। ਇਸ ਤਰ੍ਹਾਂ ਦੀਆਂ ਤਿੰਨ ਮੂਰਤੀਆ ਥੋੜੇ ਥੋੜੇ ਰੂਪਕ ਭੇਦ ਨਾਲ ਲਭੀਆਂ ਹਨ (ਪੁੰਦ੍ਰੀਕ, 190)। ਕੁਝ ਠੀਕਰ-ਮੁਹਰਾਂ ਉਤੇ ਸ਼ਿਵ ਜੀ ਦੇ ਵਾਹਨ ਬਲਦ ਦੀਆਂ ਮੂਰਤੀਆ ਵੀ ਪ੍ਰਾਪਤ ਹੋਈਆਂ ਹਨ।

ਨਾਥ ਪਰੰਪਰਾ ਸ਼ਿਵ ਉਪਾਸ਼ਨਾ ਦਾ ਹੀ ਇਕ ਰੂਪ ਸੀ, ਕਿਉਂ ਜੋ ਜੋਗੀ ਮਹਾਦੇਵ ਜਾਂ

ਆਦਿ ਨਾਥ ਨੂੰ ਇਸ ਮੱਤ ਦਾ ਮੋਢੀ ਮੰਨਦੇ ਹਨ। ਕਿਸੇ ਸਮੇਂ ਇਸ ਮੱਤ ਦਾ ਪੰਜਾਬ ਵਿਚ ਕਾਫ਼ੀ ਜ਼ੋਰ ਰਿਹਾ ਹੈ (ਵੇਖੋ : ਨਾਥ ਮੱਤ)।

ਪੰਜਾਬ ਵਿਚ ਸ਼ਿਵ ਨਾਲ ਸੰਬੰਧਤ ਕੁਝ ਪੌਰਾਣਿਕ ਸਥਾਨ ਵੀ ਮਿਲਦੇ ਹਨ, ਜਿਨ੍ਹਾਂ ਵਿਚੋਂ ਦੋ ਖ਼ਾਸ ਮਹੱਤਤਾ ਰਖਦੇ ਹਨ। ਪਹਿਲਾ ਸਥਾਨ ਕਟਾਸ ਹੈ। ਜਦੋਂ ਸ਼ਿਵ ਨੂੰ ਆਪਣੀ ਪਤਨੀ ਸਤੀ ਦੀ ਮੌਤ ਦੀ ਖ਼ਬਰ ਮਿਲੀ, ਤਾਂ ਉਸ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀਆਂ ਧਾਰਾਂ ਵਗ ਤੁਰੀਆਂ। ਉਹ ਸਾਰਾ ਜਲ ਕਟਾਸ ਦੇ ਸਰੋਵਰ ਵਿਚ ਇਕੱਤ੍ਰ ਹੋ ਗਿਆ। ਹਿੰਦੂ ਧਾਰਨਾ ਅਨੁਸਾਰ ਕਟਾਸ ਧਰਤੀ ਦੀ ਤੀਜੀ ਅੱਖ ਹੈ। ਬਾਕੀ ਦੋਵੇਂ ਅੱਖਾਂ ਕੁਰਖੇਤਰ ਅਤੇ ਥਾਨੇਸ਼ਵਰ ਹਨ। ਦੇਸ਼ ਦੀ ਵੰਡ ਤੋਂ ਪਹਿਲਾਂ ਕਟਾਸ ਵਿਚ ਵਿਸਾਖੀ ਵਾਲੇ ਦਿਨ ਇਕ ਭਾਰੀ ਮੇਲਾ ਲੱਗਦਾ ਸੀ, ਜਿਸ ਵਿਚ ਨਾਂਗੇ ਸਾਧੂਆਂ ਦਾ ਭਾਰੀ ਜਲੂਸ ਨਿਕਲਿਆ ਕਰਦਾ ਸੀ (ਵੇਖੋ : ਕਟਾਸ)।

ਦੂਜਾ ਅਸਥਾਨ ਅਚਲ ਵਟਾਲਾ ਹੈ। ਪੌਰਾਣਿਕ ਕਥਾ ਅਨੁਸਾਰ ਸ਼ਿਵ ਨੇ ਇਥੇ ਅਚਲੇਸ਼ਵਰ ਦਾ ਰੂਪ ਧਾਰਨ ਕੀਤਾ। ਰਾਵਣ ਸ਼ਿਵ ਜੀ ਨੂੰ ਮੋਢੇ ਉਤੇ ਚੁਕ ਕੇ ਲੰਕਾ ਜਾਂਦਾ ਹੋਇਆ, ਇਥੇ ਠਹਿਰਿਆ ਅਤੇ ਸ਼ਿਵ ਜੀ ਨੂੰ ਇਕ ਥਾਂ ਬਿਠਾ ਕੇ ਜੰਗਲ ਪਾਣੀ ਵਾਸਤੇ ਗਿਆ। ਮੁੜ ਕੇ ਰਾਵਣ ਆਪਣੀ ਸਾਰੀ ਸ਼ਕਤੀ ਵਰਤਣ ਦੇ ਬਾਵਜੂਦ ਵੀ ਅਹਿੱਲ ਹੋਏ ਸ਼ਿਵ ਨੂੰ ਨਾ ਹਿਲਾ ਸਕਿਆ। ਅਖ਼ੀਰ ਨਿਰਾਸ ਹੋ ਕੇ ਰਾਵਣ ਸ਼ਿਵ ਜੀ ਨੂੰ ਉਥੇ ਹੀ ਛੱਡ ਖ਼ੁਦ ਲੰਕਾ ਨੂੰ ਚਲਾ ਗਿਆ। ਅਚਲ ਵਿਚ ਸ਼ਿਵ ਦਾ ਮੰਦਰ ਹੈ, ਜਿਥੇ 101 ਪੱਥਰ ਮੂਰਤੀਆਂ ਹਨ। ਇਥੇ ਹਰ ਸਾਲ ਵਿਸਾਖ ਦੀ ਸੰਗਰਾਂਦ, ਕੱਤਕ ਦੀ ਨੌਮੀ ਤੇ ਦਸਵੀਂ, ਚੇਤਰ ਦੀ ਚੌਦਸ ਅਤੇ ਹਰ ਅਮਾਵਸ ਨੂੰ ਮੇਲਾ ਭਰਦਾ ਹੈ, ਜਿਸ ਵਿਚ ਸੰਨਿਆਸੀ ਅਤੇ ਜੋਗੀ ਭਾਰੀ ਮਾਤਰਾ ਵਿਚ ਸ਼ਾਮਲ ਹੁੰਦੇ ਹਨ (ਵੇਖੋ : ਅਚਲੇਸ਼ਵਰ)।

ਰੰਗਪੁਰ ਦੇ ਨੇੜੇ ਵਗਦੀ ਕਰਤੋਯਾ ਨਾਂ ਦੀ ਨਦੀ ਦਾ ਸੰਬੰਧ ਵੀ ਸ਼ਿਵ ਨਾਲ ਜੋੜਿਆ ਜਾਂਦਾ ਹੈ। ਪੁਰਾਣਾਂ ਅਨੁਸਾਰ ਸ਼ਿਵ ਨੇ ਪਾਰਬਤੀ ਦਾ ਪਾਣੀ-ਗ੍ਰਹਿਣ ਕਰਨ ਵੇਲੇ ਆਪਣੇ ਹੱਥਾਂ ਵਿਚ ਜਲ ਲੈ ਕੇ ਵੀਟਿਆ, ਤਾਂ ਉਹ ਜਲ ਨਦੀ ਦਾ ਰੂਪ ਧਾਰ ਕੇ ਵਹਿ ਤੁਰਿਆ। ਪਰ ਧਾਰਨਾ ਹੈ ਕਿ ਇਸ ਨਦੀ ਦੇ ਉਪਰੋਂ ਲੰਘਣ ਨਾਲ ਸ਼ੁਭ ਕਰਮਾਂ ਦਾ ਨਾਸ ਹੋ ਜਾਂਦਾ ਹੈ।

ਲੋਕ-ਕਹਾਣੀਆਂ ਵਿਚ ਸ਼ਿਵ ਤੇ ਪਾਰਬਤੀ ਅਗੰਮੀ ਬਹੁੜੀ ਦੇ ਰੂਪ ਵਿਚ ਆਉਂਦੇ ਹਨ। ਧਾਰਨਾ ਹੈ ਕਿ ਸ਼ਿਵ ਜੀ ਤੇ ਪਾਰਬਤੀ ਸੰਸਾਰ ਦਾ ਗੇੜਾ ਕਟਦੇ ਰਹਿੰਦੇ ਹਨ। ਜਦੋਂ ਕੋਈ ਦੁਖੀਆ ਯਾਦ ਕਰੇ, ਇਹ ਉਹਦੇ ਕੋਲ ਝਟ ਜਾ ਪਹੁੰਚਦੇ ਹਨ।

(ਸ-545) **ਸ਼ਿਵ ਕੰਠੀ :**

(ਵੇਖੋ : ਨੀਲ ਕੰਠੀ)।

(ਸ-546) **ਸ਼ਿਵ ਚੌਂਤਰੀ :**

ਚੰਦਰੀਆਂ ਰੂਹਾਂ ਤੇ ਦੁਸ਼ਟ ਨਜ਼ਰ ਨੂੰ ਦੂਰ ਰਖਣ ਵਾਸਤੇ ਇਕ ਤਰ੍ਹਾਂ ਦੀ ਰੱਖ। ਪੰਜਾਬ ਅਤੇ ਪਹਾੜੀ ਇਲਾਕੇ, ਖ਼ਾਸ ਤੌਰ ਤੇ ਮੰਡੀ ਦੇ ਜ਼ਿਲੇ ਵਿਚ, ਸ਼ਿਵ ਚੌਂਤਰੀ ਨੂੰ ਕਾਗਜ਼ ਉਤੇ ਲਿਖ ਕੇ ਸਾਵਣ ਦੀ ਸੰਗਰਾਂਦ ਨੂੰ ਘਰ ਦੇ ਮੁਹਰਲੇ ਦਰਵਾਜ਼ੇ ਉਤੇ ਲਗਾਉਣ ਦੀ ਪ੍ਰਥਾ ਹੈ। ਪਹਿਲਾਂ ਕੁਲ-ਪ੍ਰੋਹਿਤ ਤੋਂ ਕਿਸੇ ਕਾਗਜ਼ ਉਪਰ ਕੋਈ ਰੱਖਿਆ-ਸ਼ਲੋਕ ਲਿਖਵਾ ਲਿਆ ਜਾਂਦਾ ਹੈ। ਫਿਰ ਉਸ ਦੇ ਹੇਠਾਂ ਇਕ ਮੁਰੱਬਾ ਬਣਾ ਕੇ ਉਸ ਦੇ ਅੰਦਰ ਤਿੰਨ ਤਿੰਨ ਲਕੀਰਾ ਖੜੇ ਤੇ ਲੇਟਵੇਂ ਦਾਅ ਵਾਹ ਲਈਆ ਜਾਂਦੀਆਂ ਹਨ। ਇਨ੍ਹਾਂ ਸੋਲਾਂ ਮੁਰੱਬਿਆਂ ਵਿਚ ਇਕ ਤੋਂ ਲੈ ਕੇ ਸੋਲਾਂ ਤਕ ਦੇ ਅੰਕ ਇਸ ਢੰਗ ਨਾਲ ਲਿਖੇ ਜਾਂਦੇ ਹਨ ਕਿ ਹਰੇਕ ਕਤਾਰ ਦੇ ਖੜੇ, ਲੇਟਵੇਂ ਜਾਂ ਤਿਰਛੇ ਦਾਅ ਦੇ ਅੰਕਾਂ ਦਾ ਜੋੜ 34 ਬਣੇ।

| | | | |
|---|---|---|---|
| 4 | 15 | 6 | 9 |
| 5 | 10 | 3 | 16 |
| 11 | 8 | 13 | 2 |
| 14 | 1 | 12 | 7 |

ਧਾਰਨਾ ਹੈ ਕਿ ਸ਼ਿਵ ਚੌਂਤਰੀ ਦੀ ਬਖ਼ਸ਼ਿਸ਼ ਸਦਕਾ, ਸਾਰਾ ਸਾਲ ਕੋਈ ਦੁਸ਼ਟ ਰੂਹ ਘਰ ਦੇ ਨੇੜੇ ਨਹੀਂ ਢੁਕਦੀ ਅਤੇ ਉਸ ਘਰ ਦੇ ਲੋਕ ਸੁਖੀ ਤੇ ਰਜੇ ਪੁਜੇ ਰਹਿੰਦੇ ਹਨ। ਕੁਲ-ਪ੍ਰੋਹਿਤ ਨੂੰ ਸ਼ਿਵ ਚੌਂਤਰੀ ਬਨਾਉਣ ਲਈ ਦਖਣਾ ਦਿਤੀ ਜਾਂਦੀ ਹੈ। ਕਈ ਵਾਰ ਕਾਗਜ਼ ਦੀ ਥਾਂ ਸਿਆਹੀ ਨਾਲ ਦਰਵਾਜ਼ੇ ਉਤੇ ਹੀ ਸ਼ਿਵ ਚੌਂਤਰੀ ਉਲੀਕ ਦਿਤੀ ਜਾਂਦੀ ਹੈ।

ਜੋਗੀਆਂ ਵਿਚ ਅੱਖਰਾਂ ਨੂੰ ਆਧਾਰ ਬਣਾ ਕੇ ਜੋ ਕਵਿਤਾ ਰਚੀ ਜਾਂਦੀ ਸੀ, ਉਸ ਨੂੰ ਚੌਂਤਰੀ ਕਹਿੰਦੇ ਹਨ। ਚੌਂਤਰੀ ਦੇ ਅੱਖਰਾਂ ਨੂੰ ਸ਼ੈਵ ਮੱਤ ਵਾਲੇ ਬੜਾ ਪਾਵਨ ਤੇ ਬਰਕਤ ਵਾਲੇ ਮੰਨਦੇ ਹਨ (ਵੇਖੋ : ਚੌਂਤਰੀ)।

(ਸ-547) **ਸ਼ਿਵ ਤੇਰਸ** :

ਸ਼ੈਵ ਮੱਤ ਦਾ ਇਕ ਉਤਸ਼ਵ, ਜੋ ਉਹ ਫੱਗਣ ਵਦੀ ਤੇਰਾਂ ਨੂੰ ਮਨਾਉਂਦੇ ਹਨ। ਇਸ ਤਿੱਥ ਨੂੰ ਸ਼ਿਵ ਦੇ ਉਪਾਸ਼ਕ ਵਰਤ ਰਖਦੇ, ਸ਼ਿਵ ਦੀ ਮੂਰਤੀ ਪੂਜਦੇ ਅਤੇ ਸਾਰੀ ਰਾਤ ਜਗਰਾਤਾ ਕਟਦੇ ਹਨ। ਇਸ ਤੋਂ ਅਗਲੇ ਦਿਨ ਸ਼ਿਵਰਾਤ੍ਰੀ ਹੁੰਦੀ ਹੈ (ਵੇਖੋ : ਸ਼ਿਵਰਾਤ੍ਰੀ)।

(ਸ-548) **ਸ਼ਿਵ ਪੁਰੀ** :

(ਵੇਖੋ : ਕਾਸ਼ੀ)।

(ਸ-549) **ਸ਼ਿਵ ਬਾਣ** :

ਪੁਰਾਣਾਂ ਅਨੁਸਾਰ ਸ਼ਿਵ ਦੇ ਧਨੁਖ ਪਿਨਾਕ ਦਾ ਇਕ ਬਾਣ। ਪਿਨਾਕ ਵਿਚੋਂ ਚਲਿਆ ਤੀਰ ਵੈਰੀ ਦੀ ਜਾਨ ਲੈ ਕੇ ਹੀ ਰਹਿੰਦਾ ਹੈ। ਕਈ ਵਾਰ ਸ਼ਿਵ ਬਾਣ ਪਦ ਵਿਸ਼ਨੂੰ ਦੀ ਉਪਾਧੀ ਦੇ ਰੂਪ ਵਿਚ ਪ੍ਰਯੋਗ ਕਰ ਲਿਆ ਜਾਂਦਾ ਹੈ। ਪੁਰਾਣਾਂ ਅਨੁਸਾਰ ਸ਼ਿਵ ਨੇ ਤ੍ਰਿਪੁਰਾਸੁਰ ਦਾ ਬਧ ਕਰਨ ਲਈ, ਆਪਣੇ ਧਨੁਖ ਵਿਚ ਤੀਰ ਦੀ ਥਾਂ, ਵਿਸ਼ਨੂੰ ਨੂੰ ਹੀ ਚਾੜ੍ਹ ਕੇ ਚਲਾਇਆ ਸੀ, ਜਿਸ ਨਾਲ ਤ੍ਰਿਪੁਰਾਸੁਰ ਦੀ ਮ੍ਰਿਤੂ ਹੋ ਗਈ ਸੀ।

(ਸ-550) **ਸ਼ਿਵਰਾਤ੍ਰੀ** :

ਸ਼ੈਵ ਸੰਪ੍ਰਦਾਇ ਦਾ ਇਕ ਉਤਸ਼ਵ, ਜੋ ਫਗਣ ਵਦੀ ਚੌਦਸ ਨੂੰ ਮਨਾਇਆ ਜਾਂਦਾ ਹੈ। ਸ਼ਿਵਰਾਤ੍ਰੀ ਬਾਰੇ ਕਈ ਧਾਰਨਾ ਹਨ। ਇਕ ਵਿਚਾਰ ਅਨੁਸਾਰ ਸ਼ਿਵ ਨੇ ਦੁਰਗਾ ਨੂੰ ਪ੍ਰਸੰਨ ਕਰਨ ਲਈ ਇਸੇ ਰਾਤ ਤਾਂਡਵ ਨਾਚ ਨਚਿਆ, ਜਿਸ ਕਰ ਕੇ ਸਾਰੀ ਸ੍ਰਿਸ਼ਟੀ ਵਿਸਮਾਦ ਵਿਚ ਆ ਗਈ। ਇਹ ਵੀ ਧਾਰਨਾ ਹੈ ਕਿ ਸ਼ਿਵਰਾਤ੍ਰੀ ਨੂੰ ਦੁਰਗਾ ਮੰਗਲਮਈ ਅਵਸਥਾ ਵਿਚ ਹੁੰਦੀ ਹੈ ਅਤੇ ਉਸ ਨੂੰ ਵੇਖ ਕੇ ਸ਼ਿਵ ਵੀ ਉਨਮਾਦ ਵਿਚ ਆ ਜਾਂਦੇ ਹਨ। ਪੰਜਾਬ ਦੇ ਪਹਾੜੀ ਇਲਾਕੇ ਦੇ ਲੋਕਾਂ ਦਾ ਵਿਚਾਰ ਹੈ ਕਿ ਇਸੇ ਤਿੱਥ ਨੂੰ ਸ਼ਿਵ ਦਾ ਵਿਆਹ ਪਾਰਬਤੀ ਨਾਲ ਹੋਇਆ ਅਤੇ ਸ਼ਿਵਰਾਤ੍ਰੀ ਉਸੇ ਮੰਗਲਮਈ ਸਿਮ੍ਰਿਤੀ ਦੀ ਬੋਧਿਕ ਹੈ। ਚੰਬੇ ਦੇ ਲੋਕਾਂ ਦਾ ਨਿਸਚਾ ਹੈ ਕਿ ਸ਼ਿਵਰਾਤ੍ਰੀ ਨੂੰ ਸ਼ਿਵ ਜੀ ਪਤਾਲ ਵਿਚੋਂ, ਬਾਲੀ ਦੇ ਦਰਬਾਰ ਵਿਚੋਂ ਉਠ ਕੇ, ਕੈਲਾਸ਼ ਨੂੰ ਆਉਂਦੇ ਹਨ ਅਤੇ ਰਸਤੇ ਵਿਚ ਕਿਧਰੇ ਵੀ ਅੰਨ ਪਾਣੀ ਮੂੰਹ ਨਹੀਂ ਲਗਾਂਦੇ। ਇਸ ਲਈ ਇਸ ਦਿਨ ਸ਼ਿਵ-ਭਗਤਾਂ ਲਈ ਸ਼ਿਵ ਦੇ ਵਾਂਗ ਹੀ ਭੁਖੇ ਰਹਿਣਾ ਅਥਵਾ ਵਰਤ ਰਖਣਾ ਵਿਧਾਨ ਹੈ।

ਸ਼ੈਵ ਮੱਤ ਵਾਲੇ ਸ਼ਿਵਰਾਤ੍ਰੀ ਦਾ ਉਤਸ਼ਵ ਬੜੇ ਉਲਾਸ ਨਾਲ ਮਨਾਉਂਦੇ ਹਨ। ਸ਼ਿਵਰਾਤ੍ਰੀ ਤੋਂ ਇਕ ਦਿਨ ਪਹਿਲਾਂ ਤੇਰਸ ਨੂੰ ਵਰਤ ਰਖਦੇ, ਸ਼ਿਵ ਦੀ ਮੂਰਤੀ ਜਾਂ ਸ਼ਿਵ ਲਿੰਗ ਨੂੰ ਪੂਜਦੇ ਅਤੇ ਰਾਤ ਭਰ ਜਗਰਾਤਾ ਕਰਦੇ ਹਨ। ਸਾਰੀ ਰਾਤ ਸ਼ਿਵ ਦੀ ਮਹਿਮਾ ਵਿਚ ਭਜਨ ਗਾਏ ਜਾਂਦੇ ਅਤੇ ਸ਼ਿਵ ਪੁਰਾਣ ਦੀ ਕਥਾ ਕੀਤੀ ਜਾਂਦੀ ਹੈ।

ਸ਼ਿਵਰਾਤ੍ਰੀ ਦਾ ਵਰਤ ਨਿਰਜਲ ਵੀ ਹੁੰਦਾ ਹੈ ਅਤੇ ਸੱਜਲ ਵੀ। ਵਰਤ ਦੇ ਦੌਰਾਨ ਦੁੱਧ ਅਤੇ ਫਲਾਂ ਦਾ ਅਹਾਰ ਨਿਸ਼ੇਧ ਨਹੀਂ। ਧਾਰਨਾ ਹੈ ਕਿ ਸ਼ਿਵਰਾਤ੍ਰੀ ਦਾ ਵਰਤ ਪੂਰਨ ਵਿਧੀ ਨਾਲ ਰਖਣ ਵਾਲਾ ਕਰਮ ਕਾਂਡੀ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ। ਇਸ ਵਰਤ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :— ਇਕ ਦਿਨ ਕਿਸੇ ਸ਼ਿਕਾਰੀ ਨੂੰ ਕਿਧਰੇ ਵੀ ਕੋਈ ਸ਼ਿਕਾਰ ਹੱਥ ਨਾ ਆਇਆ। ਸੰਧਿਆ ਵੇਲੇ ਉਹ ਇਕ ਹਿਰਨੀ ਦਾ ਪਿੱਛਾ ਕਰਦਾ ਹੋਇਆ ਸੰਘਣੇ ਜੰਗਲ ਦੇ ਅੰਦਰ ਬਹੁਤ ਦੂਰ ਨਿਕਲ ਗਿਆ। ਜਦੋਂ ਸ਼ਿਕਾਰੀ ਹਿਰਨੀ ਨੂੰ ਤੀਰ ਮਾਰਨ ਲੱਗਾ ਤਾਂ ਹਿਰਨੀ ਨੇ

ਤਰਲੇ ਕਰਦਿਆਂ ਕਿਹਾ ਕਿ ਉਸ ਦੇ ਬੱਚੇ ਭੁੱਖੇ ਹਨ, ਜੇ ਉਹ ਉਸ ਨੂੰ ਛੱਡ ਦੇਵੇ, ਤਾਂ ਉਹ ਬੱਚਿਆਂ ਨੂੰ ਦੁੱਧ ਚੁੰਘਾ ਕੇ ਮੁੜ ਸਵੇਰੇ ਇਸੇ ਥਾਂ ਆਤਮ ਸਮਰਪਣ ਲਈ ਵਾਪਸ ਆ ਜਾਵੇਗੀ। ਸ਼ਿਕਾਰੀ ਸੰਘਣੇ ਹਨੇਰੇ ਕਰ ਕੇ ਕੁਝ ਆਪ ਵੀ ਭੈਭੀਤ ਸੀ। ਇਸ ਲਈ ਉਸ ਨੇ ਹਿਰਨੀ ਨੂੰ ਜਾਣ ਦੀ ਆਗਿਆ ਦੇ ਦਿਤੀ। ਰਾਤ ਕੱਟਣ ਲਈ ਸ਼ਿਕਾਰੀ ਖ਼ੁਦ ਇਕ ਦਰੱਖ਼ਤ ਦੀਆਂ ਟਹਿਣਾਂ ਵਿਚ ਛੁਪ ਕੇ ਬੈਠ ਗਿਆ। ਜਦੋਂ ਰਾਤ ਬੀਤਣੀ ਔਖੀ ਹੋ ਗਈ ਤਾਂ ਸ਼ਿਕਾਰੀ ਦਰੱਖ਼ਤ ਨਾਲੋਂ ਪੱਤੇ ਤੋੜ ਕੇ ਸਹਿਜ ਸੁਭਾਅ ਹੇਠਾਂ ਸੁਟਣ ਲੱਗਾ। ਦਰੱਖਤ ਦੇ ਐਨ ਹੇਠਾਂ ਕਿਧਰੇ ਮਿੱਟੀ ਦਾ ਇਕ ਸ਼ਿਵ ਲਿੰਗ ਬਣਿਆ ਹੋਇਆ ਸੀ, ਜਿਸ ਉਪਰ ਉਹ ਪੱਤੇ ਸੁਤੇ ਸਿਧ ਡਿਗਦੇ ਰਹੇ। ਸ਼ਿਕਾਰੀ ਸਾਰੇ ਦਿਨ ਦਾ ਭੁਖਾ ਪਿਆਸਾ ਸੀ। ਜਦੋਂ ਉਸ ਨੂੰ ਬਹੁਤਾ ਡਰ ਲੱਗਦਾ ਤਾਂ ਉਹ ਸ਼ਿਵ ਦਾ ਜਾਪ ਕਰਨ ਲੱਗਦਾ। ਦੇਵਨੇਤ ਉਸ ਦਿਨ ਸ਼ਿਵ ਤੇਰਸ ਸੀ। ਸ਼ਿਕਾਰੀ ਤੋਂ ਸਹਿਜ ਭਾਵ ਵਿਚ ਹੀ ਵਰਤ ਰਖਿਆ ਗਿਆ, ਰਾਤ ਵੇਲੇ ਜਗਰਾਤਾ ਵੀ ਕਟਿਆ ਗਿਆ, ਸ਼ਿਵ ਦੀ ਅਰਾਧਨਾ ਦੇ ਨਾਲ ਸ਼ਿਵ ਲਿੰਗ ਦੀ ਪੂਜਾ ਵੀ ਹੋ ਗਈ। ਸੋ, ਸਭ ਕਰਮ ਕਾਂਡ ਸੰਪੂਰਨ ਹੋਣ ਕਰ ਕੇ ਸ਼ਿਵ ਜੀ ਨੇ ਸ਼ਿਕਾਰੀ ਨੂੰ ਸਾਖਿਆਤ ਦਰਸ਼ਨ ਦਿਤੇ। ਸ਼ਿਕਾਰੀ ਦਾ ਜੀਵਨ ਬਦਲ ਗਿਆ। ਸਵੇਰੇ ਜਦੋਂ ਹਿਰਨੀ ਬਚਨਾਂ ਦੀ ਪਾਲਣਾ ਕਰਦੀ ਹੋਈ ਉਥੇ ਆਈ ਤਾਂ ਸ਼ਿਕਾਰੀ ਦੇ ਮਨ ਵਿਚ ਕਾਫ਼ੀ ਪਰਿਵਰਤਨ ਆ ਚੁਕਾ ਸੀ। ਉਸ ਨੇ ਹਿਰਨੀ ਦੀ ਜਾਨ ਬਖ਼ਸ਼ ਦਿਤੀ।

ਸ਼ਿਵਰਾਤ੍ਰੀ ਨੂੰ ਸ਼ਿਵ ਲਿੰਗ ਦੀ ਪੂਜਾ ਦਾ ਵਿਧਾਨ ਹੈ। ਪਹਿਲਾ ਸ਼ਿਵ ਲਿੰਗ ਨੂੰ ਕੱਚੀ ਲੱਸੀ ਨਾਲ ਇਸ਼ਨਾਨ ਕਰਵਾਇਆ ਜਾਂਦਾ ਹੈ, ਫਿਰ ਚੰਦਨ ਦਾ ਟਿਕਾ ਲਗਾ ਕੇ ਅਤੇ ਸੰਧੂਰ ਦਾ ਛੱਟਾ ਦੇ ਕੇ, ਧਤੂਰੇ ਅਤੇ ਮੰਦਾਰ ਦੇ ਫੁੱਲ, ਵੇਲਾਂ ਤੇ ਪੱਤਿਆਂ ਸਮੇਤ ਭੇਟ ਕੀਤੇ ਜਾਂਦੇ ਹਨ। ਚੰਬੇ ਵਿਚ ਸ਼ਿਵ ਲਿੰਗ ਨੂੰ ਪਹਿਲਾਂ ਇਕ ਸੌ ਇਕ ਚਾਵਲਾਂ ਦੇ ਦਾਣੇ, ਮੌਲੀ, ਬੇਲ ਪਤਰੀ, ਭੰਗ ਦੇ ਪੱਤੇ ਅਤੇ ਕਪੜਾ ਭੇਟ ਕੀਤੇ ਜਾਂਦੇ ਹਨ। ਫਿਰ ਧੂਪ ਦੇ ਕੇ ਪੂਜਾ ਕੀਤੀ ਜਾਂਦੀ ਹੈ।

ਸ਼ਿਵ ਲਿੰਗ ਨੂੰ ਖ਼ੁਦ ਹੀ ਮਿੱਟੀ ਗੁੰਨ੍ਹ ਕੇ ਤੇ ਤਿਆਰ ਕਰ ਕੇ ਘਰ ਦੀ ਕਿਸੇ ਗੁੱਠੇ ਸਥਾਪਿਤ ਕਰ ਦਿੰਦੇ ਹਨ। ਚੰਬੇ ਵਿਚ ਲੋਕੀਂ ਗੋਹੇ ਦਾ ਸ਼ਿਵ ਲਿੰਗ ਬਣਾ ਕੇ ਤਾਰਿਆਂ ਦੀ ਛਾਵੇਂ ਪੂਜਦੇ, ਭੇਟਾ ਚੜ੍ਹਾਂਦੇ ਅਤੇ ਅਗਲੇ ਦਿਨ ਜਲ ਪ੍ਰਵਾਹ ਕਰ ਆਉਂਦੇ ਹਨ। ਹਿਮਾਚਲ ਪ੍ਰਦੇਸ਼ ਦੇ ਮਹਾਸੂ ਆਦਿ ਖੇਤਰਾਂ ਵਿਚ ਸ਼ਿਵ ਲਿੰਗ ਤੋਂ ਇਲਾਵਾ ਘਰਾਂ ਵਿਚ ਮਹਾਂਦੇਵ ਬਨਾਉਣ ਦੀ ਪ੍ਰਥਾ ਵੀ ਹੈ। ਇਕ ਲੰਮੀ ਸਾਰੀ ਰੱਸੀ ਵਿਚ ਚਾਲ੍ਹੀ ਪੰਜਾਹ ਸੰਤਰੇ ਪਰੋ ਕੇ, ਉਸ ਨੂੰ ਕੋਠੇ ਦੀ ਛੱਤ ਨਾਲ ਬੰਨ੍ਹ ਦਿਤਾ ਜਾਂਦਾ ਹੈ। ਰੱਸੀ ਦਾ ਦੂਜਾ ਸਿਰਾ ਫ਼ਰਸ਼ ਦੀ ਉਸ ਗੁਠ ਨੂੰ ਛੁਹੰਦਾ ਹੈ, ਜਿਥੇ ਚਾਵਲਾਂ ਦੇ ਢੇਰ ਉਤੇ ਇਕ ਸੰਤਰਾ ਰਖਿਆ ਹੁੰਦਾ ਹੈ। ਇਹ ਰੱਸੀ ਮਹਾਂਦੇਵ ਦੇ ਲਿੰਗ ਦੀ ਬੋਧਿਕ ਹੈ। ਕੋਠੇ ਵਿਚ ਮਹਾਂਦੇਵ ਤੋਂ ਬਿਨਾਂ ਗੌਰਾਂ ਤੇ ਗਣੇਸ਼ ਦੀਆਂ ਮੂਰਤੀਆਂ ਵੀ ਸਥਾਪਿਤ ਕੀਤੀਆਂ ਜਾਂਦੀਆਂ ਹਨ, ਫਿਰ ਬਕਰਾ ਝਟਕਾ ਕੇ ਸਿਰੀ ਨੂੰ ਮਹਾਂਦੇਵ ਦੇ ਅੱਗੇ ਭੇਟ ਵਜੋਂ ਧਰਿਆ ਜਾਂਦਾ ਹੈ। ਬਕਰੇ ਦਾ ਬਾਕੀ ਮਾਸ ਸੁਕਾ ਕੇ ਘਰ ਵਿਚ ਰਖ ਲਿਆ ਜਾਂਦਾ ਅਤੇ ਪ੍ਰਸ਼ਾਦਿ ਵਜੋਂ ਥੋੜਾ ਥੋੜਾ ਰੋਜ਼ ਖਾਧਾ ਜਾਂਦਾ ਹੈ। ਵਰਤ ਖੋਲ੍ਹਣ ਮਗਰੋਂ ਢੋਲ ਦੇ ਤਾਲ ਵਿਚ ਨਚਿਆ ਜਾਂਦਾ ਹੈ।

ਚੰਬੇ ਵਿਚ ਸ਼ਿਵ ਮੰਦਰ ਤੋਂ ਘਰ ਵਾਪਸ ਆਉਣ ਵੇਲੇ ਤੀਵੀਆਂ ਕੰਗੇੜਾ ਝਾੜੀ ਨਾਲੋਂ ਇਕ ਦੋ ਟਹਿਣੀਆਂ ਤੋੜ ਕੇ, ਘਰ ਦੇ ਵੱਡੇ ਬੂਹੇ ਅੱਗੇ ਲਟਕਾ ਦੇਂਦੀਆਂ ਹਨ। ਇਸ ਤਰ੍ਹਾਂ ਭੂਤ ਪ੍ਰੇਤ ਅਤੇ ਬਦ ਰੂਹਾਂ ਘਰ ਦੇ ਨੇੜੇ ਨਹੀਂ ਢੁਕਦੀਆਂ। ਹੋਲੀ ਦੇ ਤਿਉਹਾਰ ਨੂੰ, ਜੋ ਸ਼ਿਵਰਾਤ੍ਰੀ ਤੋਂ ਪੂਰੇ ਪੰਦਰਾਂ ਦਿਨ ਮਗਰੋਂ ਆਉਂਦਾ ਹੈ, ਉਹ ਟਹਿਣੀਆਂ ਅੱਗ ਵਿਚ ਜਲਾ ਦਿਤੀਆਂ ਜਾਂਦੀਆਂ ਹਨ।

ਮੰਡੀ ਵਿਚ ਲੋਕੀਂ ਸ਼ਿਵਰਾਤ੍ਰੀ ਤੋਂ ਇਕ ਦਿਨ ਪਹਿਲਾਂ ਘਰ ਦੀ ਕਿਸੇ ਕੰਧ ਉਤੇ ਸ਼ਿਵ ਅਤੇ ਪਾਰਬਤੀ ਦੀ ਮੂਰਤੀ ਬਣਾਉਂਦੇ ਹਨ। ਕੰਧ ਦੇ ਨਾਲ ਹੀ ਪੂਜਾ ਲਈ ਮੰਡਪ ਤਿਆਰ ਕੀਤਾ ਜਾਂਦਾ ਹੈ, ਜਿਥੇ ਕੁਝ ਪਕਵਾਨਾਂ ਤੋਂ ਇਲਾਵਾ ਆਟੇ ਦੀਆਂ ਭੇਡਾਂ ਤੇ ਬਕਰੇ ਬਣਾ ਕੇ ਧਰੇ ਜਾਂਦੇ ਹਨ। ਮੰਡਪ ਦੇ ਵਿਚਕਾਰ ਜੰਗਲੀ ਫੁਲ ਕੂਪੂ ਦੀ

ਢੇਰੀ ਲਗਾਈ ਜਾਂਦੀ ਹੈ। ਸਤਾਰਾਂ ਕੁਪਿਆਂ ਦਾ ਹਾਰ ਪਰੋ ਕੇ ਛੱਤ ਨਾਲ ਇਉਂ ਲਟਕਾਇਆ ਜਾਂਦਾ ਹੈ ਕਿ ਉਹ ਮੰਡਪ ਦੇ ਵਿਚਕਾਰ ਆ ਕੇ ਟਿਕੇ। ਕੁਝ ਰੋਟ ਵੀ ਪਕਾ ਕੇ ਰਖੇ ਜਾਂਦੇ ਹਨ। ਪੂਜਾ ਵੇਲੇ ਜੋਤ ਬਾਲੀ ਜਾਂਦੀ ਹੈ। ਜੇ ਜੋਤ ਪੂਜਾ ਦੀ ਸਮਾਪਤੀ ਤੋਂ ਪਹਿਲਾਂ ਬੁਝ ਜਾਵੇ, ਤਾਂ ਅਸ਼ੁਭ ਹੈ। ਧਾਰਨਾ ਹੈ ਕਿ ਇਸ ਰਾਤ ਸ਼ਿਵ ਜੀ ਮਹਾਰਾਜ ਆਪਣੇ ਹਰ ਅਨੁਯਾਈ ਦੇ ਘਰ ਫੇਰਾ ਮਾਰਦੇ ਹਨ। ਸ਼ਿਵ ਦੇ ਚਰਨ ਪੈਂਦੇ ਹੀ ਦੀਵੇ ਦੀ ਜੋਤ ਕਾਫ਼ੀ ਉਚੀ ਹੋ ਕੇ ਪ੍ਰਕਾਸ਼ ਦੇਣ ਲੱਗਦੀ ਹੈ, ਕਈ ਵਾਰ ਫੁਟ ਫੁਟ ਉਚੀ। ਜੇ ਦੀਵਾ ਮੰਡਪ ਵਿਚ ਕੁਪੂ ਦਾ ਹਾਰ ਉਤਾਰਨ ਤੋਂ ਪਹਿਲਾਂ ਬੁਝ ਜਾਵੇ ਤਾਂ ਬਦਸ਼ਗਨੀ ਸਮਝੀ ਜਾਂਦੀ ਹੈ ਅਤੇ ਇਸ ਦੇ ਸੰਤਾਪ ਤੋਂ ਬਚਣ ਲਈ ਬਕਰੇ ਦੀ ਬਲੀ ਦੇਣ ਦੀ ਪ੍ਰਥਾ ਹੈ।

ਕਿਨੌਰ ਵਿਚ ਮਾਘੀ ਨੂੰ ਸਤ ਦਿਨਾਂ ਲਈ ਸ਼ਿਵਰਾਤ੍ਰੀ ਮਨਾਈ ਜਾਂਦੀ ਹੈ। ਪਹਿਲੇ ਛੇ ਦਿਨ ਪਿੰਡ ਦੇ ਲੋਕ ਇਕੱਠੇ ਹੋ ਕੇ ਸ਼ਿਵ ਦੀ ਮਹਿਮਾ ਵਿਚ ਭਜਨ ਗਾਉਂਦੇ ਹੋਏ ਕਿਸੇ ਤਰਖਾਣ ਦੇ ਘਰ ਜਾਂਦੇ ਹਨ। ਸਤਵੇਂ ਦਿਨ ਸ਼ਿਵ ਦੀ ਮੂਰਤੀ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਮੂਰਤੀ ਦੇ ਸਾਹਮਣੇ ਨ੍ਰਿਤ ਵੀ ਕੀਤਾ ਜਾਂਦਾ ਹੈ।

ਹਰਿਆਣੇ ਵਿਚ ਸ਼ਿਵਰਾਤ੍ਰੀ ਨੂੰ ਤੀਵੀਆਂ ਸ਼ਿਵ-ਮੰਦਰ ਜਾਂਦੀਆਂ ਹਨ। ਹਰੇਕ ਤੀਵੀਂ ਧਾਤ ਦੀ ਥਾਲੀ ਵਿਚ ਘਿਉ ਦਾ ਇਕ ਦੀਵਾ ਬਾਲਦੀ ਹੈ, ਜਿਸ ਦੇ ਨਾਲ ਪਾਣੀ ਦੀ ਕੁੱਜੀ, ਕੁਝ ਆਟਾ ਤੇ ਫਲ ਰਖੇ ਹੁੰਦੇ ਹਨ। ਤੀਵੀਆਂ ਮੰਦਰ ਜਾ ਕੇ ਸ਼ਿਵ ਲਿੰਗ ਉਤੇ ਜਲ ਤ੍ਰੌਂਕਦੀਆਂ ਅਤੇ ਫਿਰ ਘਿਉ ਦਾ ਦੀਵਾ ਅਤੇ ਹੋਰ ਸਾਮਗ੍ਰੀ ਭੇਟ ਕਰਦੀਆ ਹਨ। ਘਰ ਵਾਪਸ ਆ ਕੇ ਉਹ ਕੱਚੀ ਲੱਸੀ ਨਾਲ ਵਰਤ ਖੋਲ੍ਹਦੀਆਂ ਹਨ। ਫਿਰ ਸਾਰਾ ਦਿਨ ਅੰਨ ਮੂੰਹ ਨਹੀਂ ਲਗਾਇਆ ਜਾਂਦਾ।

ਪੰਜਾਬ ਵਿਚ ਸ਼ਿਵ ਮੱਤ ਦੇ ਬਹੁਤੇ ਅਨੁਯਾਈ ਜੋਗੀ, ਅਵਧੂਤ, ਸੰਨਿਆਸੀ ਆਦਿ ਹਨ, ਜੋ ਸ਼ਿਵਰਾਤ੍ਰੀ ਨੂੰ ਕਿਸੇ ਤਲਾਬ ਦੇ ਕੰਢੇ ਜਾਂ ਰੁੱਖ ਦੇ ਹੇਠਾਂ ਸ਼ਿਵ ਲਿੰਗ ਦੀ ਸਥਾਪਤੀ ਕਰ ਕੇ ਪੂਜਾ ਅਰਚਾ ਕਰਦੇ ਅਤੇ ਫਲ ਫੁਲ, ਖ਼ਾਸ ਤੌਰ ਤੇ ਧਤੂਰੇ ਦੇ ਫੁਲ, ਭੇਟ ਚੜ੍ਹਾਂਦੇ ਹਨ। ਮਗਰੋਂ ਸ਼ਿਵ ਲਿੰਗ ਨੂੰ ਜਲ ਪ੍ਰਵਾਹ ਕਰ ਦਿਤਾ ਜਾਂਦਾ ਹੈ। ਸ਼ਿਵ ਦੇ ਦੂਜੇ ਉਪਾਸ਼ਕ ਜੋ ਗ੍ਰਿਹਸਤੀ ਹਨ, ਜਾਂ ਤਾਂ ਸ਼ਿਵਾਲਿਆਂ ਵਿਚ ਜਾ ਕੇ ਸ਼ਿਵ ਲਿੰਗ ਪੂਜ ਆਉਂਦੇ ਹਨ ਜਾਂ ਫਿਰ ਘਰ ਵਿਚ ਹੀ ਗੋਹੇ ਜਾਂ ਆਟੇ ਦਾ ਸ਼ਿਵ ਲਿੰਗ ਬਣਾ ਕੇ ਪੂਜਾ ਅਰਚਾ ਕਰ ਲੈਂਦੇ ਹਨ। ਮਗਰੋਂ ਸ਼ਿਵ ਲਿੰਗ ਨੂੰ ਜਾਂ ਤਾਂ ਖੇਤਾਂ ਵਿਚ ਦਬ ਦਿੰਦੇ ਹਨ ਜਾਂ ਛੱਪੜ ਵਿਚ ਪ੍ਰਵਾਹ ਦਿਤਾ ਜਾਂਦਾ ਹੈ।

ਕਿਸੇ ਸਮੇਂ ਪੰਜਾਬ ਵਿਚ ਅਚਲ ਵਟਾਲੇ ਵਿਚ ਸ਼ਿਵਰਾਤ੍ਰੀ ਦਾ ਬਹੁਤ ਭਾਰੀ ਮੇਲਾ ਜੁੜਦਾ ਸੀ, ਜਿਸ ਵਿਚ ਦੂਰੋਂ ਦੁਰਾਡਿਓਂ ਸ਼ਿਵ ਭਗਤ ਜੋਗੀ, ਸਿੱਧ ਤੇ ਅਵਧੂਤ ਆਦਿ ਸ਼ਾਮਲ ਹੁੰਦੇ ਸਨ। ਅਜਿਹੇ ਹੀ ਇਕ ਮੇਲੇ ਵਿਚ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨਾਲ ਗੋਸ਼ਟ ਹੋਈ ਸੀ। ਭਾਵੇਂ ਹੁਣ ਵੀ ਅਚਲ ਵਿਚ ਸ਼ਿਵਰਾਤ੍ਰੀ ਧੂਮਧਾਮ ਨਾਲ ਮਨਾਈ ਜਾਂਦੀ ਹੈ, ਪਰ ਮੱਧਕਾਲੀ ਰੰਗ ਸਮਾਪਤ ਹੋ ਗਿਆ ਹੈ।

ਧਾਰਨਾ ਹੈ ਕਿ ਸ਼ਿਵਰਾਤ੍ਰੀ ਨੂੰ ਸ਼ਿਵ ਆਪਣੇ ਕੰਠ ਵਿਚੋਂ ਜ਼ਹਿਰ ਉਗਲਦਾ ਹੈ ਅਤੇ ਜ਼ਹਿਰੀਲੇ ਕਿਰਮ ਸੱਪ, ਅਠੂਏਂ ਆਦਿ ਖੁਡਾਂ ਵਿਚੋਂ ਬਾਹਰ ਨਿਕਲ ਆਉਂਦੇ ਹਨ। ਚੰਬੇ ਦੇ ਲੋਕਾਂ ਦਾ ਵਿਚਾਰ ਹੈ ਕਿ ਸਰਦੀਆਂ ਵਿਚ ਸਭ ਜ਼ਹਿਰੀਲੇ ਕਿਰਮ ਸ਼ਿਵ ਦੀ ਗੋਦੜੀ ਵਿਚ ਸਮਾ ਜਾਂਦੇ ਹਨ। ਸ਼ਿਵਰਾਤ੍ਰੀ ਨੂੰ ਸ਼ਿਵ ਆਪਣੀ ਗੋਦੜੀ ਛੰਡਦਾ ਹੈ ਅਤੇ ਉਹ ਕਿਰਮ ਧਰਤੀ ਉਤੇ ਰੀਂਘਣ ਲੱਗਦੇ ਹਨ।

## (ਸ-551) ਸ਼ਿਵ ਲਿੰਗ :

ਇੰਦਰੀ ਦੀ ਸ਼ਕਲ ਦਾ ਸਥੂਲ ਪੱਥਰ, ਜਿਸ ਨੂੰ ਸ਼ੈਵ ਮੱਤ ਵਾਲੇ, ਸ਼ਿਵ ਦਾ ਚਿੰਨ੍ਹ/ਰੂਪ ਜਾਣ ਕੇ ਪੂਜਦੇ ਹਨ। ਸ਼ਿਵ ਲਿੰਗ ਧਾਤ ਦੇ ਵੀ ਬਣੇ ਹੁੰਦੇ ਹਨ। ਸ਼ਿਵ ਲਿੰਗ ਨੂੰ ਸ਼ਿਵਾਲਿਆਂ ਵਿਚ ਰਸਮੀ ਢੰਗ ਨਾਲ ਸਥਾਪਿਤ ਕੀਤਾ ਜਾਂਦਾ ਹੈ ਅਤੇ ਪੂਜਾ ਅਰਚਾ ਅਤੇ ਆਰਤੀ ਵੇਲੇ ਉਸ ਦੇ ਉਤੇ ਮੰਧੂਰ ਧੂੜਿਆ ਜਾਂਦਾ ਅਤੇ ਫਲਾਂ ਫੁਲਾਂ ਦੀ ਭੇਟਾ ਚਾੜ੍ਹੀ ਜਾਂਦੀ ਹੈ (ਵੇਖੋ : ਲਿੰਗ ਪੂਜਾ)। ਸ਼ਿਵਰਾਤ੍ਰੀ ਵਾਲੇ ਦਿਨ ਸ਼ੈਵ ਸੰਪ੍ਰਦਾਇ ਵਾਲੇ ਆਟੇ ਜਾਂ ਗੋਹੇ ਦਾ ਸ਼ਿਵ ਲਿੰਗ ਬਣਾ ਕੇ ਪੂਜਦੇ

ਤੇ ਮਗਰੋਂ ਜਲ ਪ੍ਰਵਾਹ ਕਰ ਦੇਂਦੇ ਹਨ (ਵੇਖੋ : ਸ਼ਿਵਰਾਤ੍ਰੀ)।

(ਸ–552) **ਸ਼ਿਵਾਲਾ** :

ਸ਼ਿਵ ਜੀ ਦਾ ਮੰਦਰ; ਸ਼ਿਵਾਲਾ ਰੂਪ ਤੇ ਬਣਤਰ ਵਿਚ ਦੂਜੇ ਹਿੰਦੂ ਮੰਦਰਾਂ ਤੇ ਠਾਕੁਰ-ਦਵਾਰਿਆਂ ਤੋਂ ਵੱਖਰੀ ਤਰ੍ਹਾਂ ਦਾ ਹੁੰਦਾ ਹੈ। ਇਹ ਮੰਦਰ ਉਪਰੋਂ ਲਠ ਅਥਵਾ ਲਿੰਗ ਦੀ ਸ਼ਕਲ ਦਾ ਬਣਾਇਆ ਜਾਂਦਾ ਹੈ ਅਤੇ ਇਸ ਵਿਚ ਸ਼ਿਵ ਦੀ ਮੂਰਤੀ ਜਾਂ ਸ਼ਿਵ ਲਿੰਗ ਸਥਾਪਿਤ ਕੀਤਾ ਜਾਂਦਾ ਹੈ (ਵੇਖੋ : ਮੰਦਰ)।

(ਸ–553) **ਸ਼ਿਵੀ** :

ਗੰਧਾਰ ਦੇਸ਼ ਦੇ ਰਾਜੇ ਉਸ਼ੀਨਰ ਦਾ ਪੁਤਰ, ਜਿਸ ਦੇ ਪਰਉਪਕਾਰੀ ਸੁਭਾਵ ਅਤੇ ਦਾਨਸ਼ੀਲਤਾ ਬਾਰੇ ਮਹਾਂਭਾਰਤ ਵਿਚ ਇਕ ਰੌਚਕ ਕਥਾ ਮਿਲਦੀ ਹੈ। ਮਾਰਕੰਡੇ ਰਿਸ਼ੀ ਤੋਂ, ਸ਼ਿਵੀ ਦੀ ਮਹਿਮਾ ਸੁਣ ਕੇ, ਇੰਦਰ ਅਤੇ ਅਗਨੀ ਦੋਵੇਂ ਦੇਵਤੇ ਉਸ ਦੀ ਪ੍ਰੀਖਿਆ ਲੈਣ ਲਈ, ਤਰਤੀਬਵਾਰ ਬਾਜ਼ ਤੇ ਕਬੂਤਰ ਦਾ ਰੂਪ ਧਾਰ ਕੇ, ਸ਼ਿਵੀ ਦੇ ਕੋਲ ਪੁਜੇ। ਕਬੂਤਰ ਰਾਜੇ ਸ਼ਿਵੀ ਦੀ ਗੋਦ ਵਿਚ ਜਾ ਛੁਪਿਆ । ਬਾਜ਼ ਨੇ ਆ ਕੇ ਆਪਣਾ ਸ਼ਿਕਾਰ ਮੰਗਿਆ । ਪਰ ਰਾਜੇ ਨੇ ਕਬੂਤਰ ਨੂੰ ਬਾਜ਼ ਦੇ ਹਵਾਲੇ ਕਰਨ ਤੋਂ ਇਸ ਲਈ ਇਨਕਾਰ ਕਰ ਦਿਤਾ ਕਿ ਕਬੂਤਰ ਸ਼ਿਵੀ ਦੀ ਸ਼ਰਨ ਆਇਆ ਸੀ । ਬਾਜ਼ ਨੇ ਸ਼ਿਵੀ ਨੂੰ ਕਿਹਾ ਕਿ ਜੇ ਤੂੰ ਕਬੂਤਰ ਦੀ ਰੱਖਿਆ ਚਾਹੁੰਦਾ ਹੈਂ ਤਾਂ ਆਪਣੇ ਸਰੀਰ ਨਾਲੋਂ, ਕਬੂਤਰ ਦੇ ਤੋਲ ਦੇ ਬਰਾਬਰ ਦਾ ਮਾਸ ਕਟ ਦੇ, ਤਾਂ ਜੋ ਮੈਂ ਆਪਣੀ ਭੁਖ ਮਿਟਾ ਸਕਾਂ । ਸ਼ਿਵੀ ਨੇ ਤਰਾਜ਼ੂ ਦੇ ਇਕ ਪਲੜੇ ਵਿਚ ਕਬੂਤਰ ਰਖਿਆ ਅਤੇ ਦੂਜੇ ਪਲੜੇ ਵਿਚ ਆਪਣੇ ਸੱਜੇ ਪਟ ਦਾ ਮਾਸ, ਪਰ ਕਬੂਤਰ ਵਾਲਾ ਪਲੜਾ ਭਾਰੀ ਰਿਹਾ । ਹੋਰ ਮਾਸ ਪਾਉਣ ਨਾਲ ਪਲੜੇ ਵਿਚ ਕੋਈ ਫ਼ਰਕ ਨਹੀਂ ਸੀ ਪੈ ਰਿਹਾ। ਅਖ਼ੀਰ, ਸ਼ਿਵੀ ਖ਼ੁਦ ਪਲੜੇ ਵਿਚ ਜਾ ਬੈਠਾ । ਇਹ ਕੁਰਬਾਨੀ ਵੇਖ ਕੇ ਇੰਦਰ ਅਤੇ ਅਗਨੀ ਦੋਵੇਂ ਪ੍ਰਸੰਨ ਹੋਏ ਤੇ ਆਪਣੇ ਅਸਲੀ ਰੂਪ ਵਿਚ ਆ ਗਏ ।

ਇਕ ਹੋਰ ਕਥਾ-ਰੂਪਾਂਤਰ ਅਨੁਸਾਰ ਵਿਸ਼ਨੂੰ ਸ਼ਿਵੀ ਦੀ ਪ੍ਰੀਖਿਆ ਲੈਣ ਲਈ, ਭੁਖੇ ਬ੍ਰਾਹਮਣ ਦੇ ਭੇਸ ਵਿਚ ਸ਼ਿਵੀ ਦੇ ਕੋਲ ਗਿਆ । ਰਾਜੇ ਨੇ ਉਸ ਨੂੰ ਭੋਜਨ ਖਾਣ ਲਈ ਦਿਤਾ, ਪਰ ਬ੍ਰਾਹਮਣ ਨੇ ਕਿਹਾ ਕਿ ਉਹ ਤਾਂ ਸ਼ਿਵੀ ਦੇ ਪੁਤ੍ਰ ਵ੍ਰਿਹਦ ਗਰਭ ਦੇ ਮਾਸ ਤੋਂ ਸਿਵਾ ਹੋਰ ਕੁਝ ਨਹੀਂ ਖਾਵੇਗਾ । ਉਹ ਮਾਸ ਵੀ ਰਾਜੇ ਨੂੰ ਆਪਣੇ ਹੱਥਾਂ ਨਾਲ ਰਿੰਨ੍ਹਣਾ ਪਏਗਾ । ਸ਼ਿਵੀ ਨੇ ਉਸੇ ਤਰ੍ਹਾਂ ਕੀਤਾ । ਜਦੋਂ ਮਾਸ ਤਿਆਰ ਹੋ ਗਿਆ ਤਾਂ ਬ੍ਰਾਹਮਣ ਨੇ ਸ਼ਿਵੀ ਨੂੰ ਨਾਲ ਬਿਠਾ ਕੇ ਪਹਿਲਾਂ ਉਸ ਨੂੰ ਭੋਗ ਲਾਉਣ ਲਈ ਕਿਹਾ । ਜਦੋਂ ਸ਼ਿਵੀ ਮਾਸ ਦੀ ਬੁਰਕੀ ਮੂੰਹ ਵਿਚ ਪਾਉਣ ਲੱਗਾ ਤਾਂ ਵਿਸ਼ਨੂੰ ਨੇ ਪ੍ਰਗਟ ਹੋ ਕੇ ਸ਼ਿਵੀ ਨੂੰ ਵਰਦਾਨ ਮੰਗਣ ਲਈ ਕਿਹਾ। ਵਿਸ਼ਨੂੰ ਨੇ ਉਸੇ ਵੇਲੇ ਸ਼ਿਵੀ ਦੇ ਪੁਤਰ ਵ੍ਰਿਹਦ ਗਰਭ ਨੂੰ ਮੁੜ ਸੁਰਜੀਤ ਕਰ ਦਿਤਾ ।

(ਸ–554) **ਸ਼ਿਵੇ** :

(ਵੇਖੋ : ਮਸਾਣ) ।

(ਸ–555) **ਸਿੜ੍ਹੀ** :

ਲਕੜੀ ਦਾ ਬਣਿਆ ਹੋਇਆ ਤਖ਼ਤਾ, ਜਿਸ ਦੇ ਦੋਵੇਂ ਪਾਸੇ ਬਾਹੀਆਂ ਲੱਗੀਆਂ ਹੁੰਦੀਆਂ ਹਨ ਜਾਂ ਬਾਂਸ ਦੇ ਡੰਡਿਆਂ ਦੀ ਪਉੜੀ ਦੀ ਸ਼ਕਲ ਦਾ ਤਖ਼ਤਾ; ਸਿੜ੍ਹੀ ਦੇ ਉਤੇ ਮ੍ਰਿਤਕ ਪ੍ਰਾਣੀ ਦੀ ਦੇਹ ਨੂੰ ਲਿਟਾ ਕੇ ਸ਼ਿਵਿਆਂ ਨੂੰ ਲਿਜਾਇਆ ਜਾਂਦਾ ਹੈ (ਵੇਖੋ : ਅਰਥੀ) ।

(ਸ–556) **ਸੀਸ ਗੰਜ** :

ਸਿੱਖਾਂ ਵਿਚ ਸ਼ਹੀਦਾਂ ਦੀ ਸਿਮਰਤੀ ਵਿਚ ਬਣਾਏ ਗਏ ਸਮਾਰਗ (ਵੇਖੋ : ਸ਼ਹੀਦ)। ਮੁਗ਼ਲਾਂ ਦੇ ਰਾਜ ਸਮੇਂ ਸਿੱਖ ਗੁਰੂਆਂ ਤੋਂ ਇਲਾਵਾ ਅਨੇਕਾਂ ਗੁਰਸਿੱਖ ਸ਼ਹੀਦ ਕੀਤੇ ਗਏ । ਸ਼ਹੀਦਾਂ ਦੀ ਕਮਾਈ ਦਾ ਜ਼ਿਕਰ ਸਿੱਖ ਰੋਜ਼ ਅਰਦਾਸ ਵਿਚ ਕਰਦੇ ਹਨ ਜਿਵੇਂ "ਜਿਨ੍ਹਾਂ ਗੁਰਮੁਖਾਂ ਨਾਮ ਜਪਿਆ, ਵੰਡ ਕੇ ਛਕਿਆ, ਧਰਮ ਹੇਤ ਸੀਸ ਦਿਤੇ, ਦੇਗ ਚਲਾਈ, ਤੇਗ ਵਾਹੀ, ਚਰਖੜੀਆਂ 'ਤੇ ਚੜ੍ਹੇ, ਖੋਪਰੀਆਂ ਲੁਹਾਈਆਂ, ਬੰਦ ਬੰਦ

ਕਟਵਾਏ, ਪੁਠੀਆਂ ਖੱਲਾਂ ਉਤਰਵਾਈਆਂ, ਸੀ ਤਕ ਨਾ ਕੀਤੀ, ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਬਾਹਿਆ, ਤਿਨ੍ਹਾਂ ਸਿੰਘਾਂ ਸਿੰਘਣੀਆਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ਬੋਲੋ ਵਾਹਿਗੁਰੂ।" ਸਿੱਖਾਂ ਵਿਚ ਸ਼ਹਾਦਤ ਦਾ ਦਰਜਾ ਬੜਾ ਉਚਾ ਹੈ। ਇਸ ਲਈ ਸ਼ਹੀਦਾਂ ਦੇ ਅਸਥਾਨਾਂ ਦੀ ਯਾਤ੍ਰਾ ਦਾ ਬੜਾ ਮਹਾਤਮ ਮੰਨਿਆ ਜਾਂਦਾ ਹੈ। ਇਥੇ ਸ਼ਰਧਾਲੂ ਮੰਨਤਾਂ ਮੰਨਦੇ ਹਨ। ਧਾਰਨਾ ਹੈ ਕਿ ਸ਼ਹੀਦੀ ਵਾਲੀ ਥਾਂ ਤੇ ਮੰਨੀ ਗਈ ਸੁਖਣਾ ਕਦੇ ਬਿਰਥੀ ਨਹੀਂ ਜਾਂਦੀ। ਸਿੱਖਾਂ ਦੇ ਪ੍ਰਸਿਧ ਸੀਸ ਗੰਜ ਇਹ ਹਨ :

(1) ਗੁਰਦੁਆਰਾ ਸੀਸ ਗੰਜ ਦਿੱਲੀ : ਇਹ ਅਸਥਾਨ, ਗੁਰੂ ਤੇਗ ਬਹਾਦਰ ਦੀ ਸਿਮਰਤੀ ਵਿਚ ਚਾਂਦਨੀ ਚੌਕ ਦਿੱਲੀ ਵਿਚ ਹੈ। ਆਪ ਨੂੰ ਔਰੰਗਜ਼ੇਬ ਦੇ ਹੁਕਮ ਨਾਲ ਮਾਘ ਸੁਦੀ 5 ਸੰਮਤ 1732 ਨੂੰ ਸ਼ਹੀਦ ਕੀਤਾ ਗਿਆ ਸੀ। ਮਹਾਨ ਕੋਸ਼ (153) ਅਨੁਸਾਰ ਇਥੇ ਸ੍ਰ: ਬਘੇਲ ਸਿੰਘ ਨੇ ਸੰਮਤ 1847 ਵਿਚ ਗੁਰਦੁਆਰਾ ਬਣਾਇਆ। ਫੇਰ ਮੁਸਲਮਾਨਾਂ ਨੇ ਇਸ ਦੇ ਨਾਲ ਹੀ ਮਸੀਤ ਉਸਾਰ ਲਈ। ਅਖ਼ੀਰ ਸੰਮਤ 1914 ਨੂੰ ਰਾਜਾ ਸਰੂਪ ਸਿੰਘ ਜੀਂਦ ਪਤੀ ਨੇ ਸਰਕਾਰ ਤੋਂ ਗੁਰਦੁਆਰੇ ਦੀ ਥਾਂ ਲੈ ਕੇ ਇਥੇ ਗੁਰਦੁਆਰਾ ਬਣਾਇਆ।

(2) ਸੀਸ ਗੰਜ ਅਨੰਦਪੁਰ ਸਾਹਿਬ : ਅਨੰਦਪੁਰ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਸਿਮਰਤੀ ਵਿਚ ਬਣਿਆ ਗੁਰਦੁਆਰਾ, ਜਿਥੇ ਗੁਰੂ ਗੋਬਿੰਦ ਸਿੰਘ ਨੇ, ਗੁਰੂ ਤੇਗ ਬਹਾਦਰ ਦੇ ਦਿੱਲੀ ਤੋਂ ਲਿਆਂਦੇ ਗਏ ਸੀਸ ਦਾ ਸਸਕਾਰ ਕੀਤਾ।

(3) ਸ਼ਹੀਦ ਗੰਜ ਭਾਈ ਮਨੀ ਸਿੰਘ : ਇਹ ਸ਼ਹੀਦ ਗੰਜ ਲਾਹੌਰ ਵਿਚ ਹੈ ਜਿਥੇ ਸੰਮਤ 1794 ਵਿਚ, ਹਰਿਮੰਦਰ ਸਾਹਿਬ ਦੇ ਵਡੇ ਗ੍ਰੰਥੀ ਭਾਈ ਮਨੀ ਸਿੰਘ ਨੂੰ ਅੰਗ ਅੰਗ ਕਟ ਕੇ ਸ਼ਹੀਦ ਕੀਤਾ ਗਿਆ।

(4) ਸ਼ਹੀਦ ਗੰਜ ਭਾਈ ਤਾਰੂ ਸਿੰਘ : ਇਹ ਅਸਥਾਨ ਲਾਹੌਰ ਵਿਚ ਰੇਲਵੇ ਸਟੇਸ਼ਨ ਦੇ ਨੇੜੇ ਸਥਿਤ ਹੈ। ਇਥੇ 23 ਅੱਸੂ ਸੰਮਤ 1802 ਨੂੰ, ਭਾਈ ਤਾਰਾ ਸਿੰਘ ਦੀ ਖੋਪਰੀ ਨੂੰ ਰੰਬੀ ਨਾਲ ਉਤਾਰ ਕੇ ਸ਼ਹੀਦ ਕੀਤਾ ਗਿਆ, ਜਦੋਂ ਕਿ ਭਾਈ ਸਾਹਿਬ ਇਕ ਗਰ ਚਿੱਤ ਜਪੁਜੀ ਦਾ ਪਾਠ ਕਰ ਰਹੇ ਸਨ।

(5) ਸ਼ਹੀਦ ਗੰਜ ਸਿੰਘਣੀਆਂ : ਭਾਈ ਤਾਰੂ ਸਿੰਘ ਦੀ ਸ਼ਹੀਦ ਗੰਜ ਦੇ ਨੇੜੇ ਹੀ ਸਿੰਘਣੀਆਂ ਦਾ ਸ਼ਹੀਦ ਗੰਜ ਹੈ, ਜਿਥੇ ਅਨੇਕਾਂ ਸਿੰਘਣੀਆਂ ਨੂੰ ਬੜੇ ਦੁਖ ਤੇ ਤਸੀਹੇ ਦਿਤੇ ਗਏ ਅਤੇ ਉਨ੍ਹਾਂ ਨੇ ਆਪਣੇ ਬੱਚੇ ਟੋਟੇ ਟੋਟੇ ਕਰਵਾ ਕੇ ਹਸਦਿਆਂ ਝੋਲੀਆਂ ਵਿਚ ਪੁਆਏ। ਅਖ਼ੀਰ ਉਹ ਖ਼ੁਦ ਵੀ ਸ਼ਹੀਦ ਹੋ ਗਈਆਂ।

(6) ਸੀਸ ਗੰਜ ਲਾਹੌਰ : ਲਾਹੌਰ ਵਿਚ ਰੇਲਵੇ ਸਟੇਸ਼ਨ ਦੇ ਨੇੜੇ ਇਕ ਗੁਰਦੁਆਰਾ, ਜਿਥੇ ਇਕ ਖੂਹੀ ਵਿਚ ਮੁਗ਼ਲ ਹਾਕਮ ਅਨੇਕਾਂ ਸਿੱਖਾਂ ਨੂੰ ਸ਼ਹੀਦ ਕਰ ਕੇ ਸੁਟਦੇ ਰਹੇ।

ਦੇਸ਼ ਵਿਚ ਸ਼ਹੀਦਾਂ ਦੇ ਅਨੇਕਾਂ ਹੋਰ ਸਥਾਨ ਵੀ ਮਿਲਦੇ ਹਨ।

(ਸ-557) **ਸੀਸਧਰਨ** :

ਸ਼ਿਵ ਦੀ ਇਕ ਉਪਾਧੀ; ਪਦਮ ਪੁਰਾਣ ਅਨੁਸਾਰ ਬ੍ਰਹਮਾ ਨੂੰ ਕਾਮ-ਆਤੁਰ ਵੇਖ ਕੇ ਸ਼ਿਵ ਨੇ ਉਸ ਦਾ ਸਿਰ ਨਹੁੰਆਂ ਨਾਲ ਵਢ ਦਿਤਾ। ਪਰ ਉਹ ਸੀਸ ਸ਼ਿਵ ਦੇ ਹੱਥਾਂ ਨਾਲ ਚਿਪਕ ਗਿਆ। ਸ਼ਿਵ ਨੇ ਕਾਂਸ਼ੀ ਵਿਚ ਕਪਾਲ ਮੋਚਨ ਦੇ ਤਾਲ ਉਤੇ ਆਪਣਾ ਹੱਥ ਧੋਤਾ ਤਾਂ ਜਾ ਕੇ ਉਹ ਸੀਸ ਉਤਰਿਆ। ਇਸੇ ਘਟਨਾ ਕਾਰਨ ਸ਼ਿਵ ਨੂੰ ਸੀਸਧਰਨ ਕਿਹਾ ਜਾਣ ਲੱਗਾ (ਵੇਖੋ : ਕਪਾਲ ਮੋਚਨ)।

(ਸ-558) **ਸ਼ੀਸ਼ਾ** :

ਸ਼ੀਸ਼ੇ ਬਾਰੇ ਕਈ ਭਰਮ ਵਹਿਮ, ਵਿਸ਼ਵਾਸ਼ ਤੇ ਮਨੌਤਾਂ ਪ੍ਰਚਲਤ ਹਨ। ਸ਼ੀਸ਼ੇ ਵਿਚ ਕਿਸੇ ਦੁਖਦੇ ਅੰਗ ਨੂੰ ਵੇਖਣ ਨਾਲ ਦੁਖ ਦੂਣਾ ਹੋ ਜਾਂਦਾ ਹੈ। ਸ਼ੀਸ਼ੇ ਸਾਹਮਣੇ ਖਲੋ ਕੇ ਰੋਣ ਨਾਲ ਜੀਵਨ ਵਿਚ ਦੁਖਾਂ ਦਾ ਵਾਧਾ ਹੁੰਦਾ ਹੈ। ਇਸੇ ਲਈ ਵਡੇ ਕਹਿੰਦੇ ਹਨ ਕਿ ਸ਼ੀਸ਼ੇ ਵਿਚ ਸਦਾ ਹਸਦੇ ਮੂੰਹ ਝਾਕਣਾ ਚਾਹੀਦਾ ਹੈ। ਇਹ ਧਾਰਨਾਵਾਂ ਸਹਾਨੁਭੂਤੀ ਟੂਣੇ ਉਤੇ ਆਧਾਰਤ ਹਨ।

ਸ਼ੀਸ਼ੇ ਵਿਚ ਜੇ ਕੋਈ ਮਰਦ ਰਾਤ ਵੇਲੇ

ਮੂੰਹ ਵੇਖੇ ਤਾਂ ਉਹ ਅਗਲੇ ਜਨਮ ਵੇਸਵਾ ਦੀ ਜੂਨ ਵਿਚ ਪੈਂਦਾ ਹੈ, ਪਰ ਔਰਤਾਂ ਹਨੇਰੇ ਵਿਚ ਸ਼ੀਸ਼ਾ ਨਿਸ਼ਚਿੰਤ ਹੋ ਕੇ ਵੇਖ ਸਕਦੀਆਂ ਹਨ ।

ਘਰ ਵਿਚ ਕਿਸੇ ਦੀ ਮੌਤ ਵੇਲੇ ਸਭ ਸ਼ੀਸ਼ਿਆਂ ਨੂੰ ਜਾਂ ਤਾਂ ਉਹਲੇ ਰਖ ਦਿਤਾ ਜਾਂਦਾ ਹੈ ਜਾਂ ਉਪਰੋਂ ਕਪੜੇ ਨਾਲ ਢਕ ਦਿਤਾ ਜਾਂਦਾ ਹੈ । ਕਹਿੰਦੇ ਹਨ ਜੇ ਸ਼ੀਸ਼ੇ ਵਿਚ ਲੋਥ ਦਾ ਅਕਸ ਵਿਖਾਈ ਦੇ ਜਾਵੇ ਤਾਂ ਬਦਸ਼ਗਨੀ ਹੈ ਅਤੇ ਉਸ ਘਰ ਇਕ ਹੋਰ ਪ੍ਰਾਣੀ ਦੀ ਮੌਤ ਹੋਣ ਦਾ ਅੰਦੇਸ਼ਾ ਹੈ । ਜੇ ਲਾਪਰਵਾਹੀ ਕਾਰਨ ਸ਼ੀਸ਼ੇ ਵਿਚ ਲੋਥ ਦਾ ਅਕਸ ਪੈ ਜਾਵੇ, ਤਾਂ ਦਾਹ-ਸੰਸਕਾਰ ਕਰਨ ਵੇਲੇ ਲੋਥ ਨਾਲ ਇਕ ਪੁਤਲਾ ਬਣਾ ਕੇ ਫੂਕ ਦੇਣ ਨਾਲ, ਸੰਕਟ ਟਲ ਜਾਂਦਾ ਹੈ ।

ਕਾਰਜ ਦੇ ਆਰੰਭ ਵੇਲੇ, ਜੇ ਕਿਸੇ ਸ਼ਖ਼ਸ ਦੇ ਹੱਥੋਂ ਸ਼ੀਸ਼ਾ ਡਿਗ ਕੇ ਟੁਟ ਜਾਵੇ ਤਾਂ ਕੰਮ ਸਿਰੇ ਨਹੀਂ ਚੜ੍ਹਦਾ । ਜੇ ਘਰ ਵਿਚ ਕੋਈ ਬੀਮਾਰ ਹੋਵੇ ਤਾਂ ਸ਼ੀਸ਼ੇ ਵਿਚ ਚੀਰ ਆ ਜਾਣਾ ਅਸ਼ੁਭ ਹੈ । ਸੁਪਨੇ ਵਿਚ ਜੇ ਟੁਟਾ ਹੋਇਆ ਸ਼ੀਸ਼ਾ ਵੇਖੀਏ ਤਾਂ ਅਗਲੇ ਦਿਨ ਕੋਈ ਬੁਰੀ ਖ਼ਬਰ ਮਿਲਦੀ ਹੈ, ਜਿਸ ਨਾਲ ਦਿਲ ਟੁਟ ਜਾਂਦਾ ਹੈ ।

ਪੰਜਾਬੀ ਕਥਾਵਾਂ ਵਿਚ ਚਰਿਤ੍ਰ-ਬੋਧ ਸ਼ੀਸ਼ੇ ਦਾ ਵੀ ਜ਼ਿਕਰ ਮਿਲਦਾ ਹੈ । ਇਸ ਕਿਸਮ ਦੇ ਸ਼ੀਸ਼ੇ ਵਿਚ ਪਤੀਬ੍ਰਤ ਨਾਰ ਦਾ ਚਿਹਰਾ ਤਾਂ ਸਾਫ਼ ਵਿਖਾਈ ਦੇਂਦਾ ਹੈ, ਪਰ ਚਰਿਤ੍ਰਹੀਨ ਦਾ ਧੁੰਧਲਾ । ਇਕ ਲੋਕ-ਕਥਾ ਅਨੁਸਾਰ ਪਰਦੇਸ ਵਿਚ ਗਏ ਇਕ ਸੌਦਾਗਰ ਨੂੰ ਕੋਈ ਜੋਗੀ ਚਰਿਤ੍ਰ-ਬੋਧ ਸ਼ੀਸ਼ਾ ਦੇਂਦਾ ਹੈ । ਘਰ ਆ ਕੇ ਸੌਦਾਗਰ ਜਦੋਂ ਆਪਣੀ ਇਸਤ੍ਰੀ ਦੀ ਪ੍ਰੀਖਿਆ ਲੈਣ ਲਗਦਾ ਹੈ, ਤਾਂ ਉਸ ਦੀ ਤੀਵੀਂ ਜੋ ਮਗਰੋਂ ਯਾਰਾਂ ਨੂੰ ਭੋਗਦੀ ਰਹੀ ਸੀ, ਟਾਲ ਮਟੋਲੇ ਕਰਦੀ ਹੈ । ਉਹ ਰਾਤ ਵੇਲੇ ਉਸ ਸ਼ੀਸ਼ੇ ਵਿਚ ਚੋਰੀ ਮੂੰਹ ਵੇਖਦੀ ਹੈ ਤਾਂ ਆਪਣਾ ਚਿਹਰਾ ਧੁੰਧਲਾ ਪਿਆ ਵੇਖ ਕੇ ਘਬਰਾ ਜਾਂਦੀ ਹੈ । ਉਹ ਸ਼ੀਸ਼ੇ ਨੂੰ ਫ਼ਰਸ਼ ਉਤੇ ਸੁਟ ਕੇ ਚੂਰ ਚੂਰ ਕਰ ਦੇਂਦੀ ਹੈ । ਪਰ ਫ਼ਰਸ਼ ਤੇ ਡਿਗਦੇ ਸਾਰ ਸ਼ੀਸ਼ੇ ਦੀਆਂ ਉਤਨੀਆਂ ਹੀ ਟੁਕੜੀਆਂ ਹੋ ਜਾਂਦੀਆਂ ਹਨ ਜਿਤਨੇ ਉਸ ਨੇ ਯਾਰ ਭੋਗੇ ਸਨ । ਨਾਲ ਹੀ ਹਰ ਟੁਕੜੀ ਵਿਚ ਉਸ ਦੇ ਯਾਰ ਦੀ ਛਬੀ ਪ੍ਰਗਟ ਹੋ ਜਾਂਦੀ ਹੈ । ਸ਼ੀਸ਼ੇ ਦੇ ਡਿਗਣ ਦੀ ਆਵਾਜ਼ ਸੁਣ ਕੇ ਉਸ ਦਾ ਪਤੀ ਜਾਗ ਪੈਂਦਾ ਹੈ ਅਤੇ ਅਸਲੀਅਤ ਜਾਣ ਕੇ ਆਪਣੀ ਪਤਨੀ ਨੂੰ ਘਰੋਂ ਕਢ ਦੇਂਦਾ ਹੈ ।

ਪੰਜਾਬੀ ਦੀ ਇਕ ਹੋਰ ਕਥਾ ਵਿਚ ਇਕ ਸ਼ਹਿਜ਼ਾਦਾ ਕਿਸੇ ਅਦਭੁਤ ਦੇਸ਼ ਵਿਚੋਂ ਇਕ ਅਜਿਹਾ ਸ਼ੀਸ਼ਾ ਖ਼ਰੀਦ ਕੇ ਲਿਆਉਂਦਾ ਹੈ, ਜਿਸ ਦੇ ਸਾਹਮਣੇ ਜਿਸ ਵਿਅਕਤੀ ਦਾ ਨਾਂ ਲਿਆ ਜਾਵੇ, ਉਸ ਦੀ ਅਸਲੀ ਤਸਵੀਰ ਆ ਜਾਂਦੀ ਹੈ ਅਤੇ ਉਸ ਦੇ ਹਰਖ ਸੋਗ ਦਾ ਝਟ ਪਤਾ ਚਲ ਜਾਂਦਾ ਹੈ । ਲੋਕ-ਕਹਾਣੀਆਂ ਵਿਚ ਸ਼ੀਸ਼-ਨਗਰੀਆਂ ਦਾ ਵੀ ਵਰਨਣ ਮਿਲਦਾ ਹੈ, ਜਿਥੋਂ ਦੇ ਲੋਕ ਸ਼ੀਸ਼ੇ ਦੇ ਕਪੜੇ ਪਹਿਨਦੇ ਅਤੇ ਸ਼ੀਸ਼ੇ ਦੇ ਮਕਾਨਾਂ ਵਿਚ ਵਸਦੇ ਹਨ । ਬ੍ਰਿਛ ਵੇਲਾਂ ਤੇ ਪੌਦੇ ਵੀ ਸ਼ੀਸ਼ੇ ਦੇ ਹਨ । ਇਥੋਂ ਤਕ ਕਿ ਸ਼ਹਿਰ ਦੀਆਂ ਸੜਕਾਂ ਵੀ ਸ਼ੀਸ਼ੇ ਦੀਆਂ ਹਨ ।

ਵਿਆਹ ਅਤੇ ਕਈ ਹੋਰ ਸੰਸਕਾਰਾਂ ਤੇ ਰਸਮਾਂ ਰੀਤਾਂ ਸਮੇਂ ਨਾਈ ਦੂਲ੍ਹੇ ਅਤੇ ਭਾਈਚਾਰੇ ਦੇ ਲੋਕਾਂ ਨੂੰ ਸ਼ੀਸ਼ਾ ਵਿਖਾ ਕੇ ਉਨ੍ਹਾਂ ਤੋਂ ਆਪਣੀ ਲਾਗ ਲੈਂਦਾ ਹੈ । ਇਸ ਰੀਤ ਨੂੰ 'ਸ਼ੀਸ਼ਾ ਵਿਖਾਈ' ਕਹਿੰਦੇ ਹਨ । ਕਈ ਥਾਈਂ ਨਾਇਣ ਵੀ ਦੁਲ੍ਹਨ ਤੇ ਉਸ ਦੀਆਂ ਅੰਗ-ਸਹੇਲੀਆਂ ਨੂੰ ਸ਼ੀਸ਼ਾ ਵਿਖਾ ਕੇ ਲਾਗ ਲੈਂਦੀ ਹੈ ।

(ਸ-559) **ਸ਼ੀਸ਼ਾ ਵਿਖਾਈ** :

(ਵੇਖੋ : ਸ਼ੀਸ਼ਾ) ।

(ਸ-560) **ਸ਼ੀਂਹ ਰਾਸ਼ੀ** :

ਬਾਰਾਂ ਰਾਸ਼ੀਆਂ ਵਿਚੋਂ ਇਕ ਰਾਸ਼ੀ; ਇਸ ਰਾਸ਼ੀ ਦਾ ਚਿਹਨ ਚਕਰ ਸ਼ੇਰ ਦਾ ਹੈ । ਪੁਰਾਣਾਂ ਅਨੁਸਾਰ ਸ਼ੀਂਹ ਰਾਸ਼ੀ ਦਾ ਪ੍ਰਧਾਨ ਦੇਵਤਾ ਰਵੀ ਹੈ ਅਤੇ ਰੰਗ ਪੀਲਾ । ਇਸੇ ਲਈ ਸ਼ੀਂਹ ਰਾਸ਼ੀ ਵਿਚ ਜੰਮੇ ਸ਼ਖ਼ਸ ਨੂੰ ਖੱਟੇ ਜਾਂ ਬਦਾਮੀ ਰੰਗ ਦਾ ਹੀਰਾ ਸ਼ੁਭ ਬੈਠਦਾ ਹੈ । ਜੋਤਿਸ਼ ਵਿੱਦਿਆ ਅਨੁਸਾਰ ਸ਼ੀਂਹ ਰਾਸ਼ੀ ਵਿਚ ਜੰਮੇ ਬਾਲ ਬੜੇ ਪ੍ਰਾਕ੍ਰਮੀ, ਸਾਹਸੀ ਤੇ ਪ੍ਰਤਾਪੀ ਹੁੰਦੇ ਹਨ । ਉਹ ਸੁਭਾਓ ਵਲੋਂ ਖੁਲ੍ਹ ਖ਼ਿਆਲੀਏ ਪਰ ਆਕ੍ਰਮਣਸ਼ੀਲ ਹੁੰਦੇ ਹਨ । ਵਾਦ-ਵਿਵਾਦ ਤੇ ਚਰਚਾ ਵਿਚ ਵਧੇਰੇ ਉਲਝਦੇ ਹਨ । ਕਾਵਿ ਤੇ ਸੰਗੀਤ ਵਿਚ

ਖ਼ਾਸ ਲਗਾਓ ਰਖਦੇ ਅਤੇ ਸ਼ਹਰ ਦੇ ਵੀ ਖ਼ਾਸ ਸ਼ੌਕੀਨ ਹੁੰਦੇ ਹਨ। ਪਰ ਸ਼ੀਂਹ ਰਾਸ਼ੀ ਵਾਲੇ ਸ਼ਖ਼ਸ ਦਾ ਪੇਟ, ਛਾਤੀ ਤੇ ਦੰਦ ਆਮ ਤੌਰ 'ਤੇ ਖ਼ਰਾਬ ਰਹਿੰਦੇ ਹਨ।

ਹਿੰਦੂ ਪੁਰਾਣਧਾਰਾ ਤੇ ਸੰਸਕ੍ਰਿਤੀ ਵਿਚ ਸ਼ੀਂਹ ਨੂੰ ਬੜੀ ਮਹੱਤਤਾ ਪ੍ਰਾਪਤ ਹੈ। ਵਿਸ਼ਨੂੰ ਪੁਰਾਣ ਅਨੁਸਾਰ ਵਿਸ਼ਨੂੰ ਦੇਵਤੇ ਨੇ ਪ੍ਰਹਿਲਾਦ ਦੀ ਰੱਖਿਆ ਹਿੱਤ ਹਰਨਾਖਸ਼ ਦੇ ਸੰਘਾਰ ਵੇਲੇ, ਨਰਸਿੰਘ ਦਾ ਅਵਤਾਰ ਧਾਰਨ ਕੀਤਾ, ਜੋ ਅੱਧਾ ਸ਼ੀਂਹ ਤੇ ਅੱਧਾ ਨਰ ਸੀ (ਵੇਖੋ : ਨਰਸਿੰਘ)।

ਸ਼ੀਂਹ ਕਈ ਦੇਵੀ ਦੇਵਤਿਆਂ ਦਾ ਵਾਹਨ ਹੈ। ਦੁਰਗਾ ਦੇਵੀ ਜਿਸ ਨੂੰ ਚੰਡੀ ਦੇਵੀ ਵੀ ਆਖਦੇ ਹਨ, ਸ਼ੀਂਹ ਦੀ ਸਵਾਰੀ ਕਰਦੀ ਹੈ। ਸ਼ੀਂਹ ਹੜੰਬਾ ਦੇਵੀ ਦਾ ਵੀ ਵਾਹਨ ਹੈ। ਦੇਵੀ ਦੇ ਅਨੇਕਾਂ ਮੰਦਰਾਂ ਦੇ ਬਾਹਰ ਸ਼ੀਂਹ ਦੀ ਮੂਰਤੀ ਬਣੀ ਹੁੰਦੀ ਹੈ। ਜੈਨਮਤ ਵਿਚ ਰਾਹੂ ਗ੍ਰਹਿ ਦਾ ਵਾਹਨ ਸ਼ੀਂਹ ਹੈ। ਗੁਰੂ ਗੋਬਿੰਦ ਸਿੰਘ ਨੇ ਤਲਵਾਰ ਨੂੰ 'ਸ਼ੀਹਣ ਸਾਰ ਦੀ' ਭਾਵ ਲੋਹੇ ਦੀ ਸ਼ੇਰਨੀ ਕਿਹਾ ਹੈ।

ਪੁਰਾਣੇ ਜ਼ਮਾਨੇ ਵਿਚ ਹਿੰਦੂ ਰਾਜਿਆਂ ਦੇ ਤਖ਼ਤਾਂ ਦੀ ਬਨਾਵਟ ਸ਼ੀਂਹ ਦੀ ਸ਼ਕਲ ਦੀ ਹੁੰਦੀ ਸੀ। ਇਸੇ ਲਈ ਤਖ਼ਤ ਨੂੰ ਸਿੰਘਾਸਨ ਕਿਹਾ ਜਾਣ ਲੱਗਾ। ਧਾਰਨਾ ਸੀ ਕਿ ਸ਼ੀਂਹ ਦੇ ਸ਼ਕਲ ਦੇ ਆਸਨ ਉਤੇ ਬੈਠਾ ਰਾਜਾ ਸ਼ੇਰ ਵਾਂਗ ਹੀ ਪ੍ਰਾਕ੍ਰਮੀ, ਅਜਿਤ ਤੇ ਅਡੋਲ ਰਹਿੰਦਾ ਹੈ। ਇਹ ਵਿਚਾਰ ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ। ਪੁਰਾਣੇ ਰਾਜਿਆਂ ਤੇ ਪਾਤਸ਼ਾਹਾਂ ਦੇ ਮਹਿਲ ਦੇ ਵਡੇ ਦਰਵਾਜ਼ੇ ਅੱਗੇ ਸ਼ੀਂਹ ਦੀਆਂ ਮੂਰਤੀਆਂ ਇਸੇ ਭਾਵ ਨਾਲ ਟਿਕਾਈਆਂ ਜਾਂਦੀਆਂ ਸਨ ਕਿ ਇਕ ਤਾਂ ਚੰਦਰੀ ਆਤਮਾ ਕਿਲ੍ਹੇ ਦੇ ਅੰਦਰ ਦਾਖ਼ਲ ਨਹੀਂ ਸੀ ਹੋ ਸਕਦੀ; ਦੂਜਾ, ਸ਼ੀਂਹ-ਦੁਆਰ ਵਾਲਾ ਕਿਲ੍ਹਾ ਅਜਿਤ ਸਮਝਿਆ ਜਾਂਦਾ ਸੀ।

ਪ੍ਰਾਚੀਨ ਕਾਲ ਵਿਚ ਕਈ ਜਾਤੀਆਂ ਦਾ ਪਿਤਰੀ ਚਿੰਨ੍ਹ (Totem) ਵੀ ਸ਼ੀਂਹ ਸੀ, ਉਨ੍ਹਾਂ ਨੇ ਜੋ ਨਗਰ ਵਸਾਏ ਉਨ੍ਹਾਂ ਦੇ ਨਾਉਂ ਵੀ ਸ਼ੀਂਹ ਨਾਲ ਸੰਬੰਧਤ ਸਨ। ਪੱਛਮੀ ਪੰਜਾਬ ਵਿਚ ਨਿਮਕ ਦੀਆਂ ਪਹਾੜੀਆਂ ਵਿਚ ਸ਼ੀਂਹਪੁਰਾ ਇਕ ਪ੍ਰਸਿਧ ਕਸਬਾ ਹੈ।

ਹਿੰਦੂਆਂ ਦੇ ਕਈ ਉਤਸ਼ਵ ਵੀ ਸ਼ੀਂਹ ਨਾਲ ਸੰਬੰਧਿਤ ਹਨ, ਜਿਵੇਂ ਫਗਣ ਸ਼ੁਕਲ ਦੁਆਦਸ਼ੀ ਨੂੰ ਨਰਸਿੰਘ ਦੁਆਦਸ਼ੀ ਅਤੇ ਸਾਵਣ ਸ਼ੁਕਲ ਦੁਆਦਸ਼ੀ ਨੂੰ ਸ਼ੀਂਹ ਸੰਕਰਮਣਾ ਦਾ ਪੁਰਬ ਮਨਾਇਆ ਜਾਂਦਾ ਹੈ।

## (ਸ-561) **ਸੀਹਰਫੀ** :

ਪੰਜਾਬੀ ਦਾ ਇਕ ਪ੍ਰਾਚੀਨ ਕਾਵਿ-ਰੂਪ, ਜੋ ਸ਼ਬਦ ਦੀ ਸਹਿਜ ਸ਼ਕਤੀ ਉਤੇ ਆਧਾਰਿਤ ਹੈ। ਆਦਿਮ ਮਾਨਵ ਸ਼ਬਦਾਂ ਅਥਵਾ ਧੁਨੀ-ਸਮੂਹਾਂ ਵਿਚ ਇਕ ਅਲੌਕਿਕ ਸ਼ਕਤੀ ਮੰਨਦਾ ਸੀ, ਜਿਸ ਨੂੰ ਉਹ ਕਾਵਿ ਜਾਂ ਮੰਤ੍ਰ ਵਿਚ ਜਾਗਰੂਪ ਕਰ ਕੇ, ਆਪਣੇ ਮੰਤਵ ਦੀ ਸਿੱਧੀ ਲਈ ਵਰਤਦਾ ਸੀ। ਆਦਿਮ ਮਾਨਵ ਦੀ ਸ਼ਬਦ ਸ਼ਕਤੀ ਦੇ ਸੰਕਲਪ ਵਿਚੋਂ ਹੀ ਵਰਣਮਾਲਾ-ਕਾਵਿ ਦਾ ਉਦੈ ਹੋਇਆ। ਵਰਣਮਾਲਾ ਕਾਵਿ ਵਿਚ ਅੱਖਰ/ਸ਼ਬਦ/ਧੁਨੀ ਕਾਵਿ-ਭਾਵਨਾਵਾਂ ਨੂੰ ਉਜਾਗਰ ਕਰਨ ਵਿਚ ਸਹਾਈ ਹੋਣ ਕਰ ਕੇ, ਉਦੀਪਨ ਦਾ ਦਰਜਾ ਰਖਦੇ ਹਨ।

ਪੰਜਾਬ ਵਿਚ ਤਿੰਨ ਲਿਪੀਆਂ ਹੀ ਵਧੇਰੇ ਪ੍ਰਚਲਤ ਸਨ ਅਤੇ ਬਹੁਤਾ ਸਾਹਿੱਤ ਇਨ੍ਹਾਂ ਤਿੰਨਾਂ ਵਿਚ ਹੀ ਰਚਿਆ ਗਿਆ। ਇਨ੍ਹਾਂ ਤਿੰਨਾਂ ਲਿਪੀਆਂ — ਪੰਜਾਬੀ, ਦੇਵਨਾਗਰੀ ਤੇ ਫ਼ਾਰਸੀ ਤੋਂ ਤਿੰਨ ਵਰਣਾਂ ਨਾਲ ਸੰਬੰਧਿਤ ਕਾਵਿ ਰੂਪਾਂ ਦਾ ਉਦੈ ਹੋਇਆ, ਜੋ ਅੱਖਰਾ ਦੀ ਗਿਣਤੀ ਦੇ ਆਧਾਰ ਉਤੇ ਪੈਂਤੀ, ਬਾਵਣ ਅੱਖਰੀ ਅਤੇ ਸੀਹਰਫੀ ਅਖਵਾਏ। ਜੋਗੀਆ ਵਿਚ ਚੌਂਤੀ ਅੰਕ ਤੇ ਅੱਖਰਾਂ ਦੀ ਮਹਾਨਤਾ ਰਹੀ ਹੈ। ਇਸ ਲਈ ਉਨ੍ਹਾਂ ਨੇ ਚੌਂਤੀਸ ਅੱਖਰੀਆਂ ਲਿਖੀਆ (ਵੇਖੋ : ਸ਼ਿਵ ਚੌਂਤਰੀ)।

ਸੀਹਰਫੀ ਦਾ ਸ਼ਾਬਦਿਕ ਅਰਥ 'ਤੀਹ ਅੱਖਰਾਂ ਵਾਲੀ' ਰਚਨਾ ਹੈ। ਮੁਸਲਮਾਨਾਂ ਵਿਚ ਤੀਹ ਦਾ ਅੰਕ ਧਰਮ, ਕਾਵਿ ਤੇ ਸਾਹਿੱਤ ਤਿੰਨਾਂ ਖੇਤਰਾਂ ਵਿਚ ਖ਼ਾਸ ਵਿਸ਼ੇਸ਼ਤਾ ਰਖਦਾ ਹੈ, ਕਿਉਂ ਜੋ ਮੁਸਲਮਾਨਾਂ ਦਾ ਧਰਮ ਗ੍ਰੰਥ ਕੁਰਆਨ, ਤੀਹ ਸਿਪਾਰਿਆਂ ਵਿਚ ਵੰਡਿਆ ਹੋਇਆ ਹੈ। ਮੁਸਲਮਾਨਾਂ ਲਈ ਤੀਹ ਸੰਪੂਰਨਤਾ ਦਾ ਬੋਧਿਕ

ਹੈ; ਇਸੇ ਲਈ ਤੀਹ ਸਿਪਾਰੇ ਦੇ ਅਨੁਕਰਣ ਵਿਚ ਹੀ ਸੀਹਰਫ਼ੀ ਦੇ ਤੀਹ ਬੰਦਾਂ ਦੀ ਕਲਪਨਾ ਕੀਤੀ ਗਈ ਭਾਵੇਂ ਅਰਬੀ ਦੇ 'ਅਬਜਦ' ਦੇ ਹਰਫ਼ਾਂ ਦੀ ਗਿਣਤੀ ਅਠਾਈ ਬਣਦੀ ਹੈ, ਪਰ ਉਸ ਵਿਚ ਪਹਿਲੇ ਤੇ ਅਖੀਰਲੇ ਅੱਖਰ ਅਲਫ਼ ਤੇ ਯੇ ਦਾ, ਦੁਬਾਰਾ ਪ੍ਰਯੋਗ ਕਰ ਕੇ, ਤੀਹ ਅੱਖਰ ਪੂਰੇ ਕਰ ਲਏ ਗਏ ਹਨ।

ਪੰਜਾਬੀ ਵਿਚ ਸਭ ਤੋਂ ਪੁਰਾਣੀ ਸੀਹਰਫ਼ੀ ਮਸਊਦ ਸਾਅਦ ਸਲਮ ਦੀ ਦਸੀ ਜਾਂਦੀ ਹੈ, ਜੋ ਮਹਿਮੂਦ ਗ਼ਜ਼ਨਵੀ ਦੇ ਪੁਤਰ ਦਾ ਦਰਬਾਰੀ ਕਵੀ ਸੀ, ਪਰ ਉਹ ਸੀਹਰਫ਼ੀ ਉਪਲਬਧ ਨਹੀਂ। ਪ੍ਰਾਪਤ ਸੀਹਰਫ਼ੀਆਂ ਵਿਚ ਸਭ ਤੋਂ ਪੁਰਾਣੀ ਸੀਹਰਫ਼ੀ ਪੁਰਾਤਨ ਜਨਮ ਸਾਖੀ ਵਿਚ ਮਿਲਦੀ ਹੈ। ਰਵਾਇਤ ਅਨੁਸਾਰ ਇਹ ਸੀਹਰਫ਼ੀ ਗੁਰੂ ਨਾਨਕ ਦੇਵ ਦੀ ਰਚਨਾ ਹੈ। ਪਰ ਇਸ ਦੇ ਕਰਤਾ ਅਤੇ ਸਮੇਂ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਹੈ। ਨਮੂਨਾ ਇਹ ਹੈ :

ਅਲਫ — ਅਲਹ ਕਉ ਯਾਦਿ ਕਰਿ,
ਗਫਲਤ ਮਨਹੁ ਵਿਸਾਰ
ਸਾਸ ਪਲਟੇ ਨਾਮ ਬਿਨੁ,
ਧ੍ਰਿਗ ਜੀਵਨ ਸੰਸਾਰ।

ਜਾਪਦਾ ਹੈ ਕਿ ਇਹ ਸੀਹਰਫ਼ੀ ਕਿਸੇ ਗੁਰਸਿਖ ਨੇ ਗੁਰੂ ਨਾਨਕ ਦੇਵ ਦੀ ਰਚਨਾ 'ਪਟੀ' ਦੇ ਅਨੁਕਰਣ ਵਿਚ ਹੀ ਰਚੀ। ਗਿਆਤ ਕਵੀਆਂ ਵਿਚ ਸਭ ਤੋਂ ਪਹਿਲੀ ਸੀਹਰਫ਼ੀ ਸੁਲਤਾਨ ਬਾਹੂ (1629–1690 ਈਸਵੀ) ਦੀ ਕ੍ਰਿਤ ਹੈ :

ਅਲਫ ਅੱਲਾ ਚੰਬੇ ਦੀ ਬੂਟੀ,
ਮੁਰਸ਼ਦ ਮੇਰੇ ਮਨ ਲਾਈ ਹੂ
ਨਫ਼ੀ ਅਸਬਾਤ ਦਾ ਪਾਣੀ ਮਿਲਿਆ
ਹਰ ਗਲੇ ਹਰ ਜਾਈ ਹੂ।

ਪੰਜਾਬ ਵਿਚ ਸੀਹਰਫ਼ੀ ਦਾ ਪਰੰਪਰਾ ਦਾ ਆਪਣਾ ਗੌਰਵ ਰਿਹਾ ਹੈ। ਸੁਲਤਾਨ ਬਾਹੂ ਅਤੇ ਅਲੀ ਹੈਦਰ ਆਦਿ ਸੂਫ਼ੀਆਂ ਨੇ ਇਸ ਕਾਵਿ ਨੂੰ ਸੂਫ਼ੀ ਚਿੰਤਨ ਦਾ ਮਾਧਿਅਮ ਬਣਾਇਆ। ਦੂਜੇ ਪਾਸੇ ਕਾਦਰਯਾਰ ਅਤੇ ਕਈ ਹੋਰ ਕਿੱਸਾਕਾਰਾਂ ਨੇ ਸੀਹਰਫ਼ੀਆਂ ਵਿਚ ਕਿੱਸੇ ਰਚੇ, ਜਿਸ ਤੋਂ ਇਸ ਕਾਵਿ-ਰੂਪ ਦੀ ਵਿਆਪਕਤਾ ਦਾ ਅਨੁਮਾਨ ਸਹਿਜੇ ਹੀ ਲੱਗ ਜਾਂਦਾ ਹੈ।

ਰੂਪ ਦੇ ਪੱਖੋਂ ਸੀਹਰਫ਼ੀ ਵਿਚ ਵੰਨਗੀ ਤੇ ਖੁਲ੍ਹ ਮਿਲਦੀ ਹੈ। ਸੀਹਰਫ਼ੀਆਂ ਵਿਚ ਦੋਹਰਾ, ਦਵਈਆ, ਡਿਓਢ, ਬੈਂਤ ਆਦਿ ਕਈ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਤੀਹ ਬੰਦਾਂ ਦੀ ਵੀ ਬੰਦਸ਼ ਨਹੀਂ। ਕਈ ਸੀਹਰਫ਼ੀਆਂ ਵਿਚ ਇਕ ਇਕ ਅੱਖਰ ਦੇ ਕਈ ਕਈ ਬੰਦ ਹਨ ਅਤੇ ਕੁਝ ਸੀਹਰਫ਼ੀਆਂ ਵਿਚ ਕੁਝ ਅੱਖਰਾਂ ਨੂੰ ਤਿਆਗ ਵੀ ਦਿਤਾ ਗਿਆ ਹੈ।

ਸੀਹਰਫ਼ੀਆਂ ਵਿਚ ਹਰ ਤਰ੍ਹਾਂ ਦੇ ਵਿਸ਼ੇ ਹਨ। ਕੁਝ ਸੀਹਰਫ਼ੀਆਂ ਬੇਸ਼ਕ ਇਸ਼ਕ ਮੁਹੱਬਤ ਅਤੇ ਸੰਜੋਗ-ਵਿਜੋਗ ਦੇ ਤੀਬਰ ਭਾਵਾਂ ਦਾ ਹੀ ਪ੍ਰਵਾਹ ਹਨ, ਪਰ ਅਧਿਆਤਮਕ ਭਾਵਨਾ, ਨੈਤਿਕਤਾ ਅਤੇ ਗੁਰ-ਪੀਰ ਮਹਿਮਾ ਦੀਆਂ ਸੀਹਰਫ਼ੀਆਂ ਦੀ ਵੀ ਥੁੜ ਨਹੀਂ; ਇਹ ਕਾਵਿ ਹਰ ਤਰ੍ਹਾਂ ਦੀ ਭਾਵਭੂਮੀ ਪ੍ਰਗਟਾਣ ਦੇ ਸਮਰੱਥ ਹੈ।

## (ਸ–562) ਸੀਤ ਪ੍ਰਸ਼ਾਦਿ :

ਉਹ ਪ੍ਰਸ਼ਾਦਿ ਜਿਸ ਨੂੰ ਕਿਸੇ ਗੁਰੂ ਪੀਰ ਜਾਂ ਸਾਧ ਸੰਤ ਨੇ ਭੋਗ ਲਗਾਇਆ ਹੋਵੇ। ਪਿੰਡਾਂ ਵਿਚ ਤੀਵੀਆਂ ਜਦੋਂ ਸੰਤਾਂ ਸਾਧਾਂ ਨੂੰ ਦੁੱਧ ਦਾ ਕਟੋਰਾ ਪੀਣ ਲਈ ਦੇਂਦੀਆਂ ਹਨ, ਤਾਂ ਉਹ ਇਕ ਘੁਟ ਭਰ ਕੇ, ਬਾਕੀ ਦੁੱਧ ਮੋੜ ਦੇਂਦੇ ਹਨ। ਸ਼ਰਧਾਲੂ ਉਸ ਦੁੱਧ ਨੂੰ ਸੀਤ ਪ੍ਰਸ਼ਾਦਿ ਜਾਣ ਕੇ ਘੁਟ ਘੁਟ ਵੰਡ ਕੇ ਪੀਂਦੇ ਹਨ। ਦੁੱਧ ਤੋਂ ਬਿਨਾਂ ਅੰਨ, ਜਲ, ਫਲ ਆਦਿ ਨੂੰ ਵੀ ਭੋਗ ਲਗਾਉਣ ਦੀ ਪ੍ਰਥਾ ਹੈ।

ਧਾਰਨਾ ਹੈ ਕਿ ਗੁਰੂ/ਸੰਤ ਆਦਿ ਵਲੋਂ ਭੋਗ ਲਗਾਏ ਗਏ ਪ੍ਰਸ਼ਾਦਿ ਵਿਚ, ਉਨ੍ਹਾਂ ਦੇ ਦੈਵੀ ਗੁਣਾਂ ਤੇ ਪ੍ਰਭੁਤਾ ਦਾ ਕਝ ਅੰਸ਼, ਸਹਿਜ ਰੂਪ ਵਿਚ ਰਚ ਜਾਂਦਾ ਹੈ, ਜੋ ਪ੍ਰਸ਼ਾਦਿ ਗ੍ਰਹਿਣ ਕਰਨ ਵਾਲੇ ਅਨੁਯਾਈ ਵਿਚ ਸੁਤੇ ਸਿਧ ਲੀਨ ਹੋ ਕੇ, ਉਸ ਵਿਚ ਦੈਵੀ ਗੁਣਾਂ ਦਾ ਸੰਚਾਰ ਕਰਦਾ ਹੈ। ਇਹ ਵਿਚਾਰ ਸਹਨਭੂਤੀ ਟੂਣੇ ਉਤੇ ਆਧਾਰਿਤ ਹਨ। ਆਮ ਬੋਲੀ ਵਿਚ ਇਹੋ ਕਿਹਾ ਜਾਂਦਾ ਹੈ ਕਿ ਸੀਤ ਪ੍ਰਸ਼ਾਦਿ ਵਿਚ ਬਰਕਤ ਹੁੰਦੀ ਹੈ। ਇਸ ਪ੍ਰਸ਼ਾਦਿ ਦਾ ਨਾਂ ਸੀਤ ਇਸ ਲਈ ਰਖਿਆ ਗਿਆ ਹੈ ਕਿਉਂ ਜੋ ਇਹ ਮਨ ਵਿਚ ਨਿਰਮਲ

ਤੇ ਸਾਤ ਬਾਵਾਂ ਦਾ ਉਦੈ ਕਰਦਾ ਹੈ।

(ਸ-563) **ਸੀਤਲ ਮੁਦਰਾ** :

ਬੈਰਾਗੀ ਸਾਧੂਆਂ ਵਿਚ, ਆਪਣੇ ਸਰੀਰ ਦੇ ਅੰਗਾਂ, ਖ਼ਾਸ ਕਰ ਕੇ ਸੱਜੀ ਬਾਂਹ ਉਤੇ ਦੇਵੀ ਚਿੰਨ੍ਹ ਉਕਰਨ ਦੀ ਇਕ ਵਿਧੀ। ਜੇ ਲੋਹੇ ਨੂੰ ਅੱਗ ਵਿਚ ਤਾਅ ਕੇ ਅੰਗਾਂ ਉਤੇ ਚਿੰਨ੍ਹ ਉਕਰੇ ਜਾਣ, ਤਾਂ ਇਸ ਨੂੰ 'ਤਪਤ ਮੁਦਰਾ' ਕਹਿੰਦੇ ਹਨ ਅਤੇ ਇਹ ਨਿਸ਼ਾਨ ਹਮੇਸ਼ਾਂ ਲਈ ਸਰੀਰ ਉਤੇ ਅੰਕੇ ਜਾਂਦੇ ਹਨ, ਪਰ ਜੇ ਸੰਧੂਰ ਤੇ ਚੰਦਨ ਆਦਿ ਦੁਆਰਾ ਚਿੰਨ੍ਹ ਉਕਰੇ ਜਾਣ ਤਾਂ ਇਹ ਸੀਤਲ ਮੁਦਰਾ ਹੈ। ਆਮ ਤੌਰ ਉਤੇ ਸੰਖ, ਚਕ੍ਰ, ਗਦਾ ਤੇ ਕੰਵਲ ਆਦਿ ਦੇ ਚਿੰਨ੍ਹ ਅੰਕੇ ਜਾਂਦੇ ਹਨ। ਵਿਸ਼ਨੂੰ ਦੇ ਅਨੁਯਾਈ ਆਪਣੇ ਪਿੰਡੇ ਉਤੇ ਸੰਖ ਦੀ ਮੁਦਰਾ ਅੰਕਦੇ ਹਨ, ਪਰ ਸ਼ਿਵ ਜੀ ਦੇ ਪੈਰੋਕਾਰ ਤ੍ਰਿਸੂਲ ਦੀ ਮੁਦਰਾ।

(ਸ-564) **ਸੀਤਲਾ** :

ਚੇਚਕ ਦੇ ਰੋਗ ਦੀ ਦੇਵੀ; ਸੀਤਲਾ ਨੂੰ 'ਠੰਢੀ ਮਾਤਾ', 'ਵੱਡੀ ਮਾਤਾ', 'ਫਫਰੋਲੇ ਵਾਲੀ' ਵੀ ਕਿਹਾ ਜਾਂਦਾ ਹੈ। ਸੀਤਲਾ ਦੁਰਗਾ ਦਾ ਹੀ ਛੋਟੇ ਪੱਧਰ ਉਤੇ ਪ੍ਰਕਾਸ਼ ਜਾਂ ਰੂਪਾਂਤ੍ਰਣ ਹੈ। ਹਿੰਦੂ ਸ਼ਾਸਤ੍ਰਾਂ ਅਨੁਸਾਰ ਦੁਰਗਾ ਦੇਵੀ ਦੇ ਨੌਂ ਕਰੋੜ ਸਰੂਪ ਹਨ ਅਤੇ ਨਿਕੀਆਂ ਵਡੀਆਂ ਸਭ ਦੇਵੀਆਂ, ਭਾਵੇਂ ਉਹ ਰੋਗਾਂ ਨੂੰ ਫੈਲਾਂਦੀਆਂ ਹਨ ਜਾਂ ਸਥਾਨਕ ਹਨ, ਉਹ ਸਭ ਦੁਰਗਾ ਦਾ ਹੀ ਜ਼ਹੂਰ ਹਨ। ਸੀਤਲਾ ਦਾ ਰੰਗ ਸੁਨਹਿਰੀ ਤੇ ਵਸਤ੍ਰ ਲਾਲ ਹਨ। ਇਸ ਦੇ ਇਕ ਹੱਥ ਵਿਚ ਝਾੜੂ ਹੈ ਤੇ ਖੱਬੇ ਬਾਜ਼ੂ ਹੇਠ ਘੜਾ। ਇਸ ਨੇ ਮੱਥੇ ਉਪਰ ਛਜ ਧਾਰਨ ਕੀਤਾ ਹੋਇਆ ਹੈ। ਖੋਤਾ ਇਸ ਦਾ ਵਾਹਣ ਹੈ, ਇਹ ਜਾਤ ਦੀ ਚੰਡਾਲ ਅਥਵਾ ਚੂਹੜੀ ਹੈ। ਇਸ ਦਾ ਵਾਸਾ ਕਿੱਕਰ ਦੇ ਬ੍ਰਿਛ ਉਤ ਹੈ।

ਸੀਤਲਾ ਦੀਆਂ ਛੇ ਹੋਰ ਭੈਣਾਂ ਮਸਾਣੀ, ਬਸੰਤੀ, ਮਹਾਂ ਮਾਈ, ਪਲਮੜੇ, ਲਮਾੜੀ ਤੇ ਅਗਵਾਨੀ ਹਨ। ਸੀਤਲਾ ਇਨ੍ਹਾਂ ਵਿਚੋਂ ਸਭ ਤੋਂ ਵੱਡੀ ਤੇ ਪ੍ਰਧਾਨ ਦੇਵੀ ਹੈ। ਇਹ ਸਭ ਕਰੂਰ ਦੇਵੀਆਂ ਕੋਈ ਨਾ ਕੋਈ ਰੋਗ ਫੈਲਾਂਦੀਆਂ ਹਨ, ਜਿਵੇਂ ਮਸਾਣੀ ਮਸਾਣਾਂ ਦੀ ਦੇਵੀ ਹੈ ਅਤੇ ਉਹਦੇ ਅਸਰ ਹੇਠਾਂ ਬੱਚਾ ਸੁਕ ਸੁਕ ਕੇ ਹੱਡੀਆਂ ਦੀ ਮੁੱਠ ਰਹਿ ਜਾਂਦਾ ਹੈ। ਮਹਾਂ ਮਾਈ ਹੈਜ਼ੇ ਦੀ ਦੇਵੀ ਹੈ ਤੇ ਬਸੰਤੀ ਬਸੰਤ ਰੁੱਤ ਦੇ ਰੋਗਾਂ ਦੀ। ਇਨ੍ਹਾਂ ਸਭਨਾਂ ਦੇਵੀਆਂ ਦੀਆਂ ਮਮਟੀਆਂ ਪਿੰਡੋਂ ਬਾਹਰ ਕਿਸੇ ਛੱਪੜ ਦੇ ਲਾਗੇ ਇਕ ਦੂਜੇ ਦੇ ਨੇੜੇ, ਝੁੰਡ ਦੀ ਸ਼ਕਲ ਵਿਚ ਬਣੀਆਂ ਹੁੰਦੀਆਂ ਹਨ, ਸੀਤਲਾ ਦੀ ਮਮਟੀ ਮੱਧ ਵਿਚ ਬਣਾਈ ਜਾਂਦੀ ਹੈ। ਇਨ੍ਹਾਂ ਮਮਟੀਆਂ ਨੂੰ ਬੀਬੜੀਆਂ ਜਾਂ ਮੱਟੀਆਂ ਵੀ ਕਹਿੰਦੇ ਹਨ।

ਹਰੇਕ ਪਿੰਡ ਵਿਚ ਸੀਤਲਾ ਦਾ ਸਥਾਨ ਜ਼ਰੂਰ ਮਿਲਦਾ ਹੈ, ਜਿਥੇ ਮਾਤਾ ਰਾਣੀ ਨੂੰ ਪੂਜਿਆ ਜਾਂਦਾ ਅਤੇ ਭੇਟਾ ਦਿਤੀਆਂ ਜਾਂਦੀਆਂ ਹਨ। ਇਹ ਸਥਾਨ ਆਮ ਤੌਰ ਉਤੇ ਦੋ ਕੁ ਫ਼ੁਟ ਉਚੀ ਮਮਟੀ ਦੀ ਸ਼ਕਲ ਦੇ ਹੁੰਦੇ ਹਨ। ਮਮਟੀ ਨੂੰ ਪਿੰਡ ਦਾ ਕੋਈ ਉਹ ਸ਼ਖ਼ਸ, ਜਿਸ ਦਾ ਪੁਤਰ ਧੀ ਸੀਤਲਾ ਦੇ ਰੋਗ ਤੋਂ ਮੁਕਤ ਹੋਇਆ ਹੋਵੇ, ਦੇਵੀ ਨੂੰ ਪਤਿਆਣ ਲਈ ਬਣਾ ਦੇਂਦਾ ਹੈ। ਕਈ ਵਾਰ ਸੀਤਲਾ ਦੇਵੀ ਦਾ ਭੌਣ ਕਿਸੇ ਚੌਰਾਹੇ ਉਤੇ ਬਣਾ ਲਿਆ ਜਾਂਦਾ ਹੈ, ਜਿਸ ਨੂੰ 'ਚੁਰਸਤਾ ਮਾਤਾ' ਵੀ ਕਹਿੰਦੇ ਹਨ। ਕਈ ਵਾਰ ਚੌਹਾਂ ਪਿੰਡਾਂ ਦੇ ਲੋਕ ਮਿਲ ਕੇ ਪਿੰਡਾਂ ਦੇ ਚੌਰਸਤੇ ਉਤੇ ਮਾਈ ਦਾ ਭੌਣ ਬਣਾ ਦੇਂਦੇ ਹਨ, ਜਿਸ ਨੂੰ 'ਚੋਗਾਵਾਂ ਮਾਤਾ' ਕਹਿੰਦੇ ਹਨ। ਕਈ ਥਾਈਂ ਸੀਤਲਾ ਦੇ ਵੱਖਰੇ ਭੌਣ ਨਹੀਂ ਬਣਾਏ ਜਾਂਦੇ। ਉਥੇ ਕਿੱਕਰ ਦੇ ਰੁੱਖ ਹੇਠਾਂ, ਮਿੱਟੀ ਦੇ ਬਣੇ ਨਿਕੇ ਨਿਕੇ ਖਿੰਘਰਾਲੇ ਬੁੱਤ ਵੇਖਣ ਵਿਚ ਮਿਲਦੇ ਹਨ, ਜਿਨ੍ਹਾਂ ਦੇ ਚਿਹਰੇ ਮਾਤਾ ਨਾਲ ਦਾਗੇ ਹੁੰਦੇ ਹਨ। ਇਨ੍ਹਾਂ ਮੂਰਤੀਆਂ ਦੇ ਨੇੜੇ ਘਿਓ, ਫੁੱਲ ਤੇ ਮੁਠ ਕੁ ਭਿਜੇ ਛੋਲੇ ਪਏ ਹੁੰਦੇ ਹਨ। ਇਹੋ ਖਿੰਘਰਾਲੀਆਂ ਮੂਰਤੀਆਂ ਸੀਤਲਾ ਦੇਵੀ ਦੇ ਹੀ ਭੌਣ ਹਨ।

ਸੀਤਲਾ ਦੀ ਪੂਜਾ ਕਈ ਰੂਪਾਂ ਤੇ ਵਿਧੀਆਂ ਨਾਲ ਕੀਤੀ ਜਾਂਦੀ ਹੈ। ਕੇਂਦਰੀ ਪੰਜਾਬ ਵਿਚ ਆਮ ਤੌਰ ਤੇ ਮਾਤਾ ਰਾਣੀ ਦੀਆਂ ਮਟੀਆਂ ਦੀ ਪੂਜਾ ਹਰ ਮੰਗਲਵਾਰ ਨੂੰ ਹੁੰਦੀ ਹੈ। ਸਰ੍ਹੋਂ ਦੇ ਤੇਲ ਵਿਚ ਗੁਲਗੁਲੇ ਪਕਾ ਕੇ ਮਾਤਾ ਰਾਣੀ ਨੂੰ ਬੇਹੇ ਗੁਲਗੁਲੇ ਭੇਟ ਕਰਨ ਦੀ ਪ੍ਰਥਾ ਹੈ। ਦਖਣ-ਪੂਰਬੀ ਪੰਜਾਬ ਵਿਚ ਸੀਤਲਾ ਦੀ ਪੂਜਾ ਦੇ ਨਾਲ ਨਾਲ ਉਸ ਦੇ ਅਨਿਨ ਸੇਵਕ ਸੇਢੂ ਨੂੰ

ਵੀ ਪੂਜਦੇ ਰਹੇ ਹਨ। ਸੋਧੂ ਮਾਤਾ ਰਾਣੀ ਤਕ ਪਹੁੰਚਣ ਲਈ ਵਿਚੋਲਾ ਹੈ।

ਪੰਜਾਬ ਵਿਚ ਮਾਤਾ ਰਾਣੀ ਦੀ ਪੂਜਾ ਸੀਤਲਾ ਸਪਤਮੀ ਅਤੇ ਸੀਤਲਾ ਅਸ਼ਟਮੀ ਨੂੰ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਮਾਤਾ ਨੂੰ ਭੇਟਾ ਚੜ੍ਹਾਈਆਂ ਜਾਂਦੀਆਂ ਹਨ। ਬਡਰਖਾ (ਸੰਗਰੂਰ) ਵਿਚ ਹੋਲੀ ਵਾਲੀ ਰਾਤ ਨੂੰ ਪਿੰਡ ਦੀਆਂ ਸਵਾਣੀਆਂ ਮਿਠੇ ਰੋਟ ਪਕਾਉਂਦੀਆਂ ਹਨ ਅਤੇ ਅਗਲੀ ਸਵੇਰ ਬਾਸੜੀਆਂ ਨੂੰ ਲੈ ਕੇ ਮਾਤਾ ਰਾਣੀ ਦੇ ਮੱਥਾ ਟੇਕਦੀਆਂ ਹਨ (ਬਡਰੁਖਾ ਸਰਵੇ, 2 )।

ਪੰਜਾਬ ਨਾਲੋਂ ਹਰਿਆਣੇ ਵਿਚ ਸੀਤਲਾ ਦੇਵੀ ਦੀ ਮਾਨਤਾ ਵਧੇਰੇ ਹੈ। ਅਨੇਕ ਥਾਈਂ ਦੇਵੀ ਦੇ ਮੇਲੇ ਲੱਗਦੇ ਹਨ। ਗੁੜਗਾਵਾਂ ਵਿਚ ਦਨਥਾ ਵਿਖੇ ਚੇਤਰ ਵਿਚ ਹਰ ਬੁਧਵਾਰ ਨੂੰ ਮੇਲਾ ਭਰਦਾ ਹੈ ਅਤੇ ਦੀਵਾ ਬਾਲਿਆ ਜਾਂਦਾ ਹੈ। ਰੋਹਤਕ ਵਿਚ ਸੀਤਲਾ ਨੂੰ 'ਗਾਂ ਵਾਲੀ' ਕਹਿੰਦੇ ਹਨ ਅਤੇ ਸੀਤਲਾ ਮਾਈ ਦੀ ਪੂਜਾ ਚੇਤਰ ਦੇ ਮਹੀਨੇ ਹਰ ਮੰਗਲਵਾਰ ਨੂੰ ਹੁੰਦੀ ਹੈ, ਪਰ ਕੁਝ ਕੁ ਪਿੰਡਾਂ ਵਿਚ ਸੋਮਵਾਰ ਨੂੰ ਵੀ। ਹਿਸਾਰ ਵਿਚ ਸੀਤਲਾ ਦੇਵੀ ਦੇ ਕਈ ਰੂਪ ਮੰਨੇ ਗਏ ਹਨ ਅਤੇ ਹਰੇਕ ਰੂਪ ਲਈ ਵੱਖੋ ਵੱਖਰੀ ਪੂਜਾ ਵਿਧੀ ਹੈ। ਜੇ ਮਾਤਾ ਹਲਕੀ ਹੋਵੇ ਤਾਂ ਇਸ ਨੂੰ 'ਸੁਕਰ' (ਗੂਹਿ) ਕਹਿੰਦੇ ਹਨ ਅਤੇ ਉਪਾਅ ਵਜੋਂ ਘੜਵੰਜੀ ਹੇਠਾਂ ਗੁੜ ਰਖ ਕੇ ਸੀਤਲਾ ਦੀ ਮਹਿਮਾ ਵਿਚ ਗੀਤ ਗਾਏ ਜਾਂਦੇ ਹਨ। ਜੇ ਮਾਤਾ ਦਾ ਜ਼ੋਰ ਤੇਜ਼ ਹੋਵੇ ਤਾਂ ਉਸ ਨੂੰ 'ਦੂਸਰੀ ਸੁਕਰ' ਕਹਿੰਦੇ ਹਨ ਅਤੇ ਐਤਵਾਰ ਵਾਲੇ ਦਿਨ ਪ੍ਰੋਹਤਣੀ ਨੂੰ ਸੱਦ ਕੇ ਬਾਲ ਦੇ ਗਲ ਵਿਚ ਲਾਲ ਧਾਗਾ ਬੰਨ੍ਹ ਦਿਤਾ ਜਾਂਦਾ ਹੈ, ਜਿਸ ਵਿਚ ਰੱਖ, ਸੋਨੇ ਦਾ ਮਣਕਾ, ਕਪੂਰ ਅਤੇ ਸੁੱਚਾ ਮੋਤੀ ਪਰੋਇਆ ਹੁੰਦਾ ਹੈ। ਦੁਪਹਿਰ ਵੇਲੇ ਜਾਤਕਾਂ ਵਿਚ ਭਾਤ ਵੰਡਦੇ ਹਨ ਅਤੇ ਰਾਤ ਵੇਲੇ ਬੱਚਾ ਤੇ ਉਸ ਦੀ ਮਾਂ ਭੋਂਏ ਉਤੇ ਸੌਂਦੇ ਹਨ। ਰੋਗ ਗ੍ਰਸਤ ਬੱਚੇ ਦੀ ਮਾਂ ਸੋਮਵਾਰ ਨੂੰ ਦੇਵੀ ਦਾ ਵਰਤ ਰਖਦੀ ਹੈ। ਮੰਗਲਵਾਰ ਨੂੰ ਬੱਚੇ ਦੇ ਮੂੰਹ ਮੱਥੇ ਉਤੇ ਗਤਰ ਦੇ ਛੱਟੇ ਮਾਰਦੇ ਹਨ। ਐਤਵਾਰ ਨੂੰ ਜੰਡ ਵਿਚ ਕੱਚੀ ਲੱਸੀ ਪਾਉਣ ਵਿਧਾਨ ਹੈ।

ਜਿਨ੍ਹਾਂ ਦਿਨਾਂ ਵਿਚ ਮਾਤਾ ਦੇ ਰੋਗ ਦਾ ਜ਼ੋਰ ਹੋਵੇ, ਉਹੋ ਮਾਤਾ ਦੀ ਉਚੇਚੀ ਪੂਜਾ ਦੀ ਪ੍ਰਥਾ ਹੈ। ਦੇਵੀ ਨੂੰ ਜਲ ਅਤੇ ਬਹੇ ਗੁਲਗਲੇ ਭੇਟ ਕੀਤੇ ਜਾਂਦੇ ਹਨ। ਸੀਤਲਾ ਦਾ ਨਿਵਾਸ ਅਸਥਾਨ ਕਿਕਰ ਮੰਨਿਆ ਗਿਆ ਹੈ। ਇਸ ਲਈ ਕਈ ਕਿਕਰ ਦੀ ਜੜ੍ਹ ਨੂੰ ਪਾਣੀ ਦੇਂਦੇ ਹਨ। ਸੀਤਲਾ ਨੂੰ ਪਤਿਆਣ ਲਈ, ਉਸ ਦੇ ਵਾਹਣ ਗਧੇ ਦੀ ਵੀ ਖੂਬ ਸੇਵਾ ਕੀਤੀ ਜਾਂਦੀ ਹੈ ਅਤੇ ਉਸ ਨੂੰ ਭਿਜੇ ਹੋਏ ਛੋਲੇ ਤੇ ਬਹੇ ਗੁਲਗੁਲੇ ਖਵਾਏ ਜਾਂਦੇ ਹਨ। ਬੱਚੇ ਦੇ ਸਿਰੋਂ ਰੁਪਏ ਵਾਰ ਕੇ ਘੁਮਿਆਰ ਨੂੰ ਦਿੰਦੇ ਹਨ। ਕਈ ਲੋਕ ਚਿੱਟੇ ਕੁਕੜ ਨੂੰ ਬੱਚੇ ਦੇ ਸਿਰ ਤੋਂ ਵਾਰ ਕੇ ਮਾਤਾ ਨਮਿਤ ਬਲੀ ਦੇਂਦੇ ਹਨ। ਨਾਲੇ ਕਾਲੇ ਕੁੱਤੇ ਨੂੰ ਟੁਕਰ ਪਾਇਆ ਜਾਂਦਾ ਹੈ। ਜਦੋਂ ਕੋਈ ਬੱਚਾ ਵੱਡੀ ਸੀਤਲਾ ਤੋਂ ਉਠਿਆ ਹੋਵੇ ਤਾਂ ਕਈ ਲੋਕ ਸੂਰ ਨੂੰ ਸੀਤਲਾ ਨਮਿਤ ਭੇਟ ਕਰ ਕੇ ਖੁਲ੍ਹਾ ਛਡ ਦੇਂਦੇ ਹਨ, ਨਹੀਂ ਤਾਂ ਘਰ ਦੇ ਕਿਸੇ ਹੋਰ ਜੀਅ ਨੂੰ ਮਾਤਾ ਦੇ ਚੰਮੜਨ ਦਾ ਡਰ ਰਹਿੰਦਾ ਹੈ। ਜਿਸ ਘਰ ਵਿਚ ਮਾਤਾ ਰਾਣੀ ਦਾ ਪ੍ਰਵੇਸ਼ ਹੋਵੇ, ਉਸ ਘਰ ਦੇ ਵਡੇ ਦਰਵਾਜ਼ੇ ਅੱਗੇ ਨਿੰਮ ਦੇ ਪੱਤੇ, ਮਾਤਾ ਦੀ ਹੋਂਦ ਦਰਸਾਣ ਲਈ, ਲਟਕਾ ਦਿਤੇ ਜਾਂਦੇ ਹਨ, ਤਾਂ ਜੋ ਕੋਈ ਮਾਸ-ਪਿਆਜ਼ ਖਾ ਕੇ ਉਸ ਘਰ ਵਿਚ ਨਾ ਆਏ। ਬ੍ਰਾਹਮਣ ਦਾ ਫੇਰਾ ਟੋਰਾ ਵੀ ਨਿਸ਼ੇਧ ਹੈ। ਜੇ ਇਨ੍ਹਾਂ ਗੱਲਾਂ ਦੀ ਪਾਲਣਾ ਨਾ ਕੀਤੀ ਜਾਵੇ, ਤਾਂ ਰੋਗੀ ਜ਼ਿਆਦਾ ਦੁਖ ਭੋਗਦਾ ਹੈ।

ਜਦੋਂ ਕਿਸੇ ਬੱਚੇ ਨੂੰ ਚੇਚਕ ਨਿਕਲਦੀ ਹੈ, ਤਾਂ ਲੋਕ ਧਾਰਨਾ ਅਨੁਸਾਰ ਉਸ ਬੱਚੇ ਵਿਚ ਮਾਤਾ ਦੇਵੀ ਪ੍ਰਵੇਸ਼ ਕਰਦੀ ਹੈ। ਇਸ ਲਈ ਬੀਮਾਰੀ ਦੇ ਦਿਨਾਂ ਵਿਚ ਘਰ ਵਿਚ ਕੋਈ ਅਜਿਹਾ ਕੰਮ ਨਹੀਂ ਕੀਤਾ ਜਾਣਾ ਚਾਹੀਦਾ, ਜਿਸ ਨਾਲ ਦੇਵੀ ਮਾਤਾ ਨਰਾਜ਼ ਹੋ ਜਾਵੇ। ਥੋਮ, ਪਿਆਜ਼, ਮਾਸ ਅੰਡੇ ਆਦਿ ਦੀ ਵਰਤੋਂ ਨਿਸ਼ੇਧ ਹੈ। ਸਾਬਣ, ਤੇਲ ਤੇ ਦਾਤਨ ਦੀ ਵਰਤੋਂ ਵੀ ਨਹੀਂ ਕੀਤੀ ਜਾਂਦੀ। ਰੋਗੀ ਨੂੰ ਮਾਤਾ ਰਾਣੀ ਦਾ ਘੋੜਾ ਕਹਿ ਕੇ ਬੁਲਾਇਆ ਜਾਂਦਾ ਹੈ।

ਰੋਗੀ ਨੂੰ ਚੇਚਕ ਤੋਂ ਮੁਕਤ ਕਰਨ ਲਈ ਕਈ ਵਾਰ ਰੋਗ ਨੂੰ ਕਿਸੇ ਬ੍ਰਿਛ, ਖ਼ਾਸ ਤੌਰ 'ਤੇ ਜੰਡੀ ਵਿਚ ਪ੍ਰਵਿਰਤ ਕੀਤਾ ਜਾਂਦਾ ਹੈ। ਰੋਗੀ ਦੇ ਦਾਣਿਆਂ ਦੀ ਪੇਪੜੀ ਉਤਾਰ ਕੇ ਜੰਡ ਦੇ ਬ੍ਰਿਛ

ਦੀ ਪ੍ਰਦੱਖਣਾ ਕਰਦਿਆਂ ਹੋਇਆਂ ਉਹ ਪੇਪੜੀ ਦਰੱਖਤ ਦੀ ਕਿਸੇ ਟਾਹਣੀ ਨਾਲ ਚਮੋੜ ਦਿਤੀ ਜਾਂਦੀ ਹੈ ਅਤੇ ਨਾਲ ਹੀ ਇਹ ਤੁਕਾਂ ਪੜ੍ਹੀਆਂ ਜਾਂਦੀਆਂ ਹਨ — "ਜੰਡੀ, ਮਾਤਾ ਜੰਡੀ, ਦੁਖ ਮੇਰਾ ਚਾ ਵੰਡੀ। ਤੇਰਾ ਸੁਖ ਮੈਂ ਹੰਡਾਵਾਂ, ਆਪਣਾ ਦੁਖ ਤੇਰੀ ਝੋਲੀ ਪਾਵਾਂ।" ਇਸ ਤਰ੍ਹਾਂ ਦੀਆਂ ਕਈ ਹੋਰ ਤੁਕਾਂ ਸਥਾਨਕ ਭੇਦ ਨਾਲ ਪ੍ਰਚਲਤ ਹਨ।

ਇਸੇ ਕਰਮ ਕਾਂਡ ਤੋਂ, ਚੇਚਕ ਤੋਂ ਮੁਕਤ ਹੋਣ ਲਈ ਜੰਡੀ ਪੂਜਾ ਦਾ ਵੀ ਰਵਾਜ ਪੈ ਗਿਆ। ਕਪੂਰ ਦੇ ਹਿੰਦੂਆਂ ਵਿਚ ਚੇਚਕ ਵੇਲੇ ਜੰਡੀ ਪੂਜਾ ਦੀ ਪ੍ਰਥਾ ਰਹੀ ਹੈ। ਕਈ ਵਾਰ ਰੋਗ ਨੂੰ ਕਿਸੇ ਦੂਜੇ ਵਿਚ ਪ੍ਰਵਿਰਤ ਕਰਨ ਲਈ ਰੋਗੀ ਦੀ ਪੇਪੜੀ ਨਾਲ, ਚੁਰਾਹੇ ਵਿਚ ਟੂਣਾ ਕੀਤਾ ਜਾਂਦਾ ਹੈ।

ਸੀਤਲਾ ਵਾਲੇ ਬੱਚੇ ਦੇ ਕੰਨ ਵਿਚ ਬਿਜਲੀ ਦੀ ਕੜਕ ਅਤੇ ਬੱਦਲਾਂ ਦੀ ਗੜਕ ਪੈਣੀ ਚੰਗੀ ਨਹੀਂ ਹੁੰਦੀ, ਇਸ ਤਰ੍ਹਾਂ ਛਲ ਪੈ ਜਾਣ ਦਾ ਡਰ ਰਹਿੰਦਾ ਹੈ। ਜਦੋਂ ਬਿਜਲੀ ਕੜਕੇ ਤਾਂ ਰੱਖਿਆ ਵਜੋਂ ਡੱਬਾ, ਪੀਪਾ ਜਾਂ ਕੋਈ ਭਾਂਡਾ ਵਜਾਇਆ ਜਾਂਦਾ ਹੈ। ਕਈ ਮਾਵਾਂ ਚੱਕੀ ਝੋਤਣ ਲੱਗ ਪੈਂਦੀਆਂ ਹਨ, ਤਾਂ ਜੋ ਸ਼ੋਰ ਸ਼ਰਾਬੇ ਵਿਚ ਬੀਮਾਰ ਦੇ ਕੰਨ ਵਿਚ ਬਿਜਲੀ ਤੇ ਬੱਦਲ ਆਦਿ ਦੀ ਆਵਾਜ਼ ਨਾ ਪਏ। ਇਸ ਕਿਰਿਆ ਨੂੰ 'ਆਹਣ ਉਡਾਣਾ' ਕਹਿੰਦੇ ਹਨ (ਵੇਖੋ : ਆਹਣ ਉਡਾਣਾ)।

ਜੇ ਰੋਗੀ ਦੀ ਮੌਤ ਹੋ ਜਾਵੇ, ਤਾਂ ਉਸ ਦੀ ਦੇਹ ਵਿਚ ਦੇਵੀ ਦੀ ਹੋਂਦ ਮੰਨ ਕੇ, ਉਸ ਦਾ ਦਾਹ ਸੰਸਕਾਰ ਕਰਨ ਦੀ ਥਾਂ ਜਲ-ਪ੍ਰਵਾਹ ਕੀਤਾ ਜਾਂਦਾ ਹੈ। ਜੇ ਦਾਹ ਕੀਤਾ ਜਾਵੇ, ਤਾਂ ਦੇਵੀ ਨੂੰ ਕਸ਼ਟ ਹੁੰਦਾ ਹੈ ਅਤੇ ਉਸ ਦੀ ਕਰੋਪੀ ਵਧਦੀ ਹੈ। ਜੇ ਕਿਸੇ ਦਾ ਬੱਚਾ ਮਾਤਾ ਦਾ ਸ਼ਿਕਾਰ ਹੋ ਜਾਵੇ ਤਾਂ ਅਗਲੇ ਬੱਚੇ ਨੂੰ ਕਈ ਥਾਈਂ ਮਾਵਾਂ ਛੱਜ ਵਿਚ ਪਾ ਕੇ ਘੁੰਮਾਂਦੀਆਂ ਹਨ। ਕਈ ਮਾਵਾਂ ਅਗਲੇ ਬੱਚੇ ਨੂੰ ਲੀਰਾਂ-ਲੰਘਾਰੇ ਪਹਿਨਾਂਦੀਆਂ ਹਨ। ਅਗਲੇ ਬੱਚੇ ਦਾ ਨਾਂ ਵੀ ਗਦੜ, ਰੂੜ੍ਹਾ, ਬਹਾਰੂ, ਮੰਗਤਾ ਆਦਿ ਰਖਦੀਆਂ ਹਨ, ਤਾਂ ਜੋ ਦੇਵੀ ਦਾ ਧਿਆਨ ਉਸ ਬੱਚੇ ਵਲ ਨਾ ਜਾਵੇ।

ਪੰਜਾਬ ਵਿਚ ਸੀਤਲਾ ਦੇਵੀ ਦੀ ਪੂਜਾ ਪੂਰਬ-ਇਤਿਹਾਸਕ ਕਾਲ ਤੋਂ ਪ੍ਰਚਲਤ ਹੈ। ਹੜੱਪਾ ਦੀ ਖੁਦਾਈ ਵਿਚੋਂ ਜੋ ਠੀਕਰ-ਮੁਹਰਾਂ ਪ੍ਰਾਪਤ ਹੋਈਆਂ ਹਨ, ਉਨ੍ਹਾਂ ਵਿਚੋਂ ਕੁਝ ਚਿਤ੍ਰ ਸੀਤਲਾ ਦੇ ਹਨ। ਇਕ ਚਿਤ੍ਰ ਵਿਚ ਸਤ ਕੁੜੀਆਂ ਇਕੋ ਕਤਾਰ ਵਿਚ ਖੜੀਆਂ ਹਨ, ਜਿਨ੍ਹਾਂ ਦੀਆਂ ਪਿਛੇ ਲੰਮੀਆਂ ਗੁੱਤਾਂ ਹਨ। ਅਨੁਮਾਨ ਹੈ, ਜੋ ਇਹ ਚਿਤ੍ਰ ਸੀਤਲਾ ਦੇਵੀ ਅਤੇ ਉਹਦੀਆਂ ਛੇ ਭੈਣਾਂ ਦਾ ਹੈ।

## (ਸ-565) **ਸੀਤਲਾ ਅਸ਼ਟਮੀ** :

ਸੀਤਲਾ ਮਾਤਾ ਦਾ ਇਕ ਪੁਰਬ, ਜੋ ਚੇਤਰ ਦੇ ਮਹੀਨੇ, ਹਨੇਰੇ ਪੱਖ ਦੀ ਅਸ਼ਟਮੀ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਤੀਵੀਆਂ ਮਾਤਾ ਰਾਣੀ ਦੀ ਪੂਜਾ ਕਰਦੀਆਂ ਹਨ। ਇਕ ਦਿਨ ਪਹਿਲਾਂ ਹੀ ਸਪਤਮੀ ਨੂੰ ਗੁਲਗੁਲੇ ਪਕ ਏ ਜਾਂਦੇ ਹਨ। ਅਗਲੇ ਦਿਨ ਉਹੋ ਬਹੇ ਗੁਲਗੁਲੇ ਮਾਤਾ ਰਾਣੀ ਦੀ ਪੂਜਾ ਮਗਰੋਂ ਪਹਿਲਾਂ ਕਿਸੇ ਗਧੇ ਨੂੰ ਖੁਆ ਕੇ, ਫਿਰ ਖ਼ੁਦ ਖਾਧੇ ਜਾਂਦੇ ਹਨ। ਜਿਨ੍ਹਾਂ ਘਟਾਂ ਵਿਚ ਸਾਲ ਦੇ ਦੌਰਾਨ ਕਿਸੇ ਨੂੰ ਮਾਤਾ ਨਿਕਲੀ ਹੋਵੇ, ਉਹ ਇਸੇ ਤਿੱਥ ਨੂੰ ਆਪਣੀਆਂ ਸੁਖਣਾ ਦੇਂਦੇ ਹਨ।

ਧਾਰਨਾ ਹੈ ਕਿ ਮਾਤਾ ਰਾਣੀ ਸੀਤਲਾ ਅਸ਼ਟਮੀ ਨੂੰ ਘਰਾਂ ਵਿਚ ਆ ਕੇ, ਨਿਤ ਵਰਤੋਂ ਦੇ ਚੁਲ੍ਹੇ ਵਿਚ ਬਿਸਰਾਮ ਕਰਦੀ ਹੈ। ਇਸ ਲਈ ਮਾਤਾ ਰਾਂਣੀ ਦੇ ਭਗਤ ਸੀਤਲਾ ਅਸ਼ਟਮੀ ਨੂੰ ਚਲ੍ਹੇ ਵਿਚ ਅੱਗ ਨਹੀਂ ਸਨ ਬਾਲਦੇ। ਜੇ ਮਜਬੂਰੀ ਵਸ ਘਰ ਵਿਚ ਅੱਗ ਬਾਲਣੀ ਪਏ, ਤਾਂ ਨਵਾਂ ਚੁਲ੍ਹਾ ਤਿਆਰ ਕੀਤਾ ਜਾਂਦਾ ਸੀ। ਇਸ ਲਈ ਸਪਤਮੀ ਵਾਲੇ ਦਿਨ ਹੀ ਗੁਲਗੁਲੇ ਤੇ ਹੋਰ ਖਾਧ ਪਦਾਰਥ ਤਿਆਰ ਕਰ ਲਏ ਜਾਂਦੇ ਸਨ ਅਤੇ ਅਸ਼ਟਮੀ ਵਾਲੇ ਦਿਨ ਉਹ ਮਾਤਾ ਦੀ ਭੇਟ ਕੀਤੇ ਜਾਂਦੇ ਅਤੇ ਖ਼ੁਦ ਵੀ ਖਾਧੇ ਜਾਂਦੇ ਸਨ। ਮਗਰੋਂ ਇਸ ਮੂਲ ਧਾਰਨਾ ਨੂੰ ਭੁਲ ਭੁਲਾ ਕੇ ਲੋਕਾਂ ਨੇ ਮਾਤਾ ਰਾਣੀ ਦੀ ਭੇਟਾ ਲਈ ਬਾਸੀ ਗੁਲਗੁਲੇ ਤਿਆਰ ਕਰਨੇ ਸ਼ੁਰੂ ਕਰ ਦਿਤੇ।

ਸੀਤਲਾ ਅਸ਼ਟਮੀ ਨੂੰ ਇਕ ਵੱਡਾ ਮੇਲਾ ਪੁਆਧ ਵਿਚ ਪੈਲ ਤਹਿਸੀਲ ਦੇ ਪਿੰਡ ਜਰਗ

ਵਿਚ ਲੱਗਦਾ ਹੈ। ਜਿਥੇ ਮਾਲਵੇ ਦੇ ਮਾਤਾ ਭਗਤ ਹੁੰਮ ਹੁੰਮਾ ਕੇ ਜਾਂਦੇ ਹਨ ਅਤੇ ਉਥੇ ਇਕ ਟੋਭੇ ਵਿਚੋਂ ਮਿੱਟੀ ਕਢ ਕੇ ਇਕ ਉਚਾ ਮਟੋਲਾ ਖੜਾ ਕਰ ਲੈਂਦੇ ਹਨ। ਇਸ ਥੇਹ ਨੂੰ ਮਾਤਾ ਰਾਣੀ ਦਾ ਮਟੋਲਾ ਕਹਿੰਦੇ ਹਨ (ਵੇਖ : ਜਰਗ ਦਾ ਮੇਲਾ)।

ਜੈਨੀਆਂ ਵਿਚ ਵੀ, ਸੀਤਲਾ ਅਸ਼ਟਮੀ ਮਨਾਉਣ ਦੀ ਪ੍ਰਥਾ, ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਹੈ। ਜੈਨੀ ਤੀਵੀਆਂ ਤੇ ਬੱਚੇ ਮੰਦਰਾਂ ਵਿਚ ਜਾ ਕੇ ਮਾਤਾ ਦੇਵੀ ਨੂੰ ਅੱਖਾਂ ਦਾ ਚਿਤ੍ਰ ਭੇਟ ਕਰਦੇ ਅਤੇ ਬ੍ਰਾਹਮਣ ਨੂੰ ਨਕਦ ਰੁਪਏ ਦੇਂਦੇ ਹਨ, ਤਾਂ ਜੋ ਅਗਲੇ ਸਾਲ ਮਾਤਾ ਰਾਣੀ ਦੀ ਮਿਹਰ ਰਹੇ।

ਸੀਤਲਾ ਅਸ਼ਟਮੀ ਤੋਂ ਇਲਾਵਾ ਕਈ ਹੋਰ ਤਿੱਥਾਂ ਨੂੰ ਵੀ ਮਾਤਾ ਰਾਣੀ ਦੀ ਪੂਜਾ ਪ੍ਰਚਲਤ ਹੈ। ਪੰਜਾਬ ਤੇ ਹਿਮਾਚਲ ਪ੍ਰਦੇਸ਼ ਵਿਚ, ਰੱਖੜੀ ਤੋਂ ਬਾਅਦ, ਹਨੇਰੇ ਪੱਖ ਦੀ ਸਪਤਮੀ ਨੂੰ, ਸੀਤਲਾ ਨੂੰ ਪੂਜਿਆ ਜਾਂਦਾ ਹੈ।

ਮੰਡੀ ਵਿਚ ਜੋਗਿੰਦਰ ਨਗਰ ਦੀ ਤਹਿਸੀਲ ਵਿਚ ਦ੍ਰਲੋਟ ਪਿੰਡ ਵਿਚ ਸੀਤਲਾ ਦੇਵੀ ਦੇ ਇਕ ਮੰਦਰ ਵਿਚ ਬਾਰ੍ਹਾਂ ਹਾੜ ਨੂੰ ਹਰ ਸਾਲ ਇਕ ਦਿਨ ਲਈ ਮੇਲਾ ਲੱਗਦਾ ਹੈ, ਜਿਸ ਵਿਚ ਮਾਤਾ ਰਾਣੀ ਦੇ ਸ਼ਰਧਾਲੂ ਸ਼ਾਮਲ ਹੋਣ ਲਈ ਦੂਰੋਂ ਦੂਰੋਂ ਆਉਂਦੇ ਹਨ। ਦੇਵੀ ਦੀ ਪੂਜਾ ਤੋਂ ਇਲਾਵਾ ਉਸ ਨਮਿਤ ਬਕਰੇ ਦੀ ਬਲੀ ਦੇਣ ਦੀ ਵੀ ਪ੍ਰਥਾ ਹੈ। ਮੰਡੀ ਦੇ ਇਕ ਹੋਰ ਪਿੰਡ ਦੇਹਾਰ ਵਿਚ, ਜੋ ਸਤਲੁਜ ਦੇ ਕੰਢੇ ਉਤੇ ਸਥਿਤ ਹੈ, ਹਰ ਸਾਲ ਨੌਂ ਜੇਠ ਨੂੰ ਮੇਲਾ ਲੱਗਦਾ ਹੈ, ਜਿਸ ਵਿਚ ਕਾਂਗੜਾ, ਬਿਲਾਸਪੁਰ, ਨੰਗਲ ਤੇ ਮੰਡੀ ਦੇ ਲੋਕ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ।

ਪੰਜਾਬ ਵਿਚ ਡੇਹਰਾ ਬਾਬਾ ਨਾਨਕ ਵਿਚ ਨਗਰ ਦੇ ਦੱਖਣ ਪੱਛਮ ਵਲ ਇਕ ਪੁਰਾਣਾ ਗੁੰਬਦਨੁਮਾ ਮੰਦਰ ਹੈ, ਜਿਸ ਨੂੰ ਸੀਤਲਾ ਮੰਦਰ ਕਹਿੰਦੇ ਹਨ। ਇਸ ਮੰਦਰ ਵਿਚ ਕਾਲੀ ਮਾਈ ਦੀ ਮੂਰਤੀ ਸਥਾਪਿਤ ਹੈ। ਮੰਦਰ ਦੇ ਬਾਹਰ ਚਬੂਤਰੇ 'ਤੇ ਇਕ ਸ਼ੇਰ ਦੀ ਮੂਰਤੀ ਬਣੀ ਹੋਈ ਹੈ। ਇਥੇ ਕਦੇ ਬਾਉਲੀ ਵੀ ਹੁੰਦੀ ਸੀ, ਜੋ ਹੁਣ ਪੂਰ ਦਿਤੀ ਗਈ ਹੈ। ਇਸ ਬਾਉਲੀ ਦੇ ਪਾਣੀ ਵਿਚ ਬੜੀ ਬਰਕਤ ਮੰਨੀ ਜਾਂਦੀ ਸੀ। ਧਾਰਨਾ ਸੀ ਕਿ ਇਸ ਪਾਣੀ ਦੇ ਛੱਟੇ ਮਾਰਨ ਨਾਲ ਸੀਤਲਾ ਦਾ ਰੋਗੀ ਝਟ ਨਰੋਆ ਹੋ ਜਾਂਦਾ ਸੀ। ਬੱਚਿਆਂ ਦੀ ਸੀਤਲਾ ਤੋਂ ਰੱਖਿਆ ਵਾਸਤੇ ਮਾਵਾਂ ਇਥੇ ਆ ਕੇ ਦੇਵੀ ਦੀ ਉਪਾਸ਼ਨਾ ਕਰਦੀਆਂ ਹਨ। ਇਸ ਮੰਦਰ ਵਿਚ ਇਕ ਪੁਰਾਣੀ ਖੂਹੀ ਹੈ, ਜੇ ਕਿਸੇ ਨੂੰ ਸੀਤਲਾ ਨਿਕਲੀ ਹੋਵੇ, ਤਾਂ ਇਸ ਖੂਹੀ ਦੇ ਪਾਣੀ ਦੇ ਛੱਟੇ ਦਿਤੇ ਜਾਂਦੇ ਹਨ।

## (ਸ-566) **ਸੀਤਲਾ ਛਟੀ** :

ਮਾਘ ਸੁਦੀ ਛੇਵੀਂ ਨੂੰ ਸੀਤਲਾ ਛਟੀ (ਸ਼ਸ਼ਟੀ) ਆਖਦੇ ਹਨ। ਇਸ ਦਿਨ ਸੀਤਲਾ ਦੇਵੀ ਨੂੰ ਪਤਿਆਣ ਲਈ ਪੂਜਾ ਕੀਤੀ ਜਾਂਦੀ ਹੈ। ਹਿੰਦੂ ਤੀਵੀਆਂ ਸੰਤਾਨ ਦੀ ਰੱਖਿਆ ਹਿੱਤ ਸੀਤਲਾ ਨਮਿਤ ਵਰਤ ਵੀ ਰਖਦੀਆਂ ਹਨ। ਇਸ ਦਿਨ ਬੇਹਾ ਭੋਜਨ ਕਰਨ ਦਾ ਖ਼ਾਸ ਮਹੱਤਵ ਮੰਨਿਆ ਗਿਆ ਹੈ।

ਮਾਘ ਦੇ ਮਹੀਨੇ ਮਾਤਾ ਅਥਵਾ ਚੇਚਕ ਦੀ ਬੀਮਾਰੀ ਆਮ ਫੈਲੀ ਹੁੰਦੀ ਹੈ। ਇਸ ਵਾਸਤੇ ਮਾਤਾ ਦੀ ਕਰੋਪੀ ਤੋਂ ਬਚਣ ਲਈ ਸੀਤਲਾ ਛਟੀ ਨੂੰ ਕਈ ਹਿੰਦੂ ਤੀਵੀਆਂ ਸੀਤਲਾ ਦਾ ਵਰਤ ਰਖਦੀਆਂ ਤੇ ਦੇਵੀ ਦੀ ਪੂਜਾ ਕਰਦੀਆਂ ਹਨ।

ਸੀਤਲਾ ਛਟੀ ਦੀ ਪੂਜਾ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :— ਇਕ ਬ੍ਰਾਹਮਣੀ ਦੇ ਸਤ ਪੁਤਰ ਸਨ। ਸਤੇ ਵਿਆਹੇ ਹੋਏ ਸਨ, ਪਰ ਉਨ੍ਹਾਂ ਵਿਚੋਂ ਕਿਸੇ ਦੇ ਘਰ ਵੀ ਔਲਾਦ ਨਹੀਂ ਸੀ ਹੁੰਦੀ। ਸਾਰਾ ਪਰਿਵਾਰ ਬੜਾ ਦੁਖੀ ਰਹਿੰਦਾ ਸੀ। ਇਕ ਬ੍ਰਿਧ ਮਾਈ ਨੇ ਉਨ੍ਹਾਂ ਨੂੰ ਮਾਘ ਸੁਦੀ ਛੇਵੀਂ ਨੂੰ ਸੀਤਲਾ ਦੇਵੀ ਦਾ ਵਰਤ ਰਖਣ ਦੀ ਪ੍ਰੇਰਨਾ ਦਿਤੀ। ਬ੍ਰਾਹਮਣੀ ਨੇ ਨੂੰਹਾਂ ਸਮੇਤ ਹਰ ਸਾਲ ਇਹ ਵਰਤ ਵਿਧੀ ਪੂਰਬਕ ਰਖਣਾ ਸ਼ੁਰੂ ਕੀਤਾ। ਇਨ੍ਹਾਂ ਵਰਤਾਂ ਦੀ ਦੈਵੀ ਸ਼ਕਤੀ ਸਦਕਾ ਸਤਾਂ ਨੂੰਹਾਂ ਦੇ ਘਰ ਔਲਾਦ ਹੋ ਗਈ ਅਤੇ ਸਭ ਪਰਿਵਾਰ ਸੁਖੀ ਵਸਣ ਲੱਗਾ।

ਇਕ ਵਰ੍ਹੇ ਬ੍ਰਾਹਮਣੀ ਦੀ ਇਕ ਨੂੰਹ ਨੇ ਵਰਤ ਰਖਣ ਵਿਚ ਅਣਗਹਿਲੀ ਕੀਤੀ। ਸਖ਼ਤ ਸਰਦੀ ਹੋਣ ਕਰ ਕੇ ਉਹਨੇ ਸੀਤਲਾ ਛਟੀ ਨੂੰ ਪਾਣੀ ਗਰਮ ਕਰਵਾ ਕੇ ਇਸ਼ਨਾਨ ਕੀਤਾ। ਫਿਰ ਉਸ ਨੇ ਆਪਣੇ ਖਾਣ ਵਾਸਤੇ ਤਾਜ਼ੀ ਖਿਚੜੀ ਬਣਵਾਈ

ਤੇ ਗਰਮ ਗਰਮ ਖਾਧੀ। ਅਗਲੇ ਦਿਨ ਸਵੇਰੇ ਜਦੋਂ ਉਹ ਨੂੰਹ ਜਾਗੀ, ਤਾਂ ਉਸ ਵੇਖਿਆ ਕਿ ਉਹਦੇ ਬੱਚੇ ਅਤੇ ਪਤੀ ਦੋਹਾਂ ਨੂੰ ਮਾਤਾ ਨਿਕਲੀ ਹੋਈ ਸੀ। ਦੋਵੇਂ ਉਸੇ ਦਿਨ ਰਾਤ ਨੂੰ ਚੇਚਕ ਨਾਲ ਮਰ ਗਏ। ਬ੍ਰਾਹਮਣੀ ਦੀ ਨੂੰਹ ਝਲਿਆਂ ਵਾਂਗ ਰੋਂਦੀ ਪਿਟਦੀ, ਆਪਣੇ ਪਾਪਾਂ ਦਾ ਪਸ਼ਚਾਤਾਪ ਕਰਦੀ, ਜੰਗਲ ਵਿਚ ਜਾ ਕੇ ਵਾਵੇਲਾ ਕਰਨ ਲੱਗੀ। ਉਥੇ ਉਸਨੇ ਇਕ ਬੁਢੀ ਮਾਈ ਪੀੜ ਨਾਲ ਕੁਰਲਾਂਦੀ ਵੇਖੀ; ਉਸ ਬੁਢੀ ਦਾ ਸਾਰਾ ਸਰੀਰ ਅੱਗ ਨਾਲ ਝੁਲਸਿਆ ਹੋਇਆ ਸੀ। ਬ੍ਰਾਹਮਣੀ ਦੀ ਨੂੰਹ ਨੇ ਜਦੋਂ ਉਸ ਦੇ ਨਾਲ ਹਮਦਰਦੀ ਪ੍ਰਗਟ ਕੀਤੀ ਤਾਂ ਉਸ ਬੁਢੀ ਨੇ ਦਸਿਆ ਕਿ ਉਹ ਸੀਤਲਾ ਮਾਈ ਹੈ। ਤੇ ਕਿਉਂ ਜੋ ਉਸ ਨੇ ਵਿਧੀ ਪੂਰਵਕ ਵਰਤ ਨਹੀਂ ਸੀ ਨਿਬਾਹਿਆ ਅਤੇ ਗਰਮ ਪਾਣੀ ਨਾਲ ਇਸ਼ਨਾਨ ਕਰਨ ਮਗਰੋਂ ਉਸ ਨੇ ਗਰਮ ਖਿਚੜੀ ਖਾਧੀ ਸੀ, ਇਸ ਕਰ ਕੇ ਉਸ ਦਾ ਸਰੀਰ ਝੁਲਸ ਗਿਆ ਹੈ। ਬ੍ਰਾਹਮਣੀ ਦੀ ਨੂੰਹ ਨੇ ਸੀਤਲਾ ਮਾਈ ਦੇ ਚਰਨ ਫੜ ਕੇ ਖਿਮਾ ਮੰਗੀ ਤੇ ਉਪਾਅ ਪੁਛਿਆ। ਸੀਤਲਾ ਦੇਵੀ ਨੇ ਉਸ ਨੂੰ ਦਹੀਂ ਲਿਆਣ ਵਾਸਤੇ ਕਿਹਾ। ਬ੍ਰਾਹਮਣੀ ਦੀ ਨੂੰਹ ਕਿਧਰੋਂ ਦਹੀਂ ਲੈ ਆਈ ਤੇ ਦੇਵੀ ਦੇ ਕਹਿਣ ਉਤੇ ਉਸ ਨੇ ਉਹ ਦਹੀਂ ਸੀਤਲਾ ਦੇਵੀ ਦੇ ਸਾਰੇ ਸਰੀਰ ਉਤੇ ਮਲਿਆ। ਫਲਸਰੂਪ ਦੇਵੀ ਅਰੋਗ ਹੋ ਗਈ। ਸੀਤਲਾ ਦੇਵੀ ਨੇ ਬ੍ਰਾਹਮਣੀ ਦੀ ਨੂੰਹ ਉਤੇ ਪ੍ਰਸੰਨ ਹੋ ਕੇ ਉਸ ਨੂੰ ਥੋੜਾ ਜਿਹਾ ਦਹੀਂ ਦਿਤਾ, ਜਿਸ ਦਾ ਟਿਕਾ, ਬ੍ਰਾਹਮਣੀ ਦੀ ਨੂੰਹ ਨੇ, ਆਪਣੀ ਮ੍ਰਿਤਕ ਪਤੀ ਅਤੇ ਬੱਚੇ ਦੇ ਮੱਥੇ ਉਪਰ ਲਗਾਇਆ। ਫਲਸਰੂਪ ਉਹਦਾ ਬੱਚਾ ਤੇ ਪਤੀ ਦੋਵੇਂ ਮੁੜ ਸੁਰਜੀਤ ਹੋ ਗਏ।

(ਸ-567) **ਸੀਤਲਾ ਸਪਤਮੀ** :

ਚੇਤਰ ਮਹੀਨੇ ਦੇ ਹਨੇਰੇ ਪੱਖ ਦੀ ਸਤਵੀਂ; ਪੰਜਾਬ ਵਿਚ ਸਤਵੀਂ ਨੂੰ ਗੁਲਗੁਲੇ ਆਦਿ ਪਦਾਰਥ ਤਿਆਰ ਕਰਵਾ ਕੇ ਸੀਤਲਾ ਅਸ਼ਟਮੀ ਨੂੰ ਖਾਧੇ ਜਾਂਦੇ ਹਨ ਤੇ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ (ਵੇਖ : ਸੀਤਲਾ ਅਸ਼ਟਮੀ)।

(ਸ-568) **ਸੀਤਾ** :

ਪੂਰਵ ਇਤਿਹਾਸਕ ਕਾਲ ਵਿਚ ਲੋਕ-ਮਨ ਨੇ ਸੀਤਾ ਨੂੰ ਵਾਹੀ ਖੇਤੀ ਦੀ ਦੇਵੀ ਦੇ ਰੂਪ ਵਿਚ ਸਿਰਜਿਆ ਸੀ। ਮੁਢਲੇ ਵੈਦਿਕ ਕਾਲ ਵਿਚ, ਸਿਆੜ ਕਢਣ ਵੇਲੇ, ਉਪਜਾਇਕਤਾ ਨੂੰ ਮੁਖ ਰਖਦਿਆਂ, ਇਸ ਦੇਵੀ ਦੀ ਪੂਜਾ ਧਰਤੀ ਮਾਤਾ ਦੀ ਪੂਜਾ ਦੇ ਨਾਲ ਕੀਤੀ ਜਾਂਦੀ ਸੀ। ਸੀਤਾ ਦਾ ਸ਼ਾਬਦਿਕ ਅਰਥ 'ਸਿਆੜ' ਵੀ ਇਸੇ ਗੱਲ ਵਲ ਸੰਕੇਤ ਕਰਦਾ ਹੈ ਕਿ ਸੀਤਾ ਸਿਆੜ ਜਾਂ ਵਾਹੀ ਖੇਤੀ ਦਾ ਹੀ ਮਾਨਵੀਕਰਣ ਹੈ। ਰਿਗ ਵੇਦ ਵਿਚ ਸੀਤਾ ਸ਼ਬਦ ਸਿਆੜ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ। ਪ੍ਰਾਚੀਨ ਕਾਲ ਵਿਚ ਵਾਹੀ ਖੇਤੀ ਦਾ ਉਤਪਾਦਨ ਵਧਾਣ ਲਈ 'ਸੀਤਾ ਯਜਨਾ' ਕੀਤਾ ਜਾਂਦਾ ਸੀ, ਜਿਸ ਦਾ ਵਰਨਣ ਹਰੀਵੰਸ਼ ਪੁਰਾਣ ਵਿਚ ਵੇਰਵੇ ਨਾਲ ਮਿਲਦਾ ਹੈ। ਸੀਤਾ ਦੇ ਪਿਤਾ ਰਾਜੇ ਜਨਕ ਦਾ ਜ਼ਿਕਰ ਉਪਨਿਸ਼ਦ ਵਿਚ ਇਕ ਵੈਦਿਕ ਰਿਸ਼ੀ ਦੇ ਰੂਪ ਵਿਚ ਵੀ ਆਉਂਦਾ ਹੈ।

ਵਾਲਮੀਕੀ ਰਾਮਾਇਣ ਅਨੁਸਾਰ ਸੀਤਾ ਸੀਰਧ੍ਵਜ ਜਨਕ ਦੀ ਕੰਨਿਆਂ ਅਤੇ ਰਾਮ ਚੰਦਰ ਦੀ ਸੁਪਤਨੀ ਸੀ, ਜੋ ਪਤੀਵਰਤ ਹੋਣ ਦੇ ਨਾਤੇ ਭਾਰਤੀ ਇਸਤ੍ਰੀਤਵ ਅਤੇ ਧਰਮਸ਼ੀਲਤਾ ਦੀ ਸਮੂਰਤ ਬਣ ਗਈ। ਪਰ ਸੀਤਾ ਪ੍ਰਾਚੀਨ ਪਰੰਪਰਾ ਅਤੇ ਆਪਣੇ ਅਤੀਤ ਤੋਂ ਨਿਰਲੇਪ ਨਹੀਂ ਰਹਿ ਸਕੀ, ਜਿਸ ਕਰ ਕੇ ਰਾਮਾਇਣ ਕਾਲ ਵਿਚ ਵੀ ਸੀਤਾ ਦਾ ਸੰਬੰਧ ਸਿਆੜ ਅਤੇ ਧਰਤੀ ਨਾਲ ਕਾਇਮ ਰਿਹਾ। ਰਾਮਾਇਣ ਅਨੁਸਾਰ ਜਦੋਂ ਜਨਕ ਯੱਗ ਲਈ ਹੱਲ ਵਾਹ ਕੇ ਜ਼ਮੀਨ ਸਾਫ਼ ਕਰ ਰਹੇ ਸਨ, ਤਾਂ ਸਿਆੜਾਂ ਵਿਚੋਂ ਇਕ ਕੰਨਿਆਂ ਦੀ ਉਤਪੱਤੀ ਹੋਈ। ਜਿਸ ਦਾ ਨਾਉਂ ਸਿਆੜਾਂ ਵਿਚੋਂ ਪੈਦਾ ਹੋਣ ਕਰ ਕੇ ਸੀਤਾ ਰਖਿਆ ਗਿਆ। ਅਖ਼ੀਰ ਵੇਲੇ ਸੀਤਾ ਪ੍ਰਿਥਵੀ ਵਿਚ ਹੀ ਸਮਾ ਗਈ, ਜਿਵੇਂ ਸਿਆੜ ਧਰਤੀ ਵਿਚੋਂ ਉਪਜ ਕੇ ਧਰਤੀ ਵਿਚ ਹੀ ਸਮਾ ਜਾਂਦੇ ਹਨ।

ਪੰਜਾਬ ਵਿਚ ਪ੍ਰਚਲਤ ਇਕ ਲੋਕ-ਮਿਥ ਅਨੁਸਾਰ ਸੀਤਾ ਦੀ ਉਤਪੱਤੀ ਰਿਸ਼ੀਆਂ ਦੇ ਲਹੂ ਤੋਂ ਹੋਈ। ਰਾਵਣ ਨੇ ਰਿਸ਼ੀਆਂ ਤੋਂ ਮੁਆਮਲਾ ਮੰਗਿਆ, ਪਰ ਰਿਸ਼ੀ ਰਕਮ ਦੇਣ ਤੋਂ ਅਸਮਰੱਥ ਸਨ। ਰਾਵਣ ਨੇ ਉਨ੍ਹਾਂ ਨੂੰ ਮੁਆਵਜ਼ੇ ਵਿਚ ਲਹੂ

ਦੇਣ ਲਈ ਕਿਹਾ। ਰਿਸ਼ੀਆਂ ਨੇ ਆਪਣਾ ਲਹੂ ਇਕ ਘੜੇ ਵਿਚ ਜਮਾ ਕਰ ਕੇ ਰਾਜਦੂਤਾਂ ਨੂੰ ਦੇਂਦੇ ਹੋਏ ਕਿਹਾ, "ਇਹੋ ਲਹੂ ਰਾਵਣ ਦਾ ਨਾਸ਼ ਕਰੇਗਾ।" ਰਾਵਣ ਨੇ ਰਿਸ਼ੀਆਂ ਦੇ ਸਰਾਪ ਤੋਂ ਡਰਦੇ ਹੋਏ ਘੜੇ ਦਾ ਮੂੰਹ ਨਾ ਖੋਲ੍ਹਿਆ ਅਤੇ ਉਸ ਨੇ ਉਹ ਘੜਾ ਜਨਕ ਦੇ ਦੇਸ਼ ਵਿਚ ਜਾ ਦੱਬਿਆ। ਰਾਜਾ ਜਨਕ ਦੇ ਦੇਸ਼ ਵਿਚ ਔੜ ਪੈ ਗਈ ਅਤੇ ਬਾਰ੍ਹਾਂ ਸਾਲਾਂ ਤਕ ਮੀਂਹ ਨਾ ਵਰ੍ਹਿਆ। ਰਿਸ਼ੀਆਂ ਦੀ ਪ੍ਰੇਰਨਾ ਨਾਲ ਰਾਜੇ ਜਨਕ ਨੇ ਭਾਰੀ ਯੱਗ ਕੀਤਾ ਅਤੇ ਸੋਨੇ ਦੇ ਹੱਲ ਨਾਲ ਧਰਤੀ ਨੂੰ ਖ਼ੁਦ ਵਾਹਿਆ, ਤਾਂ ਹੱਲ ਦੀ ਨੋਕ ਉਸ ਘੜੇ ਨਾਲ ਲੱਗ ਕੇ ਰੁਕ ਗਈ। ਜਦੋਂ ਘੜੇ ਦਾ ਮੂੰਹ ਖੋਲ੍ਹਿਆ ਗਿਆ ਤਾਂ ਵਿਚੋਂ ਇਕ ਬੱਚੀ ਅੰਗੂਠਾ ਚੂਸ ਰਹੀ ਸੀ। ਇਹੋ ਕੰਨਿਆਂ ਸੀਤਾ ਦੇ ਨਾਂ ਨਾਲ ਪ੍ਰਸਿਧ ਹੋਈ ਅਤੇ ਰਾਵਣ ਦੇ ਵਿਨਾਸ਼ ਦਾ ਕਾਰਨ ਬਣੀ।

ਅਦਭੁਤ ਰਾਮਾਇਣ ਅਨੁਸਾਰ ਰਾਵਣ ਨੇ ਰਿਸ਼ੀਆਂ ਦੇ ਲਹੂ ਦਾ ਭਰਿਆ ਘੜਾ ਆਪਣੀ ਪਤਨੀ ਮੰਦੋਦਰੀ ਨੂੰ ਸੰਭਾਲ ਕੇ ਰਖਣ ਲਈ ਦਿਤਾ। ਮੰਦੋਦਰੀ ਨੇ ਇਕ ਵਾਰ ਰਾਵਣ ਨੂੰ ਦੇਵਾਂਗਨਾ ਨਾਲ ਭੋਗ ਕਰਦੇ ਵੇਖ ਲਿਆ ਅਤੇ ਮਰਨ ਦੀ ਇੱਛਾ ਨਾਲ ਉਸ ਨੇ ਘੜੇ ਵਿਚੋਂ ਕੁਝ ਘੁਟ ਪੀ ਲਏ। ਉਸ ਨਾਲ ਮੰਦੋਦਰੀ ਨੂੰ ਗਰਭ ਠਹਿਰ ਗਿਆ। ਮੰਦੋਦਰੀ ਨੇ ਪਿਛਲੇ ਸਾਰੇ ਵਰ੍ਹੇ ਰਾਵਣ ਨਾਲ ਆਲਿੰਗਨ ਨਹੀਂ ਸੀ ਕੀਤਾ। ਸੋ ਮੰਦੋਦਰੀ ਘਬਰਾਈ ਹੋਈ ਵਿਮਾਨ ਉਤੇ ਕੁਰਛੇਤਰ ਪੁਜੀ ਅਤੇ ਉਥੇ ਗਰਭ ਨੂੰ ਖੰਡਤ ਕਰ ਕੇ ਧਰਤੀ ਵਿਚ ਦਬਾ ਗਈ। ਰਿਸ਼ੀਆ ਦੀ ਪ੍ਰੇਰਨਾ ਨਾਲ ਜਦੋਂ ਜਨਕ ਨੇ ਯੱਗ ਲਈ ਜ਼ਮੀਨ ਵਿਚ ਹੱਲ ਫੇਰਿਆ ਤਾਂ ਹੇਠੋਂ ਸੀਤਾ ਨਿਕਲੀ।

ਇਕ ਹੋਰ ਮਿਥ ਜੋ ਬਾਲਮੀਕੀ ਰਾਮਾਇਣ ਵਿਚ ਮਿਲਦੀ ਹੈ, ਸੀਤਾ ਵੇਦਵਤੀ ਦਾ ਅਵਤਾਰ ਸੀ। ਉਸ ਨੇ ਰਾਵਣ ਤੋਂ ਬਦਲਾ ਲੈਣ ਦੀ ਭਾਵਨਾ ਨਾਲ ਹੀ ਤ੍ਰੇਤੇ ਯੁਗ ਵਿਚ, ਸੀਤਾ ਦੇ ਰੂਪ ਵਿਚ ਜਨਮ ਲਿਆ। ਵੇਦਵਤੀ ਬ੍ਰਿਹਸਪਤੀ ਦੀ ਪੋਤਰੀ ਸੀ। ਰਾਵਣ ਉਸ ਨੂੰ ਵੇਖਦੇ ਸਾਰ ਮੋਹਿਤ ਹੋ ਗਿਆ ਅਤੇ ਪ੍ਰਾਪਤ ਕਰਨ ਲਈ ਤਰਲੋਮੱਛੀ ਹੋਣ ਲੱਗਾ। ਪਰ ਵੇਦਵਤੀ ਨੇ ਰਾਵਣ ਨੂੰ ਦਸਿਆ ਕਿ ਉਹ ਆਪਣੇ ਪਿਤਾ ਦੀ ਇਛਾ ਦੀ ਪਾਲਣਾ ਕਰਦੀ ਹੋਈ, ਵਿਸ਼ਨੂੰ ਤੋਂ ਬਗੈਰ ਹੋਰ ਕਿਸੇ ਨਾਲ ਵਿਆਹ ਕਰਨ ਨੂੰ ਤਿਆਰ ਨਹੀਂ। ਵੇਦਵਤੀ ਜਦੋਂ ਵਿਸ਼ਨੂੰ ਨੂੰ ਧਾਰਨ ਕਰਨ ਵਾਸਤੇ ਘੋਰ ਤਪੱਸਿਆ ਕਰ ਰਹੀ ਸੀ, ਤਾਂ ਰਾਵਣ ਨੇ ਉਸ ਨੂੰ ਅਪਮਾਨਤ ਕਰਨ ਲਈ ਉਸ ਦੇ ਕੇਸਾਂ ਵਿਚ ਉਂਗਲਾਂ ਫੇਰੀਆਂ। ਵੇਦਵਤੀ ਨੇ ਕਰੋਧ ਵਿਚ ਆ ਕੇ ਆਪਣੇ ਵਾਲ ਕਟ ਸੁਟੇ। ਫਿਰ ਰਾਵਣ ਦੀਆਂ ਅੱਖਾਂ ਦੇ ਸਾਹਮਣੇ ਉਹ ਇਹ ਕਹਿੰਦੀ ਹੋਈ ਅੱਗ ਵਿਚ ਕੁਦ ਪਈ ਕਿ ਉਹ ਇਸ ਅਪਮਾਨ ਦਾ ਬਦਲਾ ਲੈਣ ਵਾਸਤੇ ਮੁੜ ਪੈਦਾ ਹੋਵੇਗੀ। ਵਰਤਮਾਨ ਜਨਮ ਵਿਚ ਸੀਤਾ ਆਪਣੀ ਪਤੀਬ੍ਰਤ ਮਰਯਾਦਾ ਨੂੰ ਕਾਇਮ ਰਖਦੀ ਹੋਈ ਰਾਵਣ ਨਾਲ ਕਦੇ ਸਿਧੀ ਗੱਲ ਨਹੀਂ ਸੀ ਕਰਦੀ। ਜੇ ਮਜਬੂਰ ਹੋ ਕੇ ਕੋਈ ਗੱਲ ਕਹਿਣੀ ਹੁੰਦੀ ਤਾਂ ਹਮੇਸ਼ਾਂ ਤ੍ਰਿਣ ਦੀ ਓਟ ਵਿਚ ਕਿਹਾ ਕਰਦੀ ਸੀ।

ਪੁਰਾਣਾਂ ਵਿਚ ਇਸ ਗੱਲ ਦਾ ਵੀ ਸੰਕੇਤ ਮਿਲਦਾ ਹੈ ਕਿ ਸੀਤਾ ਲਛਮੀ ਦੇਵੀ ਦਾ ਅਵਤਾਰ ਸੀ। ਸਮੇਂ ਨਾਲ ਜਿਵੇਂ ਜਿਵੇਂ ਰਾਮ ਚੰਦਰ ਦੀ ਪ੍ਰਭੁਤਾ ਦਾ ਦੇਵੀਕਰਣ ਹੁੰਦਾ ਗਿਆ, ਸੀਤਾ ਦਾ ਵੀ ਲਛਮੀ ਦੇ ਅਵਤਾਰ ਦੇ ਰੂਪ ਵਿਚ ਉਥਾਨ ਹੁੰਦਾ ਗਿਆ।

ਰਾਮਾਇਣ ਅਨੁਸਾਰ ਰਾਮ ਚੰਦਰ ਨੇ ਸਵੰਬਰ ਵਿਚ ਸ਼ਿਵ ਦੇ ਧਨੁਖ ਨੂੰ ਤੋੜ ਕੇ ਸੀਤਾ ਨਾਲ ਵਿਆਹ ਕੀਤਾ। ਬਨਬਾਸ ਦੇ ਦਿਨੀਂ ਸੀਤਾ ਨੇ ਦੰਡਕ ਬਣ ਵਿਚ ਰਾਮ ਚੰਦਰ ਨਾਲ ਰਹਿ ਕੇ ਦੁਖ ਝਾਗੇ। ਉਥੋਂ ਰਾਵਣ ਸੀਤਾ ਨੂੰ ਆਪਣੀ ਭੈਣ ਸਰੂਪ ਨਖਾ ਦੇ ਨਕ ਕੱਟਣ ਦਾ ਬਦਲਾ ਲੈਣ ਦੀ ਭਾਵਨਾ ਨਾਲ, ਸੀਤਾ ਨੂੰ ਚੁਕ ਕੇ ਲੈ ਗਿਆ। ਰਾਵਣ ਨੇ ਸੀਤਾ ਦਾ ਮਨ ਜਿਤਣ ਵਾਸਤੇ ਬੜੇ ਯਤਨ ਕੀਤੇ, ਪਰ ਪਵਿਤ੍ਰਤਾ ਅਤੇ ਪ੍ਰੇਮ ਦੀ ਸਮੂਰਤ ਸੀਤਾ, ਸਤੀਤਵ ਤੇ ਪਤੀ-ਭਗਤੀ ਵਿਚ ਸੁਦ੍ਰਿੜ੍ਹ ਰਹੀ।

ਰਾਵਣ ਦੀ ਮੌਤ ਤੋਂ ਬਾਅਦ, ਅਸ਼ਕ ਵਾਟਿਕਾ ਵਿਚ, ਜਦੋਂ ਰਾਮ ਚੰਦ੍ਰ ਦਾ ਸੀਤਾ ਨਾਲ ਪੁਨਰ ਮਿਲਾਪ ਹੋਇਆ, ਤਾਂ ਰਾਮ ਚੰਦ੍ਰ ਦੇ ਮਨ ਵਿਚ ਆਪਣੇ ਲਈ ਸ਼ੰਕੇ ਵੇਖ ਕੇ, ਸੀਤਾ ਨੇ

ਅਗਨ-ਪ੍ਰੀਖਿਆ ਦੁਆਰਾ ਆਪਣੇ ਨਾਰੀਤਵ ਦਾ ਪ੍ਰਮਾਣ ਦਿਤਾ। ਜਦੋਂ ਸੀਤਾ ਚਿਖਾ ਵਿਚ ਕੁਦੀ ਤਾਂ ਅਗਨੀ ਦੇਵਤੇ ਨੇ, ਉਸ ਨੂੰ ਆਪਣੇ ਹੱਥੀਂ ਅੱਗ ਵਿਚੋਂ ਨਿਰਲੇਪ ਕਢ ਕੇ, ਰਾਮ ਚੰਦਰ ਦੇ ਹਵਾਲੇ ਕੀਤਾ। ਬਾਅਦ ਵਿਚ ਜਦੋਂ ਰਾਮ ਚੰਦਰ ਅਜੁਧਿਆ ਵਿਚ ਰਾਜ ਸਿੰਘਾਸਣ ਉਤੇ ਬੈਠੇ ਤਾਂ ਭਦ੍ਰ ਨਾਂ ਦੇ ਭੇਦ ਨੇ ਸੀਤਾ ਦੇ ਚਰਿਤ੍ਰ ਬਾਰੇ ਲੋਕਾਂ ਵਿਚ ਹੋ ਰਹੀ ਚਰਚਾ ਰਾਮ ਚੰਦਰ ਨੂੰ ਜਾ ਦਸੀ। ਰਾਮ ਚੰਦਰ ਨੇ ਗਰਭਵਤੀ ਸੀਤਾ ਨੂੰ ਘਰੋਂ ਕਢ ਦਿਤਾ। ਸੀਤਾ ਬਾਲਮੀਕੀ ਦੇ ਆਸ਼੍ਰਮ ਵਿਚ ਜਾ ਰਹੀ। ਉਥੇ ਹੀ ਸੀਤਾ ਨੇ ਲਵ ਤੇ ਕੁਸ਼ ਨੂੰ ਜਨਮ ਦਿਤਾ। ਜਦੋਂ ਰਾਮ ਚੰਦਰ ਨੇ ਅਸ਼ਵਮੇਧ ਯੱਗ ਕੀਤਾ ਤਾਂ ਯੱਗ ਦਾ ਘੋੜਾ ਲਵ ਤੇ ਕੁਸ਼ ਨੇ ਰੋਕ ਲਿਆ। ਉਦੋਂ ਲਵ ਤੇ ਕੁਸ਼ ਨਾਲ ਯੁਧ ਕਰਦਿਆਂ ਰਾਮ ਚੰਦਰ ਅੱਗੇ ਅਸਲੀ ਭੇਤ ਖੁਲ੍ਹਿਆ ਅਤੇ ਉਨ੍ਹਾਂ ਦਾ ਸੀਤਾ ਨਾਲ ਪੁਨਰ ਮਿਲਾਪ ਹੋਇਆ। ਰਾਮ ਚੰਦਰ ਸੀਤਾ ਨੂੰ ਅਜੁਧਿਆ ਲੈ ਆਏ, ਪਰ ਲੋਕਾਂ ਦੀ ਚਰਚਾ ਖ਼ਤਮ ਨਾ ਹੋਈ ਅਤੇ ਸੀਤਾ ਜੀਵਨ ਵਲੋਂ ਉਦਾਸੀਨ ਹੋ ਗਈ। ਸੀਤਾ ਨੇ ਫਿਰ ਆਪਣੇ ਸਤੀਤਵ ਦੀ ਪ੍ਰੀਖਿਆ ਦੇਣ ਲਈ ਧਰਤੀ ਮਾਤਾ ਨੂੰ ਪ੍ਰਾਰਥਨਾ ਕੀਤੀ ਕਿ ਜੇ ਉਹ ਪਤੀ, ਪਰਾਇਣ ਅਤੇ ਪਵਿਤ੍ਰ ਹੈ ਤਾਂ ਧਰਤੀ ਉਸ ਨੂੰ ਆਪਣੀ ਗੋਦ ਵਿਚ ਸਮੇਟ ਲਏ। ਉਸੇ ਵੇਲੇ ਪ੍ਰਿਥਵੀ ਫਟ ਗਈ ਅਤੇ ਸੀਤਾ ਉਸ ਵਿਚ ਅਲੋਪ ਹੋ ਗਈ।

ਸ਼ੈਵਮਤ ਅਨੁਸਾਰ ਸੀਤਾ ਦੁਰਗਾ ਦਾ ਅਵਤਾਰ ਸੀ। ਇਕ ਕਥਾ ਦੇ ਮੁਤਾਬਿਕ ਲੰਕਾ ਦੀ ਵਿਜੈ ਮਗਰੋਂ ਇਕ ਵਾਰ ਰਾਮ ਚੰਦਰ ਨੇ ਸੀਤਾ ਨੂੰ ਰਾਵਣ ਨਾਲ ਹੋਏ ਭਿਆਨਕ ਯੁਧ ਦਾ, ਗੌਰਵ ਨਾਲ ਜ਼ਿਕਰ ਕਰਦਿਆਂ ਆਪਣੇ ਬਲ ਤੇ ਪ੍ਰਕ੍ਰਮ ਦਾ ਅਭਿਮਾਨ ਕੀਤਾ ਤਦੋਂ ਸੀਤਾ ਨੇ ਹੱਸਦੇ ਹੋਏ ਕਿਹਾ ਕਿ ਤੁਸਾਂ ਤਾਂ ਦਸਾਂ ਸਿਰਾਂ ਵਾਲੇ ਦਹਿਸਰ ਰਾਵਣ ਨੂੰ ਮਾਰਿਆ ਹੈ, ਸੰਸਾਰ ਵਿਚ ਇਕ ਹਜ਼ਾਰ ਸਿਰਾਂ ਵਾਲਾ ਸਹੰਸਰ ਰਾਵਣ ਵੀ ਹੈ, ਉਸ ਨੂੰ ਮਾਰੋ ਤਾਂ ਜਾਣਾਂ। ਰਾਮ ਨੇ ਸਹੰਸਰ ਰਾਵਣ ਦੀ ਰਾਜਧਾਨੀ ਦਾ ਥਹੁ ਪਤਾ ਪੁਛਿਆ ਤੇ ਮੁੜ ਬਾਂਦਰ ਸੈਨਾ ਇਕੱਠੀ ਕਰ ਕੇ ਸਹੰਸਰ ਰਾਵਣ ਦੀ ਰਾਜਧਾਨੀ ਉਤੇ ਹਲਾ ਬੋਲ ਦਿਤਾ। ਸਹੰਸਰ ਰਾਵਣ ਨੇ ਰਾਮ ਦੀ ਸਾਰੀ ਬਾਂਦਰ ਸੈਨਾ ਖਾ ਲਈ ਤਾਂ ਰਾਮ ਚੰਦਰ ਘਬਰਾ ਕੇ ਅਜੁਧਿਆ ਮੁੜ ਆਏ। ਰਾਮ ਚੰਦਰ ਨੂੰ ਨਿਰਾਸ਼ ਵੇਖ ਕੇ ਸੀਤਾ ਨੇ ਦੁਰਗਾ ਦਾ ਰੂਪ ਧਾਰਨ ਕਰ ਲਿਆ ਅਤੇ ਉਸ ਦੈਂਤ ਨੂੰ ਮਾਰ ਦਿਤਾ।

ਧਰਤੀ ਨਾਲ ਜਨਮ ਮਰਨ ਦਾ ਸੰਬੰਧ ਹੋਣ ਕਰ ਕੇ ਸੀਤਾ ਜੀ ਨੂੰ 'ਧਰਣੀ ਸੁਤ', 'ਭੂਮਿਜਾ', 'ਪਾਰਿਥਵੀ' ਆਦਿ ਵੀ ਕਿਹਾ ਜਾਂਦਾ ਹੈ, ਜਿਸ ਦਾ ਅਰਥ 'ਪ੍ਰਿਥਵੀ ਦੀ ਕੰਨਿਆ' ਹੈ।

ਸੀਤਾ ਬਾਰੇ ਕੁਝ ਗ੍ਰੰਥਾਂ ਵਿਚ ਬੜੀ ਵਚਿਤ੍ਰ ਸਾਮਗ੍ਰੀ ਮਿਲਦੀ ਹੈ। ਦਸਰਥ ਜਾਤਕ ਅਨੁਸਾਰ ਸੀਤਾ ਰਾਮ ਚੰਦਰ ਦੀ ਛੋਟੀ ਭੈਣ ਸੀ, ਜੋ ਰਾਮ ਚੰਦਰ ਦੇ ਨਾਲ ਹੀ ਬਨਬਾਸ ਵਿਚ ਗਈ। ਬਨਬਾਸ ਤੋਂ ਮਗਰੋਂ ਰਾਮ ਚੰਦਰ ਨੇ ਬਨਾਰਸ ਆ ਕੇ ਸੀਤਾ ਨਾਲ ਵਿਆਹ ਕਰ ਲਿਆ।

ਪੰਜਾਬ ਵਿਚ ਸੀਤਾ ਨਾਲ ਸੰਬੰਧਿਤ ਅਨੇਕਾਂ ਸਥਾਨ ਮਿਲਦੇ ਹਨ ਜਿਨ੍ਹਾਂ ਨਾਲ ਬੜੀਆਂ ਰੋਚਕ ਰਵਾਇਤਾਂ ਤੇ ਕਥਾਵਾਂ ਸੰਬੰਧਿਤ ਹਨ। ਮੁਲਤਾਨ ਦੇ ਨੇੜਿਉਂ ਇਕ ਥਾਂ ਰਾਵੀ, ਬਾਰਾਂ ਕੁ ਮੀਲ ਬਿਨਾਂ ਵਿੰਗ ਵਲੇਵੇਂ ਦੇ, ਸਿਧੀ ਸਤੀਰ ਵਗਦੀ ਹੈ, ਇਸ ਸਥਾਨ ਨੂੰ 'ਸੀਧਣੀ' ਕਹਿੰਦੇ ਹਨ ਅਤੇ ਇਸ ਦਾ ਸੰਬੰਧ ਸੀਤਾ ਨਾਲ ਦਸਿਆ ਜਾਂਦਾ ਹੈ (ਵੇਖੋ : ਸੀਧਣੀ)। ਸੈਦਪੁਰ ਵਿਚ ਸੀਤਾ ਦਾ ਇਕ ਕੁੰਡ ਮਿਲਦਾ ਹੈ, ਜਿਥੇ ਸੀਤਾ ਬਨਬਾਸ ਦੇ ਦਿਨਾਂ ਵਿਚ ਇਸ਼ਨਾਨ ਕਰਦੀ ਰਹੀ। ਇਸ ਕੁੰਡ ਦੇ ਨੇੜੇ ਹੀ ਰਾਮ ਕੁੰਡ ਤੇ ਲਛਮਣ ਕੁੰਡ ਵੀ ਹਨ।

ਪੰਜਾਬ ਤੋਂ ਬਾਹਰ ਵੀ ਸੀਤਾ ਬਾਰੇ ਅਨੇਕਾਂ ਸਥਾਨ ਮਿਲਦੇ ਹਨ। ਗਯਾ ਤੋਂ ਤੀਹ ਕੁ ਮੀਲਾਂ ਦੀ ਵਿਥ ਉਤੇ 'ਸੀਤਾ ਮਾੜੀ' ਹੈ, ਜੋ ਇਕ ਵਡੇ ਸਾਰੇ ਪੱਥਰ ਵਿਚ 16 ਫ਼ੁਟ ਲੰਮੀ ਅਤੇ 11 ਫ਼ੁਟ ਚੌੜੀ ਗੁਫਾ ਦੀ ਸ਼ਕਲ ਦੀ ਹੈ। ਰਾਮ ਚੰਦਰ ਨੇ ਸੀਤਾ ਨੂੰ ਜਦੋਂ ਬਨਬਾਸ ਦਿਤਾ ਸੀ ਤਾਂ ਉਹ ਇਥੇ ਆ ਕੇ ਰਹੀ ਸੀ। ਧਾਰਨਾ ਹੈ ਕਿ ਲਵ ਇਥੇ ਹੀ ਜੰਮਿਆ ਸੀ। ਇਸ ਗੁਫਾ ਦੀ ਸਿਰਜਨਾ ਵਿਸ਼ਵਕਰਮਾ ਨੇ ਬਾਲਮੀਕੀ ਦੇ ਆਦੇਸ਼ ਉਤੇ ਕੀਤੀ ਸੀ।

(ਸ-569) **ਸੀਤਾ ਕੁੰਡ** :

ਸੈਦਪੁਰ ਵਿਚ ਸੀਤਾ ਨਾਲ ਸੰਬੰਧਤ ਇਕ ਕੁੰਡ, ਧਾਰਨਾ ਹੈ ਕਿ ਬਨਬਾਸ ਦੇ ਦਿਨਾਂ ਵਿਚ ਰਾਮ ਚੰਦਰ ਉਥੇ ਕੁਝ ਦਿਨਾ ਲਈ ਠਹਿਰੇ ਸਨ (ਵੇਖੋ : ਸੈਦਪੁਰ)।

(ਸ-570) **ਸੀਤਾ ਦੇਵੀ** :

ਧੋਬੀਆਂ ਦੀ ਸਥਾਨਕ ਦੇਵੀ; ਸੀਤਾ ਦਾ ਦੈਵੀਕਰਣ ਰੂਪ; ਇਸ ਦੇਵੀ ਦਾ ਅਧਿਕਾਰ ਸਰਦੀ ਉਤੇ ਹੈ। ਰਵਾਇਤ ਹੈ ਕਿ ਬਨਬਾਸ ਦੇ ਦਿਨਾਂ ਵਿਚ ਕਿਸੇ ਧੋਬੀ ਨੇ ਸੀਤਾ ਦੇ ਕਪੜੇ ਬਿਨਾਂ ਕਿਸੇ ਮੁਆਵਜ਼ੇ ਦੇ ਧੋਤੇ ਸਨ। ਸੀਤਾ ਨੇ ਪ੍ਰਸੰਨ ਹੋ ਕੇ ਧੋਬੀਆ ਨੂੰ ਵਰ ਦਿਤਾ ਕਿ ਠੰਢੇ ਪਾਣੀ ਵਿਚ ਖਲੋਤਿਆਂ ਵੀ ਉਨ੍ਹਾਂ ਨੂੰ ਕਦੇ ਸਰਦੀ ਨਹੀਂ ਲੱਗੇਗੀ। ਕਹਿੰਦੇ ਹਨ ਕਿ ਜੇ ਠੰਢ ਲੱਗੇ ਵੀ ਤਾਂ ਸੀਤਾ ਦੀ ਅਰਾਧਨਾ ਨਾਲ ਠੰਢ ਉਡ ਜਾਂਦੀ ਹੈ।

(ਸ-571) **ਸੀਧਣੀ** :

ਰਾਵੀ ਦਰਿਆ ਦੇ ਇਕ ਵਿਸ਼ੇਸ਼ ਭਾਗ ਦਾ ਸਥਾਨਿਕ ਨਾਉਂ; ਸੀਧਣੀ ਦਾ ਸ਼ਾਬਦਿਕ ਅਰਥ ਹੈ ਸਿੱਧੀ ਵਗਣ ਵਾਲੀ ਨਦੀ। ਰਾਵੀ ਦਰਿਆ ਮੁਲਤਾਨ ਕੋਲੋਂ ਲੰਘਦਾ ਹੋਇਆ, ਤੁਲੰਬਾ ਦੇ ਜ਼ਰਾ ਪਛਮ ਤੋਂ ਸਰਾਏ ਸਿਧੂ ਦੇ ਪੂਰਬ ਤਕ, ਬਾਰਾਂ ਕੁ ਮੀਲ, ਬਿਨਾਂ ਕਿਸੇ ਵਲ ਪੇਚ ਦੇ ਬਿਲਕੁਲ ਸਿਧਾ ਸਤੀਰ ਵਗਦਾ ਹੈ। ਇਸ ਅਲੌਕਿਕ ਜਿਹੇ, ਸਿਧੇ ਪਾਟ ਨੂੰ ਸਿਧਨੈ ਜਾਂ ਸੀਧਣੀ ਕਹਿੰਦੇ ਹਨ। ਇਸ ਦ੍ਰਿਸ਼ਟਮਾਨ ਦੇ ਮੁੱਢ ਬਾਰੇ ਕਈ ਸਥਾਨਿਕ ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ।

ਹਿੰਦੂ ਇਸ ਸਿਧੇ ਪਾਟ ਦਾ ਸਬੰਧ ਸ੍ਰੀ ਰਾਮ ਚੰਦਰ ਨਾਲ ਜੋੜਦੇ ਹਨ। ਇਸ ਪਾਟ ਦੇ ਸਿਰੇ ਉਤੇ ਕਚਲੰਬਾ ਵਿਖੇ ਸੀਤਾ ਦਾ ਮੰਦਰ ਹੈ ਅਤੇ ਪਿਛਲੇ ਪਾਸ ਦੋ ਮੰਦਰ ਰਾਮ ਚੌਂਤਰਾ ਤੇ ਲਛਮਣ ਚੌਂਤਰਾ ਹਨ। ਰਵਾਇਤ ਹੈ ਕਿ ਬਨਬਾਸ ਦੇ ਦਿਨਾ ਵਿਚ ਇਥੋਂ ਇਕ ਦਿਨ ਰਾਮ ਚੰਦਰ ਅਤੇ ਲਛਮਣ ਇਸ਼ਨਾਨ ਕਰ ਰਹੇ ਸਨ, ਉਨ੍ਹਾਂ ਦੇ ਕਪੜਿਆਂ ਦੀ ਰਾਖੀ ਕਰਨ ਵਾਲਾ ਕੋਈ ਨਹੀਂ ਸੀ। ਰਾਮ ਚੰਦਰ ਨੇ ਦਰਿਆ ਨੂੰ ਸਿਧਾ ਸਤੀਰ ਵਗਣ ਦਾ ਹੁਕਮ ਦਿਤਾ, ਦਰਿਆ ਨੇ ਤੁਰੰਤ ਪਾਲਣਾ ਕੀਤੀ। ਉਦੋਂ ਤੋਂ ਰਾਵੀ ਦਰਿਆ ਇਥੋਂ ਵਲ ਪੇਚ ਖਾਧੇ ਬਿਨਾਂ ਸਿਧਾ ਸਤੀਰ ਵਗਦਾ ਹੈ। ਇਕ ਹੋਰ ਰੂਪਾਂਤਰ ਅਨੁਸਾਰ ਜਦੋਂ ਸੀਤਾ ਦਰਿਆ ਵਿਚ ਇਸ਼ਨਾਨ ਕਰ ਰਹੀ ਸੀ, ਤਾਂ ਦਰਿਆ ਰਾਵੀ ਇਸ ਕਰ ਕੇ ਸਿਧਾ ਸਤੀਰ ਵਗਣ ਲੱਗਾ ਕਿ ਰਾਮ ਚੰਦਰ ਚੌਂਤਰੇ ਉਤੇ ਬੈਠੇ ਹੋਏ ਸੀਤਾ ਦੀ ਰਾਖੀ ਕਰ ਸਕਣ।

ਇਕ ਹੋਰ ਦੰਦ-ਕਥਾ ਅਨੁਸਾਰ ਇਥੇ ਇਕ ਅਪੱਛਰਾਂ ਇਸ਼ਨਾਨ ਕਰ ਰਹੀ ਸੀ। ਜਲ-ਦੇਵਤਾ ਉਸ ਉਤੇ ਮੋਹਿਤ ਹੋ ਕੇ, ਉਹਦਾ ਪਿੱਛਾ ਕਰਨ ਲੱਗਾ। ਅਪੱਛਰਾਂ ਆਪਣੇ ਆਪ ਨੂੰ ਦਰਿਆ ਦੇ ਮੋੜਾਂ ਅਤੇ ਵਲ-ਪੇਚਾਂ ਦੇ ਓਹਲੇ ਛੁਪਾਂਦੀ ਰਹੀ। ਜਲ-ਦੇਵਤਾ ਨੇ ਦਰਿਆ ਨੂੰ ਹੁਕਮ ਦਿਤਾ ਕਿ ਉਹ ਸਿਧਾ ਵਗੇ, ਤਾਂ ਜੋ ਅਪੱਛਰਾਂ ਕਿਸੇ ਵੀ ਓਹਲੇ ਪਿਛੇ ਆਪਣੀ ਕਾਇਆ ਨਾ ਛੁਪਾ ਸਕੇ, ਅਤੇ ਜਲ ਦੇਵਤਾ ਉਸ ਦੇ ਨੰਗੇ ਸਰੀਰ ਦੇ ਖੁਲ੍ਹੇ ਦੀਦਾਰ ਕਰ ਸਕੇ।

ਮੁਸਲਮਾਨਾਂ ਵਿਚ ਸੀਧਣੀ ਬਾਰੇ ਰਤਾ ਵਖਰੀ ਦੰਦ-ਕਥਾ ਪ੍ਰਚਲਤ ਹੈ। ਜਦੋਂ ਔਰੰਗਜ਼ੇਬ ਦਾਰਾ ਸ਼ਿਕੋਹ ਦਾ ਪਿਛਾ ਕਰ ਰਿਹਾ ਸੀ, ਤਾਂ ਦਾਰਾ ਸ਼ਿਕੋਹ ਨੇ ਆਪਣਾ ਤਾਜ ਇਕ ਸਿਪਾਹੀ ਨੂੰ ਰਾਵੀ ਵਿਚ ਸੁਟ ਦੇਣ ਲਈ ਕਿਹਾ, ਤਾਂ ਜੋ ਉਹ ਤਾਜ ਔਰੰਗਜ਼ੇਬ ਦੇ ਹੱਥ ਨਾ ਲਗ ਸਕੇ। ਪਰ ਔਰੰਗਜ਼ੇਬ ਨੇ ਦਾਰਾ ਸ਼ਿਕੋਹ ਦੇ ਤਾਜ ਨੂੰ ਲਭਣ ਵਾਸਤੇ ਰਾਵੀ ਦਾ ਪਾਣੀ ਸੀਧਣੀ ਦੇ ਪੇਟ ਤੋਂ ਚਨਾਬ ਵਲ ਮੋੜ ਦਿਤਾ ਅਤੇ ਉਸ ਨੇ ਇਸ ਨਦੀ ਨੂੰ ਸਿਧਾ ਕੀਤਾ।

ਸਿੱਖ ਰਵਾਇਤਾਂ ਅਨੁਸਾਰ ਗੁਰੂ ਨਾਨਕ ਦੇਵ ਜਦੋਂ ਸਜਣ ਠੱਗ ਨੂੰ ਤਾਰ ਕੇ ਤੁਲੰਬੇ ਤੋਂ ਸਰਾਇ ਸਿਧੂ ਵਲ ਗਏ, ਤਾਂ ਉਹ ਰਾਵੀ ਦਰਿਆ ਦੇ ਕੋਲੋਂ ਦੀ ਲੰਘੇ। ਗੁਰੂ ਸਾਹਿਬ ਬਾਣੀ ਦਾ ਗਾਇਨ ਕਰਦੇ ਸਿਧੇ ਤੁਰਦੇ ਜਾ ਰਹੇ ਸਨ ਅਤੇ ਉਨ੍ਹਾਂ ਦੀ ਕਦਮ ਬੋਸੀ ਕਰਨ ਲਈ, ਦਰਿਆ ਉਨ੍ਹਾਂ ਦੇ ਕਦਮਾਂ ਦੇ ਨਾਲ ਨਾਲ ਕੁਝ ਮੀਲ ਸਿਧਾ ਵਗਦਾ ਹੋਇਆ ਗਿਆ, ਜਿਸ ਤੋਂ ਇਹ ਪੌਂਤਰਾ ਬਣ ਗਿਆ।

(ਸ-572) **ਸੀਮੰਤ ਸੰਸਕਾਰ :**

ਸੀਮੰਤੋਨਯਨ ਸੰਸਕਾਰ; ਵੈਦਿਕ ਕਾਲ ਦਾ ਇਕ ਸੰਸਕਾਰ, ਜੋ ਅੱਜ ਕਲ੍ਹ ਕੱਚੀਆਂ ਰੀਤਾਂ ਤੇ ਪੱਕੀਆਂ ਰੀਤਾਂ ਦੀ ਸ਼ਕਲ ਵਿਚ ਪ੍ਰਚਲਤ ਹੈ। ਵੈਦਿਕ ਕਾਲ ਵਿਚ ਇਸ ਸੰਸਕਾਰ ਸਮੇਂ ਗਰਭਵਤੀ ਦੇ ਵਾਲ ਮੁੰਨੇ ਜਾਂਦੇ ਤੇ ਕੁਝ ਹੋਰ ਰੀਤਾਂ ਕੀਤੀਆਂ ਜਾਂਦੀਆਂ ਸਨ। ਕਈ ਜਾਤੀਆਂ ਵਿਚ ਮਰਦ ਆਪਣੀ ਗਰਭਵਤੀ ਇਸਤ੍ਰੀ ਦੇ ਕੇਸਾਂ ਵਿਚ ਚੀਰ ਬਣਾਉਂਦਾ ਹੈ। ਇਸ ਸੰਸਕਾਰ ਦਾ ਆਧਾਰ ਬਹੁਤ ਹੱਦ ਤਕ ਇਹ ਵਿਸ਼ਵਾਸ਼ ਹੈ ਕਿ ਗਰਭ ਦੇ ਦਿਨਾਂ ਵਿਚ ਚੰਦਰੀਆਂ ਰੂਹਾਂ ਗਰਭਵਤੀ ਦੇ ਕੱਚੇ ਗਰਭ ਨੂੰ ਨਸ਼ਟ ਕਰਨਾ ਚਾਹੁੰਦੀਆਂ ਹਨ। ਆਸਵਲਾਯਨ ਸਿਮ੍ਰਿਤੀ ਵਿਚ ਲਿਖਿਆ ਹੈ, "ਚੰਦਰੇ ਰਾਖਸ਼ ਜੋ ਲਹੂ ਦੇ ਤਿਹਾਏ ਹੁੰਦੇ ਹਨ, ਗਰਭਵਤੀ ਇਸਤ੍ਰੀ ਦੇ ਪਹਿਲੇ ਗਰਭ ਦੇ ਕਚਰੇ ਨੂੰ ਨਿਗਲ ਜਾਂਦੇ ਹਨ। ਚੰਦਰੀਆਂ ਰੂਹਾਂ ਨੂੰ ਦੂਰ ਰਖਣ ਲਈ, ਪਤੀ ਵਾਸਤੇ, ਸ੍ਰੀ ਦੇਵੀ ਦੀ ਪੂਜਾ ਜ਼ਰੂਰੀ ਹੈ। ਕਿਉਂ ਜੋ ਇਸ ਦੇਵੀ ਦੀ ਬਖ਼ਸ਼ਿਸ਼ ਸਦਕਾ ਅਦ੍ਰਿਸ਼ਟ ਬਦ ਰੂਹਾਂ ਦੂਰ ਰਹਿੰਦੀਆਂ ਹਨ।"

ਸੀਮੰਤ ਸੰਸਕਾਰ ਦਾ ਮੂਲ ਉਦੇਸ਼ ਗਰਭਵਤੀ ਦੀ ਰੱਖਿਆ ਕਰਨੀ ਅਤੇ ਜੰਮਣ ਵਾਲੇ ਬੱਚੇ ਦੀ ਦੀਰਘ ਆਯੂ ਵਾਸਤੇ ਪ੍ਰਾਰਥਨਾ ਕਰਨਾ ਸੀ। ਗ੍ਰਿਹ ਸੂਤਰਾਂ ਅਨੁਸਾਰ ਇਹ ਸੰਸਕਾਰ ਗਰਭ ਦੇ ਚੌਥੇ ਜਾਂ ਪੰਜਵੇਂ ਮਹੀਨੇ ਕਰਨਾ ਲਾਜ਼ਮੀ ਹੈ। ਸਿਮਰਤੀਆਂ ਅਨੁਸਾਰ ਇਹ ਸੰਸਕਾਰ ਗਰਭ ਦੇ ਅਠਵੇਂ ਮਹੀਨੇ ਜਾਂ ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਕਿਸੇ ਵੇਲੇ ਵੀ ਕੀਤਾ ਜਾ ਸਕਦਾ ਹੈ। ਬਾਅਦ ਵਿਚ ਇਹ ਸੰਸਕਾਰ ਨਿਰੀ ਪਰੰਪਰਾਗਤ ਰੀਤ ਬਣ ਕੇ ਰਹਿ ਗਿਆ ਅਤੇ ਕਈ ਲੋਕ ਤਾਂ ਬੱਚੇ ਦੇ ਜੰਮਣ ਮਗਰੋਂ, ਉਸ ਨੂੰ ਸੰਦੂਕ ਵਿਚ ਰਖ ਕੇ, ਰੀਤ ਪੂਰੀ ਕਰ ਲਿਆ ਕਰਦੇ ਸਨ। ਆਪਸਤੰਬਾ ਤੇ ਪਾਰਾਸ਼ਰ ਅਨੁਸਾਰ ਇਹ ਸੰਸਕਾਰ ਕੇਵਲ ਪਹਿਲੇ ਗਰਭ ਸਮੇਂ ਇਕੋ ਵਾਰ ਕਰਨਾ ਚਾਹੀਦਾ ਹੈ, ਪਰ ਕੁਝ ਹੋਰ ਸੂਤਰਾਂ ਅਨੁਸਾਰ ਸੀਮੰਤ ਸੰਸਕਾਰ ਹਰ ਗਰਭ ਸਮੇਂ ਕਰਨਾ ਲਾਜ਼ਮੀ ਹੈ।

ਸੀਮੰਤ ਸੰਸਕਾਰ ਨਰ ਨਛੱਤ੍ਰਾਂ ਹੇਠ ਕਰਨ ਦਾ ਵਿਧਾਨ ਸੀ। ਗਰਭਵਤੀ ਉਸ ਦਿਨ ਵਰਤ ਰਖਦੀ ਤੇ ਪਰਜਾਪਤੀ ਦੀ ਪੂਜਾ ਮਗਰੋਂ ਉਹ ਹਵਨ ਕੁੰਡ ਦੀ ਪਛਮੀ ਦਿਸ਼ਾ ਵਲ, ਇਕ ਪੀੜ੍ਹੇ ਉਤੇ ਬੈਠਦੀ। ਉਸ ਦਾ ਪਤੀ ਮੱਥੇ ਵਲੋਂ ਉਸ ਦੇ ਵਾਲ ਕਟਣੇ ਸ਼ੁਰੂ ਕਰਦਾ। ਗਰਭਵਤੀ ਦੇ ਕੋਲ ਉਦੰਬਰ ਦੇ ਕੱਚੇ ਫਲ ਤਾਕ ਸੰਖਿਆ ਵਿਚ ਰਖੇ ਜਾਂਦੇ। ਇਸ ਤੋਂ ਇਲਾਵਾ ਤਿੰਨ ਤ੍ਰਿਣ ਦੁਭ ਘਾਹ ਦੇ, ਇਕ ਸੇਂਹ ਦਾ ਤਕਲਾ, ਜਿਹਦੇ 'ਤੇ ਤਿੰਨ ਚਿੱਟੇ ਥਿੰਮ੍ਹਣ ਲੱਗੇ ਹੁੰਦੇ, ਵਿਗਤਰ ਰੁੱਖ ਦੀ ਇਕ ਸੋਟੀ ਅਤੇ ਇਕ ਚਰਖੀ ਰਖੀ ਜਾਂਦੀ। ਵਾਲਾਂ ਨੂੰ ਕੱਟਣ ਵੇਲੇ ਮੰਤਰਾਂ ਦਾ ਜਾਪ ਕੀਤਾ ਜਾਂਦਾ ਹੈ। ਕਈ ਵਾਰ ਚੰਦਰੀਆਂ ਰੂਹਾਂ ਨੂੰ ਦੂਰ ਰਖਣ ਦੇ ਵਿਚਾਰ ਨਾਲ ਲਾਲ ਨਿਸ਼ਾਨ ਵੀ ਲਗਾ ਲਿਆ ਜਾਂਦਾ। ਵਾਲਾਂ ਨੂੰ ਕੱਟਣ ਮਗਰੋਂ ਪਤੀ ਉਦੰਬਰ ਦੀ ਟਹਿਣੀ ਨੂੰ ਪਤਨੀ ਦੇ ਕੰਠ ਵਿਚ ਲਟਕ ਰਹੀ ਤਿੰਨ ਧਾਗਿਆਂ ਵਾਲੀ ਡੋਰੀ ਵਿਚ ਪਰੋ ਦੇਂਦਾ ਅਤੇ ਕਹਿੰਦਾ, "ਜਿਵੇਂ ਇਹ ਟਹਿਣੀ ਰਸ ਵਿਚ ਰਸੀ ਹੋਈ ਏ, ਇਉਂ ਤੂੰ ਵੀ ਫੂਲੇਂ ਫਲੇਂ।" ਇਹ ਰੀਤ ਉਪਜਾਇਕਤਾ ਦੀ ਸ਼ਕਤੀ ਵਧਾਣ ਵਜੋਂ ਕੀਤੀ ਜਾਂਦੀ ਸੀ। ਇਸ ਰੀਤ ਦੇ ਮਗਰੋਂ ਗਰਭਵਤੀ ਨੂੰ ਚਾਵਲ, ਤਿਲ ਅਤੇ ਘਿਓ ਦੀ ਬਣੀ ਖਿਚੜੀ ਖਾਣ ਵਾਸਤੇ ਦਿਤੀ ਜਾਂਦੀ ਤੇ ਉਸ ਨੂੰ ਕਿਹਾ ਜਾਂਦਾ ਕਿ ਉਹ ਇਸੇ ਵਿਚ ਪਤੀ ਦੀ ਦੀਰਘ ਆਯੂ ਅਤੇ ਖ਼ੁਸ਼ਹਾਲੀ ਨੂੰ ਅਨੁਭਵ ਕਰੇ। ਰਸਮ ਦੇ ਖ਼ਾਤਮੇ ਤੇ ਬ੍ਰਾਹਮਣਾਂ ਨੂੰ ਭੋਜ ਦਿਤਾ ਜਾਂਦਾ।

ਰੀਤ ਦੇ ਮਗਰੋਂ ਤਾਰੇ ਚੜ੍ਹਨ ਤਕ ਗਰਭਵਤੀ ਮੌਨ ਧਾਰਨ ਕਰਦੀ। ਤਾਰੇ ਚੜ੍ਹਨ ਵੇਲੇ ਉਹ ਕਿਸੇ ਵੱਛੇ ਨੂੰ ਛੂਹੰਦੀ ਹੋਈ ਮੰਤਰਾਂ ਦਾ ਉਚਾਰਨ ਕਰਦਿਆਂ ਮੌਨ ਤੋੜਦੀ (ਵੇਖੋ : ਗਰਭ ਦੀਆਂ ਰੀਤਾਂ)।

(ਸ-573) **ਸੀਮਾ ਦਿਓਤਾ :**

ਇਕ ਗ੍ਰਾਮ ਦਿਓਤਾ, ਜਿਸ ਦੀ ਪੂਜਾ ਪੁਰਾਣੇ ਵੇਲਿਆਂ ਵਿਚ ਆਮ ਪ੍ਰਚਲਤ ਸੀ। ਪ੍ਰਾਚੀਨ ਕਾਲ ਵਿਚ ਪਿੰਡ ਦੀ ਸੀਮਾ ਦਾ ਖ਼ਾਸ ਮਹੱਤਵ ਰਿਹਾ ਹੈ। ਹਰੇਕ ਪਿੰਡ ਦੇ ਆਪਣੇ

ਸਥਾਨਕ ਦਿਉਤੇ ਸਨ, ਜਿਨ੍ਹਾਂ ਦਾ ਅਧਿਕਾਰ ਖੇਤਰ ਪਿੰਡ ਦੀ ਸੀਮਾ ਦੇ ਅੰਦਰ ਹੀ ਮੰਨਿਆ ਜਾਂਦਾ ਸੀ। ਇਸ ਲਈ ਸੀਮਾ ਉਤੇ ਪੱਥਰ ਗਡ ਕੇ ਹੱਦ ਮਿਥ ਲਈ ਜਾਂਦੀ। ਇਸੇ ਪੱਥਰ ਜਾਂ ਮਮਟੀ ਨੂੰ ਸੀਮਾ ਦਿਉਤਾ ਮੰਨ ਕੇ ਪੂਜਿਆ ਜਾਂਦਾ। ਜਦੋਂ ਪਿੰਡ ਵਿਚ ਪਸ਼ੂਆਂ ਦੀ ਬੀਮਾਰੀ ਜਾਂ ਕੋਈ ਹੋਰ ਰੋਗ ਫੈਲਦਾ, ਤਾਂ ਪਿੰਡ ਦਾ ਚੇਲਾ ਕਿਸੇ ਮਿਥੇ ਦਿਨ ਕੁਝ ਕਰਮ ਕਾਂਡ ਕਰਦਾ। ਉਸ ਦਿਨ ਨਾ ਤਾਂ ਪਿੰਡ ਵਿਚੋਂ ਕਿਸੇ ਪ੍ਰਾਣੀ ਨੂੰ ਬਾਹਰ ਜਾਣ ਦਿਤਾ ਜਾਂਦਾ ਅਤੇ ਨਾ ਹੀ ਕਿਸੇ ਨੂੰ ਪ੍ਰਵੇਸ਼ ਕਰਨ ਦੀ ਆਗਿਆ ਦਿਤੀ ਜਾਂਦੀ। ਜੇ ਇਸ ਗੱਲ ਦੀ ਉਲੰਘਣਾ ਹੋਵੇ, ਤਾਂ ਕਰਮ ਕਾਂਡ ਦਾ ਫਲ ਖੰਡਿਤ ਹੋ ਜਾਂਦਾ ਸੀ। ਕਈ ਵਾਰ ਪਿੰਡ ਦੀ ਬੀਮਾਰੀ ਦੂਰ ਕਰਨ ਲਈ ਬਲਦ ਨੂੰ ਸੰਧੂਰ ਕੇ ਸੀਮਾ ਤੋਂ ਪਾਰ ਵਲ ਧਕ ਦਿਤਾ ਜਾਂਦਾ। ਕਈ ਦੁਰਾਡੇ ਇਲਾਕਿਆਂ ਵਿਚ ਹੁਣ ਵੀ ਇਹ ਪਰੰਪਰਾ ਸੁਰਜੀਤ ਹੈ।

ਹਿੰਦੂਆਂ ਵਿਚ ਵਿਆਹ ਵੇਲੇ ਵੀ ਸੀਮਾ ਪੂਜਣ ਦੀ ਪ੍ਰਥਾ ਰਹੀ ਹੈ। ਵਰ ਦੁਲ੍ਹਨ ਦੇ ਪਿੰਡ ਦੀ ਸੀਮਾ ਉਤੇ ਪਹੁੰਚ ਕੇ ਪਹਿਲਾਂ ਉਸ ਪਿੰਡ ਦੇ ਸੀਮਾ ਦਿਉਤੇ ਦੀ ਪੂਜਾ ਕਰਦਾ, ਤਾਂ ਜੋ ਬਾਹਰ ਦੀਆਂ ਬਦਰੂਹਾਂ ਤੋਂ, ਜੋ ਹੁਣ ਤਕ ਉਸ ਦਾ ਪਿਛਾ ਕਰਦੀਆਂ ਆ ਰਹੀਆਂ ਸਨ, ਉਹ ਮੁਕਤ ਹੋ ਜਾਵੇ।

ਪਹਿਲਿਆਂ ਵਿਚ ਸੀਮਾ ਉਤੇ ਸ਼ਸਤ੍ਰਾਂ ਦੀ ਪੂਜਾ ਦੀ ਵੀ ਪ੍ਰਥਾ ਸੀ, ਜਿਸ ਨੂੰ 'ਸੀਮਾ ਉਲੰਘਣਾ' ਕਹਿੰਦੇ ਸਨ। ਅੰਗਰੇਜ਼ੀ ਰਾਜ ਦੇ ਮੁਢ ਤਕ ਜੰਮੂ ਅਤੇ ਕਾਂਗੜੇ ਦੇ ਰਾਜਿਆਂ ਅਤੇ ਡੋਗਰਿਆਂ ਵਿਚ ਇਹ ਰੀਤ ਪ੍ਰਚਲਤ ਰਹੀ। ਇਸੇ ਤੋਂ ਇਸ ਰੀਤ ਨੂੰ 'ਸ਼ਸਤ੍ਰ ਪੂਜਾ' ਵੀ ਕਹਿੰਦੇ ਹਨ।

## (ਸ-574) **ਸ਼ੀਰੀਂ ਫ਼ਰਹਾਦ** :

ਸ਼ੀਰੀਂ ਫ਼ਰਹਾਦ ਈਰਾਨੀ ਮੂਲ ਦਾ ਕਿੱਸਾ ਹੈ। ਹਰ ਦੰਦ-ਕਥਾ ਦੀ ਹੋਣੀ ਵਾਂਗ, ਇਸ ਕਿੱਸੇ ਦਾ ਮੂਲ ਰੂਪ ਵੀ ਸਥਿਰ ਨਹੀਂ ਰਿਹਾ। ਸਦੀਆਂ ਦੀ ਲੰਮੀ ਯਾਤ੍ਰਾ ਵਿਚ, ਇਸ ਕਥਾ ਵਿਚ ਅਦਭੁਤ ਤਬਦੀਲੀਆਂ ਆਈਆਂ ਅਤੇ ਇਸ ਨੇ ਅਜਿਹੇ ਨਵੇਂ ਕਥਾ-ਤੱਤ ਅਤੇ ਰੂੜ੍ਹੀਆਂ ਗ੍ਰਹਿਣ ਕੀਤੀਆਂ, ਜਿਸ ਕਰ ਕੇ ਇਹਦੀ ਮੂਲ ਨੁਹਾਰ ਹੀ ਬਦਲ ਗਈ। ਪੰਜਾਬ ਵਿਚ, ਅਮੀਰ ਖ਼ੁਸਰੋ ਦੇ ਸਮੇਂ ਤਕ, ਇਹ ਕਿੱਸਾ ਪੰਜਾਬੀ ਲੋਕਧਾਰਾ ਦਾ ਅੰਗ ਬਣ ਚੁਕਾ ਸੀ। ਚਾਰ ਪੰਜ ਸਦੀਆਂ ਮਗਰੋਂ ਜਦੋਂ ਹਾਸ਼ਮ ਨੇ ਇਸ ਕਥਾ ਨੂੰ ਲੋਕ ਮੂੰਹਾਂ ਤੋਂ ਚੁਗ ਕੇ ਆਪਣੇ ਕਾਵਿ ਦਾ ਮਾਧਿਅਮ ਬਣਾਇਆ ਤਾਂ ਇਸ ਦਾ ਰੰਗ ਰੂਪ ਤੇ ਚਰਿਤ੍ਰ ਸ਼ੁਧ ਪੰਜਾਬੀ ਹੋ ਚੁਕਾ ਸੀ। ਉਦੋਂ ਤਕ ਇਸ ਦੀਆਂ ਕਈ ਈਰਾਨੀ ਕਥਾਨਿਕ ਰੂੜ੍ਹੀਆਂ ਜਾਂ ਤਾਂ ਮੂਲੋਂ ਹੀ ਅਲੋਪ ਹੋ ਚੁਕੀਆਂ ਸਨ ਜਾਂ ਉਨ੍ਹਾਂ ਦਾ ਪੰਜਾਬੀ-ਕਰਣ ਹੋ ਗਿਆ ਸੀ। ਇਸ ਲਈ ਇਸ ਕਿੱਸੇ ਦੇ ਕਥਾ-ਵਸਤੂ ਦੀ ਇਤਿਹਾਸਕ ਪ੍ਰਗਤੀ ਦਾ ਅਧਿਅਨ ਕਰਨਾ ਜ਼ਰੂਰੀ ਹੋ ਜਾਂਦਾ ਹੈ।

ਸ਼ੀਰੀਂ ਦੇ ਕਿੱਸੇ ਦਾ ਵਰਨਣ ਸਭ ਤੋਂ ਪਹਿਲਾਂ ਫ਼ਿਰਦੋਸੀ ਨੇ ਆਪਣੇ 'ਸ਼ਾਹਨਾਮੇ' ਵਿਚ ਕੀਤਾ, ਜਿਸ ਦੀ ਰਚਨਾ 1011 ਈ. ਵਿਚ ਹੋਈ। ਸ਼ਾਹਨਾਮੇ ਅਨੁਸਾਰ ਸਾਸਾਨੀ ਬਾਦਸ਼ਾਹ ਪਰਵੇਜ਼, ਜੋ ਆਦਿਲ ਸ਼ਾਹ ਨੌਸ਼ੀਰਵਾਂ ਦਾ ਪੋਤਰਾ ਅਤੇ ਸ਼ਾਹ ਹੁਰਮੁਜ਼ ਦਾ ਪੁਤ੍ਰ ਸੀ, ਸ਼ੀਰੀਂ ਨਾਲ ਇਸ਼ਕ ਕਰਦਾ ਸੀ। ਸ਼ਾਹ ਖ਼ੁਸਰੋ ਪਰਵੇਜ਼ ਇਕ ਇਤਿਹਾਸਕ ਵਿਅਕਤੀ ਹੈ, ਜੋ ਛੇਵੀਂ ਸਦੀ ਦੇ ਅੰਤਲੇ ਦਹਾਕੇ ਤੇ ਸਤਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਹੋਇਆ। ਉਸ ਦੀ ਰਾਜਧਾਨੀ ਮਦਾਇਨ (ਇਰਾਕ) ਵਿਚ ਸੀ ਅਤੇ ਰਾਜ ਇਰਾਕ ਤੋਂ ਲੈ ਕੇ ਮਿਸਰ, ਮਾਯੰਦਰਾ ਅਤੇ ਹਿੰਦੁਸਤਾਨ ਦੀਆਂ ਪੂਰਬੀ ਹੱਦਾਂ ਤਕ ਫੈਲਿਆ ਹੋਇਆ ਸੀ।

ਖ਼ੁਸਰੋ ਪਰਵੇਜ਼, ਆਪਣੇ ਪਿਤਾ ਸ਼ਾਹ ਹੁਰਮੁਜ਼ ਨਾਲ, ਕਿਸੇ ਗੱਲੋਂ ਨਰਾਜ਼ ਹੋ ਕੇ, ਕੁਝ ਚਿਰ ਲਈ ਘਰੋਂ ਚਲਾ ਗਿਆ ਸੀ। ਉਨ੍ਹੀਂ ਦਿਨੀਂ ਹੀ ਉਸ ਦਾ ਮੇਲ ਸ਼ੀਰੀਂ ਨਾਲ ਹੋਇਆ, ਜੋ ਛੇਤੀ ਹੀ ਤੀਬਰ ਇਸ਼ਕ ਦਾ ਰੂਪ ਧਾਰਨ ਕਰ ਗਿਆ। ਇਕ ਵਾਰ ਕਿਸੇ ਦੁਸ਼ਮਣ ਰਾਜੇ ਨੇ ਇਰਾਕ ਉਤੇ ਚੜ੍ਹਾਈ ਕਰ ਦਿਤੀ, ਇਸ ਲਈ ਖ਼ੁਸਰੋ ਪਰਵੇਜ਼ ਰੋਮ ਦੇ ਬਾਦਸ਼ਾਹ ਕੋਲ ਮਦਦ ਲਈ ਗਿਆ। ਇਸ ਸੈਨਿਕ ਸਹਾਇਤਾ ਦੇ ਬਦਲੇ ਸ਼ਾਹ ਰੋਮ ਨੇ ਆਪਣੀ ਕੰਨਿਆਂ ਮਰੀਅਮ ਦਾ ਵਿਆਹ ਖ਼ੁਸਰੋ ਪਰਵੇਜ਼ ਨਾਲ ਕਰ ਦਿਤਾ।

ਮਰੀਅਮ ਦੇ ਉਦਰ ਤੋਂ ਖ਼ੁਸਰੋ ਦੇ ਘਰ ਸ਼ੀਰਵੀਆ ਨਾਮੀ ਪੁਤਰ ਜੰਮਿਆ । ਪਰ ਇਹਦੇ ਬਾਵਜੂਦ ਵੀ ਖ਼ੁਸਰੋ ਦਾ ਮਨ ਸ਼ੀਰੀਂ ਲਈ ਹਮੇਸ਼ਾਂ ਵਿਆਕੁਲ ਰਿਹਾ ਅਤੇ ਅਖ਼ੀਰ ਉਸ ਨੇ ਸ਼ੀਰੀਂ ਨੂੰ ਵਿਆਹ ਲਿਆਂਦਾ । ਸ਼ੀਰੀਂ ਨੇ ਆਉਂਦਿਆਂ ਹੀ ਆਪਣੀ ਸੌਂਕਣ ਮਰੀਅਮ ਤੋਂ ਬਦਲਾ ਲੈਣ ਵਾਸਤੇ, ਉਸ ਨੂੰ ਮਰਵਾ ਕੇ, ਉਹਦੇ ਪੁਤਰ ਸ਼ੀਰਵੀਆ ਨੂੰ ਕੈਦ ਕਰਵਾ ਦਿਤਾ। ਬਾਅਦ ਵਿਚ ਸ਼ਾਹ ਰੋਮ ਨੇ ਸ਼ੀਰਵੀਆ ਨੂੰ ਬੰਦੀਖ਼ਾਨੇ ਤੋਂ ਮੁਕਤ ਕਰਵਾਇਆ। ਸ਼ੀਰਵੀਆ ਨੇ ਮਾਂ ਦੀ ਮੌਤ ਦਾ ਬਦਲਾ ਲੈਣ ਲਈ, ਆਪਣੇ ਪਿਤਾ ਖ਼ੁਸਰੋ ਨੂੰ ਕਤਲ ਕਰ ਕੇ, ਮਤ੍ਰੇਈ ਮਾਂ ਸ਼ੀਰੀਂ ਨਾਲ ਵਸਣਾ ਚਾਹਿਆ, ਪਰ ਸ਼ੀਰੀਂ ਆਪਣੇ ਪ੍ਰੇਮਬ੍ਰਤ ਨੂੰ ਪਾਲਦੀ ਹੋਈ ਜ਼ਹਿਰ ਖਾ ਕੇ ਮਰ ਗਈ ।

ਇਸ ਕਥਾ ਵਿਚ ਪ੍ਰੇਮ ਭਾਵਨਾ ਨਾਲੋਂ ਸੌਂਕਣਾਂ ਦੇ ਸਾੜੇ ਦੀ ਭਾਵਨਾ ਵਧੇਰੇ ਬਲਵਾਨ ਹੈ । ਦਸਮ ਗ੍ਰੰਥ ਵਿਚ ਸੱਸੀ ਪੁੰਨੂੰ ਦਾ ਜੋ ਪੌਰਾਣਿਕ ਰੂਪਾਂਤਰ ਮਿਲਦਾ ਹੈ, ਉਸ ਵਿਚ ਵੀ ਇਹੋ ਭਾਵਨਾ ਪ੍ਰਚੰਡ ਹੈ (ਵੇਖੋ : ਸਸੀ ਪੁੰਨੂੰ)। ਡਾ: ਪਿਆਰਾ ਸਿੰਘ ਨੇ ਇਸ ਕਿੱਸੇ ਨੂੰ ਪੂਰਨ ਦੀ ਕਥਾ ਦਾ ਹੀ ਰੂਪ ਦਸਿਆ ਹੈ, ਪਰ ਪੂਰਨ ਦੀ ਕਥਾ ਦਾ ਉਦੈ ਹੀ, ਲੂਣਾ ਦੀ ਪੂਰਨ ਨਾਲ ਕਾਮ ਲੋਚਾ ਦੀ ਪੂਰਤੀ ਦੀ ਚੇਸ਼ਟਾ ਤੋਂ ਹੁੰਦਾ ਹੈ ਤੇ ਸਾਰੀ ਕਥਾ ਦੀ ਬੁਨਿਆਦ ਹੀ ਇਸੇ ਲੋਚਾ ਉਤੇ ਹੈ, ਪਰ ਸ਼ੀਰੀਂ ਦੀ ਕਥਾ ਦੇ ਅਸਤ ਵਿਚ ਸ਼ੀਰੀਂ ਦਾ ਮਤ੍ਰੇਆ ਪੁਤਰ ਆਪਣੀ ਮਾਂ ਦੀ ਮੌਤ ਦੇ ਬਦਲੇ ਦੀ ਭਾਵਨਾ ਨਾਲ ਸ਼ੀਰੀਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਨਾਉਣਾ ਚਾਹੁੰਦਾ ਹੈ। ਉਥੇ ਕਾਮ ਲੋਚਾ ਹੈ, ਇਥੇ ਬਦਲੇ ਦੀ ਭਾਵਨਾ ਅਤੇ ਕੀਨਾ ਹੈ ।

ਫ਼ਿਰਦੋਸੀ ਤੋਂ ਬਾਅਦ ਨਿਜ਼ਾਮੀ ਗੰਜਵੀ ਨੇ ਸ਼ੀਰੀਂ ਦੇ ਕਿੱਸੇ ਨੂੰ 1171 ਈਸਵੀ ਵਿਚ ਮੁੜ ਰਚਿਆ । ਉਸ ਨੇ ਕਲਾਸਕੀ ਕਥਾ ਨਾਲੋਂ ਲੋਕਾਂ ਵਿਚ ਪ੍ਰਚਲਤ ਕਥਾ ਨੂੰ ਹੀ ਆਪਣਾ ਆਧਾਰ ਬਣਾਇਆ। ਡੇਢ ਸਦੀ ਵਿਚ ਹੀ ਇਸ ਕਿੱਸੇ ਦੀ ਕਹਾਣੀ ਵਿਚ ਕਾਫ਼ੀ ਪਰਿਵਰਤਨ ਹੋ ਗਏ; ਕਥਾ ਵਿਚ ਕੁਝ ਨਵੇਂ ਪਾਤਰ ਸ਼ਾਪੂਰ ਤੇ ਫ਼ਰਹਾਦ ਆਦਿ ਸ਼ਾਮਲ ਹੋਏ ਅਤੇ 'ਅਲਫ਼ ਲੈਲਾ' ਦੀਆਂ ਕੁਝ ਕਥਾਨਿਕ ਰੂੜ੍ਹੀਆਂ ਵੀ ਇਹਦੇ ਵਿਚ ਸਮਿਲਤ ਹੋ ਗਈਆਂ । ਨਿਜ਼ਾਮੀ ਗੰਜਵੀ ਅਨੁਸਾਰ ਸ਼ਾਪੂਰ ਨਾਮੀ ਚਿਤ੍ਰਕਾਰ ਤੋਂ ਇਹਮੂਲ (ਆਰਮੀਨੀਆ) ਦੀ ਰਾਜਕੁਮਾਰੀ ਸ਼ੀਰੀਂ ਦੇ ਹੁਸਨ ਦੀ ਮਹਿਮਾ ਸੁਣ ਕੇ, ਖ਼ੁਸਰੋ ਦਾ ਉਸ ਨਾਲ ਇਸ਼ਕ ਹੋ ਗਿਆ। ਸ਼ਾਪੂਰ ਦੀ ਪ੍ਰੇਰਨਾ ਉਤੇ ਸ਼ੀਰੀਂ ਆਪਣੇ ਪਿਉ ਦਾ ਮਹਿਲ ਛਡ ਕੇ ਖ਼ੁਸਰੋ ਕੋਲ ਆ ਕੇ ਰਹਿਣ ਲੱਗੀ। ਖ਼ੁਸਰੋ ਨੇ ਉਸ ਨੂੰ ਇਕ ਵਖਰਾ ਮਹਿਲ ਪਵਾ ਦਿਤਾ। ਸ਼ੀਰੀਂ ਨੂੰ ਦੁਧ ਬਹੁਤ ਚੰਗਾ ਲੱਗਦਾ ਸੀ, ਪਰ ਦੁਧ ਪਹਾੜੋਂ ਪਾਰ ਹੀ ਮਿਲਦਾ ਸੀ। ਸ਼ਾਪੂਰ ਤੇ ਫ਼ਰਹਾਦ ਦੋਵੇਂ ਇਕੋ ਉਸਤਾਦ ਦੇ ਸ਼ਾਗਿਰਦ ਸਨ। ਸ਼ਾਪੂਰ ਦੀ ਪ੍ਰੇਰਨਾ ਉਤੇ ਫ਼ਰਹਾਦ ਨੇ ਸ਼ੀਰੀਂ ਨੂੰ ਇਸ ਸੰਕਟ ਤੋਂ ਮੁਕਤ ਕਰਨ ਲਈ, ਇਕ ਮਹੀਨੇ ਦੀ ਕਰੜੀ ਮਿਹਨਤ ਨਾਲ, ਪਹਾੜ ਵਿਚੋਂ ਜੂਏ-ਸੀਰ ਅਥਵਾ ਦੁਧ ਦੀ ਨਹਿਰ ਕਢ ਕੇ ਮਹਿਲਾਂ ਵਿਚ ਪਹੁੰਚਾ ਦਿਤੀ। ਖ਼ੁਦਾਈ ਦੇ ਦਿਨੀਂ ਸ਼ੀਰੀਂ ਕਈ ਵਾਰ ਫ਼ਰਹਾਦ ਨੂੰ ਮਿਲਦੀ ਸੀ। ਫ਼ਰਹਾਦ ਦੇ ਦਿਲ ਉਤੇ ਸ਼ੀਰੀਂ ਦੇ ਹੁਸਨ ਤੇ ਮਿਠੀ ਬੋਲਚਾਲ ਦਾ ਇਤਨਾ ਪ੍ਰਭਾਵ ਪਿਆ ਕਿ ਉਹ ਸ਼ੀਰੀਂ ਦੇ ਇਸ਼ਕ ਵਿਚ ਵਿਆਕੁਲ ਹੋਣ ਲੱਗਾ ਅਤੇ ਆਪਣੇ ਕੰਮ ਦੇ ਮੁਆਵਜ਼ੇ ਵਜੋਂ ਮਿਲੀ ਰਕਮ ਤੋਂ ਇਨਕਾਰ ਕਰ ਕੇ ਪਾਗਲਾਂ ਵਾਂਗ ਸ਼ੀਰੀਂ ਦਾ ਜਾਪ ਕਰਨ ਲੱਗਾ। ਪਰਵੇਜ਼ ਨੇ ਬਦਨਾਮੀ ਤੋਂ ਡਰਦਿਆਂ ਫ਼ਰਹਾਦ ਨੂੰ ਕਿਹਾ ਕਿ ਜੇ ਉਹ ਪਹਾੜ ਵਿਚੋਂ ਸੜਕ ਕਢ ਲਿਆਵੇ, ਤਾਂ ਉਸ ਨੂੰ ਮੁਆਵਜ਼ੇ ਵਿਚ ਸ਼ੀਰੀਂ ਦੇ ਦਿਤੀ ਜਾਵੇਗੀ। ਜਦੋਂ ਫ਼ਰਹਾਦ ਪਹਾੜ ਕਟ ਰਿਹਾ ਸੀ, ਤਾਂ ਖ਼ੁਸਰੋ ਨੇ ਕਿਸੇ ਕਾਸਦ ਹੱਥ ਸ਼ੀਰੀਂ ਦੇ ਮਰਨ ਦੀ ਝੂਠੀ ਖ਼ਬਰ, ਫ਼ਰਹਾਦ ਪਾਸ ਭੇਜੀ, ਜਿਸ ਨੂੰ ਸੁਣਦੇ ਸਾਰ ਫ਼ਰਹਾਦ ਤੇਸਾ ਮਾਰ ਕੇ ਮਰ ਗਿਆ । ਇਸ ਤੋਂ ਅੱਗੇ ਫ਼ਿਰਦੋਸੀ ਵਾਲੀ ਕਹਾਣੀ ਹੀ ਚਲਦੀ ਹੈ। ਸ਼ੀਰੀਂ ਆਪਣੀ ਸੌਂਕਣ ਮਰੀਅਮ ਨੂੰ ਮਰਵਾ ਕੇ ਸ਼ੀਰਵੀਆ ਨੂੰ ਕੈਦ ਕਰਵਾ ਦੇਂਦੀ ਹੈ। ਸ਼ੀਰਵੀਆ ਕੈਦੋਂ ਮੁਕਤ ਹੋ ਕੇ ਪਹਿਲਾਂ ਪਿਉ ਨੂੰ ਮਾਰਦਾ ਤੇ ਫਿਰ ਸ਼ੀਰੀਂ ਨਾਲ ਚਾਦਰ ਪਾਉਣਾ ਚਾਹੁੰਦਾ ਹੈ। ਸ਼ੀਰੀਂ ਜ਼ਹਿਰ ਖਾ ਕੇ ਪ੍ਰਾਣ ਤਿਆਗ ਦੇਂਦੀ ਹੈ । ਭਾਵੇਂ

ਨਿਜ਼ਾਮੀ ਗੰਜਵੀ ਦੀ ਕਥਾ ਵਿਚ ਪਹਿਲੀ ਵਾਰ ਫ਼ਰਹਾਦ ਦਾ ਪਾਤਰ ਉਪਜਿਆ, ਪਰ ਇਹ ਪਾਤਰ ਉਸ ਦੀ ਆਪਣੀ ਕਲਪਨਾ ਦੀ ਘਾੜਤ ਨਹੀਂ ਜਾਪਦਾ, ਸਗੋਂ ਲੋਕ-ਮਨ ਵਿਚੋਂ ਉਭਰਿਆ। ਇਹਦੇ ਨਾਲ ਕਥਾ ਵਿਚ ਇਕ ਮਾਨਸਿਕ ਤਵਾਜ਼ਨ ਅਤੇ ਰੋਚਿਕਤਾ ਆ ਗਈ ਹੈ। ਖ਼ੁਸਰੋ ਨੂੰ ਫ਼ਰਹਾਦ ਵਿਚ ਆਪਣਾ ਵਿਦ੍ਰੋਹੀ ਵਿਖਾਈ ਦੇਂਦਾ ਹੈ ਅਤੇ ਸ਼ੀਰੀਂ ਨੂੰ ਮਰੀਅਮ ਵਿਚ ਆਪਣੀ ਸੌਂਕਣ। ਦੋਵੇਂ ਇਸ਼ਕ ਦੇ ਤੀਬਰ ਵੇਗ ਵਿਚ ਆਪੋ ਆਪਣੇ ਵਿਦ੍ਰੋਹੀਆਂ ਨੂੰ ਮਾਰ ਕੇ ਰਾਹ ਦੇ ਕੰਡਿਆਲੇ ਝਾੜ ਸਾਫ਼ ਕਰਦੇ ਤੇ ਵਸਲ ਦਾ ਆਨੰਦ ਲੈਂਦੇ ਹਨ। ਬਾਅਦ ਦੇ ਕਿੱਸਾਕਾਰਾਂ ਨੇ ਥੋੜੇ ਬਹੁਤੇ ਵਾਧੇ ਘਾਟੇ ਨਾਲ ਨਿਜ਼ਾਮੀ ਗੰਜਵੀ ਦੀਆਂ ਲੀਹਾਂ ਨੂੰ ਹੀ ਅਪਣਾਇਆ।

ਪੰਜਾਬੀ ਵਿਚ ਸ਼ੀਰੀਂ ਫ਼ਰਹਾਦ ਦੇ ਕਿੱਸੇ ਨੂੰ ਸਭ ਤੋਂ ਪਹਿਲਾਂ ਹਾਸ਼ਮ ਨੇ ਕਾਵਿ-ਰੂਪ ਦਿਤਾ। ਪਰ ਹਾਸ਼ਮ ਨੇ ਇਸ ਕਿੱਸੇ ਦੀ ਕਹਾਣੀ ਨੂੰ ਮੂਲ ਈਰਾਨੀ ਸੋਮਿਆਂ ਤੋਂ ਪ੍ਰਾਪਤ ਕਰਨ ਦੀ ਥਾਂ ਪੰਜਾਬ ਵਿਚ ਪ੍ਰਚਲਤ ਲੋਕ-ਰੂਪਾਂਤਰ ਨੂੰ ਹੀ ਆਧਾਰ ਬਣਾਇਆ। ਪੰਜਾਬੀਆਂ ਦੀ ਲੋਕ-ਪ੍ਰਤਿਭਾ ਅਤੇ ਕਲਪਨਾ ਨੇ ਸ਼ੀਰੀਂ ਫ਼ਰਹਾਦ ਦੀ ਕਹਾਣੀ ਨੂੰ ਨਵੀਆਂ ਦਿਸ਼ਾ ਦਿਤੀਆਂ ਅਤੇ ਲੋਕ-ਮਨ ਵਿਚੋਂ ਲੰਘਣ ਮਗਰੋਂ ਇਹ ਕਹਾਣੀ ਪੰਜਾਬ ਦੀਆਂ ਦੂਜੀਆਂ ਪ੍ਰੀਤ ਕਥਾਵਾਂ ਵਾਂਗ ਸ਼ਾਹੀ ਇਸ਼ਕ ਦੀ ਕਥਾ ਨਾ ਰਹਿ ਕੇ ਕਾਮਿਆਂ ਦੀ ਪ੍ਰੀਤ-ਕਹਾਣੀ ਬਣ ਗਈ। ਇਹ ਤਬਦੀਲੀ ਸਿਰਫ਼ ਸਮੇਂ ਦੇ ਸੁਭਾਵ ਸਦਕਾ ਹੀ ਨਹੀਂ ਸੀ ਹੋਈ, ਸਗੋਂ ਪੰਜਾਬੀ ਕਿੱਸਿਆਂ ਦੇ ਢਲ ਚੁਕੇ ਮੁਹਾਵਰੇ ਅਤੇ ਪ੍ਰਕ੍ਰਿਤੀ ਦੇ ਅਨੁਕੂਲ ਵੀ ਸੀ।

ਹਾਸ਼ਮ ਅਨੁਸਾਰ ਸ਼ੀਰੀਂ ਇਸਤੰਬੋਲ ਦੇ ਬਾਦਸ਼ਾਹ ਅਜ਼ੀਜ਼ ਦੀ ਪੁਤਰੀ ਸੀ। ਫ਼ਰਹਾਦ ਉਸੇ ਸ਼ਹਿਰ ਦੇ ਇਕ ਸਿਆਣੇ ਤਰਖਾਣ ਕਾਰੀਗਰ ਦਾ ਪੁਤਰ ਸੀ। ਦੋਵੇਂ ਪਿਉ ਪੁਤਰ ਰਲ ਕੇ ਰਾਜ ਮਹਿਲ ਵਿਚ ਉਸਤਾਕਾਰੀ ਕਰਦੇ ਸਨ। ਇਕ ਦਿਨ ਵੇਲਾਂ ਬੂਟਿਆਂ ਨੂੰ ਚਿਤ੍ਰਦਿਆਂ ਫ਼ਰਹਾਦ ਦੀ ਨਜ਼ਰ ਝਰੋਖੇ ਵਿਚੋਂ ਸ਼ੀਰੀਂ ਉਤੇ ਜਾ ਪਈ ਤੇ ਉਸ ਦੇ ਅੰਦਰ ਇਸ਼ਕ ਦੀ ਚੰਗਿਆੜੀ ਬਲ ਉਠੀ। ਫ਼ਰਹਾਦ ਝਰੋਖੇ ਵਿਚੋਂ ਨਿਤ ਬਹਾਨੇ ਬਣਾ ਕੇ, ਸ਼ੀਰੀਂ ਦੇ ਦੀਦਾਰੇ ਕਰਦਾ ਰਹਿੰਦਾ। ਹੌਲੇ ਹੌਲੇ ਫ਼ਰਹਾਦ ਸ਼ੀਰੀਂ ਦੇ ਇਸ਼ਕ ਵਿਚ ਇਤਨਾ ਲੀਨ ਹੋ ਗਿਆ ਕਿ ਉਹ ਕੰਧਾਂ ਉਤੇ ਵੇਲ ਬੂਟਿਆਂ ਦੀ ਥਾਂ ਸ਼ੀਰੀਂ ਦੀ ਸੂਰਤ ਚਿਤ੍ਰਣ ਲੱਗਾ। ਫ਼ਰਹਾਦ ਦਾ ਪਿਉ ਉਸ ਨੂੰ ਸੁਦਾਈ ਜਾਣ ਕੇ ਇਲਾਜ ਲਈ ਹਕੀਮ ਕੋਲ ਲੈ ਗਿਆ, ਪਰ ਫ਼ਰਹਾਦ ਵਿਚ ਕੋਈ ਫ਼ਰਕ ਨਾ ਪਿਆ।

ਹੁਣ ਫ਼ਰਹਾਦ ਦੀਵਾਨਿਆਂ ਵਾਂਗ ਸ਼ੀਰੀਂ ਦੇ ਵਿਜੋਗ ਵਿਚ ਸ਼ਹਿਰ ਵਿਚ ਘੁੰਮਣ ਲੱਗਾ। ਗੱਲ ਸਾਰੇ ਸ਼ਹਿਰ ਵਿਚ ਫੈਲ ਗਈ। ਸ਼ੀਰੀਂ ਨੂੰ ਦਾਸੀਆਂ ਦੁਆਰਾ ਪਤਾ ਲੱਗਾ ਕਿ ਫ਼ਰਹਾਦ ਉਸ ਨਾਲ ਇਸ਼ਕ ਕਰਦਾ ਹੈ। ਉਸ ਦੇ ਦਿਲ ਵਿਚ ਵੀ ਪ੍ਰੇਮ ਦੀ ਚੰਗਿਆੜੀ ਉਦੈ ਹੋਈ ਅਤੇ ਉਹ ਵੀ ਫ਼ਰਹਾਦ ਦੇ ਵਿਜੋਗ ਵਿਚ ਵਿਆਕੁਲ ਰਹਿਣ ਲੱਗੀ। ਅਜ਼ੀਜ਼ ਨੇ ਬਦਨਾਮੀ ਤੋਂ ਡਰਦਿਆਂ ਫ਼ਰਹਾਦ ਨੂੰ ਬੜੇ ਲਾਲਚ ਦਿਤੇ, ਪਰ ਧਨ ਦੌਲਤ ਦੁਆਰਾ ਉਹ ਫ਼ਰਹਾਦ ਨੂੰ ਰਸਤੇ ਤੋਂ ਨਾ ਹਟਾ ਸਕਿਆ। ਤੰਗ ਪੈ ਕੇ ਅਜ਼ੀਜ਼ ਨੇ ਫ਼ਰਹਾਦ ਨੂੰ ਸੂਲੀ ਚਾੜ੍ਹ ਦੇਣ ਦੀ ਧਮਕੀ ਦਿਤੀ। ਪਰ ਜਦੋਂ ਅਜ਼ੀਜ਼ ਨੂੰ ਪਤਾ ਲੱਗਾ ਕਿ ਸ਼ੀਰੀਂ ਵੀ ਫ਼ਰਹਾਦ ਦੇ ਵਿਜੋਗ ਵਿਚ ਵਿਆਕੁਲ ਹੈ, ਤਾਂ ਉਹ ਬੇਬਸ ਹੋ ਗਿਆ।

ਵਜ਼ੀਰਾਂ ਦੀ ਸਲਾਹ ਨਾਲ ਅਜ਼ੀਜ਼ ਨੇ ਫ਼ਰਹਾਦ ਨੂੰ ਕਿਹਾ ਕਿ ਜੇ ਉਹ ਪਹਾੜ ਕਟ ਕੇ ਨਦੀ ਦਾ ਪਾਣੀ ਸ਼ੀਰੀਂ ਦੇ ਸੁਕੇ ਬਾਗ਼ ਤਕ ਪਹੁੰਚਾ ਦੇਵੇ, ਤਾਂ ਸ਼ੀਰੀਂ ਉਸ ਨਾਲ ਵਿਆਹ ਦਿਤੀ ਜਾਵੇਗੀ। ਇਹ ਕੰਮ ਅਸੰਭਵ ਸੀ ਅਤੇ ਅਜ਼ੀਜ਼ ਜਾਣਦਾ ਸੀ ਕਿ ਕਦੇ ਤੋੜ ਨਹੀਂ ਚੜ੍ਹ ਸਕਦਾ। ਪਰ ਫ਼ਰਹਾਦ ਦੀ ਸਾਧਨਾ ਵੇਖ ਕੇ ਫ਼ਰਿਸ਼ਤੇ ਉਸ ਦੀ ਮਦਦ ਉਤੇ ਆ ਪੁਜੇ ਅਤੇ ਛੇਤੀ ਹੀ ਨਹਿਰ ਤਿਆਰ ਹੋ ਗਈ। ਇਹ ਵੇਖ ਅਜ਼ੀਜ਼ ਘਬਰਾ ਗਿਆ। ਉਸ ਨੇ ਸਲਾਹ ਦੇਣ ਵਾਲੇ ਵਜ਼ੀਰਾਂ ਨੂੰ ਬੰਦੀਖ਼ਾਨੇ ਵਿਚ ਸੁਟ ਦਿਤਾ। ਫਿਰ ਇਕ ਫਫੇਕੁਟਣ ਨੂੰ ਫ਼ਰਹਾਦ ਪਾਸ ਭੇਜਿਆ, ਜਿਸ ਨੇ ਫ਼ਰਹਾਦ ਨੂੰ ਸ਼ੀਰੀਂ ਦੀ ਅਚਾਨਕ ਮੌਤ ਦੀ ਝੂਠੀ ਖ਼ਬਰ ਅਜਿਹੇ ਢੰਗ ਨਾਲ ਸੁਣਾਈ ਕਿ ਫ਼ਰਹਾਦ ਨੇ ਸੱਚ ਮੰਨ ਲਈ ਅਤੇ ਵਿਜੋਗ ਵਿਚ

ਇਆਕੂਲ ਹੋ ਕੇ, ਮੱਥੇ ਵਿਚ ਤੇਸਾ ਮਾਰ ਕੇ ਮਰ ਗਿਆ। ਫ਼ਰਹਾਦ ਦੀ ਮੌਤ ਦੀ ਖ਼ਬਰ ਜਦੋਂ ਸ਼ੀਰੀਂ ਨੂੰ ਮਿਲੀ, ਤਾਂ ਉਸ ਨੇ ਵੀ ਮਹਿਲਾਂ ਤੋਂ ਛਾਲ ਮਾਰ ਕੇ ਪ੍ਰਾਣ ਤਿਆਗ ਦਿਤੇ। ਸ਼ੀਰੀਂ ਨੂੰ ਦਫ਼ਨ ਕਰਨ ਵੇਲੇ ਕਫ਼ਨ ਖ਼ਾਲੀ ਸੀ। ਕਿਸੇ ਸਿਆਣੇ ਦੀ ਸਲਾਹ ਉਤੇ ਜਦੋਂ ਫ਼ਰਹਾਦ ਦੀ ਕਬਰ ਫੋਲੀ ਗਈ, ਤਾਂ ਉਥੇ ਦੋਵੇਂ ਪ੍ਰੇਮੀ ਗਲਵਕੜੀ ਪਾਈ ਮੌਜੂਦ ਸਨ।

ਹਾਸ਼ਮ ਨੇ ਜਿਵੇਂ ਕਹਾਣੀ ਨੂੰ ਬਿਆਨ ਕੀਤਾ ਹੈ, ਉਸ ਵਿਚ ਫ਼ਰਹਾਦ ਦੇ ਪਹਾੜ ਕੱਟਣ ਤੋਂ ਇਲਾਵਾ ਬਾਕੀ ਸਭ ਕਥਾਨਿਕ ਰੂੜੀਆਂ ਪੰਜਾਬੀ ਪ੍ਰੀਤ-ਕਥਾਵਾਂ ਵਿਚ, ਥੋੜੇ ਬਹੁਤ ਰੂਪ-ਭੇਦ ਨਾਲ ਮਿਲ ਜਾਂਦੀਆਂ ਹਨ। ਜਿਵੇਂ ਫ਼ਰਹਾਦ ਦਾ ਸ਼ੀਰੀਂ ਨਾਲ ਪਹਿਲੀ ਨਜ਼ਰੇ ਇਸ਼ਕ ਹੋ ਜਾਣਾ; ਪ੍ਰੇਮੀ ਤੇ ਪ੍ਰੇਮਿਕਾ ਦੇ ਸਮਾਜਿਕ ਦਰਜੇ ਵਿਚ ਅੰਤਰ; ਆਸ਼ਕ ਦਾ ਮਾਸ਼ੂਕ ਦੇ ਘਰ ਕੰਮ ਕਰਨਾ; ਮਾਪਿਆਂ ਦਾ ਧੀ ਨੂੰ ਇਸ਼ਕ ਤੋਂ ਵਰਜਨਾ; ਆਸ਼ਕ ਦੀ ਸਹਾਇਤਾ ਲਈ ਦੇਵਤਿਆਂ ਦਾ ਆਉਣਾ; ਪ੍ਰੇਮੀ/ਪ੍ਰੇਮਿਕਾ ਦੀ ਮੌਤ ਸੁਣ ਕੇ ਪ੍ਰੇਮਿਕਾ/ਪ੍ਰੇਮੀ ਦਾ ਪ੍ਰਾਣ ਤਿਆਗਣਾ; ਦੋਹਾਂ ਦਾ ਇਕੋ ਕਬਰ ਵਿਚ ਸਮਾ ਜਾਣਾ, ਆਦਿ ਆਦਿ। ਇਹ ਸਭ ਕਥਾਨਿਕ ਰੂੜੀਆਂ ਸ਼ੁਧ ਪੰਜਾਬੀ ਹਨ।

ਹਾਸ਼ਮ ਦੀ ਕਹਾਣੀ ਵਿਚ ਨਿਜ਼ਾਮੀ ਗੰਜਵੀ ਵਾਲੇ ਮੁਖ ਪਾਤਰਾਂ ਖ਼ੁਸਰੋ, ਮਰੀਅਮ, ਸ਼ਾਹਪੂਰ, ਸ਼ੀਰਵੀਆ ਆਦਿ ਦੇ ਵੀ ਕਿਧਰੇ ਦੀਦਾਰੇ ਨਹੀਂ ਹੁੰਦੇ। ਜੇ ਰਤਾ ਗਹੁ ਨਾਲ ਵੇਖੀਏ, ਤਾਂ ਪੰਜਾਬੀ ਵਿਚ ਨਿਜ਼ਾਮੀ ਗੰਜਵੀ ਦੇ ਮੂਲ-ਕਥਾਨਿਕ ਨੂੰ ਤਾਂ ਤਿਆਗ ਦਿਤਾ ਗਿਆ, ਉਸਦੇ ਉਪ-ਕਥਾਨਕ ਵਿਚੋਂ ਇਕ ਨਵੀਂ ਕਹਾਣੀ, ਪੰਜਾਬੀ ਲੋਕ-ਚੇਤਨਾ ਦੇ ਅਨਕੂਲ, ਢਾਲ ਲਈ ਗਈ ਹੈ। ਸਹਿਜ ਹੈ ਕਿ ਇਹ ਕਥਾ ਹਾਸ਼ਮ ਨੇ ਖ਼ੁਦ ਨਹੀਂ ਤਰਾਸ਼ੀ, ਸਗੋਂ ਲੋਕ-ਮੂੰਹ ਤੋਂ ਘੜੀ ਘੜਾਈ ਲਈ ਹੈ, ਕਿਉਂ ਜੋ ਕਥਾ ਦਾ ਲੋਕਿਕ ਰੂਪ ਕਲਾਸਕੀ ਨਾਲੋਂ ਹਮੇਸ਼ਾ ਵੱਖਰਾ ਹੁੰਦਾ ਹੈ। ਮੁਹੰਮਦ ਬਖ਼ਸ਼ (1830-1904 ਈ.) ਨੇ ਆਪਣੇ ਕਿੱਸੇ ਸੈਫ਼ੁਲ ਮਲੂਕ ਵਿਚ ਇਸੇ ਗੱਲ ਨੂੰ ਕਾਵਿ-ਰੂਪ ਵਿਚ ਇਉਂ ਪ੍ਰਗਟ ਕੀਤਾ ਹੈ :

ਇਕ ਸ਼ੀਰੀਂ ਫ਼ਰਹਾਦੇ ਵਾਲੀ
ਗੱਲ ਵਟਾ ਮੁਣਾਈਉਸ।
ਆਮ ਖ਼ਲਕ ਥੀਂ ਸੁਣੀ ਸੁਣਾਈ,
ਜਾ ਤਸਨੀਫ਼ ਬਣਾਈਉਸ।
ਹਜ਼ਰਤ ਖ਼ੁਸਰੋ ਸ਼ੇਖ਼ ਨਿਜ਼ਾਮੀ,
ਦਸਦੇ ਹੋਰ ਕਿਤਾਬੀ।
ਹਾਸ਼ਮ ਨੇ ਕਝ ਹੋਰ ਸੁਣਾਈ
ਨਹੀਂ ਰਵਾ ਹਿਸਾਬੀ।

ਭਾਵੇਂ ਪੰਜਾਬੀ ਦੇ ਕੁਝ ਕਵੀਆਂ ਨੇ ਹਾਸ਼ਮ ਦੀ ਪਾਈ ਲੀਹ ਉਤੇ ਤੁਰਨ ਦੀ ਥਾਂ ਮੁੜ ਨਿਜ਼ਾਮੀ ਦੀ ਪਰੰਪਰਾ ਨੂੰ ਆਪਣਾ ਆਧਾਰ ਬਣਾਇਆ, ਜਿਨ੍ਹਾਂ ਵਿਚੋਂ ਇਮਾਮ ਬਖ਼ਸ਼ ਦਾ ਨਾਂ ਪ੍ਰਮੁਖ ਹੈ, ਪਰ ਪੰਜਾਬੀ ਲੋਕਧਾਰਾ ਵਿਚ ਹਾਸ਼ਮ ਵਾਲਾ ਰੂਪਾਂਤਰ ਹੀ ਪ੍ਰਧਾਨ ਹੈ।

(ਸ-575) **ਸ਼ੀਰੇ ਦਾ ਬਕਰਾ** :

ਕਈ ਹਿੰਦੂ ਖਤਰੀਆਂ, ਪੁਰੀਆਂ ਆਦਿ ਵਿਚ, ਜੇਠੇ ਬੱਚੇ ਦੇ ਜਨਮ ਉਤੇ ਸ਼ੀਰੇ ਦੇ ਬਕਰੇ ਦੀ ਬਲੀ ਦੇਣ ਦੀ ਪ੍ਰਥਾ ਰਹੀ ਹੈ। ਜੇਠੇ ਬੱਚੇ ਦੇ ਜਨਮ ਉਤੇ ਆਟੇ, ਖੰਡ ਅਤੇ ਘਿਓ ਨੂੰ ਅੱਗ ਉਤੇ ਭੁੰਨ ਕੇ ਸਵਾ ਮਣ ਦਾ ਸ਼ੀਰਾ (ਕੜਾਹ) ਤਿਆਰ ਕਰ ਲਿਆ ਜਾਂਦਾ ਹੈ। ਨਾਈ ਇਸ ਸ਼ੀਰੇ ਵਿਚ ਕਾਨਿਆਂ ਦੀਆਂ ਟੋਕਾਂ ਰਖ ਕੇ, ਇਕ ਬਕਰਾ ਬਣਾਉਂਦਾ ਹੈ ਅਤੇ ਅਸਲੀ ਬਕਰੇ ਦਾ ਭਰਮ ਪੈਦਾ ਕਰਨ ਲਈ, ਕੁਝ ਚਿਰ ਖ਼ੁਦ ਬਕਰੇ ਵਾਂਗ ਮਿਆਂਕਦਾ ਹੈ। ਫਿਰ ਇਸ ਸ਼ੀਰੇ ਦੇ ਬਕਰੇ ਵਿਚੋਂ ਇਕ ਕਾਨਾ ਕਢਿਆ ਜਾਂਦਾ ਹੈ, ਜਿਸ ਨਾਲ ਸਾਰਾ ਬਕਰਾ ਟੁਕੜੇ ਟੁਕੜੇ ਹੋ ਜਾਂਦਾ ਹੈ। ਬਕਰਾ ਬਨਾਉਣ ਵਾਲੇ ਨਾਈ ਨੂੰ ਉਚੇਚੀ ਲਾਗ ਦਿਤੀ ਜਾਂਦੀ ਹੈ। ਇਸ ਰੀਤ ਨੂੰ ਬਕਰੇ ਦੀ ਬਲੀ ਦੇ ਸਮਾਨ ਹੀ ਸਮਝਿਆ ਜਾਂਦਾ ਹੈ। ਬਕਰੇ ਦੇ ਸ਼ੀਰੇ ਨੂੰ ਸਾਰੇ ਭਾਈਚਾਰੇ ਵਿਚ ਵੰਡਿਆ ਜਾਂਦਾ ਹੈ। ਜਾਪਦਾ ਹੈ ਕਿ ਪਹਿਲਾਂ ਪੁਰੀਆਂ ਵਿਚ ਬਕਰੇ ਦੀ ਬਲੀ ਦੇਣ ਦੀ ਪ੍ਰਥਾ ਸੀ, ਮਗਰੋਂ ਅਹਿੰਸਾਵਾਦੀ ਭਾਵਨਾ ਹੇਠ ਬਕਰੇ ਦੀ ਥਾਂ ਸ਼ੀਰੇ ਦੇ ਬਕਰੇ ਦੀ ਬਲੀ ਨੇ ਲੈ ਲਈ (ਵੇਖੋ : ਬਕਰਾ)।

ਵਿਆਕੁਲ ਹੋ ਕੇ, ਮੱਥੇ ਵਿਚ ਤੇਸਾ ਮਾਰ ਕੇ ਮਰ ਗਿਆ। ਫ਼ਰਹਾਦ ਦੀ ਮੌਤ ਦੀ ਖ਼ਬਰ ਜਦੋਂ ਸ਼ੀਰੀਂ ਨੂੰ ਮਿਲੀ, ਤਾਂ ਉਸ ਨੇ ਵੀ ਮਹਿਲਾਂ ਤੋਂ ਛਾਲ ਮਾਰ ਕੇ ਪ੍ਰਾਣ ਤਿਆਗ ਦਿਤੇ। ਸ਼ੀਰੀਂ ਨੂੰ ਦਫ਼ਨ ਕਰਨ ਵੇਲੇ ਕਫ਼ਨ ਖ਼ਾਲੀ ਸੀ। ਕਿਸੇ ਸਿਆਣੇ ਦੀ ਸਲਾਹ ਉਤੇ ਜਦੋਂ ਫ਼ਰਹਾਦ ਦੀ ਕਬਰ ਫੋਲੀ ਗਈ, ਤਾਂ ਉਥੇ ਦੋਵੇਂ ਪ੍ਰੇਮੀ ਗਲਵਕੜੀ ਪਾਈ ਮੌਜੂਦ ਸਨ।

ਹਾਸ਼ਮ ਨੇ ਜਿਵੇਂ ਕਹਾਣੀ ਨੂੰ ਬਿਆਨ ਕੀਤਾ ਹੈ, ਉਸ ਵਿਚ ਫ਼ਰਹਾਦ ਦੇ ਪਹਾੜ ਕੱਟਣ ਤੋਂ ਇਲਾਵਾ ਬਾਕੀ ਸਭ ਕਥਾਨਿਕ ਰੂੜ੍ਹੀਆਂ ਪੰਜਾਬੀ ਪ੍ਰੀਤ-ਕਥਾਵਾਂ ਵਿਚ, ਥੋੜੇ ਬਹੁਤ ਰੂਪ-ਭੇਦ ਨਾਲ ਮਿਲ ਜਾਂਦੀਆਂ ਹਨ। ਜਿਵੇਂ ਫ਼ਰਹਾਦ ਦਾ ਸ਼ੀਰੀਂ ਨਾਲ ਪਹਿਲੀ ਨਜ਼ਰੇ ਇਸ਼ਕ ਹੋ ਜਾਣਾ; ਪ੍ਰੇਮੀ ਤੇ ਪ੍ਰੇਮਿਕਾ ਦੇ ਸਮਾਜਿਕ ਦਰਜੇ ਵਿਚ ਅੰਤਰ; ਆਸ਼ਕ ਦਾ ਮਾਸ਼ੂਕ ਦੇ ਘਰ ਕੰਮ ਕਰਨਾ; ਮਾਪਿਆਂ ਦਾ ਧੀ ਨੂੰ ਇਸ਼ਕ ਤੋਂ ਵਰਜਨਾ; ਆਸ਼ਕ ਦੀ ਸਹਾਇਤਾ ਲਈ ਦੇਵਤਿਆਂ ਦਾ ਆਉਣਾ; ਪ੍ਰੇਮੀ/ਪ੍ਰੇਮਿਕਾ ਦੀ ਮੌਤ ਸੁਣ ਕੇ ਪ੍ਰੇਮਿਕਾ/ਪ੍ਰੇਮੀ ਦਾ ਪ੍ਰਾਣ ਤਿਆਗਣਾ; ਦੋਹਾਂ ਦਾ ਇਕੋ ਕਬਰ ਵਿਚ ਸਮਾ ਜਾਣਾ, ਆਦਿ ਆਦਿ। ਇਹ ਸਭ ਕਥਾਨਿਕ ਰੂੜ੍ਹੀਆਂ ਸ਼ੁਧ ਪੰਜਾਬੀ ਹਨ।

ਹਾਸ਼ਮ ਦੀ ਕਹਾਣੀ ਵਿਚ ਨਿਜ਼ਾਮੀ ਗੰਜਵੀ ਵਾਲੇ ਮੁਖ ਪਾਤਰਾਂ ਖ਼ੁਸਰੋ, ਮਰੀਅਮ, ਸ਼ਾਹਪੂਰ, ਸ਼ੀਰਵੀਆ ਆਦਿ ਦੇ ਵੀ ਕਿਧਰੇ ਦੀਦਾਰੇ ਨਹੀਂ ਹੁੰਦੇ। ਜੇ ਰਤਾ ਗਹੁ ਨਾਲ ਵੇਖੀਏ, ਤਾਂ ਪੰਜਾਬੀ ਵਿਚ ਨਿਜ਼ਾਮੀ ਗੰਜਵੀ ਦੇ ਮੂਲ-ਕਥਾਨਿਕ ਨੂੰ ਤਾਂ ਤਿਆਗ ਦਿਤਾ ਗਿਆ, ਉਸਦੇ ਉਪ-ਕਥਾਨਕ ਵਿਚੋਂ ਇਕ ਨਵੀਂ ਕਹਾਣੀ, ਪੰਜਾਬੀ ਲੋਕ-ਚੇਤਨਾ ਦੇ ਅਨਕੂਲ, ਢਾਲ ਲਈ ਗਈ ਹੈ। ਸਹਿਜ ਹੈ ਕਿ ਇਹ ਕਥਾ ਹਾਸ਼ਮ ਨੇ ਖ਼ੁਦ ਨਹੀਂ ਤਰਾਸ਼ੀ, ਸਗੋਂ ਲੋਕ-ਮੂੰਹ ਤੋਂ ਘੜੀ ਘੜਾਈ ਲਈ ਹੈ, ਕਿਉਂ ਜੋ ਕਥਾ ਦਾ ਲੌਕਿਕ ਰੂਪ ਕਲਾਸਕੀ ਨਾਲੋਂ ਹਮੇਸ਼ਾ ਵੱਖਰਾ ਹੁੰਦਾ ਹੈ। ਮੁਹੰਮਦ ਬਖ਼ਸ਼ (1830-1904 ਈ.) ਨੇ ਆਪਣੇ ਕਿੱਸੇ ਸੈਫ਼ੁਲ ਮਲੂਕ ਵਿਚ ਇਸੇ ਗੱਲ ਨੂੰ ਕਾਵਿ-ਰੂਪ ਵਿਚ ਇਉਂ ਪ੍ਰਗਟ ਕੀਤਾ ਹੈ:

ਇਕ ਸ਼ੀਰੀਂ ਫ਼ਰਹਾਦੇ ਵਾਲੀ
ਗੱਲ ਵਟਾ ਸੁਣਾਈਓਸ।
ਆਮ ਖ਼ਲਕ ਥੀਂ ਸੁਣੀ ਸੁਣਾਈ,
ਚਾ ਤਸਨੀਫ਼ ਬਣਾਈਓਸ।
ਹਜ਼ਰਤ ਖ਼ੁਸਰੋ ਸ਼ੇਖ਼ ਨਿਜ਼ਾਮੀ,
ਦਸਦੇ ਹੋਰ ਕਿਤਾਬੀ।
ਹਾਸ਼ਮ ਨੇ ਕੁਝ ਹੋਰ ਸੁਣਾਈ
ਨਹੀਂ ਰਵਾਂ ਹਿਸਾਬੀ।

ਭਾਵੇਂ ਪੰਜਾਬੀ ਦੇ ਕੁਝ ਕਵੀਆਂ ਨੇ ਹਾਸ਼ਮ ਦੀ ਪਾਈ ਲੀਹ ਉਤੇ ਤੁਰਨ ਦੀ ਥਾਂ ਮੁੜ ਨਿਜ਼ਾਮੀ ਦੀ ਪਰੰਪਰਾ ਨੂੰ ਆਪਣਾ ਆਧਾਰ ਬਣਾਇਆ, ਜਿਨ੍ਹਾਂ ਵਿਚੋਂ ਇਮਾਮ ਬਖ਼ਸ਼ ਦਾ ਨਾਂ ਪ੍ਰਮੁਖ ਹੈ, ਪਰ ਪੰਜਾਬੀ ਲੋਕਧਾਰਾ ਵਿਚ ਹਾਸ਼ਮ ਵਾਲਾ ਰੂਪਾਂਤਰ ਹੀ ਪ੍ਰਧਾਨ ਹੈ।

**(ਸ-575) ਸ਼ੀਰੇ ਦਾ ਬਕਰਾ :**

ਕਈ ਹਿੰਦੂ ਖਤਰੀਆਂ, ਪੁਰੀਆਂ ਆਦਿ ਵਿਚ, ਜੇਠੇ ਬੱਚੇ ਦੇ ਜਨਮ ਉਤੇ ਸ਼ੀਰੇ ਦੇ ਬਕਰੇ ਦੀ ਬਲੀ ਦੇਣ ਦੀ ਪ੍ਰਥਾ ਰਹੀ ਹੈ। ਜੇਠੇ ਬੱਚੇ ਦੇ ਜਨਮ ਉਤੇ ਆਟੇ, ਖੰਡ ਅਤੇ ਘਿਓ ਨੂੰ ਅੱਗ ਉਤੇ ਭੁੰਨ ਕੇ ਸਵਾ ਮਣ ਦਾ ਸ਼ੀਰਾ (ਕੜਾਹ) ਤਿਆਰ ਕਰ ਲਿਆ ਜਾਂਦਾ ਹੈ। ਨਾਈ ਇਸ ਸ਼ੀਰੇ ਵਿਚ ਕਾਨਿਆਂ ਦੀਆਂ ਟੇਕਾਂ ਰਖ ਕੇ, ਇਕ ਬਕਰਾ ਬਣਾਉਂਦਾ ਹੈ ਅਤੇ ਅਸਲੀ ਬਕਰੇ ਦਾ ਭਰਮ ਪੈਦਾ ਕਰਨ ਲਈ, ਕੁਝ ਚਿਰ ਖ਼ੁਦ ਬਕਰੇ ਵਾਂਗ ਮਿਆਂਕਦਾ ਹੈ। ਫਿਰ ਇਸ ਸ਼ੀਰੇ ਦੇ ਬਕਰੇ ਵਿਚੋਂ ਇਕ ਕਾਨਾ ਕਢਿਆ ਜਾਂਦਾ ਹੈ, ਜਿਸ ਨਾਲ ਸਾਰਾ ਬਕਰਾ ਟੁਕੜੇ ਟੁਕੜੇ ਹੋ ਜਾਂਦਾ ਹੈ। ਬਕਰਾ ਬਨਾਉਣ ਵਾਲੇ ਨਾਈ ਨੂੰ ਉਚੇਚੀ ਲਾਗ ਦਿਤੀ ਜਾਂਦੀ ਹੈ। ਇਸ ਰੀਤ ਨੂੰ ਬਕਰੇ ਦੀ ਬਲੀ ਦੇ ਸਮਾਨ ਹੀ ਸਮਝਿਆ ਜਾਂਦਾ ਹੈ। ਬਕਰੇ ਦੇ ਸ਼ੀਰੇ ਨੂੰ ਸਾਰੇ ਭਾਈਚਾਰੇ ਵਿਚ ਵੰਡਿਆ ਜਾਂਦਾ ਹੈ। ਜਾਪਦਾ ਹੈ ਕਿ ਪਹਿਲਾਂ ਪੁਰੀਆਂ ਵਿਚ ਬਕਰੇ ਦੀ ਬਲੀ ਦੇਣ ਦੀ ਪ੍ਰਥਾ ਸੀ, ਮਗਰੋਂ ਅਹਿੰਸਾਵਾਦੀ ਭਾਵਨਾ ਹੇਠ ਬਕਰੇ ਦੀ ਥਾਂ ਸ਼ੀਰੇ ਦੇ ਬਕਰੇ ਦੀ ਬਲੀ ਨੇ ਲੈ ਲਈ (ਵੇਖੋ : ਬਕਰਾ)।

(ਸ-576) **ਸੀਲ ਦਈ :**

ਇਕ ਪਤੀਬ੍ਰਤਾ ਇਸਤ੍ਰੀ, ਜਿਸ ਦੀ ਕਹਾਣੀ ਰਾਜਾ ਰਸਾਲੂ ਕਥਾ-ਚਕਰ ਦੇ ਅੰਤਰਗਤ ਆਉਂਦੀ ਹੈ। ਇਸ ਕਹਾਣੀ ਦੀ ਪ੍ਰਧਾਨ ਕਥਾਨਿਕ ਰੂੜ੍ਹੀ 'ਸਤਿ ਦੀ ਪਰਖ' ਹੈ। ਰਾਜਾ ਰਸਾਲੂ ਸੀਲਾ ਦਈ ਦੇ ਪਤੀਬ੍ਰਤ ਧਰਮ ਦੀ ਸਿਫ਼ਤ ਸੁਣ ਕੇ ਉਹਦੀ ਪ੍ਰੀਖਿਆ ਲੈਣ ਦੀ ਖ਼ਾਤਰ ਰਾਤ ਵੇਲੇ ਉਸਦੇ ਘਰ ਜਾਂਦਾ ਹੈ। ਸੀਲਾ ਦਈ ਪ੍ਰੀਖਿਆ ਵਿਚ ਪੂਰੀ ਉਤਰਦੀ ਹੈ। ਕਥਾ ਇਸ ਪ੍ਰਕਾਰ ਹੈ :

ਸੀਲਾ ਦਈ ਇਕ ਸੌਦਾਗਰ ਦੀ ਪਤਨੀ ਸੀ, ਜੋ ਜ਼ਾਤ ਦਾ ਅਗਰਵਾਲ ਸੀ ਅਤੇ ਮਹਿਤਾ ਅਖਵਾਉਂਦਾ ਸੀ। ਸੀਲਾ ਦਈ ਦੇ ਪਿਤਾ ਦਾ ਨਾਂ ਹਰਬੰਸ ਰਾਏ ਸੀ। ਮਹਿਤਾ ਰਾਜੇ ਰਸਾਲੂ ਦਾ ਮਿਤ੍ਰ ਸੀ। ਇਕ ਦਿਨ ਚੌਪੜ ਖੇਡਣ ਵੇਲੇ, ਪਾਸਾ ਸੁਟਦਿਆਂ, ਮਹਿਤੇ ਦੇ ਮੂੰਹੋਂ ਸਹਿਜੇ ਹੀ ਸੀਲਾ ਦਈ ਦਾ ਨਾਂ ਨਿਕਲ ਗਿਆ। ਰਸਾਲੂ ਦੇ ਪੁਛਣ ਉਤੇ ਮਹਿਤੇ ਨੇ ਦਸਿਆ ਕਿ ਸੀਲਾ ਦਈ ਉਸ ਦੀ ਪਤਨੀ ਹੈ, ਜੋ ਪਤੀਬ੍ਰਤਾ ਧਰਮ ਵਿਚ ਬੜੀ ਪਰਪੱਕ ਅਤੇ ਸੁਸ਼ੀਲ ਹੈ, ਉਸ ਦਾ ਨਾਂ ਲੈ ਕੇ ਜਦੋਂ ਵੀ ਉਸ ਪਾਸਾ ਸੁਟਿਆ ਹੈ, ਪੌਂ ਬਾਰਾਂ ਪਏ ਹਨ।

ਰਸਾਲੂ ਨੇ ਸੀਲਾ ਦਈ ਦੇ ਸਤੀਤਵ ਦੀ ਪਰਖ ਕਰਨ ਦੇ ਵਿਚਾਰ ਨਾਲ, ਮਹਿਤੇ ਨੂੰ ਕਿਸੇ ਬਹਾਨੇ, ਘੋੜੇ ਖ਼ਰੀਦਣ ਰੁਹਤਾਸਗੜ੍ਹ ਭੇਜ ਦਿਤਾ। ਪਿਛੋਂ ਰਸਾਲੂ ਨੇ ਇਕ ਫਫਾਕੁਟਣ ਸਭ-ਰੰਗ ਦੀ ਮਦਦ ਨਾਲ ਸੀਲਾ ਦਈ ਦੇ ਧੌਲਰ ਵਿਚ ਦਾਖ਼ਲ ਹੋਣਾ ਚਾਹਿਆ, ਪਰ ਸੀਲਾ ਦਈ ਨੇ ਆਪਣੇ ਨੌਕਰਾਂ ਦੁਆਰਾ ਸਭ-ਰੰਗ ਦੀ ਚੰਗੀ ਖੁੰਭ ਠਪਵਾਈ।

ਰਾਜਾ ਰਸਾਲੂ ਆਪਣੇ ਤੋਤੇ ਹੀਰੇ ਸਮੇਤ ਸੀਲਾ ਦਈ ਦੇ ਧੌਲਰ ਵਿਚ ਜਾ ਪੁਜਾ ਅਤੇ ਆਵਾਜ਼ ਬਦਲ ਕੇ ਆਪਣੇ ਆਪ ਨੂੰ ਮਹਿਤਾ ਦਰਸਾਂਦੇ ਹੋਏ, ਦਰਬਾਨ ਨੂੰ ਦਰਵਾਜ਼ਾ ਖੋਲ੍ਹਣ ਲਈ ਕਿਹਾ। ਜਦੋਂ ਰਸਾਲੂ ਅੰਦਰ ਆਇਆ, ਤਾਂ ਸੀਲਾ ਦਈ ਨੇ ਉਸ ਨੂੰ ਪਛਾਣ ਲਿਆ ਅਤੇ ਮਹਿਤੇ ਦੀ ਗ਼ੈਰ-ਹਾਜ਼ਰੀ ਵਿਚ, ਚੋਰੀ ਛੁਪੀ ਮਹਿਲਾਂ ਵਿਚ ਦਾਖ਼ਲ ਹੋਣ ਦੀ, ਨਿੰਦਿਆ ਕੀਤੀ। ਰਾਜੇ ਰਸਾਲੂ ਨੇ ਸੀਲਾ ਦਈ ਨੂੰ ਭਰਮਾਣ ਦੇ ਬੜੇ ਯਤਨ ਕੀਤੇ, ਪਰ ਜਦੋਂ ਵੇਖਿਆ ਕਿ ਉਹ ਆਪਣੇ ਪਤੀਬ੍ਰਤ ਧਰਮ ਵਿਚ ਪਰਪੱਕ ਹੈ, ਤਾਂ ਉਸ ਨੂੰ ਧਰਮ ਦੀ ਭੈਣ ਬਣਾ ਕੇ, ਹੀਰੇ ਦੀ ਕੀਮਤੀ ਅੰਗੂਠੀ ਨਿਸ਼ਾਨੀ ਵਜੋਂ ਦੇਣੀ ਚਾਹੀ। ਸੀਲਾ ਦਈ ਨੇ ਅੰਗੂਠੀ ਲੈਣ ਤੋਂ ਇਨਕਾਰ ਕਰ ਦਿਤਾ, ਪਰ ਰਾਜਾ ਰਸਾਲੂ ਉਹ ਅੰਗੂਠੀ ਪਲੰਘ ਵਿਚ ਛੁਪਾ ਕੇ ਘਰ ਵਾਪਸ ਆ ਗਿਆ। ਸੀਲਾ ਦਈ ਨੇ ਆਪਣੀਆਂ ਬਾਂਦੀਆਂ ਅਤੇ ਦਰਬਾਨਾਂ ਨੂੰ ਆਦੇਸ਼ ਦਿਤਾ ਕਿ ਉਹ ਰਸਾਲੂ ਦੇ ਮਹਿਲਾਂ ਵਿਚ ਆਉਣ ਦਾ ਭੇਤ ਬਾਹਰ ਨਾ ਕੱਢਣ।

ਕੁਝ ਦਿਨਾਂ ਮਗਰੋਂ ਮਹਿਤਾ ਰਸਾਲਗੜ੍ਹ ਵਾਪਸ ਆ ਗਿਆ। ਉਸ ਨੇ ਸੀਲਾ ਦਈ ਦੇ ਪਲੰਘ ਵਿਚ ਰਾਜੇ ਰਸਾਲੂ ਦੀ ਅੰਗੂਠੀ ਛੁਪੀ ਵੇਖੀ, ਤਾਂ ਸੀਲਾ ਦਈ ਦੇ ਸਤੀਤਵ ਉਤੇ ਸੰਦੇਹ ਉਠਿਆ। ਸੀਲਾ ਦਈ ਨੇ ਸਾਰੀ ਘਟਨਾ ਵੇਰਵੇ ਨਾਲ ਸਚੋ ਸਚ ਦਸ ਦਿਤੀ, ਪਰ ਮਹਿਤੇ ਨੂੰ ਵਿਸ਼ਵਾਸ ਨਾ ਆਇਆ। ਘਰ ਕੁੰਭੀ ਨਰਕ ਬਣ ਗਿਆ। ਸੀਲਾ ਦਈ ਨੇ ਆਪਣੇ ਪਿਤਾ ਨੂੰ ਬੁਲਾ ਭੇਜਿਆ, ਪਰ ਸਹੁਰੇ ਦੇ ਸਮਝਾਣ ਦੇ ਬਾਵਜੂਦ ਵੀ ਮਹਿਤੇ ਉਤੇ ਕੋਈ ਅਸਰ ਨਾ ਹੋਇਆ।

ਰਾਜੇ ਰਸਾਲੂ ਨੇ ਮਹਿਤੇ ਨੂੰ ਸੱਚੀ ਗੱਲ ਦਸ ਦਿਤੀ, ਪਰ ਮਹਿਤੇ ਦੀ ਤਸੱਲੀ ਫੇਰ ਵੀ ਨਾ ਹੋਈ। ਰਾਜਾ ਰਸਾਲੂ ਨੇ ਨਰਦਾਂ ਦੁਆਰਾ ਸੀਲਾ ਦਈ ਦੇ ਸਤਿ ਪ੍ਰੀਖਿਆ ਕਰਨ ਲਈ ਕਿਹਾ। ਜੇ ਨਰਦਾਂ ਸੁਟਦਿਆਂ ਸੀਲਾ ਦੇ ਪੰਜ, ਦੋ, ਸਤ ਆ ਪੈਣ, ਰਸਾਲੂ ਦੇ ਸਤਾਰਾਂ ਅਤੇ ਮਹਿਤੇ ਦੇ ਪੌਂ ਬਾਰਾਂ ਪੈ ਜਾਣ, ਤਾਂ ਸੀਲਾ ਦਈ ਅਤੇ ਰਾਜੇ ਰਸਾਲੂ ਦੇ ਕਥਨ ਸੱਚੇ ਹਨ। ਨਰਦਾਂ ਸੁਟੀਆਂ ਅਤੇ ਤਿੰਨਾਂ ਦੀਆਂ ਨਰਦਾਂ ਮਿਥੇ ਅੰਕਾਂ ਅਨੁਸਾਰ ਹੀ ਪਈਆਂ, ਪਰ ਮਹਿਤੇ ਕਿਹਾ ਇਸ ਵਿਚ ਕੋਈ ਛਲ ਹੈ।

ਨਰਦ-ਪ੍ਰੀਖਿਆ ਨਾਲ ਤਸੱਲੀ ਨਾ ਹੋਣ ਉਤੇ ਅਗਨ-ਪ੍ਰੀਖਿਆ ਕੀਤੀ ਗਈ। ਸੀਲਾ ਦਈ ਨੇ ਤੇਲ ਦੇ ਤਪਦੇ ਕੜਾਹੇ ਵਿਚ ਹੱਥ ਪਾਇਆ, ਪਰ ਉਸ ਦੇ ਹੱਥਾਂ ਨੂੰ ਆਂਚ ਤਕ ਨਾ ਪੁਜੀ। ਮਹਿਤੇ ਦੀ ਫਿਰ ਵੀ ਤਸੱਲੀ ਨਾ ਹੋਈ ਅਤੇ

ਕਹਿਣ ਲੱਗਾ ਕਿ ਗੇਂਦ ਤਵੀਤ ਦੁਆਰਾ ਤਪਤ ਕੜਾਹੇ ਨੂੰ ਠੰਢਾ ਕਰ ਲਿਆ ਗਿਆ ਹੈ।

ਸੀਲਾ ਦਈ ਨਾਰਾਜ਼ ਹੋ ਗਈ ਤੇ ਉਹ ਮਹਿਤੇ ਨੂੰ ਆਪਣਾ ਮੂੰਹ ਬੋਲਿਆ ਭਰਾ ਆਖ ਕੇ ਆਪਣੇ ਪੇਕੇ ਅਗਰੋਹੇ ਚਲੀ ਗਈ। ਹੁਣ ਮਹਿਤਾ ਬੜਾ ਪਛਤਾਇਆ। ਮਨ ਦੀ ਸ਼ਾਂਤੀ ਲਈ, ਮਹਿਤਾ ਨੇ, ਗੋਰਖ ਨਾਥ ਕੋਲ ਜਾ ਕੇ ਜੋਗ ਧਾਰਨ ਕਰ ਲਿਆ। ਪਰ ਮਨ ਫੇਰ ਵੀ ਅਸ਼ਾਂਤ ਹੀ ਰਿਹਾ। ਅਖ਼ੀਰ ਜੋਗੀ ਦੇ ਵੇਸ ਵਿਚ ਮਹਿਤਾ ਆਪਣੇ ਸਹੁਰਿਆਂ ਦੇ ਬਾਗ਼ ਵਿਚ ਜਾ ਬੈਠਾ। ਸੀਲਾ ਦਈ ਉਸ ਨੂੰ ਮੂੰਹ ਬੋਲਿਆ ਭਰਾ ਕਹਿ ਚੁਕੀ ਸੀ, ਇਸ ਲਈ ਹੁਣ ਉਸ ਨੂੰ ਪਤੀ ਦੇ ਰੂਪ ਵਿਚ ਗ੍ਰਹਿਣ ਕਰਨ ਨੂੰ ਤਿਆਰ ਨਹੀਂ ਸੀ। ਮਹਿਤੇ ਨੇ ਇਸ ਦੁਖ ਵਿਚ ਵਿਆਕੁਲ ਹੋ ਕੇ ਪ੍ਰਾਣ ਤਿਆਗ ਦਿਤੇ। ਸੀਲਾ ਦਈ ਨੇ ਮਹਿਤੇ ਦੀ ਚਿਖਾ ਉਤੇ ਸਤੀ ਹੋਣ ਦੀ ਇੱਛਾ ਪ੍ਰਗਟ ਕੀਤੀ।

ਰਸਾਲੂ ਨੂੰ ਜਦੋਂ ਪਤਾ ਲੱਗਾ ਕਿ ਉਸ ਦੀ ਨਿਕੀ ਜਿਹੀ ਗ਼ਲਤੀ ਕਾਰਨ ਦੋ ਜਾਨਾਂ ਤਬਾਹ ਹੋ ਗਈਆਂ ਹਨ ਤਾਂ ਉਸ ਨੇ ਵੀ ਪਸਚਾਤਾਪ ਵਜੋਂ ਚਿਖਾ ਉਤੇ ਸੜ ਮਰਨ ਦਾ ਨਿਸਚਾ ਕਰ ਲਿਆ। ਉਹ ਵੀ ਅਗਰੋਹੇ ਪਹੁੰਚਿਆ। ਉਧਰ ਤੋਤੇ ਨੇ ਗੋਰਖ ਨਾਥ ਨੂੰ ਸਾਰੀ ਗੱਲ ਜਾ ਦਸੀ। ਗੋਰਖ ਨਾਥ ਨੇਂ ਨਾਥਾਂ ਸਮੇਤ ਅਗਰੋਹੇ ਪਹੁੰਚੇ, ਪਰ ਉਦੋਂ ਤਕ ਤਿੰਨੋਂ ਚਿਖਾ ਉਤੇ ਸੜ ਚੁਕੇ ਸਨ। ਦੇਵਨੇਤ ਮਹਾਂਦੇਵ ਤੇ ਪਾਰਬਤੀ ਵੀ ਅਗਰੋਹੇ ਵਿਚੋਂ ਦੀ ਲੰਘ ਰਹੇ ਸਨ। ਉਨ੍ਹਾਂ ਨੂੰ ਵੀ ਸਾਰੀ ਗੱਲ ਦਾ ਪਤਾ ਲੱਗਾ। ਪਾਰਬਤੀ ਅਤੇ ਗੋਰਖਨਾਥ ਦੇ ਜ਼ੋਰ ਦੇਣ ਉਤੇ ਮਹਾਂਦੇਵ ਨੇ ਆਪਣੀ ਚੀਚੀ ਉਂਗਲੀ ਤੋਂ ਅੰਮ੍ਰਿਤ ਕੱਢ ਕੇ ਚਿਖਾ ਉਤੇ ਤਰੌਂਕਿਆ ਅਤੇ ਤਿੰਨੋਂ ਮੁੜ ਸੁਰਜੀਤ ਹੋ ਗਏ। ਮਹਿਤਾ ਅਤੇ ਸੀਲਾ ਦਾ ਮੁੜ ਵਿਆਹ ਰਚਿਆ ਗਿਆ ਅਤੇ ਉਹ ਦੋਵੇਂ ਮੁੜ ਪਤੀ ਪਤਨੀ ਦੇ ਰੂਪ ਵਿਚ ਰਿਸਾਲਗੜ੍ਹ ਰਹਿਣ ਲੱਗ ਪਏ।

ਸੀਲਾ ਦਈ ਦਾ ਕਥਾ-ਪ੍ਰਸੰਗ ਕਾਵਿ ਦੇ ਰੂਪ ਵਿਚ ਕਈ ਭਟਾਂ ਨੇ ਰਚਿਆ। ਇਸ ਕਥਾ ਦਾ ਇਕ ਕਾਵਿ-ਰੂਪਾਂਤਰ 'ਲਿਜੰਡ ਆਫ਼ ਦੀ ਪੰਜਾਬ' (1,243-366) ਵਿਚ ਦਰਜ ਹੈ, ਜੋ ਸਰ ਰਿਚਰਡ ਟੈਂਪਲ ਨੇ ਜਗਧਰੀ ਦੇ ਕਿਸ਼ ਭਟ ਤੋਂ ਸੁਣ ਕੇ ਲਿਖਿਆ। ਹਰ ਸਾਲ ਹੋਲੀ ਦੇ ਦਿਨਾਂ ਵਿਚ ਇਸ ਕਥਾ ਦਾ ਸਵਾਂਗ ਖੇਡਿਆ ਜਾਂਦਾ ਹੈ। ਧਨ ਪੋਠੋਹਾਰ ਵਿਚ ਇਹੋ ਕਥਾ 'ਰਾਣੀ ਚਾਨਣੀ' ਦੇ ਨਾਂ ਹੇਠ ਪ੍ਰਚਲਤ ਹੈ ਅਤੇ ਮਾਲਵੇ ਵਿਚ 'ਸ਼ਾਹਣੀ ਕੌਲਾਂ' ਦੇ ਨਾਂ ਨਾਲ (ਵੇਖੋ : ਸ਼ਾਹਣੀ ਕੌਲਾਂ)।

(ਸ-577) **ਸੂਆਂ** :

ਸਿੰਧ ਸਾਗਰ ਦੁਆਬ ਦੀ ਇਕ ਰਮਣੀਕ ਨਦੀ, ਜਿਸ ਦੇ ਕੰਢਿਆਂ ਉਤੇ ਪ੍ਰਾਚੀਨ ਕਾਲ ਵਿਚ ਆਰੀਆ ਜਾਤੀ ਨੇ ਰਿਗ ਵੇਦ ਦੀਆਂ ਮੁਢਲੀਆਂ ਰਿੱਚਾਂ ਰਚੀਆਂ। ਇਹ ਨਦੀ ਕੋਹਮਰੀ ਦੇ ਪਹਾੜਾਂ ਵਿਚੋਂ ਨਿਕਲ ਕੇ ਦੱਖਣ ਵਲ ਤੁਰਦੀ ਹੈ। ਪਹਿਲੇ ਦਸ ਕੁ ਮੀਲਾਂ ਦੀ ਵਾਟ ਸੁਆਂ ਨੂੰ ਖੜੀਆਂ ਢਲਵਾਨਾਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਸੁਆਂ ਝੱਗ ਵਗਾਂਦੀ ਤੇ ਖੋਰੂ ਪਾਂਦੀ ਹੋਈ, ਬੜੀ ਤੇਜ਼ੀ ਨਾਲ ਹੇਠਾਂ ਵਲ ਦੌੜਦੀ ਚਿਰਾਹ ਦੇ ਮੈਦਾਨ ਵਿਚ ਜਾ ਪਹੁੰਚਦੀ ਹੈ। ਇਸ ਰਮਣੀਕ ਵਾਦੀ ਵਿਚੋਂ ਲੰਘ ਕੇ ਸੁਆਂ ਨਰੜ ਪਹਾੜੀ ਨੂੰ, ਜੋ ਘੋੜੇ ਦੇ ਪੈਰ ਵਾਂਗ ਅੱਗੇ ਵਲ ਨੂੰ ਉਮਡੀ ਹੋਈ ਹੈ, ਚੀਰਦੀ ਹੋਈ, ਪਹਾੜਾਂ ਵਿਚ ਕਈ ਦਰ੍ਹਗਾਂ ਤੇ ਖੱਡਾਂ ਬਣਾਂਦੀ ਹੋਈ, ਇਕ ਮੀਲ ਦਾ ਪੈਂਡਾ ਮੁਕਾਂਦੀ ਹੈ। ਇਹੋ ਖੱਡਾ ਤੇ ਦਰ੍ਹਗਾਂ ਕੋਹੂਟੇ ਦੀ ਤਹਿਸੀਲ ਨੂੰ ਰਾਵਲਪਿੰਡੀ ਦੀ ਤਹਿਸੀਲ ਨਾਲੋਂ ਵੱਖ ਕਰਦੀਆਂ ਹਨ। ਇਥੋਂ ਅੱਗੇ ਸੁਆਂ ਨਦੀ ਦੱਖਣ ਪੱਛਮ ਵਲ ਮੂੰਹ ਕਰ ਲੈਂਦੀ ਹੈ ਤੇ ਫ਼ਤਹਜੰਗ ਅਤੇ ਪਿੰਡੀਗੇਬ ਦੀਆਂ ਤਹਿਸੀਲਾਂ ਵਿਚੋਂ ਲੰਘਦੀ ਮਖੱਡ ਦੇ ਸਥਾਨ ਉਤੇ ਅਟਕ ਵਿਚ ਜਾ ਰਲਦੀ ਹੈ। ਫ਼ਤਹਜੰਗ ਤਹਿਸੀਲ ਵਿਚੋਂ ਲੰਘਦੀ ਸੁਆਂ ਆਪਣੇ ਅਲਬੇਲੇ ਜਲਾਲ ਤੇ ਭਰ ਜੁਆਨੀ ਵਿਚ ਹੁੰਦੀ ਹੈ। ਇਥੇ ਇਸ ਦਾ ਪਾਟ ਕਾਫ਼ੀ ਚੌੜਾ ਹੋ ਕੇ ਫੈਲ ਗਿਆ ਹੈ। ਬਰਸਾਤਾਂ ਦੇ ਦਿਨਾਂ ਵਿਚ ਤਾਂ ਸੁਆਂ ਵਿਚ ਬੜਾ ਪਾਣੀ ਹੁੰਦਾ ਹੈ, ਪਰ ਆਮ ਦਿਨਾਂ ਵਿਚ ਇਹ ਖ਼ੁਸ਼ਕ ਬਰੇਤੇ ਦੇ ਰੂਪ ਵਿਚ ਪਸਰੀ ਹੋਈ ਇਕ ਅਲੌਕਿਕ ਦ੍ਰਿਸ਼ ਪੇਸ਼ ਕਰਦੀ ਹੈ —

'ਨਹੀਂ ਰੀਸਾਂ ਸੁਆਂ ਦੀਆਂ ਭਾਵੇਂ ਸੁਕੀ ਹੋਵੇ।' ਸੁਆਂ ਵਿਚ ਨ੍ਹਾਵਣ ਦੇ ਅਲੌਕਿਕ ਆਨੰਦ ਬਾਰੇ ਲੋਕ-ਅਨੁਭਵ ਹੈ — 'ਖਾਵੀਏ ਕਣਕ ਭਾਵੇਂ ਰੁਖੀ ਹੋਵੇ, ਨ੍ਹਾਵੀਏ ਸੁਆਂ ਭਾਵੇਂ ਸੁਕੀ ਹੋਵੇ।'

ਪਰ ਸੁਆਂ ਨਦੀ ਬੜੀ ਛਲੇਡੀ ਅਤੇ ਕਪਟੀ ਹੈ। ਇਸ ਦੇ ਖ਼ੁਸ਼ਕ ਬਰੇਤੇ ਵਿਚੋਂ, ਅਵੇਸਲੇ ਹੋ ਕੇ ਲੰਘਣ ਵਾਲੇ ਕਈ ਮੁਸਾਫ਼ਰ, ਬਰਸਾਤਾਂ ਦੇ ਦਿਨਾਂ ਵਿਚ ਸੁਆਂ ਦੀ ਕਪਟ ਛੱਲ ਦਾ ਸ਼ਿਕਾਰ ਹੋ ਜਾਂਦੇ ਹਨ। ਮੁਸਾਫ਼ਰ ਸੁਕੇ ਬਰੇਤੇ ਵਿਚ ਹੀ ਖੜਾ ਹੁੰਦਾ ਹੈ ਕਿ ਉਪਰੋਂ ਪਾਣੀ ਇਕ ਕੰਧ ਵਾਂਗ ਦੌੜਦਾ ਆਉਂਦਾ ਵਿਖਾਈ ਦੇਂਦਾ ਹੈ। ਜਦੋਂ ਕਦੇ ਅਛੋਪਲੇ ਹੀ ਪਹਾੜਾਂ ਵਿਚ ਬਾਰਸ਼ ਹੋ ਜਾਣ ਕਾਰਨ ਸੁਆਂ ਉਭਰ ਆਉਂਦੀ ਹੈ, ਤਾਂ ਲੰਘਦੇ ਜਾਂਦੇ ਮੁਸਾਫ਼ਰ ਸ਼ੋਰ ਮਚਾ ਕੇ ਦੂਜੇ ਮੁਸਾਫ਼ਰਾਂ ਨੂੰ ਚਿਤਾਵਨੀ ਦੇਂਦੇ ਜਾਂਦੇ ਹਨ। ਵੇਖਦਿਆਂ ਵੇਖਦਿਆਂ ਪਾਰ ਦੇ ਲੋਕ ਪਰਾਰ ਤੇ ਉਰਾਰ ਦੇ ਲੋਕ ਉਰਾਰ ਰਹਿ ਜਾਂਦੇ ਹਨ। ਪਰ ਫੇਰ ਵੀ ਇਹ ਨਦੀ ਬੜੀ ਰੋਮਾਂਚਿਕ ਤੇ ਭਾਵਾਂ ਨੂੰ ਉਤੇਜਿਤ ਕਰਨ ਵਾਲੀ ਹੈ। ਸੁਆਂ ਦਾ ਸ਼ਾਬਦਿਕ ਅਰਥ 'ਸੁਹਾਵਣਾ' ਵੀ ਇਸੇ ਪ੍ਰਕ੍ਰਿਤੀ ਦਾ ਬੋਧਿਕ ਹੈ।

ਸੁਆਂ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ। ਸੁਆਂ ਦੇ ਕੰਢੇ ਨਕੜਾਲੀ ਨਾਂ ਦੇ ਪਿੰਡ ਕੋਲ ਇਕ ਪੁਰਾਣੀ ਕਬਰ ਹੈ, ਜਿਸ ਨੂੰ ਲੋਕੀਂ ਬੀਬੀ ਪਾਕਦਾਮਨ ਦੀ ਕਬਰ ਆਖਦੇ ਹਨ। ਸੁਆਂ ਨੂੰ ਆਰ ਪਾਰ ਕਰਦੇ ਮੁਸਾਫ਼ਰ ਇਥੋਂ ਲੰਘਦਿਆਂ ਦਰਿਆ ਦੇ ਕੂਲੇ ਪੱਥਰਾਂ ਦੀ ਇਕ ਅੱਧ ਗੀਟੀ ਕਬਰ ਉਤੇ ਜ਼ਰੂਰ ਰਖ ਜਾਂਦੇ ਹਨ। ਕਹਿੰਦੇ ਹਨ ਕਿ ਇਹ ਕਬਰ ਇਕ ਸੁਹਿਰਦ ਆਜੜਨ ਕੁੜੀ ਦੀ ਹੈ। ਇਕ ਵਾਰ ਸੁਆਂ ਵਿਚ ਪਾਣੀ ਚੜ੍ਹਿਆ ਹੋਇਆ ਸੀ ਅਤੇ ਇਕ ਟੱਬਰ, ਜਿਸ ਨੇ ਦਰਿਆ ਨੂੰ ਪਾਰ ਕਰ ਕੇ ਕਿਸੇ ਪਾਰਲੇ ਪਿੰਡ ਵਿਆਹ ਉਤੇ ਜਾਣਾ ਸੀ, ਉਰਾਰ ਹੀ ਡਕਿਆ ਗਿਆ। ਤ੍ਰਿਕਾਲਾਂ ਵੇਲੇ ਭਾਵੇਂ ਦਰਿਆ ਦਾ ਕਾਫ਼ੀ ਪਾਣੀ ਲੱਥ ਗਿਆ ਸੀ, ਪਰ ਉਸ ਟੱਬਰ ਦੀ, ਨਿੱਕੇ ਨਿੱਕੇ ਬੱਚਿਆਂ ਨਾਲ, ਦਰਿਆ ਨੂੰ ਪਾਰ ਕਰਨ ਦੀ ਹਿੰਮਤ ਨਹੀਂ ਸੀ ਪੈਂਦੀ। ਅਖ਼ੀਰ, ਜਦੋਂ ਤ੍ਰਿਕਾਲਾਂ ਡੂੰਘੀਆਂ ਹੋਣ ਲੱਗੀਆਂ, ਤਾਂ ਆਜੜਨ ਨੇ ਉਸ ਪਰਿਵਾਰ ਦੇ ਇਕ ਇਕ ਜੀਅ ਦੀ ਬਾਂਹ ਫੜ ਕੇ, ਉਨ੍ਹਾਂ ਨੂੰ ਸੁਆਂ ਵਿਚੋਂ ਪਾਰ ਲੰਘਾਣਾ ਸ਼ੁਰੂ ਕੀਤਾ। ਅਖ਼ੀਰਲੀ ਵਾਰ ਉਹ ਇਕੱਲੀ ਹੀ ਉਨ੍ਹਾਂ ਦਾ ਕੁਝ ਸਾਮਾਨ ਅਤੇ ਹੋਰ ਨਿਕ ਸੁੱਕ ਚੁਕਣ ਲਈ ਗਈ, ਤਾਂ ਉਪਰੋਂ ਪਹਾੜਾਂ ਵਿਚੋਂ ਕਿਧਰੇ ਬਾਰਸ਼ ਹੋ ਜਾਣ ਕਾਰਨ, ਸੁਆਂ ਵਿਚ ਇਕ ਦਮ ਪਾਣੀ ਆ ਗਿਆ। ਪਾਣੀ ਦੀ ਇਕ ਵੱਡੀ ਛਲ ਕੰਧ ਵਾਂਗ ਦੂਰੋਂ ਆਉਂਦੀ ਵੇਖ ਆਜੜਨ ਕਾਹਲੀ ਕਾਹਲੀ ਪੱਥਰਾਂ ਉਤੇ ਪੈਰ ਧਰਦੀ ਪਾਰ ਹੋਣ ਲੱਗੀ। ਪਰ ਦਰਿਆ ਦੇ ਆਰ ਪਾਰ ਕਈ ਫੇਰੇ ਮਾਰਨ ਕਰ ਕੇ, ਉਹ ਇਤਨੀ ਨਿਢਾਲ ਹੋ ਗਈ ਸੀ ਕਿ ਉਹ ਅੱਧ-ਵਿਚਾਲੇ ਹੀ ਲੜਖੜਾ ਕੇ ਡਿਗ ਪਈ ਅਤੇ ਪਾਣੀ ਦੀ ਤੇਜ਼ ਛਲ ਉਸ ਦੇ ਉਪਰੋਂ ਦੀ ਲੰਘ ਗਈ। ਅਗਲੇ ਦਿਨ ਪਾਣੀ ਉਤਰਿਆ, ਤਾਂ ਲੋਕਾਂ ਨੇ ਉਸ ਦੀ ਲੋਥ ਬਰੇਤੇ ਉਤੇ ਪਈ ਵੇਖੀ। ਪਿੰਡ ਦੇ ਲੋਕਾਂ ਨੇ ਰਲ ਕੇ ਉਸ ਦੀ ਕਬਰ ਬਣਾ ਦਿਤੀ।

ਲੋਕੀਂ ਕਹਿੰਦੇ ਹਨ ਕਿ ਜਦੋਂ ਕੋਈ ਇਕੱਲਾ ਦੁਕੱਲਾ ਮੁਸਾਫ਼ਰ, ਹਨੇਰੇ ਸਵੇਰੇ ਸੁਆਂ ਦੇ ਕੰਢੇ ਫਸ ਜਾਵੇ, ਤਾਂ ਹੁਣ ਵੀ ਕੋਈ ਆਜੜਨ ਅਚਨਚੇਤੀ ਸਾਹਮਣੇ ਆ ਕੇ ਉਸ ਦੀ ਬਾਂਹ ਫੜਦੀ ਹੋਈ, ਦਰਿਆ ਨੂੰ ਪਾਰ ਕਰਵਾ ਕੇ ਕਿਧਰੇ ਛਾਈਂ ਮਾਈਂ ਹੋ ਜਾਂਦੀ ਹੈ। ਇਸ ਆਜੜਨ ਨੂੰ ਲੋਕੀਂ ਬੀਬੀ ਪਾਕਦਾਮਨ ਦੇ ਨਾਂ ਨਾਲ ਯਾਦ ਕਰਦੇ ਹਨ। ਸੁਆਂ ਬਾਰੇ ਕਈ ਹੋਰ ਦੰਦ-ਕਥਾਵਾਂ ਵੀ ਇਲਾਕੇ ਵਿਚ ਪ੍ਰਚਲਤ ਹਨ।

(ਸ-578) **ਸੁਆਂਤ** :

ਸਤਾਈ ਨਛਤਰਾਂ ਵਿਚੋਂ ਇਕ; ਅਸ਼ਿਨੀ ਤੋਂ ਪੰਦਰ੍ਹਵਾਂ; ਇਸ ਨਛਤਰ ਵਿਚ ਜਦੋਂ ਚੰਦਰਮਾ ਸਥਿਤ ਹੋਵੇ, ਤਾਂ ਇਸ ਨੂੰ ਸੁਆਂਤ ਯੋਗ ਕਹਿੰਦੇ ਹਨ, ਜੋ ਜੋਤਿਸ਼ ਅਨੁਸਾਰ ਬੜਾ ਸ਼ੁਭ ਤੇ ਕਲਿਆਣੀ ਹੁੰਦਾ ਹੈ। ਇਹ ਯੋਗ ਹਾੜ ਦੇ ਚਾਨਣੇ ਪੱਖ ਦੀ ਕਿਸੇ ਤਿੱਥ ਅਤੇ ਮਾਘ ਦੇ ਹਨੇਰੇ ਪੱਖ ਦੀ ਸਤਵੀਂ ਨੂੰ ਪੈਂਦਾ ਹੈ। ਇਸ ਯੋਗ ਸਮੇਂ ਹੋਈ ਵਰਖਾ ਦੀਆਂ ਬੂੰਦਾਂ ਅੰਮ੍ਰਿਤ ਸਮਾਨ ਸਮਝੀਆਂ ਗਈਆਂ ਹਨ ਤੇ ਇਨ੍ਹਾਂ ਬੂੰਦਾਂ ਨੂੰ ਪੀ ਕੇ ਹੀ ਚਾਤ੍ਰਿਕ ਆਪਣੀ ਪਿਆਸ ਬੁਝਾਂਦਾ ਹੈ।

ਇਨ੍ਹਾਂ ਬੂੰਦਾਂ ਤੋਂ ਹੀ ਸਿੱਪੀ ਵਿਚ ਸੁੱਚੇ ਮੋਤੀ, ਕੇਲੇ ਵਿਚ ਕਪੂਰ ਅਤੇ ਬਾਂਸ ਵਿਚ ਤਬਾਸ਼ੀਰ ਬਣਦੀ ਹੈ। ਧਾਰਨਾ ਹੈ ਕਿ ਜੇ ਇਹ ਬੂੰਦਾਂ ਬਾਂਝ ਇਸਤ੍ਰੀ ਪੀਵੇ ਤਾਂ ਉਸ ਦੇ ਘਰ ਅਵੱਸ਼ ਸੰਤਾਨ ਪੈਦਾ ਹੁੰਦੀ ਹੈ। ਪੁਰਾਣਾਂ ਵਿਚ ਇਨ੍ਹਾਂ ਬੂੰਦਾਂ ਦੀ ਵਡਿਆਈ ਵਿਚ ਬਹੁਤ ਕੁਝ ਲਿਖਿਆ ਮਿਲਦਾ ਹੈ।

(ਸ-579) **ਸੁਆਂਤੀ ਬੂੰਦ** :

(ਵੇਖੋ : ਸੁਆਂਤ) :

(ਸ-580) **ਸੁਆਲ** :

ਇਕ ਲੋਕ-ਕਾਵਿ ਰੂਪ; ਕੁੜਮਾਈ ਤੋਂ ਪਹਿਲਾਂ, ਦੋਹਾਂ ਧਿਰਾਂ ਵਿਚ ਮੁੰਡੇ ਕੁੜੀ ਬਾਰੇ ਜੋ ਪੁਛ-ਗਿਛ ਹੁੰਦੀ ਅਤੇ ਗੱਲਬਾਤ ਚਲਦੀ ਹੈ, ਉਸ ਦੀ ਪੇਸ਼ਕਾਰੀ ਵਾਲੀ ਕਵਿਤਾ ਨੂੰ ਲਹਿੰਦੇ ਵਿਚ 'ਸੁਆਲ' ਕਹਿੰਦੇ ਹਨ। ਇਹ ਕਾਵਿ ਰੂਪ, ਡੇਰਾ ਗ਼ਾਜ਼ੀ ਖ਼ਾਨ ਦੇ ਇਲਾਕੇ ਵਿਚ ਬੜਾ ਪ੍ਰਚਲਤ ਰਿਹਾ ਅਤੇ ਵਿਆਹ ਵੇਲੇ ਸੁਹਾਗ ਦੇ ਗੀਤਾਂ ਨਾਲ ਰਲਾ ਕੇ ਗਾਇਆ ਜਾਂਦਾ ਰਿਹਾ। ਭਾਵੇਂ ਇਨ੍ਹਾਂ ਗੀਤਾਂ ਵਿਚ ਸੁਆਲ ਜੁਆਬ ਦੋਵੇਂ ਹੁੰਦੇ ਹਨ, ਪਰ ਇਨ੍ਹਾਂ ਦਾ ਨਾਉਂ ਸੁਆਲ ਹੀ ਰੂੜ੍ਹ ਹੋ ਗਿਆ ਹੈ। ਕਈ ਵਾਰ ਜਦੋਂ ਦੋਹਾਂ ਧਿਰਾਂ ਵਿਚ ਪੁਛ-ਗਿਛ ਚਲ ਰਹੀ ਹੁੰਦੀ ਹੈ, ਤਾਂ ਕੰਨਿਆਂ ਪੱਖ ਦਾ ਨਾਈ ਸਾਰੀ ਗੱਲ ਮੁਕਾਣ ਲਈ ਇਹ ਗੀਤ ਛੁਹ ਦੇਂਦਾ ਹੈ। ਨਮੂਨਾ ਇਸ ਪ੍ਰਕਾਰ ਹੈ :

ਕਿਹੜਾ ਕੰਨਿਆਂ ਦਾ ਪਿਉ  
ਵੇ ਕੰਨਿਆਂ ਦਾ ਪਿਉ, ਨਿਰਾ ਦੇਸੀ ਘਿਉ,  
ਘਰ ਮੱਝਾਂ ਨੇ ਲਿਆਰੀਆਂ।  
ਜ਼ਿਮੀਆਂ ਦੀ ਮਾਲਕੀ,  
ਤੇ ਪਰ੍ਹੇ ਵਿਚ ਖ਼ਾਲਕੀ,  
ਹਵੇਲੀਆਂ ਨੇ ਭਾਰੀਆਂ।  
ਦੱਸਾਂ ਕੰਨਿਆਂ ਦੇ ਪੱਖੀਂ,  
ਕੁੜੀ ਏ ਸੁਨੱਖੀ, ਲੰਮੀ ਗੰਦਲ ਪਾਲ ਰਖੀ,  
ਘਰ ਵਿਚ ਪ੍ਰਧਾਨੇ ਏ।  
ਤ੍ਰਿੰਞਣਾਂ ਦੀ ਮਾਣ, ਪਟ ਰੇਸ਼ਮੀ ਹੰਢਾਣ  
ਪੇਰ ਦੀ ਵੀ ਨਿਧਾਨੇ ਏ।

ਸੁਆਲ ਦਾ ਲੋਕ-ਕਾਵਿ ਰੂਪ ਬੜਾ ਹੀ ਰੋਚਕ ਹੈ ਤੇ ਆਪਣੀ ਕਿਸਮ ਦਾ ਵੱਖਰਾ ਹੈ, ਪਰ ਹੁਣ ਅਤੀਤ ਦੀ ਯਾਦ ਬਣ ਗਿਆ ਹੈ।

(ਸ-581) **ਸ਼ੁਸ਼ਣ** :

ਇਕ ਅਸੁਰ, ਰਿਗ ਵੇਦ ਅਨੁਸਾਰ ਇਸ ਦੀ ਮੌਤ ਇੰਦਰ ਦੇ ਹੱਥੋਂ ਹੋਈ।

(ਸ-582) **ਸੁਸ਼ੇਨ** :

ਰਾਮਾਇਣ ਅਨੁਸਾਰ ਇਕ ਵੈਦ, ਜੋ ਮਰੇ ਹੋਏ ਪ੍ਰਾਣੀਆਂ ਨੂੰ, ਜੜ੍ਹੀ ਬੂਟੀ ਦੁਆਰਾ, ਮੁੜ ਸੁਰਜੀਤ ਕਰ ਲੈਂਦਾ ਸੀ। ਰਾਮਚੰਦ੍ਰ ਦੇ ਲੰਕਾ ਉਤੇ ਹੱਲੇ ਵੇਲੇ ਇਹ ਵੈਦ ਨਾਲ ਸੀ (ਵੇਖੋ : ਪੁਨਰ-ਸੁਰਜੀਤੀ)।

(ਸ-583) **ਸੁਹਰਾਬ** :

ਈਰਾਨ ਦਾ ਇਕ ਵੀਰ ਯੋਧਾ, ਜਿਸ ਦੀ ਕਥਾ ਫ਼ਿਰਦੌਸੀ ਦੇ ਸ਼ਾਹਨਾਮੇ ਵਿਚ ਮਿਲਦੀ ਹੈ। ਸੁਹਰਾਬ ਫ਼ਾਰਸ ਦੇ ਅਜਿਤ ਬੀਰ ਰੁਸਤਮ ਦਾ ਪੁੱਤਰ ਸੀ (ਵੇਖੋ : ਰੁਸਤਮ-ਸੁਹਰਾਬ)।

(ਸ-584) **ਸੁਹਾਗ** :

ਸ਼ਗਨਾਂ ਦੇ ਗੀਤ, ਜੋ ਕੰਨਿਆਂ ਦੇ ਘਰ ਵਿਆਹ ਦੇ ਦਿਨੀਂ, ਢੋਲਕੀ ਨਾਲ ਗਾਏ ਜਾਂਦੇ ਹਨ। ਸੁਹਾਗ ਦੇ ਗੀਤਾਂ ਵਿਚ ਕੰਨਿਆਂ ਦੀਆਂ ਕਾਮਨਾਵਾਂ, ਸਧਰਾਂ ਅਤੇ ਭਾਵਨਾਵਾਂ ਸਮੂਰਤ ਹੁੰਦੀਆਂ ਹਨ। ਸੁਪਨੇ ਹਕੀਕਤ ਵਿਚ ਬਦਲਣ ਲਈ ਉਸਲਵਟੇ ਲੈਂਦੇ ਹਨ ਤੇ ਹਿਰਦੇ ਦੀ ਸੁਰ ਕਿਸੇ ਅਨੁਰਾਗੀ ਵਿਚ ਵਿਲੀਨ ਹੋਣਾ ਲੋਚਦੀ ਹੈ। ਸੁਹਾਗ ਭਾਵਨਾਵਾਂ ਨਾਲੋਂ ਵਧੇਰੇ ਲੋਚਾ ਦੇ ਗੀਤ ਹਨ, ਜਿਨ੍ਹਾਂ ਵਿਚ ਕੰਨਿਆਂ ਵਰ, ਘਰ, ਦੇਸ਼ ਤੇ ਰੁੱਤ ਬਾਰੇ ਆਪਣੀਆਂ ਲੋਚਾਂ ਨਿਰਸੰਕੋਚ ਹੋ ਕੇ ਪ੍ਰਕਾਸ਼ਮਾਨ ਕਰਦੀ ਹੈ। ਇਹ ਗੀਤ ਕੰਨਿਆਂ ਦੇ ਸਵੱਛ ਹਿਰਦੇ, ਅਲਸਾਏ ਜਿਸਮ ਅਤੇ ਨਿਰਛਲ ਆਤਮਾ ਦੀਆਂ ਸਵਰ-ਲਹਿਰੀਆਂ ਹਨ ਜਾਂ ਇਉਂ ਕਹਿ ਲਓ ਕਿ ਉਸ ਦੇ ਸ੍ਵੈ-ਪੂਰਨਤਾ ਲਈ ਤਰਲੇ ਹਨ। ਇਸੇ ਲਈ ਸੁਹਾਗ ਦੇ ਗੀਤਾਂ ਵਿਚ ਸ਼ਬਦਾਂ ਦੀ ਜ਼ਬਾਨ ਹੈ, ਮੂੰਹ ਮੱਥਾ ਅਤੇ ਨੈਣ-ਨਕਸ਼

ਹਨ । ਸ਼ਬਦ ਸਮੂਰਤ ਹੋਕੇ ਵੰਨ-ਸਵੰਨੇ ਰੂਪ ਧਾਰੀ, ਰੰਗ ਬਖੇਰਦੇ ਅਤੇ ਸੁਪਨਿਆਂ ਨਾਲ ਓਤਪੋਤ, ਪੂਰੇ ਸੁਹਜ ਤੇ ਜਵਾਨੀ ਵਿਚ ਵਿਚਰਦੇ ਹਨ ।

ਸੁਹਾਗ ਦੇ ਗੀਤਾਂ ਵਿਚ ਕੁੜੀਆਂ ਸਾਫ਼ ਸ਼ਬਦਾਂ ਵਿਚ ਫ਼ਰਿਆਦ ਕਰਦੀਆਂ ਹਨ ਕਿ ਉਨ੍ਹਾਂ ਦਾ ਵਰ ਸੁਨੱਖਾ ਅਤੇ ਹਾਣ ਦਾ ਹੋਵੇ; ਘਰ ਰਜਾ ਪੁਜਾ ਤੇ ਭਰਿਆ ਭਕੁੰਨਾ ਹੋਵੇ; ਭੋਇੰ ਮਹਿਕਦੀ ਤੇ ਦੇਸ਼ ਰੰਗੀਲਾ ਹੋਵੇ ਅਤੇ ਵਿਆਹ ਦੀ ਰੁੱਤ ਰੁਮਾਂਚਿਕ ਤੇ ਰਸੀਲੀ ਹੋਵੇ । ਪੰਜਾਬਣਾਂ ਦੀਆਂ ਇਹੋ ਚਾਰੇ ਲੋਚਾਂ ਹੀ ਸੁਹਾਗ ਦੇ ਗੀਤਾਂ ਦੀ ਪ੍ਰਧਾਨ ਵਸਤੂ ਹਨ :

ਵਰ : ਬੇਟੀ ! ਚੰਨਣ ਦੇ ਓਹਲੇ ਓਹਲੇ
ਕਿਉਂ ਖੜੀ ?
ਮੈਂ ਤਾਂ ਖੜੀ ਸੀ ਬਾਬਲ ਜੀ ਦੇ ਬਾਰ,
ਬਾਬਲ ਵਰ ਲੋੜੀਏ ।
ਬੇਟੀ ! ਕਿਹੋ ਜਿਹਾ ਵਰ ਲੋੜੀਏ ?
ਬਾਬਲ ! ਜਿਉਂ ਤਾਰਿਆਂ ਵਿਚੋਂ ਚੰਨ,
ਚੰਨਾਂ ਵਿਚੋਂ ਕਾਹਨ,
ਘਨਈਆ ਵਰ ਲੋੜੀਏ ।

ਘਰ : ਦੇਈਂ ਦੇਈਂ ਵੇ ਬਾਬਲਾ ਉਸ ਘਰੇ,
ਜਿਥੇ ਬੂਰੀਆਂ ਝੋਟੀਆਂ ਸੱਠ ।
ਇਕ ਰਿੜਕਾਂ ਇਕ ਜਮਾਸਾਂ,
ਵੇ ਮੇਰਾ ਚਾਟੀਆਂ ਦੇ ਵਿਚ ਹੱਥ ।

ਦੇਸ਼ : ਦੇਈਂ ਵੇ ਬਾਬਲਾ ਉਨ੍ਹੀਂ ਉਨ੍ਹੀਂ ਦੇਸੀਂ,
ਜਿਥੇ ਸੂਹੇ ਤੇ ਕਾਸ਼ਨੀ ਫੁਲ ।
ਪਾਣੀ ਮਿੱਠਾ ਮਾਖਿਉਂ,
ਤੇ ਅੰਨ-ਘਿਉ ਦੀ ਰੁਲ ।

ਰੁੱਤ : ਬਾਬਲਾ ! ਮੈਂ ਜੋ ਤੈਨੂੰ ਆਖਿਆ,
ਮੇਰਾ ਅੱਸੂ ਦਾ ਕਾਜ ਰਚਾ ।
ਅੰਨ ਨਾ ਤਰਕੇ ਕੋਠੜੀ,
ਦਹੀਂ ਨਾ ਚਾਮਲੇ ਚਾ ।

ਸੁਹਾਗ ਦੇ ਗੀਤਾਂ ਵਿਚ ਦੋ ਹੀ ਪ੍ਰਧਾਨ ਧੁਨੀਆਂ ਹਨ — ਚੰਗੇ ਵਰ-ਘਰ ਦੀ ਲੋਚਾ ਅਤੇ ਪੇਕੇ ਘਰ ਨੂੰ ਛੱਡਣ ਦਾ ਵਿਗੋਚਾ । ਇਸ ਲਈ ਇਹਦੇ ਸਵੱਰ ਜਾਂ ਕ੍ਰੀੜਾ ਦੇ ਹਨ ਜਾਂ ਪੀੜਾ ਦੇ । ਕ੍ਰੀੜਾ ਦੇ ਗੀਤ ਉਪਰ ਦਿਤੇ ਜਾ ਚੁਕੇ ਹਨ, ਪੀੜਾ (ਵਿਜੋਗ) ਦੇ ਗੀਤਾਂ ਵਿਚੋਂ ਹੇਠਲਾ ਗੀਤ ਪ੍ਰਧਾਨ ਹੈ :—

ਚਿੜੀਆਂ ਦਾ ਚੰਬਾ ਵੇ
ਬਾਬਲ, ਅਸਾਂ ਤੁਰ ਜਾਣਾ ।
ਸਾਡੀ ਲੰਮੀ ਉਡਾਰੀ ਵੇ
ਬਾਬਲ, ਅਸਾਂ ਦੂਰ ਜਾਣਾ ।

ਸੁਹਾਗ ਦੇ ਗੀਤਾਂ ਵਿਚ ਬਹੁਤੀ ਵਾਰ ਗੱਲ ਸੰਬਾਦਾਂ ਦੁਆਰਾ ਪੇਸ਼ ਕੀਤੀ ਗਈ ਹੁੰਦੀ ਹੈ । ਇਹ ਸੰਬਾਦ ਕਿਧਰੇ ਮਾਂ-ਧੀ ਵਿਚ ਹਨ, ਕਿਧਰੇ ਧੀ-ਬਾਬਲ ਵਿਚ, ਕਿਧਰੇ ਭਰਾ-ਭੈਣ ਵਿਚ । ਇਹ ਸੰਬਾਦ ਬੜੇ ਭਾਵਨਾ ਭਰੇ, ਨਿਰਸੰਕੋਚ ਤੇ ਨਾਟਕੀ ਹਨ ।

ਸੁਹਾਗ ਦੇ ਗੀਤਾਂ ਦੀ ਪਰੰਪਰਾ ਬੜੀ ਪੁਰਾਣੀ ਹੈ । ਪੰਜਾਬ ਵਿਚ ਜੋ ਸੁਹਾਗ ਅੱਜ ਪ੍ਰਚਲਤ ਹਨ, ਉਨ੍ਹਾਂ ਵਿਚੋਂ ਬਹੁਤਿਆਂ ਦਾ ਰੂਪ ਬੜਾ ਪੁਰਾਣਾ ਹੈ । ਇਨ੍ਹਾਂ ਦੇ ਵਿਸ਼ੇ, ਰੂਪ ਤੇ ਸ਼ਬਦਾਂ ਵਿਚ ਬਹੁਤ ਘਟ ਪਰਿਵਰਤਨ ਹੋਏ ਜਾਪਦੇ ਹਨ । ਨਾ ਭਾਵਨਾ ਬਦਲੀ ਹੈ ਨਾ ਕਾਇਆ; ਪੁਰਾਣੀ ਬਾਸਮਤੀ ਦੀ ਮਹਿਕ ਪ੍ਰਤੱਖ ਹੈ । ਬੋਲੀ ਦੇ ਮੁਹਾਵਰੇ ਤੋਂ ਤਾਂ ਜਾਪਦਾ ਹੈ ਕਿ ਬਹੁਤੇ ਸੁਹਾਗ ਇਸੇ ਰੂਪ ਤੇ ਬੋਲੀ ਵਿਚ ਫ਼ਰੀਦ ਸ਼ਕਰਗੰਜ ਦੇ ਸਮੇਂ ਗਾਏ ਜਾਂਦੇ ਸਨ ।

## (ਸ-585) **ਸੁਹਾਗ-ਸੂਤਰ :**

ਸੂਤਰ ਦੇ ਸਤ ਧਾਗਿਆਂ ਨੂੰ, ਨਿਕੀਆਂ ਨਿਕੀਆਂ ਸਤ ਗੰਢਾਂ ਮਾਰ ਕੇ, ਉਸ ਵਿਚ ਸੋਨੇ ਜਾਂ ਚਾਂਦੀ ਦੇ ਮਣਕੇ ਪਰੋ ਲਏ ਜਾਂਦੇ ਹਨ। ਵਿਆਹ ਵਾਲੇ ਦਿਨ ਕੰਨਿਆਂ ਇਸੇ ਸੂਤਰ ਨੂੰ ਸੁਹਾਗ ਦਾ ਪ੍ਰਤੀਕ ਮੰਨ ਕੇ ਗਲ ਵਿਚ ਧਾਰਨ ਕਰਦੀ ਹੈ । ਕਈ ਜਾਤਾਂ ਵਿਚ ਸੁਹਾਗ-ਸੂਤਰ ਤੀਵੀਂ ਉਦੋਂ ਤਕ ਗਲ ਵਿਚ ਪਹਿਨੀ ਰਖਦੀ ਹੈ, ਜਦੋਂ ਤਕ ਉਸ ਦਾ ਸੁਹਾਗ ਸਥਿਰ ਹੈ । ਪਤੀ ਦੀ ਮ੍ਰਿਤੂ ਉਪਰੰਤ ਮਣਕੇ ਕੱਢ ਕੇ ਧਾਗੇ ਨੂੰ ਪਤੀ ਦੀ ਚਿਖਾ ਉਤੇ ਦਾਹ ਦਿਤਾ ਜਾਂਦਾ ਹੈ। ਕੁਝ ਜਾਤਾਂ ਵਿਚ ਸੁਹਾਗ-ਸੂਤਰ ਸਿਰਫ਼ ਪਹਿਲੇ ਸਾਲ ਜਾਂ ਜਦੋਂ ਤਕ ਵਿਆਹ ਦਾ ਰੰਗਲਾ ਚੂੜਾ ਪਹਿਨਿਆ ਜਾਂਦਾ ਹੈ, ਉਦੋਂ ਤਕ ਇਸ ਸੂਤਰੇ ਨੂੰ ਉਤਾਰਿਆ ਨਹੀਂ ਜਾਂਦਾ ।

ਬੌਰੀਆ ਜਾਤੀ ਦੀਆਂ ਤੀਵੀਆਂ ਵਿਆਹ ਵਾਲੇ ਦਿਨ ਘੋੜੇ ਦੇ ਵਾਲਾਂ ਵਿਚ ਚਾਂਦੀ ਦੇ

ਮਣਕੇ ਪਰੋ ਕੇ ਸੁਹਾਗ ਸੂਤਰ ਬਣਾਉਂਦੀਆਂ ਹਨ। ਜਦੋਂ ਤਕ ਪਤੀ ਜੀਵਤ ਰਹਿੰਦਾ ਹੈ, ਉਦੋਂ ਤਕ ਉਹ ਇਸ ਸੂਤਰੇ ਨੂੰ ਕੰਠ ਵਿਚ ਪਹਿਨੀ ਰਖਦੀਆਂ ਹਨ। ਪਤੀ ਦੀ ਮੌਤ ਉਪ੍ਰੰਤ ਉਹ ਸੂਤਰੇ ਨੂੰ ਚਿਖਾ ਉਤੇ ਹੀ ਦਾਹ ਦੇਂਦੀਆਂ ਹਨ।

(ਸ-586) **ਸੁਹਾਗ ਗਾਨਾ** :

ਵਿਆਹ ਤੋਂ ਇਕ ਦਿਨ ਪਹਿਲਾਂ ਕੰਨਿਆਂ ਦੀ ਬਾਂਹ ਵਿਚ ਇਕ ਵਿਸ਼ੇਸ਼ ਸੂਤਰਾ ਬੰਨ੍ਹਿਆ ਜਾਂਦਾ ਹੈ, ਜਿਸ ਨੂੰ ਸੁਹਾਗ ਦਾ ਗਾਨਾ ਕਹਿੰਦੇ ਹਨ। ਕਈ ਜਾਤਾਂ ਵਿਚ ਤਾਂ ਪ੍ਰੋਹਿਤ ਮੌਲੀ ਦਾ ਧਾਗਾ ਲੈ ਕੇ ਕੰਨਿਆਂ ਦੀ ਸੱਜੀ ਬਾਂਹ ਉਤੇ ਗਾਨੇ ਵਾਂਙ ਬੰਨ੍ਹ ਦੇਂਦਾ ਹੈ। ਚਮਾਰਾਂ ਵਿਚ ਹਲਦੀ ਨਾਲ ਪੀਲਾ ਰੰਗਿਆ ਕਪੜਾ ਲੈ ਕੇ ਉਸ ਵਿਚ ਲੋਹੇ ਦਾ ਇਕ ਛੱਲਾ, ਕੁਝ ਛਲੂਰ, ਰਾਈ ਤੇ ਮੇਥਰੇ ਆਦਿ ਦੇ ਬੀਜ ਦੀ ਪੋਟਲੀ ਬਣਾ ਕੇ ਵੀਣੀ ਉਪਰ ਬੰਨ੍ਹਦੇ ਹਨ। ਭਿੰਨ ਭਿੰਨ ਜਾਤਾਂ ਗੋਤਾਂ ਵਿਚ ਗਾਨੇ ਬਾਰੇ ਵੱਖੋ ਵੱਖਰੇ ਰਵਾਜ ਹਨ (ਵੇਖੋ : ਗਾਨਾ)।

(ਸ-587) **ਸੁਹਾਗ ਪਟਾਰੀ** :

ਵਿਆਹ ਸਮੇਂ ਕੰਨਿਆਂ ਨੂੰ ਉਸ ਦੇ ਸਹੁਰੇ ਇਕ ਪਟਾਰੀ ਭੇਜਦੇ ਹਨ, ਜਿਸ ਵਿਚ ਸੁਰਮਾ, ਕੰਘੀ, ਬਿੰਦੀ, ਮਹਿੰਦੀ ਅਤੇ ਦੰਦਾਸਾ ਆਦਿ ਚੀਜ਼ਾਂ ਕੰਨਿਆਂ ਦੇ ਸ਼ਿੰਗਾਰ ਕਰਨ ਲਈ ਰਖੀਆਂ ਹੁੰਦੀਆਂ ਹਨ। ਇਸ ਪਟਾਰੀ ਵਿਚ ਸ਼ਗਨ ਵਜੋਂ ਕੁਝ ਗਿਰੀ ਅਤੇ ਛੁਹਾਰੇ ਵੀ ਪਾਏ ਜਾਂਦੇ ਹਨ। ਇਸੇ ਨੂੰ ਸੁਹਾਗ ਪਟਾਰੀ ਕਹਿੰਦੇ ਹਨ। ਇਸੇ ਪਟਾਰੀ ਦੀਆਂ ਚੀਜ਼ਾਂ ਨਾਲ ਸ਼ਿੰਗਾਰ ਕਰ ਕੇ ਕੰਨਿਆਂ ਲਾਵਾਂ ਵਾਸਤੇ ਵੇਦੀ ਉਤੇ ਬੈਠਦੀ ਹੈ।

ਸੁਹਾਗ ਪਟਾਰੀ ਦੀ ਕੋਈ ਚੀਜ਼ ਟੁਟ ਭਜ ਜਾਵੇ, ਤਾਂ ਬਦਸ਼ਗਨੀ ਸਮਝੀ ਜਾਂਦੀ ਹੈ। ਇਸ ਲਈ ਪਟਾਰੀ ਦੀ ਵਰਤੋਂ ਬੜੀ ਸੰਭਾਲ ਨਾਲ ਕੀਤੀ ਜਾਂਦੀ ਹੈ। ਇਸੇ ਪਟਾਰੀ ਨੂੰ, ਹਿੰਦੂ ਤੀਵੀਆਂ, ਉਜਾਪਣ (ਉਦਯਾਪਨ) ਦੀ ਰੀਤ ਵੇਲੇ, ਜੋ ਉਹ ਵਰਤਾਂ ਦੀ ਸਮਾਪਤੀ ਉਤੇ ਕਰਦੀਆਂ ਹਨ, ਮਣਸਦੀਆਂ ਹਨ। ਕਈ ਸੁਹਾਗਣਾਂ ਤੀਰਥਾਂ ਉਤੇ ਜਾ ਕੇ ਸੁਹਾਗ ਪਟਾਰੀ ਮਣਸਦੀਆਂ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਪਤੀ ਦੀ ਆਯੂ ਦੀਰਘ ਹੋ ਜਾਂਦੀ ਹੈ ਅਤੇ ਸੁਹਾਗ ਦਾ ਸੁਖ ਵਧੇਰੇ ਮਿਲਦਾ ਹੈ। ਹਰਦੁਆਰ ਵਿਚ ਸੁਹਾਗਣਾਂ ਆਪਣੀ ਸੁਹਾਗ ਪਟਾਰੀ ਨੂੰ ਪੂਜ ਕੇ ਗੰਗਾ ਮਾਈ ਨੂੰ ਭੇਟ ਕਰਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਗੰਗਾ ਮਾਈ ਉਨ੍ਹਾਂ ਦੇ ਸੁਹਾਗ ਦੀ ਰੱਖਿਆ ਕਰਦੀ ਹੈ।

(ਸ-588) **ਸੁਹਾਗ ਪੁੜਾ** :

ਲਾਲ ਰੰਗ ਦੇ ਕਿਸੇ ਕਪੜੇ ਜਾਂ ਕਾਗਜ਼ ਵਿਚ ਵਲ੍ਹੇਟੀਆਂ ਸਤ ਵਿਸ਼ੇਸ਼ ਚੀਜ਼ਾਂ, ਜੋ ਵਰੀ ਦੇ ਕਪੜਿਆਂ ਅਤੇ ਗਹਿਣਿਆਂ ਨਾਲ ਵਰ ਪੱਖ ਵਾਲੇ ਕੰਨਿਆਂ ਨੂੰ ਢੋਂਦੇ ਹਨ। ਇਸ ਪੁੜੇ ਵਿਚ ਕੇਸਰ, ਕਸਤੂਰੀ, ਸੰਧੂਰ, ਦੰਦਾਸਾ, ਸੁਹਾਗ ਬਿੰਦੀ, ਇਲਾਚੀ ਤੇ ਖੋਪਾ ਆਦਿ ਸਤ ਚੀਜ਼ਾਂ ਬੰਨ੍ਹੀਆਂ ਜਾਂਦੀਆਂ ਹਨ। ਸ਼ਿੰਗਾਰ ਨਾਲ ਸੰਬੰਧਿਤ ਇਹ ਸੱਤੋ ਚੀਜ਼ਾਂ ਥਿਰ ਸੁਹਾਗ ਤੇ ਉਪਜਾਇਕਤਾ ਦੀਆਂ ਵੀ ਬੋਧਿਕ ਹਨ। ਇਸ ਪੁੜੇ ਨੂੰ ਕਈ ਥਾਈਂ 'ਬਿਦ' ਵੀ ਕਹਿੰਦੇ ਹਨ (ਵੇਖੋ : ਬਿਦ)।

(ਸ-589) **ਸੁਹਾਗਣ** :

ਸੁਹਾਗਣ ਦਾ ਸ਼ਾਬਦਿਕ ਅਰਥ ਹੈ ਚੰਗੇ ਭਾਗਾਂ ਵਾਲੀ, ਸੁਭਾਗੀ, ਭਾਗਭਰੀ; ਪਰ ਇਹ ਪਦ ਉਸ ਇਸਤ੍ਰੀ ਲਈ ਰੂੜ੍ਹ ਹੋ ਗਿਆ ਹੈ, ਜਿਸ ਦੇ ਸਿਰ ਉਤੇ ਪਤੀ ਦਾ ਸਾਇਆ ਕਾਇਮ ਹੋਵੇ ਅਥਵਾ ਜੋ ਜੀਵਨ ਭਰ ਸੁਹਾਗ ਦਾ ਸੁਖ ਭੋਗਦੀ ਰਹੀ ਹੋਵੇ।

ਸੁਹਾਗਣ ਨਾਲ ਕਈ ਸੰਕਲਪ ਅਤੇ ਮਨੌਤਾਂ ਜੁੜੀਆਂ ਹੋਈਆਂ ਹਨ। ਸੁਹਾਗਣ ਦਾ ਸਾਇਆ ਪੈਣਾ ਸ਼ੁਭ ਹੈ, ਇਸ ਲਈ ਕੰਨਿਆਂ ਦੇ ਵਿਆਹ ਵੇਲੇ ਸਭ ਤੋਂ ਪਹਿਲਾ ਸ਼ਗਨ 'ਸੱਤਾਂ ਸੁਹਾਗਣਾਂ' ਨਾਲ ਕੀਤਾ ਜਾਂਦਾ ਹੈ। ਸੱਤਾਂ ਸੁਹਾਗਣਾਂ ਨੂੰ ਘਰ ਸਦ ਕੇ ਚੱਕੀ ਨੂੰ ਹੱਥ ਲਵਾਇਆ ਜਾਂਦਾ ਹੈ (ਵੇਖੋ : ਸਤ ਸੁਹਾਗਣਾਂ)। ਪਹਿਲਿਆਂ ਵਿਚ ਵਿਆਹ ਦੀ ਹਰੇਕ ਰੀਤ ਵੇਲੇ ਸੱਤਾਂ ਸੁਹਾਗਣਾਂ ਦਾ ਮੌਜੂਦ ਹੋਣਾ ਸ਼ਗਨ ਵਜੋਂ ਲਾਜ਼ਮੀ ਸਮਝਿਆ ਜਾਂਦਾ ਸੀ। ਭਾਵ ਇਹ ਸੀ ਕਿ ਸੱਤਾਂ ਸੁਹਾਗਣਾਂ ਦੇ ਸਾਏ ਸਦਕਾ ਕੰਨਿਆਂ ਦਾ ਸੁਹਾਗ ਵੀ

ਚਿਰੰਜੀਵ ਰਹੇਗਾ। ਇਹ ਧਾਰਨਾ ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ।

ਵਿਆਹ ਵੇਲੇ, ਸੁਹਾਗ ਦੀ ਦੀਰਘ ਆਯੂ ਲਈ, ਕੁਝ ਰੀਤਾਂ ਵੀ ਕੀਤੀਆਂ ਜਾਂਦੀਆਂ ਹਨ। ਧਨੀ ਦੇ ਇਲਾਕੇ ਵਿਚ ਕੰਨਿਆਂ ਨੂੰ ਸੁਹਾਗ ਦਾ ਜੋ ਗਾਨਾ ਬੰਨ੍ਹਿਆ ਜਾਂਦਾ ਹੈ, ਉਸ ਵਿਚ ਵਡੇਰੀ ਉਮਰ ਦੀਆਂ ਸੱਤਾਂ ਸੁਹਾਗਣਾਂ ਤੋਂ ਗੰਢਾਂ ਮਰਵਾਈਆਂ ਜਾਂਦੀਆਂ ਹਨ। ਧਾਰਨਾ ਹੈ ਕਿ ਜਿਤਨੀਆਂ ਗੰਢਾਂ ਮਾਰੀਆਂ ਜਾਣ ਉਤਨੇ ਦਹਾਕੇ ਸੁਹਾਗ ਦੀ ਉਮਰ ਵਧਦੀ ਹੈ। ਹਿੰਦੂਆਂ ਵਿਚ ਲਾਵਾਂ ਤੋਂ ਮਗਰੋਂ ਇਸੇ ਭਾਵ ਨਾਲ ਅਰੁਧੰਤੀ ਤਾਰਾ ਵਿਖਾਇਆ ਜਾਂਦਾ ਹੈ। ਇਹ ਵੀ ਨਿਸਚਾ ਹੈ ਕਿ ਜੇ ਕੋਈ ਕੰਨਿਆਂ ਵਿਆਹ ਤੋਂ ਪਹਿਲਾਂ ਸਤ ਪੂਰਨਮਾਸ਼ੀਆਂ ਨੂੰ ਲਗਾਤਾਰ ਵਰਤ ਰਖ ਕੇ ਸਪਤ ਰਿਸ਼ੀ ਦੇ ਦਰਸ਼ਨ ਕਰ ਕੇ ਵਰਤ ਖੋਲ੍ਹੇ, ਤਾਂ ਉਸ ਦਾ ਸੁਹਾਗ ਦੀਰਘ ਆਯੂ ਭੋਗਦਾ ਹੈ। ਹਿੰਦੂ ਤੀਵੀਆਂ ਵਰਤਾਂ ਮਗਰੋਂ ਜੋ ਉਜਾਪਣ ਦੀ ਰੀਤ ਕਰਦੀਆਂ ਹਨ, ਉਸ ਵਿਚ ਉਹ ਸੁਹਾਗ ਪਟਾਰਾ ਮਣਸਦੀਆਂ ਹਨ। ਇਸ ਨਾਲ ਪਤੀ ਦੀ ਆਯੂ ਲੰਮੀ ਹੁੰਦੀ ਹੈ। ਕਈ ਤੀਵੀਆਂ ਆਪਣੀ ਸੁਹਾਗ ਪਟਾਰੀ ਹਰਦੁਆਰ ਆਦਿ ਤੀਰਥਾਂ ਉਤੇ ਜਾ ਕੇ ਗੰਗਾ ਪ੍ਰਵਾਹ ਕਰਦੀਆਂ ਹਨ। ਇਸ ਪਟਾਰੇ ਵਿਚ ਸੁਰਮਾ, ਕੰਘੀ, ਬਿੰਦੀ, ਸੁਰਖ਼ੀ ਆਦਿ ਸ਼ਿੰਗਾਰ ਦੀਆਂ ਵਸਤੂਆਂ ਹੁੰਦੀਆਂ ਹਨ (ਵੇਖੋ : ਸੁਹਾਗ ਪਟਾਰੀ)।

ਸੁਹਾਗਣ ਲਈ ਆਪਣਾ ਸਿਰ ਕੱਜ ਕੇ ਰਖਣਾ ਵਿਧਾਨ ਹੈ। ਜਦੋਂ ਕਿਸੇ ਤੀਵੀਂ ਦਾ ਸੁਹਾਗ ਉਜੜ ਜਾਂਦਾ ਹੈ, ਤਾਂ ਸਭ ਤੋਂ ਪਹਿਲਾਂ ਉਸ ਦੇ ਸਿਰ ਤੋਂ ਪੱਲਾ ਉਤਾਰ ਕੇ ਵਾਲ ਖੋਲ੍ਹ ਦਿਤੇ ਜਾਂਦੇ ਹਨ। ਇਸੇ ਲਈ ਸਿਰ ਉਤੇ ਪੱਲਾ ਸੁਹਾਗ ਭਾਗ ਦਾ ਚਿੰਨ੍ਹ ਰਿਹਾ ਹੈ। ਇਸੇ ਕਰ ਕੇ ਜਦੋਂ ਕੋਈ ਸੁਹਾਗਣ ਨਵੇਂ ਸੂਰਜ ਜਾਂ ਨਵੇਂ ਚੰਨ ਦੇ ਮੂੰਹ ਲੱਗਦੀ ਹੈ ਤਾਂ ਪਹਿਲਾਂ ਆਪਣਾ ਸਿਰ ਪੱਲੇ ਨਾਲ ਢੱਕ ਲੈਂਦੀ ਹੈ। ਸੰਧਿਆ ਵੇਲੇ ਦੀਵਾ ਬਾਲਣ ਵੇਲੇ ਵੀ ਤੀਵੀਆਂ ਸਿਰ ਉਤੇ ਪੱਲਾ ਲੈ ਲੈਂਦੀਆਂ ਸਨ। ਦੇਵੀ ਦੇਵਤਿਆਂ ਦੇ ਮੂੰਹ ਸਿਰ ਖੁਲ੍ਹੇ ਲੱਗਣਾ ਅਸ਼ੁਭ ਹੈ।

ਜਦੋਂ ਕਿਸੇ ਤੀਵੀਂ ਦਾ ਸੁਹਾਗ ਪ੍ਰਾਣ ਤਿਆਗ ਰਿਹਾ ਹੋਵੇ, ਤਾਂ ਉਸ ਘਰ ਵਿਚ ਰਹਿੰਦੀਆਂ ਦੂਜੀਆਂ ਸੁਹਾਗਣਾਂ ਉਥੋਂ ਕਿਸੇ ਗੁਆਂਢੀ ਦੇ ਘਰ ਚਲੀਆਂ ਜਾਂਦੀਆਂ ਹਨ। ਧਾਰਨਾ ਹੈ ਕਿ ਸੁਹਾਗਣ ਇਸਤ੍ਰੀ ਵਾਸਤੇ ਕਿਸੇ ਦੂਜੇ ਦਾ ਸੁਹਾਗ ਉਜੜਦਾ ਵੇਖਣਾ ਅਸ਼ੁਭ ਹੈ। ਉਸ ਦੇ ਆਪਣੇ ਸੁਹਾਗ ਦਾ ਕੁਝ ਅੰਸ਼ ਖੰਡਿਤ ਹੋ ਜਾਂਦਾ ਹੈ। ਇਹ ਵਿਚਾਰ ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ।

ਅਧਿਆਤਮਕ ਕਾਵਿ ਵਿਚ ਸੁਹਾਗ ਪ੍ਰਤੀਕ ਦੇ ਰੂਪ ਵਿਚ ਵਰਤਿਆ ਗਿਆ ਹੈ ਅਤੇ ਇਹ ਪਦ ਪ੍ਰਭੂ ਨਾਲ ਇਕਸੁਰ ਪ੍ਰਾਣੀ ਦਾ ਬੋਧਿਕ ਹੈ। ਗੁਰਬਾਣੀ ਵਿਚ ਸੁਹਾਗ ਦਾ ਪ੍ਰਤੀਕ ਆਮ ਵਰਤਿਆ ਗਿਆ ਹੈ।

ਪੰਜਾਬ ਵਿਚ ਇਕ ਫ਼ਕੀਰ ਸ਼ੁਹ-ਸੁਹਾਗਣ ਹੋਇਆ ਹੈ, ਜੋ ਜੀਵ-ਇਸਤ੍ਰੀ ਦੇ ਪ੍ਰਤੀਕ ਨੂੰ ਜੀਵਨ ਵਿਚ ਭੋਗਣ ਲਈ, ਖ਼ੁਦ ਇਸਤ੍ਰੀ ਦੇ ਰੂਪ ਵਿਚ ਰਿਹਾ ਕਰਦਾ ਸੀ। ਉਹ ਫ਼ਕੀਰ ਆਪਣੇ ਗਲ ਵਿਚ ਮੌਲੀ ਅਤੇ ਪੈਰਾਂ ਵਿਚ ਘੁੰਘਰੂ ਬੰਨ੍ਹਿਆ ਕਰਦਾ ਸੀ। ਉਸ ਦਾ ਕਥਨ ਸੀ ਕਿ ਦੂਜ ਦੀ ਰਾਤ ਅਤੇ ਪੂਰਨਮਾ ਨੂੰ, ਉਸ ਦੀ ਸੇਜ ਉਤੇ ਪ੍ਰਭੂ, ਪਤੀ ਦੇ ਰੂਪ ਵਿਚ ਆਉਂਦਾ ਸੀ। ਇਸ ਫ਼ਕੀਰ ਦੇ ਮੁਰੀਦ ਵੀ ਇਸਤ੍ਰੀ ਦੇ ਵੇਸ ਵਿਚ ਰਹਿੰਦੇ ਸਨ। ਗੁਰੂ ਨਾਨਕ ਦੇਵ ਨੇ ਇਸ ਫ਼ਕੀਰ ਦਾ ਪਾਖੰਡ ਪ੍ਰਗਟ ਕੀਤਾ ਤੇ ਅਖ਼ੀਰ ਇਹ ਫ਼ਕੀਰ ਉਨ੍ਹਾਂ ਦੀ ਸ਼ਰਨ ਵਿਚ ਆ ਗਿਆ।

### (ਸ-590) **ਸੁਹਿਰਦ ਟੂਣਾ** :

(ਵੇਖੋ : ਟੂਣਾ)।

### (ਸ-591) **ਸ਼ੁਕ-ਸਪੱਤਤੀ** :

ਸੰਸਕ੍ਰਿਤ ਦਾ ਇਕ ਪ੍ਰਸਿਧ ਕਥਾ-ਸਗ੍ਰਹਿ, ਜਿਸ ਵਿਚ ਤੋਤੇ ਦੁਆਰਾ ਸੁਣਾਈਆਂ ਗਈਆਂ ਸੱਤਰ ਰੋਚਕ ਚਰਿਤ੍ਰ ਕਥਾਵਾਂ ਹਨ। ਇਕ ਤੀਵੀਂ, ਜਿਸ ਦਾ ਪਤੀ ਪਰਦੇਸ ਗਿਆ ਹੋਇਆ ਸੀ, ਦੂਜੇ ਮਰਦਾਂ ਨੂੰ ਭੋਗਣ ਦੀ ਚੇਸ਼ਟਾ ਰਖਦੀ ਸੀ। ਪਤੀ ਇਕ ਸੂਝਵਾਨ ਤੋਤੇ ਨੂੰ ਪਤਨੀ ਉਤੇ ਨਿਗਰਾਨੀ ਕਰਨ ਵਾਸਤੇ ਛੱਡ ਗਿਆ। ਤੀਵੀਂ ਜਦੋਂ ਯਾਰ ਨੂੰ ਮਿਲਣ ਲਈ ਜਾਣ ਲੱਗੀ, ਤਾਂ ਤੋਤੇ ਨੇ

ਉਸ ਨੂੰ ਸਮਝਾਇਆ ਕਿ ਜੇ ਉਹ ਆਪਣੇ ਕਿਸੇ ਪ੍ਰੇਮੀ ਨੂੰ ਮਿਲਣ ਦੀ ਚੇਸ਼ਟਾ ਰਖਦੀ ਹੈ, ਤਾਂ ਉਹ ਪਹਿਲਾਂ ਆਪਣੇ ਰਸਤੇ ਦੀਆਂ ਔਕੜਾਂ ਦੂਰ ਕਰੇ, ਤਾਂ ਜੋ ਉਹ ਕਿਸੇ ਸੰਕਟ ਵਿਚ ਨਾ ਫਸ ਜਾਵੇ। ਆਪਣੇ ਕਥਨ ਦੀ ਪੁਸ਼ਟੀ ਵਿਚ ਤੋਤੇ ਨੇ ਉਸ ਨੂੰ ਇਕ ਕਥਾ ਸੁਣਾਈ। ਤੋਤਾ ਕਹਾਣੀ ਦੇ ਇਕ ਅਜਿਹੇ ਸਿਖਰ ਉਤੇ ਜਾ ਕੇ ਰੁਕ ਗਿਆ, ਜਦੋਂ ਨਾਇਕਾ ਕਿਸੇ ਸੰਕਟ ਵਿਚ ਫਸ ਗਈ ਸੀ। ਤੋਤੇ ਨੇ ਉਸ ਤੀਵੀਂ ਨੂੰ ਪੁਛਿਆ ਕਿ ਉਹ ਆਪਣੀ ਸੂਝ ਦੁਆਰਾ ਦਸੇ ਕਿ ਉਸ ਸੰਕਟ-ਸਥਿਤੀ ਵਿਚੋਂ ਨਾਇਕਾ ਕਿਵੇਂ ਨਿਕਲੀ। ਤੀਵੀਂ ਦਸਣੋਂ ਅਸਮਰਥ ਸੀ। ਤੋਤਾ ਉਸ ਨੂੰ ਇਸ ਸ਼ਰਤ ਉਤੇ ਉੱਤਰ ਦਸਣ ਨੂੰ ਤਿਆਰ ਹੋਇਆ ਕਿ ਜੇ ਉਹ ਉਸ ਰਾਤ ਪ੍ਰੇਮੀ ਨੂੰ ਮਿਲਣ ਲਈ ਨਾ ਜਾਵੇ। ਇਸ ਤਰ੍ਹਾਂ ਤੋਤਾ ਹਰ ਰੋਜ਼ ਦਿਨ ਵੇਲੇ ਇਕ ਨਵੀਂ ਕਥਾ ਸੁਣਾਉਂਦਾ ਤੇ ਰਾਤ ਵੇਲੇ ਸੰਕਟ-ਸਥਿਤੀ ਤੋਂ ਅੱਗੋਂ ਦੀ ਕਹਾਣੀ ਮੁਕਾਂਦਾ ਸੀ। ਇਉਂ ਸੱਤਰ ਦਿਨ ਬੀਤ ਗਏ ਅਤੇ ਉਸ ਤੀਵੀਂ ਦਾ ਪਤੀ ਵਾਪਸ ਘਰ ਆ ਗਿਆ।

ਇਨ੍ਹਾਂ ਕਥਾਵਾਂ ਤੋਂ ਇਕ ਨਵੀਂ ਕਥਾ-ਪਰੰਪਰਾ ਦਾ ਉਦੈ ਹੁੰਦਾ ਹੈ। ਫ਼ਾਰਸੀ ਵਿਚ ਰਚੇ ਗ੍ਰੰਥ 'ਤੂਤੀ ਨਾਮਾ' ਤੇ ਸੜਕਾਂ ਉਤੇ ਆਮ ਵਿਕਦੇ 'ਤੋਤਾ ਮੈਨਾ' ਦੇ ਕਿੱਸੇ ਇਸੇ ਸੋਮੇ ਦੇ ਪ੍ਰਵਾਹ ਹਨ। ਇਹੋ ਕਥਾ-ਭਾਵਨਾ ਤੇ ਪ੍ਰਵਿਰਤੀ ਦਸਮ ਗ੍ਰੰਥ ਵਿਚ ਉਪਲਬਧ ਚਰਿਤ੍ਰ ਉਪਾਖਯਾਨ ਵਿਚ ਵੀ ਹੈ, ਜਿਸ ਵਿਚ ਇਸਤ੍ਰੀ ਦੀ ਕਾਮ-ਕ੍ਰੀੜਾ ਦੀ ਲੀਲਾ ਦੀਆਂ ਅਨੇਕਾਂ ਕਥਾਵਾਂ ਦਰਜ ਹਨ।

ਪੰਜਾਬੀ ਦੀਆਂ ਅਨੇਕਾਂ ਲੋਕ-ਕਥਾਵਾਂ ਵਿਚ ਸ਼ੁਕ-ਸਪੱਤਤੀ ਦੀਆਂ ਕਥਾ-ਰੂੜ੍ਹੀਆਂ ਇਨ-ਬਿਨ ਜਾਂ ਸੋਧੇ ਰੂਪ ਵਿਚ ਮਿਲਦੀਆਂ ਹਨ। ਇਸ ਦੀ ਇਕ ਮਿਸਾਲ ਰਾਜੇ ਰਸਾਲੂ ਤੇ ਕੋਕਿਲਾਂ ਦਾ ਪ੍ਰਸੰਗ ਹੈ। ਜਦੋਂ ਰਸਾਲੂ ਸ਼ਿਕਾਰ ਖੇਡਣ ਜਾਂਦਾ ਹੈ ਤਾਂ ਮਗਰੋਂ ਕੋਕਿਲਾਂ ਦੀ ਨਿਗਰਾਨੀ ਲਈ ਰਸਾਲੂ 'ਤੋਤਾ ਮੈਨਾ' ਨੂੰ ਛਡ ਜਾਂਦਾ ਹੈ। ਜਦੋਂ ਕੋਕਿਲਾਂ ਕਾਮ-ਲੋਚਾ ਦੀ ਪੂਰਤੀ ਲਈ ਰਾਜੇ ਹੋਡੀ ਨੂੰ ਮਹਿਲ ਵਿਚ ਬੁਲਾਉਂਦੀ ਹੈ ਤਾਂ ਤੋਤਾ ਅਤੇ ਮੈਨਾ ਦੋਵੇਂ ਉਸ ਨੂੰ ਇਸ ਦੁਰ-ਕਰਮ ਤੋਂ ਹੋੜਦੇ ਹਨ। ਕੋਕਿਲਾਂ ਮੈਨਾ ਨੂੰ ਮਾਰ ਦੇਂਦੀ ਹੈ, ਤਾਂ ਤੋਤਾ ਮਰਨ ਦਾ ਸਵਾਂਗ ਭਰ ਕੇ ਫ਼ਰਸ਼ ਉਤੇ ਅਹਿਲ ਪਿਆ ਰਹਿੰਦਾ ਹੈ। ਬਾਅਦ ਵਿਚ ਤੋਤਾ ਅੱਖ ਬਚਾ ਕੇ ਉੱਡ ਜਾਂਦਾ ਹੈ ਅਤੇ ਰਸਾਲੂ ਨੂੰ ਸਾਰੀ ਗੱਲ ਜਾ ਦਸਦਾ ਹੈ (ਵੇਖੋ : ਕੋਕਿਲਾਂ)।

## (ਸ-592) **ਸੁਕਦੇਵ** :

ਵਿਆਸ ਰਿਸ਼ੀ ਦਾ ਪੁੱਤਰ, ਜੋ ਪੁਰਾਣਾਂ ਤੇ ਧਰਮ-ਸ਼ਾਸਤ੍ਰਾਂ ਦਾ ਗਿਆਤਾ ਅਤੇ ਵਡਾ ਬ੍ਰਹਮ ਗਿਆਨੀ ਸੀ। ਸੁਕਦੇਵ ਦੇ ਜਨਮ ਬਾਰੇ ਵਿਭਿੰਨ ਕਥਾਵਾਂ ਪ੍ਰਚਲਤ ਹਨ। ਮਹਾਂਭਾਰਤ ਅਨੁਸਾਰ ਵਿਆਸ ਰਿਸ਼ੀ ਯੱਗ ਲਈ ਅਰਣੀ ਵਿਚ ਲਕੜੀ ਰਗੜ ਕੇ ਪਵਿਤ੍ਰ ਅਗਨੀ ਕਢ ਰਿਹਾ ਸੀ ਕਿ ਘ੍ਰਿਤਾਚੀ ਨਾਂ ਦੀ ਅਪੱਛਰਾ ਨੇ ਆ ਦੀਦਾਰ ਦਿਤਾ। ਘ੍ਰਿਤਾਚੀ ਦੇ ਰੂਪ ਨੂੰ ਵੇਖਦੇ ਸਾਰ ਰਿਸ਼ੀ ਦਾ ਵੀਰਜ ਅਰਣੀ ਵਿਚ ਜਾ ਡਿਗਾ। ਘ੍ਰਿਤਾਚੀ, ਰਿਸ਼ੀ ਦੇ ਸਰਾਪ ਤੋਂ ਡਰਦੀ ਹੋਈ, ਤੋਤੀ ਦਾ ਰੂਪ ਧਾਰ ਕੇ ਉਥੋਂ ਉੱਡ ਗਈ। ਅਰਣੀ ਵਿਚੋਂ ਜੋ ਬਾਲ ਜੰਮਿਆ, ਉਸ ਦਾ ਨਾਂ ਵਿਆਸ ਨੇ ਸੁਕ ਰਖਿਆ, ਕਿਉਂ ਜੋ ਘ੍ਰਿਤਾਚੀ ਤੋਤੀ ਦੇ ਰੂਪ ਵਿਚ ਉਥੋਂ ਅਲੋਪ ਹੋਈ ਸੀ।

ਪੁਰਾਣਾਂ ਵਿਚ ਸੁਕਦੇਵ ਦੀ ਜੋ ਜਨਮ-ਮਿਥ ਪ੍ਰਾਪਤ ਹੈ, ਉਹ ਇਸ ਨਾਲੋਂ ਵੱਖਰੀ ਹੈ। ਇਕ ਵਾਰ ਸ਼ਿਵ ਜੀ ਪਾਰਬਤੀ ਨੂੰ ਅਮਰ ਪਦਵੀ ਦੀ ਪ੍ਰਾਪਤੀ ਲਈ ਇਕ ਵਿਸ਼ੇਸ਼ ਕਥਾ ਅਤੇ ਸ਼ਲੋਕ ਸੁਣਾ ਰਹੇ ਸਨ ਤਾਂ ਇਕ ਤੋਤਾ ਵੀ ਬ੍ਰਿਛ ਦੇ ਪੱਤਿਆਂ ਵਿਚ ਲੁਕਿਆ ਉਹ ਕਥਾ ਸਰਵਣ ਕਰ ਰਿਹਾ ਸੀ। ਪਾਰਬਤੀ ਕਥਾ ਸੁਣਦੀ ਹੋਈ ਸੌਂ ਗਈ, ਤਾਂ ਉਹਦੀ ਥਾਂ ਤੋਤਾ ਹੀ ਹੁੰਗਾਰਾ ਭਰਦਾ ਰਿਹਾ। ਸ਼ਿਵ ਜੀ ਦੀ ਨਜ਼ਰ ਜਦੋਂ ਤੋਤੇ ਉਤੇ ਪਈ ਤਾਂ ਉਹ ਉਸ ਨੂੰ ਪਕੜਨ ਲਈ ਦੌੜੇ। ਤੋਤਾ ਨਠਦਾ ਹੋਇਆ ਵਿਆਸ ਰਿਸ਼ੀ ਦੇ ਆਸ਼ਰਮ ਵਿਚ ਆ ਗਿਆ, ਜਿਥੇ ਰਿਸ਼ੀ ਦੀ ਪਤਨੀ ਬੈਠੀ ਉਬਾਸੀ ਲੈ ਰਹੀ ਸੀ। ਸ਼ਿਵ ਜੀ ਨੂੰ ਪਿੱਛਾ ਕਰਦਿਆਂ ਵੇਖ, ਤੋਤੇ ਦੀ ਆਤਮਾ, ਆਪਣਾ ਮੂਲ ਸਰੀਰ ਤਿਆਗ ਕੇ ਤੇ ਹਵਾ ਰੂਪ ਹੋ ਕੇ, ਰਿਸ਼ੀ ਦੀ ਪਤਨੀ ਦੇ ਮੂੰਹ ਦੁਆਰਾ ਗਰਭ ਵਿਚ ਦਾਖ਼ਲ ਹੋ ਗਈ। ਸ਼ਿਵ ਜੀ ਮੁਨੀ ਦੀ ਕੁਟੀਆ ਦੇ ਅੱਗੇ ਧਰਨਾ ਮਾਰ ਕੇ ਬੈਠ ਗਿਆ ਕਿ ਜਦੋਂ ਤੋਤਾ

ਬਾਲ ਰੂਪ ਵਿਚੋਂ ਗਰਭ ਤੋਂ ਬਾਹਰ ਨਿਕਲੇਗਾ, ਤਾਂ ਉਸ ਨੂੰ ਮਾਰ ਦਿਆਂਗੇ, ਪਰ ਤੋਤੇ ਦੀ ਆਤਮਾ ਬਾਰਾਂ ਸਾਲਾਂ ਤਕ ਗਰਭ ਵਿਚ ਹੀ ਟਿਕੀ ਰਹੀ। ਵਿਆਸ ਰਿਸ਼ੀ ਆਪਣੀ ਪਤਨੀ ਨੂੰ ਪੁਰਾਣਾਂ ਦੀਆਂ ਕਥਾਵਾਂ ਸੁਣਾਉਂਦੇ ਅਤੇ ਉਪਦੇਸ਼ ਦੇਂਦੇ ਰਹੇ, ਜੋ ਸੁਕਦੇਵ ਗਰਭ ਵਿਚ ਹੀ ਸੁਣਦਾ ਰਿਹਾ। ਇਸ ਤਰ੍ਹਾਂ ਉਹ ਗਰਭ ਵਿਚ ਹੀ ਬ੍ਰਹਮ ਗਿਆਨੀ ਬਣ ਗਿਆ। ਬਾਰਾਂ ਸਾਲਾਂ ਬਾਅਦ ਸੁਕਦੇਵ ਜਨਮ ਲੈਂਦੇ ਸਾਰ ਹੀ ਭਗਤੀ ਕਰਨ ਲਈ ਜੰਗਲ ਵਲ ਤੁਰ ਪਿਆ।

ਸੁਕਦੇਵ ਦੇ ਰਾਜਾ ਜਨਕ ਨੂੰ ਗੁਰੂ ਧਾਰਨ ਕਰਨ ਬਾਰੇ ਵੀ ਇਕ ਕਥਾ ਪ੍ਰਚਲਤ ਹੈ। ਜਦੋਂ ਸੁਕਦੇਵ ਨੂੰ ਕਈ ਸਾਲ ਤਪੱਸਿਆ ਕਰਦਿਆਂ ਬੀਤ ਗਏ ਅਤੇ ਉਹਦੀਆਂ ਜਟਾਵਾਂ ਵਿਚ ਪੰਛੀਆਂ ਨੇ ਆਹਲਣੇ ਬਣਾ ਲਏ, ਤਾਂ ਇਕ ਵਾਰ ਇਕ ਪੰਛੀ ਨੇ ਸੁਕਦੇਵ ਦੀਆਂ ਜਟਾਵਾਂ ਵਿਚ ਵਸਦੇ ਦੂਜੇ ਪੰਛੀਆਂ ਨੂੰ ਕਿਹਾ, "ਇਹ ਰਿਸ਼ੀ ਨਿਗੁਰਾ ਏ; ਨਿਗੁਰੇ ਦੇ ਕੋਲ ਰਹਿਣ ਵਾਲੇ ਨੂੰ ਵੀ ਨਰਕ ਭੋਗਣਾ ਪੈਂਦਾ ਏ।" ਸੁਕਦੇਵ ਨੂੰ ਤਦ ਸਮਝ ਆਈ ਕਿ ਗੁਰੂ ਧਾਰਨ ਕਰਨਾ ਜ਼ਰੂਰੀ ਹੈ।

ਆਪਣੇ ਪਿਤਾ ਵਿਆਸ ਦੀ ਸਲਾਹ ਨਾਲ, ਸੁਕਦੇਵ ਰਾਜੇ ਜਨਕ ਨੂੰ ਗੁਰੂ ਧਾਰਨ ਕਰਨ ਦੇ ਵਿਚਾਰ ਨਾਲ, ਜਦੋਂ ਉਹਦੇ ਦਰਬਾਰ ਵਿਚ ਗਿਆ ਤਾਂ ਉਥੇ ਕੀ ਵੇਖਦਾ ਹੈ ਕਿ ਰਾਜੇ ਜਨਕ ਨੇ ਆਪਣਾ ਇਕ ਪੈਰ ਤਾਂ ਕੜਾਹੇ ਵਿਚ ਰਖਿਆ ਹੋਇਆ ਹੈ ਅਤੇ ਦੂਜਾ ਸੁੰਦਰ ਇਸਤ੍ਰੀ ਦੀ ਨੰਗੀ ਛਾਤੀ ਉਤੇ। ਸੁਕਦੇਵ ਨੇ ਸੋਚਿਆ ਕਿ ਜਨਕ ਵਰਗਾ ਕਾਮੀ ਤੇ ਮਾਯਾਧਾਰੀ ਉਹਦਾ ਗੁਰੂ ਕਿਵੇਂ ਬਣ ਸਕਦਾ ਹੈ।

ਉਸੇ ਵੇਲੇ ਦੂਤਾਂ ਨੇ ਜਨਕ ਨੂੰ ਆ ਕੇ ਦਸਿਆ ਕਿ ਸ਼ਹਿਰ ਨੂੰ ਅੱਗ ਲੱਗ ਗਈ ਹੈ। ਤਾਂ ਜਨਕ ਨੇ ਕਿਹਾ; "ਜੋ ਪ੍ਰਭੂ ਦੀ ਇਛਾ, ਇਸੇ ਵਿਚ ਹੀ ਭਲਾ ਹੋਵੇਗਾ।" ਪਰ ਸੁਕਦੇਵ ਉਸੇ ਵੇਲੇ ਬਾਹਰ ਵਲ ਆਪਣੀ ਤੂੰਬੀ ਸੰਭਾਲਣ ਲਈ ਦੌੜਿਆ।

ਇਹ ਵੇਖ ਜਨਕ ਨੇ ਸੁਕਦੇਵ ਨੂੰ ਕਿਹਾ ਕਿ ਲੰਮੀ ਤਪੱਸਿਆ ਕਰਨ ਦੇ ਬਾਵਜੂਦ ਵੀ ਤੇਰੇ ਅੰਦਰੋਂ ਮੋਹ ਨਹੀਂ ਮਰਿਆ, ਤੈਨੂੰ ਕੌਣ ਆਪਣਾ ਚੇਲਾ ਬਣਾਵੇਗਾ। ਫਿਰ ਜਨਕ ਨੇ ਸੁਕਦੇਵ ਨੂੰ ਧੱਕੇ ਮਰਵਾ ਕੇ ਮਹਿਲਾਂ ਵਿਚੋਂ ਬਾਹਰ ਕਢਵਾ ਦਿਤਾ।

ਤਾਂ ਵਿਆਸ ਨੇ ਸੁਕਦੇਵ ਨੂੰ ਦਸਿਆ ਕਿ ਜਨਕ ਸਾਧਾਂ ਸੰਤਾਂ ਨੂੰ ਰੋਜ਼ ਭੋਜਨ ਛਕਾਉਂਦਾ ਹੈ। ਜੂਠੇ ਪਤਲ ਹਰ ਰੋਜ਼ ਜਨਕ ਝਰੋਖੇ ਵਿਚੋਂ ਦੀ ਪਿਛੇ ਵਲ ਸੁਟਦਾ ਹੈ। ਜੇ ਸੁਕਦੇਵ ਉਥੇ ਖੜਾ ਹੋ ਜਾਵੇ, ਤਾਂ ਜਨਕ ਦਾ ਧਿਆਨ ਉਸ ਵਲ ਜ਼ਰੂਰ ਜਾਵੇਗਾ। ਸੋ ਸੁਕਦੇਵ ਜਨਕ ਦੇ ਮਹਿਲਾਂ ਦੇ ਪਿਛਵਾੜੇ ਜਾ ਖਲੋਤਾ। ਰਾਜਾ ਜਨਕ ਰੋਜ਼ ਜੂਠੇ ਪਤਲ ਉਸ ਉਤੇ ਸੁਟਦਾ ਜਾਂਦਾ। ਇਸ ਤਰ੍ਹਾਂ ਬਾਰ੍ਹਾਂ ਸਾਲ ਲੰਘ ਗਏ। ਤਾਂ ਜਨਕ ਨੇ ਤਰਸ ਖਾਕੇ ਸੁਕਦੇਵ ਨੂੰ ਆਪਣੇ ਕੋਲ ਸੱਦਿਆ ਤੇ ਉਸਦੀ ਫਿਰ ਪ੍ਰੀਖਿਆ ਲਈ। ਜਨਕ ਨੇ ਸੁਕਦੇਵ ਨੂੰ ਇਕ ਤੇਲ ਦੀ ਭਰੀ ਥਾਲੀ ਦੇ ਕੇ ਸ਼ਹਿਰ ਦੀ ਪ੍ਰਕਰਮਾ ਕਰਨ ਦੀ ਆਗਿਆ ਦਿਤੀ। ਬਾਜ਼ਾਰਾਂ ਵਿਚ ਥਾਂ ਥਾਂ ਰਾਗ ਰੰਗ ਤੇ ਮਨਮੋਹਣੀਆਂ ਇਸਤ੍ਰੀਆਂ ਦੇ ਨਾਚ ਹੋ ਰਹੇ ਸਨ, ਪਰ ਸੁਕਦੇਵ ਦਾ ਧਿਆਨ ਤੇਲ ਵਿਚ ਹੀ ਟਿਕਿਆ ਰਿਹਾ ਅਤੇ ਹੱਥ ਨਾ ਡੋਲੇ। ਸੋ ਜਨਕ ਨੇ ਸੁਕਦੇਵ ਨੂੰ ਚੇਲਾ ਬਣਾ ਲਿਆ। ਗੁਰਬਾਣੀ ਵਿਚ ਇਸ ਪ੍ਰਸੰਗ ਵਲ ਸੰਕੇਤ ਹੈ :

ਜਾਤ ਨ ਜਾਤਿ ਦੇਖਿ ਮਤ ਭਰਮਹੁ,
ਸੁਕ ਜਨਕ ਪਗੀ ਲਗਿ ਧਿਆਵੈਗੋ।
ਜੂਠਨ ਜੂਠਿ ਪਈ ਸਿਰ ਊਪਰਿ,
ਖਿਨ ਮਨੂਆ ਤਿਲ ਨ ਡੁਲਾਵੈਗੋ।
(ਮਹਲਾ ੪)

**(ਸ-593) ਸੁਕੰਨਿਆ :**

ਰਾਜੇ ਸ਼ਰਯਾਤੀ ਦੀ ਕੰਨਿਆ, ਜਿਸ ਦਾ ਵਿਆਹ ਚਵਨ ਰਿਸ਼ੀ ਨਾਲ ਹੋਇਆ। ਰਾਜਾ ਸ਼ਰਯਾਤੀ ਵੈਵਸਵਤ ਮਨੂ ਦਾ ਪੁਤਰ ਸੀ। ਇਕ ਵਾਰ ਉਹ ਆਪਣੀ ਪਤਨੀ ਅਤੇ ਪੁਤਰੀ ਸੁਕੰਨਿਆ ਸਮੇਤ ਜੰਗਲ ਵਿਚ ਵਿਚਰਦਾ ਹੋਇਆ ਚਵਨ ਰਿਸ਼ੀ ਦੇ ਤਪ ਸਥਾਨ ਕੋਲ ਜਾ ਪੁਜਾ। ਚਵਨ ਨੇ ਜਿਥੇ ਸਮਾਧੀ ਲਗਾਈ ਸੀ, ਉਥੇ, ਉਹਦੇ ਆਲੇ ਦੁਆਲੇ ਅਤੇ ਉਪਰ ਮਿੱਟੀ ਦੀ ਥਰ ਬਝ ਗਈ ਸੀ

ਅਤੇ ਮਿੱਟੀ ਹੇਠ ਦਬਿਆ ਚਵਨ ਵਿਖਾਈ ਨਹੀਂ ਸੀ ਦੇਂਦਾ। ਪਰ ਮਿੱਟੀ ਵਿਚੋਂ ਸੁਨਹਿਰੀ ਆਭਾ ਫੁਟਦੀ ਵੇਖ ਕੇ, ਸੁਕੰਨਿਆ ਨੇ ਸਿਪਾਹੀਆਂ ਨੂੰ ਉਹ ਢੇਰ ਪੁਟਣ ਲਈ ਕਿਹਾ। ਸਿਪਾਹੀਆਂ ਨੇ ਮਿੱਟੀ ਖੋਦੀ ਤਾਂ ਹੇਠੋਂ ਚਵਨ ਰਿਸ਼ੀ ਨਿਕਲ ਆਏ। ਤਪੱਸਿਆ ਭੰਗ ਹੋਣ ਦੇ ਕਾਰਨ, ਚਵਨ ਨੇ ਕਰੋਧ ਵਿਚ ਆ ਕੇ ਸਰਾਪ ਦਿਤਾ। ਸ਼ਰਯਾਤੀ ਨੇ ਚਵਨ ਤੋਂ ਖਿਮਾਂ ਮੰਗਦੇ ਹੋਏ ਕਿਹਾ ਕਿ ਇਹ ਅਵਿੱਗਿਆ ਅਗਿਆਨਤਾ ਕਾਰਨ ਹੋਈ ਸੀ। ਚਵਨ ਨੇ ਕਿਹਾ ਕਿ ਜੇ ਸੁਕੰਨਿਆ ਨੂੰ ਉਹਦੇ ਨਾਲ ਵਿਆਹ ਦਿਤਾ ਜਾਵੇ, ਤਾਂ ਉਹ ਸਰਾਪ ਵਾਪਸ ਲੈ ਲਏਗਾ। ਮਜਬੂਰ ਹੋ ਕੇ ਰਾਜੇ ਨੇ ਸੁਕੰਨਿਆ ਦਾ ਵਿਆਹ ਬੁਢੇ ਚਵਨ ਨਾਲ ਕਰ ਦਿਤਾ।

ਸੁਕੰਨਿਆ ਸਾਰਾ ਦਿਨ ਬੁਢੇ ਪਤੀ ਦੀ ਸੇਵਾ ਵਿਚ ਰੁਝੀ ਰਹਿੰਦੀ ਅਤੇ ਪਤੀਬ੍ਰਤ ਧਰਮ ਦੀ ਪਾਲਨਾ ਸ਼ਰਧਾ ਨਾਲ ਕਰਦੀ। ਇਕ ਵਾਰ ਅਸ਼੍ਵਿਨੀ ਕੁਮਾਰ ਦੇਵਤੇ ਉਸ ਬਨ ਵਿਚੋਂ ਦੀ ਲੰਘੇ। ਸੁਕੰਨਿਆ ਦੀ ਜਵਾਨੀ ਵੇਖ ਕੇ ਦੇਵਤਿਆਂ ਨੇ ਉਸ ਨੂੰ ਕਿਹਾ ਕਿ ਜੇ ਉਹ ਚਾਹੇ, ਤਾਂ ਉਹਦੇ ਵਾਸਤੇ ਜਵਾਨ ਪਤੀ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਸੁਕੰਨਿਆ ਨੇ ਇਹ ਗੱਲ ਚਵਨ ਰਿਸ਼ੀ ਨੂੰ ਦਸ ਦਿਤੀ। ਚਵਨ ਖ਼ੁਦ ਅਸ਼੍ਵਿਨੀ ਦੇਵਤਿਆਂ ਕੋਲ ਗਿਆ ਤੇ ਕਹਿਣ ਲੱਗਾ ਕਿ ਉਹ ਉਸੇ ਨੂੰ ਹੀ ਜਵਾਨ ਕਿਉਂ ਨਹੀਂ ਬਣਾ ਦਿੰਦੇ। ਅਸ਼੍ਵਿਨੀ ਦੇਵਤੇ ਚਵਨ ਨੂੰ ਇਕ ਤਲਾਅ ਉਤੇ ਲੈ ਗਏ ਤੇ ਉਸ ਵਿਚ ਚਵਨ ਨੂੰ ਟੁਭੀ ਮਾਰਨ ਲਈ ਕਿਹਾ। ਪਰ ਜਦੋਂ ਚਵਨ ਨੇ ਤਲਾਅ ਵਿਚ ਟੁਭੀ ਮਾਰੀ, ਤਾਂ ਦੋਵੇਂ ਦੇਵਤੇ ਵੀ ਨਾਲ ਹੀ ਤਲਾਅ ਵਿਚ ਕੁਦ ਪਏ। ਫਿਰ ਤਲਾਅ ਵਿਚੋਂ ਤਿੰਨ ਗਭਰੂ ਨਿਕਲੇ, ਜਿਨ੍ਹਾਂ ਦੇ ਇਕੋ ਜਿਹੇ ਕਦ ਕਾਠ ਤੇ ਸੂਰਤਾਂ ਸਨ। ਸੁਕੰਨਿਆ ਲਈ ਆਪਣਾ ਪਤੀ ਪਛਾਣਨਾ ਮੁਸ਼ਕਲ ਹੋ ਗਿਆ, ਪਰ ਉਸ ਨੇ ਪਤੀਬ੍ਰਤ ਧਰਮ ਦੇ ਬਲ ਨਾਲ ਚਵਨ ਨੂੰ ਪਛਾਣ ਲਿਆ ਤੇ ਉਹਦੇ ਨਾਲ ਆਪਣੇ ਆਸ਼ਰਮ ਵਿਚ ਚਲੀ ਗਈ। ਸੁਕੰਨਿਆ ਦਾ ਸ਼ੁਮਾਰ ਪੁਰਾਣਾਂ ਦੀਆਂ ਪਤੀਬ੍ਰਤ ਇਸਤ੍ਰੀਆਂ ਵਿਚ ਆਉਂਦਾ ਹੈ।

(ਸ-594) **ਸ਼ੁਕਰ ਗ੍ਰਹਿ** :

ਨੌ ਗ੍ਰਹਿਆਂ ਵਿਚੋਂ ਇਕ ਗ੍ਰਹਿ; ਪੁਰਾਣਾਂ ਅਨੁਸਾਰ ਸ਼ੁਕਰ ਦੈਂਤਾਂ ਦਾ ਗੁਰੂ ਅਤੇ ਬਲਿ ਦਾ ਪ੍ਰੋਹਿਤ ਸੀ। ਉਹ ਬੜਾ ਹੀ ਵਿਦਵਾਨ ਤੇ ਨੀਤੀਵੇਤਾ ਸੀ। ਕਈ ਧਰਮ ਸ਼ਾਸਤ੍ਰ ਅਤੇ ਨੀਤੀ ਸ਼ਾਸਤ੍ਰ ਸ਼ੁਕਰ ਦੀ ਰਚਨਾ ਮੰਨੇ ਜਾਂਦੇ ਹਨ। ਸ਼ੁਕਰ ਦੇ ਗ੍ਰਹਿ ਦਾ ਰੂਪ ਧਾਰਨ ਬਾਰੇ ਇਕ ਮਿਥ ਇਉਂ ਪ੍ਰਚਲਤ ਹੈ : ਦੈਂਤਾਂ ਦੇ ਰਾਜੇ ਬਲ ਨੇ ਘੋਰ ਤਪੱਸਿਆ ਤੇ ਲੰਮੀ ਅਰਾਧਨਾ ਦੀ ਸ਼ਕਤੀ ਨਾਲ ਰਾਜੇ ਇੰਦਰ ਨੂੰ ਹਰਾ ਕੇ ਤਿੰਨਾਂ ਲੋਕਾਂ ਉਤੇ ਅਧਿਕਾਰ ਪ੍ਰਾਪਤ ਕਰ ਲਿਆ। ਦੇਵਤਿਆਂ ਨੇ ਆਪਣੀ ਰੱਖਿਆ ਲਈ ਵਿਸ਼ਨੂੰ ਅੱਗੇ ਬੇਨਤੀ ਕੀਤੀ। ਵਿਸ਼ਨੂੰ ਨੇ ਰਾਜੇ ਬਲ ਦਾ ਅਭਿਮਾਨ ਤੋੜਨ ਤੇ ਦਮਨ ਕਰਨ ਲਈ ਵਾਮਨ ਅਵਤਾਰ ਧਾਰਨ ਕੀਤਾ। ਵਾਮਨ (ਬੌਣੇ) ਦੇ ਰੂਪ ਵਿਚ, ਵਿਸ਼ਨੂੰ ਨੇ ਰਾਜੇ ਬਲ ਤੋਂ ਢਾਈ ਕਦਮ ਧਰਤੀ ਵਰਦਾਨ ਵਜੋਂ ਮੰਗੀ। ਰਾਜਾ ਬਲ ਦਾ ਗੁਰੂ ਸ਼ੁਕਰ ਅਸਲੀ ਰਹੱਸ ਜਾਣ ਗਿਆ ਅਤੇ ਉਸ ਨੇ ਬਲ ਨੂੰ ਵਰਦਾਨ ਦੇਣ ਤੋਂ ਵਰਜਿਆ, ਪਰ ਬਲ ਨੇ ਸ਼ੁਕਰ ਦੀ ਗੱਲ ਅਣਸੁਣੀ ਕਰ ਦਿਤੀ। ਜਦੋਂ ਰਾਜਾ ਬਲ ਢਾਈ ਕਦਮ ਧਰਤੀ ਦਾ ਸੰਕਲਪ ਦੇਣ ਲੱਗਾ, ਤਦੋਂ ਸ਼ੁਕਰ ਸੂਖਮ ਰੂਪ ਧਾਰ ਕੇ ਲੋਟੇ ਦੀ ਟੂਟੀ ਵਿਚ ਜਾ ਬੈਠਾ ਤੇ ਪਾਣੀ ਦੇ ਪ੍ਰਵਾਹ ਨੂੰ ਰੋਕ ਲਿਆ। ਵਾਮਨ ਨੇ ਇਕ ਟਹਿਣੀ ਫੜ ਕੇ ਟੂਟੀ ਵਿਚ ਫੇਰੀ, ਜਿਸ ਕਰ ਕੇ ਸ਼ੁਕਰ ਦੀ ਸੱਜੀ ਅੱਖ ਕਾਣੀ ਹੋ ਗਈ। ਸ਼ੁਕਰ ਉਸੇ ਵੇਲੇ ਉਠ ਨੱਠਾ ਅਤੇ ਲੋਟੇ ਵਿਚੋਂ ਪਾਣੀ ਵੱਗ ਤੁਰਿਆ ਤੇ ਸੰਕਲਪ ਪੂਰਾ ਹੋ ਗਿਆ।

ਵਿਸ਼ਨੂੰ ਨੂੰ ਸ਼ੁਕਰ ਦੀ ਇਸ ਕਿਰਿਆ ਉਤੇ ਇਤਨਾ ਕਰੋਧ ਆਇਆ ਕਿ ਉਸ ਨੇ ਸ਼ੁਕਰ ਨੂੰ ਗ੍ਰਹਿ ਦੇ ਰੂਪ ਵਿਚ ਆਕਾਸ਼ ਮੰਡਲ ਵਿਚ ਲਟਕਾ ਦਿਤਾ ਅਤੇ ਨਾਲ ਹੀ ਸਰਾਪ ਦਿਤਾ : 'ਕੋਈ ਵੀ ਤੀਵੀਂ ਤੇਰੇ ਸਾਹਮਣੇ ਜਾਂ ਸੱਜੇ ਹੱਥ ਨਹੀਂ ਆਵੇਗੀ ਤੇ ਤੇਰਾ ਡੁਬਣਾ ਬੜਾ ਦੁਖਦਾਈ ਹੋਵੇਗਾ।' ਉਦੋਂ ਤੋਂ ਸ਼ੁਕਰ, ਗ੍ਰਹਿ ਦੇ ਰੂਪ ਵਿਚ ਆਕਾਸ਼ ਮੰਡਲ ਵਿਚ ਭਰਮਣ ਕਰ ਰਿਹਾ ਹੈ। ਜਦੋਂ ਸ਼ੁਕਰ ਗ੍ਰਹਿ ਡੁਬਾ ਹੁੰਦਾ ਹੈ, ਤਾਂ ਹਿੰਦੂਆਂ

ਵਿਚ ਵਿਆਹ ਨਹੀਂ ਕੀਤੇ ਜਾਂਦੇ। ਨਾ ਤਾਂ ਮੁਕਲਾਵੇ ਤੋਰੇ ਜਾਂਦੇ ਹਨ ਅਤੇ ਨਾ ਹੀ ਕੋਈ ਵਹੁਟੀ ਸਹੁਰਿਉਂ ਪੇਕੇ ਜਾਂ ਪੇਕਿਉਂ ਸਹੁਰੇ ਘਰ ਜਾਂਦੀ ਹੈ। ਜਦੋਂ ਸ਼ੁਕਰ ਗ੍ਰਹਿ ਉਦੇ ਹੋਵੇ, ਤਾਂ ਵੀ ਜੇ ਇਹ ਗ੍ਰਹਿ ਸਾਹਮਣੇ ਜਾਂ ਸੱਜੇ ਹੱਥ ਵਲ ਹੋਵੇ, ਤਾਂ ਸਹੁਰਿਉਂ ਪੇਕੇ ਜਾਂ ਪੇਕਿਉਂ ਸਹੁਰੇ ਜਾਣਾ ਸ਼ੁਭ ਨਹੀਂ। ਇਸ ਗੱਲ ਦੀ ਉਲੰਘਣਾ ਕਰਨ ਵਾਲੀ ਤੀਵੀਂ ਨੂੰ ਦੁਖ ਭੋਗਣੇ ਪੈਂਦੇ ਹਨ। ਇਸੇ ਲਈ ਸ਼ੁਕਰ ਨੂੰ 'ਵਹੁਟੀਆਂ ਦਾ ਤਾਰਾ' ਵੀ ਕਿਹਾ ਜਾਂਦਾ ਹੈ (ਵੇਖੋ : ਤਾਰਾ ਡੁਬਣਾ)।

ਪੁਰਾਣਾਂ ਵਿਚ ਸ਼ੁਕਰ ਬਾਰੇ ਕਈ ਕਥਾਵਾਂ ਮਿਲਦੀਆਂ ਹਨ। ਉਹ ਭ੍ਰਿਗੂ ਰਿਸ਼ੀ ਦਾ ਪੁਤਰ ਸੀ। ਉਸ ਦਾ ਵਿਆਹ ਸੁਸ਼ਮਾ ਨਾਲ ਹੋਇਆ, ਜਿਸ ਦੇ ਉਦਰ ਤੋਂ ਦੇਵਯਾਨੀ ਪੈਦਾ ਹੋਈ। ਦੇਵਯਾਨੀ ਦਾ ਵਿਆਹ ਚੰਦਰ ਵੰਸ਼ੀ ਰਾਜੇ ਯਯਾਤੀ ਨਾਲ ਹੋਇਆ (ਵੇਖੋ : ਦੇਵਯਾਨੀ)।

ਹਰੀਵੰਸ਼ ਅਨੁਸਾਰ ਸ਼ੁਕਰ ਸ਼ਿਵ ਦਾ ਉਪਾਸ਼ਕ ਸੀ ਅਤੇ ਉਸ ਨੇ ਦੇਵਤਿਆਂ ਉਤੇ ਵਿਜੈ ਪ੍ਰਾਪਤ ਕਰਨ ਲਈ ਘੋਰ ਤਪੱਸਿਆ ਕੀਤੀ। ਸ਼ੁਕਰ ਪੂਰੇ ਇਕ ਹਜ਼ਾਰ ਸਾਲ, ਧੁਖਦੀ ਧੂਣੀ ਉਤੇ ਮੂਧਾ ਲਟਕ ਕੇ ਧੂੰਆਂ ਭਖਦਾ ਰਿਹਾ। ਅਜੇ ਉਸ ਦਾ ਤੱਪ ਪੂਰਾ ਨਹੀਂ ਸੀ ਹੋਇਆ ਕਿ ਦੇਵਤਿਆਂ ਨੇ ਦੈਂਤਾਂ ਉਤੇ ਹਲਾ ਬੋਲ ਦਿਤਾ ਅਤੇ ਸ਼ੁਕਰ ਦੀ ਮਾਂ ਵਿਸ਼ਨੂੰ ਦੇ ਹੱਥੋਂ ਮਾਰੀ ਗਈ। ਸ਼ੁਕਰ ਨੇ ਕਰੋਧ ਵਿਚ ਆ ਕੇ ਵਿਸ਼ਨੂੰ ਨੂੰ ਸੱਤ ਵਾਰ ਪ੍ਰਿਥਵੀ ਉਤੇ ਜਨਮ ਲੈਣ ਦਾ ਸਰਾਪ ਦਿਤਾ ਅਤੇ ਦੈਵੀ ਸ਼ਕਤੀ ਨਾਲ ਆਪਣੀ ਮਾਤਾ ਨੂੰ ਮੁੜ ਸੁਰਜੀਤ ਕਰ ਲਿਆ। ਪਰ ਦੇਵਤਿਆਂ ਨੂੰ ਡਰ ਸੀ ਕਿ ਜੇ ਸ਼ੁਕਰ ਨੇ ਆਪਣਾ ਤਪ ਨਿਰਵਿਘਨ ਸਮਾਪਤ ਕਰ ਲਿਆ, ਤਾਂ ਉਹ ਅਥਾਹ ਸ਼ਕਤੀ ਦਾ ਸੁਆਮੀ ਬਣਕੇ, ਉਨ੍ਹਾਂ ਨੂੰ ਬੜੇ ਦੁਖ ਦੇਵੇਗਾ। ਸੋ ਇੰਦਰ ਨੇ ਆਪਣੀ ਲੜਕੀ ਜਯੰਤੀ ਨੂੰ ਸ਼ੁਕਰ ਦਾ ਤੱਪ ਭੰਗ ਕਰਨ ਲਈ ਭੇਜਿਆ। ਜਯੰਤੀ ਨੇ ਆਪਣੇ ਰੂਪ ਤੇ ਅਦਾਵਾਂ ਨਾਲ ਸ਼ੁਕਰ ਨੂੰ ਭਰਮਾ ਲਿਆ, ਪਰ ਸ਼ੁਕਰ ਧੁਨ ਦਾ ਪੱਕਾ ਸੀ, ਉਸ ਨੇ ਆਪਣਾ ਤੱਪ ਸੰਪੂਰਨ ਕਰਨ ਉਪ੍ਰੰਤ ਜਯੰਤੀ ਨਾਲ ਵਿਆਹ ਕੀਤਾ।

ਸ਼ੁਕਰ ਨੇ ਘੋਰ ਤਪੱਸਿਆ ਦੁਆਰਾ ਸੰਜੀਵਨੀ ਮੰਤਰ ਪ੍ਰਾਪਤ ਕਰ ਲਿਆ। ਇਸ ਰਹੱਸਮਈ ਮੰਤਰ ਦੀ ਮਦਦ ਨਾਲ ਸ਼ੁਕਰ ਮੋਏ ਪ੍ਰਾਣੀਆਂ ਨੂੰ ਮੁੜ ਸੁਰਜੀਤ ਕਰ ਲਿਆ ਕਰਦਾ ਸੀ। ਇਕ ਵਾਰ ਜਦੋਂ ਦੇਵਤਿਆਂ ਅਤੇ ਦੈਂਤਾਂ ਵਿਚ ਘੋਰ ਯੁਧ ਹੋਇਆ, ਤਾਂ ਵਿਸ਼ਨੂੰ ਨੇ ਸ਼ੁਕਰ ਦੀ ਮਾਂ ਨੂੰ ਮਾਰ ਦਿਤਾ। ਉਸੇ ਰਹੱਸਮਈ ਸ਼ਕਤੀ ਦੁਆਰਾ ਸ਼ੁਕਰ ਨੇ ਆਪਣੀ ਮਾਂ ਨੂੰ ਮੁੜ ਸੁਰਜੀਤ ਕਰ ਲਿਆ।

ਸ਼ੁਕਰ ਨੇ ਆਪਣੀ ਕੰਨਿਆਂ ਦੇਵਯਾਨੀ ਦੇ ਪ੍ਰੇਮੀ ਕੱਚ ਨੂੰ ਕਈ ਵਾਰ ਪੁਨਰ-ਸੁਰਜੀਤ ਕੀਤਾ। ਮਹਾਂਭਾਰਤ ਅਨੁਸਾਰ ਬ੍ਰਿਹਸਪਤੀ ਦਾ ਪੁਤਰ ਕੱਚ ਸ਼ੁਕਰ ਕੋਲੋਂ ਪੁਨਰ ਸੁਰਜੀਤੀ ਦਾ ਰਹੱਸਮਈ ਮੰਤਰ ਜਾਣਨ ਲਈ, ਉਸ ਦਾ ਸ਼ਾਗਿਰਦ ਬਣ ਗਿਆ। ਕੱਚ ਨੂੰ ਦੋ ਵਾਰ ਅਸੁਰਾਂ ਨੇ ਮਾਰਿਆ, ਪਰ ਸ਼ੁਕਰ ਨੇ ਉਸ ਨੂੰ ਦੋਵੇਂ ਵਾਰ ਮੁੜ ਜ਼ਿੰਦਾ ਕਰ ਲਿਆ। ਤੀਜੀ ਵਾਰ ਅਸੁਰਾਂ ਨੇ ਕੱਚ ਨੂੰ ਮਾਰ ਕੇ, ਉਸ ਦੀ ਸੁਆਹ ਸ਼ਰਾਬ ਵਿਚ ਮਿਲਾ ਕੇ, ਸ਼ੁਕਰ ਨੂੰ ਪਿਲਾ ਦਿਤੀ। ਦੇਵਯਾਨੀ ਦੀ ਜ਼ਿਦ ਉਤੇ ਜਦੋਂ ਸ਼ੁਕਰ ਕੱਚ ਨੂੰ ਮੁੜ ਸੁਰਜੀਤ ਕਰਨ ਲੱਗਾ, ਤਾਂ ਉਸ ਨੂੰ ਗਿਆਨ ਹੋਇਆ ਕਿ ਕੱਚ ਤਾਂ ਉਸ ਦੇ ਆਪਣੇ ਪੇਟ ਵਿਚ ਹੈ ਅਤੇ ਕੱਚ ਦੇ ਬਾਹਰ ਨਿਕਲਦੇ ਸਾਰ ਉਸ ਦੀ ਆਪਣੀ ਜ਼ਿੰਦਗੀ ਖ਼ਤਰੇ ਵਿਚ ਪੈ ਜਾਣੀ ਹੈ। ਤਾਂ ਸ਼ੁਕਰ ਨੇ ਪਹਿਲਾਂ ਕੱਚ ਨੂੰ ਪੇਟ ਵਿਚ ਹੀ ਮੋਏ ਪ੍ਰਾਣੀ ਨੂੰ ਸੁਰਜੀਤ ਕਰਨ ਦਾ ਮੰਤਰ ਸਿਖਾਇਆ। ਜਦੋਂ ਕੱਚ ਦੇ ਬਾਹਰ ਆਉਣ ਨਾਲ ਸ਼ੁਕਰ ਦਾ ਸਰੀਰ ਟੁਕੜੇ ਟੁਕੜੇ ਹੋ ਗਿਆ, ਤਾਂ ਕੱਚ ਨੇ ਸੰਜੀਵਨੀ ਮੰਤਰ ਦੁਆਰਾ ਸ਼ੁਕਰ ਨੂੰ ਮੁੜ ਜ਼ਿੰਦਾ ਕੀਤਾ (ਵੇਖੋ : ਕੱਚ)।

ਸ਼ੁਕਰ ਗ੍ਰਹਿ ਰਹੱਸਮਈ ਸ਼ਕਤੀਆਂ ਪ੍ਰਦਾਨ ਕਰਦਾ ਹੈ। ਧਾਰਨਾ ਹੈ ਕਿ ਸ਼ੁਕਰ ਦੇ ਪ੍ਰਭਾਵ ਹੇਠ ਪੈਦਾ ਹੋਏ ਪ੍ਰਾਣੀ ਨੂੰ ਪੂਰਬਲੇ ਜਨਮਾਂ ਦੀ ਸਿਮਰਤੀ ਰਹਿੰਦੀ ਹੈ।

ਸ਼ੁਕਰ ਕਈ ਨਾਵਾਂ ਨਾਲ ਪ੍ਰਸਿਧ ਹੈ। ਭ੍ਰਿਗੂ ਦਾ ਪੁਤਰ ਹੋਣ ਕਰ ਕੇ ਇਸ ਨੂੰ ਭਾਰਗਵ ਵੀ ਕਹਿੰਦੇ ਹਨ।

(ਸ-595) **ਸ਼ੁਕਰਵਾਰ** :

ਸ਼ੁਕਰਵਾਰ ਨੂੰ ਮੁਸਲਮਾਨ ਬੜਾ ਸ਼ੁਭ ਤੇ

ਪਵਿਤ੍ਰ ਦਿਨ ਮੰਨਦੇ ਹਨ। ਨਿਸਚਾ ਹੈ ਕਿ ਸ਼ੁਕਰਵਾਰ ਨੂੰ ਸ਼ੁਰੂ ਕੀਤਾ ਕੰਮ ਸਫਲਤਾ ਨਾਲ ਸਿਰੇ ਚੜ੍ਹਦਾ ਹੈ। ਬਾਈਬਲ ਅਨੁਸਾਰ ਇਸ ਦਿਨ ਪ੍ਰਮਾਤਮਾ ਨੇ ਪਸ਼ੂ-ਪੰਛੀ, ਕਿਰਮ ਤੇ ਮਰਦ-ਇਸਤ੍ਰੀ ਦੀ ਸਿਰਜਨਾ ਕੀਤੀ ਅਤੇ ਅਗਲੇ ਦਿਨ ਸ਼ਨਿਚਰਵਾਰ ਨੂੰ ਬਿਸਰਾਮ ਕੀਤਾ। ਮੁਸਲਮਾਨੀ ਰਵਾਇਤਾਂ ਅਨੁਸਾਰ ਸ਼ੁਕਰਵਾਰ ਨੂੰ ਅੱਲਾ ਨੇ ਸੂਰਜ, ਚੰਨ ਤੇ ਤਾਰਿਆਂ ਦੀ ਸਿਰਜਨਾ ਕੀਤੀ। ਹਿੰਦੂਆਂ ਅਨੁਸਾਰ ਸ਼ੁਕਰ ਤੋਂ ਕਲਜੁਗ ਸੰਮਤ ਦਾ ਆਰੰਭ ਹੋਇਆ।

ਹਿੰਦੂਆਂ ਵਿਚ ਸ਼ੁਕਰਵਾਰ ਨਾਲ ਸੰਬੰਧਿਤ ਕਈ ਭਰਮ ਵਹਿਮ ਤੇ ਵਿਸ਼ਵਾਸ਼ ਪ੍ਰਚਲਤ ਹਨ। ਸ਼ੁਕਰਵਾਰ ਨੂੰ ਪੁਤਰ ਜੰਮੇ ਤਾਂ ਚੰਗਾ, ਕੰਨਿਆ ਜੰਮੇ ਤਾਂ ਮੰਦੀ। ਇਸੇ ਤਰ੍ਹਾਂ ਸ਼ੁਕਰਵਾਰ ਨੂੰ ਜੇ ਕੰਨਿਆਂ ਨੂੰ ਪ੍ਰਸੂਤ ਵਿਚੋਂ ਬਾਹਰ ਕਢਿਆ ਜਾਵੇ, ਤਾਂ ਘਰ ਵਿਚ ਕੁੜੀਆਂ ਹੀ ਜੰਮਦੀਆਂ ਹਨ।

ਰਾਵਲਪਿੰਡੀ ਵਿਚ ਸ਼ੁਕਰਵਾਰ ਖੇਡਾਂ ਲਈ ਅਸ਼ੁਭ ਦਿਨ ਮੰਨਿਆ ਗਿਆ ਹੈ (ਗਲਾਸਰੀ 1, 240)। ਪਰ ਸ਼ੁਕਰਵਾਰ ਸਿਰ ਮੁੰਨਵਾਣ ਨਾਲ ਗਿਆਰਾਂ ਮਹੀਨੇ ਉਮਰ ਵਧਦੀ ਹੈ (ਓਹੀ, 251)। ਸ਼ੁਕਰਵਾਰ ਵਾਲੇ ਦਿਨ ਤੀਵੀਂ ਨੂੰ ਕੇਸੀਂ ਇਸ਼ਨਾਨ ਨਹੀਂ ਕਰਨਾ ਚਾਹੀਦਾ, ਜੇ ਕਰੇ ਤਾਂ ਉਹਦਾ ਭਰਾ ਬੀਮਾਰ ਪੈ ਜਾਂਦਾ ਹੈ। ਇਸੇ ਤੋਂ ਕਹਿੰਦੇ ਹਨ ਕਿ ਸ਼ੁਕਰਵਾਰ ਸਿਰ ਧੋਣ ਨਾਲ ਭਰਾ ਦੀ ਗਾਲ੍ਹ ਲੱਗਦੀ ਹੈ। ਸ਼ੁਕਰਵਾਰ ਨੂੰ ਆਪਣੀ ਗਾਂ ਮੱਝ ਦਾ ਗੋਹਾ ਕਿਸੇ ਨੂੰ ਨਹੀਂ ਦੇਣਾ ਚਾਹੀਦਾ, ਨਹੀਂ ਤਾਂ ਗਾਂ ਮੱਝ ਬੀਮਾਰ ਹੋ ਜਾਂਦੀ ਹੈ ਜਾਂ ਦੁੱਧ ਸੁਕ ਜਾਂਦਾ ਹੈ (ਓਹੀ, 1, 240)। ਪੋਠੋਹਾਰ ਦੇ ਇਲਾਕੇ ਵਿਚ ਸ਼ੁਕਰਵਾਰ ਨੂੰ ਉਤਰ ਦਿਸ਼ਾ ਵਲ ਸਫ਼ਰ ਕਰਨਾ ਅਸ਼ੁਭ ਮੰਨਿਆ ਗਿਆ ਹੈ (ਪੰਜਾਬ ਦਾ ਲੋਕ ਸਾਹਿੱਤ, 66)। ਸ਼ੁਕਰਵਾਰ ਨੂੰ ਚੜ੍ਹੇ ਹੋਏ ਬੱਦਲ ਅਵੱਸ਼ ਵਸਦੇ ਹਨ : 'ਸ਼ੁਕਰ ਉਠੇ ਬੱਦਲੀ ਰਹੇ ਸਨਿਚਰ ਛਾ। ਭੱਟ ਕਹੇ ਸੁਣ ਭਟਣੀ ਬਰਸੇ ਬਾਝ ਨਾ ਜਾ।'

ਮੁਸਲਮਾਨ ਸ਼ੁਕਰਵਾਰ ਨੂੰ ਜੁਮਾ ਕਹਿੰਦੇ ਹਨ। ਇਸਲਾਮੀ ਰਵਾਇਤਾਂ ਅਨੁਸਾਰ ਜੁਮੇ ਵਾਲੇ ਦਿਨ ਅੱਲਾ ਆਦਮ ਨੂੰ ਬਹਿਸ਼ਤ ਦੇ ਅਦਨ ਬਾਗ਼ ਵਿਚ ਸੈਰ ਵਾਸਤੇ ਲੈ ਗਿਆ ਸੀ। ਕਿਆਮਤ ਤੋਂ ਬਾਅਦ ਇਸੇ ਦਿਨ ਰੂਹਾਂ ਕਬਰਾਂ ਵਿਚੋਂ ਸੁਰਜੀਤ ਹੋਣਗੀਆਂ ਅੱਲਾ ਅੱਗੇ ਆਪਣੇ ਕਰਮਾਂ ਦਾ ਫਲ ਭੋਗਣ ਲਈ ਪੇਸ਼ ਕੀਤੀਆਂ ਜਾਣਗੀਆਂ। ਮੁਸਲਮਾਨੀ ਪਰੰਪਰਾ (ਮਿਸ਼ਕਾਤ) ਅਨੁਸਾਰ ਜੁਮੇ ਵਾਲੇ ਦਿਨ ਦੁਪਹਿਰ ਨੂੰ ਨਿਮਾਜ਼ ਪੜ੍ਹਨ ਮਗਰੋਂ ਖ਼ੁਤਬਾ ਸੁਣਨ ਵਾਲੇ ਮੋਮਨ ਉਸ ਹਫ਼ਤੇ ਦੇ ਸਭ ਗੁਨਾਹਾਂ ਤੋਂ ਮੁਕਤ ਹੋ ਜਾਂਦੇ ਹਨ।

(ਸ-596) **ਸ਼ੁਕਰਵਾਰ ਦਾ ਵਰਤ** :

ਸ਼ੁਕਰ ਗ੍ਰਹਿ ਨੂੰ ਪਤਿਆਣ ਲਈ ਹਿੰਦੂ ਸ਼ੁਕਰਵਾਰ ਨੂੰ ਵਰਤ ਰਖਦੇ ਤੇ ਗ੍ਰਹਿ ਪੂਜਦੇ ਹਨ। ਇਸ ਵਰਤ ਦੇ ਨਾਲ ਦੁਖ-ਦਰਿਦ੍ਰਤਾ ਨਸ਼ਟ ਹੁੰਦੀ, ਸੁਖ-ਸ਼ਾਂਤੀ ਦੀ ਪ੍ਰਾਪਤੀ ਮਿਲਦੀ ਤੇ ਮਨ-ਚਾਹੀ ਮੁਰਾਦ ਪੂਰੀ ਹੁੰਦੀ ਹੈ। ਇਸ ਵਰਤ ਵੇਲੇ ਕੇਵਲ ਇਕੋ ਵਾਰ ਰਾਤ ਸਮੇਂ ਭੋਜਨ ਕਰਨ ਦਾ ਵਿਧਾਨ ਹੈ।

ਜੇ ਸ਼ੁਕਰਵਾਰ ਨੂੰ ਜਯੇਸ਼ਠਾ ਨਛੱਤਰ ਦਾ ਯੋਗ ਹੋਵੇ, ਤਾਂ ਵਰਤ ਦਾ ਮਹਾਤਮ ਹੋਰ ਵੀ ਵਧ ਜਾਂਦਾ ਹੈ। ਇਸ ਯੋਗ ਵਿਚ ਸ਼ੁਕਰ ਦੀ ਸੋਨੇ ਦੀ ਮੂਰਤੀ ਨੂੰ ਚਾਂਦੀ ਜਾਂ ਕਾਂਸ਼ੀ ਦੇ ਭਾਂਡੇ ਵਿਚ ਸਥਾਪਿਤ ਕਰ ਕੇ, ਚਿਟੇ ਰੰਗ ਦੇ ਫੁਲਾਂ ਨਾਲ ਪੂਜਾ ਅਰਚਾ ਕਰਨ ਨਾਲ, ਮਨ-ਇੱਛਤ ਫਲ ਮਿਲਦਾ ਹੈ। ਪੂਜਾ ਸਮੇਂ ਚਿਟੇ ਕਪੜੇ ਧਾਰਨ ਕਰਨਾ ਵਿਧਾਨ ਹੈ।

ਜੇ ਸੱਤ ਸ਼ੁਕਰਵਾਰ ਲਗਾਤਾਰ ਪੂਰਨ ਵਿਧੀ ਨਾਲ ਵਰਤ ਰਖਿਆ ਜਾਵੇ ਅਤੇ ਸਤਵੇਂ ਸ਼ੁਕਰਵਾਰ ਸ਼ੁਕਰ ਨਮਿਤ ਹਵਨ ਤੇ ਉਦਿਆਪਨ ਕਰਕੇ ਬ੍ਰਾਹਮਣਾਂ ਨੂੰ ਖੀਰ ਦਿਤੀ ਜਾਵੇ; ਨਾਲੇ ਸ਼ੁਕਰ ਦੀ ਮੂਰਤੀ, ਪੂਜਾ-ਸਮਿਗਰੀ ਅਤੇ ਖਾਧ-ਪਦਾਰਥ ਦਾਨ ਕੀਤੇ ਜਾਣ, ਤਾਂ ਸ਼ੁਕਰ ਗ੍ਰਹਿ ਦੀ ਕਰੋਪੀ ਤੋਂ ਪੈਦਾ ਹੋਣ ਵਾਲੇ ਸਭ ਦੁਖ-ਦਰਿਦਰ ਦੂਰ ਹੋ ਜਾਂਦੇ ਹਨ।

ਸ਼ੁਕਰਵਾਰ ਦੇ ਵਰਤ ਦੇ ਮਹਾਤਮ ਸੰਬੰਧੀ ਕਈ ਕਥਾਵਾਂ ਪ੍ਰਚਲਤ ਹਨ। ਇਕ ਕਥਾ ਇਸ ਪ੍ਰਕਾਰ ਹੈ :— ਇਕ ਸੇਠ ਦੇ ਲੜਕੇ ਦਾ ਵਿਆਹ ਹੋ ਚੁਕਾ ਸੀ, ਪਰ ਉਹਦਾ ਮੁਕਲਾਵਾ ਅਜੇ ਨਹੀਂ ਸੀ ਆਇਆ। ਉਹ ਗਭਰੂ ਆਪਣੇ ਇਕ ਦੋਸਤ ਦੇ

ਘਰ ਗਿਆ ਅਤੇ ਦੋਸਤ ਦੀ ਪਤਨੀ ਨੂੰ ਉਸ ਦੀ ਖੂਬ ਸੇਵਾ ਕਰਦਿਆਂ ਵੇਖ ਕੇ, ਉਸ ਦਾ ਜੀਅ ਕੀਤਾ ਕਿ ਉਹ ਵੀ ਆਪਣੀ ਪਤਨੀ ਨੂੰ ਘਰ ਲੈ ਆਵੇ।

ਪਰ ਸ਼ੁਕਰ ਗ੍ਰਹਿ ਡੁਬਿਆ ਹੋਣ ਕਰ ਕੇ, ਇਨ੍ਹੀਂ ਦਿਨੀਂ ਕੰਨਿਆਂ ਨੂੰ ਪੇਕਿਉਂ ਸਹੁਰੇ ਘਰ ਲਿਆਉਣਾ ਸ਼ੁਭ ਨਹੀਂ ਹੁੰਦਾ। ਮਾਪਿਆਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਉਹ ਲੜਕਾ ਸਹੁਰੇ ਮੁਕਲਾਵਾ ਲੈਣ ਚਲਾ ਗਿਆ। ਸੱਸ ਸਹੁਰੇ ਨੇ ਵੀ ਉਸ ਨੂੰ ਬੜਾ ਸਮਝਾਇਆ ਕਿ ਸ਼ੁਕਰ ਅਸਤ ਵੇਲੇ ਮੁਕਲਾਵਾ ਲਿਜਾਣਾ ਠੀਕ ਨਹੀਂ ਹੁੰਦਾ। ਪਰ ਲੜਕਾ ਨਾ ਮੰਨਿਆ ਅਤੇ ਪਤਨੀ ਨੂੰ ਬਿਨਾਂ ਮੁਕਲਾਵੇ ਤੇ ਮਹੂਰਤ ਦੇ ਘਰੋਂ ਲੈ ਤੁਰਿਆ।

ਰਸਤੇ ਵਿਚ ਸੇਠ ਦੇ ਪੁਤਰ ਨੂੰ ਸ਼ੁਕਰ ਮਨੁੱਖੀ ਜਾਮੇ ਵਿਚ ਆ ਮਿਲਿਆ ਅਤੇ ਉਸ ਦੀ ਪਤਨੀ ਉਤੇ ਆਪਣਾ ਹੱਕ ਜਿਤਾਉਣ ਲੱਗਾ। ਦੋਹਾਂ ਵਿਚ ਕਾਫ਼ੀ ਬਹਿਸ ਹੋਈ। ਪਿੰਡ ਦੇ ਲੋਕ ਵੀ ਆ ਇਕੱਠੇ ਹੋਏ ਅਤੇ ਦੋਹਾਂ ਨੂੰ ਫੜ ਕੇ ਫ਼ੈਸਲੇ ਲਈ ਪਿੰਡ ਦੇ ਪੰਚਾਂ ਕੋਲ ਲੈ ਗਏ।

ਸੇਠ ਦੇ ਪੁਤਰ ਨੇ ਦਸਿਆ ਕਿ ਇਹ ਤੀਵੀਂ ਉਸ ਦੀ ਬਾਕਾਇਦਾ ਵਿਆਹੁਤਾ ਇਸਤ੍ਰੀ ਹੈ ਅਤੇ ਉਹ ਉਸ ਦਾ ਮੁਕਲਾਵਾ ਲਿਜਾ ਰਿਹਾ ਹੈ। ਸ਼ੁਕਰ ਨੇ ਕਿਹਾ ਕਿ ਦੈਵੀ ਨੇਮਾਂ ਅਨੁਸਾਰ ਇਕ ਤਾਂ ਜਦੋਂ ਤਕ ਕਿਸੇ ਕੁੜੀ ਦਾ ਮੁਕਲਾਵਾ ਨਹੀਂ ਤੋਰਿਆ ਜਾਂਦਾ, ਉਦੋਂ ਤਕ ਉਸ ਉਤੇ ਸ਼ੁਕਰ ਦਾ ਅਧਿਕਾਰ ਹੁੰਦਾ ਹੈ। ਦੂਜਾ, ਸ਼ੁਕਰ ਅਸਤ ਦੇ ਦਿਨਾਂ ਵਿਚ ਸ਼ੁਕਰ ਧਰਤੀ ਉਤੇ ਮਨੁੱਖੀ ਜਾਮੇ ਵਿਚ ਵਿਚਰਦਾ ਰਹਿੰਦਾ ਹੈ ਅਤੇ ਇਨ੍ਹੀਂ ਦਿਨੀਂ ਜਿਹੜੀ ਵੀ ਕੰਨਿਆਂ ਸਹੁਰੇ ਜਾਂ ਪੇਕੇ ਜਾਂਦੀ ਹੈ, ਉਸ ਉਤੇ ਸ਼ੁਕਰ ਦਾ ਜ਼ਿੰਦਗੀ ਭਰ ਅਧਿਕਾਰ ਰਹਿੰਦਾ ਹੈ। ਸੋ ਇਸ ਕੰਨਿਆਂ ਉਤੇ ਸ਼ੁਕਰ ਦਾ ਦੋਹਰਾ ਹੱਕ ਹੈ।

ਪੰਚਾਂ ਨੇ ਸ਼ੁਕਰ ਦੇ ਹੱਕ ਨੂੰ ਪ੍ਰਵਾਨ ਕਰ ਲਿਆ, ਪਰ ਨਾਲ ਹੀ ਉਨ੍ਹਾਂ ਨੇ ਬੇਨਤੀ ਕੀਤੀ ਕਿ ਉਹ ਸੇਠ ਦੇ ਲੜਕੇ ਨੂੰ ਖਿਮਾ ਕਰ ਦੇਵੇ। ਸ਼ੁਕਰ ਨੇ ਉਸ ਨੂੰ ਇਸ ਸ਼ਰਤ ਉਤੇ ਮਾਫ਼ ਕੀਤਾ ਕਿ ਉਹ ਆਪਣੀ ਪਤਨੀ ਨੂੰ ਵਾਪਸ ਸਹੁਰੇ ਘਰ ਛੱਡ ਆਵੇਗਾ ਅਤੇ ਸ਼ੁਕਰ ਤਾਰੇ ਦੇ ਚੜ੍ਹਨ ਉਪ੍ਰੰਤ ਮਹੂਰਤ ਕਢਵਾ ਕੇ, ਵਿਧੀ ਪੂਰਵਕ ਮੁਕਲਾਵਾ ਲੈ ਕੇ ਜਾਵੇਗਾ। ਨਾਲ ਹੀ ਗ਼ਲਤੀ ਦੀ ਤਲਾਫ਼ੀ ਵਜੋਂ ਸ਼ੁਕਰ ਤਾਰੇ ਦੇ ਚੜ੍ਹਨ ਤਕ ਉਹ ਹਰ ਸ਼ੁਕਰਵਾਰ ਵਰਤ ਰਖੇਗਾ ਤੇ ਸ਼ੁਕਰ ਦੀ ਮੂਰਤੀ ਦੀ ਅਰਚਾ ਪੂਜਾ ਕਰੇਗਾ।

ਇਕ ਹੋਰ ਕਥਾ-ਰੂਪਾਂਤਰ ਅਨੁਸਾਰ ਜਦੋਂ ਸੇਠ ਦਾ ਲੜਕਾ ਆਪਣੀ ਪਤਨੀ ਦਾ ਮੁਕਲਾਵਾ ਲੈ ਕੇ ਚਲਿਆ, ਤਾਂ ਰਾਹ ਵਿਚ ਉਸ ਦੇ ਰਥ ਦੇ ਪਹੀਏ ਟੁਟ ਗਏ। ਬਲਦ ਇਕ ਲਤ ਤੋਂ ਲੰਙੜਾ ਹੋ ਗਿਆ ਅਤੇ ਪਤਨੀ ਘਾਇਲ ਹੋ ਗਈ। ਉਹ ਹੋਰ ਅੱਗੇ ਗਏ, ਤਾਂ ਡਾਕੂਆਂ ਨੇ ਉਨ੍ਹਾਂ ਦਾ ਸਾਰਾ ਧਨ ਲੁਟ ਲਿਆ। ਅਨੇਕ ਕਠਨਾਈਆਂ ਦਾ ਸਾਹਮਣਾ ਕਰਦਾ ਜਦੋਂ ਉਹ ਦੰਪਤੀ ਜੋੜਾ ਘਰ ਪਹੁੰਚਿਆ, ਤਾਂ ਪਤੀ ਨੂੰ ਸਪ ਨੇ ਡੰਗ ਲਿਆ। ਸੇਠ ਨੂੰ ਜਦੋਂ ਸਾਰੀ ਗੱਲ ਦਾ ਪਤਾ ਲੱਗਾ, ਤਾਂ ਉਸ ਨੇ ਨੂੰਹ ਨੂੰ ਉਸੇ ਪੈਰ ਵਾਪਸ ਪੇਕੇ ਭੇਜ ਦਿਤਾ, ਜਿਸ ਨਾਲ ਪਤੀ ਫਿਰ ਸੁਰਜੀਤ ਹੋ ਗਿਆ। ਦੁਬਾਰਾ ਵਿਧੀ ਪੂਰਵਕ ਮੁਕਲਾਵਾ ਲਿਆਂਦਾ ਗਿਆ। ਉਦੋਂ ਤੋਂ ਸ਼ੁਕਰ ਨੂੰ ਪਤਿਆਣ ਤੇ ਵਿਆਹੁਤਾ ਜੀਵਨ ਦੇ ਸੁਖ ਆਨੰਦ ਲਈ ਸ਼ੁਕਰਵਾਰ ਨੂੰ ਵਰਤ ਰਖਣ ਦੀ ਪਿਰਤ ਪੈ ਗਈ।

ਸ਼ੁਕਰਵਾਰ ਵਾਲੇ ਦਿਨ ਸੰਤੋਸ਼ੀ ਮਾਤਾ ਦਾ ਵੀ ਵਰਤ ਰਖਿਆ ਜਾਂਦਾ ਹੈ। ਮਾਤਾ ਦੇ ਭਗਤ ਸੋਲਾਂ ਸ਼ੁਕਰਵਾਰ ਲਗਾਤਾਰ ਵਰਤ ਰਖਦੇ ਹਨ (ਵੇਖੋ : ਸੰਤੋਸ਼ੀ ਮਾਤਾ)।

(ਸ-597) **ਸ਼ੁਕਲ ਪਖ** :

(ਵੇਖੋ : ਸੁਦੀ)।

(ਸ-598) **ਸੁਕੇਸਰ** :

ਮੀਆਂ ਵਾਲੀ ਜ਼ਿਲੇ ਵਿਚ ਇਕ ਪਹਾੜੀ, ਜੋ ਮੈਦਾਨੀ ਖੇਤਰ ਵਿਚੋਂ ਛੱਪਰ ਵਾਂਗ ਅੱਗੇ ਵਲ ਉਭਰੀ ਹੋਈ ਹੈ। ਇਹ ਹਰੀ ਭਰੀ ਤੇ ਸੁਹਾਵਣੀ ਪਹਾੜੀ ਤੋਤੇ ਦੀ ਸ਼ਕਲ ਦੀ ਹੈ। ਦੂਰੋਂ ਇਉਂ ਜਾਪਦਾ ਹੈ ਜਿਵੇਂ ਕੋਈ ਵਡੇ ਆਕਾਰ ਦਾ ਤੋਤਾ ਮੈਦਾਨ ਵਿਚ ਬੈਠਾ ਹੋਵੇ। ਇਸੇ ਤੋਂ ਇਸ ਦਾ ਨਾਂ ਸੁਕੇਸਰ ਪਿਆ। ਸੁਕੇਸਰ ਪਦ 'ਸੁਕ' (ਤੋਤਾ) ਤੇ

'ਈਸ਼ਵਰ' ਦਾ ਸੰਯੁਕਤ ਹੈ। ਜਾਪਦਾ ਹੈ ਇਹ ਨਾਂ ਇਸ ਪਹਾੜੀ ਨੂੰ ਪ੍ਰਾਚੀਨ ਕਾਲ ਵਿਚ ਆਰੀਆ ਜਾਤੀ ਦੇ ਲੋਕਾਂ ਨੇ ਦਿਤਾ। ਤੋਤਾ ਕਾਮ ਦੇਵਤੇ ਦਾ ਵਾਹਣ ਹੈ, ਜਿਸ ਲਈ ਇਸ ਧਰਤੀ ਦਾ ਸਬੰਧ ਕਾਮਦੇਵ ਨਾਲ ਵੀ ਜੋੜਿਆ ਜਾਂਦਾ ਹੈ।

(ਸ-599) **ਸੁਕੇਸ਼ੀ** :

ਇੰਦਰ ਦੇ ਅਖਾੜੇ ਦੀ ਇਕ ਅਪੱਛਰਾਂ; ਸਿਰ ਦੇ ਵਾਲ ਲੰਮੇ ਤੇ ਸੁੰਦਰ ਹੋਣ ਕਰ ਕੇ ਇਹਦਾ ਨਾਂ ਸੁਕੇਸ਼ੀ ਪਿਆ।

(ਸ-600) **ਸੁਕੇ ਹਰੇ ਹੋਣਾ** :

ਲੋਕ-ਕਹਾਣੀਆਂ ਦੀ ਇਕ ਕਥਾਨਿਕ ਰੂੜ੍ਹੀ; ਲੋਕ ਧਾਰਨਾ ਹੈ ਕਿ ਕਿਸੇ ਪੀਰ ਫ਼ਕੀਰ ਦੇ ਕਦਮਾਂ ਸਦਕਾ ਜਾਂ ਸਤੀ ਇਸਤ੍ਰੀ ਦੀ ਛੁਹ ਨਾਲ ਸੁਕੇ ਬਾਗ਼ ਤੇ ਬ੍ਰਿਛ ਬੂਟੇ ਹਰੇ ਭਰੇ ਹੋ ਜਾਂਦੇ ਹਨ। ਇਸੇ ਤਰ੍ਹਾਂ ਜੇ ਸੁਕੇ ਬਾਗ਼ ਉਤੇ ਕੋਈ ਦੈਵੀ ਸ਼ਖ਼ਸ ਆਪਣੇ ਹੱਥਾਂ ਨਾਲ ਪਾਣੀ ਦੇ ਛੱਟੇ ਮਾਰੇ, ਤਾਂ ਸਾਰਾ ਬਾਗ਼ ਮੁੜ ਹਰਾ ਭਰਾ ਹੋ ਜਾਂਦਾ ਹੈ।

ਜਦੋਂ ਪੂਰਨ ਨਾਥ ਜੋਗ ਗ੍ਰਹਿਣ ਕਰਨ ਮਗਰੋਂ ਸਿਆਲਕੋਟ ਮਾਂ ਨੂੰ ਮਿਲਣ ਵਾਸਤੇ ਆਇਆ, ਤਾਂ ਉਹਨੇ ਸਲਵਾਨ ਦੇ ਬਾਗ਼ ਵਿਚ ਪਾਣੀ ਦੇ ਛੱਟੇ ਮਾਰੇ, ਜਿਸ ਨਾਲ ਸਾਰਾ ਬਾਗ਼ ਮੁੜ ਹਰਾ ਭਰਾ ਹੋ ਗਿਆ : ''ਕਾਦਰਯਾਰ ਤਰੌਂਕਿਆ ਜਾਇ ਪਾਣੀ, ਦਾਖਾਂ ਪਕੀਆਂ ਨੀ ਸਾਵਧਾਨ ਹੋ ਕੇ।''

ਹੁਸ਼ਿਆਰਪੁਰ ਤੋਂ ਛੇ ਮੀਲ ਦੱਖਣ ਵਲ ਇਕ ਗੁਰਦੁਆਰਾ 'ਹਰੀਆਂ ਵੇਲਾਂ' ਹੈ, ਜਿਥੇ ਗੁਰੂ ਹਰਿਰਾਇ ਸਾਹਿਬ ਦੀ ਛੁਹ ਨਾਲ ਸੁਕੀਆਂ ਵੇਲਾਂ ਹਰੀਆਂ ਹੋ ਗਈਆਂ ਸਨ (ਮਹਾਨ ਕੋਸ਼, 200)। ਇਕ ਲੋਕ ਕਹਾਣੀ ਵਿਚ ਪਤੀ ਆਪਣੀ ਪਤਨੀ ਦੇ ਸਤਿ ਦੀ ਪ੍ਰੀਖਿਆ ਲੈਣ ਲਈ, ਉਸ ਨੂੰ ਸੁਕੇ ਬ੍ਰਿਛ ਉਤੇ ਪਾਣੀ ਦੇ ਛੱਟੇ ਮਾਰਨ ਲਈ ਕਹਿੰਦਾ ਹੈ। ਛੱਟੇ ਮਾਰਦੇ ਸਾਰ ਦਰੱਖ਼ਤ ਹਰਾ ਭਰਾ ਹੋ ਜਾਂਦਾ ਹੈ।

(ਸ-601) **ਸੁਕੇਤ** :

ਸਤਲੁਜ ਦੇ ਉਤਰ ਵਲ ਇਕ ਪਹਾੜੀ ਇਲਾਕਾ, ਜੋ ਕਦੇ ਰਾਜੇ ਦੀ ਰਿਆਸਤ ਸੀ, ਪਰ ਹੁਣ ਹਿਮਾਚਲ ਪ੍ਰਦੇਸ਼ ਦਾ ਅੰਗ ਹੈ। ਸੁਕੇਤ ਦੇ ਲੋਕ ਪਛੜੇ ਹੋਏ ਹੋਣ ਕਰ ਕੇ ਅੰਧ-ਵਿਸ਼ਵਾਸੀ ਹਨ ਅਤੇ ਟੂਣੇ ਟੱਪੇ, ਮੰਤਰਾਂ, ਗੰਢ-ਤਵੀਤਾਂ ਵਿਚ ਅਜੇ ਵੀ ਮਧਕਾਲੀ ਭਾਵਨਾ ਤੇ ਆਸਥਾ ਰਖਦੇ ਹਨ, ਜਿਸ ਕਰ ਕੇ ਪੰਜਾਬੀਆਂ ਵਿਚ ਇਥੋਂ ਦੀ ਯਾਤ੍ਰਾ ਬਾਰੇ ਇਕ ਕਹਾਵਤ ਪ੍ਰਚਲਤ ਹੈ — ''ਗਏ ਸੁਕੇਤ ਹੋਏ ਪ੍ਰੇਤ।''

(ਸ-602) **ਸੁਖਣਾ** :

(ਵੇਖੋ : ਮੰਨਤ)।

(ਸ-603) **ਸੁਖਨ** :

ਲੋਕ-ਕਹਾਣੀਆਂ ਦਾ ਇਕ ਵਿਸ਼ੇਸ਼ ਰੂਪ; ਸੁਖਨ ਕਿਸੇ ਸਤਿ, ਨੈਤਿਕ ਜਾਂ ਅਧਿਆਤਮਕ ਕਥਨ ਉਤੇ ਆਧਾਰਤ ਬ੍ਰਿਤਾਂਤ ਹੈ ਅਤੇ ਇਹ ਰੂਪ-ਰਚਨਾ ਅਖਾਣਾਂ ਵਾਂਗ ਹੀ ਵਿਹਾਰਕ ਅਤੇ ਉਪਦੇਸ਼ਾਤਮਿਕ ਹੈ। ਕਈ ਸੁਖਨਾਂ ਵਿਚ ਤਾਂ ਰੌਚਿਕ ਬ੍ਰਿਤਾਂਤ ਵਿਦਮਾਨ ਹੈ, ਜੋ ਕਿਸੇ ਕਥਨ ਦੀ ਵਿਆਖਿਆ ਦਾ ਹੀ ਬਿੰਬ ਰੂਪ ਹੈ, ਪਰ ਕਈ ਸੁਖਨਾਂ ਵਿਚ ਬ੍ਰਿਤਾਂਤ ਜਾਂ ਪ੍ਰਸੰਗ ਦੀ ਥਾਂ ਕੋਈ ਅਨੁਭਵ-ਖੰਡ ਹੀ ਪੇਸ਼ ਹੁੰਦਾ ਹੈ ਅਤੇ ਪਾਤਰਾਂ ਦੀ ਵਾਰਤਾਲਾਪ ਵਿਚੋਂ ਜਾਂ ਤਾਂ ਅਧਿਆਤਮਕ ਰਹੱਸ ਉਦੈ ਹੁੰਦਾ ਹੈ ਜਾਂ ਨੈਤਿਕਤਾ। ਪਰ ਕੁਝ ਸੁਖਨਾਂ ਵਿਚ ਤਾਂ ਬ੍ਰਿਤਾਂਤ ਦਾ ਮੁਢੋਂ ਹੀ ਅਭਾਵ ਹੈ। ਸੁਖਨ ਦੇ ਰਸ ਦਾ ਮੂਲ ਸਰੋਤ ਕਥਾ ਨਹੀਂ ਗਿਆਨ ਦਾ ਉਦੈ ਹੈ।

ਪੰਜਾਬੀ ਵਿਚ ਇਸੇ ਚਰਿਤ੍ਰ ਦੇ ਤਿੰਨ ਕਥਾ-ਰੂਪ ਮਿਲਦੇ ਹਨ — 'ਸੁਖਨ', 'ਬਚਨ' ਤੇ 'ਗੱਲਾਂ'। ਇਨ੍ਹਾਂ ਤਿੰਨਾਂ ਸ਼ਬਦਾਂ ਦੇ ਅਰਥ ਗੱਲਾਂ ਹੀ ਹਨ। ਸੁਖਨ ਵਿਚ ਮੁਸਲਮਾਨ ਪੀਰਾਂ ਆਦਿ ਦੇ ਬਚਨ-ਬਿਲਾਸ ਤੇ ਪੁੰਨ-ਕਰਮਾਂ ਦੀ ਚਰਚਾ ਹੁੰਦੀ ਹੈ। ਇਨ੍ਹਾਂ ਦੀ ਸਿਰਜਨਾ ਦਾ ਆਧਾਰ ਮੁਸਲਮਾਨੀ ਪਰੰਪਰਾ ਅਤੇ ਰੂੜ੍ਹੀਆਂ ਹਨ। 'ਬਚਨ' ਵਿਚ ਹਿੰਦੂ ਸਾਧ, ਸੰਤਾਂ ਆਦਿ ਦੇ ਸੰਬਾਦ ਤੇ ਸਤਿ ਕਰਮ ਦਾ ਵਰਨਣ ਹੈ, ਪਰ 'ਗੱਲਾਂ' ਵਿਚ ਆਮ ਜੀਵਨ ਦੀ ਕੋਈ ਵਿਸ਼ੇਸ਼ ਗੱਲ ਜਾਂ ਅਨੁਭਵ ਖੰਡ ਦਿਤਾ ਹੁੰਦਾ ਹੈ। ਸੁਖਨ ਤੇ ਬਚਨ

ਵਿਚ ਧਾਰਮਕ ਸੰਕਲਪ ਤੇ ਅਧਿਆਤਮਕ ਭਾਵਨਾ ਪ੍ਰਧਾਨ ਰਹੀ ਹੈ, ਪਰ ਗੱਲਾਂ ਵਿਚ ਸੰਸਾਰਕ ਭਾਵਨਾ। ਸੁਖਨ ਤੇ ਬਚਨ ਦੋਵੇਂ ਹੀ ਸਾਧ-ਮਾਨਸ ਦੀ ਅਭਿਵਿਅਕਤੀ ਹਨ, ਪਰ ਗੱਲਾਂ ਲੋਕ-ਮਨ ਦੀਆਂ। ਪਹਿਲੇ ਦੋਵੇਂ ਰੂਪ ਇਤਿਹਾਸਕ ਜਾਂ ਅਰਧ-ਇਤਿਹਾਸਕ ਵਿਅਕਤੀ ਨਾਲ ਸੰਬੰਧਤ ਹੋਣ ਕਰ ਕੇ ਦੰਦ-ਕਥਾਵਾਂ ਦੇ ਖੇਤਰ ਦੀ ਵਸਤੂ ਹਨ, ਪਰ ਗੱਲਾਂ ਵਿਅਕਤੀ ਵਿਸ਼ੇਸ਼ ਨਾਲ ਸੰਬੰਧਤ ਹੁੰਦਿਆਂ ਵੀ ਉਨ੍ਹਾਂ ਨੂੰ ਇਤਿਹਾਸਕ ਜਾਂ ਅਰਧ-ਇਤਿਹਾਸਕ ਮਾਨਤਾ ਪ੍ਰਾਪਤ ਨਹੀਂ ਹੁੰਦੀ।

ਸੁਖਨ/ਬਚਨ ਕਈ ਵਾਰ ਸਾਖੀ ਦੀ ਸੀਮਾ ਜਾ ਛੂਹੰਦੇ ਹਨ। ਦੋਹਾਂ ਦੀਆਂ ਸੀਮਾ ਵੱਖੋ ਵਖ ਹੁੰਦਿਆਂ ਵੀ ਕਈ ਵਾਰ ਇਹ ਨਿਰਣਾ ਕਰਨਾ ਕਠਨ ਹੋ ਜਾਂਦਾ ਹੈ ਕਿ ਅਮੁਕੀ ਰਚਨਾ ਸੁਖਨ/ਬਚਨ ਹੈ ਜਾਂ ਸਾਖੀ। ਕਿਉਂ ਜੋ ਸੁਖਨ/ਬਚਨ ਵਿਚ ਸਾਖੀ ਵਾਲੀ ਭਾਵਨਾ ਹੀ ਵਿਦਮਾਨ ਹੈ। ਪਰ ਸੁਖਨ ਅਤੇ ਸਾਖੀ ਦੋਹਾਂ ਵਿਚ ਅੰਤਰ ਵੀ ਪ੍ਰਤੱਖ ਹੈ। ਸਾਖੀ ਵਿਚ ਮਹਾਤਮਾ ਪੁਰਸ਼ਾਂ ਦੇ ਜੀਵਨ-ਚਰਿਤ੍ਰ ਤੇ ਕਰਮ ਉਤੇ ਬਲ ਹੁੰਦਾ ਹੈ, ਜਿਥੇ ਸੁਖਨ/ਬਚਨ ਵਿਚ ਉਨ੍ਹਾਂ ਦੇ ਸਤਿ ਕਥਨ ਉਤੇ। ਜਾਂ ਇਉਂ ਕਹਿ ਲਓ ਸਾਖੀ ਸਤ ਕਰਮ ਦੁਆਲੇ ਸਿਰਜੀ ਹੁੰਦੀ ਹੈ ਅਤੇ ਸੁਖਨ/ਬਚਨ ਸਤਿ ਬਚਨ ਦੁਆਲੇ।

ਹੇਠਾਂ ਨਮੂਨੇ ਦਾ ਇਕ ਸੁਖਨ ਦਿਤਾ ਜਾਂਦਾ ਹੈ :— ਸੁਖਨ ਹੈ, ਜੋ ਮਾਇਆ ਤਾਈਂ ਜਿਹੜੇ ਓੜਕ ਦੇ ਸਾਈਂ ਦੇ ਅੱਗੇ ਹਾਜ਼ਰ ਕਰੀਐ ਗਾ, ਸੋ ਸੂਰਤਿ ਬੁੱਢੀ ਮਾਈ ਦੀ, ਮੂੰਹ ਉਸ ਦਾ ਕਾਲਾ ਅਤੇ ਅੱਖੀਆਂ ਬਿਲੀਆਂ ਦੀਆਂ, ਅਰੁ ਦੰਦ ਬਾਹਰ ਨਿਕਲੇ ਹੋਏ। ਅਰ ਹੋਂਠ ਉਪਰ ਦੇ ਤਲੇ ਅਰ ਤਲੇ ਦੇ ਉਪਰਿ ਚੜੇ ਹੋਏ। ਸੋ ਜੋ ਕੋਈ ਦੇਖਹਿਗਾ ਸੋ ਡਰੇਗਾ। ਫੇਰ ਦਰਗਾਹ ਸਾਈਂ ਦੀ ਤੇ ਆਵਾਜ਼ ਆਵੇਗੀ ਜੁ ਹੇ ਲੋਕੋ! ਪਛਾਣਦੇ ਹੋ ਇਸ ਦੇ ਤਾਈਂ ? ਤਬ ਸਭੇ ਕਹਿਣਗੇ — ਹੇ ਸਾਈਂ, ਰਖ ਲੈ ਅਸਾਨੂੰ ਇਸਥੋਂ, ਅਸੀਂ ਤਾਂ ਨਹੀਂ ਪਛਾਣਦੇ। ਤਬ ਫੇਰ ਆਵਾਜ਼ ਹੋਵੇਗੀ ਜੁ ਇਹ ਮਾਇਆ ਹੈ, ਜਿਸ ਦੀ ਤੁਸੀਂ ਵਡਿਆਈ ਕਰਦੇ ਸੋ ਅਰ ਜਿਸ ਕਰ ਕੇ ਗਰੀਬਾਂ ਨੂੰ ਦੁਖ ਪਹੁੰਚਾਂਦੇ ਅਰ ਧਰਮ ਆਪਣੇ ਦੇ ਤਾਈਂ ਵੇਚਦੇ ਆਹੇ ਅਤੇ ਸੋ ਉਹ ਮਾਇਆ ਹੈ, ਜਿਹੜੀ ਤੁਸਾਡੀ ਪਿਆਰੀ ਆਹੀ। ਤਬ ਫੇਰਿ ਹੁਕਮ ਹੋਵੈਗਾ, ਜੁ ਮਾਇਆ ਨੂੰ ਨਰਕਿ ਘਤੋ। ਤਬ ਮਾਇਆ ਉਸ ਵਕਤ ਪੁਕਾਰ ਕਰੇਗੀ — ਜੋ ਹੇ ਸਾਈਂ, ਕਿਥੇ ਹੈਨ ਪਿਆਰੇ ਮੇਰੇ। ਅਰ ਹੁਕਮ ਮੰਨਣੇ ਵਾਲੇ ਮੇਰੇ ? ਤਬ ਫੇਰਿ ਹੁਕਮ ਹੋਸੀ, "ਜੁ ਇਸ ਦੇ ਪਿਆਰਿਆਂ ਨੂੰ ਵੀ ਨਰਕਿ ਘਤੋ।"

ਪੰਜਾਬੀ ਵਿਚ ਸੁਖਨਾਂ ਦੇ ਕੁਝ ਸੰਕਲਨ 'ਸੁਖਨ ਸਾਈਂ ਲੋਕਾਂ ਦੇ' ਅਤੇ 'ਸੁਖਨ ਫ਼ਕੀਰਾਂ ਦੇ' ਨਾਉਂ ਹੇਠ ਹਥ-ਲਿਖਤ ਰੂਪ ਵਿਚ ਮਿਲਦੇ ਹਨ।

(ਸ-604) **ਸੁਖਾਵਤੀ** :

ਬੋਧੀ ਪੁਰਾਣਧਾਰਾ ਅਨੁਸਾਰ ਇਕ ਸਵਰਗ; ਪੁਰਾਣਾਂ ਦੇ ਪ੍ਰਭਾਵ ਹੇਠ ਬੋਧੀਆਂ ਨੇ ਵੀ ਅਨੇਕਾਂ ਸਵਰਗਾਂ ਦੀ ਕਲਪਨਾ ਕੀਤੀ, ਜੋ ਧਰਤੀ ਨਾਲੋਂ ਪਰੇਡੇ ਭਿੰਨ ਭਿੰਨ ਲੋਕਾਂ ਵਿਚ ਸਥਿਤ ਹਨ। ਇਹ ਸਭ ਸਵਰਗ ਕਿਸੇ ਨਾ ਕਿਸੇ ਬੁਧ ਦੇ ਅਧਿਕਾਰ ਹੇਠ ਹਨ ਅਤੇ ਪ੍ਰਾਣੀਆਂ ਨੂੰ ਜਗਤ ਦੇ ਦੁਖਾਂ ਤੋਂ ਮੁਕਤ ਕਰਨ ਲਈ, ਵਖਰੇ ਲੋਕ ਸਥਾਪਿਤ ਕਰਨ ਦੇ ਸੰਕਲਪ ਨੂੰ ਸਾਕਾਰ ਕਰਦੇ ਹਨ। ਇਨ੍ਹਾਂ ਸਵਰਗਾਂ ਦੀ ਗਿਣਤੀ ਅਨੰਤ ਹੈ, ਪਰ ਇਨ੍ਹਾਂ ਵਿਚੋਂ ਦੋ ਸਵਰਗ ਖ਼ਾਸ ਮਹਾਨਤਾ ਰਖਦੇ ਹਨ। ਇਕ ਪੂਰਬੀ ਖੰਡ ਵਲ ਸਥਿਤ ਹੈ, ਜਿਥੇ ਸਭ ਦੁਖਾਂ ਦਾ ਦਾਰੂ ਬੁਧ ਖ਼ੁਦ ਵਿਦਮਾਨ ਹੈ ਅਤੇ ਦੂਜਾ ਪਛਮੀ ਖੰਡ ਵਲ, ਜਿਸ ਨੂੰ ਸੁਖਾਵਤੀ ਕਹਿੰਦੇ ਹਨ। ਸੁਖਾਵਤੀ ਉਤੇ ਬੁਧ ਅਮਿਤਾਭ ਦਾ ਅਧਿਕਾਰ ਹੈ। ਅਮਿਤਾਭ ਪ੍ਰਾਚੀਨ ਕਾਲ ਦਾ ਇਕ ਭਿਖਸ਼ੂ ਸੀ, ਜਿਸ ਨੂੰ ਧਰਮਕਾਰ (ਧਰਮ ਦੀ ਖਾਣ) ਕਹਿੰਦੇ ਸਨ। ਦਸ ਕਲਪ ਹੋਏ ਉਸ ਨੂੰ ਬੁਧ ਦੀ ਪਦਵੀ ਪ੍ਰਾਪਤ ਹੋਈ ਸੀ। ਧਰਮਕਾਰ ਨੇ ਸੰਕਲਪ ਕੀਤਾ ਸੀ ਕਿ ਜਦੋਂ ਉਸ ਨੂੰ ਬੋਧੀਸਤ੍ਵ ਪ੍ਰਾਪਤ ਹੋ ਗਿਆ ਤਾਂ ਉਹ ਸੁਖਾਵਤੀ ਦਾ ਖੰਡ ਸਿਰਜੇਗਾ, ਜਿਥੇ ਨਿਰਵਾਣ ਪ੍ਰਾਪਤ ਕਰਨ ਤੋਂ ਪਹਿਲਾਂ ਪ੍ਰਾਣੀ ਆ ਕੇ ਦੈਵੀ ਗੁਣ ਗ੍ਰਹਿਣ ਕਰਨਗੇ ਅਤੇ ਉਨ੍ਹਾਂ ਪ੍ਰਾਣੀਆਂ ਨੂੰ ਬ੍ਰਹਿਮੰਡ ਦੇ ਸਾਰੇ ਬੁਧਾਂ ਨੂੰ ਨੂਰੀ ਰੂਪ ਵਿਚ ਮਿਲਣ ਦੇ ਅਤੇ ਉਨ੍ਹਾਂ ਨਾਲ ਬਚਨ-ਬਿਲਾਸ ਕਰਨ ਦੇ ਮੌਕੇ ਉਪਲਬਧ

ਹੋਣਗੇ। ਅਮਿਤਾਭ ਸਾਕਯਮੁਨੀ ਦਾ ਧਿਆਨੀ ਬੁਧ ਹੈ।

ਸੁਖਾਵਤੀ ਸਵਰਗ ਵਿਚ ਪ੍ਰਾਣੀ ਆਪਣੇ ਕਿਸੇ ਕਰਮਾਂ ਦਾ ਫਲ ਭੋਗਣ ਲਈ ਨਹੀਂ ਆਉਂਦਾ, ਸਗੋਂ ਉਹ ਉਥੋਂ ਦੇ ਦੈਵੀ ਪ੍ਰਭਾਵ ਨਾਲ ਆਪਣੇ ਮਨ ਨੂੰ ਧੋ ਕੇ ਉਜਲਾ ਕਰਦਾ ਹੈ। ਇਸ ਸਵਰਗ ਵਿਚ ਪ੍ਰਾਣੀ ਅਮਰਤਵ ਦੀ ਪ੍ਰਾਪਤੀ ਜਾਂ ਚਿਰ-ਸਥਾਈ ਨਿਵਾਸ ਲਈ ਵੀ ਨਹੀਂ ਆਉਂਦਾ। ਇਥੇ ਤਾਂ ਬੁਧਸਤ੍ਵ ਲਈ ਜਗਿਆਸਾ ਰਖਣ ਵਾਲੀਆਂ ਪੁੰਨ ਆਤਮਾ, ਬੁਧ ਦੀ ਨੂਰੀ ਕਾਇਆ ਦੇ ਦਰਸ਼ਨ ਤੇ ਬਚਨ ਬਿਲਾਸ ਕਰ ਕੇ ਨਿਹਾਲ ਹੁੰਦੀਆਂ ਤੇ ਪ੍ਰਵਾਨ ਚੜ੍ਹਦੀਆਂ ਹਨ।

ਇਸ ਸਵਰਗ ਵਿਚ ਸਾਰੇ ਮਾਨਵੀ ਸੁਖ ਪ੍ਰਾਪਤ ਹਨ। ਇਹ ਸਾਰਾ ਖੇਤਰ ਚੁਫੇਰਿਉਂ ਸੋਨੇ, ਚਾਂਦੀ, ਫ਼ਿਰੋਜ਼ੇ ਅਤੇ ਬਲੌਰਾਂ ਨਾਲ ਘਿਰਿਆ ਹੋਇਆ ਹੈ। ਇਥੋਂ ਦੇ ਸਰੋਵਰਾਂ ਵਿਚ ਹੀਰੇ ਤੇ ਪੰਨਿਆਂ ਨਾਲ ਸ਼ਿੰਗਾਰੇ ਕੰਵਲ ਫੁਲ ਹਨ, ਜਿਨ੍ਹਾਂ ਦੀ ਅਲੌਕਿਕ ਆਭਾ ਮਨ ਨੂੰ ਟੁੰਬਦੀ ਹੈ। ਇਥੋਂ ਦੇ ਵਗਦੇ ਪਾਣੀਆਂ ਵਿਚ ਭਿੰਨੀ ਭਿੰਨੀ ਮਹਿਕ ਹੈ ਅਤੇ ਹਰ ਪ੍ਰਵਾਹ ਦੀ ਸੁਗੰਧ ਅਨੂਠੀ ਹੈ। ਵਾਤਾਵਰਨ ਵਿਚ ਵਿਸਮਾਦ ਭਰਿਆ ਸੰਗੀਤ ਫੈਲਿਆ ਰਹਿੰਦਾ ਹੈ। ਇਸ ਸਵਰਗ ਵਿਚ ਪ੍ਰਾਣੀ ਅਮਿਟ ਅਤੇ ਦੀਰਘ ਆਯੂ ਭੋਗਦਾ ਹੈ। ਨਾਲ ਹੀ ਇਥੇ ਉਸ ਨੂੰ ਹਰ ਮਨ ਚਾਹੀ ਵਸਤੂ ਪ੍ਰਾਪਤ ਹੁੰਦੀ, ਹਰ ਤਰ੍ਹਾਂ ਦੇ ਖਾਣੇ, ਕਪੜੇ, ਸ਼ਿੰਗਾਰ, ਮਹਿਲ ਅਤੇ ਸੁਖ ਆਨੰਦ ਭੋਗਣ ਲਈ ਮਿਲਦੇ ਹਨ। ਇਤਨੇ ਸੁਖ ਭੋਗਾਂ ਦੇ ਬਾਵਜੂਦ ਇਥੇ ਕੋਈ ਇਸਤ੍ਰੀ ਨਹੀਂ, ਕਿਉਂ ਜੋ ਇਸ ਸਵਰਗ ਨੂੰ ਪ੍ਰਾਪਤ ਕਰਨ ਵਾਲਾ ਹਰ ਪ੍ਰਾਣੀ ਭਾਵੇਂ ਮਰਦ ਹੋਵੇ ਤੇ ਭਾਵੇਂ ਇਸਤ੍ਰੀ, ਮਰਦ ਦੀ ਕਾਇਆ ਹੀ ਭੋਗਦਾ ਹੈ। ਨਿਰਵਾਣ ਨਾਲੋਂ ਇਸ ਸਵਰਗ ਦੀ ਪ੍ਰਾਪਤੀ ਸੌਖੀ ਹੈ। ਕੇਵਲ ਬੁਧ ਅਮਿਤਾਭ ਦੇ ਨਾਂ ਦੇ ਜਾਪ ਨਾਲ ਹੀ ਸੁਖਾਵਤੀ ਉਪਲਬਧ ਹੋ ਜਾਂਦਾ ਹੈ। ਇਥੇ ਸਮੂਚਾ ਭੋਗ ਦੈਵੀ ਆਨੰਦ ਦਾ ਹੈ।

**(ਸ-605) ਸੁਗ੍ਰੀਵ :**

ਰਾਮਾਇਣ ਅਨੁਸਾਰ ਸੁਗ੍ਰੀਵ ਸੂਰਜ ਦਾ ਪੁਤਰ ਸੀ। ਉਸ ਨੇ ਲੰਮੇ ਤਪ ਸਾਧ ਕੇ ਕਈ ਤਰ੍ਹਾਂ ਦੀਆਂ ਸ਼ਕਤੀਆਂ ਗ੍ਰਹਿਣ ਕੀਤੀਆਂ ਹੋਈਆਂ ਸਨ ਅਤੇ ਉਹ ਸਵੈ-ਇਛਾ ਨਾਲ ਆਪਣਾ ਰੂਪ ਬਦਲ ਲੈਂਦਾ ਸੀ।

ਸੁਗ੍ਰੀਵ ਦਖਣੀ ਭਾਰਤ ਦੇ ਇਕ ਖੇਤਰ ਕਿਸ਼ਕੰਧਾ ਦਾ ਰਾਜਾ ਸੀ। ਉਸ ਦੇ ਭਰਾ ਬਾਲੀ ਨੇ ਉਸ ਤੋਂ ਰਾਜ ਖੋਹ ਲਿਆ ਅਤੇ ਸੁਗ੍ਰੀਵ ਦੱਖਣ ਦੇ ਇਕ ਪਹਾੜ ਰਿਸ਼ਯਮੂਕ, ਜੋ ਪੰਪਾ ਨਦੀ ਦੇ ਸੋਮੇ ਲਾਗੇ ਸਥਿਤ ਹੈ, ਜਾ ਵਸਿਆ।

ਜਦੋਂ ਰਾਮਚੰਦਰ ਸੀਤਾ ਨੂੰ ਢੂੰਡਦੇ ਹੋਏ ਦੱਖਣ ਵਲ ਆਏ ਤਾਂ ਉਨ੍ਹਾਂ ਦਾ ਟਾਕਰਾ ਇਕ ਦੈਂਤ ਕਬੰਧ ਦੇ ਨਾਲ ਹੋਇਆ। ਰਾਮ ਚੰਦਰ ਨੇ ਉਸ ਦੈਂਤ ਨੂੰ ਮਾਰ ਕੇ ਮੁਕਤ ਕੀਤਾ। ਤਾਂ ਮਰਨ ਵੇਲੇ ਕਬੰਧ ਨੇ ਰਾਮ ਚੰਦਰ ਨੂੰ ਸੁਗ੍ਰੀਵ ਦੀ ਸਹਾਇਤਾ ਲੈਣ ਦੀ ਪ੍ਰੇਰਨਾ ਦਿਤੀ ਅਤੇ ਉਸੇ ਨੇ ਹੀ ਰਾਮ ਚੰਦਰ ਨੂੰ ਸੁਗ੍ਰੀਵ ਦਾ ਪਤਾ ਟਿਕਾਣਾ ਦਸਿਆ। ਰਾਮ ਚੰਦਰ ਨੇ ਰਿਸ਼ਯਮੂਕ ਪਹੁੰਚ ਕੇ ਸੁਗ੍ਰੀਵ ਤੋਂ ਮਦਦ ਮੰਗੀ। ਰਾਮ ਚੰਦਰ ਨੇ ਬਾਲੀ ਨੂੰ ਮਾਰ ਕੇ ਸੁਗ੍ਰੀਵ ਨੂੰ ਕਿਸ਼ਕੰਧਾ ਦਾ ਰਾਜ ਮੁੜ ਦਿਵਾਇਆ। ਰਾਵਣ ਨਾਲ ਯੁਧ ਸਮੇਂ ਸੁਗ੍ਰੀਵ ਨੇ ਬੀਰਤਾ ਦੇ ਕਈ ਚਮਤਕਾਰ ਵਿਖਾਏ। ਜਦੋਂ ਰਾਵਣ ਸੁਗ੍ਰੀਵ ਦੇ ਸਾਹਮਣੇ ਆਇਆ ਤਾਂ ਸੁਗ੍ਰੀਵ ਉਛਲ ਕੇ ਉਸ ਦੇ ਸਿਰ ਉਤੇ ਜਾ ਚੜ੍ਹਿਆ ਅਤੇ ਉਸ ਦਾ ਕੀਮਤੀ ਤਾਜ ਲੀਰੋ ਲੀਰ ਕਰ ਸੁਟਿਆ। ਦੋਹਾਂ ਵਿਚ ਕਾਫ਼ੀ ਦੇਰ ਤਕ ਲੜਾਈ ਹੁੰਦੀ ਰਹੀ, ਜਿਸ ਵਿਚ ਸੁਗ੍ਰੀਵ ਦੀ ਜਾਨ ਮਸਾਂ ਬਚੀ।

ਇਕ ਵਾਰ ਸੁਗ੍ਰੀਵ ਯੁਧ ਵਿਚ ਕੁੰਭਕਰਨ ਹਥੋਂ ਮਰਦਾ ਹੋਇਆ ਮਸਾਂ ਬਚਿਆ। ਕੁੰਭਕਰਨ ਨੇ ਪਹਾੜ ਨਾਲੋਂ ਇਕ ਵਡੀ ਚਟਾਨ ਤੋੜ ਕੇ ਸੁਗ੍ਰੀਵ ਵਲ ਸੁਟੀ। ਸੁਗ੍ਰੀਵ ਬੇਹੋਸ਼ ਹੋ ਕੇ ਡਿਗ ਪਿਆ। ਜਦੋਂ ਕੁੰਭਕਰਨ ਸੁਗ੍ਰੀਵ ਨੂੰ ਖਾਣ ਲੱਗਾ ਤਾਂ ਸੁਗ੍ਰੀਵ ਹੋਸ਼ ਵਿਚ ਆ ਗਿਆ ਅਤੇ ਉਛਲ ਕੇ ਕੁੰਭਕਰਨ ਦਾ ਕੰਨ ਵਢ ਕੇ ਨਠ ਗਿਆ।

ਸੁਗ੍ਰੀਵ ਨੇ ਰਾਵਣ ਦੀ ਫ਼ੌਜ ਦੇ ਕਈ ਸੈਨਾਪਤੀਆਂ ਦਾ ਬਧ ਕੀਤਾ। ਕੁੰਭ ਨਿਕੁੰਭ ਨਾਂ

ਦੇ ਦੈਂਤਾਂ ਦੀ ਮੌਤ ਸੁਗ੍ਰੀਵ ਦੇ ਹਥੋਂ ਹੀ ਹੋਈ। ਰਾਮ ਚੰਦਰ ਦੀ ਵਿਜੈ ਮਗਰੋਂ ਸੁਗ੍ਰੀਵ ਆਪਣੀ ਪਤਨੀ ਸਮੇਤ ਵਾਨਰ ਸੈਨਾ ਨਾਲ ਅਜੁਧਿਆ ਗਿਆ ਅਤੇ ਕੁਝ ਦਿਨ ਉਥੇ ਠਹਿਰ ਕੇ ਫਿਰ ਕਿਸ਼ਕੰਧਾ ਵਾਪਸ ਆ ਗਿਆ।

(ਸ-606) **ਸੁੰਘਣਾ** :

ਪੰਜਾਬ ਵਿਚ ਸੁੰਘਣ ਦੀ ਕਿਰਿਆ ਨਾਲ ਬਹੁਤ ਸਾਰੀਆਂ ਮਨੌਤਾਂ ਅਤੇ ਭਰਮ ਵਹਿਮ ਜੁੜੇ ਹੋਏ ਹਨ । ਕਈ ਕਥਾ-ਕਹਾਣੀਆਂ ਅਨੁਸਾਰ ਵੀਰਜ ਦੇ ਸੁੰਘਣ ਨਾਲ ਇਸਤ੍ਰੀ ਨੂੰ ਗਰਭ ਠਹਿਰ ਜਾਂਦਾ ਰਿਹਾ। ਸਲਵਾਨ ਦੀ ਮਾਂ ਸੁਮਿਤ੍ਰਾ ਨੇ ਐਕ ਨਦੀ ਵਿਚ ਤਰਦਾ ਇਕ ਫੁਲ ਸੁੰਘਿਆ, ਜਿਸ ਉਤੇ ਕਿਸੇ ਰਿਸ਼ੀ ਦਾ ਵੀਰਜ ਡਿਗਿਆ ਪਿਆ ਸੀ, ਫਲਸਰੂਪ ਸੁਮਿਤ੍ਰਾ ਨੂੰ ਗਰਭ ਠਹਿਰ ਗਿਆ।

ਕਿਸੇ ਪ੍ਰਾਣੀ ਦੀ ਰਾਖ ਸੁੰਘਣ ਨਾਲ ਵੀ ਗਰਭ ਠਹਿਰ ਸਕਦਾ ਹੈ । ਸਾਂਸੀਆਂ ਦੀਆਂ ਰਵਾਇਤਾਂ ਅਨੁਸਾਰ ਉਨ੍ਹਾਂ ਦੇ ਵਡਿਕੇ ਸਾਂਸ ਮਲ ਦਾ ਜਨਮ ਰਾਖ ਸੁੰਘਣ ਨਾਲ ਹੀ ਹੋਇਆ ਸੀ। ਇੰਦਰ ਨੇ ਇਕ ਵਾਰ ਭਾਰੀ ਯੱਗ ਕੀਤਾ, ਜਿਸ ਨੂੰ ਰਾਖਸ਼ਾਂ ਨੇ ਖੰਡਿਤ ਕਰ ਦਿਤਾ । ਇੰਦਰ ਨੇ ਰਾਖਸ਼ਾਂ ਵਿਰੁਧ ਲੜਾਈ ਕਰ ਕੇ ਉਨ੍ਹਾਂ ਨੂੰ ਭਾਂਜ ਦਿਤੀ। ਪਰ ਇੰਦਰ ਦੇ ਲਸ਼ਕਰ ਦਾ ਸਭ ਤੋਂ ਬਲਵਾਨ ਸੂਰਮਾ ਮਾਰਿਆ ਗਿਆ । ਜੋਤਸ਼ੀਆਂ ਦੀ ਸਲਾਹ ਨਾਲ ਇੰਦਰ ਨੇ ਉਸ ਸੂਰਮੇ ਦੀ ਸਵਾਹ ਇਕ ਸੁਨਹਿਰੀ ਭਾਂਡੇ ਵਿਚ ਸੰਭਾਲ ਕੇ ਰਖ ਦਿਤੀ। ਇਕ ਦਿਨ ਇੰਦਰ ਦੀ ਕੰਨਿਆਂ ਨੇ ਸੁਨਹਿਰੀ ਭਾਂਡੇ ਦਾ ਢੱਕਣ ਉਤਾਰ ਕੇ ਇਹ ਵੇਖਣ ਲਈ ਸਵਾਹ ਦੀ ਚੁਟਕੀ ਸੁੰਘੀ ਕਿ ਉਹ ਕੀ ਚੀਜ਼ ਹੈ। ਸੁੰਘਦੇ ਸਾਰ ਕੰਨਿਆ ਨੂੰ ਗਰਭ ਠਹਿਰ ਗਿਆ । ਸਾਹ ਦੁਆਰਾ ਗਰਭ ਠਹਿਰਣ ਕਰ ਕੇ ਬਾਲਕ ਦੇ ਉਤਪੰਨ ਹੋਣ ਉਤੇ ਉਹਦਾ ਨਾਉਂ ਸਾਂਸ ਮਲ ਰਖਿਆ ਗਿਆ।

ਪੰਜਾਬ ਦੀ ਇਕ ਕਥਾ ਅਨੁਸਾਰ ਇਕ ਅੰਨ੍ਹਾਂ ਕਿਸੇ ਸ਼ਖ਼ਸ ਦਾ ਪਿੰਡਾ ਸੁੰਘ ਕੇ ਦਸ ਦਿੰਦਾ ਸੀ ਕਿ ਉਹ ਸ਼ਖ਼ਸ ਮਰਦ ਹੈ ਜਾਂ ਇਸਤ੍ਰੀ, ਬੁਢਾ ਹੈ ਜਾਂ ਬਾਲ, ਵਿਆਹਿਆ ਹੈ ਜਾਂ ਕੁਆਰਾ। ਜੇ ਉਹ ਸ਼ਖ਼ਸ ਪਹਿਲਾਂ ਉਸ ਨੂੰ ਕਿਧਰੇ ਮਿਲਿਆ ਹੋਵੇ, ਤਾਂ ਉਹ ਸੁੰਘ ਕੇ ਉਸ ਦਾ ਨਾਂ ਵੀ ਦਸ ਦਿੰਦਾ ਸੀ।

ਧੂੰਏਂ ਦੇ ਸੁੰਘਣ ਨਾਲ ਪ੍ਰੇਤ ਰੂਹਾਂ ਸਰੀਰ ਵਿਚੋਂ ਨਠ ਜਾਂਦੀਆਂ ਹਨ। ਪਤੀਬ੍ਰਤ ਇਸਤ੍ਰੀ ਕਿਸੇ ਪਰਾਏ ਮਰਦ ਦੀ ਸੁੰਘੀ ਜਾਂ ਛੂਹੀ ਹੋਈ ਵਸਤੂ ਨਹੀਂ ਸੁੰਘਦੀ, ਬ੍ਰਤ ਖੰਡਿਤ ਹੋ ਜਾਂਦਾ ਹੈ।

ਜੇ ਦਾਲ ਭਾਜੀ ਵਿਚ ਲੂਣ ਸੁੰਘ ਕੇ ਪਾਈਏ ਤਾਂ ਲੂਣ ਵਧ ਘਟ ਨਹੀਂ ਹੁੰਦਾ।

(ਸ-607) **ਸੁਘੜ (ਰਾਜਾ)** :

ਇਕ ਦੰਦ-ਕਥਾਵੀ ਰਾਜਾ ਜਿਸ ਦੀ ਕਥਾ ਜਿਹਲਮ ਅਤੇ ਥਲ ਦੇ ਖੇਤਰ ਵਿਚ ਆਮ ਪ੍ਰਸਿਧ ਹੈ। ਜਾਪਦਾ ਹੈ ਕਿ ਰਾਜਾ ਸੁਘੜ ਪ੍ਰਸਿਧ ਪੌਰਾਣਿਕ ਪੁਰਖ ਸਗਰ ਦਾ ਹੀ ਪੰਜਾਬੀਕਰਣ ਹੈ, ਕਿਉਂ ਜੋ ਦੋਹਾਂ ਦੀਆਂ ਕਥਾਵਾਂ ਵਿਚ ਨਾਵਾਂ ਦੀ ਸਮਾਨਤਾ ਤੋਂ ਇਲਾਵਾ ਕੁਝ ਕਥਾਨਿਕ ਰੂੜ੍ਹੀਆਂ ਵੀ ਸਾਂਝੀਆਂ ਹਨ। ਸਗਰ ਨੇ ਹੈਹਯਾ ਨੂੰ ਮਾਰ ਕੇ ਉਨ੍ਹਾਂ ਤੋਂ ਆਪਣੇ ਪਿਤਾ ਦਾ ਰਾਜ ਵਾਪਸ ਲਿਆ ਅਤੇ ਫਿਰ ਸ਼ਕ, ਯਵਨ, ਪਾਰਥ ਤੇ ਪਹਿਲਵ ਆਦਿ ਬਦੇਸ਼ੀ ਕਬੀਲਿਆਂ ਨੂੰ ਆਪਣੇ ਤਾਅਬੇ ਕੀਤਾ। ਸਗਰ ਨੇ ਇਨ੍ਹਾਂ ਕਬੀਲਿਆਂ ਨੂੰ ਕਲੰਕਿਤ ਕਰਨ ਲਈ, ਯਵਨਾਂ ਨੂੰ ਸਾਰਾ ਸਿਰ ਅਤੇ ਸ਼ਕਾਂ ਨੂੰ ਉਪਰਲੇ ਪਾਸਿਉਂ ਅੱਧਾ ਸਿਰ ਮੁੰਨਾਣ ਦਾ ਹੁਕਮ ਦਿਤਾ। ਇਸੇ ਤਰ੍ਹਾਂ ਪਾਰਥਾਂ ਨੂੰ ਲੰਮੇ ਵਾਲ ਰਖਣ ਅਤੇ ਪਹਿਲਵੀਆਂ ਨੂੰ ਅੱਧੀ ਦਾੜ੍ਹੀ ਕੱਟਣ ਦਾ ਆਦੇਸ਼ ਦਿਤਾ। ਇਨ੍ਹਾਂ ਗੱਲਾਂ ਤੋਂ ਇਹੋ ਜਾਪਦਾ ਹੈ ਕਿ ਰਾਜਾ ਸਗਰ ਨੇ ਬਦੇਸ਼ੀ ਕਬੀਲਿਆਂ ਨੂੰ ਅਪਮਾਨਤ ਕਰ ਕੇ ਭਾਰਤ ਦੇ ਗੌਰਵ ਵਿਚ ਵਾਧਾ ਕੀਤਾ । ਸੋ, ਉਸ ਬਾਰੇ ਅਨੇਕਾਂ ਕਥਾਵਾਂ ਲੋਕਾਂ ਵਿਚ ਪ੍ਰਚਲਤ ਹੋਣੀਆਂ ਸਹਿਜ ਹਨ। ਕਹਿੰਦੇ ਹਨ ਰਾਜੇ ਸੁਘੜ ਨੇ ਵੀ ਕਈ ਨਿਰਦਈ ਦੈਂਤਾਂ ਉਤੇ ਫ਼ਤਹਿ ਪ੍ਰਾਪਤ ਕੀਤੀ। ਇਸ ਕਥਾ ਵਿਚ ਬਦੇਸ਼ੀ ਰਾਜਿਆਂ ਦੀ ਥਾਂ ਦੈਂਤਾਂ ਨੇ ਲੈ ਲਈ।

ਜਿਹਲਮ ਵਿਚ ਪ੍ਰਚਲਤ ਕਥਾ ਅਨੁਸਾਰ ਰਾਜੇ ਸੁਘੜ ਦੀ ਪਤਨੀ ਦਾ ਨਾਂ ਸੁਚੱਜੀ ਸੀ। ਦੋਹਾਂ ਦਾ ਪਿਛਲੇ ਜਨਮ, ਕਿਸੇ ਪ੍ਰੇਤ ਦੇ ਸਰਾਪ ਕਾਰਨ ਮਨੁੱਖਾਂ ਤੋਂ ਪਸ਼ੂ ਜੂਨ ਵਿਚ ਰੂਪ-ਪਰਿਵਰਤਨ ਹੋ ਗਿਆ ਸੀ ਅਤੇ ਉਹ ਥਲ ਦੇ

ਜੰਗਲ ਵਿਚ ਹਿਰਨ ਅਤੇ ਹਿਰਨੀ ਦੇ ਜਾਮੇ ਵਿਚ ਰਹਿੰਦੇ ਸਨ। ਇਕ ਦਿਨ ਉਨ੍ਹਾਂ ਨੂੰ ਝਾੜੀ ਵਿਚੋਂ ਇਕ ਬੱਚੀ ਮਿਲੀ। ਦੋਹਾਂ ਨੇ ਬੱਚੀ ਨੂੰ ਪਾਲਿਆ। ਜਦੋਂ ਕੰਨਿਆਂ ਬਾਰ੍ਹਾਂ ਵਰ੍ਹਿਆਂ ਦੀ ਹੋਈ ਤਾਂ ਇਕ ਰਾਜਕੁਮਾਰ, ਜੋ ਸ਼ਿਕਾਰ ਖੇਡਦਾ ਹੋਇਆ ਉਧਰੋਂ ਦੀ ਲੰਘਿਆ, ਕੰਨਿਆਂ ਨੂੰ ਵੇਖ ਕੇ ਉਸ ਦੇ ਰੂਪ ਅਤੇ ਚੰਚਲਤਾ ਉਤੇ ਰੀਝ ਗਿਆ। ਰਾਜਕੁਮਾਰ ਨੇ ਕੰਨਿਆਂ ਅੱਗੇ ਵਿਆਹ ਦੀ ਪੇਸ਼ਕਸ਼ ਰਖੀ। ਕੰਨਿਆਂ ਉਸ ਨੂੰ ਆਪਣੇ ਮਾਤਾ ਪਿਤਾ ਹਿਰਨ ਤੇ ਹਿਰਨੀ ਕੋਲ ਲੈ ਗਈ। ਉਨ੍ਹਾਂ ਨੇ ਉਸੇ ਵੇਲੇ ਕੰਨਿਆਂ ਦਾ ਵਿਆਹ ਰਾਜਕੁਮਾਰ ਨਾਲ ਕਰ ਦਿਤਾ। ਕੰਨਿਆਂ ਦਾਨ ਵੇਲੇ ਹਿਰਨ ਨੇ ਉਹ ਸਾਰਾ ਜੰਗਲ ਰਾਜਕੁਮਾਰ ਨੂੰ ਦੇ ਦਿਤਾ।

ਜਦੋਂ ਰਾਜਕੁਮਾਰ ਕੰਨਿਆਂ ਨੂੰ ਲੈ ਕੇ ਵਿਦਾ ਹੋ ਗਿਆ, ਤਾਂ ਹਿਰਨ ਅਤੇ ਹਿਰਨੀ ਆਪਣੀ ਪਿਆਸ ਬੁਝਾਣ ਲਈ ਤਲਾਬ ਉਤੇ ਗਏ। ਪਰ ਜਿਉਂ ਹੀ ਹਿਰਨ ਪਾਣੀ ਪੀਣ ਲੱਗਾ ਤਾਂ ਹਿਰਨੀ ਨੇ ਯਾਦ ਕਰਵਾਇਆ ਕਿ ਇਹ ਇਲਾਕਾ ਤਾਂ ਉਨ੍ਹਾਂ ਨੇ ਆਪਣੀ ਧੀ ਨੂੰ ਦਾਨ ਕਰ ਦਿਤਾ ਹੈ। ਇਥੋਂ ਦਾ ਪਾਣੀ ਪੀਣਾ ਹੁਣ ਉਨ੍ਹਾਂ ਲਈ ਹਰਾਮ ਹੈ। ਸੋ, ਦੋਵੇਂ ਉਸੇ ਵੇਲੇ ਉਥੋਂ ਅੱਗੇ ਚਲ ਪਏ। ਸਾਰਾ ਦਿਨ ਦੌੜ ਦੌੜ ਕੇ ਉਹ ਹਫ ਗਏ। ਜਦੋਂ ਉਹ ਦੋਵੇਂ ਆਪਣੀ ਧੀ ਨੂੰ ਦਾਨ ਦਿਤੇ ਇਲਾਕੇ ਦੀ ਹੱਦ ਪਾਰ ਕਰ ਕੇ ਕਿਸੇ ਦੂਜੇ ਇਲਾਕੇ ਵਿਚ ਪੁਜੇ ਤਾਂ ਉਹ ਨਿਰਬਲ ਹੋ ਚੁਕੇ ਸਨ। ਪਿਆਸ ਨਾਲ ਉਨ੍ਹਾਂ ਦੇ ਕੰਠ ਖ਼ੁਸ਼ਕ ਹੋ ਗਏ ਸਨ। ਉਨ੍ਹਾਂ ਨੂੰ ਇਕ ਛੱਪੜੀ ਵਿਖਾਈ ਦਿਤੀ, ਜੋ ਬਿਲਕੁਲ ਸੁਕੀ ਹੋਈ ਸੀ। ਛਪੜੀ ਦੇ ਵਿਚਕਾਰ ਇਕ ਥਾਂ ਦੋ ਘੁਟ ਪਾਣੀ ਸੀ, ਜਿਸ ਨਾਲ ਮਸਾਂ ਇਕ ਦੋ ਬੁਲ੍ਹ ਭਿਜ ਸਕਦੇ ਸਨ। ਹਿਰਨੀ ਹਿਰਨ ਨੂੰ ਕਹਿਣ ਲੱਗੀ : 'ਇਹ ਤੂੰ ਪੀ'। ਅੱਗੋਂ ਹਿਰਨ ਨੇ ਹਿਰਨੀ ਨੂੰ ਕਿਹਾ : 'ਨਹੀਂ, ਤੂੰ ਪੀ'। ਇਸ ਤਰ੍ਹਾਂ ਕਾਫ਼ੀ ਦੇਰ ਦੋਵੇਂ 'ਤੂੰ ਪੀ', 'ਤੂੰ ਪੀ' ਕਰਦੇ ਰਹੇ ਤੇ ਉਹ ਪਾਣੀ ਵੀ ਸੁਕ ਗਿਆ। ਦੋਹਾਂ ਨੇ ਉਥੇ ਹੀ ਡਿਗ ਕੇ ਆਪਣੇ ਪ੍ਰਾਣ ਤਿਆਗ ਦਿਤੇ।

ਅਗਲੇ ਜਨਮ ਵਿਚ, ਹਿਰਨ ਤੇ ਹਿਰਨੀ, ਸੁਘੜ ਤੇ ਸੁਚੱਜੀ ਦੇ ਰੂਪ ਵਿਚ, ਉਸੇ ਇਲਾਕੇ ਦੇ ਰਾਜਾ ਅਤੇ ਰਾਣੀ ਬਣੇ। ਇਕ ਵਾਰਾ ਰਾਜਾ ਸੁਘੜ ਸ਼ਿਕਾਰ ਖੇਡਦਾ ਹੋਇਆ ਉਸੇ ਛੱਪੜ ਦੇ ਕੋਲ ਪੁਜਾ, ਜਿਥੇ ਪਿਛਲੇ ਜਨਮ ਹਿਰਨ ਦੇ ਜਾਮੇ ਵਿਚ ਉਸ ਨੇ ਪ੍ਰਾਣ ਤਿਆਗੇ ਸਨ, ਤਾਂ ਅਚਨਚੇਤ ਹੀ ਪਿਛਲੇ ਜਨਮ ਦੀਆਂ ਸਿਮਰਤੀਆਂ ਸੁਰਜੀਤ ਹੋ ਗਈਆਂ ਅਤੇ ਉਹ ਸੁਚੱਜੀ ਨੂੰ ਵੀ ਉਥੇ ਲੈ ਆਇਆ। ਦੋਹਾਂ ਨੇ ਆਪਣੀ ਪਿਛਲੀ ਜੂਨ ਦੀ ਸਿਮਰਤੀ ਵਿਚ ਉਥੇ ਇਕ ਖੂਹ ਖੁਦਵਾਇਆ, ਜੋ ਸੁਘੜ-ਸੁਚੱਜੀ ਦੇ ਨਾਂ ਨਾਲ ਪ੍ਰਸਿਧ ਹੋਇਆ। ਥਲ ਵਿਚ ਹੁਣ ਵੀ ਇਹ ਖੂਹ ਖੰਡਰ ਦੇ ਰੂਪ ਵਿਚ ਮਿਲਦਾ ਦਸਿਆ ਜਾਂਦਾ ਹੈ।

ਸੁਘੜ ਨੇ ਸੋਚਿਆ ਕਿ ਜੇ ਇਕ ਕੰਨਿਆਂ ਦੇ ਪਾਲਣ ਪੋਸਣ ਅਤੇ ਦਾਨ ਸਦਕਾ ਉਸ ਨੂੰ ਅਗਲੇ ਜਨਮ ਰਾਜ ਪ੍ਰਾਪਤ ਹੋਇਆ ਹੈ, ਤਾਂ ਕਿਉਂ ਨਾ ਸੱਠਾਂ ਕੰਨਿਆਂ ਦੀ ਪਾਲਣਾ ਅਤੇ ਵਿਆਹ ਕਰਵਾ ਕੇ ਤਿੰਨ ਬੀਸੀਆਂ (ਸੱਠ ਸੰਬਤੀ) ਲਈ ਇਸੇ ਲੋਕ ਦਾ ਸਿੰਘਾਸਨ ਪ੍ਰਾਪਤ ਕੀਤਾ ਜਾਏ। ਕਿਉਂ ਜੋ ਧਾਰਨਾ ਹੈ ਕਿ ਸੱਠਾਂ ਕੰਨਿਆਂ ਦੇ ਵਿਆਹੁਣ ਨਾਲ ਤਿੰਨ ਬੀਸੀਆਂ ਲਈ ਦੇਵ ਪਦਵੀ ਮਿਲਦੀ ਹੈ। ਸੋ ਸੁਘੜ ਤੇ ਸੁਚੱਜੀ ਦੋਵੇਂ ਸੱਠਾਂ ਕੰਨਿਆਂ ਦੀ ਦਾਤ ਪ੍ਰਾਪਤ ਕਰਨ ਲਈ ਜੋਗੀਆਂ ਦੇ ਟਿਲੇ ਉਤੇ ਗਏ, ਜਿਥੇ ਉਨ੍ਹੀਂ ਦਿਨੀਂ ਗੋਰਖਨਾਥ ਦਾ ਮਠ ਸੀ। ਦੋਹਾਂ ਨੇ ਗੋਰਖਨਾਥ ਦੀ ਅਤੁਟ ਸੇਵਾ ਕੀਤੀ। ਜਦੋਂ ਨਾਥ ਨੇ ਤਰੁਠ ਕੇ ਵਰ ਮੰਗਣ ਵਾਸਤੇ ਕਿਹਾ ਤਾਂ ਦੁਹਾਂ ਦੇ ਮੂੰਹੋਂ ਨਿਕਲਿਆ — 'ਜੇ ਨਾਥ ਜੀ ਤੁਠੇ ਓ ਤਾਂ ਸੱਠ ਛੋਹਰ ਦਿਓ।' ਸਹਿਜ ਸੁਭਾ ਛੋਹਰੀ ਦੀ ਥਾਂ ਛੋਹਰ ਉਚਰ ਗਿਆ। ਨਾਥ ਨੇ ਵਰ ਦੇ ਦਿਤਾ। ਪਿਛੋਂ ਉਨ੍ਹਾਂ ਨੂੰ ਸਮਝ ਪੈ ਗਈ ਕਿ ਉਹ ਛੋਹਰੀ ਦੀ ਥਾਂ ਛੋਹਰ ਮੰਗ ਬੈਠੇ ਹਨ, ਪਰ ਹੁਣ ਕੀ ਹੋ ਸਕਦਾ ਸੀ। ਗੋਰਖਨਾਥ ਨੇ ਉਨ੍ਹਾਂ ਨੂੰ ਇਕ ਕੱਦੂ ਦਿਤਾ, ਜਿਸ ਵਿਚ ਸੱਠ ਬੀਜ ਸਨ। ਉਨ੍ਹਾਂ ਸੱਠਾਂ ਬੀਜਾਂ ਦੇ ਖਾਣ ਨਾਲ ਸੁਚੱਜੀ ਦੇ ਘਰ ਸੱਠ ਬਾਲ ਪੈਦਾ ਹੋਏ।

ਜਦੋਂ ਉਹ ਬੱਚੇ ਵਡੇ ਹੋਏ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਪੂਰਬਲੇ ਜਨਮ ਵਿਚ, ਉਨ੍ਹਾਂ ਦੇ ਮਾਪੇ, ਥਲ ਵਿਚ ਪਾਣੀ ਤੋਂ ਭਟਕਦੇ ਮਰ ਗਏ ਸਨ

ਤਾਂ ਉਨ੍ਹਾਂ ਨੇ ਪ੍ਰਣ ਕੀਤਾ ਕਿ ਉਹ ਨਿਤ ਨਵਾਂ ਖੂਹ ਖੋਦ ਕੇ ਆਪਣੇ ਮਾਤਾ ਪਿਤਾ ਨੂੰ ਰੋਜ਼ ਸਜਰਾ ਪਾਣੀ ਪਿਲਾਇਆ ਕਰਨਗੇ। ਸੋ ਉਨ੍ਹਾਂ ਨੇ ਇਕ ਖੂਹ ਰੋਜ਼ ਖੋਦਣਾ ਸ਼ੁਰੂ ਕਰ ਦਿਤਾ। ਇਹ ਵੇਖ ਥਲ-ਦੇਵੀ ਘਬਰਾ ਗਈ। ਉਸ ਦਾ ਸੀਨਾ ਛਲਣੀ ਹੋ ਗਿਆ। ਦੇਵੀ ਤੜਪਦੀ ਤੇ ਲੁਛਦੀ ਹੋਈ ਪਾਰਬਤੀ ਕੋਲ ਗਈ ਅਤੇ ਉਸ ਨੂੰ ਆਪਣੀ ਛਾਤੀ ਦੇ ਸਲ ਵਿਖਾਏ। ਪਾਰਬਤੀ ਦੀ ਪ੍ਰੇਰਨਾ ਉਤੇ ਸ਼ਿਵ ਨੇ ਥਲ ਦੇਵੀ ਨੂੰ ਵਰ ਦਿਤਾ ਕਿ ਜਿਹੜਾ ਸ਼ਖ਼ਸ ਉਸ ਦੀ ਹਿਕ ਵਿਚ, ਵਰ੍ਹੇ ਦੇ ਦੌਰਾਨ, ਇਕ ਤੋਂ ਵਧ ਛੇਦ ਕਰੇਗਾ, ਉਹ ਧਰਤੀ ਵਿਚ ਸੁਤੇ ਸਿਧ ਸਮਾ ਜਾਵੇਗਾ।

ਅਗਲੇ ਦਿਨ ਜਦੋਂ ਰਾਜੇ ਸੁਘੜ ਦੇ ਛੋਹਰ ਨਵਾਂ ਖੂਹ ਖੋਦਣ ਲੱਗੇ, ਤਾਂ ਧਰਤੀ ਫਟ ਗਈ ਅਤੇ ਉਹ ਸਾਰੇ ਉਸੇ ਵਿਚ ਸਮਾ ਗਏ। ਸੁਘੜ ਤੇ ਸੁਚੱਜੀ ਵਿਰਲਾਪ ਕਰਦੇ ਹੋਏ ਗੋਰਖਨਾਥ ਕੋਲ ਗਏ। ਗੋਰਖਨਾਥ ਨੇ ਉਨ੍ਹਾਂ ਨੂੰ ਪੰਚਾਮ੍ਰਿਤ ਦਿਤਾ, ਜਿਸ ਦੇ ਛੱਟੇ ਮਾਰਦੇ ਸਾਰ ਸਭ ਬੱਚੇ ਮੁੜ ਸੁਰਜੀਤ ਹੋ ਗਏ। ਅਕਾਸ਼ਵਾਣੀ ਰਾਹੀਂ ਬੱਚਿਆਂ ਨੂੰ ਅਸਲੀਅਤ ਦਾ ਪਤਾ ਲੱਗਾ। ਤਾਂ ਉਨ੍ਹਾਂ ਨੇ ਇਕ ਖੂਹ ਨੂੰ ਛੱਡ ਕੇ ਬਾਕੀ ਸਭ ਖੂਹ ਮਿੱਟੀ ਨਾਲ ਭਰਵਾ ਦਿਤੇ। ਇਸ ਇਲਾਕੇ ਵਿਚ ਹੁਣ ਤਕ ਅਨੇਕਾਂ ਬੰਦ ਖੂਹ ਮਿਲਦੇ ਹਨ। ਲੋਕਾਂ ਦੀ ਧਾਰਨਾ ਹੈ ਕਿ ਇਹ ਖੂਹ ਰਾਜੇ ਸੁਘੜ ਦੇ ਪੁਤਰਾਂ ਦੇ ਹੀ ਖੁਦਵਾਏ ਹੋਏ ਹਨ, ਜੋ ਮਗਰੋਂ ਰੇਤ ਨਾਲ ਪੂਰ ਦਿਤੇ ਗਏ। ਧਾਰਨਾ ਹੈ ਕਿ ਇਨ੍ਹਾਂ ਦੱਬੇ ਹੋਏ ਖੂਹਾਂ ਦੇ ਉਪਰ ਕਦੇ ਕੋਈ ਭੇਡ ਬਕਰੀ ਨਹੀਂ ਬੈਠਦੀ। ਇਸ ਲਈ ਜਿਥੇ ਭੇਡ ਬਕਰੀਆਂ ਚਕਰ ਬਣਾ ਕੇ ਬੈਠਣ, ਉਥੇ ਹੇਠਾਂ ਪੁਰਾਣਾ ਖੂਹ ਦਬਿਆ ਹੋਇਆ ਮੰਨਿਆ ਜਾਂਦਾ ਹੈ।

ਰਾਜੇ ਸੁਘੜ ਦੀ ਕਥਾ ਵਿਚ ਰਾਜੇ ਸਗਰ ਦੀ ਪੌਰਾਣਿਕ ਕਥਾ ਦੀਆਂ ਕਈ ਰੂੜ੍ਹੀਆਂ ਉਪਲਬਧ ਹਨ। ਜਿਹਾ ਕਿ ਕੱਦੂ ਦੇ ਸੱਠ ਬੀਜਾਂ ਵਿਚੋਂ ਸੱਠ ਪੁਤਰ ਪੈਦਾ ਹੋਣੇ। ਸਗਰ ਦੀ ਸੰਤਾਨ ਪਤਾਲ ਵਿਚ ਰਿਸ਼ੀ ਦੀ ਕਰੋਪੀ ਨਾਲ ਭਸਮ ਹੋ ਗਈ ਸੀ। ਸੁਘੜ ਦੇ ਬੱਚੇ ਵੀ ਥਲ ਦੇਵੀ ਦੇ ਕਹਿਰ ਸਦਕਾ ਧਰਤੀ ਵਿਚ ਸਮਾ ਗਏ। ਸਗਰ ਦੇ ਬੱਚਿਆਂ ਦੀ ਪੁਨਰ-ਸੁਰਜੀਤੀ ਗੰਗਾ ਜਲ ਨਾਲ ਹੋਈ, ਜੋ ਸਵਰਗ ਵਿਚੋਂ ਧਰਤੀ ਉਤੇ ਲਿਆਂਦਾ ਗਿਆ। ਦੂਜੇ ਪਾਸੇ ਰਾਜੇ ਸੁਘੜ ਦੇ ਬੱਚੇ ਗੋਰਖਨਾਥ ਦੇ ਪੰਚਾਮ੍ਰਿਤ ਨਾਲ ਸੁਰਜੀਤ ਹੋਏ। ਜਾਪਦਾ ਹੈ ਕਿ ਸਗਰ ਦੀ ਪੌਰਾਣਿਕ ਕਥਾ ਦਾ ਮਧਕਾਲ ਵਿਚ ਪੰਜਾਬੀਕਰਣ ਹੋ ਚੁਕਾ ਸੀ ਅਤੇ ਨਾਥਾਂ ਦੀ ਚੜ੍ਹਤ ਸਮੇਂ ਜੋਗ ਮੱਤ ਦੀਆਂ ਕੁਝ ਕਥਾਨਿਕ ਰੂੜ੍ਹੀਆਂ ਵੀ ਇਸ ਵਿਚ ਸਮਿਲਤ ਹੋ ਗਈਆਂ। ਇਸ ਪੱਖੋਂ ਇਹ ਕਥਾ ਖ਼ਾਸ ਮਹਾਨਤਾ ਰਖਦੀ ਹੈ। ਇਸ ਕਹਾਣੀ ਦਾ, ਹਿਰਨ ਤੇ ਹਿਰਨੀ ਵਾਲਾ ਮੁਢਲਾ ਭਾਗ, ਥਲ ਦੇ ਇਲਾਕੇ ਵਿਚ ਸੁਤੰਤਰ ਕਥਾ ਦੇ ਰੂਪ ਵਿਚ ਵੀ ਪ੍ਰਚਲਤ ਹੈ। ਜੋ ਪਤਾ ਨਹੀਂ ਕਿਵੇਂ ਤੇ ਕਦੋਂ ਸੁਘੜ ਦੀ ਕਥਾ ਦਾ ਅੰਗ ਬਣ ਗਿਆ।

(ਸ-608) **ਸੁਘੜਾਂ :**

ਲੋਕ-ਕਹਾਣੀਆਂ ਦੀ ਇਕ ਪ੍ਰਸਿਧ ਨਾਇਕਾ, ਜੋ ਆਪਣੀ ਸਿਆਣਪ ਤੇ ਵਿਹਾਰਕ ਸੂਝ ਨਾਲ ਇਕ ਰਾਜੇ ਦੇ ਅਭਿਮਾਨ ਨੂੰ ਚੂਰ ਕਰਦੀ ਹੈ। ਇਕ ਅਭਿਮਾਨੀ ਰਾਜਾ ਆਪਣੇ ਦਰਬਾਰੀਆਂ ਨੂੰ ਅਸੰਭਵ ਕੰਮ ਕਰਨ ਲਈ ਦਿਤਾ ਕਰਦਾ ਸੀ। ਜੇ ਉਹ ਕੰਮ ਕਰਨ ਤੋਂ ਅਸਮਰਥ ਹੋਣ, ਤਾਂ ਉਨ੍ਹਾਂ ਦਾ ਭਰੇ ਦਰਬਾਰ ਵਿਚ ਅਪਮਾਨ ਕੀਤਾ ਕਰਦਾ ਸੀ। ਇਕ ਵਾਰ ਰਾਜੇ ਨੇ ਆਪਣੇ ਵਜ਼ੀਰ ਨੂੰ ਕਿਹਾ ਕਿ ਉਹ ਕਿਧਰੋਂ ਬਲਦ ਦਾ ਮੱਖਣ ਲੈ ਆਵੇ। ਜਦੋਂ ਇਸ ਗੱਲ ਦੀ ਖ਼ਬਰ ਵਜ਼ੀਰ ਦੀ ਧੀ ਸੁਘੜਾਂ ਨੂੰ ਹੋਈ, ਤਾਂ ਉਸ ਨੇ ਰਾਜੇ ਦੀ ਮਤ ਟਿਕਾਣੇ ਲਗਾਣ ਲਈ ਇਕ ਸਵਾਂਗ ਰਚਿਆ। ਉਹ ਨਦੀ ਦੀ ਉਸ ਦਿਸ਼ਾ ਵਲ, ਜਿਧਰੋਂ ਰਾਜਾ ਸਵੇਰੇ ਰੋਜ਼ ਲੰਘਿਆ ਕਰਦਾ ਸੀ, ਲਹੂ ਨਾਲ ਭਰੇ ਕਪੜੇ ਧੋਣ ਬੈਠ ਗਈ। ਰਾਜੇ ਨੇ ਕੰਨਿਆਂ ਨੂੰ ਥੋੜੀ ਦੇਰ ਲਈ ਕਪੜੇ ਧੋਣ ਤੋਂ ਵਰਜਿਆ, ਤਾਂ ਜੋ ਉਹ ਹੱਥ ਮੂੰਹ ਧੋ ਸਕੇ। ਅੱਗੋਂ ਕੰਨਿਆਂ ਆਖਣ ਲੱਗੀ, "ਮੇਰੇ ਪਿਉ ਨੇ ਬਾਲ ਜੰਮਿਆ ਏ, ਮੈਨੂੰ ਕਾਹਲ ਏ।" ਰਾਜਾ ਹੱਸ ਕੇ ਕਹਿਣ ਲੱਗਾ, "ਕਦੇ ਮਰਦਾਂ ਵੀ ਬਾਲ ਜੰਮੇ।" ਸੁਘੜਾਂ ਝਟ ਬੋਲ ਪਈ, "ਜੇ ਕਦੇ ਮਰਦਾਂ ਨੂੰ ਬਾਲ ਨਹੀਂ ਜੰਮਦੇ, ਤਾਂ ਕਦੇ ਬੈਲਾਂ

ਦੇ ਵੀ ਮੱਖਣ ਨਹੀਂ ਸੁਣੇ ।'' ਰਾਜਾ ਬੜਾ ਸ਼ਰਮਿੰਦਾ ਪਿਆ ਅਤੇ ਸਮਝ ਗਿਆ ਕਿ ਹੋਵੇ ਨਾ ਤਾਂ ਇਹ ਵਜ਼ੀਰ ਦੀ ਹੀ ਕੰਨਿਆਂ ਹੈ ।

ਅਗਲੇ ਦਿਨ ਰਾਜੇ ਨੇ ਵਜ਼ੀਰ ਨੂੰ ਸਦ ਕੇ ਕਿਹਾ ਕਿ ਉਹ ਉਹਦੀ ਕੰਨਿਆਂ ਸੁਘੜਾਂ ਨਾਲ ਵਿਆਹ ਕਰਨਾ ਚਾਹੁੰਦਾ ਹੈ । ਵਜ਼ੀਰ ਸਮਝ ਗਿਆ ਕਿ ਰਾਜਾ ਆਪਣੇ ਅਪਮਾਨ ਦਾ ਬਦਲਾ ਲੈਣ ਦੀ ਭਾਵਨਾ ਨਾਲ ਇਹ ਵਿਆਹ ਕਰ ਰਿਹਾ ਹੈ, ਪਰ ਮਜਬੂਰ ਹੋ ਕੇ ਉਸ ਨੂੰ ਕੰਨਿਆਂ ਦਾ ਵਿਆਹ ਕਰਨਾ ਪਿਆ । ਰਾਜੇ ਨੇ ਸੁਘੜਾਂ ਨੂੰ ਇਕ ਵੱਖਰੇ ਮਹਿਲ ਵਿਚ ਇਕੱਲਿਆਂ ਰਖਿਆ ਅਤੇ ਬਾਹਰੋਂ ਜੰਦਰੇ ਮਰਵਾ ਕੇ ਮੁਹਰਾਂ ਲਗਵਾ ਦਿਤੀਆਂ । ਸੁਘੜਾਂ ਨੇ ਆਪਣੇ ਵਜ਼ੀਰ ਪਿਓ ਦੀ ਮਦਦ ਨਾਲ, ਮਹਿਲ ਦੇ ਵਿਚੋਂ ਦੀ ਅੰਦਰੋਂ ਅੰਦਰੀ ਇਕ ਸੁਰੰਗ ਬਣਵਾਈ, ਜੋ ਵਜ਼ੀਰ ਦੇ ਘਰ ਜਾ ਪਹੁੰਚਦੀ ਸੀ। ਉਸ ਸੁਰੰਗ ਦੁਆਰਾ ਸੁਘੜਾਂ ਰੋਜ਼ ਆਪਣੇ ਪਿਉ ਦੇ ਮਹਿਲ ਵਿਚ ਆ ਜਾਂਦੀ ਅਤੇ ਮਨ ਪਰਚਾ ਲਿਆ ਕਰਦੀ। ਸੁਘੜਾਂ ਇਕ ਵਾਰ ਮਾਲਣ ਦੇ ਰੂਪ ਵਿਚ ਫੁਲਾਂ ਦੇ ਗਜਰੇ ਵੇਚਣ ਵਾਸਤੇ ਮਹਿਲਾਂ ਵਿਚ ਗਈ। ਫਿਰ ਦੂਜੀ ਵਾਰ ਗੁਜਰੀ ਦੇ ਰੂਪ ਵਿਚ ਦਹੀਂ ਵੇਚਣ ਵਾਸਤੇ ਗਈ ਅਤੇ ਦੋਵੇਂ ਵਾਰ ਰਾਜੇ ਦਾ ਮਨ ਮੋਹ ਕੇ ਸੁਘੜਾਂ ਨੇ ਉਹਦੇ ਨਾਲ ਸੇਜ ਸਾਂਝੀ ਕੀਤੀ। ਉਸ ਨੇ ਰਾਜੇ ਤੋਂ ਪਹਿਲੀ ਵਾਰ ਮੁੰਦਰੀ ਤੇ ਦੂਜੀ ਵਾਰ ਹਾਰ ਨਿਸ਼ਾਨੀ ਵਜੋਂ ਲੈ ਲਿਆ। ਦੋਵੇਂ ਵਾਰ ਉਸ ਨੂੰ ਗਰਭ ਠਹਿਰ ਗਿਆ ਅਤੇ ਉਹਦੇ ਘਰ ਉਪਰਤਲੀ ਦੋ ਲੜਕੇ ਜੰਮੇ ।

ਇਕ ਦਿਨ ਰਾਜਾ ਵਜ਼ੀਰ ਦੇ ਬੂਹੇ ਅੱਗੋਂ ਦੀ ਲੰਘਦਾ ਹੋਇਆ, ਦੋ ਲੜਕਿਆਂ ਨੂੰ ਖੇਡਦਾ ਵੇਖ ਕੇ ਮੋਹਿਤ ਹੋ ਗਿਆ। ਉਸ ਨੂੰ ਨਹੀਂ ਸੀ ਪਤਾ ਕਿ ਉਹ ਉਹਦੇ ਆਪਣੇ ਹੀ ਲੜਕੇ ਹਨ । ਨੌਕਰਾਂ ਤੋਂ ਪੁਛਣ ਉਤੇ ਰਾਜੇ ਨੂੰ ਪਤਾ ਲੱਗਾ ਕਿ ਉਹ ਦੋਵੇਂ ਲੜਕੇ ਵਜ਼ੀਰ ਦੇ ਦੋਹਤਰੇ ਅਤੇ ਰਾਜੇ ਦੇ ਆਪਣੇ ਹੀ ਪੁਤਰ ਹਨ। ਰਾਜਾ ਕਰੋਧ ਵਿਚ ਆ ਕੇ ਸੁਘੜਾਂ ਦੇ ਮਹਿਲ ਵਿਚ ਗਿਆ। ਸੁਘੜਾਂ ਸੁਰੰਗ ਦੁਆਰਾ, ਫ਼ੌਰਨ ਦੋਹਾਂ ਬੱਚਿਆਂ ਨੂੰ ਮਹਿਲ ਵਿਚ ਲੈ ਗਈ। ਰਾਜਾ ਮਹਿਲ ਵਿਚ ਉਹੋ ਦੋਵੇਂ ਬੱਚੇ ਵੇਖ ਕੇ ਹੈਰਾਨ ਰਹਿ ਗਿਆ ਤੇ ਤਲਵਾਰ ਧੂਹ ਕੇ ਸੁਘੜਾਂ ਨੂੰ ਮਾਰਨ ਲੱਗਾ ਤਾਂ ਸੁਘੜਾਂ ਨੇ ਦਸਿਆ ਕਿ ਇਹ ਦੋਵੇਂ ਬੱਚੇ ਉਸੇ ਦੇ ਆਪਣੇ ਹੀ ਲੜਕੇ ਹਨ। ਨਾਲ ਹੀ ਸੁਘੜਾਂ ਨੇ ਰਾਜੇ ਦੇ ਅੱਗੇ ਮੁੰਦਰੀ ਅਤੇ ਹਾਰ ਦੀਆਂ ਦੋਵੇਂ ਨਿਸ਼ਾਨੀਆਂ ਵੀ ਰਖ ਦਿਤੀਆਂ । ਰਾਜੇ ਨੇ ਆਪਣੀ ਹਾਰ ਸਵੀਕਾਰ ਕਰ ਲਈ।

ਇਹ ਕਥਾ ਕਈ ਰੂਪਾਂਤਰਾਂ ਵਿਚ ਪੰਜਾਬ ਵਿਚ ਪ੍ਰਚਲਤ ਹੈ। ਪੰਜਾਬ ਤੋਂ ਬਾਹਰ ਦੱਖਣ ਵਲ ਇਹ ਕਥਾ 'ਮੰਗਲਾ' ਦੇ ਨਾਂ ਨਾਲ ਪ੍ਰਸਿਧ ਹੈ, ਜਿਸ ਦੀ ਇਕ ਫ਼ਿਲਮ ਵੀ ਬਣ ਚੁਕੀ ਹੈ।

(ਸ-609) **ਸੁਚਜੀ** :

(1) ਸੁਘੜ ਰਾਜੇ ਦੀ ਪਤਨੀ (ਵੇਖੋ : ਸੁਘੜ ਰਾਜਾ)।

(2) ਇਕ ਕਾਵਿ ਰੂਪ (ਵੇਖੋ : ਕੁਚੱਜੀ-ਸੁਚੱਜੀ)।

(ਸ-610) **ਸੁੱਚਾ ਸਿੰਘ ਸੂਰਮਾ** :

ਪੰਜਾਬ ਦਾ ਇਕ ਪ੍ਰਸਿਧ ਸੂਰਮਾ, ਜਿਸ ਦੇ ਜੁਝਾਰੂ ਕਰਮ ਅਤੇ ਵੀਰਤਾ ਦੇ ਪ੍ਰਸੰਗ ਲੋਕਾਂ ਵਿਚ ਬੜੇ ਮਕਬੂਲ ਹਨ। ਕਈ ਕਵੀਸ਼ਰਾਂ ਨੇ, ਸੁੱਚਾ ਸਿੰਘ ਦੇ ਪ੍ਰਸੰਗ ਨੂੰ, ਕਾਵਿ ਦਾ ਜਾਮਾ ਪਹਿਨਾਇਆ।

ਮਾਲਵੇ ਦੇ ਇਲਾਕੇ ਵਿਚ ਸੁੱਚ ਸਿੰਘ ਸੂਰਮੇ ਦਾ ਪ੍ਰਸੰਗ ਵਧੇਰੇ ਪ੍ਰਸਿਧ ਹੈ। ਇਸ ਇਲਾਕੇ ਵਿਚ ਸੂਰਮਿਆਂ ਬਾਰੇ ਜੋ ਕਿੱਸੇ ਪ੍ਰਚਲਤ ਹਨ, ਉਹ ਜ਼ਿਆਦਾਤਰ ਜ਼ਰ, ਜ਼ਮੀਨ ਤੇ ਜ਼ੋਰੂ ਦੇ ਮਾਮਲੇ ਵਿਚ ਉਪਜੀ ਸੰਕਟ ਸਥਿਤੀ ਵੇਲੇ ਵਿਖਾਈ ਬਹਾਦਰੀ ਉਤੇ ਆਧਾਰਤ ਹਨ।

ਸੁੱਚਾ ਸਿੰਘ ਬਾਰੇ ਦੌਲਤ ਰਾਮ ਅਤੇ ਬਾਬੂ ਰਜਬ ਅਲੀ ਆਦਿ ਦੇ ਕਿੱਸੇ ਜ਼ਿਆਦਾ ਮਕਬੂਲ ਹਨ। ਮੀਆਂ ਰਜਬ ਅਲੀ ਦੇ ਕਿੱਸੇ ਅਨੁਸਾਰ ਗਰਿਰੀ ਪਿੰਡ ਦੇ ਜਵਾਹਰ ਸਿੰਘ ਜ਼ਿਮੀਂਦਾਰ ਦਾ ਵਿਆਹ ਬੀਰੋ ਨਾਲ ਹੋਇਆ । ਬੀਰੋ ਬੜੀ ਖ਼ੂਬਸੂਰਤ ਸੀ, "ਲਾਲ ਜੈਸੇ ਦਗੇ ਚਮਕਾਰੇ ਪੈਂਦੇ ਚੰਦ ਵਾਂਗੂੰ, ਪਤਲੀ ਕਮਰ ਨੌਂ ਨੌਂ ਝੂਟੇ ਖਾਮਦੀ। ਸਰੂ ਵਾਂਗ ਕੱਦ ਤੇ ਮਮੋਲੇ ਜੈਸੇ ਨੈਣ ਉਹਦੇ,

ਦੇਖ ਕੇ ਹੈਰਾਨ ਨਰ ਨਾਰ ਰਹਿਗੀ ਗਾਮ ਦੀ।"

ਪਰ ਬੀਰੋ ਦਾ ਦਿਲ ਜਵਾਹਰ ਸਿੰਘ ਨਾਲ ਨਾ ਭਿਜਿਆ, ਇਸ ਲਈ ਉਸ ਨੇ ਆਪਣੇ ਪਤੀ ਨੂੰ ਜ਼ਹਿਰ ਦੇ ਕੇ ਮਾਰ ਸੁਟਿਆ।

ਜਵਾਹਰ ਸਿੰਘ ਦੇ ਦੋ ਭਰਾ ਸੁੱਚਾ ਸਿੰਘ ਅਤੇ ਨਰੈਣਾ ਸਨ। ਘਰ ਦੀ ਮਾਲੀ ਹੈਸੀਅਤ ਅਜਿਹੀ ਨਹੀਂ ਸੀ ਕਿ ਉਹ ਦੋਵੇਂ ਆਪਣਾ ਵਿਆਹ ਕਰਵਾ ਸਕਣ। ਅਖ਼ੀਰ ਨਰੈਣੇ ਦਾ ਧਿਆਨ ਬੀਰੋ ਵਲ ਚਲਾ ਗਿਆ। ਨਰੈਣੇ ਨੇ ਭਾਈਚਾਰੇ ਨੂੰ ਕਹਿ ਕਹਾ ਕੇ ਬੀਰੋ ਨਾਲ ਚਾਦਰਾਂ ਪਾ ਲਈਆਂ ਅਤੇ ਉਸ ਨੂੰ ਆਪਣੇ ਪਿੰਡ ਲੈ ਆਂਦਾ।

ਸੁੱਚਾ ਸਿੰਘ ਅਖਾੜੇ ਵਿਚ ਪਹਿਲਵਾਨੀ ਕੀਤਾ ਕਰਦਾ ਸੀ। ਉਹਦਾ ਸਾਥੀ ਘੁਕਰ ਤੇ ਭਾਗਮਲ ਚਹਿਲ ਸਨ, ਜੋ ਉਹਦੇ ਪੱਗ ਵਟ ਯਾਰ ਬਣ ਗਏ। ਕੁਝ ਚਿਰ ਬਾਅਦ ਸੁੱਚਾ ਸਿੰਘ ਚੌਦਾਂ ਨੰਬਰ ਕੰਪਨੀ ਵਿਚ ਭਰਤੀ ਹੋ ਕੇ ਮੁਲਤਾਨ ਛਾਉਣੀ ਵਿਚ ਚਲਾ ਗਿਆ। ਘੁਕਰ ਦਾ ਨਰੈਣੇ ਦੇ ਘਰ ਫੇਰਾ ਟੋਰਾ ਲੱਗਾ ਰਹਿੰਦਾ ਸੀ। ਉਸ ਨੇ ਬੀਰੋ ਉਤੇ ਡੋਰੇ ਪਾ ਲਏ ਅਤੇ ਉਸ ਨਾਲ ਖੁਲ੍ਹੇ ਆਮ ਰੰਗ ਰਲੀਆਂ ਮਨਾਉਣ ਲੱਗਾ। ਨਰੈਣੇ ਨੇ ਬੀਰੋ ਨੂੰ ਬੜਾ ਵਰਜਿਆ, ਪਰ ਜਦੋਂ ਪਾਣੀ ਸਿਰੋਂ ਲੰਘ ਗਿਆ, ਤਾਂ ਨਰੈਣੇ ਨੇ ਆਪਣੇ ਭਰਾ ਸੁੱਚਾ ਸਿੰਘ ਨੂੰ ਚਿੱਠੀ ਦੁਆਰਾ ਸਾਰੀ ਗੱਲ ਲਿਖ ਭੇਜੀ :

ਭਾਗ ਮਲ ਤੇਰੇ ਜੋ ਧਰਮ ਭਾਈ ਜੀ,
ਜਿਨ੍ਹਾਂ ਨਾਲ ਤੇਰੀ ਪਗੜੀ ਬਟਾਈ ਜੀ,
ਛੇਡਦੇ ਨਗਰ ਵਿਚ ਕੰਗ ਬੀਰਨਾ,
ਕਰਦੇ ਚਹਿਲ ਮੈਨੂੰ ਤੰਗ ਬੀਰਨਾ।
ਕੰਨ ਜੋੜ ਡਾਂਗਾਂ ਤੇ ਚੜ੍ਹਾ ਕੇ ਛਵੀਆਂ,
ਬੀਰੋ ਕੋਲ ਔਂਦੇ ਪਾ ਪੁਸ਼ਾਕਾਂ ਨਵੀਆਂ,
ਖੋਹ ਲਈ ਹੈ ਜ਼ਨਾਨੀ ਕਾਹਦੀ ਸੰਗ ਬੀਰਨਾ।

ਸੁੱਚਾ ਸਿੰਘ ਨੂੰ ਇਤਨਾ ਦੁਖ ਹੋਇਆ ਕਿ ਉਸ ਨੇ ਉਸੇ ਵੇਲੇ ਪਿੰਡ ਜਾਣ ਲਈ ਸਾਹਿਬ ਤੋਂ ਛੁਟੀ ਮੰਗੀ। ਜਾਣ ਵੇਲੇ ਉਸ ਨੇ ਬੰਦੂਕ ਤੇ ਤਲਵਾਰ ਆਪਣੇ ਨਾਲ ਪਿੰਡ ਲਿਜਾਣ ਦੀ ਆਗਿਆ ਲੈ ਲਈ।

ਸੁੱਚਾ ਸਿੰਘ ਨੇ ਪਿੰਡ ਆ ਕੇ ਬੀਰੋ ਤੇ ਘੁਕਰ ਦੇ ਇਸ਼ਕ ਬਾਰੇ ਸ਼ਰੇ ਆਮ ਚਰਚਾ ਹੁੰਦੀ ਸੁਣੀ, ਤਾਂ ਉਹ ਅੱਗ ਬਗੋਲਾ ਹੋ ਗਿਆ। ਉਸ ਨੇ ਨਰੈਣੇ ਨਾਲ ਮਿਲ ਕੇ ਘੁਕਰ ਨੂੰ ਮਾਰ ਮੁਕਾਣ ਦੀ ਸਾਜ਼ਸ਼ ਘੜੀ। ਬੀਰੋ ਜੁਆਨ ਦੇਵਰ ਨੂੰ ਦੁਨਾਲੀ ਸਮੇਤ ਪਿੰਡ ਆਇਆ ਵੇਖ ਕੇ ਘਬਰਾਈ, ਪਰ ਨਾਲ ਹੀ ਉਸ ਨੇ ਇਕ ਦੋ ਵਾਰ ਸੁੱਚਾ ਸਿੰਘ ਦੀ ਦੁਨਾਲੀ ਦਾ ਮਖ਼ੌਲ ਵੀ ਉਡਾਇਆ। ਸੁੱਚਾ ਸਿੰਘ ਨੇ ਵੀ ਪ੍ਰਣ ਕਰ ਲਿਆ ਕਿ "ਕਰ ਕਾਲਾ ਮੁਖ ਗੁਤ ਮੁੰਨ ਕੇ ਗਧੇ ਤੇ ਚਾੜ੍ਹਾਂ, ਸੁੱਚਾ ਕੀ ਕਹੌਣਾ ਜੇ ਖਲਾਰੀ ਬੋਟੀ ਬੋਟੀ ਨਾ।"

ਪਹਿਲਾਂ ਸੁੱਚੇ ਨੇ ਬੀਰੋ ਨੂੰ ਨਿਕੀ ਨਿਕੀ ਗੱਲ ਉਤੇ ਕੁਟਣਾ ਸ਼ੁਰੂ ਕੀਤਾ। ਬੀਰੋ ਨੇ ਘੁਕਰ ਨੂੰ ਉਕਸਾਇਆ ਕਿ ਉਹ ਕਿਸੇ ਤਰ੍ਹਾਂ ਸੁੱਚੇ ਦੀ ਰਫਲ ਖੋਹ ਲਏ ਤੇ ਫਿਰ ਉਸ ਨਾਲ ਮੁਕਾਬਲਾ ਕਰੇ।

ਇਕ ਦਿਨ ਸੁੱਚਾ ਨਰੈਣੇ ਨਾਲ ਸੱਥ ਵਿਚ ਗਿਆ। ਉਥੇ ਗਾਇਕਾਂ ਦਾ ਅਖਾੜਾ ਲੱਗਾ ਹੋਇਆ ਸੀ। ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਵੀ ਵਹੀਰਾਂ ਘਤ ਕੇ ਆ ਜੁੜੇ। ਘੁਕਰ ਆਪਣੇ ਦੋਸਤਾਂ ਨਾਲ ਉਥੇ ਮੌਜੂਦ ਸੀ। ਦੋਹਾਂ ਧਿਰਾਂ ਵਿਚ ਫ਼ਸਾਦ ਹੋਣ ਦਾ ਅੰਦੇਸ਼ਾ ਸੀ। ਬੀਰੋ ਵੀ ਹਾਰ ਸ਼ਿੰਗਾਰ ਕਰ ਕੇ ਸਹੇਲੀਆਂ ਨਾਲ ਸੱਥ ਵਿਚੋਂ ਲੰਘੀ ਤੇ ਉਸ ਨੇ ਘੁਕਰ ਨੂੰ ਲੜਾਈ ਕਰਨ ਦਾ ਇਸ਼ਾਰਾ ਕੀਤਾ। ਸੁੱਚਾ ਸਿੰਘ ਖ਼ਤਰਾ ਤਾੜ ਕੇ ਘਰੋਂ ਬੰਦੂਕ ਲੈ ਆਇਆ। ਬੰਦੂਕ ਵੇਖਦੇ ਸਾਰ ਘੁਕਰ ਦੇ ਸਾਥੀ ਉਥੋਂ ਨਠ ਗਏ। ਸੁੱਚਾ ਸਿੰਘ ਨੇ ਪਹਿਲਾਂ ਘੁਕਰ ਦਾ ਕੰਮ ਤਮਾਮ ਕੀਤਾ ਅਤੇ ਫਿਰ ਘਰ ਆ ਕੇ ਉਸ ਨੇ ਬੀਰੋ ਨੂੰ ਕਿਹਾ ਕਿ ਉਹ ਅੱਜ ਉਸੇ ਤਰ੍ਹਾਂ ਦਾ ਆਪਣਾ ਹਾਰ ਸ਼ਿੰਗਾਰ ਕਰੇ ਜਿਵੇਂ ਉਹ ਸਜ ਧਜ ਕੇ ਘੁਕਰ ਕੋਲ ਜਾਂਦੀ ਰਹੀ ਸੀ। ਜਦੋਂ ਬੀਰੋ ਹਾਰ ਸ਼ਿੰਗਾਰ ਕਰ ਚੁਕੀ ਤਾਂ ਸੁੱਚਾ ਸਿੰਘ ਨੇ ਗੋਲੀਆਂ ਦਾਗ ਕੇ ਉਹਦਾ ਸਰੀਰ ਛਲਣੀ ਛਲਣੀ ਕਰ ਦਿਤਾ।

ਸੁੱਚਾ ਸਿੰਘ ਨੇ ਜੋ ਬੀਰਤਾ ਵਿਖਾਈ, ਉਹ ਭਾਵੇਂ ਔਰਤ ਦੁਆਲੇ ਘੁੰਮਦੀ ਸੂਰਮਗਤੀ ਉਤੇ ਆਧਾਰਤ ਹੈ, ਪਰ ਸੁੱਚਾ ਸਿੰਘ ਪਰੰਪਰਾ ਤੋਂ

ਪ੍ਰਵਾਨਿਤ ਨੈਤਿਕ ਕੀਮਤਾਂ ਕਦਰਾਂ ਉਤੇ ਬਲ ਦੇਂਦਾ ਹੋਇਆ, ਉਨ੍ਹਾਂ ਨੂੰ ਮੁੜ ਸਥਾਪਿਤ ਕਰਨ ਲਈ ਦੂਝਿਆ ਹੋਣ ਕਰ ਕੇ ਲੋਕ-ਮਨ ਨੂੰ ਟੁੰਬਦਾ ਹੈ।

(ਸ-611) **ਸੁਚਿੱਤ੍ਰਾ :**

ਰਾਜਾ ਭੱਦਰ ਸੈਨ ਦੀ ਰਾਜਕੁਮਾਰੀ, ਜੋ ਕਿਸੇ ਰਿਸ਼ੀ ਦੇ ਸਰਾਪ ਨਾਲ ਸੱਪਣੀ ਬਣ ਗਈ ਸੀ। ਇਕ ਰਿਸ਼ੀ ਦਰਿਆ ਦੇ ਕੰਢੇ ਇਸ਼ਨਾਨ ਕਰ ਰਿਹਾ ਸੀ ਕਿ ਸੁਚਿੱਤ੍ਰਾ ਨੇ ਸ਼ਰਾਰਤ ਨਾਲ ਉਸ ਦੇ ਕਪੜੇ ਝਾੜੀਆਂ ਵਿਚ ਛੁਪਾ ਦਿਤੇ। ਰਿਸ਼ੀ ਨੇ ਕਰੋਧ ਵਿਚ ਆ ਕੇ ਸੁਚਿੱਤ੍ਰਾ ਨੂੰ ਸੱਪਣੀ ਬਣਨ ਦਾ ਸਰਾਪ ਦਿਤਾ। ਸੁਚਿੱਤ੍ਰਾ ਦੇ ਤਰਲੇ ਕਰਨ ਉਤੇ ਰਿਸ਼ੀ ਨੇ ਸਰਾਪ ਤਾਂ ਵਾਪਸ ਨਾ ਲਿਆ; ਪਰ ਵਚਨ ਦਿਤਾ ਕਿ ਉਹ ਇਕ ਮਹਾਂ ਪੁਰਸ਼ ਦੀ ਛੁਹ ਨਾਲ ਸਰਪ ਜੂਨ ਤੋਂ ਮੁਕਤ ਹੋ ਜਾਵੇਗੀ। ਉਸੇ ਰਿਸ਼ੀ ਦੇ ਸਰਾਪ ਕਾਰਨ ਰਾਜੇ ਭੱਦਰ ਸੈਨ ਦਾ ਰਾਜ ਭਾਗ ਵੀ ਨਸ਼ਟ ਹੋ ਗਿਆ।

ਇਕ ਵਾਰ ਗੁਰੂ ਗੋਬਿੰਦ ਸਿੰਘ ਸ਼ਿਕਾਰ ਖੇਡਦੇ ਹੋਏ ਭਦੌੜ ਦੇ ਇਲਾਕੇ ਵਿਚ ਆਏ, ਤਾਂ ਉਨ੍ਹਾਂ ਨੇ ਉਥੇ ਇਕ ਸਰੋਵਰ ਦੇ ਨੇੜੇ ਬਿਸਰਾਮ ਕੀਤਾ। ਉਦੋਂ ਇਕ ਸੱਪਣੀ ਗੁਰੂ ਜੀ ਵਲ ਦੌੜਦੀ ਹੋਈ ਆਈ ਅਤੇ ਉਸ ਨੇ ਗੁਰੂ ਜੀ ਦੇ ਕਦਮਾਂ ਉਤੇ ਸਿਰ ਰਖ ਕੇ ਪ੍ਰਾਣ ਤਿਆਗ ਦਿਤੇ। ਧਾਰਨਾ ਹੈ ਕਿ ਇਹ ਸੱਪਣੀ ਸੁਚਿੱਤ੍ਰਾ ਹੀ ਸੀ। ਇਸ ਸੱਪਣੀ ਨੂੰ ਗੁਰੂ ਜੀ ਦੇ ਹੁਕਮ ਨਾਲ ਦਫਨਾ ਦਿਤਾ ਗਿਆ ਅਤੇ ਉਥੇ ਸਮਾਧ ਬਣਾ ਦਿਤੀ ਗਈ। ਇਹ ਸਮਾਧ ਭਦੌੜ ਦੇ ਗੁਰਦੁਆਰੇ ਦੇ ਅਹਾਤੇ ਵਿਚ ਹੁਣ ਤਕ ਮੌਜੂਦ ਹੈ।

(ਸ-612) **ਸੁੱਚੇ ਮੂੰਹ :**

ਬਿਨਾਂ ਕੋਈ ਵਸਤੂ ਮੂੰਹ ਲਗਾਏ ਦੇ; ਹਿੰਦੂਆਂ ਸਿੱਖਾਂ ਵਿਚ ਸਰਘੀ ਵੇਲੇ ਸੁੱਚੇ ਮੂੰਹ ਪੂਜਾ ਪਾਠ ਕਰਨ ਦਾ ਵਿਧਾਨ ਹੈ। ਸੁੱਚੇ ਮੂੰਹ ਕੀਤੀ ਪੂਜਾ ਪਾਠ ਦਾ ਮਹਾਤਮ ਜ਼ਿਆਦਾ ਹੈ, ਕਿਉਂ ਜੋ ਅੰਨ ਪਾਪਾਂ ਦੀ ਜੜ੍ਹ ਮੰਨਿਆ ਗਿਆ ਹੈ। ਇਸੇ ਤਰ੍ਹਾਂ ਸਿੱਖਾਂ ਵਿਚ ਆਦਿ ਗ੍ਰੰਥ ਦਾ ਵਾਕ ਸੁੱਚੇ ਮੂੰਹ ਲੈਣ ਜਾਂ ਸਰਵਣ ਕਰਨ ਦਾ ਫਲ ਵਧੇਰੇ ਹੈ।

ਹਿੰਦੂਆਂ ਵਿਚ ਕੁਝ ਵਰਤ ਸੁੱਚੇ ਮੂੰਹ ਰਖੇ ਜਾਂਦੇ ਹਨ। ਵੈਸੇ ਤਾਂ ਵਰਤ ਰਖਣ ਵੇਲੇ ਕਰਮ-ਕਾਂਡੀ, ਸੂਰਜ ਚੜ੍ਹਨ ਤੋਂ ਪਹਿਲਾਂ, ਸਰਘੀ ਖਾ ਲੈਂਦਾ ਹੈ ਅਤੇ ਫਿਰ ਵਰਤ ਖੋਲ੍ਹਣ ਤਕ ਕੁਝ ਨਹੀਂ ਖਾਧਾ ਜਾਂਦਾ, ਪਰ ਸੁੱਚੇ ਮੂੰਹ ਵਰਤਾਂ ਵਿਚ ਸਰਘੀ ਵੀ ਨਹੀਂ ਖਾਧੀ ਜਾਂਦੀ। ਸੰਗਰਾਂਦ, ਪੂਰਨਮਾਸ਼ੀ ਤੇ ਅਮਾਵਸ ਆਦਿ ਦੇ ਵਰਤ ਸੁੱਚੇ ਮੂੰਹ ਰਖੇ ਜਾਂਦੇ ਹਨ (ਵੇਖੋ : ਵਰਤ)।

(ਸ-613) **ਸੁੱਚੇ ਮੋਤੀ :**

ਪੁਰਾਣਾਂ ਅਨੁਸਾਰ ਸਵਾਂਤੀ ਨਛੱਤਰ ਦੇ ਯੋਗ ਸਮੇਂ ਜਦੋਂ ਕਦੇ ਵਰਖਾ ਦੀ ਬੂੰਦ ਸਿੱਪੀ ਵਿਚ ਡਿਗਦੀ ਹੈ, ਤਾਂ ਸਿੱਪੀ ਦਾ ਮੂੰਹ ਸੁਤੇ ਸਿਧ ਬੰਦ ਹੋ ਜਾਂਦਾ ਹੈ ਅਤੇ ਉਹ ਬੂੰਦ ਸਮਾਂ ਪਾ ਕੇ ਸੁੱਚੇ ਮੋਤੀ ਦਾ ਰੂਪ ਗ੍ਰਹਿਣ ਕਰ ਲੈਂਦੀ ਹੈ। ਇਹ ਮੋਤੀ ਪੰਚ-ਰਤਨਾਂ ਅਤੇ ਨੌ-ਰਤਨਾਂ ਵਿਚੋਂ ਇਕ ਮੰਨਿਆ ਗਿਆ ਹੈ।

ਸੁੱਚੇ ਮੋਤੀ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ਼ ਜੁੜੇ ਹੋਏ ਹਨ। ਪਟਿਆਲੇ ਵਿਚ ਇਹ ਧਾਰਨਾ ਪ੍ਰਚਲਤ ਹੈ ਕਿ ਜੇ ਕੋਈ ਤੀਵੀਂ ਮਾਹਵਾਰੀ ਦੇ ਦਿਨੀਂ ਸੁੱਚੇ ਮੋਤੀ ਖਾ ਲਏ, ਤਾਂ ਉਸ ਦੇ ਘਰ ਲੜਕਾ ਜੰਮਦਾ ਹੈ। ਇਕ ਹੋਰ ਮਨੌਤ ਅਨੁਸਾਰ ਜੇ ਕੋਈ ਮਰਦ ਸੁੱਚੇ ਮੋਤੀ ਦੀ ਸਵਾਹ, ਮੰਤਰ ਪੜ੍ਹ ਕੇ, ਕਿਸੇ ਤੀਵੀਂ ਨੂੰ ਖੁਆ ਦੇਵੇ, ਤਾਂ ਉਹ ਤੀਵੀਂ ਉਸ ਮਰਦ ਨਾਲ ਅਤੁਟ ਪ੍ਰੇਮ ਕਰਨ ਲੱਗ ਜਾਂਦੀ ਹੈ।

ਸੁੱਚਾ ਮੋਤੀ ਰੱਖਿਆ ਦੇ ਜੰਤਰ ਵਜੋਂ ਵੀ ਬੜਾ ਪ੍ਰਭਾਵਸ਼ਾਲੀ ਮੰਨਿਆ ਗਿਆ ਹੈ। ਇਸ ਮੋਤੀ ਨੂੰ ਕੋਲ ਰਖਣ ਜਾਂ ਪਹਿਨਣ ਨਾਲ ਬੁਰੀ ਨਜ਼ਰ ਨਹੀਂ ਲੱਗਦੀ ਅਤੇ ਪ੍ਰੇਤ ਰੂਹਾਂ ਦੂਰ ਰਹਿੰਦੀਆਂ ਹਨ।

(ਸ-614) **ਸੁੰਢ :**

ਧਾਰਨਾ ਹੈ ਕਿ ਸੁੰਢ ਤੋਂ ਪ੍ਰੇਤ ਰੂਹਾਂ ਦੂਰ ਨਠਦੀਆਂ ਹਨ ਤੇ ਇਸ ਨੂੰ ਖਾਣ ਨਾਲ ਮੰਦੀ ਨਜ਼ਰ ਨਹੀਂ ਲੱਗਦੀ। ਪ੍ਰਸੂਤ ਦੇ ਦਿਨਾਂ ਵਿਚ

ਇਸਤ੍ਰੀ ਨੂੰ ਉਸ ਦੇ ਪੇਕੇ ਘਿਓ ਤੇ ਗੁੜ ਵਿਚ ਸੁੰਢ ਰਲਾ ਕੇ ਭੇਜਦੇ ਹਨ, ਜਿਸ ਨੂੰ ਸੁੰਢੋਲਾ ਕਹਿੰਦੇ ਹਨ।

ਮੁਸਲਮਾਨ ਸੁੰਢ ਨੂੰ ਬੜੀ ਪਵਿਤ੍ਰ ਵਸਤੂ ਮੰਨਦੇ ਹਨ। ਕੁਰਾਨ (ਅਲ ਇਨਸਾਨ, ਆਇਤ 17) ਵਿਚ ਲਿਖਿਆ ਹੈ ਕਿ ਬਹਿਸ਼ਤ ਵਿਚ ਨੇਕ ਬੰਦਿਆਂ ਨੂੰ ਸੁੰਢ ਦੇ ਰਸ ਨਾਲ ਮਿਲੇ ਪਿਆਲੇ ਪੀਣ ਲਈ ਮਿਲਣਗੇ। ਇਸੇ ਸੰਕਲਪ ਤੋਂ ਇਹ ਧਾਰਨਾ ਬਣੀ ਹੈ ਕਿ ਸੁੰਢ ਦੇ ਸੇਵਨ ਨਾਲ ਮਨੁਖ ਦੇ ਮਨ ਵਿਚੋਂ ਪਾਪਾਂ ਦੇ ਬੀਜ ਸਹਿਜ ਰੂਪ ਵਿਚ ਹੀ ਨਸ਼ਟ ਹੋ ਜਾਂਦੇ ਹਨ।

(ਸ-615) **ਸੁਣਾਉਣੀ** :

ਕਿਸੇ ਪ੍ਰਾਣੀ ਦੀ ਮੌਤ ਉਤੇ ਨਾਈ ਦੁਆਰਾ ਉਸ ਦੀ ਖ਼ਬਰ ਅੰਗਾਂ ਸਾਕਾਂ ਤੇ ਭਾਈਚਾਰੇ ਨੂੰ ਪਹੁੰਚਾਣ ਦੀ ਕਿਰਿਆ।

(ਸ-616) **ਸੁੱਥਣ ਪਾਟੀ** :

ਇਕ ਖੇਡ, ਜੋ ਭੋਇੰ ਉਤੇ ਖਾਨੇ ਬਣਾ ਕੇ ਚੌਹਾਂ ਗੀਟੀਆਂ ਨਾਲ ਖੇਡੀ ਜਾਂਦੀ ਹੈ। ਇਸ ਖੇਡ ਨੂੰ ਦੋ ਖਿਡਾਰੀ ਆਹਮੋ ਸਾਹਮਣੇ ਬੈਠ ਕੇ ਖੇਡਦੇ ਹਨ। ਖਿਡਾਰੀ ਆਪੋ ਆਪਣੀਆਂ ਦੋਵੇਂ ਗੀਟੀਆਂ ਦੋ ਦੋ ਖਾਨਿਆਂ ਵਿਚ ਰਖ ਲੈਂਦੇ ਹਨ। ਵਿਚਕਾਰਲੀ ਕਤਾਰ ਦੇ ਖਾਨੇ ਖ਼ਾਲੀ ਰਹਿੰਦੇ ਹਨ। ਫਿਰ ਦੋਵੇਂ ਖਿਡਾਰੀ ਵਾਰੋ ਵਾਰੀ ਆਪੋ ਆਪਣੀਆਂ ਗੀਟੀਆਂ ਅਜਿਹੇ ਢੰਗ ਨਾਲ ਚਲਾਂਦੇ ਹਨ ਕਿ ਦੂਜੇ ਖਿਡਾਰੀ ਨੂੰ ਗੀਟੀਆਂ ਚੱਲਣ ਦਾ ਰਾਹ ਨਾ ਮਿਲੇ। ਜਦੋਂ ਕਿਸੇ ਖਿਡਾਰੀ ਨੂੰ ਗੀਟੀ ਚੱਲਣ ਦਾ ਰਾਹ ਨਾ ਮਿਲੇ, ਤਾਂ ਉਹ ਹਾਰ ਜਾਂਦਾ ਹੈ। ਇਸ ਖੇਡ ਨੂੰ 'ਬੋੜਾ ਖੂਹ' ਵੀ ਕਹਿੰਦੇ ਹਨ। ਡੇਹਰਾ ਬਾਬਾ ਨਾਨਕ ਵਿਚ ਇਸ ਖੇਡ ਨੂੰ 'ਸੁੱਥਣ ਪਾਟੀ' ਕਹਿੰਦੇ ਹਨ।

(ਸ-617) **ਸੁੱਥਰੇ ਸ਼ਾਹ** :

ਪੰਜਾਬ ਦਾ ਇਕ ਪ੍ਰਸਿਧ ਫ਼ਕੀਰ, ਜੋ ਬੜਾ ਹਾਸ-ਵਿਨੋਦੀ ਤੇ ਟਿਚਕਰਬਾਜ਼ ਸੀ। ਸੁੱਥਰੇ ਦੇ ਹਾਸੇ ਠਠੇ ਤੇ ਮਸ਼ਕਰੀ ਭਰੇ ਬਚਨ ਬਿਲਾਸ ਅਤੇ ਕਥਾਵਾ ਲੋਕਾਂ ਵਿਚ ਆਮ ਪ੍ਰਚਲਤ ਹਨ।

ਸੁੱਥਰੇ ਸ਼ਾਹ ਦੀ ਜਨਮ ਤਿੱਥ ਤੇ ਜੀਵਨ ਬਾਰੇ ਪ੍ਰਮਾਣੀਕ ਸਾਮਗਰੀ ਬੜੀ ਅਲਪ ਹੈ, ਪਰ ਉਨ੍ਹਾਂ ਬਾਰੇ ਲੋਕਧਾਰਾਈ ਸਾਮਗਰੀ ਕਾਫ਼ੀ ਮਾਤਰਾ ਵਿਚ ਮਿਲਦੀ ਹੈ। ਭਾਈ ਕਾਹਨ ਸਿੰਘ (ਮਹਾਨ ਕੋਸ਼, 159) ਅਨੁਸਾਰ ਸੁੱਥਰੇ ਸ਼ਾਹ ਦਾ ਜਨਮ ਸੰਮਤ 1672 ਵਿਚ ਬਾਰਾਂਮੂਲੇ ਦੇ ਨੇੜੇ ਬਰਾਮਪੁਰ ਪਿੰਡ ਦੇ ਨੰਦੇ ਖਤਰੀ ਦੇ ਘਰ ਹੋਇਆ। ਰਵਾਇਤ ਅਨੁਸਾਰ ਜਨਮ ਵੇਲੇ ਸੁੱਥਰੇ ਦੇ ਮੂੰਹ ਵਿਚ ਦੰਦ ਸਨ। ਮਾਪਿਆਂ ਨੇ ਉਸ ਨੂੰ ਅਪਲੱਛਣਾ ਜਾਣ ਕੇ ਖੇਤਾਂ ਵਿਚ ਸੁਟ ਦਿਤਾ, ਜਿਥੇ ਇਕ ਕੁੱਤੀ ਉਸ ਨੂੰ ਆਪਣਾ ਬੱਚਾ ਸਮਝ ਕੇ ਪਾਲਦੀ ਰਹੀ। ਕਸ਼ਮੀਰ ਤੋਂ ਵਾਪਸ ਆਉਂਦਿਆਂ ਗੁਰੂ ਹਰਿਗੋਬਿੰਦ ਸਾਹਿਬ ਦੀ ਨਜ਼ਰ ਇਸ ਬੱਚੇ ਉਤੇ ਪਈ, ਜੋ ਉਦੋਂ ਮਿੱਟੀ ਘਟੇ ਨਾਲ ਲਿਬੜਿਆ ਹੋਇਆ ਰੋ ਰਿਹਾ ਸੀ। ਗੁਰੂ ਜੀ ਜਦੋਂ ਬੱਚੇ ਨੂੰ ਚੁਕਣ ਲਈ ਵਧੇ, ਤਾਂ ਇਕ ਸਿੱਖ ਨੇ ਕਿਹਾ, "ਜੀ, ਇਹ ਬੜਾ ਕੁੱਥਰਾ ਏ।" ਗੁਰੂ ਜੀ ਹੱਸ ਕੇ ਕਹਿਣ ਲੱਗੇ, "ਨਹੀਂ, ਕੁੱਥਰਾ ਨਹੀਂ, ਸੁੱਥਰਾ ਏ।" ਉਦੋਂ ਤੋਂ ਇਸ ਬੱਚੇ ਦਾ ਨਾਉਂ ਸੁੱਥਰਾ ਪੈ ਗਿਆ।

ਸੁੱਥਰੇ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ। ਕਹਿੰਦੇ ਹਨ ਔਰੰਗਜ਼ੇਬ ਹਰ ਰੋਜ਼ ਸਵਾ ਮਣ ਜੰਞੂ ਉਤਰਵਾ ਕੇ ਖਾਣਾ ਖਾਇਆ ਕਰਦਾ ਸੀ। ਜੇ ਕਿਸੇ ਹਿੰਦੂ ਨੇ ਮੱਥੇ ਉਤੇ ਟਿਕਾ ਲਗਾਇਆ ਹੁੰਦਾ ਜਾਂ ਜੰਞੂ ਪਹਿਨਿਆ ਹੁੰਦਾ, ਤਾਂ ਮੁਲਾਣੇ ਉਸ ਦਾ ਟਿਕਾ ਜੀਭ ਨਾਲ ਚਟ ਲੈਂਦੇ ਅਤੇ ਜੰਞੂ ਉਤਾਰ ਕੇ ਖੰਡਿਤ ਕਰ ਦੇਂਦੇ। ਸੁੱਥਰੇ ਨੇ ਮੁਲਾਣਿਆਂ ਨੂੰ ਸਬਕ ਸਿਖਾਣ ਲਈ ਮੱਥੇ ਉਤੇ ਮੱਲ ਮੂਤਰ ਦਾ ਟਿੱਕਾ ਲਗਾ ਲਿਆ ਅਤੇ ਗਲ ਵਿਚ ਸੂਰ ਦੀ ਆਂਦਰ ਦਾ ਜੰਞੂ ਪਹਿਨ ਲਿਆ। ਫਿਰ ਸੁੱਥਰਾ ਦਿੱਲੀ ਦੇ ਬਜ਼ਾਰਾਂ ਵਿਚ ਮੁਲਾਣਿਆਂ ਨੂੰ ਵੰਗਾਰਨ ਲੱਗਾ ਕਿ ਕੋਈ ਉਸ ਦਾ ਟਿਕਾ ਚਟੇ ਅਤੇ ਜੰਞੂ ਉਤਾਰੇ। ਇਕ ਮੁੱਲਾ ਨੇ ਜਦੋਂ ਸੁੱਥਰੇ ਦਾ ਟਿਕਾ ਚਟਿਆ, ਤਾਂ ਉਸ ਨੂੰ ਵਿਚੋਂ ਮੱਲ ਦੀ ਬਦਬੂ ਆਈ। ਪਰ ਜਦੋਂ ਉਹ ਜੰਞੂ ਤੋੜਨ ਲੱਗਾ, ਤਾਂ ਸੂਰ ਦੀ ਆਂਦਰ ਵੇਖ ਕੇ ਭੜਕ ਉਠਿਆ। ਉਸੇ ਵੇਲੇ ਸੁੱਥਰੇ ਨੂੰ ਬੰਦੀ ਬਣਾ ਕੇ ਔਰੰਗਜ਼ੇਬ ਦੇ ਸਾਹਮਣੇ ਪੇਸ਼ ਕੀਤਾ ਗਿਆ।

ਔਰੰਗਜ਼ੇਬ ਉਦੋਂ ਨਾਸ਼ਤਾ ਕਰ ਰਿਹਾ ਸੀ। ਸੁੱਥਰੇ ਦੀ ਪ੍ਰਛਾਈਂ ਪੈਂਦੇ ਸਾਰ ਉਸ ਦੇ ਨਾਸ਼ਤੇ ਵਿਚ ਅਨੇਕਾਂ ਗੰਦੇ ਕਿਰਮ ਕੁਰਬਲ ਕੁਰਬਲ ਕਰਨ ਲੱਗੇ। ਔਰੰਗਜ਼ੇਬ ਨੇ ਕਰੋਧ ਵਿਚ ਆ ਕੇ ਕਿਹਾ, "ਇਸ ਸ਼ਖ਼ਸ ਦਾ ਹੁਣੇ ਸਿਰ ਵਢ ਦਿਓ, ਇਸ ਦਾ ਨਾਉਂ ਸੁਣ ਕੇ ਮੈਨੂੰ ਨਾਸ਼ਤਾ ਤਕ ਨਸੀਬ ਨਹੀਂ ਹੋਇਆ।" ਤਾਂ ਸੁੱਥਰੇ ਨੇ ਮੁਸਕਰਾਂਦਿਆਂ ਹੋਇਆਂ ਕਿਹਾ, "ਹਜ਼ੂਰ, ਮੇਰਾ ਨਾਉਂ ਸੁਣ ਕੇ ਤਾਂ ਤੁਹਾਨੂੰ ਨਾਸ਼ਤਾ ਹੀ ਨਸੀਬ ਨਹੀਂ ਹੋਇਆ, ਪਰ ਤੁਹਾਡੇ ਦਰਸ਼ਨ ਕਰ ਕੇ ਤਾਂ ਮੈਨੂੰ ਮੌਤ ਨਸੀਬ ਹੋਈ ਏ, ਕੌਣ ਕੁਲਛਣਾ ਹੋਇਆ, ਮੈਂ ਜਾਂ ਤੁਸੀਂ।" ਔਰੰਗਜ਼ੇਬ ਸੁੱਥਰੇ ਦੀ ਹਾਜ਼ਰ-ਜਵਾਬੀ ਉਤੇ ਇਤਨਾ ਪ੍ਰਸੰਨ ਹੋਇਆ ਕਿ ਉਸ ਨੇ ਸੁੱਥਰੇ ਨੂੰ ਮੁਕਤ ਕਰ ਦਿਤਾ।

ਇਕ ਹੋਰ ਦੰਦ-ਕਥਾ, ਜੋ ਸੁੱਥਰੇ ਦੇ ਕਰਾਮਾਤੀ ਹੋਣ ਦਾ ਦਮ ਭਰਦੀ ਹੈ, ਇਉਂ ਪ੍ਰਚਲਤ ਹੈ — ਇਕ ਵਾਰ ਸੁੱਥਰਾ ਡੇਢ ਹੱਥ ਲੰਮੀਆਂ ਦੋ ਜੁਤੀਆਂ ਬਣਵਾ ਕੇ ਦਿੱਲੀ ਗਿਆ। ਰਾਤ ਨੂੰ ਸੁੱਥਰਾ ਆਪਣੀ ਇਕ ਜੁੱਤੀ ਲੋਟੇ ਸਮੇਤ ਸ਼ਾਹੀ ਮਸਜਦ ਵਿਚ ਰਖ ਆਇਆ। ਇਸ ਅਨੋਖੀ ਜੁੱਤੀ ਦੀ ਖ਼ਬਰ ਸਾਰੇ ਸ਼ਹਿਰ ਵਿਚ ਫੈਲ ਗਈ ਤੇ ਲੋਕੀਂ ਇਸ ਜੁੱਤੀ ਨੂੰ ਇਲਾਹੀ ਵਸਤੂ ਸਮਝ ਕੇ, ਦੂਰੋਂ ਦੂਰੋਂ, ਦਰਸ਼ਨਾਂ ਲਈ ਆਉਣ ਲੱਗੇ।

ਹਫ਼ਤੇ ਕੁ ਬਾਅਦ ਸੁੱਥਰਾ ਆਪਣੀ ਡੇਢ ਹੱਥ ਦੀ ਦੂਜੀ ਜੁੱਤੀ ਇਕ ਖੂੰਢੀ ਉਤੇ ਲਟਕਾ ਕੇ ਸ਼ਹਿਰ ਦੀਆਂ ਗਲੀਆਂ ਵਿਚ, ਇਹ ਹੋਕਾ ਦੇਂਦਾ ਹੋਇਆ ਫਿਰਨ ਲੱਗਾ ਕਿ ਉਸ ਦੇ ਨਾਲ ਦੀ ਦੂਜੀ ਜੁੱਤੀ ਕਿਸੇ ਨੇ ਚੁਰਾ ਲਈ ਹੈ। ਮਾਮਲਾ ਕਾਫ਼ੀ ਗੰਭੀਰ ਹੋ ਗਿਆ। ਗੱਲ ਔਰੰਗਜ਼ੇਬ ਤਕ ਪਹੁੰਚੀ। ਔਰੰਗਜ਼ੇਬ ਨੇ ਸੁੱਥਰੇ ਨੂੰ ਬੁਲਾ ਕੇ ਪੁਛਿਆ ਕਿ ਸ਼ਾਹੀ ਮਸਜਦ ਵਾਲੀ ਜੁੱਤੀ ਉਸ ਦੀ ਕਿਵੇਂ ਹੋਈ? ਫਿਰ ਔਰੰਗਜ਼ੇਬ ਨੇ ਧਮਕਾਂਦਿਆਂ ਕਿਹਾ ਕਿ ਜੇ ਉਹ ਜੁੱਤੀ ਉਸ ਦੇ ਪੈਰਾਂ ਵਿਚ ਪੂਰੀ ਨਾ ਆਈ, ਤਾਂ ਉਹ ਉਸ ਨੂੰ ਫਾਹੇ ਲਗਾ ਦੇਵੇਗਾ। ਸੁੱਥਰੇ ਨੇ ਗੁਰੂ ਦਾ ਨਾਂ ਲੈ ਕੇ ਉਹ ਜੁੱਤੀ ਪੈਰ ਵਿਚ ਪਾਈ, ਤਾਂ ਉਹ ਪੂਰੀ ਨਿਕਲੀ। ਔਰੰਗਜ਼ੇਬ ਨੇ ਸੁੱਥਰੇ ਦੇ ਚਿਹਰੇ ਉਤੇ ਇਲਾਹੀ ਨੂਰ ਵੇਖਿਆ ਤੇ ਕਿਹਾ, "ਕੁਝ ਮੰਗ ਲੈ"। ਪਰ ਸੁੱਥਰੇ ਨੇ ਸਮਝਾਇਆ ਕਿ ਉਹ ਹਿੰਦੂਆਂ ਉਤੇ ਜ਼ੁਲਮ ਢਾਹੁਣੇ ਬੰਦ ਕਰ ਦੇਵੇ।

ਰਵਾਇਤ ਹੈ ਕਿ ਸੁੱਥਰੇ ਸ਼ਾਹ ਨੇ ਦਿੱਲੀ ਦੇ ਪਾਤਸ਼ਾਹ ਪਾਸੋਂ ਇਕ ਪੈਸਾ ਹੱਟੀ ਪ੍ਰਤੀ ਉਗਰਾਹੁਣ ਦਾ ਅਧਿਕਾਰ ਪ੍ਰਾਪਤ ਕੀਤਾ ਹੋਇਆ ਸੀ। ਔਰੰਗਜ਼ੇਬ ਨੇ ਸੁੱਥਰੇ ਨੂੰ ਹਰ ਵਿਆਹ ਪ੍ਰਤੀ ਸੋਨੇ ਦੀ ਮੋਹਰ ਅਤੇ ਹੱਟੀ ਪ੍ਰਤੀ ਸਵਾ ਰੁਪਿਆ ਉਗਰਾਹੁਣ ਦਾ ਹੱਕ ਦਿਤਾ ਸੀ, ਪਰ ਸੁੱਥਰੇ ਨੇ ਹਰ ਵਿਆਹ ਉਤੇ ਸਵਾ ਰੁਪਿਆ ਅਤੇ ਫ਼ੀ ਹੱਟੀ ਇਕੋ ਪੈਸਾ ਲੈਣਾ ਕਬੂਲ ਕੀਤਾ। ਉਦੋਂ ਤੋਂ ਸੁੱਥਰੇ ਸ਼ਾਹੀ ਫ਼ਕੀਰ ਜਿਸ ਹੱਟੀ ਅੱਗੇ ਖੜੇ ਹੁੰਦੇ ਹਨ, ਉਥੋਂ ਇਕ ਪੈਸਾ ਭੇਟ ਲੈ ਕੇ ਹੀ ਤੁਰਦੇ ਹਨ।

ਰਵਾਇਤ ਹੈ ਕਿ ਸੁੱਥਰੇ ਸ਼ਾਹ ਨੇ ਦਿੱਲੀ ਦੇ ਬੇਨਵਾ ਫ਼ਕੀਰ ਨਾਲ ਚਰਚਾ ਕੀਤੀ ਤੇ ਉਸ ਨੂੰ ਹਰਾ ਕੇ ਉਸ ਤੋਂ ਸੇਲੀ ਟੋਪੀ ਖੋਹ ਲਈ। ਉਦੋਂ ਤੋਂ ਕਈ ਬੇਨਵਾ ਫ਼ਕੀਰ ਵੀ ਸੁੱਥਰੇ ਦੇ ਮੁਰੀਦ ਬਣ ਗਏ, ਪਰ ਬੇਨਵਿਆਂ ਵਾਂਗ ਕੁਬੋਲ ਬੋਲਣ ਤੇ ਹੱਟੀਆਂ ਅੱਗੇ ਧਰਨਾ ਮਾਰ ਕੇ ਮੰਗਣ ਦੀ ਵਾਦੀ ਉਨ੍ਹਾਂ ਵਿਚੋਂ ਨਾ ਗਈ।

ਪੰਜਾਬੀ ਵਿਚ ਸੁੱਥਰੇ ਦੇ ਕੁਝ ਕਾਵਿ ਬਚਨ ਵੀ ਪ੍ਰਚਲਤ ਹਨ, ਜੋ ਖੁਲ੍ਹੇ ਡੁਲ੍ਹੇ ਤੇ ਹਾਸ ਵਿਨੋਦ ਨਾਲ ਭਰਪੂਰ ਹੋਣ ਕਰ ਕੇ, ਲੋਕਾਂ ਦੇ ਮੂੰਹ ਅਖਾਣਾਂ ਵਾਂਗ ਚੜ੍ਹੇ ਹੋਏ ਹਨ। ਇਨ੍ਹਾਂ ਦੀ ਜਟਕੀ ਬੋਲੀ ਵਿਚੋਂ ਮਿਸੇ ਅੰਨ ਦੀ ਮਹਿਕ ਹੈ। ਹੇਠਾਂ ਕੁਝ ਬਚਨ ਦਿਤੇ ਜਾਂਦੇ ਹਨ:

(ੳ) ਧੀਆਂ ਧਾੜ ਤੇ ਪੁੱਤਰ ਫਾਹ,
ਰੰਨ ਦੁੱਖਾਂ ਦਾ ਖੂਹ।
ਇਸ ਘਾਣੀ ਤੋਂ ਸੁੱਥਰਿਆ,
ਕੋਈ ਹਰਜਨ ਕਢੇ ਧੂਹ।

(ਅ) ਘਰ ਦੀ ਧਾੜ ਵਧਾਇਓ
ਤੇ ਨਾਉਂ ਰਖਾਇਓ ਜੰਵ
ਜਿਉਂ ਜਿਉਂ ਝੁਗਾ ਲੁਟਿਓ
ਤਿਉਂ ਤਿਉਂ ਕਹੀਏ ਧੰਨ।

(ੲ) ਰੰਨ ਕਾਠ ਤੇ ਪੁੱਤਰ ਕਿੱਲੀ
ਦੱਬ ਕੇ ਠੋਕੋ ਸੁੱਥਰਿਆ
ਕਦੀ ਨਾ ਹੋਵੇ ਢਿੱਲੀ।

(ਸ-618) **ਸੁੱਥਰੇ ਸ਼ਾਹੀ ਫ਼ਕੀਰ** :

ਸੁੱਥਰਾ ਸ਼ਾਹ ਦਾ ਚਲਾਇਆ ਇਕ ਪੰਥ; ਸੁੱਥਰਾ ਸ਼ਾਹ ਗੁਰੂ ਹਰਿਗੋਬਿੰਦ ਦਾ ਸਿਦਕੀ ਸਿੱਖ ਸੀ ਅਤੇ ਗੁਰੂ ਜੀ ਦੇ ਆਦੇਸ਼ ਉਤੇ ਹੀ ਉਹ ਦੱਖਣ-ਪੱਛਮੀ ਪੰਜਾਬ ਵਿਚ ਗੁਰਸਿੱਖੀ ਦੇ ਪ੍ਰਚਾਰ ਵਾਸਤੇ ਗਿਆ। ਸੁੱਥਰਾ ਸ਼ਾਹ ਦਾ ਚਲਾਇਆ ਪੰਥ ਮੁੱਢ ਵਿਚ ਸਿੱਖੀ ਨੇਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਕਰ ਕੇ ਸਿੱਖੀ ਦੀ ਹੀ ਇਕ ਸ਼ਾਖ ਮੰਨਿਆ ਜਾਂਦਾ ਰਿਹਾ। ਪਰ ਸਮਾਂ ਬੀਤਣ ਨਾਲ ਸੁੱਥਰੇ ਸ਼ਾਹੀ ਫ਼ਕੀਰ ਆਤਮਿਕ ਅਤੇ ਸਦਾਚਾਰਕ ਤੌਰ ਤੇ ਨਿਘਰਦੇ ਗਏ, ਜਿਸ ਕਰ ਕੇ ਇਹ ਫ਼ਕੀਰ ਸਿੱਖੀ ਤੋਂ ਦੂਰ ਹੁੰਦੇ ਗਏ।

ਇਬਟਸਨ ਅਨੁਸਾਰ ਸੁੱਥਰਾ ਸ਼ਾਹੀ ਸੰਪ੍ਰਦਾਇ ਦਾ ਮੁੱਢ ਸੁੱਚਾ ਨਾਂ ਦੇ ਇਕ ਬ੍ਰਾਹਮਣ ਨੇ ਗੁਰੂ ਹਰਿਰਾਇ ਦੀ ਪ੍ਰੇਰਨਾ ਤੇ ਬੰਨ੍ਹਿਆ। ਪਰ ਸੁੱਚਾ ਸ਼ਾਹ ਸੁੱਥਰੇ ਦੀ ਹੀ ਉਪਾਧੀ ਮੰਨੀ ਜਾਂਦੀ ਹੈ। ਸੁੱਥਰੇ ਦੀ ਧਰਮ ਵਿਚ ਲਗਨ ਵੇਖ ਕੇ ਗੁਰੂ ਹਰਿਗੋਬਿੰਦ ਨੇ ਇਕ ਵਾਰ ਕਿਹਾ ਸੀ, "ਇਹ ਸੁੱਥਰਾ ਹੀ ਨਹੀਂ, ਸੁੱਚਾ ਵੀ ਹੈ।"

ਸੁੱਥਰਾ ਸ਼ਾਹੀ ਫ਼ਕੀਰ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਧਰਮਾਂ ਵਿਚ ਮਿਲਦੇ ਹਨ। ਦੇਸ਼-ਵੰਡ ਤੋਂ ਪਹਿਲਾਂ ਇਹ ਵੱਡੇ ਸ਼ਹਿਰਾਂ ਦੇ ਬਜ਼ਾਰਾਂ ਵਿਚ ਡੰਡੇ ਵਜਾ ਕੇ, ਦੁਕਾਨਾਂ ਤੋਂ ਪੈਸੇ ਉਗਰਾਹੁੰਦੇ ਆਮ ਵੇਖੇ ਜਾਂਦੇ ਸਨ। ਰਵਾਇਤ ਹੈ ਕਿ ਔਰੰਗਜ਼ੇਬ ਨੇ ਸੁੱਥਰੇ ਦੇ ਉਚੇ ਆਚਰਨ ਅਤੇ ਵਿਨੋਦੀ ਸੁਭਾਓ ਤੋਂ ਪ੍ਰਸੰਨ ਹੋ ਕੇ ਉਸ ਨੂੰ ਹੱਟੀ ਪ੍ਰਤੀ ਪੈਸਾ ਉਗਰਾਹੁਣ ਦੀ ਆਗਿਆ ਦੇ ਦਿਤੀ, ਮਗਰੋਂ ਉਸ ਦੇ ਮੁਰੀਦ ਵੀ ਹੱਟੀ ਪ੍ਰਤੀ ਪੈਸਾ ਉਗਰਾਹੁਣਾ ਆਪਣਾ ਹੱਕ ਸਮਝਦੇ ਰਹੇ।

ਸੁੱਥਰੇ ਸ਼ਾਹੀ ਫ਼ਕੀਰ ਸਾਰੀ ਉਮਰ ਬ੍ਰਹਮਚਾਰੀ ਰਹਿੰਦੇ, ਗਲ ਵਿਚ ਸੇਲੀ ਤੇ ਸਿਰ ਉਤੇ ਟੋਪੀ ਪਹਿਨਦੇ ਹਨ, ਕਿਉਂ ਜੋ ਸੁੱਥਰਾ ਸ਼ਾਹ ਨੇ ਦਿੱਲੀ ਦੇ ਬੇਨਵਾ ਫ਼ਕੀਰ ਤੋਂ, ਇਕ ਚਰਚਾ ਵਿਚ ਵਿਜੈ ਪ੍ਰਾਪਤ ਕਰ ਕੇ, ਉਸ ਤੋਂ ਸੇਲੀ ਟੋਪੀ ਦੋਵੇਂ ਚੀਜ਼ਾਂ ਖੋਹ ਲਈਆਂ ਸਨ। ਸੁੱਥਰੇ ਸ਼ਾਹੀ ਫ਼ਕੀਰ ਹੱਥਾਂ ਵਿਚ ਦੋ ਡੰਡੇ ਧਾਰਨ ਕਰਦੇ ਹਨ, ਜਿਨ੍ਹਾਂ ਬਾਰੇ ਧਾਰਨਾ ਹੈ ਕਿ ਇਕ ਡੰਡਾ ਗੁਰੂ ਹਰਿਗੋਬਿੰਦ ਨੇ ਸੁੱਥਰੇ ਨੂੰ ਬਖ਼ਸ਼ਿਆ ਸੀ, ਦੂਜਾ ਦੁਰਗਾ ਦੇਵੀ ਨੇ। ਨਾਭੇ ਦੇ ਇਲਾਕੇ ਵਿਚ ਪ੍ਰਚਲਤ ਕਥਾ ਅਨੁਸਾਰ ਸੁੱਥਰੇ ਨੇ ਬਾਰਾਂ ਸਾਲ ਦੁਰਗਾ ਦੀ ਪੂਜਾ ਕੀਤੀ। ਦੁਰਗਾ ਨੇ ਪ੍ਰਸੰਨ ਹੋ ਕੇ ਉਸ ਨੂੰ ਇਕ ਛੋਟਾ ਜਿਹਾ ਕਾਲਾ ਡੰਡਾ ਬਖ਼ਸ਼ਿਆ। ਫਲਸਰੂਪ ਸੁੱਥਰੇ ਸ਼ਾਹੀ ਫ਼ਕੀਰ ਆਪਣੇ ਕੋਲ ਦੋ ਡੰਡੇ ਰਖਦੇ ਹਨ। ਇਕ ਛੋਟਾ, ਜੋ ਦੁਰਗਾ ਦੀ ਬਖ਼ਸ਼ਿਸ਼ ਹੈ ਤੇ ਦੂਜਾ ਵੱਡਾ, ਜੋ ਗੁਰੂ ਦੇ ਨਾਂ ਦਾ ਹੈ। ਮੁਸਲਮਾਨ ਫ਼ਕੀਰ ਦੁਰਗਾ ਨੂੰ ਨਹੀਂ ਮੰਨਦੇ, ਇਸ ਲਈ ਉਹ ਕੇਵਲ ਗੁਰੂ ਦੇ ਨਾਉਂ ਦਾ ਹੀ ਇਕੋ ਡੰਡਾ ਧਾਰਨ ਕਰਦੇ ਹਨ, ਜਿਸ ਨੂੰ ਉਹ ਬਾਹਾਂ ਵਿਚ ਪਹਿਨੀਆਂ ਲੋਹੇ ਦੀਆਂ ਚੂੜੀਆਂ ਨਾਲ ਟਕਰਾ ਕੇ ਧੁਨੀ ਕਢਦੇ ਹਨ। ਕਈ ਸੁੱਥਰਾ ਸ਼ਾਹੀ ਫ਼ਕੀਰ, ਜੋ ਦੁਰਗਾ ਦੇ ਭਗਤ ਹਨ, ਨੌਰਾਤਿਆਂ ਦੇ ਦਿਨੀਂ ਆਪਣੇ ਡੇਰਿਆਂ ਵਿਚ ਦੁਰਗਾ ਨੂੰ ਕੜਾਹੀ ਭੇਟ ਕਰਦੇ ਹਨ।

ਅੰਗਰੇਜ਼ੀ ਰਾਜ ਦੇ ਸਮੇਂ ਸੁੱਥਰੇ ਸ਼ਾਹੀ ਫ਼ਕੀਰ ਜੂਏਬਾਜ਼, ਨਸ਼ਈ, ਵਿਸ਼ਈ ਤੇ ਅਵਾਰਾ ਸੁਭਾਵ ਦੇ ਹੋ ਜਾਣ ਕਰ ਕੇ ਆਪਣੀ ਹੁਰਮਤ ਗੰਵਾ ਬੈਠੇ। ਇਸੇ ਲਈ ਭਾਈ ਕਾਹਨ ਸਿੰਘ ਲਿਖਦੇ ਹਨ—"ਹੁਣ ਬਹੁਤ ਸਾਰੇ ਸੁੱਥਰੇ, ਸਿੱਖ ਧਰਮ ਦੇ ਨਿਯਮਾਂ ਨੂੰ ਭੁਲਾ ਬੈਠੇ ਹਨ। ਡੰਡੇ ਬਜਾ ਕੇ ਹੱਟੀਆਂ ਤੋਂ ਮੰਗਦੇ ਹਨ। ਕਦੇ ਬੇਨਵਿਆਂ ਦੀ ਤਰ੍ਹਾਂ ਦੁਰਵਚਨ ਬੋਲਦੇ ਹਨ। ਕਈ ਮੂੰਹ ਕਾਲਾ ਕਰ ਕੇ ਧਰਨਾ ਮਾਰ ਬੈਠਦੇ ਹਨ" (ਮਹਾਨ ਕੋਸ਼, 159)। ਕਈ ਸੁੱਥਰੇ ਤਾਂ ਪੈਸਾ ਨਾ ਮਿਲਣ ਉਤੇ ਆਪਣੇ ਕਪੜੇ ਫਾੜ ਦੇਂਦੇ ਤੇ ਨੰਗੇ ਹੋ ਕੇ ਖੜੇ ਹੋ ਜਾਂਦੇ ਹਨ।

ਦੇਸ਼ ਦੀ ਵੰਡ ਤੋਂ ਪਹਿਲਾਂ ਸੁੱਥਰੇ ਸ਼ਾਹੀ ਫ਼ਕੀਰਾਂ ਦੇ ਡੇਰੇ ਕਈ ਵੱਡੇ ਸ਼ਹਿਰਾਂ ਵਿਚ ਮਿਲਦੇ ਸਨ। ਇਨ੍ਹਾਂ ਡੇਰਿਆਂ ਵਿਚ ਸਵਰਗਵਾਸੀ ਮਹੰਤਾਂ ਦੀਆਂ ਸਮਾਧੀਆਂ ਤੋਂ ਇਲਾਵਾ ਹੋਰ ਕੁਝ ਨਹੀਂ ਸੀ ਹੁੰਦਾ। ਸ਼ਰਧਾਲੂ ਸਮਾਧੀਆਂ ਨੂੰ ਹੀ ਧੂਪ ਦੀਪ ਦੇਂਦੇ ਤੇ ਪ੍ਰਕਰਮਾ ਕਰਦੇ ਸਨ। ਸੁੱਥਰੇ ਸ਼ਾਹੀ ਫ਼ਕੀਰਾਂ ਦਾ ਸਭ ਤੋਂ ਵੱਡਾ ਡੇਰਾ ਥਲ (ਸਿੰਧ ਸਾਗਰ ਦੁਆਬ) ਵਿਚ ਸਥਿਤ ਸੀ।

ਸੁੱਥਰੇ ਸ਼ਾਹੀ ਫ਼ਕੀਰਾਂ ਦੀਆਂ ਕੁਝ ਰੀਤਾਂ ਵੱਖਰੀਆਂ ਸਨ। ਜਦੋਂ ਨਵੇਂ ਚੇਲੇ ਨੂੰ ਦੀਖਿਆ ਦਿਤੀ ਜਾਂਦੀ ਹੈ, ਤਾਂ ਨਾਈ ਨੂੰ ਸੱਦ ਕੇ ਪਹਿਲਾਂ

ਚੋਟੀ ਤੋਂ ਇਲਾਵਾ ਉਸ ਦਾ ਸਾਰਾ ਸਿਰ ਮੂੰਹ ਮੁੰਨਿਆ ਜਾਂਦਾ। ਫਿਰ ਚੋਟੀ ਨੂੰ ਗੁਰੂ ਖ਼ੁਦ ਆਪਣੇ ਹੱਥਾਂ ਨਾਲ ਮੁੰਨਦਾ। ਫਿਰ ਉਹ ਚੇਲੇ ਦੇ ਕੰਨਾਂ ਵਿਚ ਗੁਰਮੰਤ੍ਰ ਫੂਕਦਾ। ਚੋਟੀ ਕੱਟਣ ਤੋਂ ਪਹਿਲਾਂ ਗੁਰੂ ਰਸਮੀ ਤੌਰ ਉਤੇ ਚੇਲੇ ਨੂੰ ਸੱਤ ਵਾਰ, ਚੋਟੀ ਕਟਵਾਣੋਂ ਤੇ ਸੁੱਥਰੇ ਸ਼ਾਹੀ ਪੰਥ ਵਿਚ ਸ਼ਾਮਲ ਹੋਣ ਤੋਂ ਵਰਜਦਾ। ਚੋਟੀ ਕਟਣ ਮਗਰੋਂ ਚੇਲੇ ਦੇ ਸਾਰੇ ਕਪੜੇ ਨਾਈ ਨੂੰ ਦਾਨ ਕਰ ਦਿਤੇ ਜਾਂਦੇ। ਫਿਰ ਚੇਲੇ ਨੂੰ ਧੋਤੀ ਪਹਿਨਾ ਕੇ, ਉਸ ਨੂੰ ਸੇਲੀ ਟੋਪੀ ਅਤੇ ਕਾਲੇ ਡੰਡੇ ਧਾਰਨ ਕਰਨ ਲਈ ਬਖ਼ਸ਼ੇ ਜਾਂਦੇ। ਫਿਰ ਕੜਾਹ ਬਣਾ ਕੇ ਵਰਤਾਇਆ ਜਾਂਦਾ। ਸੁੱਥਰੇ ਸ਼ਾਹੀ ਫ਼ਕੀਰ ਰੰਗਦਾਰ ਕਪੜੇ ਨਹੀਂ ਵਰਤਦੇ।

ਸੁੱਥਰੇ ਸ਼ਾਹੀ ਫ਼ਕੀਰ ਦੀ ਮ੍ਰਿਤੂ ਮਗਰੋਂ ਉਸ ਦਾ ਦਾਹ-ਸੰਸਕਾਰ ਕੀਤਾ ਜਾਂਦਾ ਅਤੇ ਉਸ ਦੇ ਫੁੱਲ ਗੰਗਾ ਵਿਚ ਪ੍ਰਵਾਹ ਦਿਤੇ ਜਾਂਦੇ ਸਨ, ਪਰ ਉਸ ਦੀ ਸਵਾਹ ਦਾ ਕੁਝ ਅੰਸ਼ ਗੰਗਾਜਲੀ ਅਤੇ ਗਊਤਰ ਵਿਚ ਮਿਲਾ ਕੇ ਡੇਰੇ ਵਿਚ ਰਖ ਲਿਆ ਜਾਂਦਾ ਸੀ ਤੇ ਉਸੇ ਉਪਰ ਸਮਾਧੀ ਬਣਾ ਦਿਤੀ ਜਾਂਦੀ ਸੀ।

(ਸ-619) **ਸੁਦਰਸ਼ਨ ਚੱਕਰ** :

ਵਿਸ਼ਨੂੰ ਦਾ, ਚੱਕਰ ਦੀ ਸ਼ਕਲ ਦਾ, ਇਕ ਦੈਵੀ ਹਥਿਆਰ, ਜੋ ਵੈਰੀ ਦਾ ਸਿਰ ਵਢ ਕੇ ਮੁੜ ਵਾਪਸ ਆ ਜਾਂਦਾ ਹੈ। ਵਿਸ਼ਨੂੰ ਪੁਰਾਣ ਅਨੁਸਾਰ ਇਹ ਚੱਕਰ ਵਿਸ਼ਵਕਰਮਾ ਨੇ, ਸੂਰਜ ਨੂੰ ਖਰਾਦ ਕੇ, ਉਸ ਦੇ ਛਿਲਕਿਆਂ ਤੋਂ ਸਿਰਜਿਆ। ਲਿੰਗ ਪੁਰਾਣ ਅਨੁਸਾਰ ਸੁਦਰਸ਼ਨ ਚੱਕਰ ਪਹਿਲਾਂ ਸ਼ਿਵ ਪਾਸ ਸੀ। ਵਿਸ਼ਨੂੰ ਇਕ ਕਰੂਰ ਤੇ ਦੁਸ਼ਟ ਅਸੁਰ ਦਾਮਾ ਦਾ ਨਾਸ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਕੋਲ ਉਸ ਨੂੰ ਮਾਰਨ ਵਾਸਤੇ ਕੋਈ ਯੋਗ ਹਥਿਆਰ ਨਹੀਂ ਸੀ। ਵਿਸ਼ਨੂੰ ਨੇ ਸ਼ਿਵ ਦੀ ਪੂਜਾ ਕਰ ਕੇ ਪਹਿਲਾਂ ਸੁਦਰਸ਼ਨ ਚੱਕਰ ਪ੍ਰਾਪਤ ਕੀਤਾ ਅਤੇ ਫਿਰ ਉਸ ਨਾਲ ਦਾਮਾ ਉਤੇ ਫ਼ਤਹਿ ਪ੍ਰਾਪਤ ਕੀਤੀ। ਮਹਾਂਭਾਰਤ ਅਨੁਸਾਰ, ਅਗਨੀ ਦੇਵਤੇ ਨੇ, ਕ੍ਰਿਸ਼ਨ ਨੂੰ, ਇਹ ਚੱਕਰ ਖਾਂਡਵ ਬਣ ਨੂੰ ਸਾੜ ਕੇ ਇੰਦਰ ਉਤੇ ਵਿਜੈ ਪ੍ਰਾਪਤ ਕਰਨ ਦੀ ਖ਼ੁਸ਼ੀ ਵਿਚ ਭੇਟ ਕੀਤਾ ਸੀ। ਇਕ ਮਿਥ ਅਨੁਸਾਰ ਕੁਰਖੇਤਰ ਦੇ ਮੈਦਾਨ ਵਿਚ ਜਦੋਂ ਅਰਜਨ ਦਾ ਰਥ ਟੁਟ ਜਾਣ ਕਰ ਕੇ ਨਕਾਰਾ ਹੋ ਗਿਆ, ਤਾਂ ਕ੍ਰਿਸ਼ਨ ਨੇ ਰਥ ਦਾ ਪਹੀਆ ਆਪਣੀ ਉਂਗਲੀ ਉਪਰ ਚੜ੍ਹਾ ਕੇ ਚੱਕਰ ਦੇ ਵਾਂਗ ਚਲਾਇਆ, ਜਿਸ ਨਾਲ ਕਾਫ਼ੀ ਸਾਰੇ ਕੌਰਵ ਮਾਰੇ ਗਏ।

ਸੁਦਰਸ਼ਨ ਚੱਕਰ ਵੇਖਣ ਵਿਚ ਬੜਾ ਭਿਅੰਕਰ ਅਤੇ ਪ੍ਰਚੰਡ ਹੈ। ਇਸ ਵਿਚ ਬਾਰਾਂ ਕਲਵਤਰੀਆਂ ਹਨ, ਜਿਨ੍ਹਾਂ ਦੀ ਗਤੀ ਗਰੜ ਵਾਂਗ ਹੈ। ਕ੍ਰਿਸ਼ਨ ਨੇ ਸੁਦਰਸ਼ਨ ਚਕਰ ਨਾਲ ਕਈ ਰਾਜਿਆਂ ਤੇ ਅਸੁਰਾਂ—ਭੀਮਾਸੁਰ, ਸ਼ਿਸ਼ੂਪਾਲ ਆਦਿ ਦੇ ਸਿਰ ਵਢੇ ਸਨ।

(ਸ-620) **ਸੁੰਦ** :

ਇਕ ਅਸੁਰ ਜੋ ਉਪਸੁੰਦ ਦਾ ਭਰਾ ਅਤੇ ਨਿਸੁੰਦ ਦਾ ਪੁਤਰ ਸੀ। ਮਹਾਂਭਾਰਤ ਅਨੁਸਾਰ ਸੁੰਦ ਤੇ ਉਪਸੁੰਦ ਦੋਹਾਂ ਭਰਾਵਾ ਨੇ ਘੋਰ ਤਪੱਸਿਆ ਕਰ ਕੇ ਅਮਰਤਵ ਪ੍ਰਾਪਤ ਕਰ ਲਿਆ ਸੀ (ਵੇਖੋ : ਉਪਸੁੰਦ)।

(ਸ-621) **ਸੁਦਯਮਨ** :

ਮਨੂੰ ਵੈਵਸਵਤ ਦਾ ਪੁੱਤਰ, ਜਿਸ ਦਾ ਕਈ ਵਾਰ ਲਿੰਗ ਪਰਿਵਰਤਨ ਹੋਇਆ (ਵੇਖੋ : ਇਲਾ)।

(ਸ-622) **ਸੁੰਦਰ ਮੁੰਦਰੀਏ** :

(ਵੇਖੋ : ਲੋਹੜੀ ਦੇ ਗੀਤ)।

(ਸ-623) **ਸੁੰਦਰਾਂ** :

ਇਕ ਦੰਦ-ਕਥਾਵੀ ਰਾਣੀ; ਸੁੰਦਰਾਂ ਜਿਹਲਮ (ਪਛਮੀ ਪੰਜਾਬ) ਦੇ ਨੇੜੇ ਇਕ ਧੌਲਰ ਵਿਚ ਰਹਿੰਦੀ ਸੀ। ਜਦੋਂ ਪੂਰਨ ਗੋਰਖਨਾਥ ਤੋਂ ਦੀਖਿਆ ਲੈ ਕੇ ਗਦੇ ਚੜ੍ਹਿਆ, ਤਾਂ ਪਹਿਲੀ ਭਿੱਛਿਆ ਲੈਣ ਵਾਸਤੇ, ਉਹ ਰਾਣੀ ਸੁੰਦਰਾ ਦੇ ਧੌਲਰ ਹੇਠ ਜਾ ਖਲੋਤਾ। ਸੁੰਦਰਾਂ ਦੀਆਂ ਗੋਲੀਆਂ ਖ਼ੈਰ ਪਾਉਣ ਲਈ ਆਈਆਂ, ਪਰ ਪੂਰਨ ਨੇ ਰਾਣੀ ਸੁੰਦਰਾਂ ਹੱਥੋਂ ਹੀ ਖ਼ੈਰ ਲੈਣ ਦਾ ਅਸਰਾਰ ਕੀਤਾ। ਖ਼ੈਰ ਪਾਉਣ ਵਾਸਤੇ ਆਈ ਰਾਣੀ ਸੁੰਦਰਾਂ, ਪੂਰਨ ਦੇ ਚਿਹਰੇ ਦੀ ਨੂਰੀ ਆਭਾ

ਵੇਖ ਕੇ ਮੋਹਿਤ ਹੋ ਗਈ। ਸੁੰਦਰਾਂ ਨੇ ਪੂਰਨ ਨੂੰ ਹੀਰੇ ਮੋਤੀਆ ਦੀ ਭਿਛਿਆ ਦੇ ਕੇ ਵਿਦਾ ਕੀਤਾ। ਜਦੋਂ ਪੂਰਨ ਹੀਰੇ ਮੋਤੀ ਲੈ ਕੇ ਗੋਰਖਨਾਥ ਕੋਲ ਗਿਆ, ਤਾਂ ਨਾਥ ਨੇ ਪੂਰਨ ਨੂੰ ਉਹ ਵਸਤਾਂ ਮੋੜ ਆਉਣ ਲਈ ਕਿਹਾ ਅਤੇ ਉਹਦੀ ਥਾਂ ਪੱਕਾ ਭੋਜਨ ਲਿਆਉਣ ਦਾ ਆਦੇਸ਼ ਦਿਤਾ। ਰਾਣੀ ਸੁੰਦਰਾਂ ਪੂਰਨ ਦਾ ਤਿਆਗ ਵੇਖ ਕੇ ਬੜੀ ਪ੍ਰਭਾਵਿਤ ਹੋਈ ਅਤੇ ਖ਼ੁਦ ਹੱਥੀਂ ਭੋਜਨ ਤਿਆਰ ਕਰ ਕੇ ਗੋਰਖਨਾਥ ਨੂੰ ਭੇਟ ਕਰਨ ਵਾਸਤੇ ਆਈ। ਗੋਰਖਨਾਥ ਨੇ ਪ੍ਰਸੰਨ ਹੋ ਕੇ ਸੁੰਦਰਾਂ ਨੂੰ ਵਰ ਮੰਗਣ ਲਈ ਕਿਹਾ। ਰਾਣੀ ਸੁੰਦਰਾਂ ਨੇ ਗੋਰਖਨਾਥ ਤੋਂ ਆਪਣੇ ਵਾਸਤੇ ਪੂਰਨ ਮੰਗਿਆ। ਗੋਰਖਨਾਥ ਨੇ ਬਚਨ ਨਿਬਾਹਿਆ। ਪੂਰਨ ਨੂੰ ਨਾਲ ਲੈ ਕੇ ਸੁੰਦਰਾਂ ਆਪਣੇ ਧੌਲਰ ਵਿਚ ਆ ਗਈ। ਪਰ ਪੂਰਨ ਨੂੰ ਮਹਿਲ ਬੰਧਨ ਜਾਪੇ ਅਤੇ ਉਹ ਜੰਗਲ ਪਾਣੀ ਦੇ ਬਹਾਨੇ ਉਥੋਂ ਖਿਸਕ ਗਿਆ। ਰਾਣੀ ਨੇ ਧੌਲਰ ਤੋਂ ਛਾਲ ਮਾਰਕੇ ਪ੍ਰਾਣ ਦੇ ਦਿਤੇ। ਪੰਜਾਬੀ ਕਾਵਿ ਵਿਚ ਸੁੰਦਰਾਂ ਇਸਤ੍ਰੀ ਦੀ ਪ੍ਰੇਮ-ਸਿਕ ਨੂੰ ਸਮੂਰਤ ਕਰਦੀ ਹੈ (ਵੇਖੋ : ਪੂਰਨ ਭਗਤ)।

ਜਿਹਲਮ ਵਿਚ ਟਿੱਲੇ ਤੋਂ ਥੋੜੀ ਦੂਰ ਇਕ ਪੁਰਾਣੀ ਥੇਹ ਮਿਲਦੀ ਹੈ, ਜਿਸ ਨੂੰ ਰਾਣੀ ਸੁੰਦਰਾਂ ਦਾ ਧੌਲਰ ਕਿਹਾ ਜਾਂਦਾ ਹੈ। ਇਥੇ ਕਿਸੇ ਪੁਰਾਣੇ ਮਹਿਲ ਦੇ ਖੰਡਰ ਮੌਜੂਦ ਹਨ। ਰਵਾਇਤ ਹੈ ਕਿ ਰਾਣੀ ਸੁੰਦਰਾਂ ਇਸੇ ਧੌਲਰ ਵਿਚ ਰਿਹਾ ਕਰਦੀ ਸੀ ਤੇ ਇਸੇ ਇਲਾਕੇ ਉਤੇ ਉਸ ਦਾ ਰਾਜ ਅਧਿਕਾਰ ਸੀ।

(ਸ-624) **ਸੁਦਾਮਾ** :

ਇਕ ਗ਼ਰੀਬ ਬ੍ਰਾਹਮਣ, ਜੋ ਕ੍ਰਿਸ਼ਨ ਦਾ ਮਿਤ੍ਰ ਤੇ ਗੁਰਭਾਈ ਸੀ। ਜਦੋਂ ਕ੍ਰਿਸ਼ਨ ਕੰਸ ਨੂੰ ਮਾਰ ਕੇ ਰਾਜ ਗੱਦੀ ਉਤੇ ਬਿਰਾਜਮਾਨ ਹੋਏ, ਤਾਂ ਸੁਦਾਮਾ ਦੀ ਪਤਨੀ ਨੇ ਉਸ ਨੂੰ ਕ੍ਰਿਸ਼ਨ ਦੇ ਪਾਸ ਦੁਆਰਕਾ ਜਾਣ ਦੀ ਪ੍ਰੇਰਨਾ ਦਿਤੀ। ਸੁਦਾਮਾ ਕ੍ਰਿਸ਼ਨ ਕੋਲ ਖ਼ਾਲੀ ਹੱਥ ਨਹੀਂ ਸੀ ਜਾਣਾ ਚਾਹੁੰਦਾ। ਸੋ ਉਸ ਦੀ ਪਤਨੀ ਨੇ ਇਕ ਪੋਟਲੀ ਵਿਚ ਸੱਤੂ ਬੰਨ੍ਹ ਦਿਤੇ। ਦੁਆਰਕਾ ਜਾ ਕੇ ਸੁਦਾਮਾ ਘਬਰਾ ਗਿਆ ਕਿ ਖਬਰੇ ਕ੍ਰਿਸ਼ਨ ਉਸ ਨੂੰ ਪਛਾਣਦੇ ਵੀ ਹਨ ਕਿ ਨਹੀਂ। ਪਰ ਸੁਦਾਮੇ ਨੂੰ ਵੇਖਦੇ ਸਾਰ ਕ੍ਰਿਸ਼ਨ ਆਸਣ ਤੋਂ ਉਠ ਕੇ ਸੁਦਾਮੇ ਨੂੰ ਅੱਗੋਂ ਲੈਣ ਵਾਸਤੇ ਗਏ ਅਤੇ ਉਹ ਦੇ ਹੱਥੋਂ ਸੱਤੂਆਂ ਵਾਲੀ ਪੋਟਲੀ ਖੋਹ ਕੇ, ਪਿਆਰ ਨਾਲ ਖਾਣ ਲੱਗੇ। ਕੁਝ ਚਿਰ ਸੁਦਾਮਾ ਕ੍ਰਿਸ਼ਨ ਦਾ ਅਤਿੱਥੀ ਬਣ ਕੇ ਦੁਆਰਕਾ ਵਿਚ ਰਿਹਾ। ਵਾਪਸ ਜਾਣ ਵੇਲੇ ਸੁਦਾਮਾ ਨੇ ਕ੍ਰਿਸ਼ਨ ਤੋਂ ਕੁਝ ਨਾ ਮੰਗਿਆ, ਨਾ ਹੀ ਕ੍ਰਿਸ਼ਨ ਨੇ ਉਸ ਨੂੰ ਕੁਝ ਦਿਤਾ। ਪਰ ਅੰਤਰਜਾਮੀ ਕ੍ਰਿਸ਼ਨ ਉਸ ਦੇ ਮਨ ਦੀ ਗਲ ਜਾਣਦੇ ਸਨ। ਜਦੋਂ ਸੁਦਾਮਾ ਘਰ ਵਾਪਸ ਪੁਜਾ ਤਾਂ ਅੱਗੇ ਝੁੱਗੀ ਦੀ ਥਾਂ ਮਹਿਲ ਖੜਾ ਸੀ, ਜਿਸ ਵਿਚ ਸੁਖ ਭੋਗਾਂ ਦੀ ਹਰ ਵਸਤੂ ਤੇ ਧਨ ਦੌਲਤ ਮੌਜੂਦ ਸੀ। ਕ੍ਰਿਸ਼ਨ ਸੁਦਾਮਾ ਦੀ ਦੋਸਤੀ ਕਈ ਕਥਾਵਾਂ ਦਾ ਵਿਸ਼ਾ ਵਸਤੂ ਬਣੀ। ਕਈ ਕਵੀਸ਼ਰਾਂ ਨੇ ਇਸ ਕਥਾ ਨੂੰ ਕਾਵਿ ਰੂਪ ਦਿਤਾ।

(ਸ-625) **ਸੁਦੀ** :

ਚੰਦ੍ਰਮੇ ਦੇ ਦੋ ਪੱਖ ਹਨ, ਇਕ ਚਾਨਣਾ ਜਿਸ ਨੂੰ ਸ਼ੁਕਲ ਜਾਂ ਸੁਦੀ ਕਹਿੰਦੇ ਹਨ ਅਤੇ ਦੂਜਾ ਹਨੇਰਾ, ਜਿਸ ਨੂੰ ਕ੍ਰਿਸ਼ਨਾ ਜਾਂ ਵਦੀ ਕਹਿੰਦੇ ਹਨ। ਸੁਦੀ ਪੱਖ ਵਿਚ ਚੰਦ੍ਰਮੇ ਦੀ ਕਲਾ ਨਿਤ ਵਧਦੀ ਹੈ ਤੇ ਇਹ ਪੱਖ ਕਲਿਆਣੀ ਹੋਣ ਕਰ ਕੇ ਮੰਗਲ ਕਾਰਜਾਂ ਵਾਸਤੇ ਸ਼ੁਭ ਮੰਨਿਆ ਗਿਆ ਹੈ। ਵਦੀ ਪੱਖ ਵਿਚ ਚੰਦ੍ਰਮਾ ਦੀ ਕਲਾ ਨਿਤ ਘਟਦੀ ਹੈ, ਇਸ ਪੱਖ ਵਿਚ ਹਿੰਦੂ ਸ਼ੁਭ ਕਾਰਜ ਘਟ ਹੀ ਕਰਦੇ ਹਨ (ਵੇਖੋ : ਚੰਦਰਮਾ)।

(ਸ-626) **ਸੁਧਰਮਾ** :

ਪੁਰਾਣਾ ਅਨੁਸਾਰ ਇੰਦਰਪੁਰੀ ਦਾ ਇਕ ਭਵਨ, ਜਿਥੇ ਰਾਜਾ ਇੰਦਰ ਆਪਣਾ ਦਰਬਾਰ ਸਜਾਉਂਦਾ ਹੈ। ਇਹ ਭਵਨ ਬੜਾ ਮਨਮੋਹਣਾ ਤੇ ਸੁੰਦਰ ਹੋਣ ਤੋਂ ਇਲਾਵਾ ਕੀਮਤੀ ਹੀਰੇ ਮੋਤੀ ਤੇ ਮਣੀਆਂ ਨਾਲ ਸ਼ੁਸ਼ੋਭਤ ਹੈ। ਜਦੋਂ ਕ੍ਰਿਸ਼ਨ ਦਾ ਗੌਰਵ ਵਧਿਆ, ਤਾਂ ਮਜਬੂਰ ਹੋ ਕੇ ਇੰਦਰ ਨੇ ਇਹ ਭਵਨ ਧਰਤੀ ਉਤੇ ਲਿਆ ਕੇ ਉਗਰਸੈਨ ਨੂੰ ਭੇਟ ਕੀਤਾ। ਕ੍ਰਿਸ਼ਨ ਦੇ ਜੀਵਨ ਕਾਲ ਵਿਚ ਇਥੇ ਹੀ ਯਦੂਵੰਸ਼ੀਆਂ ਦੇ ਸਮਾਗਮ ਤੇ ਇਕਤ੍ਰਤਾਵਾਂ ਹੁੰਦੀਆਂ ਰਹੀਆਂ। ਕ੍ਰਿਸ਼ਨ ਦੇ

ਮਰਨ ਮਗਰੋਂ ਇੰਦਰ ਮੁੜ ਇਸ ਭਵਨ ਨੂੰ ਇੰਦਰਪੁਰੀ ਵਿਚ ਲੈ ਗਿਆ ।

(ਸ-627) **ਸ਼ੁਧੀ** :

ਆਰੀਆ ਸਮਾਜ ਵਲੋਂ ਚਲਾਈ ਗਈ ਇਕ ਲਹਿਰ ਜਿਸ ਦਾ ਮੰਤਵ ਉਨ੍ਹਾਂ ਮੁਸਲਮਾਨਾਂ ਨੂੰ ਮੁੜ ਹਿੰਦੂ ਧਰਮ ਵਿਚ ਦਾਖ਼ਲ ਕਰਨਾ ਸੀ, ਜਿਨ੍ਹਾਂ ਦੇ ਵਡਿਕੇ, ਮੁਸਲਮਾਨੀ ਚੜ੍ਹਤ ਵੇਲੇ ਹਿੰਦੂ ਮੱਤ ਨੂੰ ਤਿਆਗ ਕੇ ਮੁਸਲਮਾਨ ਬਣ ਗਏ ਸਨ । ਇਸ ਤੋਂ ਇਲਾਵਾ ਜਿਹੜੇ ਹੋਰ ਲੋਕ ਹਿੰਦੂ ਧਰਮ ਗ੍ਰਹਿਣ ਕਰਨ ਦੇ ਚਾਹਵਾਨ ਸਨ, ਉਨ੍ਹਾਂ ਨੂੰ ਵੀ ਹਿੰਦੂ ਬਨਾਉਣਾ ਸੀ । ਇਹ ਲਹਿਰ ਮੂਲ ਵਿਚ ਈਸ ਈ ਤੇ ਇਸਲਾਮ ਮੱਤ ਦੇ ਫੈਲਾਓ ਨੂੰ ਰੋਕਣ ਲਈ ਪ੍ਰਤੀਕਰਮ ਵਜੋਂ ਆਰੰਭ ਹੋਈ ਸੀ । ਸ਼ੁੱਧੀ' ਦਾ ਅਰਥ ਹੈ : 'ਸ਼ੁੱਧ ਅਥਵਾ ਪਵਿਤ੍ਰ ਕਰਨਾ ।' ਹਿੰਦੂ ਮੱਤ ਅਨੁਸਾਰ ਜਦੋਂ ਕੋਈ ਹਿੰਦੂ ਆਪਣਾ ਧਰਮ ਤਿਆਗ ਕੇ ਦੂਜਾ ਮੱਤ ਗ੍ਰਹਿਣ ਕਰ ਲਏ, ਤਾਂ ਉਹ ਪਤਿਤ ਹੋ ਜਾਂਦਾ ਹੈ ਅਤੇ ਮੁੜ ਉਹ ਕਦੇ ਹਿੰਦੂ ਧਰਮ ਵਿਚ ਨਹੀਂ ਆ ਸਕਦਾ । ਅਜਿਹੇ ਪਤਿਤਾਂ ਨੂੰ ਸ਼ੁਧ ਕਰਨ ਲਈ ਹੀ ਆਰੀਆ ਸਮਾਜ ਨੇ ਸ਼ੁੱਧੀ ਦੀ ਲਹਿਰ ਚਲਾਈ । ਆਰੀਆ ਸਮਾਜ ਦਾ ਮੱਤ ਸੀ ਕਿ ਜਿਹੜਾ ਹਿੰਦੂ ਆਪਣਾ ਮੱਤ ਤਿਆਗ ਕੇ ਦੂਜਾ ਮੱਤ ਗ੍ਰਹਿਣ ਕਰ ਲੈਂਦਾ ਹੈ, ਉਹ ਪਤਿਤ ਤਾਂ ਹੋ ਜਾਂਦਾ ਹੈ, ਪਰ ਉਸ ਨੂੰ ਮੁੜ ਧਾਰਮਿਕ ਕਰਮ-ਕਾਂਡਾਂ ਦੁਆਰਾ ਸ਼ੁੱਧ ਕਰ ਕੇ, ਹਿੰਦੂ ਧਰਮ ਵਿਚ ਦਾਖ਼ਲ ਕੀਤਾ ਜਾ ਸਕਦਾ ਹੈ । ਸ਼ੁੱਧੀ ਦੀ ਰਸਮ ਵੇਲੇ ਹਵਨ ਕੀਤਾ ਜਾਂਦਾ ਹੈ, ਪਤਿਤ ਸ਼ਖ਼ਸ ਦੇ ਵਾਲਾਂ ਨੂੰ ਕਟ ਕੇ ਪਹਿਲਾਂ ਚੋਟੀ ਬਣਾਈ ਜਾਂਦੀ, ਤੇ ਫਿਰ ਉਸ ਨੂੰ ਚਰਨਾਮ੍ਰਿਤ ਪਿਲਾਇਆ ਜਾਂਦਾ ਹੈ । ਚਰਨਾਮ੍ਰਿਤ ਦੁੱਧ ਵਿਚ ਜਲ, ਚੰਦਨ ਆਦਿ ਸਾਮਗਰੀ ਤੇ ਫੁਲ-ਪਤੀਆਂ ਰਲਾ ਕੇ ਤਿਆਰ ਕਰਦੇ ਹਨ । ਚਰਨਾਮ੍ਰਿਤ ਪਿਲਾਣ ਮਗਰੋਂ ਪਤਿਤ ਨੂੰ ਜਨੇਊ ਪਹਿਨਾਇਆ ਜਾਂਦਾ ਹੈ । ਦੇਸ਼ ਦੀ ਵੰਡ ਸਮੇਂ ਅਨੇਕਾਂ ਮੁਸਲਮਾਨਾਂ ਦੀ ਸ਼ੁੱਧੀ ਕਰ ਕੇ ਉਨ੍ਹਾਂ ਨੂੰ ਹਿੰਦੂ ਧਰਮ ਵਿਚ ਲਿਆਂਦਾ ਗਿਆ ਸੀ । ਮੇਵਾਤ ਵਿਚ ਦੇਸ਼-ਵੰਡ ਸਮੇਂ 40,000 ਮਿਉਆਂ ਨੂੰ ਸ਼ੁੱਧੀ ਦੁਆਰਾ ਮੁੜ ਹਿੰਦੂ ਧਰਮ ਵਿਚ ਲਿਆਂਦਾ ਗਿਆ ।

ਪੰਜਾਬ ਵਿਚ ਜਦੋਂ ਸ਼ੁੱਧੀ ਦੀ ਲਹਿਰ ਚੱਲੀ ਤਾਂ ਹਿੰਦੂਆਂ ਮੁਸਲਮਾਨਾਂ ਵਿਚ ਕਾਫ਼ੀ ਤਲਖ਼ੀ ਅਤੇ ਤਣਾਉ ਪੈਦਾ ਹੋ ਗਿਆ, ਜਿਸ ਕਰ ਕੇ ਇਹ ਲਹਿਰ ਸਫਲ ਨਾ ਹੋ ਸਕੀ । ਯੂ. ਪੀ. ਦੇ ਕੁਝ ਨਗਰਾਂ, ਆਗਰਾ ਤੇ ਮਥਰਾ ਵਿਚ ਸ਼ੁੱਧੀ ਦੀ ਲਹਿਰ ਨੂੰ ਕੁਝ ਸਫਲਤਾ ਪ੍ਰਾਪਤ ਹੋਈ, ਜਿਥੇ 1923 ਤੋਂ 1931 ਤਕ ਦੋ ਲਖ ਮੁਸਲਮਾਨਾਂ ਨੇ ਮੁੜ ਹਿੰਦੂ ਮੱਤ ਧਾਰਨ ਕੀਤਾ । ਪਰ ਉਨ੍ਹੀਂ ਦਿਨੀਂ ਹੀ ਮੁਸਲਮਾਨਾਂ ਨੇ ਚੌਵੀ ਆਰੀਆ ਸਮਾਜੀਆਂ ਨੂੰ ਕਤਲ ਕਰ ਦਿਤਾ, ਜਿਨ੍ਹਾਂ ਵਿਚੋਂ ਹੀ ਇਕ ਸਵਾਮੀ ਸ਼ਰਧਾਨੰਦ ਸਨ, ਜਿਨ੍ਹਾਂ ਨੇ ਹਰਦੁਆਰ ਵਿਚ ਗੁਰੂ ਕੁਲ ਕਾਂਗੜੀ ਦੀ ਨੀਂਹ ਰਖੀ ਸੀ । ਇਹ ਘਟਨਾ 1926 ਦੀ ਹੈ । ਸ਼ੁੱਧੀ ਦੀ ਲਹਿਰ ਬਹੁਤੀ ਸਫਲ ਨਾ ਹੋਈ, ਕਿਉਂ ਜੋ ਅਨੇਕਾਂ ਮੁਸਲਮਾਨ, ਜੋ ਵਕਤੀ ਪ੍ਰਭਾਵ ਹੇਠ ਹਿੰਦੂ ਬਣ ਜਾਂਦੇ ਰਹੇ, ਸਮਾਜਿਕ ਮਜਬੂਰੀਆਂ ਕਾਰਨ ਮੁੜ ਮੁਸਲਮਾਨ ਹੋ ਗਏ । ਮੁਸਲਮਾਨੋਂ ਬਣੇ ਹਿੰਦੂਆਂ ਨੂੰ ਹਿੰਦੂ ਘਰਾਂ ਵਿਚੋਂ ਰਿਸ਼ਤੇ ਨਾਤੇ ਨਹੀਂ ਸਨ ਮਿਲਦੇ ।

(ਸ-628) **ਸੁੰਨਤ** :

ਸੁੰਨਤ ਦੇ ਸ਼ਾਬਦਿਕ ਅਰਥ ਮਰਯਾਦਾ ਦੇ ਹਨ । ਇਸਲਾਮ ਅਨੁਸਾਰ ਹਜ਼ਰਤ ਮੁਹੰਮਦ ਨੇ, ਜੋ ਧਰਮ ਤੇ ਸਮਾਜ ਨਾਲ ਸੰਬੰਧਿਤ ਕਰਮ ਕਾਂਡ ਤੇ ਰੀਤਾਂ ਆਦਿ ਕੀਤੀਆਂ, ਉਹ ਸਭ ਮੁਸਲਮਾਨਾਂ ਲਈ ਸੁੰਨਤ ਦਾ ਦਰਜਾ ਰਖਦੀਆਂ ਹਨ । ਪਰ ਇਹ ਸ਼ਬਦ ਪੰਜਾਬ ਵਿਚ ਖ਼ਤਨੇ ਲਈ ਰੂੜ੍ਹ ਹੋ ਗਿਆ ਹੈ । ਕਿਉਂ ਜੋ ਮੁਹੰਮਦ ਸਾਹਿਬ ਦਾ ਖ਼ਤਨਾ ਹੋਇਆ ਸੀ, ਇਸ ਕਰ ਕੇ ਖ਼ਤਨਾ ਸੁੰਨਤ ਦੇ ਅੰਤਰਗਤ ਹੀ ਆਉਂਦਾ ਹੈ ।

ਸੁੰਨਤ ਦੀ ਪ੍ਰਥਾ ਇਬਰਾਹੀਮ ਤੋਂ ਚੱਲੀ, ਜਿਨ੍ਹਾਂ ਨੇ ਆਪਣੀ ਪਤਨੀ ਨੂੰ ਦਿਤੇ ਇਸ ਬਚਨ ਦੀ ਉਲੰਘਣਾ ਕੀਤੀ ਕਿ ਉਹ ਉਸ ਤੋਂ ਬਿਨਾਂ ਕਿਸੇ ਦੂਜੀ ਇਸਤ੍ਰੀ ਨਾਲ ਭੋਗ ਨਹੀਂ ਕਰਨਗੇ, ਜੇ ਖ਼ੁਨਾਮੀ ਹੋ ਗਈ, ਤਾਂ ਉਹ ਇੰਦਰੀ ਕਟਵਾ ਦੇਣਗੇ । ਸੋ ਗੋਲੀ ਨਾਲ ਭੋਗ ਕਰਨ 'ਤੇ ਉਨ੍ਹਾਂ ਨੇ ਇੰਦਰੀ ਦਾ ਮਾਸ ਅੰਸ਼ ਮਾਤ੍ਰ ਕਟਵਾਇਆ ਸੀ

(ਵੇਖੋ : ਇਬਰਾਹੀਮ)। ਮੁਸਲਮਾਨਾਂ ਵਿਚ ਇਹ ਪਰੰਪਰਾ ਯਹੂਦੀਆਂ ਅਤੇ ਈਸਾਈਆਂ ਤੋਂ ਆਈ। ਕੁਰਾਨ ਵਿਚ ਇਸ ਰੀਤ ਦਾ ਕਿਧਰੇ ਵਰਨਣ ਨਹੀਂ ਮਿਲਦਾ, ਪਰ ਮੁਸਲਮਾਨਾਂ ਵਿਚ ਸੁੰਨਤ ਧਰਮ ਮਰਯਾਦਾ ਦਾ ਅੰਗ ਬਣ ਚੁਕੀ ਹੈ।

ਸੁੰਨਤ ਵੇਲੇ ਬੱਚੇ ਦੀ ਇੰਦਰੀ ਦੇ ਅਗਲੇ ਹਿੱਸੇ ਦੇ ਪਰਦੇ ਦੇ ਮਾਸ ਨੂੰ ਕਟਿਆ ਜਾਂਦਾ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਕਾਮ ਵੇਗ ਸੰਜਮ ਵਿਚ ਰਹਿੰਦਾ ਹੈ। ਸੁੰਨਤ ਆਮ ਤੌਰ ਤੇ ਛੱਟੀ ਜਾਂ ਅਕੀਕੇ ਵਾਲੇ ਦਿਨ ਹੀ ਕਰ ਦਿਤੀ ਜਾਂਦੀ ਹੈ, ਪਰ ਕਈ ਮੁਸਲਮਾਨ, ਬੱਚੇ ਦੀ ਸੁੰਨਤ, ਬਾਲ ਉਮਰ ਵਿਚ ਕਰਦੇ ਹਨ। ਵਿਧਾਨ ਅਨੁਸਾਰ ਸੁੰਨਤ ਬਾਰਾਂ ਸਾਲਾਂ ਦੀ ਉਮਰ ਤੋਂ ਪਹਿਲਾਂ ਕਿਸੇ ਵੇਲੇ ਵੀ ਕੀਤੀ ਜਾ ਸਕਦੀ ਹੈ। ਜੇ ਬਾਲ ਵੱਡਾ ਹੋਵੇ, ਤਾਂ ਸੁੰਨਤ ਨੂੰ ਕਈ ਥਾਈਂ 'ਸ਼ਾਦੀ' ਕਹਿੰਦੇ ਹਨ ਅਤੇ ਸੁੰਨਤ ਕਰਨ ਤੋਂ ਪਹਿਲਾਂ ਬਾਲ ਨੂੰ ਦੂਲ੍ਹੇ ਵਾਂਗ ਹੀ ਪੀਲੇ ਕਪੜੇ ਪਹਿਨਾਏ ਜਾਂਦੇ ਅਤੇ ਘੋੜੀ ਉਤੇ ਚਾੜ੍ਹਿਆ ਜਾਂਦਾ ਹੈ। ਨਾਲ ਹੀ ਭਾਈਚਾਰੇ ਵਿਚ ਗੁੜ ਸ਼ਕਰ ਵੰਡ ਕੇ ਨਿਉਤਾ ਭੇਜਿਆ ਜਾਂਦਾ ਹੈ। ਬਹਾਵਲਪੁਰ ਤੇ ਲਹਿੰਦੇ ਵਿਚ ਇਸ ਅਵਸਰ ਉਤੇ ਨਾਚ ਗਾਣੇ ਤੋਂ ਇਲਾਵਾ ਬਰਾਦਰੀ ਨੂੰ ਜ਼ਿਆਫ਼ਤ ਵੀ ਦਿਤੀ ਜਾਂਦੀ ਹੈ।

ਸੁੰਨਤ ਵੇਲੇ ਬਾਲ ਨੂੰ ਪਹਿਲਾਂ ਰਸਮੀ ਢੰਗ ਨਾਲ ਨੁਹਾਇਆ ਜਾਂਦਾ ਹੈ। ਮਲੇਰ ਕੋਟਲੇ ਵਿਚ ਬਾਲ ਨੂੰ ਚੌਂਕੀ ਉਤੇ ਬਿਠਾ ਕੇ ਪਹਿਲਾਂ ਇਸ਼ਨਾਨ ਕਰਵਾਇਆ ਜਾਂਦਾ ਹੈ, ਫਿਰ ਮਾਮਾ ਖੰਬੜੀ ਦਾ ਕੰਗਣ ਬੰਨ੍ਹਦਾ ਹੈ, ਜਿਸ ਨਾਲ ਸੁਪਾਰੀ, ਲੋਹੇ ਦਾ ਛੱਲਾ ਤੇ ਮਲੱਠੀ ਬੰਨ੍ਹੀ ਹੁੰਦੀ ਹੈ। ਸੁੰਨਤ ਤੋਂ ਮਗਰੋਂ ਮਾਮਾ ਹੀ ਬਾਲ ਨੂੰ ਚੌਂਕੀ ਤੋਂ ਚੁਕ ਕੇ ਅੰਦਰ ਲਿਜਾਂਦਾ ਹੈ। ਲਾਹੌਰ ਵਿਚ, ਬਾਲ ਨੂੰ ਚੌਂਕੀ ਉਤੇ ਬਿਠਾ ਕੇ, ਉਸ ਦੇ ਹੱਥ ਮੌਲੀ ਦੁਆਰਾ ਚੌਂਕੀ ਦੇ ਪਾਵੇ ਨਾਲ ਬੰਨ੍ਹ ਦਿਤੇ ਜਾਂਦੇ ਹਨ। ਖ਼ਤਨਾ ਕਰਨ ਵੇਲੇ ਪਹਿਲਾਂ ਕਿਸੇ ਕੁੰਨੀ ਜਾਂ ਘੜੇ ਦੇ ਗਲਮੇ ਨੂੰ ਉਤਾਰਿਆ ਜਾਂਦਾ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਪੀੜ ਘਟ ਹੁੰਦੀ ਹੈ। ਇਹ ਵਿਚਾਰ ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ। ਬਹਾਵਲਪੁਰ ਵਿਚ ਖ਼ਤਨੇ ਵੇਲੇ ਬਾਲ ਦੀ ਮਾਂ ਕੁਰਾਨ ਸਿਰ ਉਪਰ ਚੁਕ ਕੇ ਖੜੀ ਰਹਿੰਦੀ ਹੈ। ਨਾਲ ਹੀ ਉਹ ਆਪਣੇ ਘਘਰੇ ਦੀ ਲੌਣ ਪਾਣੀ ਦੇ ਭਰੇ ਪਤੀਲੇ ਵਿਚ ਡੁਬੋਂਦੀ ਹੈ, ਬਾਕੀ ਤੀਵੀਆਂ ਉਸ ਦੇ ਆਲੇ ਦੁਆਲੇ ਖੜੀਆਂ ਰਹਿੰਦੀਆਂ ਹਨ। ਇਹ ਸਭ ਰੀਤਾਂ ਬਾਲ ਦੇ ਦੁਖ ਨੂੰ ਘਟਾਣ ਲਈ ਕੀਤੀਆਂ ਜਾਂਦੀਆਂ ਹਨ।

ਸੁੰਨਤ ਦੀ ਰਸਮ ਆਮ ਤੌਰ ਉਤੇ ਘਰ ਹੀ ਕਰ ਲਈ ਜਾਂਦੀ ਹੈ, ਪਰ ਕਈ ਕੱਟੜਵਾਦੀ ਮੁਸਲਮਾਨ ਇਹ ਰੀਤ ਮਸਜਿਦ ਵਿਚ ਵੀ ਜਾ ਕੇ ਕਰਦੇ ਹਨ। ਸੁੰਨਤ ਪਿੰਡ ਦਾ ਨਾਈ ਕਰਦਾ ਹੈ। ਪਛਮੀ ਪੰਜਾਬ ਵਿਚ ਪੀਰਾਹਨ ਤੋਂ ਖ਼ਤਨਾ ਕਰਵਾਇਆ ਜਾਂਦਾ ਹੈ। ਬਹਾਵਲਪੁਰ ਵਿਚ ਬਾਲ ਸੁੰਨਤ ਦੇ ਦੌਰਾਨ ਪੀਰਾਹਨ ਨੂੰ ਜਿਤਨੇ ਧੱਕੇ ਮੁੱਕੇ ਮਾਰਦਾ ਹੈ, ਉਤਨੇ ਰੁਪਏ ਉਸ ਨੂੰ ਲਾਗ ਵਜੋਂ ਦਿਤੇ ਜਾਂਦੇ ਹਨ।

ਖ਼ਤਨੇ ਦੇ ਮਾਸ (ਖੋਲ) ਨੂੰ ਆਮ ਤੌਰ ਉਤੇ ਦੱਬ ਦਿਤਾ ਜਾਂਦਾ ਹੈ। ਬਹਾਵਲਪੁਰ ਵਿਚ ਖੋਲ ਨੂੰ ਘੜਿਆਂ ਦੇ ਨੇੜੇ ਠੰਢੀ ਥਾਂ ਦੱਬਿਆ ਜਾਂਦਾ ਹੈ। ਖ਼ਤਨੇ ਵੇਲੇ ਕਈ ਥਾਈਂ 'ਹਰਿਆ' ਦੇ ਗੀਤ ਵੀ ਗਾਏ ਜਾਂਦੇ ਹਨ (ਵੇਖੋ : ਹਰਿਆ)।

## (ਸ-629) ਸ਼ੁਨਹਸ਼ੇਫ :

ਸ਼ੁਨਹਸ਼ੇਫ ਦੀ ਕਥਾ ਬੜੀ ਰੌਚਕ ਹੈ ਅਤੇ ਕਈ ਹਿੰਦੂ ਗ੍ਰੰਥਾਂ ਵਿਚ ਰੂਪ-ਭੇਦਤਾ ਨਾਲ ਪ੍ਰਾਪਤ ਹੈ। ਇਸ ਕਥਾ ਦਾ ਪ੍ਰਥਮ ਸੰਕੇਤ ਸੱਤਾਂ ਰਿਚਾਵਾਂ ਦੇ ਸੂਕਤ ਦੇ ਰੂਪ ਵਿਚ ਰਿਗ ਵੇਦ ਵਿਚ ਮਿਲਦਾ ਹੈ। ਪਰ ਐਤਰੇਯ ਬ੍ਰਾਹਮਣ ਵਿਚ ਇਹ ਕਥਾ ਵਿਸਥਾਰ ਨਾਲ ਦਰਜ ਹੈ। ਇਕਸ਼ਵਾਕੂ ਵੰਸ਼ੀ ਰਾਜੇ ਹਰੀਸ਼ ਚੰਦਰ ਦੇ ਘਰ ਉਲਾਦ ਨਹੀਂ ਸੀ ਹੁੰਦੀ। ਉਸ ਨੇ ਵਰਣ ਦੇਵਤੇ ਅੱਗੇ ਪ੍ਰਤਿੱਗਿਆ ਕੀਤੀ ਕਿ ਜੇ ਉਹਦੇ ਘਰ ਬਾਲਕ ਜੰਮਿਆ, ਤਾਂ ਉਹ ਉਸ ਦੀ ਬਲੀ ਵਰਣ ਦੇਵਤੇ ਨਮਿਤ ਯੱਗ ਵਿਚ ਦੇਵੇਗਾ। ਹਰੀਸ਼ ਚੰਦਰ ਦੇ ਘਰ ਇਕ ਪੁਤਰ ਜੰਮਿਆ, ਜਿਸਦਾ ਨਾਉਂ ਰੋਹਿਤ ਰਖਿਆ ਗਿਆ। ਰਾਜੇ ਨੇ ਆਪਣੀ ਪ੍ਰਤਿੱਗਿਆ ਅਨੁਸਾਰ ਰੋਹਿਤ ਦੀ ਬਲੀ ਦੇਣੀ ਚਾਹੀ, ਪਰ ਰੋਹਿਤ ਆਪਣੀ ਬਲੀ ਦੇਣ ਲਈ ਤਿਆਰ ਨਹੀਂ ਸੀ। ਸੋ ਉਹ ਘਰੋਂ ਜੰਗਲ ਵਲ ਨਠ ਗਿਆ,

ਜਿਥੇ ਉਹ ਛੇ ਸਾਲ ਤਕ ਭਟਕਦਾ ਰਿਹਾ। ਜੰਗਲ ਵਿਚ ਰੋਹਿਤ ਦਾ ਮੇਲ ਇਕ ਗ਼ਰੀਬ ਬ੍ਰਾਹਮਣ ਅਜੀਗਰਤ ਨਾਲ ਹੋਇਆ ਅਤੇ ਰੋਹਿਤ ਨੇ, ਉਸ ਦੇ ਪੁਤਰ ਸ਼ੁਨਹਸ਼ੇਫ ਨੂੰ, ਇਕ ਸੌ ਗਊਆਂ ਦੇ ਬਦਲੇ, ਆਪਣੀ ਥਾਂ ਉਤੇ ਕੁਰਬਾਨੀ ਦੇਣ ਲਈ ਖ਼ਰੀਦ ਲਿਆ। ਵਰਣ ਦੇਵਤੇ ਨੇ ਵੀ ਇਸ ਵਟਾਂਦਰੇ ਦੀ ਪ੍ਰਵਾਨਗੀ ਦੇ ਦਿਤੀ। ਜਦੋਂ ਸ਼ੁਨਹਸ਼ੇਫ ਨੂੰ ਯੱਗ ਦੇ ਥੰਮ੍ਹੇ ਨਾਲ ਬਲੀ ਵਾਸਤੇ ਬੰਨ੍ਹਿਆ ਗਿਆ, ਤਾਂ ਉਸ ਨੇ ਵਰਣ ਅਤੇ ਕਈ ਹੋਰ ਦੇਵਤਿਆਂ ਦੀ ਮਹਿਮਾ ਵਿਚ ਮੰਤਰ ਪੜ੍ਹਨੇ ਆਰੰਭ ਦਿਤੇ। ਦੇਵਤਿਆਂ ਨੇ ਪ੍ਰਸੰਨ ਹੋ ਕੇ ਉਸ ਨੂੰ ਬਲੀ ਦੇਣ ਤੋਂ ਮੁਕਤ ਕਰ ਦਿਤਾ ਅਤੇ ਉਹ ਯੱਗ ਦੇ ਪ੍ਰੋਹਿਤ ਵਿਸ਼ਵਾਮਿਤ੍ਰ ਦੇ ਕੋਲ ਹੀ ਰਹਿਣ ਲੱਗਾ।

ਮਗਰੋਂ ਇਸ ਕਹਾਣੀ ਵਿਚ ਕਈ ਪਰਿਵਰਤਨ ਹੋਏ। ਰਾਮਾਇਣ ਕਾਲ ਤਕ ਇਹ ਕਹਾਣੀ ਇਕ ਨਵਾਂ ਰੂਪ ਗ੍ਰਹਿਣ ਕਰ ਗਈ। ਰਾਮਾਇਣ ਅਨੁਸਾਰ ਅਜੁਧਿਆ ਦੇ ਰਾਜੇ ਅੰਬਰੀਸ਼ ਨੇ ਯੱਗ ਕੀਤਾ। ਜਦੋਂ ਬਲੀ ਦੇਣ ਦਾ ਮੌਕਾ ਆਇਆ, ਤਾਂ ਬਲੀ ਦੇ ਪਸ਼ੂ ਨੂੰ ਇੰਦਰ ਚੁਰਾ ਕੇ ਲੈ ਗਿਆ। ਕੁਲ-ਪ੍ਰੋਹਿਤਾਂ ਨੇ ਦਸਿਆ ਕਿ ਯੱਗ ਦੇ ਖੰਡਿਤ ਹੋਣ ਦਾ ਪ੍ਰਾਸਚਿਤ ਕਰਨ ਲਈ ਕਿਸੇ ਮਾਨਵ ਦੀ ਬਲੀ ਦੇਣੀ ਜ਼ਰੂਰੀ ਹੋ ਗਈ ਹੈ। ਕਾਫ਼ੀ ਲੰਮੀ ਢੂੰਡ ਭਾਲ ਮਗਰੋਂ ਰਾਜੇ ਨੂੰ ਇਕ ਬ੍ਰਾਹਮਣ ਰਿਸ਼ੀ ਰਿਚੀਕ ਮਿਲਿਆ, ਜੋ ਆਪਣੇ ਛੋਟੇ ਪੁਤਰ ਸ਼ੁਨਹਸ਼ੇਫ ਦੀ ਬਲੀ ਦੇਣ ਲਈ ਰਜ਼ਾਮੰਦ ਹੋ ਗਿਆ। ਇਸ ਦੇ ਮੁਆਵਜ਼ੇ ਵਜੋਂ ਰਿਸ਼ੀ ਨੇ ਇਕ ਲਖ ਗਊਆਂ, ਇਕ ਕਰੋੜ ਸੋਨੇ ਦੇ ਟਕੇ ਅਤੇ ਕੁਝ ਹੋਰ ਵਡਮੁਲੀਆਂ ਵਸਤੂਆਂ ਲੈ ਲਈਆਂ। ਸ਼ੁਨਹਸ਼ੇਫ ਦੇ ਮਾਮੇ ਵਿਸ਼ਵਾਮਿਤ੍ਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ, ਤਾਂ ਉਸ ਨੇ ਸ਼ੁਨਹਸ਼ੇਫ ਨੂੰ ਦੋ ਮੰਤਰ ਦਸੇ, ਜੋ ਉਸ ਨੂੰ ਬਲੀ ਦੇ ਵੇਲੇ ਪੜ੍ਹਨ ਲਈ ਕਿਹਾ। ਇਨ੍ਹਾਂ ਮੰਤਰਾਂ ਵਿਚ ਇੰਦਰ ਦੀ ਵਡਿਆਈ ਸੀ। ਸੋ ਇੰਦਰ ਨੇ ਪ੍ਰਸੰਨ ਹੋ ਕੇ ਸ਼ੁਨਹਸ਼ੇਫ ਨੂੰ ਦੀਰਘ ਆਯੂ ਦੀ ਅਸੀਸ ਦਿਤੀ। ਉਸੇ ਵੇਲੇ ਸ਼ੁਨਹਸ਼ੇਫ ਦੀ ਬਲੀ ਰੋਕ ਦਿਤੀ ਗਈ ਅਤੇ ਉਹ ਵਿਸ਼ਵਾਮਿਤ੍ਰ ਕੋਲ ਉਸ ਦੇ ਪੁਤਰ ਦੇ ਰੂਪ ਵਿਚ ਰਹਿਣ ਲੱਗਾ।

ਇਹੋ ਪੌਰਾਣਿਕ ਕਥਾ ਪੰਜਾਬ ਵਿਚ ਸੁਨੇਹ ਕੁਮਾਰ ਦੇ ਨਾਂ ਨਾਲ ਪ੍ਰਸਿਧ ਹੈ। ਭਾਵੇਂ ਇਸ ਕਥਾ ਵਿਚ ਰੂਪ-ਪਰਿਵਰਤਨ ਤੇ ਨਵੀਆਂ ਕਥਾਨਿਕ ਰੂੜ੍ਹੀਆਂ ਕਰ ਕੇ ਕਾਫ਼ੀ ਅੰਤਰ ਹੈ, ਪਰ ਮੂਲ ਆਕ੍ਰਿਤੀ ਪਛਾਣੀ ਜਾਂਦੀ ਹੈ (ਵੇਖੋ : ਸੁਨੇਹ ਕੁਮਾਰ)।

## (ਸ-630) **ਸੁਨਾਸੀਰ** :

ਕਾਸ਼ਤਕਾਰਾਂ ਦੇ ਦੋ ਦੇਵਤੇ ਜਿਨ੍ਹਾਂ ਦਾ ਹਲ ਅਤੇ ਚਉ ਉਤੇ ਅਧਿਕਾਰ ਹੈ (ਮਹਾਨ ਕੋਸ਼, 161)। ਕਾਸ਼ਤਕਾਰ ਹਲ ਵਾਹੁਣ ਤੋਂ ਪਹਿਲਾਂ ਇਨ੍ਹਾਂ ਦੀ ਪੂਜਾ ਅਰਚਾ ਕਰਦੇ ਹਨ, ਜਿਸ ਨਾਲ ਧਰਤੀ ਦੀ ਉਪਜਾਇਕਤਾ ਸ਼ਕਤੀ ਵਧਦੀ ਹੈ।

## (ਸ-631) **ਸੁਨਾਮ** :

ਪ੍ਰਾਚੀਨ ਅਤੇ ਮਧਕਾਲ ਵਿਚ, ਪਟਿਆਲੇ ਦੇ ਦੱਖਣ ਵਲ ਦਾ ਖੇਤਰ ਇਕ ਮਹੱਤਵਪੂਰਣ ਖੰਡ ਰਿਹਾ ਹੈ, ਜਿਸ ਦੀ ਗਵਾਹੀ ਇਸ ਇਲਾਕੇ ਦੇ ਤਿੰਨ ਪੁਰਾਤਨ ਨਗਰ ਸਮਾਣਾ, ਸੁਨਾਮ ਤੇ ਘੁੜਾਮ ਭਰਦੇ ਹਨ। ਸੁਨਾਮ ਪਟਿਆਲੇ ਤੋਂ ਲਹਿੰਦੇ — ਦੱਖਣ ਵਲ 43 ਮੀਲ ਅਤੇ ਸੰਗਰੂਰ ਤੋਂ ਦੱਖਣ ਵਲ 8 ਮੀਲ ਦੀ ਦੂਰੀ ਤੇ ਸਥਿਤ ਹੈ। ਸੰਗਰੂਰ ਜ਼ਿਲੇ ਦੇ ਇਸ ਨਗਰ ਨਾਲ ਕਾਫ਼ੀ ਸਾਰੀ ਲੋਕਧਾਰਾ ਜੁੜੀ ਹੋਈ ਹੈ। ਇਕ ਦੰਦ-ਕਥਾ ਅਨੁਸਾਰ ਇਥੇ ਮਧਕਾਲ ਵਿਚ ਇਕ ਗੁਜਰੀ ਸੋਨਾ ਰਹਿੰਦੀ ਸੀ, ਜਿਸ ਦੇ ਹੁਸਨ ਦੀ ਧਾਂਕ ਸਾਰੇ ਪੰਜਾਬ ਵਿਚ ਫੈਲੀ ਹੋਈ ਸੀ। ਮੁਹੰਮਦ ਗ਼ੋਰੀ ਇਸ ਦੇ ਰੂਪ ਦਾ ਸ਼ਿਕਾਰ ਹੋ ਗਿਆ ਤੇ ਉਹ ਇਸ ਸ਼ਹਿਰ ਨੂੰ ਪ੍ਰਾਜਿਤ ਕਰ ਕੇ ਜਾਣ ਵੇਲੇ ਸੋਨਾ ਨੂੰ ਭੇਟ ਕਰ ਗਿਆ। ਗੁਜਰੀ ਦੇ ਨਾਉਂ ਉਤੇ ਇਹ ਸ਼ਹਿਰ ਸੋਨਾ ਅਖਵਾਣ ਲੱਗਾ, ਪਰ ਮਗਰੋਂ ਇਹ ਨਾਂ ਵਿਕ੍ਰਤ ਹੋ ਕੇ ਸੁਨਾਮ ਬਣ ਗਿਆ।

ਇਕ ਹੋਰ ਧਾਰਨਾ ਅਨੁਸਾਰ ਕੁਤਬ ਉੱਦੀਨ ਐਬਕ ਜਦੋਂ ਇਸ ਇਲਾਕੇ ਵਿਚ ਆਇਆ, ਤਾਂ ਉਸ ਨੇ ਊਠ ਦੀ ਪਿੱਠ ਵਾਂਗ ਉਚੇ ਇਸ ਅਸਥਾਨ ਦਾ ਨਾਂ ਸੁਨਾਮ ਰਖ ਦਿਤਾ। ਅਰਬੀ ਵਿਚ ਸੁਨਾਮ ਦਾ ਅਰਥ 'ਊਠ ਦੀ ਕੁਹਾਣ' ਹੈ।

ਸੁਨਾਮ ਵਿਚ ਇਕ ਪੁਰਾਣਾ ਅਸਥਾਨ

ਸੂਰਜ ਕੁੰਡ ਹੈ, ਜੋ ਇਸ ਅਸਥਾਨ ਨੂੰ ਉਸ ਪ੍ਰਾਚੀਨ ਕਾਲ ਨਾਲ ਜੋੜਦਾ ਹੈ, ਜਦੋਂ ਆਰੀਆ ਸੂਰਜ ਨੂੰ ਪੂਜਦੇ ਤੇ ਉਸ ਦੀ ਉਪਾਸ਼ਨਾ ਲਈ ਕੁੰਡ ਬਣਾਇਆ ਕਰਦੇ ਸਨ। ਸੁਨਾਮ ਦਾ ਪੁਰਾਣਾ ਸ਼ਹਿਰ ਸੂਰਜ ਕੁੰਡ ਦੇ ਲਾਗੇ ਵਸਿਆ ਹੋਣ ਕਰ ਕੇ ਸੂਰਜਪੁਰ ਸਦਾਉਂਦਾ ਸੀ।

ਇਸ ਸ਼ਹਿਰ ਵਿਚ ਕਈ ਪੁਰਾਤਨ ਯਾਦਗਾਰਾਂ ਹਨ। ਇਥੇ ਮੁਸਲਮਾਨਾਂ ਦਾ ਅਸਥਾਨ ਗੰਜਿ ਸ਼ਹੀਦਾਂ ਹੈ, ਜਿਥੇ 1398 ਈ: ਵਿਚ ਤੈਮੂਰ ਦੇ ਯੁਧ ਵਿਚ ਸ਼ਹੀਦ ਹੋਏ ਮੁਸਲਮਾਨ ਸਿਪਾਹੀਆਂ ਨੂੰ ਦਬਿਆ ਗਿਆ ਸੀ। ਇਸ ਦੇ ਨਾਲ ਹੀ ਨਾਥਾਂ ਦੀਆਂ ਸਮਾਧਾਂ ਦੇ ਨਿਸ਼ਾਨ ਹਨ, ਜਿਸ ਤੋਂ ਜਾਪਦਾ ਹੈ ਕਿ ਇਥੇ ਕਦੇ ਜੋਗੀਆਂ ਦਾ ਵੱਡਾ ਮੱਠ ਸੀ। ਸ਼ਹਿਰ ਦੇ ਦੱਖਣ-ਚੜ੍ਹਦੇ ਵਲ ਪੀਰ ਬੰਨੋ ਬਨੋਈ ਦੀ ਮਜ਼ਾਰ ਹੈ, ਜਿਸ ਦੀ ਜ਼ਿਆਰਤ ਲਈ ਮੁਸਲਮਾਨ ਦੂਰੋਂ ਦੂਰੋਂ ਆਉਂਦੇ ਹਨ। ਇਥੇ ਗੁਰੂ ਨਾਨਕ ਦੇਵ ਦੀ ਸਿਮਰਤੀ ਵਿਚ ਵੀ ਇਕ ਗੁਰਦਵਾਰਾ ਹੈ। ਸੁਨਾਮ ਦੀ ਇਕ ਪ੍ਰਸਿਧ ਹਸਤੀ ਭਾਈ ਮੂਲ ਚੰਦ ਸਨ, ਜੋ ਆਪਣੇ ਬਚਨਾਂ ਦੇ ਬੜੇ ਪੱਕੇ ਸਨ। ਉਨ੍ਹਾਂ ਬਾਰੇ ਇਹ ਅਖਾਣ ਹੁਣ ਤਕ ਪ੍ਰਸਿਧ ਹੈ: 'ਬਾਬਾ ਮੂਲਾ, ਬਚਨਾਂ ਦਾ ਪੂਰਾ।'' ਇਨ੍ਹਾਂ ਦਾ ਡੇਰਾ ਸ਼ਹਿਰ ਤੋਂ ਮੀਲ ਕੁ ਬਾਹਰ ਹੈ (ਪੰਜਾਬ, 49)।

(ਸ-632) **ਸੁਨਿਆਰਾ** :

ਦੇਸ਼ ਵੰਡ ਤੋਂ ਪਹਿਲਾਂ ਪਛਮੀ ਪੰਜਾਬ ਵਿਚ ਬਹੁਤੇ ਸੁਨਿਆਰੇ ਹਿੰਦੂ ਸਨ; ਕੇਵਲ ਮੁਲਤਾਨ ਤੇ ਸਰਹੱਦੀ ਇਲਾਕੇ ਵਿਚ ਹੀ ਮੁਸਲਮਾਨ ਸੁਨਿਆਰੇ ਮਿਲਦੇ ਸਨ ਤੇ ਉਨ੍ਹਾਂ ਦੇ ਵੀ ਵਡਿਕੇ ਮੁਸਲਮਾਨਾਂ ਦੇ ਰਾਜ ਸਮੇਂ ਹਿੰਦੂਓਂ ਮੁਸਲਮਾਨ ਬਣੇ ਸਨ। ਮਾਝੇ ਮਾਲਵੇ ਵਿਚ ਕੁਝ ਸਿੱਖ ਸੁਨਿਆਰੇ ਵੀ ਮਿਲਦੇ ਹਨ। ਹਿੰਦੂ ਸੁਨਿਆਰੇ ਆਪਣੇ ਆਪ ਨੂੰ ਦੋਜਨਮਿਆਂ ਵਿਚੋਂ ਮੰਨਦੇ ਹਨ ਅਤੇ ਜਨੇਊ ਪਹਿਨਦੇ ਹਨ, ਪਰ ਉਨ੍ਹਾਂ ਦਾ ਸਮਾਜਿਕ ਦਰਜਾ ਦੇਸ਼ ਦੀ ਵੰਡ ਤੋਂ ਪਹਿਲਾਂ ਬਹੁਤਾ ਉੱਚਾ ਨਹੀਂ ਸੀ ਸਮਝਿਆ ਜਾਂਦਾ।

ਸੁਨਿਆਰਿਆਂ ਬਾਰੇ ਇਕ ਬੜੀ ਰੋਚਕ ਮੁੱਢੀ ਪ੍ਰਚਲਤ ਹੈ। ਗੁਜਰਾਤ ਵਿਚ ਪ੍ਰਚਲਤ ਇਕ ਦੰਦ-ਕਥਾ ਅਨੁਸਾਰ ਇਕ ਵਾਰ ਦੁਰਗਾ ਦੇਵੀ ਦਾ ਯੁਧ ਇਕ ਅਜਿਹੇ ਰਾਖਸ਼ ਨਾਲ ਹੋ ਗਿਆ, ਜਿਸ ਦਾ ਸਰੀਰ ਸੋਨੇ ਦਾ ਬਣਿਆ ਹੋਇਆ ਸੀ ਤੇ ਜਿਸ ਨੂੰ ਮਾਰਨੋਂ ਦੁਰਗਾ ਅਸਮਰੱਥ ਸੀ। ਦੁਰਗਾ ਨੇ ਆਪਣੇ ਸਰੀਰ ਤੋਂ ਮੈਲ ਉਤਾਰ ਕੇ ਇਕ ਪੁਤਲਾ ਘੜਿਆ ਤੇ ਉਸ ਵਿਚ ਜੀਵਨ ਕਣੀ ਫੂਕੀ। ਇਹੋ ਪਹਿਲਾ ਸੁਨਿਆਰਾ ਸੀ। ਦੁਰਗਾ ਨੇ ਉਸ ਨੂੰ ਆਦੇਸ਼ ਦਿਤਾ ਕਿ ਉਹ ਕਿਸੇ ਤਰ੍ਹਾਂ ਰਾਖਸ਼ ਨੂੰ ਢਾਲ ਕੇ ਖ਼ਤਮ ਕਰ ਦੇਵੇ। ਸੁਨਿਆਰੇ ਨੇ ਰਾਖਸ਼ ਦਾ ਵਿਸ਼ਵਾਸ਼ ਪਾਤਰ ਬਣ ਕੇ ਉਸ ਦੇ ਇਕ ਨਹੁੰ ਨੂੰ ਰੇਤ ਨਾਲ ਅਜਿਹਾ ਚਮਕਾਇਆ ਕਿ ਰਾਖਸ਼ ਪ੍ਰਸੰਨ ਹੋ ਕੇ ਕਹਿਣ ਲੱਗਾ ਕਿ ਉਸ ਦਾ ਸਾਰਾ ਸਰੀਰ ਹੀ ਇਸੇ ਤਰ੍ਹਾਂ ਚਮਕਾ ਦਿਤਾ ਜਾਵੇ, ਤਾਂ ਜੋ ਉਸ ਦਾ ਪ੍ਰਕਾਸ਼ ਸੂਰਜ ਵਾਂਙ ਚੁੰਧਿਆ ਦੇਣ ਵਾਲਾ ਹੋ ਜਾਵੇ। ਸੁਨਿਆਰੇ ਨੇ ਮੌਕੇ ਦਾ ਫ਼ਾਇਦਾ ਉਠਾਣ ਲਈ ਕਿਹਾ ਕਿ ਇਸ ਤਰ੍ਹਾਂ ਕਰਨ ਲਈ ਪਹਿਲਾਂ ਉਹਦੇ ਸਰੀਰ ਨੂੰ ਅੱਗ ਉਤੇ ਰਤਾ ਕੁ ਗਰਮ ਕਰਨਾ ਪਏਗਾ। ਰਾਖਸ਼ ਮੰਨ ਗਿਆ। ਸੁਨਿਆਰੇ ਨੇ ਲਕੜੀਆਂ ਜੋੜ ਕੇ ਉਨ੍ਹਾਂ ਵਿਚ ਚਾਰ ਡਲੇ ਸਿਕੇ ਦੇ ਛੁਪਾ ਕੇ ਰਖ ਦਿਤੇ। ਫਿਰ ਸੁਨਿਆਰੇ ਨੇ ਲਕੜਾਂ ਉਤੇ ਰਾਖਸ਼ ਨੂੰ ਇਸ ਤਰ੍ਹਾਂ ਲਿਟਾਇਆ ਕਿ ਰਾਖਸ਼ ਦੇ ਅੰਗ-ਜੋੜ ਸਿਕੇ ਦੀਆਂ ਡਲੀਆਂ ਉਤੇ ਟਿਕ ਜਾਣ। ਉਪਰੋਂ ਹੋਰ ਲਕੜਾਂ ਜੋੜ ਕੇ ਅੱਗ ਲਗਾ ਦਿਤੀ। ਸਿੱਕੇ ਕਾਰਨ ਰਾਖਸ਼ ਦੇ ਅੰਗ-ਜੋੜ ਖੁਰਨ ਲੱਗੇ, ਕਿਉਂ ਜੋ ਸੋਨਾ ਅੱਗ ਉਤੇ ਹੋਵੇ, ਤਾਂ ਸਿੱਕਾ ਉਸ ਨੂੰ ਖੋਰ ਦੇਂਦਾ ਹੈ। ਰਾਖਸ਼ ਖੁਰ ਖੁਰ ਕੇ ਉਥੇ ਹੀ ਖ਼ਤਮ ਹੋ ਗਿਆ। ਦੇਵੀ ਨੇ ਸੁਨਿਆਰੇ ਨੂੰ ਸਨੇਹ ਨਾਲ ਪੁਤਰ ਕਹਿ ਕੇ ਗਲੇ ਨਾਲ ਲਗਾ ਲਿਆ। ਇਸੇ ਲਈ ਸੁਨਿਆਰਿਆਂ ਨੂੰ 'ਮਾਈ ਪੁਤਰ' ਜਾਂ 'ਦੇਵੀ ਪੁਤਰ' ਵੀ ਕਿਹਾ ਜਾਂਦਾ ਹੈ।

ਸੁਨਿਆਰਿਆਂ ਦੀਆਂ ਦੋ ਮੁਖੀ ਉਪਜਾਤੀਆਂ ਹਨ: (ੳ) ਮੈਰ, ਮਾਹਰ ਜਾਂ ਮਾਈ ਪੁਤਰ; (ਅ) ਟਾਂਕ। ਇਹ ਦੋਵੇਂ ਉਪਜਾਤੀਆਂ ਆਪੋ ਆਪਣੇ ਜਾਤੀ-ਘੇਰੇ ਵਿਚ ਹੀ ਵਿਆਹ ਕਰਦੀਆਂ ਹਨ। ਮੈਰ ਉਪਜਾਤੀ ਅੱਗੋਂ ਕਈ ਗੋਤਾਂ ਵਿਚ ਵੰਡੀ ਹੁੰਦੀ ਹੈ ਜਿਵੇਂ ਬੱਗਾ, ਜੋੜਾ, ਮਸੌਣ,

ਸ਼ੀਂਹ, ਬੱਬਰ, ਸੂਰ ਆਦਿ। ਇਨ੍ਹਾਂ ਵਿਚੋਂ ਕੁਝ ਗੋਤ-ਨਾਂਵਾਂ ਪਿਛੇ ਰੋਚਕ ਘਟਨਾਵਾਂ ਹਨ। ਜਿਵੇਂ ਬੱਗੇ ਦਾਅਵਾ ਕਰਦੇ ਹਨ ਕਿ ਉਹ ਦਿੱਲੀ ਦੇ ਰਾਓ ਛਬੀਲਾ ਦੀ ਵੰਸ਼ ਹਨ, ਜਿਸ ਦੇ ਬੱਗੇ (ਚਿੱਟਾ) ਰੰਗ ਤੋਂ ਉਹਦੀ ਵੰਸ਼ ਬੱਗਾ ਅਖਵਾਈ। ਜੋੜ ਗੋਤ ਵਾਲੇ ਦਸਦੇ ਹਨ ਕਿ ਉਨ੍ਹਾਂ ਦੇ ਕਿਸੇ ਵਡਿਕੇ ਦੇ ਘਰ ਇਕ ਲੜਕਾ ਤੇ ਇਕ ਸੱਪ ਜੁੜਵੇਂ ਜੰਮੇ। ਸੱਪ ਤਾਂ ਦੂਜੇ ਦਿਨ ਹੀ ਮਰ ਗਿਆ, ਪਰ ਲੜਕਾ ਜੀਉਂਦਾ ਰਿਹਾ। ਉਸ ਬੱਚੇ ਦੀ ਮਗਰੋਂ ਜੋ ਔਲਾਦ ਹੋਈ, ਉਹ ਜੋੜ ਅਖਵਾਈ। ਜੋੜ ਗੋਤ ਵਾਲੇ ਸੱਪ ਨੂੰ ਅਜੇ ਵੀ ਪੂਜਦੇ ਹਨ ਤੇ ਕਦੇ ਮਾਰਦੇ ਨਹੀਂ। ਮਸਾਣ ਜਾਂ ਮਸੋਣ ਗੋਤ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਵਡਿਕਾ ਮਸਾਣਾਂ ਵਿਚ ਜੰਮਿਆ ਜਦੋਂ ਕਿ ਉਹਦੀ ਮਾ ਸਤੀ ਹੋਣ ਲੱਗੀ ਸੀ। ਇਸ ਗੱਲ ਤੋਂ ਉਸ ਦੀ ਵੰਸ਼ ਮਸਾਣ ਜਾਂ ਮਸੋਣ ਅਖਵਾਈ। ਮਸੋਣਾਂ ਵਿਚ ਗੁਗਾ ਪੂਜਣ ਦਾ ਰਵਾਜ ਹੈ। ਸ਼ੀਂਹ, ਬੱਬਰ, ਸੂਰ, ਸਭ ਕੁੱਲ-ਚਿੰਨ੍ਹ (Totem) ਹਨ ਅਤੇ ਇਹੋ ਨਾਉਂ ਪਿਛੋਂ ਗੋਤਾਂ ਬਣ ਗਈਆਂ। ਇਨ੍ਹਾਂ ਸਭ ਗੋਤਾਂ ਦੀਆਂ ਆਪੋ ਆਪਣੀਆਂ ਵੱਖਰੀਆਂ ਰੀਤਾਂ ਹਨ।

ਟਾਂਕ ਸੁਨਿਆਰੇ ਅੱਗੋਂ ਦੋ ਸ਼ਾਖ਼ਾਂ ਵਿਚ ਵੰਡੇ ਹੋਏ ਹਨ: ਬਾਰ੍ਹੀ ਅਤੇ ਬੁੰਜਾਈ। ਬਾਰ੍ਹੀਆਂ ਦੀਆਂ ਅੱਗੋਂ ਬਾਰਾਂ ਗੋਤਾਂ ਹਨ। ਇਹ ਸ਼ਾਖ਼ ਆਪਣੇ ਆਪ ਨੂੰ ਖਤ੍ਰੀ ਮੁਢ ਦੀ ਦਸਦੀ ਹੈ। ਇਨ੍ਹਾਂ ਦੀਆਂ ਕਈ ਰਸਮਾਂ ਰੀਤਾਂ ਵੀ ਖਤ੍ਰੀਆਂ ਨਾਲ ਮਿਲਦੀਆਂ ਹਨ। ਬਾਰ੍ਹੀ ਸੁਨਿਆਰੇ ਜਨੇਊ ਪਹਿਨਦੇ ਹਨ ਅਤੇ ਉਨ੍ਹਾਂ ਵਿਚੋਂ ਕਈ ਲੋਕ ਮੁੰਡਣ ਸੰਸਕਾਰ ਵੇਲੇ ਇਲ ਪੂਜਦੇ ਹਨ। ਬੁੰਜਾਈ ਖਤ੍ਰੀਆਂ ਵਾਂਙ ਟਾਂਕ ਵੀ ਪੰਜ ਜਾਤੀ ਤੇ ਛੇ ਜਾਤੀ ਵਿਚ ਵੰਡੇ ਹੋਏ ਹਨ। ਕੁਝ ਉਪ-ਵੰਡਾਂ ਤਾਂ ਖਤ੍ਰੀਆਂ ਨਾਲ ਹੂ-ਬ-ਹੂ ਮਿਲਦੀਆਂ ਹਨ, ਜਿਨ੍ਹਾਂ ਤੋਂ ਜਾਪਦਾ ਹੈ ਕਿ ਕੁਝ ਸੁਨਿਆਰੇ ਮੁਢ ਵਿਚ ਖਤ੍ਰੀ ਸਨ। ਜਿਵੇਂ ਧੀਰ, ਮਿਤ੍ਰ, ਭੱਲਾਈ ਆਦਿ ਗੋਤਾਂ ਦੋਹਾਂ ਵਿਚ ਸਾਂਝੀਆਂ ਹਨ।

ਟਾਂਕ ਸੁਨਿਆਰੇ ਸਰਪ ਨੂੰ ਨਾਗ ਜਾਂ ਤਖਸ਼ਕ ਦਾ ਚਿੰਨ੍ਹ ਮੰਨ ਕੇ ਪੂਜਦੇ ਹਨ (ਵੇਖੋ: ਟਾਂਕ)।

(ਸ-633) **ਸੁਨੀਤੀ :**

ਧ੍ਰੂ ਦੀ ਮਾਤਾ ਅਤੇ ਉਤਾਨਪਾਦ ਦੀ ਪਤਨੀ (ਵੇਖੋ: "ਧ੍ਰੂ")।

(ਸ-634) **ਸੁਨੇਹ ਕੁਮਾਰ :**

ਇਕ ਲੋਕ-ਕਹਾਣੀ ਦਾ ਨਾਇਕ; ਇਕ ਵਾਰ ਲਹਿੰਦੇ ਦੇਸ਼ ਵਿਚ ਭਾਰੀ ਕਾਲ ਪੈ ਗਿਆ ਅਤੇ ਕਈ ਸਾਲ ਤਕ ਵਰਖਾ ਨਾ ਹੋਈ। ਲੋਕਾਂ ਨੂੰ ਭੁਖਾ ਮਰਦਿਆਂ ਵੇਖ ਕੇ ਰਾਜੇ ਨੇ ਇੰਦਰ ਅੱਗੇ ਪ੍ਰਾਰਥਨਾ ਕੀਤੀ ਕਿ ਜੇ ਮੂਸਲਾਧਾਰ ਮੀਂਹ ਵਸਿਆ, ਤਾਂ ਉਹ ਆਪਣੇ ਪੁਤਰ ਦੀ ਬਲੀ ਦੇਵੇਗਾ। ਪਰ ਮੀਂਹ ਫੇਰ ਵੀ ਨਾ ਵਸਿਆ ਪੰਡਤਾਂ ਨੇ ਦਸਿਆ ਕਿ ਜਦੋਂ ਤਕ ਕਿਸੇ ਉੱਚੀ ਕੁਲ ਦੇ ਬਾਲ ਦੀ ਬਲੀ ਨਹੀਂ ਦਿਤੀ ਜਾਵੇਗੀ, ਉਦੋਂ ਤਕ ਵਰਖਾ ਨਹੀਂ ਹੋਵੇਗੀ। ਰਾਜੇ ਨੇ ਆਪਣੇ ਇਕਲੌਤੇ ਪੁਤਰ ਦੀ ਬਲੀ ਦੇਣ ਦੀ ਇੱਛਾ ਪ੍ਰਗਟ ਕੀਤੀ, ਪਰ ਰਾਣੀ ਨਾ ਮੰਨੀ ਅਤੇ ਉਹ ਆਪਣੇ ਇਕਲੌਤੇ ਪੁਤਰ ਨੂੰ ਪੇਕੇ ਲੈ ਕੇ ਚਲੀ ਗਈ। ਰਾਜੇ ਨੇ ਇਕ ਬ੍ਰਾਹਮਣ ਦੇ ਪੁਤਰ ਸੁਨੇਹ ਕੁਮਾਰ ਨੂੰ ਆਪਣਾ ਮੁਤਬੰਨਾ ਬਣਾ ਲਿਆ ਤੇ ਉਸ ਦੀ ਬਲੀ ਦੇਣੀ ਚਾਹੀ। ਬ੍ਰਾਹਮਣ ਇਸ ਸ਼ਰਤ ਉਤੇ ਆਪਣੇ ਪੁਤਰ ਸੁਨੇਹ ਕੁਮਾਰ ਦੀ ਬਲੀ ਦੇਣ ਲਈ ਰਜ਼ਾਮੰਦ ਹੋਇਆ ਕਿ ਰਾਜਾ ਬਦਲੇ ਵਿਚ ਉਸਨੂੰ ਆਪਣਾ ਵਜ਼ੀਰ ਬਣਾ ਲਏਗਾ। ਸੁਨੇਹ ਕੁਮਾਰ ਬੜਾ ਦੁਖੀ ਸੀ, ਪਰ ਉਸ ਦੀ ਵੇਦਨਾ ਕਿਸੇ ਨੇ ਨਾ ਸੁਣੀ। ਜਦੋਂ ਸੁਨੇਹ ਕੁਮਾਰ ਦੀ ਬਲੀ ਦੇਣ ਦਾ ਵੇਲਾ ਆਇਆ, ਤਾਂ ਸੁਨੇਹ ਕੁਮਾਰ ਨੇ ਦੇਵਤਿਆਂ ਅੱਗੇ ਪ੍ਰਾਰਥਨਾ ਕੀਤੀ ਤੇ ਉਨ੍ਹਾਂ ਦੀ ਕੀਰਤੀ ਵਿਚ ਕੁਝ ਭਜਨ ਪੜ੍ਹੇ। ਬਲੀ ਦੇਂਦਿਆਂ ਸਾਰ ਮੂਸਲਾਧਾਰ ਬਾਰਸ਼ ਹੋਣ ਲੱਗੀ, ਜਦੋਂ ਵਰਖਾ ਮੁੱਕੀ, ਤਾਂ ਹਵਨ ਦੇ ਕੋਲ ਸੁਨੇਹ ਕੁਮਾਰ ਨੂੰ ਸੁਰਜੀਤ ਬੈਠਾ ਵੇਖ ਕੇ ਲੋਕ ਹੱਕੇ ਬੱਕੇ ਰਹਿ ਗਏ। ਰਾਜੇ ਨੇ ਸੁਨੇਹ ਕੁਮਾਰ ਨੂੰ ਛਾਤੀ ਨਾਲ ਲਗਾ ਲਿਆ ਤੇ ਆਪਣੇ ਮਹਿਲਾਂ ਵਿਚ ਲੈ ਗਿਆ। ਰਾਜੇ ਦੀ ਮ੍ਰਿਤੂ ਮਗਰੋਂ ਸੁਨੇਹ ਕੁਮਾਰ ਰਾਜੇ ਦਾ ਉਤਰਾਧਿਕਾਰੀ ਬਣਿਆ।

ਇਹ ਕਥਾ ਸ਼ੁਨਹਸ਼ੇਫ ਦੀ ਪੌਰਾਣਿਕ ਕਥਾ ਦਾ ਹੀ ਵਿਕ੍ਰਤ ਰੂਪ ਜਾਪਦੀ ਹੈ। ਨਾ ਸਿਰਫ

ਨਾਂਵਾਂ ਵਿਚ ਹੀ ਸਾਂਝ ਹੈ, ਸਗੋਂ ਦੋਹਾਂ ਕਥਾਵਾਂ ਦੀਆਂ ਕਥਾਨਿਕ ਰੂੜ੍ਹੀਆਂ ਤੇ ਸ਼ਿਲਪ ਵੀ ਆਪੋ ਵਿਚ ਮਿਲਦੀ ਹੈ (ਵੇਖੋ : ਸ਼ੁਨਹਸ਼ੇਫ) ।

(ਸ-635) **ਸੁਨੇਹੇ :**

ਪੰਜਾਬੀ ਦਾ ਇਕ ਪ੍ਰਸਿਧ ਲੋਕ-ਕਾਵਿ ਰੂਪ, ਜਿਸ ਵਿਚ ਪ੍ਰੇਮਿਕਾ ਆਪਣੀ ਕੋਈ ਵੇਦਨਾ, ਵਿਜੋਗੀ ਮਨੋਭਾਵ ਜਾਂ ਇਰਾਦੇ ਕਾਵਿ ਦੇ ਮਾਧਿਅਮ ਦੁਆਰਾ ਪ੍ਰੀਤਮ ਤਕ ਪਹੁੰਚਾਂਦੀ ਹੈ । ਇਸ ਭਾਂਤ ਦੇ ਕਾਵਿ ਵਿਚ ਬ੍ਰਿਹੋਂ ਭਾਵਨਾ ਦਾ ਗੰਭੀਰ ਵਰਨਣ ਅਤੇ ਬ੍ਰਿਹੋਂ ਅਨੁਭੂਤੀ ਦਾ ਮਾਰਮਿਕ ਚਿਤ੍ਰਣ ਮਿਲਦਾ ਹੈ ।

ਇਸ ਕਾਵਿ ਦੀ ਪਰੰਪਰਾ ਕਾਲੀਦਾਸ ਦੇ ਮੇਘਦੂਤ ਨਾਲ ਜਾ ਜੁੜਦੀ ਹੈ । ਮੇਘਦੂਤ ਵਿਚ, ਇਕ ਯੱਖਸ਼, ਜੋ ਕੁਬੇਰ ਦੇ ਸਰਾਪ ਕਾਰਨ ਆਪਣੀ ਪਤਨੀ ਤੋਂ ਦੂਰ ਅਲਕਾਪੁਰੀ ਵਿਚ ਰਹਿੰਦਾ ਸੀ, ਬੱਦਲਾਂ ਦੇ ਹੱਥ ਸੁਨੇਹੇ ਭੇਜਦਾ ਹੈ । ਸੰਸਕ੍ਰਿਤ ਵਿਚ 'ਮਘਦੂਤ' ਤੋਂ ਪ੍ਰਭਾਵਿਤ ਹੋ ਕੇ ਉਸੇ ਰੂਪ ਤੇ ਸ਼ੈਲੀ ਵਿਚ ਕਈ ਸੁਨੇਹੜੇ ਲਿਖੇ ਗਏ ।

ਪੰਜਾਬੀ ਦੇ ਲੋਕ-ਕਾਵਿ ਵਿਚ ਇਹ ਪਰੰਪਰਾ ਬੜੀ ਪ੍ਰਬਲ ਤੇ ਜੀਵੰਤ ਰਹੀ ਹੈ ਅਤੇ ਪੰਜਾਬੀ ਵਿਚ ਕੁਝ ਭਾਵ-ਪੂਰਤ ਵੇਦਨਾ ਭਰੇ, ਮਾਰਮਿਕ ਸੁਨੇਹੜੇ ਮਿਲਦੇ ਹਨ । 'ਰਾਹੀ ਜਾਂਦਿਆ ਵੇ' ਇਸ ਵੰਨਗੀ ਦਾ ਇਕ ਪ੍ਰਤੀਨਿਧ ਲੋਕ-ਗੀਤ ਹੈ :

ਰਾਹੀ ਜਾਂਦਿਆ ਵੇ, ਪੀਲੂ ਖਾਂਦਿਆ ਵੇ,
ਆਖੀਂ ਢੋਲੇ ਨੂੰ ਜਾ ।
ਦਾਖਾਂ ਪਕੀਆਂ ਵੇ, ਆਸਾਂ ਰਖੀਆਂ ਵੇ,
ਢੋਲਾ ਮੁੜ ਘਰ ਆ ।
ਰਾਹੀਆ ਰਾਵਲਾ ਵੇ, ਚੰਨਾ ਸਾਂਵਲਾ ਵੇ,
ਸਾਡਾ ਲੱਥਾ ਨਾ ਚਾ ।
ਅੰਬੀ ਬੂਰ ਪਿਆ, ਢੋਲਾ ਦੂਰ ਗਿਆ,
ਮੈਨੂੰ ਤੱਤੀ ਨੂੰ ਨਾ ਤਾ ।

ਢੋਲੇ-ਮਾਹੀਏ ਦੇ ਕਈ ਟੱਪਿਆਂ ਵਿਚ ਵੀ ਸੁਨੇਹੇ ਦੀ ਭਾਵਨਾ ਸੁਰਜੀਤ ਹੈ — "ਸੋਟੀ ਦੇ ਬੰਦ ਕਾਲੇ, ਆਖੀਂ ਮੇਰੇ ਮਾਹੀਏ ਨੂੰ, ਲੱਗੀ ਯਾਰੀ ਦੀ ਲਜ ਪਾਲੇ ।"

(ਸ-636) **ਸੁਨੇਤ :**

ਲੁਧਿਆਣੇ ਤੋਂ ਪੱਛਮ ਵਲ ਚਾਰ ਕੁ ਮੀਲ ਦੂਰ ਇਕ ਪ੍ਰਾਚੀਨ ਪਿੰਡ । ਇਥੇ ਕਿਸੇ ਵੇਲੇ ਸੁਨੇਤਰ ਨਾਂ ਦਾ ਸ਼ਹਿਰ ਘੁਗ ਵਸਦਾ ਸੀ, ਜੋ ਭਾਰਤ ਦੇ ਪ੍ਰਾਚੀਨ ਨਗਰਾਂ ਵਿਚੋਂ ਇਕ ਹੈ । ਦੂਜੀ ਸਦੀ ਈਸਵੀ ਵਿਚ ਸੁਨੇਤਰ ਯੌਧੇਇ ਖ਼ਾਨਦਾਨ ਦੀ ਰਾਜਧਾਨੀ ਸੀ । ਯੌਧੇਆਂ ਨੇ ਆਪਣੇ ਜਾਰੀ ਕੀਤੇ ਸਿੱਕਿਆਂ ਉਤੇ ਜੁੱਧ ਦੇ ਦੇਵਤੇ ਕਾਰਤਕੇਇ ਦੀ ਮੂਰਤੀ ਬਣਾਈ (ਪੰਜਾਬ, 23) । ਕਨਿੰਘਮ ਦਾ ਵਿਚਾਰ ਹੈ ਕਿ ਮੁਹੰਮਦ ਗ਼ਜ਼ਨੀ ਦੇ ਹੱਲਿਆਂ ਸਮੇਂ ਇਹ ਨਗਰ ਤਬਾਹ ਹੋ ਗਿਆ ਤੇ ਮੁੜ ਕਈ ਸਦੀਆਂ ਤਕ ਇਹ ਜਗ੍ਹਾ ਵੀਰਾਨ ਪਈ ਰਹੀ ।

ਇਸ ਨਗਰ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ । ਟੋਲਬਰਟ ਅਨੁਸਾਰ ਕਿਸੇ ਸਮੇਂ ਇਸ ਨਗਰ ਵਿਚ ਰਾਜਾ ਮੌਜ ਜਿੰਦ ਜਾਂ ਪੰਵਾਰ ਰਾਜ ਕਰਦਾ ਸੀ ਜੋ ਬੜਾ ਹੀ ਨਿਰਦਈ ਤੇ ਅੱਯਾਸ਼ ਸੀ । ਰਾਜਾ ਮੌਜ ਨੂੰ ਜੜ੍ਹ ਵਾਲਾ ਫੋੜਾ ਨਿਕਲ ਆਇਆ । ਕਿਸੇ ਵੈਦ ਨੇ ਉਸ ਨੂੰ ਦਸਿਆ ਕਿ ਇਹ ਫੋੜਾ ਮਨੁਖ ਦਾ ਮਾਸ ਖਾਣ ਨਾਲ ਹੀ ਠੀਕ ਹੋ ਸਕਦਾ ਹੈ । ਰਾਜੇ ਨੇ ਹੁਕਮ ਦਿਤਾ ਕਿ ਸ਼ਹਿਰ ਦੇ ਲੋਕ ਵਾਰੋ ਵਾਰੀ ਘਰ ਪ੍ਰਤੀ ਇਕ ਜੀਅ ਰੋਜ਼ ਉਸ ਨੂੰ ਖਾਣ ਵਾਸਤੇ ਭੇਜ ਦਿਤਾ ਕਰਨ । ਲੋਕੀਂ ਰਾਜੇ ਤੋਂ ਡਰਦੇ ਇਸ ਹੁਕਮ ਦੀ ਪਾਲਣਾ ਕਰਨ ਲੱਗੇ । ਉਸੇ ਪਿੰਡ ਵਿਚ ਇਕ ਵਿਧਵਾ ਬ੍ਰਾਹਮਣੀ ਰਹਿੰਦੀ ਸੀ, ਜਿਸ ਦੇ ਘਰ ਇਕੋ ਇਕ ਸੰਤਾਨ ਦਸਾਂ ਵਰ੍ਹਿਆਂ ਦਾ ਇਕ ਬਾਲਕ ਸੀ । ਜਦੋਂ ਉਸ ਵਿਧਵਾ ਦੇ ਬਾਲ ਦੀ ਵਾਰੀ ਆਈ ਅਤੇ ਰਾਜੇ ਦੇ ਦੂਤ ਉਸ ਨੂੰ ਲੈਣ ਲਈ ਆਏ, ਤਾਂ ਵਿਧਵਾ ਨੇ ਕੀਰਨਿਆਂ ਨਾਲ ਸਾਰਾ ਸ਼ਹਿਰ ਸਿਰ ਉਤੇ ਚੁਕ ਲਿਆ । ਦੇਵਨੇਤ ਉਧਰੋਂ ਇਕ ਪੀਰ ਕੁਤਬ ਸ਼ਾਹ ਲੰਘ ਰਿਹਾ ਸੀ, ਜਿਸ ਨੂੰ ਆਤੁਰ ਵਿਧਵਾ ਉਤੇ ਬੜਾ ਤਰਸ ਆਇਆ । ਪੀਰ ਨੇ ਰਾਜੇ ਦੇ ਦੂਤਾਂ ਨੂੰ ਸਮਝਾਇਆ ਕਿ ਉਹ ਇਸ ਬੁਢੀ ਵਿਧਵਾ ਨਾਲ ਧੱਕਾ ਨਾ ਕਰਨ, ਪਰ ਦੂਤਾਂ ਨੇ ਪੀਰ ਦੀ ਇਕ ਨਾ ਸੁਣੀ । ਪੀਰ ਨੇ ਕਰੋਧ ਵਿਚ ਆ ਕੇ ਦੂਤਾਂ ਨੂੰ ਸਰਾਪ ਦਿਤਾ ਕਿ ਤੁਹਾਨੂੰ ਮੁੜ ਕਦੇ

ਆਪਣੇ ਘਰ ਵੇਖਣੇ ਨਸੀਬ ਨਹੀਂ ਹੋਣਗੇ। ਜਦੋਂ ਦੂਤ ਉਥੋਂ ਅੱਗੇ ਵਧੇ, ਤਾਂ ਉਨ੍ਹਾਂ ਨੂੰ ਸਿਵਾਏ ਉਜਾੜ ਦੇ ਕੁਝ ਵੀ ਨਾ ਵਿਖਾਈ ਦਿਤਾ। ਰਾਜਾ ਪਰਜਾ ਸਭ ਛਾਈਂ ਮਾਈਂ ਹੋ ਗਏ ਸਨ।

ਅਲੈਗਜ਼ੈਂਡਰ ਕਨਿੰਘਮ ਨੇ ਇਸ ਕਥਾ ਦਾ ਵੱਖਰਾ ਰੂਪਾਂਤਰ ਦਿਤਾ ਹੈ, ਜੋ ਉਸ ਨੇ ਇਸ ਇਲਾਕੇ ਦੇ ਲੋਕਾਂ ਤੋਂ ਸੁਣਿਆ :– ਇਕ ਸਮੇਂ ਇਸ ਇਲਾਕੇ ਵਿਚ ਰਾਜਾ ਸਿਰਕਪ ਰਾਜ ਕਰਦਾ ਸੀ। ਰਾਜਾ ਸਿਰਕਪ ਮਾਸ ਦਾ ਬੜਾ ਸ਼ੌਕੀਨ ਸੀ ਤੇ ਇਕ ਪੂਰਾ ਬਕਰਾ ਰੋਜ਼ ਡਕਾਰ ਜਾਂਦਾ। ਇਕ ਦਿਨ ਜਦੋਂ ਬਕਰਾ ਕਿਧਰੋਂ ਨਾ ਮਿਲਿਆ, ਤਾਂ ਉਸ ਦੇ ਰਸੋਈਏ ਨੇ ਇਕ ਬਾਲਕ ਦਾ ਮਾਸ ਭੁੰਨ ਕੇ ਰਾਜੇ ਨੂੰ ਖਾਣ ਲਈ ਦਿਤਾ। ਰਾਜੇ ਨੂੰ ਉਹ ਮਾਸ ਬਹੁਤ ਹੀ ਸਵਾਦਲਾ ਲੱਗਾ। ਜਦੋਂ ਉਸ ਨੇ ਰਸੋਈਏ ਤੋਂ ਪੁਛਿਆ ਤਾਂ ਉਸ ਨੇ ਸੱਚੀ ਗੱਲ ਦਸ ਦਿਤੀ। ਰਾਜੇ ਨੇ ਅੱਗੇ ਤੋਂ ਰੋਜ਼ ਇਕ ਬਾਲਕ ਨੂੰ ਭੁੰਨ ਕੇ ਲਿਆਉਣ ਦਾ ਹੁਕਮ ਦਿਤਾ। ਹਰ ਰੋਜ਼ ਸ਼ਹਿਰ ਵਿਚੋਂ ਕਿਸੇ ਇਕ ਬਾਲਕ ਨੂੰ ਫੜ ਕੇ ਭੁੰਨਿਆ ਜਾਣ ਲੱਗਾ। ਅਖ਼ੀਰ ਇਕ ਵਿਧਵਾ ਬ੍ਰਾਹਮਣੀ ਦੇ ਬਾਲਕ ਦੀ ਵਾਰੀ ਆਈ। ਉਹ ਵਿਰਲਾਪ ਕਰਦੀ ਹੋਈ ਲੁਧਿਆਣੇ ਦੇ ਪੀਰ ਕੁਤਬ ਸ਼ਾਹ ਕੋਲ ਗਈ ਅਤੇ ਉਸ ਤੋਂ ਸਹਾਇਤਾ ਮੰਗੀ। ਕੁਤਬ ਸ਼ਾਹ ਨੇ ਆਪਣੇ ਮੁਰੀਦਾਂ ਦੀ ਮਦਦ ਨਾਲ ਸਿਰਕਪ ਨੂੰ ਮਾਰ ਦਿਤਾ।

ਅਸਲ ਵਿਚ ਰਾਜੇ ਸਿਰਕਪ ਸਬੰਧੀ ਦੰਦ-ਕਥਾਵਾਂ ਜਿਹਲਮ ਤੇ ਅਟਕ ਦਰਿਆ ਦੇ ਵਿਚਕਾਰਲੇ ਇਲਾਕੇ ਵਿਚ ਪ੍ਰਚਲਤ ਹਨ। ਕੁਤਬ ਸ਼ਾਹ ਅਵਾਣਾਂ ਦੇ ਵਡੇਰਿਆਂ ਵਿਚੋਂ ਸੀ, ਜੋ ਇਸ ਇਲਾਕੇ ਵਿਚ ਕਾਫ਼ੀ ਮਾਤਰਾ ਵਿਚ ਵਸਦੇ ਹਨ। ਸੰਭਵ ਹੈ ਕਿ ਪਛਮੀ ਪੰਜਾਬ ਵਿਚ ਅਵਾਣਾਂ ਦੇ, ਜੋ ਵਡੇਰੇ ਲੁਧਿਆਣੇ ਆ ਕੇ ਵਸੇ, ਉਹ ਆਪਣੇ ਨਾਲ ਹੀ ਸਿਰਕਪ ਦੀ ਕਥਾ ਵੀ ਇਥੇ ਲੈ ਆਏ ਤੇ ਉਹ ਕਥਾ ਵਿਕ੍ਰਿਤ ਹੋ ਕੇ ਸੁਨੇਤ ਨਾਲ ਜੁੜ ਗਈ।

## (ਸ-637) **ਸੁਪਨੇ** :

ਸੁਪਨਿਆਂ ਬਾਰੇ ਬੜੇ ਰੌਚਿਕ ਵਿਸ਼ਵਾਸ਼, ਮਨੌਤਾਂ ਤੇ ਭਰਮ ਵਹਿਮ ਪ੍ਰਚਲਤ ਹਨ। ਮੁਢ ਕਦੀਮ ਤੋਂ ਹੀ ਸੁਪਨੇ ਮਨੁਖੀ ਜੀਵਨ ਦਾ ਇਕ ਅਹਿਮ ਯਥਾਰਥ ਰਹੇ ਹਨ ਅਤੇ ਲੋਕ-ਮਨ ਹਮੇਸ਼ਾਂ ਸੁਪਨਿਆਂ ਨੂੰ ਇਕ ਰਹੱਸਮਈ ਦੈਵੀ ਸੱਚ ਮੰਨ ਕੇ ਉਨ੍ਹਾਂ ਦੇ ਯਥਾਰਥ ਨੂੰ ਸਮਝਣ ਦੇ ਯਤਨ ਕਰਦਾ ਰਿਹਾ ਹੈ।

ਆਦਿਮ ਮਨੁਖ ਸੁਪਨਿਆਂ ਨੂੰ ਆਤਮਾ ਦੇ ਭਰਮਣ ਨਾਲ ਜੋੜਦਾ ਰਿਹਾ ਹੈ। ਪੰਜਾਬੀਆਂ ਦੀ ਮੁਢ ਕਦੀਮ ਤੋਂ ਇਹ ਧਾਰਨਾ ਰਹੀ ਹੈ ਕਿ ਪ੍ਰਾਣੀ ਰਾਤ ਨੂੰ ਜਦੋਂ ਸੌਂਦਾ ਹੈ, ਤਾਂ ਉਸ ਦੀ ਰੂਹ ਦੇਹ ਨੂੰ ਤਿਆਗ ਕੇ ਭਰਮਣ ਕਰਨ ਲਈ ਨਿਕਲ ਤੁਰਦੀ ਹੈ। ਜਿਨ੍ਹਾਂ ਜਿਨ੍ਹਾਂ ਥਾਂਵਾਂ ਉਤੇ ਰੂਹ ਘੁੰਮਦੀ ਹੈ, ਜੋ ਜੋ ਦ੍ਰਿਸ਼ ਉਹ ਵੇਖਦੀ ਹੈ, ਉਹ ਸਭ ਸੁਪਨੇ ਦਾ ਰੂਪ ਧਾਰ ਕੇ ਫ਼ਿਲਮ ਵਾਂਗ ਪ੍ਰਾਣੀ ਦੀ ਦ੍ਰਿਸ਼ਟੀ ਅੱਗੇ ਫਿਰਦੇ ਰਹਿੰਦੇ ਹਨ। ਇਸੇ ਲਈ ਸੁਤੇ ਹੋਏ ਪ੍ਰਾਣੀ ਨੂੰ ਝਟਕੇ ਨਾਲ ਜਗਾਉਣਾ ਉਚਿਤ ਨਹੀਂ ਸਮਝਿਆ ਜਾਂਦਾ। ਹੋ ਸਕਦਾ ਹੈ ਕਿ ਉਸ ਪ੍ਰਾਣੀ ਦੀ ਰੂਹ ਕਿਧਰੇ ਬਹੁਤ ਦੂਰ ਭਰਮਣ ਕਰਨ ਵਾਸਤੇ ਗਈ ਹੋਵੇ ਅਤੇ ਉਥੋਂ ਛੇਤੀ ਪਰਤ ਕੇ ਨਾ ਆ ਸਕੇ, ਬੇਰੂਹੇ ਪ੍ਰਾਣੀ ਦੇ ਜਾਗਣ ਨਾਲ ਨਵੀਂ ਸੰਕਟ-ਸਥਿਤੀ ਪੈਦਾ ਹੋ ਸਕਦੀ ਹੈ। ਇਸ ਸੰਕਲਪ ਬਾਰੇ ਕਈ ਕਥਾਵਾਂ ਵੀ ਮਿਲਦੀਆਂ ਹਨ। ਇਹ ਸੰਕਲਪ ਬ੍ਰਿਹਦ ਆਰਣਯਕ ਉਪਨਿਸ਼ਦ ਵਿਚ ਇੰਨ ਬਿੰਨ ਇਸੇ ਰੂਪ ਵਿਚ ਮਿਲਦਾ ਹੈ। ਇਸੇ ਉਪਨਿਸ਼ਦ ਵਿਚ ਸੁਪਨਿਆਂ ਬਾਰੇ ਇਕ ਹੋਰ ਵੀ ਧਾਰਨਾ ਮਿਲਦੀ ਹੈ ਕਿ ਜਦੋਂ ਮਨੁਖ ਸੁਤਾ ਹੁੰਦਾ ਹੈ ਤਾਂ ਰੂਹ, ਸੰਸਾਰ ਤੋਂ ਕਈ ਤਰ੍ਹਾਂ ਦੀ ਸਾਮਗਰੀ ਲੈ ਕੇ, ਆਪਣੇ ਦੈਵੀ ਪ੍ਰਕਾਸ਼ ਦੁਆਰਾ, ਕੁਝ ਵਸਤੂਆਂ ਤੇ ਦ੍ਰਿਸ਼ਟਮਾਨਾਂ ਦੀ ਸਿਰਜਨਾ ਕਰਦੀ ਹੈ ਤੇ ਇਹੋ ਵਸਤੂਆਂ ਤੇ ਨਜ਼ਾਰੇ ਸੁਪਨੇ ਵਿਚ ਦ੍ਰਿਸ਼ਟੀ-ਗੋਚਰ ਹੁੰਦੇ ਹਨ।

ਮੁਸਲਮਾਨਾਂ ਦੀ ਧਾਰਨਾ ਹੈ ਕਿ ਚੰਗੇ ਸੁਪਨੇ ਅੱਲਾ ਵਲੋਂ ਆਉਂਦੇ ਹਨ ਅਤੇ ਭੈੜੇ ਸ਼ੈਤਾਨ ਵਲੋਂ, ਇਸ ਲਈ ਚੰਗੇ ਸੁਪਨੇ ਇਕ ਤਰ੍ਹਾਂ ਨਾਲ ਭਵਿਸ਼ਬਾਣੀ ਹਨ, ਪਰ ਭੈੜੇ ਸੁਪਨੇ ਸ਼ੈਤਾਨ ਦੀਆਂ ਧਮਕੀਆਂ। ਜਦੋਂ ਕਿਸੇ ਨੂੰ ਚੰਦਰਾ ਸੁਪਨਾ ਆਏ, ਤਾਂ ਉਹ ਜਾਗਦੇ ਸਾਰ ਤਿੰਨ ਵਾਰ ਖੱਬੇ ਮੋਢੇ ਉਤੋਂ ਦੀ ਥੁਕੇ ਅਤੇ ਤਿੰਨ ਵਾਰ ਅੱਲਾ ਕੋਲੋਂ

ਸ਼ੈਤਾਨ ਤੋਂ ਰੱਖਿਆ ਹਿੱਤ ਪਨਾਹ ਮੰਗੇ, ਅਤੇ ਫਿਰ ਜਿਸ ਪਾਸੇ ਵਲ ਲੇਟਿਆਂ ਹੋਇਆਂ ਉਹ ਸੁਪਨਾ ਆਇਆ ਹੋਵੇ, ਉਧਰੋਂ ਪਲਟ ਕੇ ਦੂਜੀ ਵੱਖੀ ਪਰਨੇ ਲੇਟੇ। ਮੁਸਲਮਾਨ ਇਸੇ ਨਿਸਚੇ ਅਨੁਸਾਰ ਅਮਲ ਕਰਦੇ ਹਨ । ਮੁਸਲਮਾਨ ਸੁਪਨੇ ਦੇ ਫਲ ਵਿਚ ਪੂਰਾ ਵਿਸ਼ਵਾਸ਼ ਰਖਦੇ ਹਨ ਅਤੇ ਕੁਰਾਨ ਵਿਚ ਸੂਰਤ ਯੂਸਫ਼ ਆਇਤ (36, 37, 102) ਵਿਚ ਸੁਪਨੇ ਦੇ ਫਲ ਦਾ ਵਰਨਣ ਹੈ।

ਗੁਰਮਤਿ ਅਨੁਸਾਰ ਸੁਪਨੇ ਭਰਮ ਭੁਲਾਵਾ ਅਥਵਾ ਮਨ ਦੀ ਮਾਇਆ ਹਨ। ਇਨ੍ਹਾਂ ਦਾ ਸ਼ੁਭ ਅਸ਼ੁਭ ਫਲ ਕੋਈ ਨਹੀਂ – 'ਸੁਪਨੇ ਸੇਤੀ ਚਿਤ ਮੂਰਖਿ ਲਾਇਆ' (ਵਾਰ ਜੈਤਸਰੀ, ਮਹਲਾ ੫)। ਗੁਰਮੁਖ ਸੁਪਨਿਆਂ ਦਾ ਭਰਮ ਨਹੀਂ ਕਰਦੇ, ਪਰ ਸਿੱਖਾਂ ਦੇ ਕਈ ਅਸਥਾਨ (ਬਾਉਲੀਆਂ) ਸੁਪਨਿਆਂ ਦੁਆਰਾ ਹੀ ਪ੍ਰਗਟ ਹੋਏ ਹਨ।

ਪ੍ਰਾਚੀਨ ਗ੍ਰੰਥਾਂ ਵਿਚ ਸੁਪਨਿਆਂ ਦੇ ਸ਼ੁਭ ਅਸ਼ੁਭ ਫਲ ਅਤੇ ਚੰਦਰੇ ਸੁਪਨਿਆਂ ਦੇ ਮੰਦੇ ਅਸਰ ਤੋਂ ਬਚਣ ਦੇ ਉਪਾਵਾਂ ਦਾ ਉਲੇਖ ਹੈ। ਰਿਗ ਵੇਦ ਅਤੇ ਅਥਰਵ ਵੇਦ ਦੀਆਂ ਕਈ ਰਿਚਾਂ ਵਿਚ ਚੰਦਰੇ ਸੁਪਨੇ ਦੀ ਤੁਲਨਾ ਦੁਖ ਦਲਿਦ੍ਰ ਤੇ ਸੰਕਟ ਨਾਲ ਕੀਤੀ ਗਈ ਹੈ ਅਤੇ ਉਸ ਤੋਂ ਮੁਕਤ ਹੋਣ ਦੇ ਉਪਾਅ ਦਸੇ ਗਏ ਹਨ। ਅਥਰਵ ਵੇਦ ਦੇ 33ਵੇਂ ਪ੍ਰਸਿਸ਼ਟ ਵਿਚ ਕੁਝ ਅਜਿਹੀਆਂ ਰਿਚਾਂ ਦੀ ਸੂਚੀ ਹੈ, ਜੋ ਚੰਦਰੇ ਸੁਪਨਿਆਂ ਦੇ ਮੰਦ-ਪ੍ਰਭਾਵ ਨੂੰ ਨਸ਼ਟ ਕਰਨ ਲਈ ਪੜ੍ਹਨੀਆਂ ਜ਼ਰੂਰੀ ਹਨ। ਐਤ੍ਰੇਯ ਆਰਣਯਕ ਅਨੁਸਾਰ ਜੇ ਕਿਸੇ ਨੂੰ ਚੰਦਰਾ ਸੁਪਨਾ ਆਇਆ ਹੋਵੇ, ਤਾਂ ਉਸ ਲਈ ਵਰਤ ਰਖਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਰਾਤ੍ਰੀ ਸੂਕਤ ਪੜ੍ਹਦਿਆਂ ਖੀਰ ਰਿੰਨ੍ਹ ਕੇ ਬ੍ਰਾਹਮਣਾਂ ਨੂੰ ਖਵਾਣੀ ਚਾਹੀਦੀ ਹੈ ਤੇ ਬਾਕੀ ਬਚੀ ਹੋਈ ਖੀਰ ਉਸ ਨੂੰ ਖ਼ੁਦ ਖਾ ਲੈਣੀ ਚਾਹੀਦੀ ਹੈ। ਗ੍ਰਹਿ ਸੂਤਰਾਂ ਵਿਚ ਵੀ ਚੰਦਰੇ ਸੁਪਨੇ ਦੇ ਮੰਦੇ ਅਸਰ ਤੋਂ ਬਚਣ ਵਾਸਤੇ ਕਈ ਉਪਾਅ ਦਰਜ ਹਨ, ਜਿਨ੍ਹਾਂ ਵਿਚੋਂ ਬਕਰੀ ਦੀ ਬਲੀ ਦੇਣ ਦਾ ਵੀ ਜ਼ਿਕਰ ਹੈ।

ਪ੍ਰਾਚੀਨ ਕਾਲ ਵਿਚ ਇਹ ਵੀ ਧਾਰਨਾ ਪ੍ਰਚਲਤ ਸੀ ਕਿ ਸੁਪਨੇ ਵਿਚ ਪ੍ਰਾਣੀ ਦੀ ਆਤਮਾ ਥਾਵਾਂ ਕੁਥਾਵਾਂ ਵਿਚ ਭਰਮਣ ਕਰਦੀ ਹੈ ਅਤੇ ਸੁਪਨੇ ਵਿਚ ਜੋ ਦ੍ਰਿਸ਼ਟਮਾਨ ਦ੍ਰਿਸ਼ਟੀਗੋਚਰ ਹੁੰਦੇ ਹਨ, ਉਨ੍ਹਾਂ ਨੂੰ ਭੋਗਦੀ ਤੇ ਅਨੁਭਵ ਕਰਦੀ ਹੈ। ਇਸ ਲਈ ਸੁਪਨਿਆਂ ਵਿਚ ਅਸ਼ੁਧ ਤੇ ਪਲੀਤ ਥਾਵਾਂ ਉਤੇ ਭਰਮਣ ਕਰਨ ਕਰ ਕੇ ਪ੍ਰਾਣੀ ਦੀ ਆਤਮਾ ਅਤੇ ਸਰੀਰ ਭ੍ਰਿਸ਼ਟ ਹੋ ਸਕਦਾ ਹੈ। ਇਸ ਲਈ ਵੈਦਿਕ ਗ੍ਰੰਥਾਂ ਵਿਚ ਸੁਪਨੇ ਦੇ ਮੰਦੇ ਪ੍ਰਭਾਵ ਨੂੰ ਕਿਸੇ ਦੂਜੀ ਵਸਤੂ ਵਿਚ ਪ੍ਰਵਿਰਤ ਕਰਨ ਅਤੇ ਸਰੀਰ ਦੀ ਸ਼ੁਧੀ ਲਈ ਵੀ ਉਪਾਅ ਦਿਤੇ ਮਿਲਦੇ ਹਨ। ਸ਼ਤਪਥ ਬ੍ਰਾਹਮਣ ਅਨੁਸਾਰ ਅਪਮਾਰਗ ਬੂਟੇ ਨਾਲ ਸੁਪਨੇ ਦੇ ਮੰਦੇ ਪ੍ਰਭਾਵ ਨੂੰ ਖੰਡਤ ਕੀਤਾ ਜਾ ਸਕਦਾ ਹੈ।

ਵੈਦਿਕ ਗ੍ਰੰਥਾਂ ਵਿਚ ਸੁਪਨੇ ਦੇ ਸ਼ੁਭ ਅਸ਼ੁਭ ਫਲ ਵਲ ਵੀ ਸੰਕੇਤ ਮਿਲਦੇ ਹਨ। ਰਿਗ ਵੇਦ (8,47,15) ਅਨੁਸਾਰ ਸੁਪਨੇ ਵਿਚ ਗਹਿਣਾ ਘੜਨਾ ਜਾਂ ਫੁੱਲਾਂ ਦਾ ਹਾਰ ਬੁਣਨਾ ਸ਼ੁਭ ਹੈ। ਛੰਦੋਗਯਾ ਉਪਨਿਸ਼ਦ (5,2,8) ਅਨੁਸਾਰ ਯੱਗ ਦੇ ਦਿਨੀਂ ਜੇ ਯੱਗ ਕਰਵਾਣ ਵਾਲਾ ਰਾਤ ਨੂੰ ਸੁਪਨੇ ਵਿਚ ਔਰਤ ਵੇਖੇ, ਤਾਂ ਯੱਗ ਸਫਲ ਹੁੰਦਾ ਅਤੇ ਕਾਮਨਾ ਪੂਰੀ ਹੁੰਦੀ ਹੈ।

ਐਤ੍ਰੇਯ ਆਰਣਯਕ (3,2,4) ਅਨੁਸਾਰ ਜੇ ਕੋਈ ਸ਼ਖ਼ਸ ਸੁਪਨੇ ਵਿਚ ਕਾਲੇ ਦੰਦਾਂ ਵਾਲਾ ਕਰੂਪ ਪ੍ਰਾਣੀ ਵੇਖੇ, ਜਾਂ ਸੂਰ ਉਸ ਉਤੇ ਹੱਲਾ ਬੋਲੇ, ਜੇ ਬੰਦਰ ਉਸ ਵਲ ਉਛਲ ਕੇ ਆਏ, ਜਾਂ ਝਖੜ ਉਸ ਨੂੰ ਉਡਾ ਕੇ ਦੂਰ ਲੈ ਜਾਵੇ, ਜੇ ਉਹ ਸੋਨਾ ਨਿਗਲ ਜਾਵੇ, ਜਾਂ ਸੁਪਨੇ ਵਿਚ ਉਹ ਲਾਲ ਫੁੱਲਾਂ ਦੀ ਮਾਲਾ ਪਹਿਨੇ ਇਤਿਆਦਿ, ਤਾਂ ਇਹ ਸਭ ਗੱਲਾਂ ਮੌਤ ਦਾ ਪੂਰਵ ਸੰਕੇਤ ਹਨ। ਵਾਲਮੀਕੀ ਰਾਮਾਇਣ (2,6) ਵਿਚ ਵੀ ਸੁਪਨਿਆਂ ਦੇ ਸ਼ੁਭ ਅਸ਼ੁਭ ਫਲਾਂ ਦਾ ਵੇਰਵੇ ਨਾਲ ਵਰਨਣ ਮਿਲਦਾ ਹੈ।

ਸੁਪਨਿਆਂ ਬਾਰੇ ਪੰਜਾਬੀਆਂ ਦੀਆਂ ਆਪਣੀਆਂ ਕੁਝ ਵੱਖਰੀਆਂ ਧਾਰਨਾਵਾਂ ਵੀ ਹਨ। ਧਾਰਨਾ ਹੈ ਕਿ ਸਰਘੀ ਵੇਲੇ ਆਇਆ ਸੁਪਨਾ ਹਮੇਸ਼ਾਂ ਸੱਚਾ ਨਿਕਲਦਾ ਹੈ ਤੇ ਉਸ ਵਿਚ ਵੇਖੀ ਸੁਣੀ ਘਟਨਾ ਜ਼ਰੂਰ ਵਾਪਰਦੀ ਹੈ, ਕਿਉਂ ਜੋ ਅੰਮ੍ਰਿਤ ਵੇਲੇ ਦੀ ਘੜੀ ਸੁੱਚੀ ਤੇ ਪਵਿੱਤਰ ਹੁੰਦੀ ਹੈ। ਰਾਤ ਦੇ ਪਹਿਲੇ ਪਹਿਰ ਆਇਆ

ਸੁਪਨਾ ਨਿਰਾ ਭਰਮ ਹੁੰਦਾ ਹੈ, ਉਹ ਕਦੇ ਸੱਚਾ ਸਿਧ ਨਹੀਂ ਹੁੰਦਾ। ਦੂਜੇ ਅਤੇ ਤੀਜੇ ਪਹਿਰ ਆਇਆ ਸੁਪਨਾ ਉਲਟੇ ਰੂਪ ਵਿਚ ਵਰਤਮਾਨ ਹੁੰਦਾ ਹੈ, ਭਾਵ ਜੋ ਕੁਝ ਸੁਣਿਆ ਵੇਖਿਆ ਹੋਵੇ ਉਸ ਤੋਂ ਉਲਟੀ ਗੱਲ ਵਾਪਰਦੀ ਹੈ। ਦੁਪਹਿਰ ਨੂੰ ਆਏ ਸੁਪਨੇ ਦਾ ਕੋਈ ਸ਼ੁਭ ਅਸ਼ੁਭ ਫਲ ਨਹੀਂ ਹੁੰਦਾ।

ਚੰਗਾ ਸੁਪਨਾ ਕਿਸੇ ਨੂੰ ਸੁਨਾਉਣਾ ਉਚਿਤ ਨਹੀਂ ਹੁੰਦਾ। ਉਸ ਦਾ ਫਲ ਦੂਜੇ ਨਾਲ ਵੰਡਿਆ ਜਾਂਦਾ ਹੈ। ਇਸੇ ਤਰ੍ਹਾਂ ਚੰਦਰਾ ਸੁਪਨਾ ਕਿਸੇ ਤੋਂ ਸੁਣਨਾ ਉਚਿਤ ਨਹੀਂ, ਉਸ ਦਾ ਅਸ਼ੁਭ ਫਲ ਅੰਸ਼ਿਕ ਮਾਤਰ ਸੁਣਨ ਵਾਲੇ ਨੂੰ ਵੀ ਭੋਗਣਾ ਪੈਂਦਾ ਹੈ।

ਸੁਪਨੇ ਵਿਚ ਹਰੇ ਜਾਂ ਚਿੱਟੇ ਰੰਗ ਦੀ ਵਸਤੂ ਵੇਖਣੀ, ਜਾਂ ਪਾਣੀ ਦਾ ਪ੍ਰਵਾਹ ਵੇਖਣਾ ਸ਼ੁਭ ਹੈ, ਪਰ ਕਾਲੇ ਜਾਂ ਲਾਲ ਰੰਗ ਦੀ ਚੀਜ਼ ਜਾਂ ਅੱਗ ਬਲਦੀ ਵੇਖਣੀ ਅਸ਼ੁਭ। ਸੁਪਨੇ ਵਿਚ ਜੇ ਸੱਪ ਵਿਖਾਈ ਦੇਵੇ, ਤਾਂ ਇਸ ਦਾ ਭਾਵ ਹੈ ਕਿ ਕੋਈ ਸੁੱਖਣਾ ਸੁਖ ਕੇ ਦਿਤੀ ਨਹੀਂ ਗਈ। ਸੁਪਨੇ ਵਿਚ ਕੋਈ ਖ਼ੁਸ਼ੀ ਵੇਖਣੀ ਜਾਂ ਨਾਚ ਰੰਗ ਵੇਖਣਾ ਅਸ਼ੁਭ ਹੈ; ਦੁਖ-ਸੰਕਟ ਦੇ ਆਉਣ ਦੀ ਚਿਤਾਵਨੀ ਹੈ। ਇਸ ਦੇ ਉਲਟ ਸੁਪਨੇ ਵਿਚ ਗ਼ਮ, ਦੁਖ ਤੇ ਮੁਸੀਬਤਾਂ ਵੇਖਣੀਆਂ ਸ਼ੁਭ ਹਨ; ਭਾਵ ਇਹ ਹੈ ਕਿ ਦੁਖ ਸੁਪਨੇ ਵਿਚ ਹੀ ਭੋਗ ਲਏ ਗਏ ਹਨ। ਸੁਪਨੇ ਵਿਚ ਜੇ ਤਾਂਬੇ ਜਾਂ ਲੋਹੇ ਦੇ ਸਿੱਕੇ ਲੱਭਣ ਜਾਂ ਕਿਸੇ ਸ਼ਖ਼ਸ ਤੋਂ ਲਏ ਜਾਣ ਤਾਂ ਇਹ ਕਿਰਿਆ ਅਸ਼ੁਭ ਹੈ, ਸਰੀਰ ਨੂੰ ਕੋਈ ਰੋਗ ਲੱਗਦਾ ਹੈ।

ਸੁਪਨੇ ਵਿਚ ਜੇ ਵਡੇ ਵਡੇਰਿਆਂ ਵਿਚੋਂ ਕਿਸੇ ਨਾਲ ਮਿਲਾਪ ਹੋ ਜਾਵੇ, ਤਾਂ ਉਨ੍ਹਾਂ ਨਮਿਤ ਪੁੰਨ ਦਾਨ ਕੀਤਾ ਜਾਂਦਾ ਹੈ। ਵਿਚਾਰ ਹੈ ਕਿ ਹਾਲਾਂ ਉਸ ਦੀ ਗਤੀ ਨਹੀਂ ਹੋਈ ਅਤੇ ਰੂਹ ਭਟਕਦੀ ਫਿਰਦੀ ਹੈ। ਸੁਪਨੇ ਵਿਚ ਕੋਈ ਮਰਿਆ ਬੰਦਾ ਹੱਥੋਂ ਕੁਝ ਦੇ ਜਾਵੇ, ਤਾਂ ਸ਼ੁਭ ਹੈ, ਧਨ ਦੌਲਤ ਵਿਚ ਵਾਧਾ ਹੁੰਦਾ ਹੈ। ਪਰ ਜੇ ਉਹ ਕੁਝ ਲੈ ਜਾਵੇ ਤਾਂ ਅਸ਼ੁਭ; ਘਰ ਵਿਚ ਧਨ ਦਾ ਘਾਟਾ ਤੇ ਦੁਖ ਦਲਿਦ੍ਰ ਦਾ ਵਾਧਾ ਹੁੰਦਾ ਹੈ। ਸੁਪਨੇ ਵਿਚ ਜੇ ਕੋਈ ਜਿਉਂਦਾ ਆਦਮੀ ਮਰ ਜਾਵੇ, ਤਾਂ ਉਸ ਦੀ ਉਮਰ ਲੰਮੀ ਹੁੰਦੀ ਹੈ, ਇਸ ਦੇ ਉਲਟ ਜੇ ਕਿਸੇ ਪ੍ਰਾਣੀ ਦਾ ਵਿਆਹ ਵੇਖਿਆ ਜਾਵੇ, ਤਾਂ ਉਸ ਉਤੇ ਸੰਕਟ ਅਤੇ ਗ੍ਰਹਿ ਆਉਂਦੇ ਹਨ।

ਗਲਾਸਰੀ (1,235) ਅਨੁਸਾਰ ਜੇ ਕੋਈ ਮਰਿਆ ਹੋਇਆ ਰਿਸ਼ਤੇਦਾਰ ਸੁਪਨੇ ਵਿਚ ਆ ਕੇ ਦਸੇ ਕਿ ਅਮੁਕੇ ਦਿਨ ਫਲਾਣੇ ਸ਼ਖ਼ਸ ਦੀ ਮ੍ਰਿਤੂ ਹੋਣੀ ਹੈ, ਤਾਂ ਉਸ ਸੁਪਨੇ ਦੇ ਚੰਦਰੇ ਅਸਰ ਤੋਂ ਬਚਣ ਲਈ ਕਈ ਉਪਾਅ ਕੀਤੇ ਜਾਂਦੇ ਹਨ। ਦੱਸੀ ਗਈ ਤਾਰੀਖ ਨੂੰ ਚੇਲਾ ਸਦਿਆ ਜਾਂਦਾ ਹੈ, ਜੋ ਖੇਡਦਾ ਹੈ ਅਤੇ ਸਾਕ ਸਬੰਧੀ ਉਸ ਵਿਸ਼ੇਸ਼ ਘੜੀ ਨੂੰ ਟਾਲਣ ਲਈ, ਉਸ ਸ਼ਖ਼ਸ ਦਾ ਧਿਆਨ ਦੂਜੇ ਪਾਸੇ ਲਗਾਈ ਰਖਦੇ ਹਨ। ਗਲਾਸਰੀ (ਉਹੀ) ਅਨੁਸਾਰ ਜੇ ਸੁਪਨੇ ਵਿਚ ਕੋਈ ਕੁੱਤਾ ਕੱਟਣ ਲਈ ਦੌੜੇ, ਤਾਂ ਗ੍ਰਹਿ ਚੜ੍ਹਦਾ ਹੈ। ਸੁਪਨੇ ਵਿਚ ਹਾਥੀ ਵੇਖਣ ਦਾ ਭਾਵ ਹੈ ਕਿ ਗਣੇਸ਼ ਦੇਵਤਾ ਕਿਸੇ ਗੱਲੋਂ ਗ਼ੁਸੇ ਹੈ ਤੇ ਉਸ ਨੂੰ ਪਤਿਆਣ ਲਈ ਉਸ ਦੀ ਪੂਜਾ ਅਰਚਾ ਕਰਨੀ ਉਚਿਤ ਹੈ। ਜੇ ਸੁਪਨੇ ਵਿਚ ਕੋਈ ਛੋਟਾ ਬੱਚਾ ਖ਼ੁਸ਼ਗਵਾਰ ਗੱਲਾਂ ਕਰੇ, ਤਾਂ ਕਾਲੀ ਦੇਵੀ ਦੀ ਬਖ਼ਸ਼ਿਸ਼ ਹੁੰਦੀ ਹੈ, ਪਰ ਜੇ ਨਾ-ਖ਼ੁਸ਼ਗਵਾਰ ਗੱਲਾਂ ਆਖੇ, ਤਾਂ ਕਾਲੀ ਨੂੰ ਪਤਿਆਣ ਦੀ ਲੋੜ ਹੈ। ਜੇ ਸੁਪਨੇ ਵਿਚ ਬਾਲਕ ਵਿਖਾਈ ਦੇਵੇ, ਤਾਂ ਇਹ ਮਹਾਦੇਵ ਦਾ ਬੋਧਿਕ ਹੈ। ਜੇ ਸੱਪ ਸੁਪਨੇ ਵਿਚ ਕੱਟਣ ਲਈ ਆਵੇ ਤਾਂ ਬਦਸ਼ਗਨੀ ਹੈ।

ਸੁਪਨੇ ਵਿਚ ਪਾਣੀ ਵੇਖਣਾ ਸ਼ੁਭ ਹੈ, ਪਰ ਜੇ ਨਦੀ ਪਾਰ ਕਰਨੀ ਪਏ, ਤਾਂ ਇਹ ਕਿਸੇ ਸੰਕਟ ਦਾ ਸੰਕੇਤ ਹੈ। ਜੇ ਕੋਈ ਸ਼ਖ਼ਸ ਸੁਪਨੇ ਵਿਚ ਨਦੀ ਨੂੰ ਤਰ ਕੇ ਪਾਰਲੇ ਕੰਢੇ ਜਾ ਪੁਜੇ ਤਾਂ ਇਹ ਸ਼ੁਭ ਸ਼ਗਨ ਹੈ,ਉਸ ਸ਼ਖ਼ਸ ਦਾ ਲੰਮੀ ਬੀਮਾਰੀ ਜਾਂ ਕਿਸੇ ਹੋਰ ਸੰਕਟ ਤੋਂ ਛੁਟਕਾਰਾ ਹੁੰਦਾ ਹੈ।

ਗਲਾਸਰੀ (ਉਹੀ) ਅਨੁਸਾਰ ਜੇ ਕੋਈ ਸ਼ਖ਼ਸ ਸੁਪਨੇ ਵਿਚ ਆਪਣੇ ਆਪ ਨੂੰ ਊਠ, ਖੋਤੇ ਜਾਂ ਬਲਦ ਉਤੇ ਚੜ੍ਹਿਆ ਵੇਖੇ ਤਾਂ ਇਸ ਦਾ ਭਾਵ ਹੈ ਕਿ ਉਸ ਦੀ ਮੌਤ ਛੇਤੀ ਹੀ ਹੋ ਜਾਵੇਗੀ, ਇਸੇ ਤਰ੍ਹਾਂ ਜੇ ਕੋਈ ਸੁਪਨੇ ਵਿਚ ਫਲ ਤੋੜਨ ਲਈ ਦਰੱਖ਼ਤ ਉਤੇ ਚੜ੍ਹੇ, ਤਾਂ ਇਹ ਮੌਤ ਦੀ ਸੂਚਨਾ ਹੈ, ਕਿਉਂ ਜੋ ਪਹਿਲਿਆਂ ਵਿਚ ਦੇਹ ਦਾ ਦਾਹ-ਸੰਸਕਾਰ ਕਰਨ ਮਗਰੋਂ ਉਸ ਦੇ ਫੁਲ ਤੇ ਮੰਗਲ ਦਰੱਖ਼ਤ ਉਤੇ ਲਟਕਾ ਦਿਤੇ ਜਾਂਦੇ ਸਨ।

ਸੁਪਨੇ ਵਿਚ ਕੱਚੇ ਮਾਸ ਦੀਆਂ ਬੋਟੀਆਂ ਵੇਖਣ ਦਾ ਭਾਵ ਕੋਈ ਰੋਗ ਗ੍ਰਹਿਣ ਕਰਨਾ ਹੈ ਤੇ ਪਹਾੜ ਤੋਂ ਡਿਗਣਾ ਕਿਸੇ ਸੰਕਟ ਦਾ ਸੂਚਕ ਹੈ। ਸੁਪਨੇ ਵਿਚ ਖ਼ੁਸ਼ ਹੋਣਾ, ਨੱਚਣਾ, ਟੱਪਣਾ ਤੇ ਗਾਣਾ ਅਸ਼ੁਭ ਹੈ; ਇਸ ਦਾ ਭਾਵ ਹੈ ਕਿ ਖ਼ੁਸ਼ੀ ਤਾਂ ਸੁਪਨੇ ਵਿਚ ਹੀ ਭੋਗ ਲਈ ਗਈ ਹੈ ਅਤੇ ਹੁਣ ਘਰ ਵਿਚ ਕੋਈ ਦੁਖ ਆਵੇਗਾ। ਸੁਪਨੇ ਵਿਚ ਧੂੰਆਂ ਵੇਖਣਾ, ਚਿਕੜ ਜਾਂ ਗੰਦੇ ਪਾਣੀ ਵਿਚੋਂ ਦੀ ਲੰਘਣਾ ਵੀ ਦੁਖ ਦਲਿਦ੍ਰ ਦਾ ਸੰਕੇਤ ਹੈ। ਖ਼ੁਸ਼ਕ ਤਲਾਬ ਅਥਵਾ ਸੁਕੀ ਹੋਈ ਨਦੀ ਵੇਖਣ ਨਾਲ ਵਪਾਰ ਵਿਚ ਘਾਟੇ ਪੈਂਦੇ ਅਥਵਾ ਘਰ ਵਿਚ ਭੁਖ ਨੰਗ ਵਧਦੀ ਹੈ। ਪਰ ਜੇ ਕੋਈ ਸ਼ਖ਼ਸ ਸੁਪਨੇ ਵਿਚ ਪਹਾੜ ਦੀ ਚੋਟੀ ਉਤੇ ਚੜ੍ਹ ਜਾਵੇ, ਤਾਂ ਨਫ਼ਾ ਜਾਂ ਤਰੱਕੀ ਹੁੰਦੀ ਹੈ। ਇਸੇ ਤਰ੍ਹਾਂ ਸੁਪਨੇ ਵਿਚ ਹਾਥੀ ਜਾਂ ਚਿੱਟੇ ਘੋੜੇ ਦੀ ਸਵਾਰੀ ਕਰਨ ਦਾ ਭਾਵ ਨੌਕਰੀ ਵਿਚ ਤਰੱਕੀ ਮਿਲਣੀ ਹੈ। ਜੇ ਸੁਪਨੇ ਵਿਚ ਕੋਈ ਸ਼ਖ਼ਸ ਆਪਣੇ ਆਪ ਨੂੰ ਬੰਦੀਖ਼ਾਨੇ ਵਿਚ ਕੈਦ ਵੇਖੇ, ਤਾਂ ਉਹਨੂੰ ਛੇਤੀ ਹੀ ਕੋਈ ਉਚਾ ਅਹੁਦਾ ਪ੍ਰਾਪਤ ਹੁੰਦਾ ਹੈ। ਜੇ ਸੁਪਨੇ ਵਿਚ ਕਿਸੇ ਸ਼ਖ਼ਸ ਨੂੰ ਫਾਂਸੀ ਮਿਲੇ ਜਾਂ ਉਹ ਸੂਰਜ ਅਥਵਾ ਚੰਨ ਨੂੰ ਚੜ੍ਹਦਾ ਵੇਖੇ, ਤਾਂ ਉਹ ਛੇਤੀ ਬਾਦਸ਼ਾਹ ਬਣ ਜਾਂਦਾ ਹੈ।

ਜੇ ਕੋਈ ਸ਼ਖ਼ਸ ਸੁਪਨੇ ਵਿਚ ਸੱਪ ਜਾਂ ਬਿਛੂ ਖਬੇ ਪਾਸੇ ਵੇਖੇ, ਤਾਂ ਇਹ ਕਿਸੇ ਤਰ੍ਹਾਂ ਦੇ ਨੁਕਸਾਨ ਜਾਂ ਰੋਗ ਦਾ ਸੰਕੇਤ ਹੈ। ਇਸੇ ਤਰ੍ਹਾਂ ਸੁਪਨੇ ਵਿਚ ਸਵਾਹ, ਕੰਡੇ ਜਾਂ ਹੱਡੀਆਂ ਵੇਖਣੀਆਂ ਚੰਗੀਆਂ ਨਹੀਂ ਹੁੰਦੀਆਂ। ਜੇ ਸੁਪਨੇ ਵਿਚ ਸੜਕ ਵਿਖਾਈ ਦੇਵੇ, ਤਾਂ ਇਸ ਦਾ ਭਾਵ ਹੈ ਕਿ ਸੁਪਨਾ ਵੇਖਣ ਵਾਲੇ ਨੂੰ ਅਚਾਨਕ ਸਫ਼ਰ ਉਤੇ ਜਾਣਾ ਪਏਗਾ।

ਸੁਪਨੇ ਦੁਆਰਾ ਕਈ ਪੁਰਾਣੇ ਖ਼ਜ਼ਾਨੇ ਲਭੇ ਗਏ ਤੇ ਸਿਮਰਤੀਆਂ ਉਜਾਗਰ ਹੋਈਆਂ ਹਨ। ਗੁਰੂ ਸਾਹਿਬਾਨ ਨਾਲ ਸੰਬੰਧਿਤ ਕਈ ਬਾਉਲੀਆਂ, ਜੋ ਮੀਰ ਮੰਨੂੰ ਦੇ ਸਮੇਂ ਪੂਰ ਦਿਤੀਆਂ ਗਈਆਂ ਸਨ, ਸੁਪਨਿਆਂ ਦੁਆਰਾ ਮਗਰੋਂ ਪ੍ਰਕਾਸ਼ ਵਿਚ ਆਈਆਂ ਹਨ। ਲਾਹੌਰ ਡੱਬੀ ਬਾਜ਼ਾਰ ਵਿਚ ਸੁਨਹਿਰੀ ਮਸਜਦ ਦੇ ਕੋਲ ਇਕ ਬਾਉਲੀ ਹੈ, ਜੋ ਸੁਪਨੇ ਦੁਆਰਾ ਪ੍ਰਗਟ ਹੋਈ। ਮਹਾਰਾਜਾ ਰਣਜੀਤ ਸਿੰਘ ਨੇ ਸੁਪਨੇ ਵਿਚ ਵੇਖਿਆ ਕਿ ਕੋਈ ਆਦਮੀ ਕਹਿ ਰਿਹਾ ਹੈ ਕਿ "ਸੁਨਹਿਰੀ ਮਸਜਦ ਦੇ ਕੋਲ, ਬਜ਼ਾਰ ਦੇ ਹੇਠਾਂ ਗੁਰੂ ਦੀ ਬਾਉਲੀ ਦੱਬੀ ਪਈ ਹੈ।" ਸਵੇਰੇ ਮਹਾਰਾਜੇ ਨੇ ਉਥੋਂ ਧਰਤੀ ਪੁਟਵਾਈ, ਤਾਂ ਹੇਠੋਂ ਬਾਉਲੀ ਬਰਾਮਦ ਹੋਈ। ਮਹਾਰਾਜੇ ਨੇ ਉਸ ਅਸਥਾਨ ਨੂੰ ਮੁਰੰਮਤ ਕਰਵਾ ਕੇ ਉਸ ਬਾਉਲੀ ਦੇ ਨਾਲ ਗੁਰਦੁਆਰਾ ਤੇ ਧਰਮਸਾਲਾ ਬਣਵਾਈ (ਸੈਰ-ਇ-ਪੰਜਾਬ, 80)। ਇਸੇ ਤਰ੍ਹਾਂ ਅੰਬਾਲਾ ਸ਼ਹਿਰ ਵਿਚ ਵੀ ਗੁਰੂ-ਸਿਮਰਤੀ ਨਾਲ ਸੰਬੰਧਿਤ ਬਾਉਲੀ ਦਾ ਵੀ ਸੁਪਨੇ ਦੁਆਰਾ ਪਤਾ ਚਲਿਆ ਅਤੇ ਉਥੇ ਦੇਸ਼ ਵੰਡ ਤੋਂ ਬਾਅਦ ਹੀ ਗੁਰਦੁਆਰਾ ਉਸਾਰਿਆ ਗਿਆ ਹੈ।

ਚੰਗੇ-ਮੰਦੇ ਸੁਪਨਿਆਂ ਦਾ ਸੰਬੰਧ ਖਾਣ ਪੀਣ ਦੀਆਂ ਵਸਤੂਆਂ ਨਾਲ ਵੀ ਜੋੜਿਆ ਜਾਂਦਾ ਹੈ। ਧਾਰਨਾ ਹੈ ਕਿ ਰਾਤ ਨੂੰ ਦੁੱਧ ਪੀ ਕੇ ਸੌਣ ਨਾਲ ਚੰਦਰੇ ਸੁਪਨੇ ਆਉਂਦੇ ਹਨ। ਇਸ ਲਈ ਜੇ ਰਾਤ ਨੂੰ ਸੌਣ ਵੇਲੇ ਦੁੱਧ ਪੀਤਾ ਜਾਵੇ, ਤਾਂ ਉਸ ਤੋਂ ਬਾਅਦ ਚੁਲੀ ਕਰ ਲੈਣੀ ਚਾਹੀਦੀ ਹੈ। ਇਸ ਦੇ ਉਲਟ ਫਲ ਖਾ ਕੇ, ਸੌਣ ਵਾਲੇ ਨੂੰ ਚੰਗੇ ਸੁਪਨੇ ਆਉਂਦੇ ਹਨ।

## (ਸ-638) **ਸੁਪਨੇ ਵਿਚ ਮੋਹਿਤ ਹੋਣਾ** :

ਲੋਕ-ਕਹਾਣੀਆਂ ਦੀ ਇਕ ਪ੍ਰਸਿਧ ਕਥਾਨਿਕ ਰੂੜ੍ਹੀ। ਕਈ ਕਿੱਸੇ ਕਹਾਣੀਆਂ ਵਿਚ ਨਾਇਕ ਜਾਂ ਨਾਇਕਾ ਸੁਪਨੇ ਵਿਚ ਇਕ ਦੂਜੇ ਨੂੰ ਵੇਖ ਕੇ ਮੋਹਿਤ ਹੋ ਜਾਂਦੇ ਹਨ। ਦਮੋਦਰ ਅਨੁਸਾਰ ਹੀਰ ਨੇ ਰਾਂਝੇ ਨੂੰ ਪਹਿਲੀ ਵਾਰ ਸੁਪਨੇ ਵਿਚ ਵੇਖਿਆ ਸੀ ਅਤੇ ਪੰਜ ਪੀਰ ਸੁਪਨੇ ਵਿਚ ਰਾਂਝੇ ਨੂੰ ਹੀਰ ਦੇ ਪੱਲੇ ਪਾ ਗਏ ਸਨ :

ਤਾਂ ਸੁਪਨੇ ਵਿਚ ਪੰਜ ਪੀਰ ਗਏ,
ਹੀਰ ਨੂੰ ਸੁਖਨ ਸੁਣਾਇਆ।
ਸੁਣ ਕੁੜੀਏ ਏਹੁ ਗੱਲ ਅਸਾਡੀ,
ਤੈਂਡੇ ਪੱਲੇ ਧੀਦੋ ਪਾਇਆ।

ਇਹੋ ਗੱਲ ਸੱਸੀ ਬਾਰੇ ਪ੍ਰਚਲਤ ਹੈ। ਹਾਸ਼ਮ ਅਨੁਸਾਰ ਸੱਸੀ ਨੇ ਪੁੰਨੂੰ ਨੂੰ ਪਹਿਲੀ ਵਾਰ ਖ਼ਵਾਬ ਵਿਚ ਹੀ ਵੇਖਿਆ ਸੀ। ਇਹ ਕਥਾਨਿਕ ਰੂੜ੍ਹੀ ਪੌਰਾਣਿਕ ਹੈ। ਊਸ਼ਾ ਅਨਿਰੁਧ ਦੀ ਕਥਾ ਵਿਚ ਊਸ਼ਾ ਦੇ ਪ੍ਰੇਮ ਦਾ ਉਦੈ ਅਨਿਰੁੱਧ ਦੀ ਸੁਪਨੇ ਵਿਚ

ਵੇਖੀ ਸੂਰਤ ਤੋਂ ਹੀ ਹੋਇਆ ਸੀ (ਵੇਖੋ : ਊਸ਼ਾ)। ਇਸੇ ਤਰ੍ਹਾਂ ਜ਼ੁਲੇਖਾਂ ਯੂਸਫ਼ ਨੂੰ ਸੁਪਨੇ ਵਿਚ ਹੀ ਵੇਖ ਕੇ ਪ੍ਰੇਮ ਕਰਨ ਲੱਗ ਪਈ ਸੀ।

(ਸ-639) **ਸੁਬਾਹ** :

ਇਕ ਅਸੁਰ ਜੋ ਮਰੀਚ ਦਾ ਭਰਾ ਸੀ। ਵਿਸ਼ਵਾਮਿਤ੍ਰ ਦਾ ਯੱਗ ਖੰਡਿਤ ਕਰਨ ਦੇ ਦੋਸ਼ ਵਿਚ ਰਾਮਚੰਦਰ ਨੇ ਸੁਬਾਹ ਨੂੰ ਮਾਰ ਦਿਤਾ ਸੀ।

(ਸ-640) **ਸੁਬੁਧ** :

ਰਾਜੇ ਚਿਤ੍ਰ ਸਿੰਘ ਦਾ ਇਕ ਮੰਤ੍ਰੀ, ਜਿਸ ਦਾ ਜ਼ਿਕਰ ਦਸਮ ਗ੍ਰੰਥ ਦੇ 405ਵੇਂ ਪਾਖਯਾਨ ਚਰਿਤ੍ਰ ਵਿਚ ਆਉਂਦਾ ਹੈ। ਚਰਿਤ੍ਰ ਦੀਆਂ ਸਾਰੀਆਂ ਕਥਾਵਾਂ 'ਮੰਤ੍ਰੀ-ਭੂਪ ਸੰਬਾਦ' ਦੇ ਰੂਪ ਵਿਚ ਪੇਸ਼ ਕੀਤੀਆਂ ਗਈਆਂ ਹਨ। ਸੁਬੁਧ ਮੰਤ੍ਰੀ ਇਸਤ੍ਰੀ ਦੇ ਚਰਿਤ੍ਰ ਤੇ ਛਲ ਫ਼ਰੇਬ ਬਾਰੇ ਕਥਾਵਾਂ ਸੁਣਾ ਕੇ, ਰਾਜੇ ਨੂੰ ਤੀਵੀਂ ਦੇ ਕਪਟ ਜਾਲ ਤੋਂ ਸੁਚੇਤ ਕਰਦਾ ਹੈ। ਇਹ ਪੈਟਰਨ 'ਪੰਜ ਤੰਤ੍ਰ' ਤੇ 'ਹਿਤ ਉਪਦੇਸ਼' ਦੀਆਂ ਕਥਾਵਾਂ ਤੋਂ ਅਪਣਾਇਆ ਗਿਆ ਹੈ। ਇਥੇ ਸੁਬੁਧ ਲੋਕ-ਸਿਮਰਤੀ ਦਾ ਮਾਨਵੀਕਰਣ ਹੈ, ਕਿਉਂ ਜੋ ਇਹ ਕਥਾਵਾਂ ਮਧਕਾਲ ਵਿਚ ਲੋਕ-ਸਿਮਰਤੀ ਦਾ ਅੰਗ ਸਨ।

(ਸ-641) **ਸ਼ੁਭ** :

ਹਿੰਦੂ ਧਾਰਨਾ ਅਨੁਸਾਰ ਉਹ ਸਮਾਂ, ਨਿਮੱਖ, ਤਿੱਥ, ਘੜੀ ਜਾਂ ਗ੍ਰਹਿਆਂ ਦੀ ਸਥਿਤੀ; ਸੰਜੋਗ ਜਾਂ ਪ੍ਰਕ੍ਰਿਤੀ ਦੇ ਚਿੰਨ੍ਹ ਤੇ ਦ੍ਰਿਸ਼ਟਮਾਨ ਆਦਿ ਜੋ ਕਿਸੇ ਕੰਮ, ਸੰਸਕਾਰ ਤੇ ਮੰਗਲ ਕਾਰਜ ਲਈ ਫਲਦਾਇਕ ਹੋਣ। ਹਿੰਦੂਆਂ ਅਨੁਸਾਰ ਕੁਝ ਵਾਰ, ਤਿਥਾਂ, ਮਹੀਨੇ ਸ਼ੁਭ ਹਨ ਅਤੇ ਕਈ ਅਸ਼ੁਭ। ਇਸੇ ਤਰ੍ਹਾਂ ਤਾਰਿਆਂ, ਗ੍ਰਹਿਆਂ ਤੇ ਨਛੱਤ੍ਰਾਂ ਦੇ ਕੁਝ ਸੰਜੋਗ ਸ਼ੁਭ ਮੰਨੇ ਗਏ ਹਨ, ਪਰ ਕੁਝ ਅਸ਼ੁਭ। ਲੋਕ-ਮਨ ਅਨੁਸਾਰ ਇਨ੍ਹਾਂ ਦੀ ਸ਼ੁਭਤਾ ਤੇ ਅਸ਼ੁਭਤਾ ਦਾ ਪ੍ਰਭਾਵ ਸਹਿਜ ਰੂਪ ਵਿਚ ਹੀ ਉਸ ਕਾਰਜ ਉਤੇ ਪੈਂਦਾ ਹੈ, ਜੋ ਉਸ ਸੰਜੋਗ ਸਥਿਤੀ ਸਮੇਂ ਕੀਤੇ ਜਾਂਦੇ ਹਨ। ਇਸ ਲਈ ਹਿੰਦੂ ਕਿਸੇ ਕੰਮ ਦੇ ਆਰੰਭ ਵੇਲੇ ਜਾਂ ਤਾਲ ਮਕਾਨ ਦੀ ਖੁਦਾਈ ਸਮੇਂ ਜਾਂ ਵਿਆਹ ਤੇ ਹੋਰ ਸੰਸਕਾਰਾਂ ਸਮੇਂ ਪਾਂਧੇ ਤੋਂ ਮਹੂਰਤ ਕਢਵਾ ਕੇ ਸ਼ੁਭ ਸਮਾਂ ਜਾਣ ਲੈਂਦੇ ਹਨ (ਵੇਖੋ : ਅਸ਼ੁਭ)।

(ਸ-642) **ਸੁੰਭ ਤੇ ਨਿਸੁੰਭ** :

ਦੋ ਅਸੁਰ ਭਰਾ ਜੋ ਕਸ਼ਯਪ ਦੇ ਵੀਰਜ ਤੋਂ, ਦਨੁ ਦੇ ਉਦਰ 'ਚੋਂ ਪੈਦਾ ਹੋਏ। ਇਨ੍ਹਾਂ ਦੋਹਾਂ ਦਾ ਪੌਰਾਣਿਕ ਜੀਵਨ ਮਾਰਕੰਡੇ ਪੁਰਾਣ ਦੀ ਦੁਰਗਾ ਸਪਤਸ਼ਤੀ ਵਿਚ ਵੇਰਵੇ ਨਾਲ ਮਿਲਦਾ ਹੈ। ਇਹ ਦੋਵੇਂ ਭਰਾ ਸ਼ਿਵਜੀ ਦੇ ਪਰਮ ਭਗਤ ਸਨ ਅਤੇ ਇਨ੍ਹਾਂ ਨੇ ਅਮਰ ਪਦਵੀ ਪ੍ਰਾਪਤ ਕਰਨ ਦੇ ਵਿਚਾਰ ਨਾਲ ਪੰਜ ਹਜ਼ਾਰ ਵਰ੍ਹੇ ਸ਼ਿਵ ਦੀ ਘੋਰ ਅਰਾਧਨਾ ਕੀਤੀ, ਪਰ ਸ਼ਿਵ ਜੀ ਫਿਰ ਵੀ ਨਾ ਪਸੀਜੇ। ਤਾਂ ਇਨ੍ਹਾਂ ਨੇ ਅੱਠ ਸੌ ਵਰ੍ਹੇ ਹੋਰ ਕਠਨ ਤੱਪ ਕੀਤੇ। ਇਨ੍ਹਾਂ ਦੀ ਵਧਦੀ ਸ਼ਕਤੀ ਨੂੰ ਵੇਖ ਕੇ ਦੇਵਤੇ ਘਬਰਾ ਗਏ। ਇੰਦਰ ਨੇ ਆਪਣਾ ਆਸਨ ਡੋਲਦਾ ਵੇਖ ਕੇ ਕਾਮਦੇਵ ਨੂੰ ਰੰਭਾ ਅਤੇ ਤਿਲੋਤਮਾ ਨਾਂ ਦੀਆਂ ਅਪੱਛਰਾਂ ਸਮੇਤ ਇਨ੍ਹਾਂ ਦੋਹਾਂ ਦਾ ਤਪ ਖੰਡਿਤ ਕਰਨ ਲਈ ਭੇਜਿਆ, ਜਿਸ ਵਿਚ ਕਾਮਦੇਵ ਨੂੰ ਸਫਲਤਾ ਪ੍ਰਾਪਤ ਹੋਈ। ਦੋਵੇਂ ਅਸੁਰ ਪੰਜ ਹਜ਼ਾਰ ਵਰ੍ਹੇ ਅਪੱਛਰਾਂ ਨਾਲ ਵਿਸ਼ੇ ਭੋਗਾਂ ਵਿਚ ਲੀਨ ਰਹੇ। ਜਦੋਂ ਉਨ੍ਹਾਂ ਦਾ ਮਨ ਵਿਲਾਸੀ ਜੀਵਨ ਤੋਂ ਅੱਕ ਗਿਆ ਤਾਂ ਦੋਵੇਂ ਭਰਾ ਅਪੱਛਰਾਂ ਨੂੰ ਤਿਆਗ ਕੇ ਮੁੜ ਤਪੱਸਿਆ ਵਿਚ ਜੁਟ ਗਏ। ਇਕ ਹਜ਼ਾਰ ਵਰ੍ਹੇ ਦੀ ਘੋਰ ਤਪੱਸਿਆ ਮਗਰੋਂ ਸੁੰਭ ਤੇ ਨਿਸੁੰਭ ਨੇ ਸ਼ਿਵ ਤੋਂ ਇਹ ਵਰ ਪ੍ਰਾਪਤ ਕਰ ਲਿਆ ਕਿ ਉਹ ਦੋਵੇਂ ਸਮ੍ਰਿਧੀ ਤੇ ਬਲ ਵਿਚ ਦੇਵਤਿਆਂ ਨਾਲੋਂ ਵਧ ਸੰਪੰਨ ਤੇ ਸ਼ਕਤੀਸ਼ਾਲੀ ਹੋਣਗੇ।

ਵਰ ਦੀ ਪ੍ਰਾਪਤੀ ਤੋਂ ਬਾਅਦ ਸੁੰਭ ਤੇ ਨਿਸੁੰਭ ਨੇ ਦੇਵਤਿਆਂ ਨੂੰ ਇੰਦਰਪੁਰੀ ਵਿਚੋਂ ਅਪਮਾਨਤ ਕਰ ਕੇ ਕੱਢ ਦਿਤਾ ਤੇ ਉਥੇ ਆਪਣਾ ਰਾਜ ਸਥਾਪਿਤ ਕਰ ਲਿਆ। ਉਹ ਵਾਯੂ, ਅਗਨੀ, ਵਰੁਣ ਤੇ ਯਮ ਦੇ ਸਾਰੇ ਕਰਤੱਵ ਖ਼ੁਦ ਪਾਲਣ ਲੱਗ ਪਏ। ਸੁੰਭ ਇਤਨਾ ਅਭਿਮਾਨੀ ਹੋ ਗਿਆ ਕਿ ਉਹ ਦੁਰਗਾ ਨੂੰ ਵਿਆਹ ਲਿਆਣ ਦੇ ਸੁਪਨੇ ਲੈਣ ਲੱਗਾ। ਦੇਵਤੇ ਦੁਖੀ ਹੋ ਕੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਕੋਲ ਮਦਦ ਲਈ ਗਏ। ਪਰ ਤ੍ਰੈਮੂਰਤੀ ਨੇ ਆਪਣੀ ਅਸਮਰੱਥਾ ਪ੍ਰਗਟ ਕਰਦਿਆਂ

ਹੋਇਆਂ ਉਨ੍ਹਾਂ ਨੂੰ ਦੁਰਗਾ ਤੋਂ ਮਦਦ ਮੰਗਣ ਲਈ ਕਿਹਾ । ਦੁਰਗਾ ਨੇ ਸੁੰਭ ਅਤੇ ਨਿਸੁੰਭ ਦੇ ਸੈਨਾਪਤੀਆਂ ਧੂਮ੍ਰਲੋਚਨ, ਚੰਡ, ਮੰਡ ਤੇ ਸ੍ਰਣਵਤ ਬੀਜ ਆਦਿ ਨੂੰ ਮਾਰ ਕੇ ਮਗਰੋਂ ਸੁੰਭ ਅਤੇ ਨਿਸੁੰਭ ਦਾ ਵੀ ਬਧ ਕਰ ਦਿਤਾ । ਗੁਰੂ ਗੋਬਿੰਦ ਸਿੰਘ ਦੀ ਰਚਿਤ 'ਭਗਉਤੀ ਦੀ ਵਾਰ' ਵਿਚ ਸੁੰਭ ਅਤੇ ਨਿਸੁੰਭ ਦੀ ਦੁਰਗਾ ਨਾਲ ਹੋਈ ਲੜਾਈ ਦਾ ਵਰਨਣ ਮਿਲਦਾ ਹੈ ।

(ਸ-643) **ਸੁਭਦਰਾ** :

ਵਾਸੁਦੇਵ ਦੀ ਕੰਨਿਆਂ, ਕ੍ਰਿਸ਼ਨ ਦੀ ਭੈਣ ਅਤੇ ਅਰਜਨ ਦੀ ਪਤਨੀ; ਮਹਾਂਭਾਰਤ ਅਨੁਸਾਰ ਸੁਭਦਰਾ ਦਾ ਵੱਡਾ ਭਰਾ ਬਲਰਾਮ ਉਸ ਦਾ ਵਿਆਹ ਦੁਰਯੋਧਨ ਨਾਲ ਕਰਨਾ ਚਾਹੁੰਦਾ ਸੀ, ਪਰ ਸੁਭਦਰਾ ਦਾ ਝੁਕਾ ਅਰਜਨ ਵਲ ਸੀ। ਕ੍ਰਿਸ਼ਨ ਦੀ ਰਜ਼ਾਮੰਦੀ ਨਾਲ, ਅਰਜਨ ਸੁਭਦਰਾ ਨੂੰ ਉਧਾਲ ਕੇ ਦਵਾਰਕਾ ਲੈ ਗਿਆ ਅਤੇ ਵਿਆਹ ਕਰਵਾ ਲਿਆ । ਅਭਿਮਨਯੂ ਸੁਭਦਰਾ ਦਾ ਹੀ ਪੁਤਰ ਸੀ, ਜੋ ਚਕਰਵਿਊ ਵਿਚ ਮਾਰਿਆ ਗਿਆ ਸੀ ।

(ਸ-644) **ਸੁਭਰ** :

ਇਕ ਵਿਸ਼ੇਸ਼ ਕਿਸਮ ਦੀ ਫੁਲਕਾਰੀ, ਜੋ ਕੰਨਿਆਂ ਫੇਰਿਆਂ ਵੇਲੇ ਸਿਰ ਉਪਰ ਲੈਂਦੀ ਹੈ। ਮਾਲਵੇ ਵਿਚ ਨਾਈ ਧੋਈ ਅਤੇ ਸਾਂਤ ਦੀ ਰੀਤ ਵੇਲੇ ਨਾਨਕਿਆਂ ਦਾ ਲਿਆਂਦਾ ਸੁਭਰ, ਕੰਨਿਆਂ ਦੇ ਉਤੇ ਪਾ ਕੇ, ਉਸ ਨੂੰ ਚੌਂਕੀ ਤੋਂ ਉਤਾਰਿਆ ਜਾਂਦਾ ਹੈ (ਮੇਰਾ ਪਿੰਡ, 360) । ਸੁਭਰ ਦੀ ਕਢਾਈ ਲਾਲ ਜਾਂ ਮਜੀਠ ਰੰਗ ਦੇ ਖੱਦਰ ਉਪਰ ਕੀਤੀ ਜਾਂਦੀ ਹੈ। ਇਸ ਦੀਆਂ ਦੋਹਾਂ ਗੁੱਠਾਂ ਉਪਰ ਅਤੇ ਵਿਚਕਾਰ ਪੰਜ ਪੰਜ ਬੂਟੀਆਂ ਕਢੀਆਂ ਜਾਂਦੀਆਂ ਹਨ। ਬਾਕੀ ਦੇ ਹਿੱਸੇ ਉਪਰ ਕਢਾਈ ਨਹੀਂ ਹੁੰਦੀ । ਪਹਿਲਿਆਂ ਵਿਚ ਸ਼ਾਇਦ ਸੁਭਰ ਦੇ ਸਾਰੇ ਕਪੜੇ ਉਤੇ ਹੀ ਫੁਲਾਂ ਬੂਟੀਆਂ ਦੀ ਕਢਾਈ ਹੁੰਦੀ ਹੋਵੇਗੀ, ਇਸ ਦਾ ਨਾਉਂ ਸੁਭਰ (ਚੰਗੀ ਤਰ੍ਹਾਂ ਭਰਿਆ ਹੋਇਆ) ਇਸੇ ਗੁਣ ਵਿਸ਼ੇਸ਼ ਵਲ ਸੰਕੇਤ ਕਰਦਾ ਹੈ। ਜਦੋਂ ਕੰਨਿਆਂ ਸੁਭਰ ਆਪਣੇ ਉਪਰ ਲੈਂਦੀ ਹੈ ਤਾਂ ਇਹ ਗੀਤ ਗਾਏ ਜਾਂਦੇ ਹਨ :

ਨੀ ਧੀ ਸੁਭਰ ਲਿਆ, ਦਿਓ ਨੀ ਵਧਾਈਆਂ ।
ਨੀ ਧੀ ਸੂਹੇ ਵਲ੍ਹੇਟੀ, ਮਾਂ ਘੋਲ ਘੁਮਾਈਆਂ ।

(ਸ-645) **ਸੁਭਾ** :

ਕੁੜਮਾਈ ਨਾਲ ਸੰਬੰਧਿਤ ਇਕ ਰੀਤ, ਜੋ ਬਹਾਵਲਪੁਰ ਵਿਚ ਪ੍ਰਚਲਤ ਹੈ। ਕੁੜਮਾਈ ਦੇ ਮਗਰੋਂ ਵਰ ਪੱਖ ਵਾਲੇ ਕੰਨਿਆਂ ਲਈ ਅਤੇ ਕੰਨਿਆਂ ਪੱਖ ਵਾਲੇ ਵਰ ਲਈ ਕੁਝ ਕਪੜੇ, ਮਠਿਆਈ ਤੇ ਖਿਡਾਉਣੇ ਭੇਜਦੇ ਹਨ । ਜੈਨੀ ਭਾਬੜੇ ਸੁਭਾ ਦੀ ਰੀਤ ਵੇਲੇ ਕਪੜਿਆਂ ਤੋਂ ਇਲਾਵਾ ਕੁਝ ਗਹਿਣੇ ਵੀ ਭੇਜਦੇ ਹਨ ਤੇ ਇਸ ਨੂੰ 'ਪਲਣੀ' ਕਹਿੰਦੇ ਹਨ ।

(ਸ-646) **ਸੁਮਨ ਬੁਕਮਨ** :

(ਵੇਖੋ : ਸੰਮਨ ਮੂਸਨ) ।

(ਸ-647) **ਸੁਮਿਤ੍ਰ** :

ਰਾਜੇ ਸੁਮਿਤ੍ਰ ਸੇਨ ਦੀ ਕੰਨਿਆਂ, ਜੋ ਰਾਜੇ ਦਸਰਥ ਦੀ ਪਤਨੀ ਸੀ । ਸੁਮਿਤ੍ਰਾ ਦੇ ਉਦਰ ਤੋਂ ਲਛਮਣ ਅਤੇ ਸ਼ਤ੍ਰੂਘਨ ਪੈਦਾ ਹੋਏ ।

(ਸ-648) **ਸੁਮਿਤ੍ਰਾ** :

ਸਾਲਿਵਾਹਨ ਦੀ ਮਾਤਾ; ਵਿਕ੍ਰਮਚਰਿਤ੍ਰ ਅਨੁਸਾਰ ਜਦੋਂ ਰਾਜਾ ਵਿਕ੍ਰਮਾਜੀਤ ਜੰਮਿਆ, ਤਾਂ ਜੋਤਸ਼ੀਆਂ ਨੇ ਦਸਿਆ ਕਿ ਉਸ ਦੀ ਮੌਤ ਸਤ ਵਰ੍ਹਿਆਂ ਦੀ ਕੰਵਾਰੀ ਕੰਨਿਆਂ ਦੇ ਕੁਖੋਂ ਪੈਦਾ ਹੋਏ ਸੂਰਮੇ ਦੇ ਹਥੋਂ ਹੋਵੇਗੀ । ਇਹ ਕੰਵਾਰੀ ਕੰਨਿਆਂ ਸੁਮਿਤ੍ਰਾ ਹੀ ਸੀ, ਜਿਸ ਦੇ ਉਦਰ ਤੋਂ ਸਾਲਿਵਾਹਨ ਨੇ ਜਨਮ ਲਿਆ ।

ਸੁਮਿਤ੍ਰਾ ਇਕ ਬ੍ਰਾਹਮਣ ਸਲੋਚਨ ਦੀ ਕੰਨਿਆਂ ਸੀ, ਜੋ ਪ੍ਰਾਥਿਸਤਾਨ (ਅੰਧਰਾ ਦੇਸ) ਦਾ ਵਸਨੀਕ ਸੀ । ਛੋਟੀ ਉਮਰ ਵਿਚ ਹੀ ਸੁਮਿਤ੍ਰਾ ਦੀ ਮਾਂ ਮਰ ਗਈ । ਸਲੋਚਨ ਹਰ ਰੋਜ਼ ਗੁਦਾਵਰੀ ਨਦੀ ਉਤੇ ਇਸ਼ਨਾਨ ਕਰਨ ਵਾਸਤੇ ਜਾਂਦਾ ਤੇ ਸੁਮਿਤ੍ਰਾ ਨੂੰ ਬਾਹਰ ਗਲੀ ਵਿਚ ਖੇਡਦੀ ਛੱਡ ਕੇ ਖ਼ੁਦ ਉਹ ਸ਼ੇਸ਼ਨਾਗ ਦੇ ਮੰਦਰ ਵਿਚ ਪੂਜਾ ਪਾਠ ਕਰਦਾ ਸੀ । ਇਕ ਦਿਨ ਜਦੋਂ ਸਲੋਚਨ ਸ਼ੇਸ਼ਨਾਗ

ਦੀ ਪੂਜਾ ਵਿਚ ਲੀਨ ਸੀ, ਤਾਂ ਸ਼ੇਸ਼ਨਾਗ ਬ੍ਰਾਹਮਣ ਗਭਰੂ ਦਾ ਰੂਪ ਧਾਰ ਕੇ ਸੁਮਿਤ੍ਰਾ ਕੋਲ ਆ ਗਿਆ ਤੇ ਉਸ ਨਾਲ ਸੰਭੋਗ ਕਰਨਾ ਚਾਹਿਆ। ਪਰ ਬਾਲੜੀ ਸੁਮਿਤ੍ਰਾ ਨੂੰ ਉਸ ਦੇ ਪ੍ਰੇਮ-ਕਲੋਲ ਸਮਝ ਨਾ ਆਏ ਅਤੇ ਉਸ ਨੇ ਡਰ ਨਾਲ ਚੀਖ਼ ਮਾਰੀ। ਬ੍ਰਾਹਮਣ ਗਭਰੂ ਦੇ ਰੂਪ ਵਿਚ ਖੜੇ ਸ਼ੇਸ਼ਨਾਗ ਨੇ ਸੁਮਿਤ੍ਰਾ ਦੇ ਸਿਰ ਉਤੇ ਹੱਥ ਫੇਰਿਆ, ਤਾਂ ਸੁਮਿਤ੍ਰਾ ਮੁਟਿਆਰ ਦਾ ਰੂਪ ਧਾਰਨ ਕਰ ਗਈ ਅਤੇ ਉਸ ਦੇ ਅੰਗਾਂ ਵਿਚ ਜਵਾਨੀ ਨੇ ਝਰਨਾਟਾਂ ਛੇੜ ਦਿਤੀਆਂ। ਸ਼ੇਸ਼ਨਾਗ ਨੇ ਸੁਮਿਤ੍ਰਾ ਦੀ ਜਵਾਨੀ ਨੂੰ ਭੋਗਿਆ। ਜਾਣ ਲੱਗਿਆਂ ਸ਼ੇਸ਼ਨਾਗ ਨੇ ਸੁਮਿਤ੍ਰਾ ਨੂੰ ਕਿਹਾ ਕਿ ਉਹ ਸੰਕਟ-ਸਥਿਤੀ ਵਿਚ ਉਸ ਦੀ ਅਰਾਧਨਾ ਕਰੇ, ਸਭ ਮੁਸੀਬਤਾਂ ਦੂਰ ਹੋ ਜਾਣਗੀਆਂ।

ਸੁਮਿਤ੍ਰਾ ਨੂੰ ਗਰਭ ਠਹਿਰ ਗਿਆ। ਸਾਰੇ ਸ਼ਹਿਰ ਵਿਚ ਚਰਚਾ ਹੋਣ ਲੱਗੀ ਕਿ ਸਤਾਂ ਸਾਲਾਂ ਦੀ ਕੰਨਿਆਂ ਗਰਭਵਤੀ ਹੈ। ਉਥੋਂ ਦੇ ਰਾਜੇ ਸੋਮਕੰਤ ਨੇ ਸਲੋਚਨ ਤੇ ਸੁਮਿਤ੍ਰਾ ਨੂੰ ਦੇਸ਼ ਨਿਕਾਲਾ ਦੇ ਦਿਤਾ ਅਤੇ ਉਹ ਦੋਵੇਂ ਸ਼ਹਿਰੋਂ ਬਾਹਰ ਘੁੰਮਿਆਰਾਂ ਦੇ ਕੋਲ ਜਾ ਕੇ ਰਹਿਣ ਲੱਗੇ। ਉਥੇ ਹੀ ਸੁਮਿਤ੍ਰਾ ਦੇ ਉਦਰ ਤੋਂ ਸਾਲਿਵਾਹਨ ਪੈਦਾ ਹੋਇਆ। ਸਾਲਿਵਾਹਨ ਜਦੋਂ ਰਤਾ ਵੱਡਾ ਹੋਇਆ, ਤਾਂ ਉਹ ਮਿੱਟੀ ਦੇ ਸਿਪਾਹੀ ਬਣਾ ਕੇ ਯੁੱਧ ਦੀਆਂ ਖੇਡਾਂ ਖੇਡਦਾ। ਜਦੋਂ ਸਾਲਿਵਾਹਨ ਜਵਾਨ ਹੋਇਆ, ਉਸ ਦੀ ਬੀਰਤਾ ਦੀਆਂ ਧੁੰਮਾਂ ਸਾਰੇ ਪਾਸੇ ਖਿੰਡ ਗਈਆਂ।

ਜਦੋਂ ਵਿਕ੍ਰਮਾਜੀਤ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਸਾਲਿਵਾਹਨ ਸਤਾਂ ਵਰ੍ਹਿਆਂ ਦੀ ਕੰਨਿਆਂ ਤੋਂ ਜੰਮਿਆ ਸੀ ਤਾਂ ਭਵਿਸ਼ਬਾਣੀ ਤੋਂ ਡਰਦੇ ਨੇ ਸਾਲਿਵਾਹਨ ਨੂੰ ਪਹਿਲਾਂ ਮਾਰ ਦੇਣ ਦੀ ਸਾਜ਼ਸ਼ ਕੀਤੀ, ਪਰ ਜਦੋਂ ਉਹ ਸਫਲ ਨਾ ਹੋਇਆ ਤਾਂ ਉਸ ਨੇ ਸਾਲਿਵਾਹਨ ਨੂੰ ਬੰਦੀ ਬਣਾਉਣ ਲਈ ਪ੍ਰਾਥਿਸਤਾਨ ਉਤੇ ਧਾਵਾ ਬੋਲ ਦਿਤਾ। ਸੁਮਿਤ੍ਰਾ ਨੇ ਸ਼ੇਸ਼ਨਾਗ ਦੀ ਅਰਾਧਨਾ ਕੀਤੀ। ਸ਼ੇਸ਼ਨਾਗ ਨੇ ਪ੍ਰਗਟ ਹੋ ਕੇ ਸਾਲਿਵਾਹਨ ਨੂੰ ਹੌਂਸਲਾ ਦਿਤਾ ਤੇ ਇਕ ਕੁੰਭ ਅੰਮ੍ਰਿਤ ਦਾ ਦੇ ਕੇ ਕਿਹਾ ਕਿ ਉਹ ਆਪਣੀ ਮਿੱਟੀ ਦੀ ਬਣੀ ਫ਼ੌਜ ਉਤੇ ਛਿੜਕੇ। ਸਭ ਜੀਉਂਦੇ ਜਾਗਦੇ ਯੋਧੇ ਬਣ ਜਾਣਗੇ। ਸਾਲਿਵਾਹਨ ਨੇ ਦੇਸ਼ ਦੇ ਰਾਜੇ ਸੋਮਕੰਤ ਨਾਲ ਮਿਲ ਕੇ ਵਿਕ੍ਰਮਾਜੀਤ ਦਾ ਮੁਕਾਬਲਾ ਕੀਤਾ। ਸਾਲਿਵਾਹਨ ਤੇ ਵਿਕ੍ਰਮਾਜੀਤ ਦੀ ਹਥੋ ਹਥ ਲੜਾਈ ਹੋਈ, ਜਿਸ ਵਿਚ ਵਿਕ੍ਰਮਾਜੀਤ ਮਾਰਿਆ ਗਿਆ। ਵਿਜੈ ਪ੍ਰਾਪਤ ਕਰ ਕੇ ਸਾਲਿਵਾਹਨ ਆਪਣੇ ਲਸ਼ਕਰ ਨਾਲ ਦਰਿਆ ਪਾਰ ਕਰ ਰਿਹਾ ਸੀ ਕਿ ਉਸਦੀ ਸਾਰੀ ਫ਼ੌਜ ਪਾਣੀ ਵਿਚ ਘੁਲ ਕੇ ਮਿੱਟੀ ਹੋ ਗਈ ਤੇ ਅਕਾਸ਼ਵਾਣੀ ਹੋਈ — "ਹੇ ਸਾਲਿਵਾਹਨ, ਤੇਰਾ ਰਾਜ ਵਿੰਧਿਆਚਲ ਵਿਚ ਰਹੇਗਾ ਅਤੇ ਉਤਰ ਵਲ ਵਿਕ੍ਰਮਾਜੀਤ ਦੀ ਵੰਸ਼ ਰਾਜ ਕਰੇਗੀ। ਤੇਰੇ ਨਾਂ ਦਾ ਸੰਮਤ ਚਲੇਗਾ।"

ਸਿਆਲਕੋਟ ਦੇ ਇਲਾਕੇ ਵਿਚ ਸਾਲਿਵਾਹਨ ਬਾਰੇ, ਜੋ ਦੰਦ-ਕਥਾਵਾਂ ਪ੍ਰਚਲਤ ਹਨ, ਉਹ ਇਸੇ ਕਥਾ ਦਾ ਵਿਗਾੜ ਹਨ। ਸਿਆਲਕੋਟ ਦੀਆਂ ਸਥਾਨਕ ਰਵਾਇਤਾਂ ਅਨੁਸਾਰ ਇਕ ਖਤ੍ਰੇਟੀ ਐਕ ਨਦੀ ਵਿਚ ਇਸ਼ਨਾਨ ਕਰ ਰਹੀ ਸੀ ਕਿ ਬਾਸ਼ਕ ਨਾਗ ਨੇ ਉਸ ਨਾਲ ਆਲਿੰਗਨ ਕੀਤਾ, ਫਲਸਰੂਪ ਉਸ ਨੂੰ ਗਰਭ ਠਹਿਰ ਗਿਆ ਅਤੇ ਸਾਲਿਵਾਹਨ ਦਾ ਜਨਮ ਹੋਇਆ। ਸਾਲਿਵਾਹਨ ਨੇ ਬਾਸ਼ਕ ਨਾਗ ਦੀ ਬਖ਼ਸ਼ਿਸ਼ ਤੇ ਮਦਦ ਨਾਲ ਸਿਆਲਕੋਟ ਵਿਚ ਆਪਣਾ ਰਾਜ ਸਥਾਪਿਤ ਕਰ ਲਿਆ (ਵੇਖੋ : ਸਾਲਿਬਾਹਨ)।

**(ਸ-649) ਸੁਮੁੰਡ :**

ਇਕ ਪੌਰਾਣਿਕ ਰਿਸ਼ੀ; ਰਤਨਮਾਲ ਅਤੇ ਗੁਰਪ੍ਰਤਾਪ ਸੂਰਯ ਅਨੁਸਾਰ ਗੁਰੂ ਤੇਗ ਬਹਾਦਰ ਸੁਮੁੰਡ ਦੇ ਹੀ ਅਵਤਾਰ ਸਨ।

**(ਸ-650) ਸੁਮੇਰ :**

(1) ਇਕ ਪੌਰਾਣਿਕ ਪਹਾੜ; ਭਾਗਵਤ ਤੇ ਵਿਸ਼ਨੂੰ ਪੁਰਾਣ ਅਨੁਸਾਰ ਸੁਮੇਰ ਸੋਨੇ ਦਾ ਬਣਿਆ ਹੋਇਆ ਹੈ। ਇਹ ਪਰਬਤ ਇਕ ਲਖ ਯੋਜਨ ਲੰਮਾ, ਸੋਲਾਂ ਹਜ਼ਾਰ ਯੋਜਨ ਜ਼ਮੀਨ ਦੇ ਅੰਦਰ ਅਤੇ ਚੌਰਾਸੀ ਹਜ਼ਾਰ ਯੋਜਨ ਜ਼ਮੀਨ ਤੋਂ ਉਪਰ ਖੜਾ ਹੈ। ਕੁਝ ਗ੍ਰੰਥਾਂ ਵਿਚ ਇਸ ਪਰਬਤ ਦੀ ਉਚਾਈ ਚਾਰ ਲੱਖ ਕੋਹ ਮੰਨੀ ਗਈ ਹੈ। ਇਹ ਪਹਾੜ ਧਰਤੀ ਦੇ ਮੱਧ ਵਿਚ ਮੰਨਿਆ ਜਾਂਦਾ ਹੈ।

ਪੁਰਾਣਾਂ ਅਨੁਸਾਰ ਸੁਮੇਰ ਪਰਬਤ ਸਭ ਤੋਂ ਵੱਧ ਪਵਿੱਤਰ ਅਸਥਾਨ ਹੈ। ਵਿਸ਼ਨੂੰ ਪੁਰਾਣ ਅਨੁਸਾਰ ਦੇਵਤਿਆਂ ਦੀਆਂ ਪੁਰੀਆਂ ਇਸੇ ਪਰਬਤ ਉੱਤੇ ਸਥਿਤ ਹਨ। ਇਹ ਸਾਰਾ ਪਰਬਤ ਸੋਨੇ ਤੇ ਹੀਰੇ ਪੰਨਿਆਂ ਦਾ ਬਣਿਆ ਹੋਇਆ ਹੈ ਅਤੇ ਇਥੋਂ ਦੇ ਕੁੰਡਾਂ ਦਾ ਪਾਣੀ ਅੰਮ੍ਰਿਤ ਵਰਗੀ ਸੰਜੀਵਨੀ ਸ਼ਕਤੀ ਰਖਦਾ ਹੈ। ਪੁਰਾਣਾਂ ਅਨੁਸਾਰ ਖੀਰ ਸਾਗਰ ਮਥਣ ਵੇਲੇ ਦੇਵਤਿਆਂ ਨੇ ਸੁਮੇਰ ਪਰਬਤ ਨੂੰ ਹੀ ਮਧਾਣਾ ਬਣਾਇਆ ਸੀ।

(2) ਹਿਮਾਲੀਆ ਦੀ ਇਕ ਚੋਟੀ ਰੁਦ੍ਰ ਮਹਿਮਾਲਾ, ਜਿਸ ਵਿਚੋਂ ਗੰਗਾ ਨਦੀ ਨਿਕਲਦੀ ਹੈ, ਨੂੰ ਵੀ ਸੁਮੇਰ ਕਿਹਾ ਜਾਂਦਾ ਹੈ।

(3) ਇਕ ਸੌ ਅੱਠ ਮਣਕਿਆਂ ਦੀ ਮਾਲਾ ਦੇ ਸ਼੍ਰੋਮਣੀ ਮਣਕੇ ਨੂੰ ਵੀ ਸੁਮੇਰ ਕਹਿੰਦੇ ਹਨ। ਇਹ ਮਣਕਾ ਮਾਲਾ ਦੇ ਬਾਕੀ ਮਣਕਿਆਂ ਨਾਲੋਂ ਵੱਡਾ ਤੇ ਅੱਡਰਾ ਹੁੰਦਾ ਹੈ।

(4) ਯੋਗ ਮੱਤ ਅਨੁਸਾਰ ਜੋ ਕੁਝ ਬ੍ਰਹਿਮੰਡ ਵਿਚ ਹੈ, ਉਹੋ ਕੁਝ ਮਨੁੱਖ ਦੇ ਪਿੰਡ ਵਿਚ ਸਥਿਤ ਹੈ। ਯੋਗ ਮੱਤ ਵਾਲੇ ਦਸਮ ਦੁਆਰ ਨੂੰ ਸੁਮੇਰ ਮੰਨਦੇ ਹਨ।

(ਸ-651) **ਸੁਰਸਾ** :

ਇਕ ਰਾਖਸ਼ਣੀ, ਜੋ ਦੱਖਸ਼ ਦੀ ਪੁਤਰੀ ਤੇ ਕਸ਼ਯਪ ਦੀ ਪਤਨੀ ਸੀ। ਸੁਰਸਾ ਦੇ ਉਦਰ ਤੋਂ ਨਾਗ ਜਾਤੀ ਦੀ ਉਤਪੱਤੀ ਹੋਈ। ਰਾਮਾਇਣ ਅਨੁਸਾਰ ਜਦੋਂ ਹਨੂੰਮਾਨ ਸੀਤਾ ਦਾ ਥਹੁ-ਪਤਾ ਕੱਢਣ ਵਾਸਤੇ ਸਮੁੰਦਰ ਪਾਰ ਕਰ ਰਿਹਾ ਸੀ, ਤਾਂ ਸੁਰਸਾ ਰਾਖਸ਼ਣੀ ਨੇ ਰਾਵਣ ਦੀ ਰੱਖਿਆ ਦੇ ਵਿਚਾਰ ਨਾਲ ਹਨੂੰਮਾਨ ਨੂੰ ਨਿਗਲ ਜਾਣਾ ਚਾਹਿਆ। ਹਨੂੰਮਾਨ ਨੇ ਸੁਰਸਾ ਤੋਂ ਬਚਣ ਲਈ ਆਪਣੇ ਸਰੀਰ ਨੂੰ ਪਹਾੜ ਜਿਤਨਾ ਵੱਡਾ ਕਰ ਲਿਆ। ਪਰ ਸੁਰਸਾ ਨੇ ਵੀ ਮਾਯਾ ਜਾਲ ਦੁਆਰਾ ਆਪਣਾ ਮੂੰਹ ਸੌ ਗੁਣਾ ਵੱਡਾ ਕਰ ਲਿਆ, ਤਾਂ ਜੋ ਉਹ ਹਨੂੰਮਾਨ ਨੂੰ ਹੜੱਪ ਸਕੇ। ਹਨੂੰਮਾਨ ਨੇ ਅੱਖ ਪਲਕਾਰੇ ਵਿਚ ਅੰਗੂਠੇ ਜਿਤਨਾ ਲਘੂ ਰੂਪ ਧਾਰ ਲਿਆ ਅਤੇ ਸੁਰਸਾ ਦੇ ਮੂੰਹ ਵਿਚ ਦਾਖ਼ਲ ਹੋ ਕੇ ਫਿਰ ਵਿਰਾਟ ਰੂਪ ਗ੍ਰਹਿਣ ਕਰ ਕੇ, ਕੰਨ ਦੇ ਰਸਤਿਓਂ ਬਾਹਰ ਨਿਕਲ ਗਿਆ, ਜਿਸ ਨਾਲ ਸੁਰਸਾ ਦਾ ਸਰੀਰ ਟੁਕੜੇ ਟੁਕੜੇ ਹੋ ਗਿਆ ਅਤੇ ਉਹਦੇ ਪ੍ਰਾਣ ਨਿਕਲ ਗਏ।

ਸੁਰਸਾ ਵਿਚ ਪਰਛਾਵੇਂ ਦੁਆਰਾ ਮੂਲ ਵਿਅਕਤੀ ਨੂੰ ਗ੍ਰਹਿਣ ਕਰਨ ਦੀ ਅਲੌਕਿਕ ਸ਼ਕਤੀ ਸੀ। ਜਦੋਂ ਉਹ ਕਿਸੇ ਪਰਛਾਵੇਂ ਨੂੰ ਆਪਣੇ ਮੂੰਹ ਵਿਚ ਲੈਂਦੀ, ਤਾਂ ਮੂਲ ਵਿਅਕਤੀ ਸੁਤੇ ਸਿਧ ਖਿਚਿਆ ਹੋਇਆ ਉਹਦੇ ਮੂੰਹ ਵਿਚ ਆ ਜਾਂਦਾ। ਸੁਰਸਾ ਨੇ ਸਮੁੰਦਰ ਉਪਰ ਹਨੂੰਮਾਨ ਦਾ ਪਰਛਾਵਾਂ ਤਰਦਾ ਵੇਖਿਆ ਤਾਂ ਉਸ ਨੂੰ ਨਿਗਲ ਲਿਆ, ਜਿਸ ਨਾਲ ਹਨੂੰਮਾਨ ਆਪਣੀ ਕਾਇਆ ਸਮੇਤ ਸੁਤੇ ਸਿਧ ਉਹਦੇ ਮੂੰਹ ਦੇ ਅੰਦਰ ਲੰਘ ਗਿਆ।

(ਸ-652) **ਸੁਰਖ਼ਾ** :

ਇਹ ਘੋੜਾ ਬੜਾ ਸ਼ੁਭ ਤੇ ਕਲਿਆਣੀ ਮੰਨਿਆ ਜਾਂਦਾ ਹੈ। ਕਹਿੰਦੇ ਹਨ, ਇਸ ਘੋੜੇ ਦੇ ਸਵਾਰ ਨੂੰ ਹਮੇਸ਼ਾਂ ਵਿਜੈ ਪ੍ਰਾਪਤ ਹੁੰਦੀ ਹੈ।

(ਸ-653) **ਸੁਰਖ਼ਾਬ** :

(1) ਇਕ ਪੰਛੀ ਜਿਸ ਦੇ ਖੰਭ ਵਡਮੁਲੇ ਤੇ ਕਲਿਆਣੀ ਹੁੰਦੇ ਹਨ। ਸੈਰ-ਇ-ਪੰਜਾਬ ਅਨੁਸਾਰ ਭਿੰਬੋਰ ਦੇ ਇਲਾਕੇ ਦੇ ਕਲਕਾਮ ਪਿੰਡ ਵਿਚ ਫ਼ੇਰਰ ਨਾਂ ਦੀ ਇਕ ਨਦੀ ਵਗਦੀ ਹੈ, ਜਿਸ ਵਿਚੋਂ ਸੁਰਖ਼ਾਬ ਦੇ ਪਰ ਕਾਫ਼ੀ ਮਾਤਰਾ ਵਿਚ ਨਿਕਲਦੇ ਹਨ। ਹਰ ਸਾਲ ਜੇਠ ਹਾੜ ਵਿਚ ਸੁਰਖ਼ਾਬ ਦੇ ਪੰਛੀ ਇਥੇ ਬ੍ਰਿਛਾਂ ਉਤੇ ਰਹਿੰਦੇ ਹਨ ਤੇ ਉਨ੍ਹਾਂ ਦੇ ਪੁਰਾਣੇ ਖੰਭ ਝੜ ਕੇ ਨਦੀ ਵਿਚ ਡਿਗਦੇ ਰਹਿੰਦੇ ਹਨ। ਇਹ ਖੰਭ ਬੜੇ ਖ਼ੂਬਸੂਰਤ ਹੁੰਦੇ ਹਨ ਅਤੇ ਸਿੱਖ ਰਾਜ ਸਮੇਂ ਸੁਦਾਰ ਇਨ੍ਹਾਂ ਖੰਭਾਂ ਨੂੰ ਤੁਰੇ ਵਜੋਂ ਸਿਰ ਉਤੇ ਟੁੰਗਿਆ ਕਰਦੇ ਸਨ।

ਸੁਰਖ਼ਾਬ ਪੰਛੀ ਬਾਰੇ ਕਈ ਮਨੌਤਾਂ ਪ੍ਰਚਲਤ ਹਨ। ਕਹਿੰਦੇ ਹਨ ਕਿ ਨਰ ਤੇ ਮਾਦਾ ਦਾ ਇਤਨਾ ਤੀਬਰ ਪ੍ਰੇਮ ਹੁੰਦਾ ਹੈ ਕਿ ਜੇ ਉਨ੍ਹਾਂ ਵਿਚੋਂ ਇਕ ਮਰ ਜਾਵੇ, ਤਾਂ ਦੂਜਾ ਵਿਲਕ ਕੇ ਪ੍ਰਾਣ ਤਿਆਗ ਦੇਂਦਾ ਹੈ।

(2) ਰੁਸਤਮ ਦੇ ਘੋੜੇ ਦਾ ਨਾਂ।

(ਸ-654) **ਸੁਰਗ ਟੁਕੜੀ** :

ਇਕ ਰੀਤ, ਜੋ ਹਿੰਦੂ ਕੱਤਕ ਦੇ ਚਾਨਣ ਪੱਖ ਦੀ ਚੌਦਵੀਂ ਨੂੰ, ਸਵਰਗ ਲੋਕ ਵਿਚ ਜਾਣ ਦੀ ਅਭਿਲਾਸ਼ਾ ਨਾਲ ਕਰਦੇ ਹਨ। ਇਸੇ ਤੋਂ ਇਸ ਚੌਦਸ ਦਾ ਨਾਂ ਵੀ ਸੁਰਗ ਟੁਕੜੀ ਪੈ ਗਿਆ। ਇਸ ਤਿਥ ਨੂੰ ਕਰਮ ਕਾਂਡੀ ਹਿੰਦੂ ਪਹਿਲਾਂ ਸਰਘੀ ਵੇਲੇ ਇਸ਼ਨਾਨ ਕਰਦੇ ਹਨ। ਫਿਰ ਕਾਨਿਆਂ ਜਾਂ ਛਿਲੜਾਂ ਦੇ ਫੂਹੜ ਉਤੇ ਚਾਰ ਚੁਫੇਰੇ ਸਤ ਦੀਵੇ ਬਾਲ ਕੇ ਰਖਦੇ ਹੋਏ ਇਹ ਤੁਕਾਂ ਤਿੰਨ ਵਾਰ ਉਚਾਰਦੇ ਹਨ :

ਅਗੇ ਮੇਰੇ ਦੀਵੜਾ,
ਪਿਛੇ ਮੇਰੇ ਦੀਵੜਾ,
ਦੀਵਟ ਧਰੀ ਵਿਚਕਾਰ,
ਰਾਮ ਉਤਾਰੇ ਪਾਰ।

ਇਸ ਰੀਤ ਤੋਂ ਮਗਰੋਂ, ਬਾਹਰ ਖੇਤਾਂ ਵਿਚ ਜਾ ਕੇ ਮਿੱਟੀ ਦੀਆਂ ਢੀਮਾਂ ਨਾਲ ਇਕ ਛੋਟੀ ਜਿਹੀ ਝੁਗੀ ਖੜੀ ਕੀਤੀ ਜਾਂਦੀ ਹੈ ਅਤੇ ਘਿਉ ਦਾ ਦੀਵਾ ਬਾਲ ਕੇ ਉਸ ਝੁਗੀ ਦੀ ਆਰਤੀ ਉਤਾਰੀ ਜਾਂਦੀ ਹੈ। ਲੋਕ ਨਿਸਚੇ ਅਨੁਸਾਰ ਇਸ ਤਰ੍ਹਾਂ ਕਰਨ ਨਾਲ ਪ੍ਰਾਣੀ ਮਰਨ ਮਗਰੋਂ ਸਿਧਾ ਸਵਰਗ ਲੋਕ ਵਿਚ ਜਾਂਦਾ ਹੈ ਤੇ ਉਥੇ ਉਸ ਲਈ ਇਕ ਵੱਖਰੀ ਟੁਕੜੀ ਰਾਖਵੀਂ ਕਰ ਦਿਤੀ ਜਾਂਦੀ ਹੈ।

(ਸ-655) **ਸੁਰਤਰੂ** :

ਦੇਵਤਿਆਂ ਦੇ ਦਰੱਖ਼ਤ, ਪੁਰਾਣਾਂ ਅਨੁਸਾਰ ਇਹ ਬ੍ਰਿਛ ਪੰਜ ਹਨ — ਮੰਦਾਰ, ਪਾਰਜਾਤ, ਕਲਪ ਬ੍ਰਿਛ, ਹਰਿ ਚੰਦਨ ਤੇ ਸੰਤਾਨ। ਇਨ੍ਹਾਂ ਦਰੱਖ਼ਤਾਂ ਦੇ ਫਲਾਂ ਵਿਚ ਅਲੌਕਿਕ ਸੰਜੀਵਨੀ ਸ਼ਕਤੀ ਮੰਨੀ ਜਾਂਦੀ ਹੈ।

(ਸ-656) **ਸੁਰਤਾ ਪੰਡਤ** :

ਗੁਜਰਾਤ (ਪਛਮੀ ਪੰਜਾਬ) ਦਾ ਵਸਨੀਕ ਇਕ ਪੰਡਤ; ਸੁਰਤੇ ਪੰਡਤ ਦੇ ਜੀਵਨ ਬਾਰੇ ਇਤਿਹਾਸਕ ਸਾਮੱਗਰੀ ਨਹੀਂ ਮਿਲਦੀ। ਨਾਨਕ ਬਾਣੀ ਵਿਚ ਸੁਰਤੇ ਪੰਡਤ ਦਾ ਜ਼ਿਕਰ ਆਉਂਦਾ ਹੈ : ਜੰਮੇ ਜੀਅ ਜਾਣੇ ਜੇ ਥਾਉ। ਸੁਰਤਾ ਪੰਡਤ ਤਾ ਕਾ ਨਾਓ। (ਮਲਾਰ ਮਹਲਾ ੧)। ਇਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸੁਰਤਾ ਉਦੋਂ ਤਕ ਪੰਜਾਬੀ ਲੋਕਧਾਰਾ ਦਾ ਅੰਗ ਬਣ ਚੁਕਾ ਸੀ ਅਤੇ ਕਾਫ਼ੀ ਸਾਰੀ ਲੋਕ ਸਾਮਗ੍ਰੀ—ਅਖਾਣ ਤੇ ਬੁਝਾਰਤਾਂ ਆਦਿ ਉਸ ਨਾਲ ਜੁੜ ਚੁਕੀਆਂ ਸਨ।

ਦੰਦ-ਕਥਾਵਾਂ ਅਨੁਸਾਰ ਸੁਰਤਾ ਇਕ ਵਾਰ ਜੰਗਲ ਵਿਚ ਗਊਆਂ ਚਾਰ ਰਿਹਾ ਸੀ ਕਿ ਉਹਦੇ ਕੋਲੋਂ ਦੋ ਸਵਾਰ — ਰਾਜਾ ਅਤੇ ਵਜ਼ੀਰ ਲੰਘੇ; ਉਹ ਦੋਵੇਂ ਲਹਿੰਦੇ ਵਲ ਕੌਲਾਂ ਰਾਣੀ ਦੇ ਧੌਲਰ ਨੂੰ ਜਾ ਰਹੇ ਸਨ। ਕੌਲਾਂ ਰਾਣੀ ਨੇ ਇਹ ਸ਼ਰਤ ਰਖੀ ਹੋਈ ਸੀ ਕਿ ਜਿਹੜਾ ਨੌਜੁਆਨ ਉਸ ਦੀਆਂ ਬੁਝਾਰਤਾਂ ਦਾ ਉਤਰ ਦੇਵੇਗਾ, ਉਸੇ ਨਾਲ ਉਹ ਵਿਆਹ ਕਰਵਾਏਗੀ। ਪਰ ਜਿਹੜਾ ਸ਼ਖ਼ਸ ਉਤਰ ਦੇਣੋਂ ਅਸਮਰੱਥ ਰਹੇ, ਉਸ ਨੂੰ ਉਹ ਬੰਦੀ ਬਣਾ ਲੈਂਦੀ ਸੀ। ਰਾਜਾ ਕੌਲਾਂ ਰਾਣੀ ਦੀਆਂ ਬੁਝਾਰਤਾਂ ਬੁਝਣ ਲਈ ਹੀ ਜਾ ਰਿਹਾ ਸੀ। ਰਾਹ ਵਿਚ ਅਭਿਆਸ ਲਈ ਵਜ਼ੀਰ ਰਾਜੇ ਤੋਂ ਕੁਝ ਬੁਝਾਰਤਾਂ ਪੁਛ ਰਿਹਾ ਸੀ। ਵਜ਼ੀਰ ਨੇ ਇਕ ਬੁਝਾਰਤ ਪੁਛੀ— "ਸੁਕਾ ਢੀਂਗਰ ਅੰਡੇ ਦੇਂਦਾ।" ਦੇਵਨੇਤ ਸਾਹਮਣੇ ਇਕ ਅੱਕ ਦਾ ਸੁਕਾ ਬੂਟਾ ਸੀ, ਜਿਸ ਨਾਲ ਅੱਕੜੀਆਂ ਲੱਗੀਆਂ ਹੋਈਆਂ ਸਨ। ਸੋ ਰਾਜੇ ਨੂੰ ਉਤਰ ਸੁਝਿਆ — ਅੱਕ। ਸੁਰਤੇ ਦੇ ਕੰਨੀਂ ਇਹ ਬੋਲ ਪਏ, ਤਾਂ ਉਸ ਨੇ ਝਟ ਟੋਕਦੇ ਹੋਏ ਕਿਹਾ, "ਮਹਾਰਾਜ! ਇਸ ਬੁਝਾਰਤ ਦਾ ਠੀਕ ਉਤਰ 'ਚਰਖ਼ਾ ਤੇ ਮੁਢੇ' ਹੈ। ਸੁਰਤੇ ਦਾ ਉਤਰ ਸੁਣ ਕੇ ਰਾਜਾ ਬੜਾ ਪ੍ਰਭਾਵਤ ਹੋਇਆ ਤੇ ਉਹ ਸੁਰਤੇ ਨੂੰ ਚੋਖਾ ਸਾਰਾ ਲਾਲਚ ਦੇਕੇ ਨਾਲ ਲੈ ਤੁਰਿਆ। ਰਾਹ ਵਿਚ ਸੁਰਤੇ ਨੇ ਰਾਜੇ ਨੂੰ ਬੁਝਾਰਤਾਂ ਦੇ ਉਤਰ ਦੇਣੇ ਸਿਖਾਏ। ਰਾਜਾ ਇਸ ਕਲਾ ਵਿਚ ਇਤਨਾ ਤਾਕ ਹੋ ਗਿਆ ਕਿ ਉਸ ਨੇ ਰਾਣੀ ਦੀਆਂ ਸਤੇ ਬੁਝਾਰਤਾਂ ਬੁਝ ਲਈਆਂ ਅਤੇ ਰਾਣੀ ਨੂੰ ਵਿਆਹ ਲਿਆਂਦਾ। ਰਾਜੇ ਨੇ ਖ਼ੁਸ਼ ਹੋ ਕੇ ਸੁਰਤੇ ਨੂੰ ਆਪਣਾ ਵਜ਼ੀਰ ਬਣਾ ਲਿਆ।

ਬਾਬਾ ਗੰਗਾ ਸਿੰਘ ਬੇਦੀ ਨੇ ਸੁਰਤੇ ਦੀਆਂ ਡੇਢ ਸੌ ਬੁਝਾਰਤਾਂ ਇਕੱਠੀਆਂ ਕਰ ਕੇ ਛਾਪੀਆਂ। ਉਨ੍ਹਾਂ ਦੀ ਧਾਰਨਾ ਹੈ ਕਿ ਇਹ ਬੁਝਾਰਤਾਂ ਗੁਰੂ ਨਾਨਕ ਤੋਂ ਪੂਰਬਵਰਤੀ ਹਨ, ਕਿਉਂ ਜੋ ਇਕ ਤਾਂ ਨਾਨਕ ਬਾਣੀ ਵਿਚ ਸੁਰਤੇ ਪੰਡਤ ਦਾ ਜ਼ਿਕਰ

ਆਉਂਦਾ ਹੈ । ਦੂਜਾ ਜਿਸ ਤੋਲ ਤੇ ਧਾਰਨਾ ਵਿਚ ਸੁਰਤੇ ਦੀਆਂ ਬੁਝਾਰਤਾਂ ਮਿਲਦੀਆਂ ਹਨ, ਉਹੀ ਤੋਲ ਤੇ ਧਾਰਨਾ ਨਾਮਦੇਵ ਤੇ ਇਨ੍ਹਾਂ ਤੋਂ ਪਹਿਲਾਂ ਦੇ ਕਵੀਆਂ ਨੇ ਵਰਤੀ ਹੈ (ਵੇਖੋ : ਬੁਝਾਰਤ)।

ਆਮ ਬੁਝਾਰਤਾਂ ਤੋਂ ਇਲਾਵਾ ਸੁਰਤੇ ਨੇ ਪੰਜਾਬੀ ਵਿਚ ਨਵੀਂ ਸ਼ੈਲੀ ਦੇ ਅਖਾਣਾਂ ਤੇ ਬੁਝਾਰਤਾਂ ਦੀ ਵੀ ਸਿਰਜਨਾ ਕੀਤੀ । ਸੁਰਤੇ ਦੀਆਂ ਬੁਝਾਰਤਾਂ ਵਿਚ ਆਮ ਤੌਰ ਤੇ ਤਿੰਨ ਅਨੁਭਵਾਂ ਨੂੰ ਸੰਜੁਗਤ ਕੀਤਾ ਗਿਆ ਹੈ, ਅਥਵਾ ਤਿੰਨ ਵਸਤੂਆਂ ਬਾਰੇ ਇਕ ਸਾਂਝਾ ਅਨੁਭਵ ਜਾਂ ਨਿਰਣਾ ਪੇਸ਼ ਕੀਤਾ ਹੈ । ਇਹੋ ਬੁਝਾਰਤਾਂ ਰੂਪ ਬਦਲ ਕੇ ਅਖਾਣ ਬਣ ਗਈਆਂ :

ਪਰ ਘਰ ਗਈ ਨਾ ਬਹੁੜੇ —
ਪੋਥੀ, ਕਾਨੀ, ਨਾਰ ।
ਜੇ ਮੋੜੇ ਕਰਤਾਰ, ਟੁਟੀ ਭੰਨੀ ਆ ਮੁੜੇ ।

ਤ੍ਰੈ ਉਮਰ ਖ਼ੁਆਰ —
ਮੁਛ ਫੁਟੰਦਾ ਗਭਰੂ, ਛਾਤੀ ਫੁਟੀ ਨਾਰ,
ਵਗ ਵਿਚ ਛੁਟਾ ਵਹਿੜਕਾ,
ਤ੍ਰੈ ਉਮਰ ਖ਼ੁਆਰ ।

(ਸ-657) **ਸੁਰਥ** :

ਇਕ ਚੰਦ੍ਰਵੰਸ਼ੀ ਰਾਜਾ, ਜੋ ਦੁਰਗਾ ਦਾ ਅਨਿਨ ਭਗਤ ਸੀ। ਸੁਰਥ ਦੀ ਕਥਾ ਮਾਰਕੰਡੇ ਪੁਰਾਣ ਵਿਚ ਮਿਲਦੀ ਹੈ। ਪੁਰਾਣਾਂ ਅਨੁਸਾਰ ਸੁਰਥ ਦਾ ਅਧਿਕਾਰ ਸਾਰੇ ਭੂ-ਮੰਡਲ ਉਪਰ ਸੀ। ਇਕ ਕਛਤ੍ਰੀ ਰਾਜੇ ਕੋਲ ਵਿਧਵੰਸੀ ਨੇ ਸੁਰਥ ਉਤੇ ਧਾਵਾ ਬੋਲ ਕੇ ਉਸ ਤੋਂ ਰਾਜ ਭਾਗ ਤੇ ਧਨ ਦੌਲਤ ਸਭ ਕੁਝ ਖੋਹ ਲਿਆ। ਰਾਜਾ ਆਪਣੀ ਜਾਨ ਬਚਾ ਕੇ ਇਕ ਰਿਸ਼ੀ ਮੇਧਾ ਮੁਨੀ ਦੇ ਆਸ਼ਰਮ ਵਿਚ ਜਾ ਰਿਹਾ। ਪਰ ਸੁਰਥ ਦਾ ਮਨ ਆਪਣੇ ਪਰਿਵਾਰ ਤੇ ਪਰਜਾ ਵਿਚ ਹੀ ਜੁੜਿਆ ਰਿਹਾ। ਇਕ ਦਿਨ ਰਾਜੇ ਨੇ ਮੇਧਾ ਮੁਨੀ ਦੇ ਆਸ਼ਰਮ ਦੇ ਨੇੜੇ ਇਕ ਵੈਸ਼ ਸਮਾਧਿ ਨੂੰ ਵੇਖਿਆ, ਜਿਸ ਨੂੰ ਉਸ ਦੀ ਦੁਸ਼ਟ ਪਤਨੀ ਤੇ ਪੁਤਰਾਂ ਨੇ, ਧਨ ਦੇ ਲੋਭ ਵਿਚ, ਘਰੋਂ ਬਾਹਰ ਕੱਢ ਦਿਤਾ ਸੀ। ਫਿਰ ਵੀ ਸਮਾਧਿ ਦਾ ਮਨ ਬਾਲ ਬੱਚਿਆਂ ਦੇ ਮੋਹ ਤੋਂ ਮੁਕਤ ਨਹੀਂ ਸੀ ਹੋ ਸਕਿਆ ਤੇ ਉਹ ਹਮੇਸ਼ਾਂ ਆਪਣੇ ਬੱਚਿਆਂ ਦੀ ਚਿੰਤਾ ਵਿਚ ਡੁਬਾ ਰਹਿੰਦਾ। ਸੁਰਥ ਤੇ ਸਮਾਧਿ ਦੋਵੇਂ ਮੇਧਾ ਮੁਨੀ ਕੋਲ ਗਏ ਤੇ ਉਨ੍ਹਾਂ ਨੇ ਮੋਹ ਤੋਂ ਮੁਕਤ ਹੋਣ ਦਾ ਉਪਾਅ ਪੁਛਿਆ। ਰਿਸ਼ੀ ਨੇ ਦਸਿਆ ਕਿ ਇਹ ਸਾਰਾ ਪਸਾਰਾ ਭਗਵਤੀ ਮਹਾਂ ਮਾਇਆ ਦਾ ਹੀ ਹੈ। ਉਹੋ ਹੀ ਪ੍ਰਾਣੀਆਂ ਦੇ ਚਿਤ ਨੂੰ ਮੋਹ ਵਿਚ ਖਚਿਤ ਕਰਦੀ ਹੈ। ਰਾਜੇ ਦੀ ਮਹਾਂ ਮਾਇਆ ਵਿਚ ਉਤਕੰਠਾ ਵੇਖ ਕੇ, ਰਿਸ਼ੀ ਨੇ ਭਗਵਤੀ ਦੇਵੀ ਦੀ ਕਥਾ ਸੁਣਾਈ। ਦੇਵੀ ਦੀ ਇਹੋ ਕਥਾ ਚੰਡੀ ਦੀ ਵਾਰ ਦਾ ਵਸਤੂ ਹੈ। ਦੇਵੀ ਦੀ ਕਥਾ ਸੁਣ ਕੇ ਸੁਰਥ ਤੇ ਸਮਾਧਿ ਵਿਰਕਤ ਹੋ ਕੇ ਤਪੱਸਿਆ ਕਰਨ ਲੱਗੇ ਅਤੇ ਦੇਵੀ ਦੀ ਮੂਰਤੀ ਬਣਾ ਕੇ ਪੁਸ਼ਪ ਤੇ ਧੂਪ ਦੀ ਭੇਟਾ ਚੜ੍ਹਾਣ ਲੱਗੇ । ਤਿੰਨਾਂ ਸਾਲਾਂ ਦੀ ਘੋਰ ਤਪੱਸਿਆ ਮਗਰੋਂ ਚੰਡਿਕਾ ਦੇਵੀ ਪ੍ਰਗਟ ਹੋਈ ਅਤੇ ਉਸ ਨੇ ਸੁਰਥ ਅਤੇ ਸਮਾਧਿ ਨੂੰ ਕੋਈ ਵਰ ਮੰਗਣ ਲਈ ਕਿਹਾ। ਸੁਰਥ ਨੇ ਅਗਲੇ ਜਨਮ ਵਿਚ ਸਥਿਰ ਰਾਜ ਅਤੇ ਇਸੇ ਜਨਮ ਵਿਚ ਦੁਸ਼ਮਣ ਦੀ ਸੈਨਾ ਨੂੰ ਨਸ਼ਟ ਕਰਕੇ, ਆਪਣਾ ਰਾਜ ਮੁੜ ਪ੍ਰਾਪਤ ਕਰਨ ਦਾ ਵਰਦਾਨ ਮੰਗਿਆ। ਵੈਸ਼ ਸਮਾਧਿ ਨੇ ਕੇਵਲ ਗਿਆਨ ਮੰਗਿਆ। ਦੇਵੀ ਨੇ ਦੁਹਾਂ ਦੀਆਂ ਮਨੋ-ਕਾਮਨਾ ਪੂਰੀਆਂ ਕੀਤੀਆਂ। ਦੇਵੀ ਦੇ ਵਰਦਾਨ ਸਦਕਾ ਸੁਰਥ ਸੂਰਜ ਤੋਂ ਜਨਮ ਲੈ ਕੇ ਸਾਵਰਣਿਕ ਮਨੂ ਬਣਨਗੇ। ਸਾਵਰਣਿਕ ਮਨੂ ਅਠਵਾਂ ਮਨੂ ਹੋਵੇਗਾ । ਹੁਣ ਸੰਸਾਰ ਉਤੇ ਸਤਵੇਂ ਮਨੂ ਵੈਵਸਵਤ ਦਾ ਪਹਿਰਾ ਹੈ। ਕੁਲ ਮਨੂ ਚੌਦਾਂ ਹੋਣਗੇ ।

(ਸ-658) **ਸੁਰਭੀ** :

ਇਕ ਪੌਰਾਣਿਕ ਗਊ, ਜੋ ਹਰ ਮਨੋਕਾਮਨਾ ਪੂਰੀ ਕਰਨ ਦੀ ਸ਼ਕਤੀ ਰਖਦੀ ਹੈ। ਇਸ ਗਊ ਦੀ ਉਤਪੱਤੀ ਬਾਰੇ ਪੁਰਾਣਾਂ ਵਿਚ ਕਈ ਕਥਾਵਾਂ ਮਿਲਦੀਆਂ ਹਨ । ਇਕ ਕਥਾ ਅਨੁਸਾਰ ਇਸ ਗਊ ਨੂੰ ਪਰਜਾਪਤੀ ਨੇ ਆਪਣੇ ਸਾਹ ਵਿਚੋਂ ਉਤਪੰਨ ਕੀਤਾ । ਇਹ ਵੀ ਧਾਰਨਾ ਹੈ ਕਿ ਇਹ ਗਊ ਸਮੁੰਦਰ ਮਥਣ ਵੇਲੇ ਰਤਨ ਦੇ ਰੂਪ ਵਿਚ ਨਿਕਲੀ ਸੀ ਅਤੇ ਚੌਦਾਂ ਰਤਨਾਂ ਵਿਚੋਂ ਇਕ ਹੈ। ਕਈ ਸੁਰਭੀ ਗਊ ਦਾ ਏਕੀਕਰਣ ਕਾਮਧੇਨ ਨਾਲ ਕਰਦੇ ਹਨ (ਵੇਖੋ : ਕਾਮਧੇਨ)।

ਪੁਰਾਣਾਂ ਦੀ ਇਕ ਕਥਾ ਅਨੁਸਾਰ ਸੁਰਭੀ ਨੇ ਬੜੇ ਤੱਪ ਕੀਤੇ। ਬ੍ਰਹਮਾ ਨੇ ਪ੍ਰਸੰਨ ਹੋ ਕੇ ਸੁਰਭੀ ਨੂੰ ਅਮਰ ਹੋਣ ਦਾ ਵਰ ਬਖਸ਼ਿਆ ਤੇ ਇਸ ਨੂੰ ਬ੍ਰਹਮ ਲੋਕ ਵਿਚ ਵਸਣ ਲਈ ਬਹੁਤ ਹੀ ਸੁੰਦਰ ਤੇ ਅਲੌਕਿਕ ਸਥਾਨ ਪ੍ਰਦਾਨ ਕੀਤਾ, ਜੋ 'ਗੋਲਕਾ' ਦੇ ਨਾਂ ਨਾਲ ਪ੍ਰਸਿਧ ਹੈ। ਧਾਰਨਾ ਹੈ ਕਿ ਗਊ ਦੀ ਪੂਜਾ ਕਰਨ ਵਾਲੇ ਪ੍ਰਾਣੀ ਨੂੰ ਮਰਨ ਉਪ੍ਰੰਤ ਇਸੇ ਸਵਰਗ ਵਿਚ ਨਿਵਾਸ ਮਿਲਦਾ ਹੈ।

ਸੁਰਭੀ ਤੋਂ ਹੀ ਸੰਸਾਰ ਵਿਚ ਗਾਵਾਂ ਦੀ ਵੰਸ਼ ਚੱਲੀ। ਸੁਰਭੀ ਭਗਤ ਗਊ ਨੂੰ ਦੇਵੀ ਮਾਤਾ ਦਾ ਰੂਪ ਸਮਝ ਕੇ ਉਸ ਦਾ ਆਦਰ ਕਰਦੇ ਹਨ। ਕਈ ਸੁਰਭੀ ਭਗਤ ਤਾਂ ਗਊਸ਼ਾਲਾ ਵਿਚ ਨਿਵਾਸ ਕਰਦੇ ਅਤੇ ਗਊ ਦੇ ਦੁਧ ਤੋਂ ਬਣੇ ਪਦਾਰਥ — ਦੁੱਧ, ਦਹੀਂ, ਪਨੀਰ, ਲੱਸੀ, ਮੱਖਣ ਉਤੇ ਗੁਜ਼ਾਰਾ ਕਰਦੇ ਹਨ ਤੇ ਹੋਰ ਕੋਈ ਚੀਜ਼ ਵਸਤ ਨਹੀਂ ਖਾਂਦੇ। ਕਿਸੇ ਵੇਲੇ ਪੰਜਾਬ ਵਿਚ ਅਨੇਕਾਂ ਸੁਰਭੀ ਭਗਤ ਮਿਲਦੇ ਸਨ।

### (ਸ-659) **ਸੁਰਮਾ** :

ਮੁਸਲਮਾਨਾਂ ਵਿਚ ਸੁਰਮੇ ਬਾਰੇ ਇਕ ਮੁੱਢੀ ਇਉਂ ਪ੍ਰਚਲਤ ਹੈ — ਜਦੋਂ ਪੈਗੰਬਰ ਮੂਸਾ ਅੱਲਾ ਦੇ ਦਰਸ਼ਨ ਕਰਨ ਲਈ ਤੂਰ ਪਹਾੜ ਉਤੇ ਗਿਆ, ਤਾਂ ਉਸ ਨੂੰ ਗ਼ੈਬੀ ਆਵਾਜ਼ ਆਈ ਕਿ ਉਸ ਦੇ ਨੂਰ ਦੀ ਝਾਲ ਕੋਈ ਮਨੁਖੀ ਅੱਖ ਨਹੀਂ ਝਲ ਸਕਦੀ। ਇਸ ਲਈ ਉਸ ਨੂੰ ਅੱਲਾ ਦੇ ਨੂਰ ਦੀ ਕੇਵਲ ਇਕੋ ਕਿਰਨ ਦਾ ਦੀਦਾਰ ਹੋ ਸਕਦਾ ਹੈ। ਮੂਸਾ ਨੇ ਇਹ ਗੱਲ ਪ੍ਰਵਾਨ ਕਰ ਲਈ। ਜਦੋਂ ਨੂਰ ਦੀ ਕਿਰਨ ਪ੍ਰਕਾਸ਼ਮਾਨ ਹੋਈ, ਤਾਂ ਉਹ ਇਕ ਚੱਟਾਨ ਉਤੇ ਜਾ ਟਿਕੀ, ਜੋ ਉਸੇ ਵੇਲੇ ਸੜ ਕੇ ਕਾਲਾ ਪੱਥਰ ਬਣ ਗਈ। ਇਸੇ ਕਾਲੇ ਪੱਥਰ ਤੋਂ ਸੰਸਾਰ ਦਾ ਪਹਿਲਾ ਸੁਰਮਾ ਬਣਾਇਆ ਗਿਆ।

ਲੋਕ-ਕਹਾਣੀਆਂ ਵਿਚ ਅਜਿਹੇ ਸੁਲੇਮਾਨੀ ਸੁਰਮੇ ਦਾ ਵਰਨਣ ਮਿਲਦਾ ਹੈ, ਜਿਸ ਨੂੰ ਅੱਖਾਂ ਵਿਚ ਪਾਉਣ ਵਾਲਾ ਪ੍ਰਾਣੀ ਖ਼ੁਦ ਅਦ੍ਰਿਸ਼ਟ ਹੋ ਜਾਂਦਾ ਹੈ, ਪਰ ਉਹ ਦੂਜਿਆਂ ਨੂੰ ਸਨਮੁਖ ਵੇਖਦਾ ਰਹਿੰਦਾ ਹੈ।

ਸੁਰਮੇ ਨਾਲ ਕੁਝ ਸਮਾਜਿਕ ਰੀਤਾਂ ਵੀ ਸੰਬੰਧਿਤ ਹਨ। ਫ਼ਾਜ਼ਲਕਾ ਦੇ ਹਿੰਦੂ ਅਰੋੜਿਆਂ ਵਿਚ, ਪਹਿਲੇ ਗਰਭ ਦੇ ਤੀਜੇ ਮਹੀਨੇ, ਗਰਭਵਤੀ ਦੀ ਅੱਖ ਵਿਚ ਨਨਾਣ ਸੁਰਮਾ ਪਾਉਣ ਦੀ ਰੀਤ ਕਰਦੀ ਹੈ, ਜਿਸ ਨੂੰ 'ਅੱਖ ਸਲਾਈ' ਕਹਿੰਦੇ ਹਨ। ਇਸ ਰੀਤ ਮਗਰੋਂ ਗਰਭਵਤੀ ਵਾਸਤੇ ਬੱਚੇ ਦੇ ਜੰਮਣ ਤਕ ਸੁਰਮਾ ਪਾਉਣਾ ਨਿਸ਼ੇਧ ਹੈ (ਵੇਖੋ : ਅੱਖ ਸਲਾਈ)।

ਇਸੇ ਤਰ੍ਹਾਂ ਵਿਆਹ ਨਾਲ ਸੰਬੰਧਿਤ ਇਕ ਰਸਮ 'ਸੁਰਮਾ ਪਵਾਈ' ਹੈ। ਜਦੋਂ ਦੂਲ੍ਹਾ ਸਜ ਕੇ ਘੋੜੇ ਉਤੇ ਚੜ੍ਹਦਾ ਹੈ, ਤਾਂ ਉਸ ਦੀ ਵੱਡੀ ਭਰਜਾਈ ਜਾਂ ਸਾਰੀਆਂ ਭਰਜਾਈਆਂ ਵਾਰੋ ਵਾਰ ਉਸ ਦੀ ਅੱਖ ਵਿਚ ਸੁਰਮਾ ਪਾਉਂਦੀਆਂ ਹਨ, ਤਾਂ ਜੋ ਦੂਲ੍ਹੇ ਦਾ ਰੂਪ ਨਿਖਰੇ। ਇਸ ਰੀਤ ਸਮੇਂ ਕੁਝ ਗੀਤ ਵੀ ਗਾਏ ਜਾਂਦੇ ਹਨ :

ਪਹਿਲੀ ਸਲਾਈ ਵੇ ਦਿਉਰਾ ਰਸਭਰੀ,
ਦੂਜੀ ਗੁਲਾਨਾਰ।
ਤੀਜੀ ਸਲਾਈ ਤਾਂ ਪਾਵਾਂ ਦਿਉਰਾ,
ਜੋ ਮੁਹਰਾਂ ਦੇਵੇਂ ਚਾਰ।

ਇਸ ਮੌਕੇ ਉਤੇ ਹੇਠਲਾ ਗੀਤ ਵੀ ਗਾਇਆ ਜਾਂਦਾ ਹੈ :—

ਸ਼ੀਸ਼ਾ ਸੁਰਮਾ ਦੋ ਜਣੇ, ਵੇ ਦਿਉਰਾ!
ਦੋਵੇਂ ਸਕੇ ਭਰਾ;
ਇਕ ਪਾਈਏ ਇਕ ਵੇਖੀਏ,
ਤੈਨੂੰ ਨਵੀਂ ਬੰਨੀ ਦਾ ਚਾਅ।
ਅੰਦਰ ਵਿਛਾਵਾਂ ਮਖ਼ਮਲ ਦਿਉਰਾ,
ਬਾਹਰ ਕਰਾਂ ਛਿੜਕਾ।
ਮੱਥਾ ਟੇਕਣਾ ਭੁਲ ਗਿਆ,
ਤੈਨੂੰ ਨਵੀਂ ਬੰਨੀ ਦਾ ਚਾਅ।

ਸੁਰਮੇ ਦੀ ਰੀਤ ਵੇਲੇ ਦੂਲ੍ਹਾ ਆਪਣੀ ਭਰਜਾਈ ਨੂੰ ਸ਼ਗਨ ਵਜੋਂ ਕੁਝ ਰੁਪਏ ਵੀ ਦੇਂਦਾ ਹੈ।

ਲੋਕਾਂ ਦਾ ਨਿਸਚਾ ਹੈ ਕਿ ਸੁਰਮਾ ਭੂਤ ਪ੍ਰੇਤ ਤੇ ਚੰਦਰੀਆਂ ਰੂਹਾਂ ਨੂੰ ਦੂਰ ਰਖਦਾ ਹੈ। ਘੋੜੀ ਉਤੇ ਚੜ੍ਹਨ ਮਗਰੋਂ ਦੂਲ੍ਹੇ ਦੀ ਅੱਖ ਵਿਚ ਸੁਰਮਾ ਪਾਉਣ ਦੀ ਰੀਤ ਟੂਣਾ ਚਿੰਤਨ ਉਪਰ ਆਧਾਰਤ ਹੈ, ਜੋ ਚੰਦਰੀਆਂ ਰੂਹਾਂ ਤੋਂ ਦੂਲ੍ਹੇ ਦੀ ਉਦੋਂ ਤਕ ਰੱਖਿਆ ਕਰਦਾ ਹੈ, ਜਦੋਂ ਤਕ ਕਿ ਉਹ ਡੋਲੀ ਲੈ ਕੇ ਘਰ ਨਹੀਂ ਮੁੜ ਆਉਂਦਾ।

ਕਈ ਮਾਂਵਾਂ ਆਪਣੇ ਬਾਲ ਨੂੰ ਨਵ੍ਹਾ ਧਵ੍ਹਾ ਕੇ ਜਦੋਂ ਨਵੇਂ ਕਪੜੇ ਪਹਿਨਾਂਦੀਆਂ ਹਨ, ਤਾਂ ਨਜ਼ਰ ਤੋਂ ਰੱਖਿਆ ਲਈ ਉਹਦੇ ਮੱਥੇ ਉਤੇ ਸੁਰਮੇ ਦੀ ਇਕ ਲਕੀਰ ਵਾਹ ਦੇਂਦੀਆਂ ਹਨ, ਧਾਰਨਾ ਹੈ ਕਿ ਇਸ ਤਰ੍ਹਾਂ ਸੁੰਦਰਤਾ ਦਾ ਇਕਾਗਰ ਪ੍ਰਭਾਵ ਨਹੀਂ ਰਹਿੰਦਾ ਤੇ ਚੰਦਰੀ ਨਜ਼ਰ ਨਹੀਂ ਲੱਗਦੀ।

ਪੰਜਾਬ ਵਿਚ ਕਈ ਤੀਵੀਆਂ, ਜਿਨ੍ਹਾਂ ਦਾ ਰੰਗ ਗੋਰਾ ਹੁੰਦਾ ਹੈ, ਆਪਣੇ ਚਿਹਰੇ ਉਤੇ ਸੁਰਮੇ ਨਾਲ ਕਾਲਾ ਤਿਲ ਬਣਾ ਲੈਂਦੀਆਂ ਹਨ। ਇਕ ਤਾਂ ਇਹ ਚਿਹਰੇ ਦੀ ਆਬ ਨੂੰ ਵਧਾਂਦਾ ਹੈ, ਦੂਜਾ ਚਿਹਰੇ ਦੀ ਨਜ਼ਰ ਤੋਂ ਰੱਖਿਆ ਕਰਦਾ ਹੈ।

(ਸ-660) **ਸੁਰਮਾ ਪਵਾਈ** :

ਵਿਆਹ ਦੀ ਇਕ ਰਸਮ (ਵੇਖੋ : ਸੁਰਮਾ)।

(ਸ-661) **ਸੁਰਵਚਲਾ** :

ਮਤੱਸਯ ਵਲਭ ਦੀ ਮਾਂ; ਸੁਰਵਚਲਾ ਦਖਣੀ ਸਾਗਰ ਦੇ ਜਲ-ਜੀਵਾਂ ਦੀ ਰਾਣੀ ਸੀ। ਜਦੋਂ ਹਨੂੰਮਾਨ ਲੰਕਾ ਜਾਣ ਲਈ ਆਕਾਸ਼ ਮੰਡਲ ਵਿਚ ਉੱਡਦਾ ਹੋਇਆ, ਸਮੁੰਦਰ ਪਾਰ ਕਰ ਰਿਹਾ ਸੀ, ਤਾਂ ਸਿਹਿੰਕਾ ਹਨੂੰਮਾਨ ਦੇ ਪਰਛਾਵੇਂ ਨੂੰ ਫੜ ਕੇ ਆਪਣੇ ਵਲ ਖਿੱਚਣ ਲੱਗੀ। ਉਦੋਂ ਹਨੂੰਮਾਨ ਨੇ ਆਪਣਾ ਆਕਾਰ ਕਈ ਗੁਣਾਂ ਫੈਲਾ ਕੇ, ਫਿਰ ਇਕਦਮ ਲਘੂ ਬਣਾ ਕੇ ਅੰਗੂਠੇ ਦੇ ਬਰਾਬਰ ਕਰ ਲਿਆ ਅਤੇ ਸਿਹਿੰਕਾ ਦੇ ਮੂੰਹ ਵਿਚ ਦਾਖ਼ਲ ਹੋ ਕੇ ਕੰਨ ਦੇ ਰਸਤਿਉਂ ਬਾਹਰ ਨਿਕਲ ਗਿਆ।

ਉਸ ਵੇਲੇ ਸੁਰਵਚਲਾ ਮਛਲੀ ਦੇ ਰੂਪ ਵਿਚ ਉਸੇ ਜਲ ਵਿਚ ਤੈਰ ਰਹੀ ਸੀ। ਉਦੋਂ ਹਨੂੰਮਾਨ ਨੇ ਸਿਹਿੰਕਾ ਨੂੰ ਮਾਰ ਕੇ ਆਪਣੇ ਮੱਥੇ ਤੋਂ ਪਸੀਨੇ ਦੀ ਬੂੰਦ ਪੂੰਝੀ ਤੇ ਉਂਗਲੀ ਨਾਲ ਝਟਕਾ ਮਾਰਿਆ। ਪਸੀਨੇ ਦੀ ਉਹੋ ਬੂੰਦ ਮਛਲੀ ਦੇ ਮੂੰਹ 'ਤੇ ਜਾ ਡਿਗੀ। ਮਛਲੀ ਉਸ ਨੂੰ ਨਿਗਲ ਗਈ ਅਤੇ ਗਰਭਵਤੀ ਹੋ ਗਈ। ਫਲਸਰੂਪ ਸੁਰਵਚਲਾ ਨੇ ਮਤੱਸਯ ਵਲਭ ਨੂੰ ਜਨਮ ਦਿਤਾ। ਮਤੱਸਯ ਵਲਭ ਅਜੇ ਬਾਲ ਅਵਸਥਾ ਵਿਚ ਹੀ ਸੀ ਕਿ ਮਹਿਰਾਵਣ ਉਸ ਨੂੰ ਚੁਕ ਕੇ ਲੈ ਗਿਆ ਤੇ ਉਸ ਨੂੰ ਆਪਣਾ ਦਾਸ ਬਣਾ ਲਿਆ।

ਮਹਿਰਾਵਣ ਜਦੋਂ ਰਾਮ ਚੰਦਰ ਅਤੇ ਲਛਮਣ ਨੂੰ ਕਾਲੀ ਮਾਤਾ ਦੀ ਬਲੀ ਦੇਣ ਲਈ ਲੰਕਾ ਵਿਚੋਂ ਚੁਕ ਕੇ ਪਤਾਲ ਲੋਕ ਵਿਚ ਲੈ ਗਿਆ, ਤਾਂ ਹਨੂੰਮਾਨ ਦੋਹਾਂ ਭਰਾਵਾਂ ਨੂੰ ਖੋਜਦਾ ਹੋਇਆ ਪਤਾਲ ਲੋਕ ਵਿਚ ਪੁਜਾ। ਉਦੋਂ ਮਹਿਲ ਦੇ ਵੱਡੇ ਦਰਵਾਜ਼ੇ ਉਤੇ ਮਤੱਸਯ ਵਲਭ ਪਹਿਰਾ ਦੇ ਰਿਹਾ ਸੀ। ਮਤੱਸਯ ਵਲਭ ਤੇ ਹਨੂੰਮਾਨ ਦੀ ਲੜਾਈ ਹੋਈ। ਉਦੋਂ ਹੀ ਅਚਾਨਕ ਹਨੂੰਮਾਨ ਨੂੰ ਪਤਾ ਲੱਗਾ ਕਿ ਮਤੱਸਯ ਵਲਭ ਉਸੇ ਦਾ ਪੁਤਰ ਹੈ। ਜਦੋਂ ਹਨੂੰਮਾਨ ਮਤੱਸਯ ਵਲਭ ਦਾ ਅੰਤ ਕਰਨ ਲੱਗਾ, ਤਾਂ ਸੁਰਵਚਲਾ ਨੇ ਹਨੂੰਮਾਨ ਦੇ ਚਰਨ ਫੜ ਕੇ ਅਸਲੀ ਗੱਲ ਦਸੀ। ਹਨੂੰਮਾਨ ਨੇ ਸੁਰਵਚਲਾ ਦੀ ਗੱਲ ਉਤੇ ਸੰਦੇਹ ਕੀਤਾ, ਪਰ ਆਕਾਸ਼ਵਾਣੀ ਹੋਈ ਕਿ ਸੁਰਵਚਲਾ ਜੋ ਕੁਝ ਕਹਿ ਰਹੀ ਹੈ ਸੱਚ ਹੈ। ਸੁਰਵਚਲਾ ਨੇ ਹੀ ਹਨੂੰਮਾਨ ਨੂੰ ਦਸਿਆ ਕਿ ਜੇ ਉਹ ਮਹਿਰਾਵਣ ਨੂੰ ਮਾਰਨਾ ਚਾਹੁੰਦਾ ਹੈ, ਤਾਂ ਪਹਿਲਾਂ ਚੰਦਰਸੇਨਾ ਕੋਲ ਜਾਵੇ, ਉਹ ਉਹਦੀ ਮੌਤ ਦਾ ਭੇਤ ਜਾਣਦੀ ਹੈ।

(ਸ-662) **ਸੁਰ-ਵਿਚਾਰ** :

ਸੱਜੀ ਜਾਂ ਖੱਬੀ ਨਾਸ ਵਿਚੋਂ, ਸਵਾਸ ਦੇ ਪ੍ਰਵਾਹ ਦਾ, ਪ੍ਰਾਣੀ ਦੇ ਜੀਵਨ ਉਤੇ ਸ਼ੁਭ ਅਸ਼ੁਭ ਫਲ ਨੂੰ ਸੁਰ-ਵਿਚਾਰ ਕਹਿੰਦੇ ਹਨ। ਪੁਰਾਣੇ ਵੇਲਿਆਂ ਵਿਚ ਸੁਰਾਂ ਨਾਲ ਕਈ ਤਰ੍ਹਾਂ ਦੇ ਭਰਮ ਤੇ ਫਲ ਜੁੜੇ ਹੋਏ ਸਨ, ਜਿਨ੍ਹਾਂ ਦਾ ਜ਼ਿਕਰ ਕਈ ਪੁਰਾਣੇ ਹੱਥ-ਲਿਖਤੀ ਖਰੜਿਆਂ ਵਿਚ ਹੈ। 'ਸੁਰ ਕਾ ਬੀਚਾਰ' ਨਾਂ ਦੇ ਇਕ ਖਰੜੇ ਵਿਚ ਸੁਰ-ਵਿਚਾਰ ਇਉਂ ਦਿਤੀ ਹੈ — "ਖਬੀ ਨਾਸਕਾ ਚੰਦ੍ਰਮਾ ਆਖੀਏ। ਅਰੁ ਸੱਜੀ ਨਾਸਕਾ ਸੂਰਜੁ ਆਖੀਏ। ਸਾਰੇ ਦਿਨਾਂ ਵਿਚ ਕਦੀ ਸੂਰਜ ਕਦੀ ਚੰਦਰਮਾ ਚਲਦਾ ਹੈ। ਚਾਰੇ ਬੇਲੇ ਸੁਰ ਬਰਾਬਰ ਚਲਦੇ ਹੈਂ। ਪਹਿਲੇ ਜੋ ਬਹੁਤ ਹੀ ਦਉੜਿਆ ਹੋਵੇ, ਦੂਜੇ ਜੋ ਮਸਤਿ ਕੈਫੀ ਹੀ ਹੋਵੈ। ਤੀਜੇ ਜੋ ਭੋਗ ਕਰ ਰਹਿਆ ਹੋਵੈ। ਚਉਥਾ ਜੋ ਦੋ ਹੀ ਸੁਰ ਬਰਾਬਰ ਚਲਤੇ ਹੈਨਿ। ਏਹੁ ਚਾਰੋਂ ਬੇਲੇ ਚਿਤ ਰਖੇ ਜੋ ਏਹੁ ਭਲੇ ਨਹੀਂ, ਬੁਰੈ ਹੈਨਿ, ਤਿਤੁ ਬੇਲੇ ਸੁਰ ਬੀਚਾਰੇ ਨਾਹੀਂ।"

ਉਪ੍ਰੋਕਤ ਖਰੜੇ ਵਿਚ ਇਕ ਦੋ ਥਾਂ ਸ਼ੁਭ ਸੁਰ

ਬਾਰੇ ਇਉਂ ਲਿਖਿਆ ਮਿਲਦਾ ਹੈ : "ਜੋ ਕੋਈ ਆਇ ਪੂਛੇ ਜੋ ਮੇਰਾ ਕਾਰਜ ਸਿਧਿ ਹੋਵੈਗਾ ਕਿ ਨਾ ਹੋਵੈਗਾ ਤਾਂ ਸੁਰ ਬੀਚਾਰੇ, ਦੇਖੇ ਜੇ ਸੂਰਜ ਸੁਰ ਚਲਤਾ ਹੈ ਅਰ ਦਿਨ ਭੀ ਸੂਰਜ ਕਾ ਹੋਵੇ ਤਾਂ ਕਹਣਾ ਜੋ ਤੇਰਾ ਕਾਰਜ ਤੁਰਤ ਸਿਧ ਹੋਵੇਗਾ।"

ਇਸੇ ਤਰ੍ਹਾਂ 'ਸੁਰਭੇਦ' ਨਾਂ ਦੇ ਖਰੜੇ ਅਨੁਸਾਰ ਜੋ ਕਿਸੇ ਅਗਿਆਤ ਲੇਖਕ ਦੀ ਕ੍ਰਿਤ ਹੈ, ਸੋਮਵਾਰ ਜੇ ਸੁਰ ਸੱਜੀ ਨਾਸਕਾ ਵਿਚ ਚਲੇ, ਤਾਂ ਸ਼ੁਭ ਫਲ ਹੈ — "ਸੋਮਵਾਰ ਸੁਰ ਸਸਿ ਕੋ ਹੋਇ। ਤੋ ਨਿਸਚੇ ਵਸੁ ਆਵੈ ਸੋਇ।"

ਸੁਰ ਵਿਚਾਰ ਦੀ ਮੱਧਕਾਲ ਵਿਚ ਇਤਨੀ ਮਹਾਨਤਾ ਸੀ ਕਿ 'ਗਿਆਨ ਸੁਰੋਦੇ' ਨਾਂ ਦੀ ਰਚਨਾ (ਭਾਸ਼ਾ ਵਿਭਾਗ ਨੰ: 50), ਜੋ ਕਿਸੇ ਚਰਣ ਦਾਸ ਦੀ ਕ੍ਰਿਤ ਹੈ, ਗੁਰੂ ਨਾਨਕ ਦੇਵ ਜੀ ਦੇ ਨਾਉਂ ਨਾਲ ਜੋੜ ਦਿਤੀ ਗਈ। ਇਸ ਰਚਨਾ ਦਾ ਆਰੰਭ ਇਸ ਪ੍ਰਕਾਰ ਹੈ :—

੧ ਓ ਸਤਿਗੁਰ ਪ੍ਰਸਾਦਿ।
ਰਾਗ ਰਾਮਕਲੀ ਮਹਲਾ ੧
ਨਮੋ ਨਮੋ ਜਗਦੀਸ ਜੀ ਪ੍ਰਣਵ ਕਰੋ ਅਨੰਤ।
ਤੁਮ ਪ੍ਰਸਾਦਿ ਸੁਭ ਭੇਦ ਕੋ,
ਨਾਨਕ ਦਾਸ ਬਰਨੰਤ।

(ਸ-663) **ਸੁਰ-ਵਿਦਿਆ** :

ਅਗੰਮ ਵਿੱਦਿਆ; ਕਈ ਬੰਦਿਆਂ ਨੂੰ ਭਵਿੱਖ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਪਹਿਲਾਂ ਤੋਂ ਹੀ ਗਿਆਨ ਹੋ ਜਾਂਦਾ ਹੈ। ਉਹ ਲੋਕ ਇਹ ਤਾਂ ਨਹੀਂ ਦਸ ਸਕਦੇ ਕਿ ਉਨ੍ਹਾਂ ਨੂੰ ਇਹ ਅਨੁਭਵ ਅਥਵਾ ਸਹਿਜ ਗਿਆਨ ਕਿਵੇਂ ਹੋਇਆ, ਪਰ ਉਹ ਇਸ ਦੀ ਸੱਚਾਈ ਉਤੇ ਨਿਸਚਾ ਰਖਦੇ ਹਨ ਅਤੇ ਇਸ ਪਿਛੇ ਦੈਵੀ ਸ਼ਕਤੀ ਮੰਨਦੇ ਹਨ। ਇਸੇ ਨੂੰ ਸੁਰ (ਦੇਵ) ਜਾਂ ਸਹਿਜ ਵਿਦਿਆ ਕਿਹਾ ਜਾਂਦਾ ਹੈ।

(ਸ-664) **ਸੁਰਾ** :

ਖੀਰ ਸਾਗਰ ਮੱਥਣ ਵੇਲੇ ਸਮੁੰਦਰ ਵਿਚੋਂ, ਜੋ ਚੌਦਾਂ ਅਦਭੁਤ ਰਤਨ ਨਿਕਲੇ ਸਨ, ਉਨ੍ਹਾਂ ਵਿਚੋਂ ਇਕ ਸੁਰਾ (ਸ਼ਰਾਬ) ਵੀ ਸੀ। ਪੌਰਾਣਿਕ ਕਾਲ ਵਿਚ ਦੇਵਤੇ ਸੁਰਾ ਨੂੰ ਦੈਵੀ ਵਸਤੂ ਸਮਝ ਕੇ ਬੜੇ ਚਾਅ ਨਾਲ ਪੀਂਦੇ ਸਨ ਅਤੇ ਸੁਰਾ ਪੀਣ ਕਰ ਕੇ ਹੀ ਦੇਵਤੇ ਸੁਰ ਦੇ ਨਾਂ ਨਾਲ ਪ੍ਰਸਿਧ ਹੋਏ।

(ਸ-665) **ਸੁਰਾ ਗਊ** :

ਇਕ ਵਿਸ਼ੇਸ਼ ਗਊ, ਜਿਸ ਦੇ ਪੂਛਲ ਦੇ ਵਾਲਾਂ ਤੋਂ ਚੌਰ ਬਣਾਏ ਜਾਂਦੇ ਹਨ। ਇਸ ਗਊ ਨੂੰ, ਇੰਦਰ ਲੋਕ ਦੀ ਸੁਰਭੀ ਗਊ ਦੀ ਸਿਧੀ ਵੰਸ਼ ਜਾਣ ਕੇ, ਪਵਿਤ੍ਰ ਮੰਨਿਆ ਜਾਂਦਾ ਹੈ। ਸੁਰਾ ਗਊ ਹਿਮਾਚਲ ਦੇ ਬੁਸ਼ਹਿਰ ਇਲਾਕੇ ਵਿਚ ਆਮ ਮਿਲਦੀ ਹੈ (ਵੇਖੋ : ਸੁਰਭੀ)।

(ਸ-666) **ਸੁਰਾਂ** :

ਸਦਾਂ ਦੇ ਕਾਵਿ-ਰੂਪ ਨੂੰ ਮਾਝੇ ਵਿਚ ਸੁਰਾਂ ਵੀ ਕਿਹਾ ਜਾਂਦਾ ਹੈ। ਪਰ ਹਰ ਸਦ ਸੁਰ ਨਹੀਂ ਅਖਵਾਉਂਦੀ। ਕੇਵਲ ਮਿਰਜ਼ੇ ਸਾਹਿਬਾਂ ਦੀਆਂ ਸਦਾਂ ਦਾ ਨਾਉਂ ਹੀ ਸੁਰਾਂ ਪਿਆ, ਕਿਉਂ ਜੋ ਉਨ੍ਹਾਂ ਦੇ ਗਾਉਣ ਦੀ ਸੁਰ (ਧਾਰਨਾ) ਬਿਲਕੁਲ ਵਿਲੱਖਣ ਸੀ। ਹੇਠਾਂ ਮਿਰਜ਼ੇ ਦੀ ਇਕ ਲੋਕ ਪ੍ਰਚਲਤ ਸੁਰ ਦਿਤੀ ਜਾਂਦੀ ਹੈ :—

ਉਹਦਾ ਬੁਰਾ ਨਾ ਤੱਕੀਏ
ਜਿਹਦਾ ਲਈਏ ਲੂਣ ਖਾ।
ਜੇ ਧੀ ਹੁੰਦੀ ਅਸੀਲ ਦੀ
ਜੰਡ ਨਾਲ ਲੈਂਦੀ ਫਾਹ।
ਮੋਇਆ ਮਿਰਜ਼ਾ ਸੁਣ ਕੇ
ਬੈਠੀ ਕੰਡ ਭੁਵਾ।
ਗੋਰ ਪੁਛੇਂਦੀ ਤੁਧ ਨੂੰ
ਮੈਥੇ ਜਾਣਾ ਆ।
ਝੂਠੇ ਘਰ ਨੂੰ ਛੱਡ ਕੇ
ਸੱਚੇ ਘਰ ਵਲ ਜਾ।
ਛੇਕੜਦਾ ਘੋਲ ਹੈ
ਪਿੰਡੇ ਪਾਨੀ ਪਾ।
ਜਟ ਮਰ ਗਿਆ ਤੂੰ ਜੀਉਂਦੀ
ਲੱਖ ਲਾਅਨਤ ਤੇਰੇ ਭਾ।
ਕਾਂਵਾਂ ਬੋਲੀਆਂ ਮਾਰੀਆਂ
ਸਾਹਿਬਾਂ ਮਰੀ ਕਟਾਰੀ ਖਾ।
ਲੋਥਾਂ ਪਈਆਂ ਰਹੀਆਂ ਹੇਠਾਂ ਜੰਡ ਦੇ
ਬੁਤ ਵੜੇ ਬਿਸ਼ਤੀਂ ਜਾ।

(ਸ-667) **ਸੁਰਚੀ** :

ਧੂਹ ਦੀ ਮੜ੍ਹੀ ਮਾਂ (ਵੇਖੋ : ਧੂਹ)।

(ਸ-668) **ਸੁਲੱਖਣਾ** :

(ਵੇਖੋ : ਬੱਤੀ ਸੁਲੱਖਣਾ)।

(ਸ-669) **ਸੁਲਤਾਨ** :

(1) ਪੀਰ ਸੱਯਦ ਅਹਿਮਦ, ਜੋ 'ਸਖੀ ਸਰਵਰ', 'ਲਾਲਾਂ ਵਾਲਾ', 'ਨਿਗਾਹਾ ਪੀਰ', 'ਧੌਂਕਲੀਆ', 'ਲਖ ਦਾਤਾ' ਆਦਿ ਅਨੇਕਾਂ ਨਾਵਾਂ ਤੇ ਉਪਾਧੀਆਂ ਨਾਲ ਪ੍ਰਸਿੱਧ ਹੈ (ਵੇਖੋ : ਸਖੀ ਸਰਵਰ)।

(2) ਹੀਰ ਦਾ ਭਰਾ; ਜਦੋਂ ਸੁਲਤਾਨ ਨੂੰ ਹੀਰ ਰਾਂਝੇ ਦੇ ਇਸ਼ਕ ਦੀ ਸੂਹ ਮਿਲੀ, ਤਾਂ ਉਸ ਨੇ ਆਪਣੀ ਮਾਂ ਨੂੰ ਚੇਤਾਵਨੀ ਦਿਤੀ ਕਿ ਉਹ ਹੀਰ ਨੂੰ ਰਾਂਝੇ ਤੋਂ ਵਰਜੇ, ਨਹੀਂ ਤਾਂ ਉਹ ਹੀਰ ਨੂੰ ਜਾਨੋਂ ਮਾਰ ਦੇਵੇਗਾ।

(ਸ-670) **ਸੁਲਤਾਨ ਇਬਰਾਹੀਮ** :

ਸ਼ੇਖ਼ੂਪੁਰਾ ਦੇ ਇਲਾਕੇ ਦਾ ਇਕ ਪ੍ਰਸਿਧ ਪੀਰ, ਜਿਸ ਦੀ ਖ਼ਾਨਗਾਹ ਭੇਰੇ ਦੇ ਲਾਗੇ ਸਥਿਤ ਹੈ। ਇਥੇ ਹਰ ਸਾਲ ਚਾਰ ਵਿਸ਼ੇਸ਼ ਐਤਵਾਰ ਮੇਲੇ ਲੱਗਦੇ ਹਨ — ਚੇਤਰ ਦੇ ਮਹੀਨੇ ਦੇ ਦੋ ਅਖ਼ੀਰਲੇ ਐਤਵਾਰ ਅਤੇ ਵਿਸਾਖ ਦੇ ਮਹੀਨੇ ਦੇ ਦੋ ਪਹਿਲੇ ਐਤਵਾਰ। ਇਨ੍ਹਾਂ ਚੌਹਾਂ ਮੇਲਿਆਂ ਵਿਚ ਇਲਾਕੇ ਦੇ ਲੋਕ ਭਾਰੀ ਗਿਣਤੀ ਵਿਚ ਹੁੰਮ ਹੁਮਾ ਕੇ ਸ਼ਾਮਲ ਹੁੰਦੇ ਹਨ।

ਇਨ੍ਹਾਂ ਮੇਲਿਆਂ ਦੀ ਇਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਮੇਲੇ ਵਿਚ ਸ਼ਾਮਲ ਹੋਣ ਵਾਲੇ ਲੋਕ ਭੇਰੇ ਤੋਂ ਆਏ ਹੋਏ ਨਾਈਆਂ ਦੁਆਰਾ, ਆਪਣੇ ਸਰੀਰ ਦੇ ਕਿਸੇ ਅੰਗ ਉਤੇ ਟੱਕ ਲਗਵਾ ਕੇ, ਆਪਣੇ ਲਹੂ ਦੀ ਭੇਟ ਕਰਦੇ ਹਨ। ਲੋਕਾਂ ਦਾ ਨਿਸਚਾ ਹੈ ਕਿ ਲਹੂ ਦੇ ਤੁਪਕੇ ਪੀਰ ਨੂੰ ਭੇਟ ਕਰਨ ਨਾਲ ਪ੍ਰਾਣੀ ਨੂੰ ਸਾਰਾ ਸਾਲ ਕੋਈ ਰੋਗ ਨਹੀਂ ਲੱਗਦਾ।

(ਸ-671) **ਸੁਲਤਾਨ ਜ਼ਕਰੀਆ** :

ਮੁਸਲਮਾਨਾਂ ਦਾ ਇਕ ਪ੍ਰਸਿੱਧ ਪੀਰ, ਜਿਨ੍ਹਾਂ ਨੂੰ ਮੀਆਂ ਵਾਲੀ ਦੇ ਇਲਾਕੇ ਵਿਚ ਬੜੀ ਮਾਨਤਾ ਪ੍ਰਾਪਤ ਹੈ। ਸੁਲਤਾਨ ਜ਼ਕਰੀਆ ਦੇ ਅੱਬਾ ਮੀਆਂ ਅਲੀ ਨੇ ਹੀਮੀਆਂ ਵਾਲੀ ਦਾ ਸ਼ਹਿਰ ਸੋਲ੍ਹਵੀਂ ਸਦੀ ਵਿਚ ਵਸਾਇਆ ਸੀ। ਜਿਸ ਥਾਂ ਮੀਆਂ ਅਲੀ ਪਹਿਲਾਂ ਆ ਕੇ ਵਸੇ, ਉਸ ਅਸਥਾਨ ਨੂੰ ਅੱਜ ਕਲ੍ਹ 'ਮੀਆਂ ਕੀ ਮੇਲ' ਕਿਹਾ ਜਾਂਦਾ ਹੈ, ਜੋ ਅਜੋਕੇ ਮੀਆਂ ਵਾਲੀ ਸ਼ਹਿਰ ਦੇ ਉੱਤਰ ਵਲ, ਮੀਲ ਕੁ ਦੀ ਵਾਟ 'ਤੇ, ਦਰਿਆ ਦੇ ਕੰਢੇ ਉਪਰ ਸਥਿਤ ਹੈ। 'ਮੀਆਂ ਕੀ ਮੇਲ' ਵਿਚ ਰਹਿੰਦਿਆਂ ਇਕ ਵਾਰ ਸ਼ੇਖ਼ ਮੀਆਂ ਅਲੀ ਨੂੰ ਸੁਪਨਾ ਆਇਆ ਕਿ ਜੇ ਉਹ ਆਪਣੀ ਰਿਹਾਇਸ਼ ਵਾਸਤੇ ਕੋਈ ਪੱਕਾ ਅਸਥਾਨ ਚਾਹੁੰਦਾ ਹੈ, ਤਾਂ ਉਹ ਆਪਣਾ ਸਾਰਾ ਟੀਹਾ-ਟੰਬਾ ਬੇੜੀ ਵਿਚ ਲੱਦ ਕੇ, ਦਰਿਆ ਵਿਚ ਠੇਲ ਦੇਵੇ। ਜਿਥੇ ਵੀ ਬੇੜੀ ਕੰਢੇ ਜਾ ਲੱਗੇ, ਉਥੇ ਹੀ ਨਾਲ ਲੱਗਦੀ ਭੋਇੰ ਉਤੇ ਆਪਣਾ ਘਰ ਆਬਾਦ ਕਰ ਲਏ, ਪਰ ਸ਼ੇਖ਼ ਮੀਆਂ ਅਲੀ ਤੋਂ ਬੇੜੀ ਦਾ ਪ੍ਰਬੰਧ ਨਾ ਹੋ ਸਕਿਆ। ਉਦੋਂ ਹੀ ਇਸ ਦੇ ਪੁਤਰ ਸ਼ੇਖ਼ ਸੁਲਤਾਨ ਜ਼ਕਰੀਆ ਨੇ ਇਕ ਮੋਅਜਜ਼ਾ ਵਿਖਾਇਆ। ਸ਼ੇਖ਼ ਜ਼ਕਰੀਏ ਨੇ ਕਾਲਾ ਬਾਗ਼ ਵਾਲੇ ਪਾਸੇ ਮੂੰਹ ਕਰ ਕੇ ਉਚੀ ਆਵਾਜ਼ ਵਿਚ ਇਕ ਮੁਹਾਣੇ ਸੁਲਤਾਨ ਨੂੰ ਬੇੜੀ ਲਿਆਉਣ ਵਾਸਤੇ ਆਵਾਜ਼ ਮਾਰੀ। ਉਥੋਂ 25 ਮੀਲਾਂ ਦੀ ਵਾਟ ਉਤੇ ਬੈਠੇ ਸੁਲਤਾਨ ਨੇ ਇਹ ਆਵਾਜ਼ ਸੁਣੀ ਅਤੇ ਉਹ ਬੇੜੀ ਲੈ ਕੇ ਉਨ੍ਹਾਂ ਦੇ ਕੋਲ ਮੀਆਂ ਕੀ ਮੇਲ ਆ ਪੁਜਾ। ਸ਼ੇਖ਼ ਮੀਆਂ ਅਲੀ ਨੇ ਸਾਰਾ ਸਾਮਾਨ ਬੇੜੀ ਵਿਚ ਲੱਦ ਕੇ ਬੇੜੀ ਪਾਣੀ ਵਿਚ ਠੇਲ੍ਹ ਦਿਤੀ। ਇਹ ਬੇੜੀ ਵਟਾ ਖੇਲ ਨਾਂ ਦੇ ਪਿੰਡ ਕੋਲ, ਕਬਰਸਤਾਨ ਦੇ ਲਾਗੇ ਜਾ ਰੁਕੀ। ਉਥੇ ਹੀ ਉਨ੍ਹਾਂ ਨੇ ਮੀਆਂ ਅਲੀ ਦੀ ਢੋਕ ਵਸਾਈ, ਜੋ ਮਗਰੋਂ ਮੀਆਂ ਵਾਲੀ ਦੇ ਨਾਂ ਨਾਲ ਪ੍ਰਸਿੱਧ ਹੋਈ।

ਸੁਲਤਾਨ ਜ਼ਕਰੀਆ ਨੇ ਬਚਪਨ ਤੋਂ ਹੀ ਮੋਅਜਜ਼ੇ ਵਿਖਾਣੇ ਸ਼ੁਰੂ ਕਰ ਦਿਤੇ ਸਨ। ਆਪ ਦੇ ਪਿਉ ਨੇ ਮਰਨ ਤੋਂ ਕੁਝ ਦਿਨ ਪਹਿਲਾਂ, ਆਪਣੇ ਤਿੰਨਾਂ ਪੁਤਰਾਂ ਨੂੰ ਸੱਦ ਕੇ ਕਿਹਾ ਕਿ ਉਨ੍ਹਾਂ ਵਿਚੋਂ ਜਿਹੜਾ ਪੁਤਰ ਵੀ ਕੋਈ ਖ਼ਾਸ ਮੋਅਜਜ਼ਾ ਵਿਖਾਏਗਾ, ਉਸ ਨੂੰ ਹੀ ਗੱਦੀ ਸੌਂਪੀ ਜਾਵੇਗੀ।

ਸੁਲਤਾਨ ਜ਼ਕਰੀਆ ਸਭਨਾਂ ਤੋਂ ਛੋਟਾ ਸੀ।

ਸੋ, ਸ਼ੇਖ਼ ਮੀਆਂ ਅਲੀ ਆਪਣੇ ਤਿੰਨਾਂ ਪੁਤਰਾਂ ਨੂੰ ਦਰਿਆ ਦੇ ਕੰਢੇ 'ਤੇ ਲੈ ਗਿਆ ਅਤੇ ਉਸ ਨੇ ਤਿੰਨਾਂ ਨੂੰ ਪਾਣੀ ਉਪਰ ਤੁਰ ਕੇ ਦਰਿਆ ਪਾਰ ਕਰਨ ਲਈ ਕਿਹਾ। ਸੁਲਤਾਨ ਜ਼ਕਰੀਆ ਅੱਖ ਦੇ ਪਲਕਾਰੇ ਵਿਚ ਦਰਿਆ ਦੇ ਪਾਣੀ ਉਤੇ ਕਦਮ ਧਰਦਾ ਪਾਰ ਹੋ ਗਿਆ ਅਤੇ ਫਿਰ ਉਸੇ ਪੈਰੀਂ ਪਰਤ ਆਇਆ। ਉਸ ਦੇ ਦੋਵੇਂ ਭਰਾ ਦਰਿਆ ਦੇ ਕੰਢੇ ਹੀ ਹੈਰਾਨ ਖੜੇ ਰਹੇ। ਸੁਲਤਾਨ ਜ਼ਕਰੀਆ ਨੇ ਭਰਾਵਾਂ ਨੂੰ ਇਸ ਤਰ੍ਹਾਂ ਖਲੋਤਿਆਂ ਵੇਖ ਕੇ ਕਿਹਾ ਕਿ ਉਹ ਵੀ ਉਹਦੇ ਪਿਛੇ 'ਜ਼ਕਰੀ', 'ਜ਼ਕਰੀ' ਦਾ ਜਾਪ ਕਰਦੇ ਆ ਜਾਣ, ਉਹ ਪਾਣੀ ਵਿਚ ਨਹੀਂ ਡੁਬਣਗੇ। ਸੁਲਤਾਨ ਖ਼ੁਦ ਅੱਗੇ ਅੱਗੇ 'ਅੱਲਾ' 'ਅੱਲਾ' ਦਾ ਜਾਪ ਕਰਦਾ ਦਰਿਆ ਉਪਰ ਤੁਰਨ ਲੱਗਾ। ਜਦੋਂ ਦੋਵੇਂ ਭਰਾ ਅੱਧ ਵਿਚਕਾਰ ਪਹੁੰਚੇ, ਤਾਂ ਉਨ੍ਹਾਂ ਸੁਣਿਆ ਕਿ ਉਨ੍ਹਾਂ ਦਾ ਭਰਾ ਜ਼ਕਰੀਆ ਤਾਂ 'ਅੱਲਾ' 'ਅੱਲਾ' ਦਾ ਜਾਪ ਕਰ ਰਿਹਾ ਹੈ। ਸੋ ਦੋਵੇਂ ਭਰਾ ਵੀ 'ਜ਼ਕਰੀ' ਦੀ ਥਾਂ 'ਅੱਲਾ' ਦਾ ਜਾਪ ਕਰਨ ਲੱਗੇ, ਉਸੇ ਵੇਲੇ ਉਹ ਡੁਬਣ ਲੱਗੇ। ਜ਼ਕਰੀਆ ਨੇ ਉਨ੍ਹਾਂ ਨੂੰ ਡੁਬਦਿਆਂ ਵੇਖਕੇ ਚੇਤਾਵਨੀ ਦਿਤੀ ਕਿ ਉਹ 'ਅੱਲਾ' ਦੀ ਥਾਂ 'ਜ਼ਕਰੀ' ਆਖਣ, ਤਾਂ ਉਹ ਡੁਬਣੋਂ ਬਚ ਜਾਣਗੇ। ਦੋਹਾਂ ਭਰਾਵਾਂ ਫਿਰ 'ਜ਼ਕਰੀ' 'ਜ਼ਕਰੀ' ਦਾ ਜਾਪ ਸ਼ੁਰੂ ਕਰ ਦਿਤਾ ਤੇ ਉਹ ਦਰਿਆ ਪਾਰ ਹੋ ਗਏ। ਪਾਰ ਜਾ ਕੇ ਜ਼ਕਰੀਆ ਨੇ ਦੋਹਾਂ ਭਰਾਵਾਂ ਨੂੰ ਸਮਝਾਇਆ ਕਿ ਅਜੇ ਉਨ੍ਹਾਂ ਦੀ ਆਤਮਾ ਉਸ ਉੱਚੀ ਸਹਿਜ ਅਵਸਥਾ ਉਤੇ ਨਹੀਂ ਪਹੁੰਚੀ, ਜਿਥੇ ਉਹ ਅੱਲਾ ਨਾਲ ਸਿਧਾ ਸੰਪਰਕ ਸਥਾਪਿਤ ਕਰ ਲੈਣ। ਇਸ ਮੋਅਜਜ਼ੇ ਪਿਛੋਂ ਸ਼ੇਖ਼ ਮੀਆਂ ਅਲੀ ਨੇ ਸੁਲਤਾਨ ਜ਼ਕਰੀਆ ਖ਼ਾਨ ਨੂੰ ਗੱਦੀ ਸੌਂਪ ਦਿਤੀ (ਮੀਆਂਵਾਲੀ ਗਜ਼ਟੀਅਰ 78-79)।

ਸੁਲਤਾਨ ਜ਼ਕਰੀਆ ਦੀ ਖ਼ਾਨਗਾਹ ਉਤੇ ਹਰ ਸਾਲ ਭਾਰੀ ਮੇਲਾ ਲੱਗਦਾ ਹੈ। ਸ਼ਰਧਾਲੂ ਦੂਰੋਂ ਦੂਰੋਂ ਜ਼ਿਆਰਤ ਲਈ ਆਉਂਦੇ ਹਨ। ਮੀਆਂਵਾਲੀ ਵਿਚ ਆਪ ਦੀ ਇਤਨੀ ਮਾਨਤਾ ਹੈ ਕਿ ਕੋਈ ਸ਼ਖ਼ਸ ਆਪ ਦੀ ਕਦੇ ਝੂਠੀ ਸਹੁੰ ਨਹੀਂ ਚੁਕਦਾ।

ਆਪ ਦਾ ਬਣਵਾਇਆ ਇਕ ਤਾਲ, ਜਿਸ ਨੂੰ 'ਜ਼ਕਰੀਏ ਦਾ ਤਲਾਬ' ਕਿਹਾ ਜਾਂਦਾ ਹੈ, ਮੀਆਂ ਵਾਲੀ ਨਗਰ ਦੇ ਉਤਰ-ਦੱਖਣ ਵਲ ਸਥਿਤ ਹੈ। ਇਸ ਤਾਲ ਦਾ ਪਾਣੀ ਕਈ ਰੋਗਾਂ ਲਈ ਦੈਵੀ ਅੰਮ੍ਰਿਤ ਮੰਨਿਆ ਜਾਂਦਾ ਹੈ।

(ਸ-672) **ਸੁਲਤਾਨ ਵਲੀ ਮੁਹੰਮਦ** :

ਇਕ ਪ੍ਰਸਿਧ ਪੀਰ, ਜਿਸ ਦੀ ਮਜ਼ਾਰ ਬਹਾਵਲਪੁਰ ਵਿਚ ਨੌਸ਼ਹਿਰੇ ਦੇ ਲਾਗੇ ਸਥਿਤ ਹੈ। ਸ਼ਰਧਾਲੂ ਆਪ ਨੂੰ ਆਦਰ ਨਾਲ ਸੁਲਤਾਨ ਸਾਹਿਬ ਕਿਹਾ ਕਰਦੇ ਸਨ। ਦੇਸ਼ ਵੰਡ ਤੋਂ ਪਹਿਲਾਂ ਕਈ ਹਿੰਦੂ ਵੀ ਆਪ ਦੀ ਮਜ਼ਾਰ ਉਤੇ ਜਾ ਕੇ ਆਪਣੇ ਬੱਚਿਆਂ ਦੀ ਝੰਡ ਕੀਤਾ ਕਰਦੇ ਸਨ। ਜੇ ਕਿਸੇ ਨੂੰ ਝੋਲੇ, ਕੋਹੜ, ਸਿਰ ਦਰਦ ਤੇ ਅੱਖਾਂ ਦਾ ਰੋਗ ਹੋਵੇ, ਤਾਂ ਉਹ ਮਜ਼ਾਰ ਉਤੇ ਨੌਰਾਤਿਆਂ ਦੇ ਦਿਨੀਂ ਚੌਂਕੀ ਭਰਨ ਲਈ ਜਾਂਦਾ ਹੈ। ਇਸ ਅਸਥਾਨ ਉਤੇ ਮਰਦਾਂ ਨਾਲੋਂ ਤੀਵੀਆਂ ਜ਼ਿਆਦਾ ਆਉਂਦੀਆਂ ਹਨ।

ਸੁਲਤਾਨ ਸਾਹਿਬ ਜ਼ਾਤ ਦੇ ਅਵਾਣ ਸਨ ਤੇ ਗਿਆਰਵੀਂ ਸਦੀ ਹਿਜਰੀ ਦੇ ਅੰਤ ਵਿਚ ਮੁਲਤਾਨ ਵਿਚ ਪੈਦਾ ਹੋਏ, ਮ੍ਰਿਤੂ 1163 ਹਿਜਰੀ ਵਿਚ ਹੋਈ। ਆਪ ਸਦਾ ਲਾਲ ਕਪੜੇ ਧਾਰਨ ਕਰਦੇ ਸਨ ਅਤੇ ਆਪਣੇ ਹੱਥਾਂ ਵਿਚ ਤੀਰ ਕਮਾਨ ਰਖਦੇ ਸਨ। ਆਪ ਸਾਰੀ ਉਮਰ ਬ੍ਰਹਮਚਾਰੀ ਰਹੇ, ਪਰ ਆਪ ਹਮੇਸ਼ਾਂ ਜਵਾਨ ਕੁੜੀਆਂ ਦੀ ਸੰਗਤ ਵਿਚ ਰਹਿੰਦੇ ਸਨ। ਝੁਲਣ ਕਬੀਲੇ ਦੀਆਂ ਮੁਟਿਆਰਾਂ ਹਮੇਸ਼ਾਂ ਸੁਲਤਾਨ ਦੇ ਦੁਆਲੇ ਝੁਰਮਟ ਪਾਈ ਰਖਦੀਆਂ। ਸੋ, ਇਸ ਕਬੀਲੇ ਦੇ ਇਕ ਗਭਰੂ ਨੇ ਈਰਖਾ ਵਸ ਸੁਲਤਾਨ ਸਾਹਿਬ ਨੂੰ ਕਤਲ ਕਰਨਾ ਚਾਹਿਆ, ਪਰ ਉਸ ਨੂੰ ਅੰਤਰ ਪ੍ਰੇਰਨਾ ਹੋਈ ਕਿ ਸੁਲਤਾਨ ਸਾਹਿਬ ਨਿਰਲੇਪ ਹਨ ਤੇ ਕੁੜੀਆਂ ਦੀ ਸੰਗਤ ਕੇਵਲ ਆਪਣੀ ਨਿਰਮਲਤਾ ਨੂੰ ਛੁਪਾਣ ਲਈ ਕਰਦੇ ਹਨ। ਸੁਲਤਾਨ ਸਾਹਿਬ ਦੀ ਮਜ਼ਾਰ ਉਤੇ ਹਰ ਸਾਲ ਰਮਜ਼ਾਨ ਦੇ ਮਹੀਨੇ ਦੀ 27 ਤਾਰੀਖ਼ ਨੂੰ ਭਾਰੀ ਉਰਸ ਲੱਗਦਾ ਹੈ (ਬਹਾਵਲਪੁਰ ਗਜ਼ਟੀਅਰ, 169)।

(ਸ-673) **ਸੁਲਤਾਨਪੁਰ ਲੋਧੀ** :

ਪੰਜਾਬ ਦਾ ਇਕ ਪ੍ਰਾਚੀਨ ਇਤਿਹਾਸਕ ਨਗਰ, ਜੋ ਤਹਿਸੀਲ ਕਪੂਰਥਲਾ ਵਿਚ, ਜਲੰਧਰ ਫ਼ੀਰੋਜ਼ਪੁਰ ਰੇਲਵੇ ਲਾਇਨ ਉਤੇ, ਕਪੂਰਥਲਾ ਤੋਂ 27 ਕਿਲੋ ਮੀਟਰ ਦੂਰ ਸਥਿਤ ਹੈ। ਇਹ ਨਗਰ ਚਿਟੀ ਵੇਈਂ ਦੇ ਕੰਢੇ ਉਤੇ ਹੋਣ ਕਰ ਕੇ ਬੜਾ ਰਮਣੀਕ ਹੈ। ਵੈਦਿਕ ਕਾਲ ਤੋਂ ਹੀ ਇਸ ਨਗਰ ਦੀ ਮਾਨਤਾ ਚਲੀ ਆ ਰਹੀ ਹੈ। ਪੰਜਵੀਂ ਤੋਂ ਸਤਵੀਂ ਸਦੀ ਈਸਵੀ ਵਿਚ ਇਹ ਅਸਥਾਨ, ਜਿਸ ਨੂੰ ਉਦੋਂ ਤਮਸਾ ਵਨ ਕਹਿਆ ਜਾਂਦਾ ਸੀ, ਬੁਧ ਧਰਮ ਦਾ ਗਿਆਨ ਤੇ ਸਾਧਨਾ-ਕੇਂਦਰ ਰਿਹਾ ਹੈ। ਇਥੇ ਹੀ ਕਾਤਿਆਯਨ ਨੇ 'ਅਭਿਧਰਮ-ਪ੍ਰਸਥਾਣ' ਗ੍ਰੰਥ ਦੀ ਰਚਨਾ ਕੀਤੀ। ਤਮਸਾਵਨ ਦਾ ਜ਼ਿਕਰ ਦਿਵਿਅਵਦਾਨ ਨਾਂ ਦੇ ਬੋਧੀ ਗ੍ਰੰਥ ਵਿਚ ਆਉਂਦਾ ਹੈ। ਬੁਧ ਦੀ ਚੜ੍ਹਤ ਸਮੇਂ ਇਥੇ ਇਕ ਵਿਸ਼ਾਲ ਵਿਹਾਰ ਅਤੇ ਦੋ ਸੌ ਫ਼ੁਟ ਉੱਚਾ ਬੋਧੀ ਸਤੂਪ ਵੀ ਸੀ। ਸਤਵੀਂ ਸਦੀ ਵਿਚ ਇਥੇ ਪਧਾਰੇ ਚੀਨੀ ਯਾਤ੍ਰੀ ਸੁਆਂਗ ਚੁਆਂਗ ਨੇ ਆਪਣੀਆਂ ਲਿਖਤਾਂ ਵਿਚ ਤਮਸਾਵਨ ਦਾ ਵੇਰਵੇ ਨਾਲ ਵਰਨਣ ਕੀਤਾ ਹੈ। ਪ੍ਰਸਿਧ ਪੁਰਾਤਤਵ ਵਿਗਿਆਨੀ ਕੰਨਿਘਮ ਤਮਸਾਵਨ ਦਾ ਏਕੀਕਰਣ ਸੁਲਤਾਨਪੁਰ ਲੋਧੀ ਨਾਲ ਕਰਦਾ ਹੈ।

ਰਵਾਇਤਾਂ ਅਨੁਸਾਰ ਇਸ ਸ਼ਹਿਰ ਦਾ ਪੁਰਾਣਾ ਹਿੰਦੂ ਨਾਉਂ ਸਰਬਮਾਨਪੁਰ ਸੀ। ਕਪੂਰਥਲਾ ਗਜ਼ਟੀਅਰ ਅਨੁਸਾਰ ਇਸ ਨਗਰ ਨੂੰ ਹਿੰਦੂ ਤੇ ਬੋਧੀ ਕੇਂਦਰ ਹੋਣ ਕਰ ਕੇ, ਮਹਿਮੂਦ ਗਜ਼ਨਵੀ ਨੇ ਸਾੜ ਕੇ ਸਵਾਹ ਕਰ ਦਿਤਾ, ਜਿਸ ਦਾ ਹੁੰਗਾਰਾ ਅੱਜ ਵੀ ਧਰਤੀ ਦੀ ਸੜੀ ਮਿੱਟੀ ਤੇ ਕਾਲੀ ਤੈਹ ਭਰਦੀ ਹੈ। ਇਸ ਸ਼ਹਿਰ ਦਾ ਪੁਨਰ-ਨਿਰਮਾਣ ਮਹਿਮੂਦ ਗ਼ਜ਼ਨਵੀ ਦੇ ਇਕ ਜਰਨੈਲ ਸੁਲਤਾਨ ਲੋਧੀ ਨੇ ਕੀਤਾ, ਪਰ ਇਕ ਹੋਰ ਰਵਾਇਤ ਅਨੁਸਾਰ ਇਸ ਕਸਬੇ ਦੀ ਨੀਂਹ 1332 ਈਸਵੀ ਵਿਚ ਪੰਜਾਬ ਦੇ ਸੂਬੇਦਾਰ ਵਲੀ ਮੁਹੰਮਦ ਖ਼ਾਨ ਦੇ ਪੁਤਰ ਸੁਲਤਾਨ ਖ਼ਾਨ ਨੇ ਰਖੀ। ਪਰ ਕੰਨਿਘਮ ਦਾ ਵਿਚਾਰ ਹੈ ਕਿ ਇਸ ਨਗਰ ਦਾ ਪੁਨਰ ਨਿਰਮਾਣ ਦੌਲਤ ਖ਼ਾਂ ਲੋਧੀ ਨੇ ਕੀਤਾ, ਜੋ ਇਬਰਾਹੀਮ ਲੋਧੀ ਦੇ ਸਮੇਂ ਲਾਹੌਰ ਦਾ ਸੂਬਾ ਸੀ। ਸ਼ਾਹੀ ਸੜਕ ਉਤੇ ਸਥਿਤ ਹੋਣ ਕਰ ਕੇ ਇਸ ਨਗਰ ਨੂੰ ਪਹਿਲਾਂ ਨਾਦਰ ਸ਼ਾਹ ਨੇ 1733 ਈਸਵੀ ਵਿਚ ਤੇ ਫਿਰ ਅਹਿਮਦ ਸ਼ਾਹ ਨੇ ਲੁਟਿਆ ਤੇ ਸਾੜਿਆ। ਜਿਸ ਕਰ ਕੇ ਇਥੋਂ ਦੇ ਪ੍ਰਾਚੀਨ ਤੇ ਇਤਿਹਾਸਕ ਅਸਥਾਨ ਖੰਡਰ ਤੇ ਖੋਲੇ ਬਣ ਗਏ ਹਨ। ਅਖਾਣ ਵੀ ਹੈ :

ਸੁਲਤਾਨਪੁਰ ਦੇ ਪੰਜ ਖਖੇ ਮਸ਼ਹੂਰ
ਖਰਬੂਜੇ, ਖੋਲੇ, ਖੇਹ; ਖੰਡਰ ਅਤੇ ਖਜੂਰ

ਇਸੇ ਤਰ੍ਹਾਂ ਦੀ ਇਕ ਹੋਰ ਕਹਾਵਤ ਹੈ :

ਲੋਧੀ ਦਾ ਪੁਰ ਸੁਲਤਾਨ,
ਜਿਥੇ ਕਬਰਾਂ, ਥੇਹ, ਸ਼ਮਸ਼ਾਨ।

ਇਸ ਨਗਰ ਨਾਲ ਸਿੱਖਾਂ ਦੀਆਂ ਵੀ ਕਈ ਪਾਵਨ ਸਿਮਰਤੀਆਂ ਜੁੜੀਆਂ ਹੋਈਆਂ ਹਨ। ਗੁਰੂ ਨਾਨਕ ਦੇਵ ਨੇ ਇਸੇ ਨਗਰ ਵਿਚ ਦੌਲਤ ਖ਼ਾਂ ਲੋਧੀ ਦੇ ਮੋਦੀਖਾਨੇ ਵਿਚ ਕੰਮ ਕੀਤਾ ਸੀ। ਇਥੇ ਹੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਗੁਰੂ ਨਾਨਕ ਦੇਵ ਅਕਾਲ ਪੁਰਖ ਦੇ ਦਰਬਾਰ ਵਿਚ ਹਾਜ਼ਰ ਹੋਏ ਸਨ। ਇਥੇ ਹੀ ਗੁਰੂ ਨਾਨਕ ਦੇਵ ਦੇ ਦੋਵੇਂ ਲੜਕੇ ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਜੰਮੇ ਪਲੇ। ਇਥੋਂ ਦੇ ਇਤਿਹਾਸਕ ਗੁਰਧਾਮਾਂ ਦਾ ਵੇਰਵਾ ਇਸ ਤਰ੍ਹਾਂ ਹੈ :

(ੳ) ਸੰਤ ਘਾਟ — ਵੇਈਂ ਦਾ ਉਹ ਘਾਟ ਜਿਥੇ ਇਸ਼ਨਾਨ ਕਰਨ ਵੇਲੇ ਗੁਰੂ ਨਾਨਕ ਦੇਵ ਅਲੋਪ ਹੋ ਗਏ ਅਤੇ ਤੀਜੇ ਦਿਨ ਪ੍ਰਗਟ ਹੋਏ। ਇਸੇ ਥਾਂ ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਜੀ ਨੂੰ ਵਿਆਹੁਣ ਗਏ, ਠਹਿਰੇ ਸਨ।

(ਅ) ਗੁਰਦਵਾਰਾ ਬੇਰ ਸਾਹਿਬ — ਨਗਰ ਦੇ ਪਛਮ ਵਲ ਵੇਈਂ ਨਦੀ ਦੇ ਕੰਢੇ ਇਕ ਅਸਥਾਨ। ਰਵਾਇਤ ਅਨੁਸਾਰ ਇਥੇ ਸਾਈਂ ਅੱਲਾ, ਜੋ ਖਰਬੂਜੇ ਸ਼ਾਹ ਦੇ ਨਾਂ ਨਾਲ ਪ੍ਰਸਿੱਧ ਸੀ, ਦਾ ਡੇਰਾ ਸੀ। ਖਰਬੂਜੇ ਸ਼ਾਹ ਗੁਰੂ ਜੀ ਦਾ ਪਰਮ ਸ਼ਰਧਾਲੂ ਸੀ। ਜਦੋਂ ਗੁਰੂ ਨਾਨਕ ਜਗਤ ਦੇ ਕਲਿਆਣ ਹਿੱਤ ਉਦਾਸੀ ਉਤੇ ਜਾਣ ਲੱਗੇ, ਤਾਂ ਖਰਬੂਜੇ ਸ਼ਾਹ ਨੇ ਗੁਰੂ ਜੀ ਨੂੰ ਅਰਜ਼ ਕੀਤੀ ਕਿ ਉਸ ਵਾਸਤੇ ਗੁਰ-ਦਰਸ਼ਨ ਬਗ਼ੈਰ ਜ਼ਿੰਦਗੀ ਗੁਜ਼ਾਰਨੀ ਮੁਸ਼ਕਲ ਹੋ ਜਾਵੇਗੀ। ਤਾਂ ਗੁਰੂ ਜੀ ਨੇ ਬੇਰੀ ਦੀ ਦਾਤਨ ਜ਼ਮੀਨ ਵਿਚ ਗੱਡ ਕੇ ਕਿਹਾ ਕਿ ਇਥੇ ਜੋ ਬੇਰੀ ਉਗੇਗੀ, ਉਸੇ ਵਿਚ ਤੂੰ ਸਾਡੇ

ਦਰਸ਼ਨ ਕਰ ਲਿਆ ਕਰੀਂ'। ਬੇਰੀ ਦਾ ਇਹ ਬ੍ਰਿਧ ਬ੍ਰਿਛ ਹੁਣ ਤਕ ਕਾਇਮ ਹੈ।

(ੲ) ਗੁਰਦੁਆਰਾ ਹਟ ਸਾਹਿਬ — ਇਸੇ ਅਸਥਾਨ ਉਤੇ ਗੁਰੂ ਨਾਨਕ ਦੇਵ ਨਵਾਬ ਦੌਲਤ ਖ਼ਾਂ ਲੋਧੀ ਦੇ ਮੋਦੀ ਰਹੇ ਸਨ। ਸ੍ਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਥੇ ਬੁੰਗੇ ਦੀ ਪੁਨਰ-ਉਸਾਰੀ ਕਰਵਾ ਕੇ ਗੁਰਦਵਾਰਾ ਬਣਵਾ ਦਿਤਾ ਸੀ। ਇਸੇ ਗੁਰਦਵਾਰੇ ਵਿਚ ਉਹ ਗਿਆਰਾਂ ਵੱਟੇ ਵੀ ਪਏ ਹਨ, ਜਿਨ੍ਹਾਂ ਨਾਲ ਗੁਰੂ ਜੀ ਰਸਦ ਤੋਲਿਆ ਕਰਦੇ ਸਨ।

(ਸ) ਕੋਠੜੀ ਸਾਹਿਬ — ਜਦੋਂ ਪਹਿਲੀ ਵਾਰ ਗੁਰੂ ਨਾਨਕ ਨੇ ਮੋਦੀ ਖ਼ਾਨਾ ਲੁਟਾਇਆ, ਤਾਂ ਜੈਰਥ ਨੇ ਨਵਾਬ ਦੌਲਤ ਖ਼ਾਂ ਦੇ ਕੰਨ ਭਰੇ ਅਤੇ ਨਵਾਬ ਦੇ ਸਿਪਾਹੀਆਂ ਨੇ ਗੁਰੂ ਜੀ ਨੂੰ ਬੰਦੀ ਬਣਾ ਕੇ ਇਸ ਕੋਠੜੀ ਵਿਚ ਨਜ਼ਰਬੰਦ ਕੀਤਾ ਸੀ। ਪੜਤਾਲ ਮਗਰੋਂ ਹਿਸਾਬ ਦੇ ਠੀਕ ਨਿਕਲਣ ਨਾਲ ਗੁਰੂ ਜੀ ਨੂੰ ਰਿਹਾ ਕਰ ਦਿਤਾ ਗਿਆ। ਦਸਿਆ ਜਾਂਦਾ ਹੈ ਕਿ ਗੁਰੂ ਜੀ ਦੇ ਵਿਰੁਧ ਚੁਗ਼ਲੀ ਕਰਨ ਵਾਲੇ ਜਾਦੋ ਰਾਇ ਜੈਰਥ ਦੇ ਵੰਸ਼ ਨੂੰ ਰੱਬ ਦੀ ਮਾਰ ਪਈ ਹੋਈ ਹੈ। ਉਸ ਘਰ ਵਿਚ ਇਕ ਅੰਨ੍ਹਾ, ਇਕ ਕਾਣਾ ਤੇ ਇਕ ਵਿਧਵਾ ਰਹਿੰਦੀ ਹੈ। ਮੂੰਹੋਂ ਮੂੰਹ ਗੱਲ ਚਲੀ ਆ ਰਹੀ ਹੈ ਕਿ ਅੰਨ੍ਹਾ, ਕਾਣਾ ਤੇ ਵਿਧਵਾ ਤਿੰਨੇ ਜੀਅ ਸਦਾ ਇਸ ਘਰਾਣੇ ਵਿਚ ਰਹੇ ਹਨ। ਅੰਨ੍ਹੇ ਦੀ ਮੌਤ ਉਪਰੰਤ ਕਾਣਾ ਅੰਨ੍ਹਾ ਹੋ ਜਾਂਦਾ ਹੈ ਤੇ ਕੋਈ ਹੋਰ ਕਾਣਾ ਹੋ ਜਾਂਦਾ ਹੈ। ਵਿਧਵਾ ਦੀ ਮੌਤ ਮਗਰੋਂ ਉਥੇ ਕੋਈ ਹੋਰ ਵਿਧਵਾ ਹੋ ਜਾਂਦੀ ਹੈ (ਸੁਲਤਾਨਪੁਰ ਲੋਧੀ ਸਰਵੇ ਪੁਸਤਕ, 48)।

(ਹ) ਗੁਰਦਵਾਰਾ ਅੰਤਰਯਾਮਤਾ — ਇਥੇ ਗੁਰੂ ਨਾਨਕ ਦੇਵ ਨਵਾਬ ਅਤੇ ਕਾਜ਼ੀ ਨਾਲ ਨਮਾਜ਼ ਵਿਚ ਸ਼ਾਮਲ ਹੋਏ ਸਨ, ਪਰ ਉਨ੍ਹਾਂ ਨੇ ਨਮਾਜ਼ ਵਿਚ ਹਿੱਸਾ ਨਹੀਂ ਸੀ ਲਿਆ। ਪੁਛਣ ਉਤੇ ਗੁਰੂ ਜੀ ਨੇ ਦਸਿਆ ਕਿ ਕਿਵੇਂ ਨਵਾਬ ਦਾ ਮਨ ਨਮਾਜ਼ ਵੇਲੇ ਕਾਬਲ ਵਿਚ ਘੋੜੇ ਖ਼ਰੀਦ ਰਿਹਾ ਸੀ ਅਤੇ ਕਾਜ਼ੀ ਦਾ ਧਿਆਨ ਨਵੀਂ ਸੂਈ ਘੋੜੀ ਦੀ ਵਿਛੇਰੀ ਵਲ ਸੀ। ਅੰਦਰ ਦੀ ਗੱਲ ਪ੍ਰਗਟ ਕਰਨ ਕਰ ਕੇ ਗੁਰਦਵਾਰੇ ਦਾ ਨਾਂ 'ਅੰਤਰ-ਆਤਮਾ' ਪੈ ਗਿਆ।

(ਕ) ਗੁਰੂ ਕਾ ਬਾਗ਼ — ਇਥੇ ਗੁਰੂ ਨਾਨਕ ਦੇਵ ਦਾ ਰਿਹਾਇਸ਼ੀ ਮਕਾਨ ਸੀ, ਇਥੇ ਹੀ ਬੇਬੇ ਨਾਨਕੀ ਜੀ ਰਿਹਾ ਕਰਦੇ ਸਨ। ਗੁਰੂ ਨਾਨਕ ਦੇਵ ਦੇ ਦੋਵੇਂ ਸਾਹਿਬਜ਼ਾਦੇ ਇਥੇ ਹੀ ਪੈਦਾ ਹੋਏ ਸਨ।

ਹਿੰਦੂਆਂ ਦੇ ਅਸਥਾਨਾਂ ਵਿਚੋਂ ਕਟਾਕਸ਼ਗਿਰ ਦਾ ਮੰਦਰ ਵਧੇਰੇ ਪ੍ਰਸਿਧ ਹੈ; ਜੋ ਗੁਰਦੁਆਰਾ ਗੁਰੂ ਕਾ ਬਾਗ਼ ਦੇ ਸਾਹਮਣੇ ਸਥਿਤ ਹੈ। ਇਸ ਮੰਦਰ ਵਿਚ ਹਨੂੰਮਾਨ, ਬ੍ਰਹਮਾ (ਚਤੁਰਮੁਖ), ਕੁਬੇਰ (ਛੇ ਮੁਖ), ਗਣੇਸ਼, ਵਿਸ਼ਨੂੰ, ਭੈਰੋਂ (ਚਾਰ ਭੁਜੀ) ਤੇ ਪਾਰਬਤੀ ਦੀਆਂ ਮੂਰਤੀਆਂ ਹਨ। ਇਕ ਹੋਰ ਅਸਥਾਨ ਮਾਤਾ ਦਾ ਮੰਦਰ ਹੈ, ਜੋ ਕਾਫ਼ੀ ਪੁਰਾਣਾ ਜਾਪਦਾ ਹੈ। ਇਥੇ ਸਾਵਣ, ਚੇਤ ਤੇ ਅੱਸੂ ਦੀ ਅਸ਼ਟਮੀ ਨੂੰ ਮੇਲੇ ਲੱਗਦੇ ਹਨ। ਸ਼ਰਧਾਲੂ ਸੁਖਣਾ ਸੁਖਦੇ ਅਤੇ ਜਦੋਂ ਕਿਸੇ ਨੂੰ ਮਾਤਾ ਨਿਕਲਦੀ ਹੈ, ਤਾਂ ਜਲ-ਪਾਣੀ ਚੜ੍ਹਾਉਣ ਲਈ ਇਥੇ ਆਉਂਦੇ ਹਨ। ਪੰਜ ਮੰਦਰੀ ਅਸਥਾਨ ਕ੍ਰਿਸ਼ਨ ਭਗਤਾਂ ਦਾ ਪੂਜ ਅਸਥਾਨ ਹੈ। ਵਿਚਕਾਰ ਇਕ ਵੱਡਾ ਸਾਰਾ ਮੰਦਰ ਬਣਿਆ ਹੋਇਆ ਹੈ, ਜਿਸ ਦੇ ਚੁਫੇਰੇ ਚੁਹਾਂ ਕੋਨਿਆਂ ਉਤੇ ਚਾਰ ਛੋਟੇ ਮੰਦਰ ਹਨ। ਵਿਚਕਾਰਲੇ ਮੰਦਰ ਦੇ ਚਾਰ ਦੁਆਰ ਹਨ, ਜੋ ਕੋਨਿਆਂ ਵਾਲੇ ਮੰਦਰਾਂ ਦੇ ਵਿਚਕਾਰ ਜਾ ਖੁਲ੍ਹਦੇ ਹਨ। ਮੰਦਰ ਵਿਚ ਰਾਧਾ ਕ੍ਰਿਸ਼ਨ ਦੀ ਮੂਰਤੀ ਹੈ। ਜਨਮ ਅਸ਼ਟਮੀ ਨੂੰ ਇਥੇ ਭਾਰੀ ਮੇਲਾ ਲੱਗਦਾ ਹੈ। ਆਸ਼ਾਪੁਰੀ ਮੰਦਰ ਵਿਚ ਦੁਰਗਾ ਦੀ ਮੂਰਤੀ ਸਥਾਪਿਤ ਹੈ। ਇਕ ਹੋਰ ਮੰਦਰ 'ਨਾਥ ਦਾ ਡੇਰਾ' ਹੈ, ਜੋ ਸੁਲਤਾਨਪੁਰ ਦੇ ਬੱਸ ਦੇ ਅੱਡੇ ਦੇ ਨਜ਼ਦੀਕ ਹੈ। ਮੰਦਰ ਵਿਚ ਸ਼ਿਵਲਿੰਗ ਦੀ ਮੂਰਤੀ ਸਥਾਪਿਤ ਹੈ।

ਸੁਲਤਾਨਪੁਰ ਲੋਧੀ ਵਿਚ ਮੁਸਲਮਾਨਾਂ ਦੇ ਤਿੰਨ ਪ੍ਰਸਿਧ ਅਸਥਾਨ ਹਨ — ਗ਼ੈਬ ਗ਼ਾਜ਼ੀ ਦਾ ਮਜ਼ਾਰ, ਰੋਜ਼ਾ ਸ਼ਾਹ ਸੁਲਤਾਨ ਤੇ ਰੋਜ਼ਾ ਸ਼ਾਹ ਹੁਸੈਨ। ਰਵਾਇਤ ਹੈ ਕਿ ਗ਼ੈਬ ਗ਼ਾਜ਼ੀ ਆਪਣੀ ਪ੍ਰੇਮਿਕਾ ਸਮੇਤ ਧਰਤੀ ਵਿਚ ਅਲੋਪ ਹੋ ਗਿਆ ਸੀ। ਉਸ ਅਸਥਾਨ ਉਤੇ ਹਰ ਪੂਰਨਮਾਸ਼ੀ ਨੂੰ ਮੇਲਾ ਲੱਗਦਾ ਹੈ, ਲੋਕੀਂ ਸੁਖਣਾ ਸੁਖਦੇ ਤੇ ਚੜ੍ਹਾਵੇ ਚਾੜ੍ਹਦੇ ਹਨ। ਗ਼ੈਬ ਗ਼ਾਜ਼ੀ ਦੀ ਕਬਰ ਉਤੇ ਲੂਣ ਅਤੇ ਬੌਹਕਰ ਦੇ ਚੜ੍ਹਾਵੇ ਚਾੜ੍ਹੇ ਜਾਂਦੇ

ਹਨ, ਪਰ ਪੀਰ ਦੀ ਪ੍ਰੇਮਕਾ ਦੀ ਕਬਰ ਉੱਤੇ ਕੇਸਰੀ ਰੰਗ ਦੀਆਂ ਗੋਟੇ ਵਾਲੀਆਂ ਚੁੰਨੀਆਂ (ਵੇਖੋ : ਗੈਬ ਗਾਜ਼ੀ)। ਸ਼ਾਹ ਸੁਲਤਾਨ ਸੱਯਦ ਖਾਨਦਾਨ ਦਾ ਵਡਿੱਕਾ ਸੀ, ਜੋ ਸਾਰੀ ਉਮਰ ਬ੍ਰਹਮਚਾਰੀ ਰਿਹਾ। ਇਸ ਦੀ ਭੈਣ, ਜਿਸ ਨੂੰ ਬੀਬੀ ਕਹਿੰਦੇ ਹਨ, ਆਪਣੇ ਭਰਾ ਦੀ ਬੜੀ ਸਰਧਾਲੂ ਸੀ ਅਤੇ ਉਸ ਨੇ ਵੀ ਸਾਰੀ ਉਮਰ ਸ਼ਾਦੀ ਨਹੀਂ ਸੀ ਕੀਤੀ। ਦੋਹਾਂ ਭੈਣ-ਭਰਾਵਾਂ ਦੀਆਂ ਕਬਰਾਂ ਰੋਜ਼ਾ ਸ਼ਾਹ ਸੁਲਤਾਨ ਵਿਚ ਹਨ। ਇਸ ਰੋਜ਼ੇ ਬਾਰੇ ਇਕ ਦਿਲਚਸਪ ਰਵਾਇਤ ਪ੍ਰਚਲਤ ਹੈ — "ਕਹਿੰਦੇ ਹਨ ਸ਼ਾਹ ਸੁਲਤਾਨ ਦਾ ਮਕਬਰਾ ਇਨਸਾਫ਼ ਦੀ ਤਕੜੀ ਦਾ ਵੀ ਕੰਮ ਕਰਦਾ ਰਿਹਾ ਹੈ। ਪੁਰਾਣੇ ਕਿਲੇ ਵਿਚ ਜਦ ਕਚਹਿਰੀ ਲੱਗਦੀ ਸੀ, ਤਾਂ ਫਾਂਸੀ ਲੱਗਣ ਵਾਲੇ ਮੁਲਜ਼ਮ ਨੂੰ ਇਹ ਕਹਿ ਦਿਤਾ ਜਾਂਦਾ ਸੀ ਕਿ ਜੇ ਉਹ ਨਿਰਦੋਸ਼ ਹੈ ਤਾਂ ਸ਼ਾਹ ਸੁਲਤਾਨ ਦੇ ਮਕਬਰੇ ਦਾ ਦਰਵਾਜ਼ਾ ਖੋਲ੍ਹ ਦੇਵੇ। ਜਿਹੜਾ ਸ਼ਖ਼ਸ ਸੱਚਾ ਹੁੰਦਾ ਸੀ, ਉਹ ਤਾਂ ਦਰਵਾਜ਼ਾ ਖੋਲ੍ਹਣ ਵਿਚ ਕਾਮਯਾਬ ਹੋ ਜਾਂਦਾ ਸੀ, ਪਰ ਜਿਹੜਾ ਦੋਸ਼ੀ ਹੁੰਦਾ, ਉਸ ਤੋਂ ਦਰਵਾਜ਼ਾ ਖੋਲ੍ਹਿਆ ਨਹੀਂ ਸੀ ਜਾਂਦਾ। ਅੱਵਲ ਤਾਂ ਦੋਸ਼ੀ ਸ਼ਾਹ ਸੁਲਤਾਨ ਦੇ ਮਕਬਰੇ ਵਲ ਜਾਣਾ ਹੀ ਨਹੀਂ ਸੀ ਚਾਹੁੰਦਾ, ਜੇ ਜਾਵੇ ਵੀ ਤਾਂ ਕੁੰਡੇ ਨੂੰ ਹੱਥ ਪਾਉਂਦੇ ਹੀ ਡਿਗ ਪੈਂਦਾ ਸੀ" (ਸੁਲਤਾਨਪੁਰ ਲੋਧੀ ਸਰਵੇ, 61)। ਰੋਜ਼ਾ ਸ਼ਾਹ ਹੁਸੈਨ ਉੱਤੇ ਹਰ ਵੀਰਵਾਰ ਲੋਕੀਂ ਦੀਵੇ ਜਗਾਂਦੇ ਹਨ ਅਤੇ ਹਰ ਸਾਲ ਸਾਵਣ ਦੇ ਪਹਿਲੇ ਵੀਰਵਾਰ ਭਾਰੀ ਮੇਲਾ ਲੱਗਦਾ ਹੈ।

ਆਧਾਰ ਗ੍ਰੰਥ : (1) ਸੁਲਤਾਨਪੁਰ ਲੋਧੀ ਸਰਵੇ,
(2) ਕਪੂਰਥਲਾ ਗਜ਼ਟੀਅਰ

(ਸ-674) **ਸੁਲਤਾਨੀ** :

ਪੰਜਾਬ ਵਿਚ ਸਖੀ ਸਰਵਰ ਦੇ ਪੈਰੋਕਾਰ ਲਗਪਗ ਸਭ ਸੰਪਰਦਾਵਾਂ ਵਿਚ ਮਿਲਦੇ ਹਨ ਅਤੇ ਉਹ ਵੱਖੋ ਵੱਖਰੇ ਨਾਵਾਂ ਨਾਲ ਪ੍ਰਸਿਧ ਹਨ। 1892 ਈਸਵੀ ਦੀ ਜਨ-ਸੰਖਿਆ ਵੇਲੇ ਪੰਜਾਬ ਦੇ ਸਰਵਰੀਆਂ ਨੇ ਆਪਣੇ ਆਪ ਨੂੰ ਅਨੇਕਾਂ ਨਾਵਾਂ ਹੇਠ ਅੰਕਿਤ ਕਰਵਾਇਆ, ਜਿਵੇਂ ਕਿ ਸਰਵਰੀਆ, ਸੁਲਤਾਨੀਆ, ਸੁਲਤਾਨ, ਸੇਵਕ ਸੁਲਤਾਨੀ, ਸੁਨਾਤਨ ਧਰਮ ਸਰਵਰੀਆ, ਸਖੀ ਸੇਵਕ, ਹਿੰਦੂ ਸੁਲਤਾਨੀ, ਸਰਵਰੀਆ ਸੁਲਤਾਨੀਆ, ਸੁਲਤਾਨ ਪੀਰੀਆ, ਸਰਵਰ ਸਖੀ, ਸੇਵਕ ਸਖੀ ਸਰਵਰ, ਸਰਵਰ ਸਾਗਰ, ਲਖ ਦਾਤਾ, ਸੁਲਤਾਨੀ ਰਾਮ ਰਾਇ, ਸਰਵਰ ਪੰਥੀ, ਸਖੀ ਸੁਲਤਾਨੀ, ਚੇਲਾ ਸੁਲਤਾਨ, ਰਾਮਦਾਸੀਆ, ਗੁਰੂ ਸੁਲਤਾਨੀਆ, ਨਿਗਾਹਾ ਪੀਰ, ਧੌਂਕਲ ਸੇਵਕ, ਖ਼ਵਾਜਾ ਸਰਵਰ, ਲਾਲਾਂ ਵਾਲਾ ਆਦਿ। ਇਨ੍ਹਾਂ ਨਾਵਾਂ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸਖੀ ਸਰਵਰ ਦੇ ਪੈਰੋਕਾਰ ਪੰਜਾਬ ਦੀਆਂ ਅਨੇਕਾਂ ਸੰਪਰਦਾਵਾਂ ਵਿਚੋਂ ਸਨ ਅਤੇ ਉਨ੍ਹਾਂ ਵਿਚ ਆਪਣੀ ਮੂਲ ਸੰਪਰਦਾ ਨਾਲ ਜੁੜੇ ਰਹਿਣ ਦੀ ਭਾਵਨਾ ਕਿਤਨੀ ਪ੍ਰਬਲ ਸੀ (ਵੇਖੋ : ਸਖੀ ਸਰਵਰ)।

(ਸ-675) **ਸੁਲੇਮਾਨ** :

ਇਸਰਾਈਲ ਵੰਸ਼ ਦਾ ਇਕ ਪ੍ਰਸਿਧ ਬਾਦਸ਼ਾਹ ਜਿਸ ਨੂੰ ਯਹੂਦੀ, ਈਸਾਈ ਤੇ ਮੁਸਲਮਾਨ ਪੈਗ਼ੰਬਰ ਮੰਨਦੇ ਹਨ। ਹਜ਼ਰਤ ਸੁਲੇਮਾਨ ਬਾਰੇ ਬਹੁਤ ਸਾਰੀ ਪਰੰਪਰਾਗਤ ਸਾਮਗ੍ਰੀ, ਰਵਾਇਤਾਂ ਤੇ ਕਥਾਵਾਂ ਪ੍ਰਚਲਤ ਹਨ। ਸੁਲੇਮਾਨ ਦੇਵਾਂ ਤੇ ਪਰੀਆਂ ਦਾ ਬਾਦਸ਼ਾਹ ਸੀ ਅਤੇ ਜਾਨਵਰਾਂ ਦੀ ਬੋਲੀ ਸਮਝਣ ਦੀ ਦੈਵੀ ਸ਼ਕਤੀ ਰਖਦਾ ਸੀ।

ਹਜ਼ਰਤ ਸੁਲੇਮਾਨ ਦਾ ਜਨਮ ਹਜ਼ਰਤ ਈਸਾ ਤੋਂ 1033 ਵਰ੍ਹੇ ਪਹਿਲਾਂ ਦਾਊਦ ਦੇ ਘਰ ਬਹੇਸ਼ਬਾ ਦੇ ਉਦਰ ਤੋਂ ਹੋਇਆ ਅਤੇ ਦੇਹਾਂਤ 975 ਪੂਰਬ ਈਸਵੀ ਵਿਚ। ਰਵਾਇਤ ਹੈ ਕਿ ਸੁਲੇਮਾਨ ਦੀਆਂ ਸਤ ਸੌ ਪਤਨੀਆਂ ਸਨ, ਜਿਨ੍ਹਾਂ ਵਿਚ ਇਕ ਸਬਾ ਦੀ ਮਲਕਾ ਬਲਕੀਸ ਵੀ ਸੀ।

ਹਜ਼ਰਤ ਸੁਲੇਮਾਨ ਬੜਾ ਦਾਨਾ, ਪ੍ਰਤਿਭਾਸ਼ਾਲੀ ਤੇ ਅਨੁਭਵੀ ਮਹਾਂਪੁਰਸ਼ ਸੀ। ਇਸ ਦੇ ਅਨੇਕਾਂ ਕਥਨ ਅਖਾਣਾਂ ਤੇ ਕਹਾਵਤਾਂ ਦੇ ਰੂਪ ਵਿਚ ਪ੍ਰਚਲਤ ਹਨ। ਬਾਈਬਲ ਵਿਚ 'ਅਖਾਣਾਂ' ਦੇ ਸਿਰਲੇਖ ਹੇਠ ਜੋ ਕਹਾਵਤਾਂ ਦਰਜ ਹਨ, ਉਹ ਹਜ਼ਰਤ ਸੁਲੇਮਾਨ ਦੀਆਂ ਹੀ ਰਚੀਆਂ ਮੰਨੀਆਂ ਜਾਂਦੀਆਂ ਹਨ।

ਬਾਈਬਲ ਅਨੁਸਾਰ ਸੁਲੇਮਾਨ ਨੇ ਯਰੂਸਲਮ ਵਿਚ ਚਾਲ੍ਹੀ ਸਾਲ ਰਾਜ ਕੀਤਾ। ਯਰੂਸਲਮ ਵਿਚ ਯਹੂਦੀਆਂ ਅਤੇ ਈਸਾਈਆਂ ਦਾ ਜੋ ਸਭ ਤੋਂ

ਪਾਵਨ ਅਸਥਾਨ ਬੇਤੁਲ ਮੁਕੱਦਿਸ ਹੈ, ਉਸ ਦੀ ਬੁਨਿਆਦ ਹਜ਼ਰਤ ਸੁਲੇਮਾਨ ਨੇ ਹੀ ਰਖੀ। ਸੁਲੇਮਾਨ ਦਾ ਆਪਣਾ ਮਕਬਰਾ ਵੀ ਯਰੂਸਲਮ ਵਿਚ ਹੀ ਹੈ।

ਹਜ਼ਰਤ ਸੁਲੇਮਾਨ ਨੂੰ ਜਨੌਰਾਂ ਤੇ ਕਿਰਮਾਂ-ਕੀੜਿਆਂ ਦੀ ਭਾਸ਼ਾ ਸਮਝਣ ਦੀ ਦੈਵੀ ਸ਼ਕਤੀ ਧੁਰੋਂ ਪ੍ਰਾਪਤ ਸੀ। ਕੁਰਾਨ ਦੀਆਂ ਕਈ ਸਾਖੀਆਂ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ, ਜਿਵੇਂ ਇਕ ਵਾਰ ਸੁਲੇਮਾਨ ਆਪਣੇ ਲਸ਼ਕਰ ਸਮੇਤ ਜੰਗਲ ਵਿਚੋਂ ਦੀ ਲੰਘ ਰਹੇ ਸਨ, ਤਾਂ ਰਾਹ ਵਿਚ ਕੀੜਿਆਂ ਦੇ ਭੌਣ ਆਏ। ਕੀੜਿਆਂ ਦੇ ਰਾਜੇ ਨੇ ਕੀੜਿਆਂ ਨੂੰ ਛੇਤੀ ਖੁਡਾਂ ਵਿਚ ਵੜ ਜਾਣ ਦਾ ਆਦੇਸ਼ ਦਿਤਾ, ਤਾਂ ਜੋ ਉਹ ਸੁਲੇਮਾਨ ਦੇ ਲਸ਼ਕਰ ਦੇ ਪੈਰਾਂ ਹੇਠ ਕੁਚਲੇ ਨਾ ਜਾਣ। ਸੁਲੇਮਾਨ ਨੇ ਇਹ ਗੱਲ ਸੁਣ ਲਈ ਅਤੇ ਕੀੜਿਆਂ ਨੂੰ ਪੈਰਾਂ ਹੇਠ ਆਉਣ ਤੋਂ ਬਚਾਇਆ। ਇਸੇ ਤਰ੍ਹਾਂ ਹਜ਼ਰਤ ਸੁਲੇਮਾਨ ਦੀਆਂ ਚਕੀਰਾਹ ਨਾਲ ਗੱਲਾਂ ਕਰਨੀਆਂ ਅਤੇ ਅਖ਼ੀਰ ਉਸ ਦੁਆਰਾ ਸੂਰਜ-ਪੂਜ ਰਾਣੀ ਨੂੰ ਸੁਨੇਹੇ ਭੇਜਣੇ ਤੇ ਉਸ ਨੂੰ ਅੰਤ ਵਿਚ ਆਪਣੇ ਮੱਤ ਵਿਚ ਲਿਆਉਣ ਦੀ ਕਥਾ ਕੁਰਾਨ (ਸੂਰਤ 27) ਵਿਚ ਦਰਜ ਹੈ।

ਕੁਰਾਨ ਅਨੁਸਾਰ ਖ਼ੁਦਾ ਨੇ ਦੇਵਾਂ ਤੇ ਪਰੀਆਂ ਆਦਿ ਪਰਾਸਰੀਰਕ ਪ੍ਰਾਣੀਆਂ ਨੂੰ ਸੁਲੇਮਾਨ ਦੇ ਤਾਬੇ ਕੀਤਾ ਹੋਇਆ ਸੀ ਅਤੇ ਉਹ ਸਭ ਸੁਲੇਮਾਨ ਦੀ ਆਗਿਆ ਪਾਲਦੇ ਸਨ। ਸੁਲੇਮਾਨ ਦਾ ਇਕ ਵਿਸ਼ੇਸ਼ ਪ੍ਰਕਾਰ ਦਾ ਤਖ਼ਤ, 'ਤਖ਼ਤੇ ਸੁਲੇਮਾਨੀ' ਸੀ, ਜਿਸ ਨੂੰ ਚਾਰ ਦੇਵ ਹਮੇਸ਼ਾਂ ਆਪਣੇ ਮੋਢਿਆਂ ਉਤੇ ਚੁਕੀ ਰਖਦੇ ਸਨ। ਇਸੇ ਤਖ਼ਤ ਉਤੇ ਬੈਠ ਕੇ ਸੁਲੇਮਾਨ ਅਸਮਾਨ ਦੀ ਸੈਰ ਕੀਤਾ ਕਰਦਾ ਅਤੇ ਜਿਥੇ ਵੀ ਉਹ ਚਾਹੁੰਦਾ, ਅੱਖ ਪਲਕਾਰੇ ਵਿਚ ਪਹੁੰਚ ਜਾਂਦਾ। ਜਾਦੂ ਦੀਆਂ ਕਈ ਵਸਤੂਆਂ ਸੁਲੇਮਾਨ ਨਾਲ ਸੰਬੰਧਿਤ ਹਨ। ਹਜ਼ਰਤ ਸੁਲੇਮਾਨ ਨੂੰ ਖ਼ੁਦਾ ਨੇ ਇਕ ਅਲੌਕਿਕ ਸੁਰਮਾ ਬਖ਼ਸ਼ਿਆ ਸੀ, ਜਿਸ ਨੂੰ ਅੱਖਾਂ ਵਿਚ ਪਾ ਲੈਣ ਵਾਲਾ ਸ਼ਖ਼ਸ ਖ਼ੁਦ ਤਾਂ ਅਦ੍ਰਿਸ਼ਟ ਹੋ ਜਾਂਦਾ, ਪਰ ਉਹ ਦੂਜਿਆਂ ਨੂੰ ਵੇਖ ਸਕਦਾ ਸੀ। ਇਹੋ ਸਿਫ਼ਤ ਸੁਲੇਮਾਨੀ ਟੋਪੀ ਵਿਚ ਸੀ। ਸੁਲੇਮਾਨੀ ਸੁਰਮੇ, ਤਖ਼ਤ ਤੇ ਟੋਪੀ ਦਾ ਜ਼ਿਕਰ ਪੰਜਾਬੀ ਦੀਆਂ ਪਰੀ-ਕਹਾਣੀਆਂ ਵਿਚ ਆਮ ਮਿਲਦਾ ਹੈ। ਨਾਇਕ ਇਨ੍ਹਾਂ ਵਸਤੂਆਂ ਦੀ ਮਦਦ ਨਾਲ ਅਦ੍ਰਿਸ਼ਟ ਰਹਿ ਕੇ ਆਪਣੇ ਵਿਦ੍ਰੋਹੀ ਜਾਂ ਰਾਖਸ਼ਾਂ ਉਤੇ ਵਿਜੈ ਪ੍ਰਾਪਤ ਕਰਦਾ ਹੈ।

ਸੁਲੇਮਾਨ ਉਤੇ ਇਕ ਵਾਰ ਰੱਬ ਦਾ ਕਹਿਰ ਨਾਜ਼ਲ ਹੋਇਆ ਅਤੇ ਉਸ ਨੂੰ ਆਪਣਾ ਤਖ਼ਤ ਛੱਡ ਕੇ ਕਈ ਸਾਲ ਤਕ ਇਕ ਭਠਿਆਰਣ ਦਾ ਭੱਠ ਝੋਂਕਣਾ ਪਿਆ। ਪੰਜਾਬੀ ਕਿੱਸਿਆਂ ਵਿਚ ਇਸ ਘਟਨਾ ਵਲ ਸੰਕੇਤ ਮਿਲਦੇ ਹਨ — "ਜਿਹੜਾ ਪਾਇ ਕੇ ਤੇ ਕਹਿਰ ਸੱਟ ਤਖ਼ਤੋਂ, ਸੁਲੇਮਾਨ ਨੂੰ ਭਠ ਝੁਕਾਇਆ ਈ"—ਹੀਰ ਵਾਰਸ। ਰਵਾਇਤ ਹੈ ਕਿ ਇਕ ਵਾਰ ਸੁਲੇਮਾਨ ਤਖ਼ਤ ਉਤੇ ਬੈਠਾ ਅਸਮਾਨ ਦੀ ਸੈਰ ਕਰ ਰਿਹਾ ਸੀ ਕਿ ਉਸ ਦੀ ਨਜ਼ਰ ਇਕ ਕਾਲੀ ਕਲੂਟੀ ਭਠਿਆਰਣ ਉਤੇ ਪਈ, ਜੋ ਭੱਠੀ ਤਾਅ ਕੇ ਦਾਣੇ ਭੁੰਨ ਰਹੀ ਸੀ। ਸੁਲੇਮਾਨ ਨੇ ਉਸ ਨੂੰ ਘ੍ਰਿਣਾ ਭਰੀ ਨਜ਼ਰ ਨਾਲ ਵੇਖਿਆ। ਅੱਲਾ ਨੇ ਸੁਲੇਮਾਨ ਨੂੰ ਸਬਕ ਸਿਖਾਣਾ ਚਾਹਿਆ। ਅਚਾਨਕ ਸੁਲੇਮਾਨ ਦੀ ਜਾਦੂ ਦੀ ਮੁੰਦਰੀ ਹੇਠਾਂ ਭਠਿਆਰਣ ਦੀ ਭੱਠੀ ਵਿਚ ਜਾ ਪਈ। ਸੁਲੇਮਾਨ ਉਸ ਮੁੰਦਰੀ ਬਗ਼ੈਰ ਨਿਕਾਰਾ ਤੇ ਸ਼ਕਤੀਹੀਨ ਹੋ ਗਿਆ। ਉਸ ਮੁੰਦਰੀ ਨੂੰ ਪ੍ਰਾਪਤ ਕਰਨ ਵਾਸਤੇ ਸਲੇਮਾਨ ਨੂੰ ਭਠਿਆਰਣ ਨਾਲ ਵਿਆਹ ਕਰਵਾ ਕੇ, ਬਾਰਾਂ ਵਰ੍ਹੇ ਭੱਠ ਝੋਂਕਣਾ ਪਿਆ।

ਸੁਲੇਮਾਨ ਦਾ ਝੱਖੜਾਂ ਝਾਂਜਿਆਂ ਉਪਰ ਵੀ ਅਧਿਕਾਰ ਮੰਨਿਆ ਗਿਆ ਹੈ। ਜਦੋਂ ਝੱਖੜ ਆ ਰਿਹਾ ਹੋਵੇ, ਤਾਂ ਪੰਜਾਬ ਦੇ ਕਈ ਮੁਸਲਮਾਨ ਸੁਲੇਮਾਨ ਨੂੰ ਤਿੰਨ ਵਾਰ ਯਾਦ ਕਰਦੇ ਹੋਏ, ਜਿਸ ਪਾਸੇ ਵਲ ਤੂਫ਼ਾਨ ਨੂੰ ਭੇਜਣਾ ਹੋਵੇ, ਉਸ ਪਾਸੇ ਵਲ ਅੰਗੂਠੇ ਦੇ ਨਾਲ ਵਾਲੀ ਉਂਗਲ ਦੁਆਰਾ ਸੰਕੇਤ ਕਰਦੇ ਹਨ (P. N. Q. 3,685)। ਧਾਰਨਾ ਹੈ ਕਿ ਇਸ ਤਰ੍ਹਾਂ ਤੂਫ਼ਾਨ ਨੇੜ ਨਹੀਂ ਢੁਕਦਾ ਤੇ ਉਸ ਦਿਸ਼ਾ ਵਲ ਲੰਘ ਜਾਂਦਾ ਹੈ।

(ਸ-676) **ਸੁਵਾਸੰਤਕਾ :**

ਭਾਰਤ ਦਾ ਇਕ ਪ੍ਰਾਚੀਨ ਤਿਉਹਾਰ, ਜੋ ਬਸੰਤ ਰਿਤੂ ਵਿਚ ਮਨਾਇਆ ਜਾਂਦਾ ਸੀ। ਇਹ ਉਤਸ਼ਵ ਬਸੰਤ ਪੰਚਮੀ ਦਾ ਪ੍ਰਾਚੀਨ ਰੂਪ ਹੈ।

ਉਦੋਂ ਇਸ ਤਿਉਹਾਰ ਵਾਲੇ ਦਿਨ ਪਿਆਰ ਦੇ ਦੇਵਤੇ ਕਾਮਦੇਵ ਦੀ ਪੂਜਾ ਕੀਤੀ ਜਾਂਦੀ ਸੀ ਅਤੇ ਲੋਕੀਂ ਗੁਲਾਬੀ ਰੰਗ ਦੇ ਕਪੜੇ ਪਹਿਨ ਕੇ, ਨਚਦੇ ਟਪਦੇ ਅਤੇ ਖ਼ੁਸ਼ੀਆਂ ਮਨਾਉਂਦੇ ਸਨ। ਇਸ ਉਤਸਵ ਸਮੇਂ ਹਰ ਪਿੰਡ ਨੂੰ ਦੁਲ੍ਹਨ ਦੇ ਵਾਂਙ ਸਜਾਇਆ ਜਾਂਦਾ ਅਤੇ ਬਹਾਰ ਦੀ ਆਗਮਨ ਦੀ ਖ਼ੁਸ਼ੀ ਵਿਚ, ਨਾਚ ਗਾਣੇ ਹੁੰਦੇ ਸਨ।

ਸੁਵਾਸੰਤਕਾ ਦਾ ਤਿਉਹਾਰ ਕਾਫ਼ੀ ਲੰਮੇ ਅਰਸੇ ਉਤੇ ਫੈਲਿਆ ਹੋਇਆ ਸੀ। ਇਸ ਤਿਉਹਾਰ ਦਾ ਆਰੰਭ ਬਸੰਤ ਪੰਚਮੀ ਵਾਲੇ ਦਿਨ ਹੁੰਦਾ ਅਤੇ ਚੇਤਰ ਦੀ ਕ੍ਰਿਸ਼ਨਾ ਪੱਖ ਦੀ ਏਕਮ ਅਥਵਾ ਹੋਲੀਆਂ ਦੇ ਤਿਉਹਾਰ ਨੂੰ ਸਮਾਪਤ ਹੁੰਦਾ ਸੀ, ਇਸ ਤਰ੍ਹਾਂ ਇਹ ਤਿਉਹਾਰ ਚਾਲ੍ਹੀ ਦਿਨ ਤਕ ਰਹਿੰਦਾ ਸੀ। ਪਰ ਅੱਜ ਕਲ੍ਹ ਬਸੰਤ ਤੇ ਹੋਲੀ ਦੇ ਦੋ ਵੱਖੋ ਵੱਖਰੇ ਤਿਉਹਾਰ ਬਣ ਗਏ ਹਨ (ਵੇਖੋ : ਬਸੰਤ)।

(ਸ-677) **ਸੂਈ :**

ਸਿਊਣ ਪਰੋਣ ਵਾਲੀ ਸਾਧਾਰਣ ਜਿਹੀ ਸੂਈ ਦੁਆਲੇ ਵੀ ਕਈ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਲੋਕ ਧਾਰਨਾ ਅਨੁਸਾਰ ਸੂਈ ਦੀ ਸਿਰਜਨਾ ਵਿਸ਼ਵਕਰਮਾ ਨੇ ਸੂਰਜ ਦੀ ਕਿਰਨ ਤੋਂ ਕੀਤੀ, ਇਸੇ ਲਈ ਸੂਈ ਨੂੰ ਰੋਲਣਾ ਵਿਸ਼ਵਕਰਮੇ ਦੀ ਅਨਾਦਰੀ ਦੇ ਬਰਾਬਰ ਹੈ।

ਕੰਨਿਆਂ ਨੂੰ ਦਾਜ ਵਿਚ ਸੂਈ ਦੇਣੀ ਅਪਸ਼ਗਨ ਮੰਨੀ ਜਾਂਦੀ ਹੈ। ਇਸ ਲਈ ਕਈ ਮਾਂਵਾਂ ਦਾਜ ਦੇ ਹਰੇਕ ਕਪੜੇ ਨੂੰ ਬੜੇ ਧਿਆਨ ਨਾਲ ਟਟੋਲ ਕੇ ਵੇਖ ਲੈਂਦੀਆਂ ਹਨ ਕਿ ਕਿਧਰੇ ਗ਼ਲਤੀ ਨਾਲ ਕਿਸੇ ਕਪੜੇ ਨੂੰ ਸੂਈ ਲੱਗੀ ਨਾ ਰਹਿ ਜਾਵੇ। ਜੇ ਭੁਲ ਭੁਲੇਖੇ ਪੇਕੇ ਘਰ ਦੀ ਸੂਈ ਸਲਾਈ ਧੀ ਦੇ ਘਰ ਚਲੀ ਜਾਵੇ, ਤਾਂ ਉਹ ਪਹਿਲੇ ਪੈਰ ਵਾਪਸ ਕਰ ਦਿਤੀ ਜਾਂਦੀ ਹੈ।

ਜਿਸ ਸੂਈ ਨਾਲ ਖੱਫਣ ਸੀਤਾ ਜਾਵੇ, ਉਸ ਸੂਈ ਨੂੰ, ਬਚੇ ਹੋਏ ਧਾਗੇ ਸਮੇਤ, ਖੱਫਣ ਵਿਚ ਹੀ ਟੁੰਗ ਦਿਤਾ ਜਾਂਦਾ ਹੈ। ਇਸ ਮਨਹੂਸ ਸੂਈ-ਧਾਗੇ ਨੂੰ ਘਰ ਵਿਚ ਰਖਣਾ ਦੁਖ ਸੰਕਟ ਅਤੇ ਰੋਗ ਨੂੰ ਸੱਦਾ ਦੇਣਾ ਹੈ।

ਸੂਈ ਲੋਕ-ਕਹਾਣੀਆਂ ਦੀ ਵੀ ਕਥਾਨਿਕ ਰੂੜ੍ਹੀ ਹੈ। ਸਾਖੀਆਂ ਵਿਚ ਸੂਈ ਦੁਆਰਾ ਸੰਸਾਰ ਦੀ ਅਸਥਿਰਤਾ ਦਾ ਉਪਦੇਸ਼ ਮਿਲਦਾ ਹੈ। ਗੁਰੂ ਨਾਨਕ ਦੇਵ ਨੇ ਇਕ ਸ਼ਾਹੂਕਾਰ ਦੁਨੀ ਚੰਦ ਨੂੰ ਸੂਈ ਦੇ ਕੇ ਕਿਹਾ ਕਿ ਉਹ ਇਹ ਸੂਈ ਆਪਣੇ ਕੋਲ ਅਮਾਨਤ ਵਜੋਂ ਰਖ ਲਵੇ ਅਤੇ ਗੁਰੂ ਜੀ ਅਗਲੇ ਲੋਕ ਵਿਚ ਉਸ ਤੋਂ ਇਹ ਸੂਈ ਵਾਪਸ ਲੈ ਲੈਣਗੇ। ਦੁਨੀ ਚੰਦ ਦੇ ਪੁਛਣ 'ਤੇ ਕਿ ਉਹ ਇਸ ਸੂਈ ਨੂੰ ਅਗਲੇ ਲੋਕ ਵਿਚ ਕਿਵੇਂ ਨਾਲ ਲਿਜਾ ਸਕਦਾ ਹੈ, ਗੁਰੂ ਜੀ ਨੇ ਉਤਰ ਦਿਤਾ ਕਿ ਜਿਵੇਂ ਉਹ ਆਪਣਾ ਬਾਕੀ ਧਨ ਨਾਲ ਲੈਕੇ ਜਾਵੇਗਾ। ਇਹ ਗੱਲ ਸੁਣਦੇ ਸਾਰ ਦੁਨੀ ਚੰਦ ਦੇ ਮਨ ਵਿਚ ਗਿਆਨ ਦਾ ਉਦੈ ਹੋਇਆ ਅਤੇ ਉਸ ਨੇ ਆਪਣਾ ਸਾਰਾ ਧਨ ਲੋਕਾਂ ਵਿਚ ਵੰਡ ਦਿਤਾ। ਇਹ ਕਥਾਨਿਕ ਰੂੜ੍ਹੀ ਕਈ ਹੋਰ ਕਹਾਣੀਆਂ ਵਿਚ ਵੀ ਮਿਲਦੀ ਹੈ। ਇਕ ਸਾਮੀ ਕਥਾ ਅਨੁਸਾਰ ਪੈਗ਼ੰਬਰ ਮੁਹੰਮਦ ਸਾਹਿਬ ਨੇ ਇਕ ਜਗਿਆਸੂ ਨੂੰ ਸੂਈ ਦੇ ਨਕੇ ਵਿਚੋਂ ਊਠਾਂ ਦੀ ਕਤਾਰ ਲੰਘਦੀ ਵਿਖਾ ਦਿਤੀ ਸੀ।

ਸੂਈ ਦੁਆਰਾ ਜਾਦੂ-ਟੂਣੇ ਵੀ ਕੀਤੇ ਜਾਂਦੇ ਹਨ। ਜੇ ਕਿਸੇ ਸ਼ਖ਼ਸ ਨੂੰ ਦੁਖ ਤਸੀਹੇ ਦੇਣੇ ਹੋਣ, ਤਾਂ ਪਹਿਲਾਂ ਉਹਦੀ ਸ਼ਕਲ ਦਾ, ਆਟੇ/ਮੋਮ ਦਾ ਪੁਤਲਾ ਜਾਂ ਕਪੜੇ ਦਾ ਗੁੱਡਾ ਬਣਾ ਲਿਆ ਜਾਂਦਾ ਹੈ। ਫਿਰ ਕੁਝ ਖ਼ਾਸ ਮੰਤਰਾਂ ਦਾ ਜਾਪ ਕਰਦਿਆਂ ਉਸ ਦੇ ਪੁਤਲੇ ਵਿਚ ਸੂਈਆਂ ਪਛੀਆਂ ਜਾਂਦੀਆਂ ਹਨ। ਧਾਰਨਾ ਹੈ ਕਿ ਉਹ ਸੂਈਆਂ ਉਸ ਸ਼ਖ਼ਸ ਦੇ ਸਰੀਰ ਵਿਚ ਚੁਭਦੀਆਂ ਹਨ, ਜਿਸ ਦਾ ਉਹ ਪੁਤਲਾ ਹੋਵੇ। ਇਸੇ ਤਰ੍ਹਾਂ ਜੇ ਕੋਈ ਆਟੇ ਦਾ ਪੁਤਲਾ ਬਣਾ ਕੇ ਤੇ ਉਨ੍ਹਾਂ ਵਿਚ ਸੂਈਆਂ ਚੋਭ ਕੇ, ਕਿਸੇ ਸ਼ਖ਼ਸ ਦੇ ਘਰ ਦੀ ਛੱਤ ਉਤੇ ਰਖ ਦੇਵੇ, ਤਾਂ ਉਸ ਘਰ ਦੇ ਜੀਅ ਸਦਾ ਰੋਗੀ ਤੇ ਪੀੜਤ ਰਹਿਣਗੇ।

ਸੂਈ ਅਖਾਣਾਂ, ਬੁਝਾਰਤਾਂ ਤੇ ਗੀਤਾਂ ਦਾ ਵੀ ਵਿਸ਼ਾ-ਵਸਤੂ ਰਹੀ ਹੈ :

ਸੂਈ ਪਈ ਸਿਰ੍ਹਾਣੇ,
ਮੇਰੀ ਨਣਦ ਭੁੰਨਾਏ ਦਾਣੇ,
ਮੇਰੀ ਸੱਸ ਵੰਡਣ ਨਹੀਂ ਜਾਣੇ,
ਘਰ ਵਿਚ ਪੈ ਗਏ ਘਾਣੇ ਮਾਣੇ, ਜ਼ਾਲਮਾ ਸੂਈ ਵੇ।

ਗੀਤਾਂ ਵਿਚ ਸੂਈ ਉਨ੍ਹਾਂ ਦੁਖਾਂ ਦਾ ਚਿੰਨ੍ਹ ਹੈ, ਜੋ ਨੂੰਹ ਨੂੰ ਸਹੁਰੇ ਘਰ ਭੋਗਣੇ ਪੈਂਦੇ ਹਨ। ਇਸ ਕਿਸਮ ਦੇ ਗੀਤਾਂ ਨੂੰ 'ਸੂਈ ਦੇ ਗੀਤ' ਕਹਿੰਦੇ ਹਨ।

ਬੁਝਾਰਤਾਂ ਵਿਚ ਸੂਈ ਦੀ ਤੁਲਨਾ ਲੰਮੀ ਬੋਦੀ ਵਾਲੀ ਕੰਨਿਆਂ ਨਾਲ ਕੀਤੀ ਗਈ ਹੈ — "ਨਿਕੀ ਜਿਹੀ ਕੁੜੀ ਪਿਛੇ ਲੰਮ ਬੋਦਾ।" ਅਖਾਣਾਂ ਵਿਚ ਸੂਈ ਮੇਲ-ਮਿਲਾਪ ਦਾ ਬੋਧ ਕਰਵਾਂਦੀ ਹੈ। "ਕੈਂਚੀ ਕਟਦੀ ਆਈ, ਸੂਈ ਜੋੜਦੀ ਆਈ" ਵਿਚ ਸੂਈ ਦੇ ਇਸੇ ਕਿਰਦਾਰ ਵਲ ਸੰਕੇਤ ਹੈ।

(ਸ-678) **ਸੂਸ਼ਕ (ਸੂਛਕ)** :

ਪਹਿਲੇ ਬੱਚੇ ਦੇ ਜਨਮ ਉਤੇ ਛਟੀ ਵਾਲੇ ਦਿਨ, ਜਣਨੀ ਦੇ ਪੇਕੇ, ਜੱਚਾ ਅਤੇ ਉਸ ਦੇ ਬੱਚੇ ਲਈ ਕੁਝ ਕਪੜੇ-ਲੱਤੇ ਅਤੇ ਟੂੰਮਾਂ ਭੇਜਦੇ ਹਨ। ਇਨ੍ਹਾਂ ਕਪੜਿਆਂ ਵਿਚ ਆਮ ਤੌਰ 'ਤੇ ਬੱਚੇ ਦਾ ਝੱਗਾ, ਸਿਰ ਦੀ ਟੋਪੀ ਜਾਂ ਰੁਮਾਲ ਤੇ ਤੌਲੀਆ ਸ਼ਾਮਲ ਹੁੰਦੇ ਹਨ। ਪਰ ਕਈ ਵਾਰ ਮਾਂ ਲਈ ਕੁੜਤੀ, ਸਲਵਾਰ ਤੇ ਦੁਪੱਟਾ ਅਥਵਾ ਫੁਲਕਾਰੀ ਵੀ ਹੁੰਦੀ ਹੈ। ਕਈ ਧਨੀ ਲੋਕ ਬੱਚੇ ਦੇ ਪਿਊ ਅਤੇ ਦਾਦੇ ਦਾਦੀ ਲਈ ਵੀ ਕੁਝ ਕਪੜੇ ਭੇਜਦੇ ਹਨ। ਇਸ ਰਸਮ ਨੂੰ ਸੂਸ਼ਕ ਅਥਵਾ ਸੂਛਕ ਕਹਿੰਦੇ ਹਨ।

(ਸ-679) **ਸੂਸੀ** :

ਨੀਲ ਰੰਗ ਦਾ ਕਪੜਾ, ਜਿਸ ਵਿਚ ਲਾਲ ਧਾਰੀਆਂ ਹੁੰਦੀਆਂ ਹਨ। ਪਹਿਲੇ ਜ਼ਮਾਨੇ ਵਿਚ ਇਸ ਕਪੜੇ ਦਾ ਬੜਾ ਰਵਾਜ ਸੀ ਅਤੇ ਜ਼ਨਾਨੀਆਂ ਸੂਸੀ ਦੀਆਂ ਸੁਥਣਾਂ ਆਮ ਬਣਵਾਇਆ ਕਰਦੀਆਂ ਸਨ। ਇਕ ਪੰਜਾਬੀ ਲੋਕ-ਗੀਤ ਵਿਚ ਇਕ ਮੁਟਿਆਰ ਸੂਸੀ ਦੀ ਸੁੱਥਣ ਸਵਾਣ ਲਈ ਆਪਣੀ ਚੇਸ਼ਟਾ ਪ੍ਰਗਟ ਕਰਦੀ ਹੋਈ ਕਹਿੰਦੀ ਹੈ :

ਲੋਕਾਂ ਸਵਾਈਆਂ ਸੂਸੀ ਦੀਆਂ ਸੁਥਣਾਂ
ਮਾਹੀ ਵੇ, ਹਾਵਾ ਸੂਸੀ ਦਾ
ਤੇਰੀ ਮਾਂ ਵੀ ਸਵਾਈਆਂ,
ਤੇਰੇ ਭੈਣੂੰ ਵੀ ਸਵਾਈਆਂ
ਹਾਇ ਵੇ, ਹਾਵਾ ਸੂਸੀ ਦਾ। —ਲੋਕ-ਗੀਤ

(ਸ-680) **ਸੂਹੀ** :

(ਵੇਖੋ : ਸੂਹੀ ਸਲਾਮ)।

(ਸ-681) **ਸੂਹੀ ਸਲਾਮ** :

ਮੁਸਲਮਾਨਾਂ ਵਿਚ ਇਕ ਰਸਮ। ਨਿਕਾਹ ਤੋਂ ਪਿਛੋਂ ਜਦੋਂ ਦੁਲ੍ਹਨ ਪਹਿਲੀ ਵਾਰ ਸਹੁਰੇ ਘਰ ਜਾਂਦੀ ਹੈ ਤਾਂ ਉਸ ਨੂੰ ਘਰ ਦੇ ਕਿਸੇ ਕੋਠੇ ਵਿਚ ਰਤੇ ਪੀੜ੍ਹੇ ਜਾਂ ਪਲੰਘ ਉਤੇ ਬਿਠਾ ਦਿਤਾ ਜਾਂਦਾ ਹੈ। ਫਿਰ ਸਹੁਰੇ ਪਰਿਵਾਰ ਦੇ ਲੋਕ ਮੂੰਹ ਵਿਖਾਈ ਵਜੋਂ ਦੁਲ੍ਹਨ ਨੂੰ ਕੁਝ ਰੁਪਏ ਭੇਟ ਕਰਦੇ ਹਨ ਅਤੇ ਦੁਲ੍ਹਨ ਆਦਰ ਵਜੋਂ ਸਿਰ ਝੁਕਾ ਕੇ ਉਨ੍ਹਾਂ ਦੇ ਪੈਰਾਂ ਉਤੇ ਮੱਥਾ ਟੇਕਦੀ ਹੈ। ਇਸੇ ਰਸਮ ਨੂੰ ਕਈ ਮੁਸਲਮਾਨ ਸਲਾਮੀ ਵੀ ਕਹਿੰਦੇ ਹਨ (ਵੇਖੋ : ਸਲਾਮੀ)।

ਪੋਠੋਹਾਰ ਵਿਚ ਇਸ ਰਸਮ ਨੂੰ 'ਸੂਹੀ' ਕਹਿੰਦੇ ਹਨ ਅਤੇ ਨਵੀਂ ਵਹੁਟੀ ਪਹਿਲੀ ਵਾਰ ਘਰ ਦੇ ਵੱਡੇ ਵਡੇਰਿਆਂ ਨੂੰ ਰਸਮੀ ਢੰਗ ਨਾਲ ਮੱਥਾ ਟੇਕਦੀ ਅਤੇ ਉਨ੍ਹਾਂ ਤੋਂ ਸ਼ਗਨ ਲੈਂਦੀ ਹੈ। ਵੈਸੇ ਵੀ ਜਦੋਂ ਕਿਧਰੇ ਕੋਈ ਵੱਡਾ ਵਡੇਰਾ ਮਿਲ ਜਾਵੇ ਤਾਂ ਮੱਥਾ ਟੇਕਿਆ ਜਾਂਦਾ ਹੈ। ਮੱਥਾ ਟੇਕਣ ਦੀ ਇਸ ਕਿਰਿਆ ਨੂੰ ਵੀ ਸੂਹੀ ਕਿਹਾ ਜਾਦਾ ਹੈ।

(ਸ-682) **ਸੂਹੀ ਦਾ ਮੇਲਾ** :

ਚੰਬੇ ਦਾ ਇਕ ਸਥਾਨਕ ਮੇਲਾ, ਜੋ ਹਰ ਸਾਲ ਚੇਤਰ ਦੇ ਅਖੀਰਲੇ ਤਿੰਨ ਦਿਨ ਲੱਗਦਾ ਹੈ। ਇਹ ਮੇਲਾ ਬੜਾ ਹੀ ਪ੍ਰਾਚੀਨ ਹੈ। ਇਕ ਧਾਰਨਾ ਅਨੁਸਾਰ ਇਸ ਦਾ ਮੁੱਢ ਰਾਜੇ ਸਾਹਿਲ ਵਰਮਾ ਦੇ ਵੇਲੇ ਦਸਵੀਂ ਸਦੀ ਈਸਵੀ ਵਿਚ ਬਝਿਆ। ਦੰਦ-ਕਥਾਵਾਂ ਅਨੁਸਾਰ ਰਾਜੇ ਸਾਹਿਲ ਵਰਮਾ ਨੇ ਜਦੋਂ ਆਪਣੀ ਰਿਆਸਤ ਦੀ ਪਹਿਲੀ ਰਾਜਧਾਨੀ, ਬਰਮੌਰ ਨੂੰ ਤਿਆਗ ਕੇ ਚੰਬੇ ਨੂੰ ਰਾਜਧਾਨੀ ਬਣਾਇਆ, ਤਾਂ ਨਵੇਂ ਇਲਾਕੇ ਵਿਚ ਰਾਜੇ ਨੇ ਪਾਣੀ ਦੀ ਬੜੀ ਕਿੱਲਤ ਮਹਿਸੂਸ ਕੀਤੀ। ਸੋ ਉਸ ਨੇ ਸਰਹੋਤਾ ਨਦੀ ਵਿਚੋਂ ਇਕ ਕੁਲ੍ਹ ਕੱਢੀ, ਪਰ ਪਾਣੀ ਉਸ ਕੂਲ੍ਹ ਵਿਚ ਦਾਖ਼ਲ ਨਹੀਂ ਸੀ ਹੁੰਦਾ। ਬ੍ਰਾਹਮਣਾਂ ਨੇ ਦਸਿਆ ਕਿ ਜਲ-ਜੋਗਣੀ ਨੂੰ ਪਤਿਆਣ ਲਈ, ਰਾਜੇ ਨੂੰ ਆਪਣੀ ਰਾਣੀ ਜਾਂ ਪੁੱਤਰ ਦੀ ਬਲੀ ਦੇਣੀ

ਪਏਗੀ। ਇਕ ਹੋਰ ਰਵਾਇਤ ਅਨੁਸਾਰ ਰਾਜੇ ਨੂੰ ਸੁਪਨਾ ਆਇਆ, ਜਿਸ ਵਿਚ ਉਸ ਨੂੰ ਪੁੱਤਰ ਦੀ ਬਲੀ ਦੇਣ ਦਾ ਸੰਕੇਤ ਮਿਲਿਆ, ਪਰ ਰਾਣੀ ਸੁਨੈਨਾ ਨੇ ਪੁੱਤਰ ਦੀ ਥਾਂ ਆਪਣੀ ਬਲੀ ਦੇਣੀ ਪਸੰਦ ਕੀਤੀ। ਸੋ ਰਾਣੀ ਸਤੀ ਦੇ ਵਾਂਗ ਸੰਧਉਰਾ ਲੈ ਕੇ ਬਲੋਟਾ ਪਿੰਡ ਦੇ ਨੇੜੇ ਉਸ ਥਾਂ ਪੁੱਜੀ, ਜਿਥੋਂ ਨਦੀ ਵਿਚੋਂ ਕੂਲ੍ਹ ਕੱਢੀ ਗਈ ਸੀ। ਉਸ ਥਾਂ ਮੰਤਰਾਂ ਦੇ ਜਾਪ ਅਤੇ ਸੰਖਾਂ ਦੀ ਧੁਨੀ ਵਿਚ ਰਾਣੀ ਨੂੰ ਜਿਊਂਦਾ ਦੱਬ ਦਿਤਾ ਗਿਆ ਅਤੇ ਉਸੇ ਪਲ ਕੂਲ੍ਹ ਵਿਚ ਪਾਣੀ ਆ ਗਿਆ। ਚੰਬੇ ਦੀ ਰਾਣੀ ਹੋਣ ਕਰ ਕੇ ਉਸ ਨੂੰ ਚੰਭਿਆਲੀ ਵੀ ਕਹਿੰਦੇ ਹਨ, ਪਰ ਉਸ ਦੇ ਨਾਂ ਦੇ ਪਹਿਲੇ ਹਿੱਸੇ 'ਸੁ' ਤੋਂ, ਜਿਸ ਦਾ ਅਰਥ ਗੁਣਵਾਨ ਹੈ, ਉਸ ਦਾ ਨਾਂ ਸੂਹੀ ਪ੍ਰਚਲਤ ਹੋ ਗਿਆ ਅਤੇ ਲੋਕੀਂ ਉਸ ਨੂੰ 'ਸੂਹੀ ਮਾਤਾ' ਕਹਿਣ ਲੱਗੇ। ਇਸ ਕਥਾ ਨਾਲ ਮਿਲਦੀ ਜੁਲਦੀ ਰਵਾਇਤ ਕਾਂਗੜੇ ਦੀ ਕੂਲ੍ਹ ਬਾਰੇ ਵੀ ਪ੍ਰਚਲਤ ਹੈ।

ਸੂਹੀ ਦੇ ਮੇਲੇ ਵਿਚ ਤੀਵੀਆਂ ਤੇ ਕੁੜੀਆਂ-ਚਿੜੀਆਂ ਹੀ ਸ਼ਾਮਲ ਹੁੰਦੀਆਂ ਹਨ, ਮਰਦ ਨਹੀਂ। ਇਸ ਮੌਕੇ ਉਤੇ ਗਾਏ ਜਾਣ ਵਾਲੇ ਗੀਤਾਂ ਨੂੰ 'ਸੂਹੀ ਦੇ ਗੀਤ' ਕਹਿੰਦੇ ਹਨ :—

ਆਯਾ ਬਸੋਆ ਲਗੀਆਂ ਸੂਹੀਆਂ
ਕੁੜੀਆਂ ਪਾਂਦੀਆਂ ਅਡੀਆਂ ਓ।
ਲੇਈ ਦਿਆ ਅੰਮਾ ਮੇਚੜੇ
ਓ ਮੈਂ ਸੂਹੀਆ ਦੇਖਣ ਜਾਣਾ ਓ।

ਸੂਹੀ ਦੇ ਮੇਲੇ ਤੋਂ ਮਹੀਨਾ ਕੁ ਪਹਿਲਾਂ ਹੀ ਕੁੜੀਆਂ ਨਵੀਆਂ ਚੀਜ਼ਾਂ ਖ਼ਰੀਦਣੀਆਂ ਸ਼ੁਰੂ ਕਰ ਦੇਂਦੀਆਂ ਹਨ ਅਤੇ ਉਹ ਨਿਕੀਆਂ ਨਿਕੀਆਂ ਟੋਲੀਆਂ ਬਣਾ ਕੇ 'ਘੁਰੇਈ' ਦੇ ਗੀਤ ਗਾਉਂਦੀਆਂ ਹਨ। ਹੇਠਲੇ ਘੁਰੇਈ ਵਿਚ ਨਵੀਆਂ ਪੰਜੇਬਾਂ ਖ਼ਰੀਦਣ ਦਾ ਸ਼ੌਕ ਮਚਲ ਰਿਹਾ ਹੈ :—

ਝਿਕੇ ਦੇਸਾਂ ਦਾ ਵਾਣੀ ਆਯਾ ਹੋ
ਹੋ ਅੰਮਾਂ ਭਲਾ ਮੇਰੀਏ ਮੇਚੜੇ ਲਈ ਦੇ।
ਓ ਧੀਏ ਜਾਣੀਏ ਮੁਲ ਬੜਾ
ਓ ਅੰਮਾਂ ਮੇਰੀਏ ਚਾਓ ਬੜਾ।

ਅਖ਼ੀਰਲੇ ਦਿਨ ਦੇ ਮੇਲੇ ਨੂੰ ਸੁਕਰਾਤ (ਸੁਖਰਾਤ) ਕਹਿੰਦੇ ਹਨ। ਜੇ ਸੁਕਰਾਤ ਸ਼ੁਕਰਵਾਰ ਨੂੰ ਆ ਪਏ ਤਾਂ ਸਨਿਚਰਵਾਰ ਨੂੰ ਮਨਾਈ ਜਾਂਦੀ ਹੈ। ਧਾਰਨਾ ਹੈ ਕਿ ਸ਼ੁਕਰਵਾਰ ਮੇਲਾ ਮਨਾਉਣ ਨਾਲ ਮੇਲੇ ਦੀ ਜੜ੍ਹ ਸੁਕ ਜਾਂਦੀ ਅਤੇ ਇਸ ਦਾ ਪ੍ਰਵਾਹ ਹਮੇਸ਼ਾਂ ਲਈ ਮੁਕ ਜਾਂਦਾ ਹੈ। ਸੁਕਰਾਤ ਨੂੰ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਦੀ ਵੰਨਗੀ ਇਸ ਪ੍ਰਕਾਰ ਹੈ :—

ਸੁਕਰਾਤ ਕੁੜੀਓ ਚਿੜੀਓ,
ਸੁਕਰਾਤ ਦੇਵੀ ਰੇ ਦੋਹਰੇ ਓ।
ਸੁਕਰਾਤ ਕੁੜੀਓ ਚਿੜੀਓ,
ਸੁਕਰਾਤ ਨੌਣਾ ਪਾਣੀ ਹਾਰੇ ਓ।
ਠੰਢਾ ਪਾਣੀ ਕੀਹਾ ਕਰੀ ਪੀਣਾ,
ਤੇਰੇ ਨੈਣ ਤੇਰੀ ਹੇਰੀ ਜੀਣਾ ਓ।
ਸੁਕਰਾਤ ਕੁੜੀਓ ਚਿੜੀਓ,
ਸੁਕਰਾਤ ਲਛਮੀ ਨਾਰਾਇਣ ਓ।

**(ਸ-683) ਸੂਣਾ :**

ਕੁਝ ਮਹੀਨਿਆਂ ਵਿਚ ਖ਼ਾਸ ਖ਼ਾਸ ਪਸ਼ੂਆਂ ਦਾ ਸੂਣਾ ਅਸ਼ੁਭ ਮੰਨਿਆ ਜਾਂਦਾ ਹੈ। ਅਜਿਹਾ ਪਸ਼ੂ ਜਿਸ ਦੇ ਘਰ ਵਿਚ ਸੂਇਆ ਹੋਵੇ, ਉਥੇ ਦੁਖ ਦਲਿਦ੍ਰ ਵਧਦਾ ਹੈ। ਚੇਤਰ ਦੇ ਮਹੀਨੇ ਕੁੱਤੀ, ਵਿਸਾਖ ਦੇ ਮਹੀਨੇ ਊਠਣੀ, ਜੇਠ ਦੇ ਮਹੀਨੇ ਬਿੱਲੀ, ਸਾਵਣ ਦੇ ਮਹੀਨੇ ਘੋੜੀ ਅਤੇ ਖੋਤੀ, ਭਾਦਰੋਂ ਦੇ ਮਹੀਨੇ ਗਊ, ਮੱਘਰ ਦੇ ਮਹੀਨੇ ਮੱਝ, ਪੋਹ ਦੇ ਮਹੀਨੇ ਬਕਰੀ ਸੂਈ ਚੰਗੀ ਨਹੀਂ ਸਮਝੀ ਜਾਂਦੀ। ਜੇ ਕੋਈ ਪਸ਼ੂ ਕਿਸੇ ਅਸ਼ੁਭ ਮਹੀਨੇ ਵਿਚ ਸੂ ਪਏ ਤਾਂ ਉਹਦਾ ਮਾਲਕ ਪਾਂਧਿਆਂ, ਜੋਤਸ਼ੀਆਂ ਤੇ ਫ਼ਕੀਰਾਂ ਤੋਂ, ਦੁਖ ਕਲੇਸ਼ ਤੋਂ ਬਚਣ ਦੇ ਉਪਾਅ ਪੁਛਦਾ ਅਤੇ ਪੁੰਨ ਦਾਨ ਕਰਦਾ ਹੈ। ਕਈ ਲੋਕ ਤਾਂ ਉਸ ਪਸ਼ੂ ਨੂੰ ਝਟ ਵੇਚ ਦੇਂਦੇ ਹਨ, ਤਾਂ ਜੋ ਆਪਣੀ ਬਲਾਅ ਦੂਜੇ ਦੇ ਗਲ ਪਏ, ਪਰ ਕਈ ਖੁਲ੍ਹਾ ਛੱਡ ਦੇਂਦੇ ਹਨ। ਮੁਸਲਮਾਨ ਅਜਿਹੀ ਸਥਿਤੀ ਵਿਚ ਖ਼ਾਨਗਾਹਾਂ 'ਤੇ ਦੀਵੇ ਬਾਲਦੇ ਅਤੇ ਫ਼ਕੀਰਾਂ ਵਿਚ ਖ਼ੈਰਾਤ ਵੰਡਦੇ ਹਨ।

ਇਸ ਭਰਮ ਵਹਿਮ ਪਿਛੇ ਕਿਹੜੀ ਭਾਵਨਾ ਕੰਮ ਕਰ ਰਹੀ ਹੈ? ਇਕ ਖ਼ਾਸ ਮਹੀਨੇ ਇਕ ਵਿਸ਼ੇਸ਼ ਜਾਤੀ ਦੇ ਪਸ਼ੂ ਦਾ ਸੂਣਾ ਹੀ ਕਿਉਂ ਅਸ਼ੁਭ ਹੈ, ਬਾਕੀਆਂ ਦਾ ਨਹੀਂ; ਲੋਕਧਾਰਾ ਇਸ ਦੀ ਕੋਈ ਤਸੱਲੀ ਭਰਿਆ ਉਤਰ ਨਹੀਂ

ਦੇਂਦੀ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਅਸ਼ੁਭ ਮੰਨੇ ਗਏ ਮਹੀਨਿਆਂ ਵਿਚ ਉਹ ਪਸ਼ੂ ਬਹੁਤ ਘਟ ਸੂੰਦੇ ਵੇਖੇ ਗਏ ਹਨ। ਇਸ ਵਾਸਤੇ ਅਨਹੋਣੀ ਜਾਂ ਨਿਤ ਨਾਲੋਂ ਅਭਰਿਠ ਗੱਲ ਨੂੰ ਲੋਕੀਂ ਅਸ਼ੁਭ ਹੀ ਮੰਨਦੇ ਰਹੇ ਹਨ। ਹੋ ਸਕਦਾ ਹੈ ਕਿ ਇਸ ਵਹਿਮ ਪਿਛੇ ਪੁਰਾਣੇ ਸਮਿਆਂ ਵਿਚ ਪਸ਼ੂਆਂ ਦੀ ਪਿਤਰੀ-ਚਿੰਨ੍ਹ ਦੇ ਰੂਪ ਵਿਚ ਕੀਤੀ ਜਾਂਦੀ ਪੂਜਾ ਦਾ ਕੋਈ ਹੱਥ ਹੋਵੇ।

(ਸ-684) **ਸੂਤਕ :**

ਬੱਚੇ ਦੇ ਜੰਮਣ ਵੇਲੇ ਜਾਂ ਗਰਭ ਦੇ ਪਾਤ ਹੋਣ ਨਾਲ ਘਰ ਵਿਚ ਪੈਦਾ ਹੋਈ ਅਪਵਿਤ੍ਰਤਾ। ਹਿੰਦੂ ਧਰਮ ਸ਼ਾਸਤ੍ਰਾਂ ਅਨੁਸਾਰ ਬੱਚੇ ਦੇ ਜਨਮ ਉਪ੍ਰੰਤ ਕੁਝ ਦਿਨਾਂ ਵਾਸਤੇ ਘਰ ਅਸ਼ੁਧ ਹੋ ਜਾਂਦਾ ਹੈ ਅਤੇ ਓਨੀਂ ਦਿਨੀਂ ਉਸ ਘਰ ਨਾਲ ਖਾਣ ਪੀਣ ਤੇ ਵਰਤਣ-ਵਰਤਾਰੇ ਦੀ ਸਾਂਝ ਰਖਣ ਵਾਲਾ ਵੀ ਖ਼ੁਦ ਬਖ਼ੁਦ ਪਲੀਤ ਹੋ ਜਾਂਦਾ ਹੈ। ਇਸ ਲਈ ਕਈ ਸਨਾਤਨੀ ਵਿਚਾਰਾਂ ਦੇ ਲੋਕ ਸੂਤਕ ਵਾਲੇ ਘਰ ਆਉਣਾ ਜਾਣਾ ਨਹੀਂ ਰਖਦੇ। ਅਸ਼ੁਧੀ ਦੇ ਇਨ੍ਹਾਂ ਦਿਨਾਂ ਵਿਚ ਵੇਦਾਂ ਦੇ ਅਧਿਐਨ ਅਤੇ ਹੋਮ ਯੱਗ ਕਰਨ ਦੀ ਮਨਾਹੀ ਹੈ। ਇਨ੍ਹੀਂ ਦਿਨੀਂ ਪ੍ਰਾਣੀ ਨੂੰ ਸੰਜਮ ਵਿਚ ਰਹਿਣ ਦਾ ਆਦੇਸ਼ ਹੈ।

ਹਿੰਦੂ ਸ਼ਾਸਤਰਾਂ ਅਨੁਸਾਰ ਸੂਤਕ ਤੋਂ ਪੈਦਾ ਹੋਈ ਅਸ਼ੁਧੀ ਬ੍ਰਾਹਮਣ ਦੇ ਘਰ ਗਿਆਰਾਂ ਦਿਨ, ਖਤਰੀ ਦੇ ਘਰ ਤੇਰਾਂ ਦਿਨ, ਵੈਸ਼ ਦੇ ਸਤਾਰਾਂ ਦਿਨ ਅਤੇ ਸ਼ੂਦਰ ਦੇ ਤੀਹ ਦਿਨ ਰਹਿੰਦੀ ਹੈ। ਇਸ ਅਰਸੇ ਦੀ ਸਮਾਪਤੀ ਉਤੇ ਹੀ ਜੱਚਾ ਬਿਸਤਰੇ ਤੋਂ ਉਠਦੀ ਅਤੇ ਕੇਸੀ ਇਸ਼ਨਾਨ ਕਰਦੀ ਹੈ। ਸ਼ੁਧੀ ਦੀ ਇਸ ਰੀਤ ਨੂੰ ਅਰਸੇ ਮੁਤਾਬਿਕ ਤਰਤੀਬਵਾਰ ਗਿਆਰ੍ਹਵਾਂ, ਤੇਰ੍ਹਵਾਂ, ਸਤਾਰ੍ਹਵਾਂ ਨਹਾਵਣਾ ਵੀ ਕਹਿੰਦੇ ਹਨ। ਇਸ ਦਿਨ ਗੋਹੇ ਦਾ ਲੇਪ ਦੇ ਕੇ ਹਿੰਦੂ ਸਾਰੇ ਮਕਾਨ ਨੂੰ ਸਾਫ਼ ਕਰਦੇ ਅਤੇ ਫਿਰ ਗੌਤਰ ਜਾਂ ਗੰਗਾਜਲੀ ਛਿਣਕ ਕੇ ਪਵਿਤ੍ਰ ਕਰਦੇ ਹਨ, ਇਸ ਨੂੰ 'ਸੂਤਕ ਕਢਣਾ' ਕਿਹਾ ਜਾਂਦਾ ਹੈ। ਇਸ ਮੌਕੇ ਉਤੇ ਕਈ ਹਿੰਦੂ ਬ੍ਰਾਹਮਣਾਂ ਤੋਂ 'ਪਾਂਚਗਣ' ਤਿਆਰ ਕਰਵਾ ਕੇ ਪੀਂਦੇ ਹਨ।

ਸੂਤਕ ਨੂੰ ਨਿਵਰਨ ਬਾਰੇ ਹਰੇਕ ਜਾਤੀ ਦੇ ਆਪੋ ਆਪਣੇ ਵੱਖਰੇ ਰੀਤ ਰਵਾਜ ਹਨ। ਕੁਝ ਜਾਤਾਂ ਗੋਤਾਂ ਵਿਚ ਇਸ ਦਿਨ ਜਠੇਰਿਆਂ ਜਾਂ ਸਤੀ ਦੇ ਸਥਾਨ ਉਤੇ ਜੱਚਾ ਆਪਣੇ ਸਾਕ-ਸਬੰਧਣਾਂ ਨਾਲ ਪੂਜਾ ਵਾਸਤੇ ਜਾਂਦੀ ਹੈ। ਕਈ ਲੋਕ ਇਸ ਦਿਨ ਕੜਾਹ ਪ੍ਰਸ਼ਾਦਿ, ਗੁੜ ਜਾਂ ਕੋਈ ਮਠਿਆਈ ਵੀ ਵੰਡਦੇ ਹਨ। ਇਸੇ ਦਿਨ ਦਾਈ ਨੂੰ ਲਾਗ ਦੇ ਕੇ ਵਿਦਾ ਕੀਤਾ ਜਾਂਦਾ ਹੈ।

ਸੂਤਕ ਨੂੰ ਬਹਾਵਲਪੁਰ ਤੇ ਆਲੇ ਦੁਆਲੇ ਦੇ ਇਲਾਕਿਆਂ ਵਿਚ 'ਛੂਤ' ਵੀ ਕਹਿੰਦੇ ਹਨ। ਸੂਤਕ ਦੇ ਦਿਨੀਂ ਘਰ ਦੇ ਜੀਆਂ ਤੋਂ ਇਲਾਵਾ ਹੋਰ ਦੂਜੇ ਉਸ ਘਰ ਦੀ ਕੋਈ ਚੀਜ਼ ਵਸਤ ਮੂੰਹ ਨਹੀਂ ਲਗ਼ਾਂਦਾ। ਤੇਰ੍ਹਵੇਂ ਦਿਨ ਘਰ ਵਿਚ ਪਏ ਮਿੱਟੀ ਦੇ ਸਾਰੇ ਭਾਂਡੇ ਬਾਹਰ ਸੁਟ ਦਿਤੇ ਜਾਂਦੇ ਹਨ ਅਤੇ ਬ੍ਰਾਹਮਣਾਂ ਨੂੰ ਭੋਜ ਦਿਤਾ ਜਾਂਦਾ ਹੈ। ਬਹਾਵਲਪੁਰ ਦੇ ਕੁਝ ਕਿਰਾੜ ਹਿੰਦੂ ਇਸ ਰੀਤ ਨੂੰ 'ਚੋਲਾ' ਕਹਿੰਦੇ ਹਨ, ਕਿਉਂ ਜੋ ਇਸੇ ਦਿਨ ਬੱਚੇ ਨੂੰ ਪਹਿਲਾ ਚੋਲਾ ਪਹਿਨਾਇਆ ਜਾਂਦਾ ਹੈ। ਜੇ ਇਨ੍ਹੀਂ ਦਿਨੀਂ ਗਲੀ ਮਹੱਲੇ ਵਿਚ ਕੋਈ ਮੌਤ ਹੋ ਜਾਏ, ਤਾਂ ਇਸ ਗੱਲ ਦਾ ਬੜਾ ਧਿਆਨ ਰਖਿਆ ਜਾਂਦਾ ਹੈ ਕਿ ਜਣਨੀ ਤਕ, ਕਿਸੇ ਤਰ੍ਹਾਂ ਦੀ ਕੋਈ ਸੋਗੀ ਆਵਾਜ਼ ਨਾ ਪਹੁੰਚੇ। ਕਿਰਾੜਾਂ ਵਿਚ ਤਾਂ ਇਨ੍ਹੀਂ ਦਿਨੀਂ ਘਰ ਵਿਚ ਹਰ ਵੇਲੇ ਢੋਲਕੀ ਵਜਾਉਣ ਦਾ ਪ੍ਰਬੰਧ ਕਰ ਲੈਂਦੇ ਹਨ, ਤਾਂ ਜੋ ਦੂਜੀਆਂ ਆਵਾਜ਼ਾਂ ਦੱਬੀਆਂ ਰਹਿਣ, ਪਰ ਗ਼ਰੀਬ ਲੋਕ ਘਰਾਂ ਵਿਚ ਆਵਾਜ਼ ਨੂੰ ਦਬਾਣ ਵਾਸਤੇ ਭਾਂਡੇ ਖੜਕਾਂਦੇ ਰਹਿੰਦੇ ਹਨ।

ਬਾਣੀਏ ਸੂਤਕ ਨੂੰ ਦਸਵੇਂ ਦਿਨ ਕਢਦੇ ਹਨ ਅਤੇ ਇਸ ਰੀਤ ਨੂੰ 'ਦਸੋਥਾਨ' ਕਹਿੰਦੇ ਹਨ।

ਗੁਰਬਾਣੀ ਵਿਚ ਸੂਤਕ ਨੂੰ ਭਰਮ ਦਸਿਆ ਗਿਆ ਹੈ — "ਸਭੋ ਸੂਤਕ ਭਰਮ ਹੈ ਦੂਜੇ ਲਗੇ ਜਾਇ" (ਵਾਰ ਆਸਾ ਮਹਲਾ ੧) ਅਤੇ ਇਸ ਨਾਲ ਜੁੜੀ ਭਾਵਨਾ ਦੇ ਤਿਆਗਣ ਉਤੇ ਜ਼ੋਰ ਹੈ।

ਕਿਸੇ ਪ੍ਰਾਣੀ ਦੇ ਮਰਨ ਪੁਰ ਹੋਈ ਅਸ਼ੁਧੀ ਨੂੰ ਪਾਤਕ ਕਹਿੰਦੇ ਹਨ (ਵੇਖੋ : ਪਾਤਕ)।

(ਸ-685) **ਸੂਤਰ** :

(ੳ) ਰੂੰ ਨੂੰ ਪਿੰਜ ਕੱਤ ਕੇ ਬਣਾਇਆ ਧਾਗਾ; ਸੂਤਰ ਨਾਲ ਕਈ ਮਨੌਤਾਂ, ਧਾਰਮਿਕ ਸੰਕਲਪ ਅਤੇ ਲੋਕਧਾਰਾਈ ਭਾਵਨਾਵਾਂ ਜੁੜੀਆਂ ਹੋਈਆਂ ਹਨ। ਸੂਤਰ ਦੇ ਧਾਗੇ ਨੂੰ ਹਿੰਦੂ ਇਤਨਾ ਪਵਿਤ੍ਰ ਮੰਨਦੇ ਹਨ ਕਿ ਇਸ ਨੂੰ ਰਸਮੀ ਢੰਗ ਨਾਲ ਧਾਰਨ ਕਰਨ ਵਾਲਾ ਦੋ ਜਨਮਾ ਅਖਵਾਉਂਦਾ ਹੈ ਅਤੇ ਉਸ ਦੀ ਬਿਰਤੀ ਕਾਮਾਦਿਕ ਤੋਂ ਵਿਮੁਕਤ ਹੋ ਕੇ ਦੈਵੀ ਹੁੰਦੀ ਮੰਨੀ ਜਾਂਦੀ ਹੈ (ਵੇਖੋ : ਜਨੇਊ)। ਸੂਤਰ ਦੁਸ਼ਟ ਸ਼ਕਤੀਆਂ ਦੇ ਪ੍ਰਭਾਵ ਤੋਂ ਨਿਰਲੇਪ ਰਖਦਾ ਹੈ। ਸੂਰਜ/ਚੰਨ ਗ੍ਰਹਿਣ ਸਮੇਂ ਜੇ ਕੋਈ ਗਰਭਵਤੀ ਸੂਤਰ ਦੇ ਸੁੱਚੇ ਧਾਗੇ ਦਾ ਗੋਲਾ ਪੈਰਾਂ ਵਿਚ ਦਬਾ ਕੇ ਫਿਰ ਮੋਨ ਧਾਰ ਕੇ ਲੰਮੀ ਪੈ ਜਾਵੇ, ਤਾਂ ਗ੍ਰਹਿਣ ਦਾ ਗਰਭ ਵਿਚਲੇ ਬੱਚੇ ਉਤੇ ਕੋਈ ਮੰਦਾ ਅਸਰ ਨਹੀਂ ਪੈਂਦਾ। ਸੂਤਰ ਦੇ ਧਾਗੇ ਦੀ ਰੱਖ ਬਦਰੂਹਾਂ ਅਤੇ ਬਦ ਨਜ਼ਰ ਨੂੰ ਨੇੜੇ ਨਹੀਂ ਢੁਕਣ ਦੇਂਦੀ। ਇਸੇ ਲਈ ਵਿਆਹ ਸਮੇਂ ਵਰ ਅਤੇ ਕੰਨਿਆਂ ਦੀ ਵੀਣੀ ਉਤੇ ਮਜੀਠ ਵਿਚ ਰੰਗੇ ਸੂਤਰ ਦਾ ਗਾਨਾ ਬੰਨ੍ਹਣ ਦੀ ਪ੍ਰਥਾ ਹੈ (ਵੇਖੋ : ਗਾਨਾ)। ਰੱਖੜੀ ਵੀ ਇਕ ਤਰ੍ਹਾਂ ਦੀ ਸੂਤਰ ਦੀ ਰੱਖ ਹੀ ਹੈ, ਜਿਸ ਨੂੰ ਬੰਨ੍ਹ ਕੇ ਵੀਰ ਭੈਣ ਦੀ ਰੱਖਿਆ ਲਈ ਪ੍ਰਣਬਧ ਹੁੰਦਾ ਸੀ। ਪਹਿਲਿਆਂ ਵਿਚ ਭੈਣ ਰੰਗਿਆ ਸੂਤ ਜਾਂ ਮੌਲੀ ਦਾ ਧਾਗਾ ਭਰਾ ਦੀ ਵੀਣੀ ਉਤੇ ਬੰਨ੍ਹਦੀ ਸੀ (ਵੇਖੋ : ਰੱਖੜੀ)। ਰੋਗ ਨੂੰ ਕਿਸੇ ਜੜ੍ਹ ਵਸਤੂ ਵਿਚ ਪ੍ਰਵਿਰਤ ਕਰਨ ਲਈ ਵੀ ਸੂਤਰ ਨੂੰ ਮਾਧਿਅਮ ਬਣਾਇਆ ਜਾਂਦਾ ਹੈ। ਟੂਣਾ-ਰੀਤ ਅਨੁਸਾਰ ਜੇ ਕਿਸੇ ਨੂੰ ਵਾਰੀ ਦਾ ਬੁਖ਼ਾਰ ਹੋਵੇ, ਤਾਂ ਉਹ ਪਿੱਪਲ ਦੀਆਂ ਸੱਤ ਪ੍ਰਕਰਮਾ ਕਰਦਾ ਹੋਇਆ, ਸੂਤਰ ਦੇ ਧਾਗੇ ਨੂੰ ਦਰੱਖ਼ਤ ਦੁਆਲੇ ਵਲੇ ਅਤੇ ਨਾਲੋ ਨਾਲ ਇਹ ਤੁਕਾਂ ਪੜ੍ਹੇ :—

ਪਿੱਪਲ ਤੇਰੇ ਪੱਤ ਹਰੇ,
ਸੱਤ ਸੂਤ ਮੈਂ ਵਲ ਧਰੇ
ਮੇਰੀ ਵਾਰੀ ਤੈਨੂੰ ਚੜ੍ਹੇ,
ਚੜ੍ਹ ਗਈ ਵਾਰੀ, ਚੜ੍ਹ ਗਈ।

ਤਾਂ ਉਸ ਰੋਗੀ ਦਾ ਬੁਖ਼ਾਰ ਪਿੱਪਲ ਵਿਚ ਪ੍ਰਵਿਰਤ ਹੋ ਜਾਂਦਾ ਹੈ।

(ਅ) ਸਾਹਿੱਤ ਵਿਚ ਸੂਤਰ ਉਸ ਪੰਗਤੀ ਜਾਂ ਵਾਕ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਕਿਸੇ ਨਿਯਮ, ਨੈਤਿਕਤਾ ਜਾਂ ਅਨੁਭਵ ਨੂੰ ਸੰਜਮ ਨਾਲ ਸਾਰ ਰੂਪ ਵਿਚ ਪੇਸ਼ ਕੀਤਾ ਗਿਆ ਹੋਵੇ। ਅਖਾਣਾਂ ਵਿਚ ਸੂਤ੍ਰਿਕ ਸ਼ੈਲੀ ਦੀ ਪ੍ਰਧਾਨਤਾ ਹੈ, ਕਿਉਂ ਜੋ ਸੂਤਰ ਸਹਿਜੇ ਹੀ ਲੋਕ-ਸਿਮਰਤੀ ਵਿਚ ਰਚ ਜਾਂਦੇ ਹਨ (ਵੇਖੋ : ਅਖਾਣ)। ਸੂਤ੍ਰਿਕ ਸ਼ੈਲੀ ਵਿਚ ਰਚੇ ਗ੍ਰੰਥਾਂ ਨੂੰ ਵੀ 'ਸੂਤਰ' ਕਿਹਾ ਜਾਂਦਾ ਹੈ। ਵੇਦਾਂ ਬਾਰੇ ਅਨੇਕਾਂ ਸੂਤਰ ਮਿਲਦੇ ਹਨ, ਜਿਨ੍ਹਾਂ ਵਿਚੋਂ ਤਿੰਨ ਤਰ੍ਹਾਂ ਦੇ ਸੂਤਰ ਪ੍ਰਮੁਖ ਹਨ (1) ਕਲਪ ਸੂਤ੍ਰ ਕਰਮ-ਕਾਂਡ ਨਾਲ ਸੰਬੰਧਤ ਹਨ। (2) ਗ੍ਰਹਿ ਸੂਤਰਾਂ ਦਾ ਸੰਬੰਧ ਘਰੇਲੂ ਵਿਧਾਨਾਂ ਨਾਲ ਹੈ। (3) ਸਾਮਯਚਾਰਿਕ ਸੂਤ੍ਰਾਂ ਦਾ ਸੰਬੰਧ ਪਰੰਪਰਾ ਤੋਂ ਚਲੀਆਂ ਆ ਰਹੀਆਂ ਰੀਤਾਂ ਤੇ ਰਵਾਜਾਂ ਨਾਲ ਹੈ। ਇਸੇ ਤਰ੍ਹਾਂ ਯੋਗ ਮੱਤ ਦੇ ਵੀ ਸੂਤਰ ਹਨ, ਜਿਨ੍ਹਾਂ ਦਾ ਸੰਬੰਧ ਯੋਗ ਦੇ ਸਿਧਾਂਤਾਂ ਤੇ ਸਾਧਨਾ ਨਾਲ ਹੈ। ਬ੍ਰਹਮ ਸੂਤਰਾਂ ਦਾ ਸੰਬੰਧ ਬ੍ਰਹਮ ਵਿੱਦਿਆ ਨਾਲ ਹੈ।

ਮਹਾਂਪੁਰਖਾਂ ਦੇ ਬਚਨਾਂ ਲਈ ਵੀ ਸੂਤਰ ਸ਼ਬਦ ਦਾ ਪ੍ਰਯੋਗ ਹੁੰਦਾ ਰਿਹਾ ਹੈ। ਪੰਜਾਬੀ ਵਿਚ ਜਪੁਜੀ ਸਾਹਿਬ ਸੂਤ੍ਰਿਕ ਸ਼ੈਲੀ ਦੀ ਇਕ ਉਤਕ੍ਰਿਸ਼ਟ ਰਚਨਾ ਹੈ।

(ਸ-686) **ਸ਼ੂਦਰ** :

(ਵੇਖੋ : ਵਰਣ)।

(ਸ-687) **ਸੂਪਧਾਨੀ** :

ਬੱਚੇ ਦੇ ਜਨਮ ਨਾਲ ਸੰਬੰਧਿਤ ਖਤ੍ਰੀਆਂ ਦੀ ਇਕ ਰਸਮ। ਇਸ ਰੀਤ ਸਮੇਂ ਛੱਜ (ਸੂਪ) ਵਿਚ ਧਾਨ ਪਾ ਲਏ ਜਾਂਦੇ ਹਨ ਤੇ ਫਿਰ ਗੀਤ ਗਾਉਂਦਿਆਂ ਧਾਨਾਂ ਨੂੰ ਛੱਜ ਵਿਚ ਛੱਟ ਕੇ ਉਨ੍ਹਾਂ ਦਾ ਮੀਂਹ ਜਿਹਾ ਵਸਾਇਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਬੱਚਾ ਜੀਵਨ ਭਰ ਅੰਨ-ਸੰਕਟ ਤੋਂ ਵਿਮੁਕਤ ਰਹਿੰਦਾ ਹੈ, ਕਿਉਂ ਜੋ ਇਹ ਅੰਨ ਬੀਜ ਰੂਪ ਹੋ ਕੇ ਸਹੰਸਰ ਗੁਣਾ ਵਧਦਾ ਫੁਲਦਾ ਹੈ। ਇਉਂ ਬੱਚੇ ਦੀਆਂ ਜੀਵਨ ਭਰ ਦੀਆਂ ਅੰਨ ਦੀਆਂ ਲੋੜਾਂ, ਰਹੱਸਮਈ ਢੰਗ ਨਾਲ, ਪੂਰੀਆਂ ਹੁੰਦੀਆਂ ਰਹਿੰਦੀਆਂ ਹਨ।

(ਸ-688) **ਸੂਪਨਖਾ** :

ਇਕ ਰਾਖਸ਼ਣੀ, ਜਿਸ ਦੇ ਨਹੁੰ (ਨਖਾ) ਛੱਜ (ਸੂਪ) ਵਾਂਗ ਹੋਣ ਕਰ ਕੇ ਸੂਪਨਖਾ ਨਾਉਂ ਪਿਆ। ਇਹ ਦੈਂਤਣੀ ਰਾਵਣ ਦੀ ਭੈਣ ਸੀ। ਰਾਮਾਇਣ ਅਨੁਸਾਰ ਜਦੋਂ ਰਾਮਚੰਦਰ ਦੰਡਕ ਬਨ ਵਿਚ ਬਨਬਾਸ ਦੇ ਦਿਨ ਗੁਜ਼ਾਰ ਰਹੇ ਸਨ, ਤਾਂ ਸੂਪਨਖਾ ਰਾਮ ਚੰਦਰ ਦੇ ਜਲਾਲ ਅਤੇ ਦੈਵੀ ਸੁਹਣਪ ਉਤੇ ਮੋਹਤ ਹੋ ਗਈ। ਰਾਮਚੰਦਰ ਨੇ ਸੂਪਨਖਾ ਤੋਂ ਖਹਿੜਾ ਛੁਡਾਣ ਲਈ ਉਸ ਨੂੰ ਲਛਮਣ ਵਲ ਭੇਜਿਆ, ਉਸ ਨੇ ਲਛਮਣ ਉਤੇ ਵੀ ਡੋਰੇ ਪਾਉਣੇ ਚਾਹੇ, ਪਰ ਅਸਫਲ ਰਹੀ। ਦੋਹਾਂ ਵਲੋਂ ਨਿਰਾਸ ਹੋ ਕੇ ਉਹਦੇ ਮਨ ਵਿਚ ਸੀਤਾ ਲਈ ਈਰਖਾ ਦੇ ਭਾਵ ਜਾਗ ਪਏ। ਸੋ, ਸੂਪਨਖਾ ਨੇ ਆਪਣੇ ਛੱਜ ਵਰਗੇ ਵੱਡੇ ਵੱਡੇ ਨਹੁੰਆਂ ਨਾਲ ਸੀਤਾ ਦਾ ਮੂੰਹ ਨੋਚ ਕੇ ਉਸ ਨੂੰ ਕਰੂਪ ਬਨਾਉਣਾ ਚਾਹਿਆ। ਸੀਤਾ ਦਾ ਚੀਖ਼ ਚਹਾੜਾ ਸੁਣ ਕੇ ਰਾਮ ਤੇ ਲਛਮਣ ਦੋਵੇਂ ਸੀਤਾ ਦੀ ਰੱਖਿਆ ਵਾਸਤੇ ਦੌੜੇ ਆਏ ਅਤੇ ਲਛਮਣ ਨੇ ਕਰੋਧ ਵਿਚ ਆ ਕੇ ਸੂਪਨਖਾ ਦਾ ਨੱਕ ਅਤੇ ਦੋਵੇਂ ਕੰਨ ਵੱਢ ਦਿਤੇ। ਸੂਪਨਖਾ ਆਪਣੇ ਭਰਾ ਖਰ ਕੋਲ ਦੌੜਦੀ ਹੋਈ ਗਈ। ਕਰੋਧ ਵਿਚ ਆ ਕੇ, ਖਰ ਨੇ ਰਾਮਚੰਦਰ, ਲਛਮਣ ਤੇ ਸੀਤਾ ਨੂੰ ਮਾਰਨ ਵਾਸਤੇ, ਉਸ ਵੇਲੇ ਚੌਦਾਂ ਰਾਖਸ਼ ਭੇਜ ਦਿਤੇ। ਪਰ ਰਾਮ ਚੰਦਰ ਅਤੇ ਲਛਮਣ ਨੇ ਉਨ੍ਹਾਂ ਰਾਖਸ਼ਾਂ ਨੂੰ ਵੱਢ ਦਿਤਾ। ਜਦੋਂ ਖਰ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਸ ਨੇ ਚੌਦਾਂ ਹਜ਼ਾਰ ਰਾਖਸ਼ ਯੋਧਿਆਂ ਨਾਲ, ਰਾਮ ਚੰਦਰ ਉਤੇ ਧਾਵਾ ਬੋਲ ਦਿਤਾ। ਪਰ ਰਾਮ ਚੰਦਰ ਨੇ ਖਰ ਅਤੇ ਉਸ ਦੇ ਅਨੇਕਾਂ ਰਾਖਸ਼ਾਂ ਨੂੰ ਮਾਰ ਮੁਕਾਇਆ। ਬਾਕੀ ਰਾਖਸ਼ ਨਠ ਗਏ। ਇਕ ਰਾਖਸ਼ ਅਕੰਪਨ ਨੇ ਰਾਵਣ ਨੂੰ ਸਾਰੀ ਗੱਲ ਜਾ ਦੱਸੀ। ਰਾਵਣ ਆਪਣੀ ਭੈਣ ਦਾ ਬਦਲਾ ਲੈਣ ਵਾਸਤੇ ਬਨ ਵਿਚੋਂ ਸੀਤਾ ਨੂੰ ਉਧਾਲ ਕੇ ਲੈ ਆਇਆ।

ਸੂਪਨਖਾ ਆਪਣੇ ਭਰਾ ਰਾਵਣ ਦੀ ਮੌਤ ਦਾ ਬਦਲਾ ਲੈਣ ਲਈ ਧੋਬਣ ਦਾ ਰੂਪ ਧਾਰ ਕੇ ਅਜੁਧਿਆ ਆਈ। ਕਰਾਲਮੁਖ ਜੋ ਸਤਕੰਠ ਰਾਵਣ ਦਾ ਛੋਟਾ ਭਰਾ ਸੀ, ਵੀ ਸਤਕੰਠ ਦੀ ਮੌਤ ਦਾ ਬਦਲਾ ਲੈਣ ਦੀ ਭਾਵਨਾ ਨਾਲ ਧੋਬੀ ਦਾ ਰੂਪ ਧਾਰ ਕੇ ਅਜੁਧਿਆ ਆਇਆ। ਦੋਹਾਂ ਦਾ ਮੇਲ ਜੰਗਲ ਵਿਚ ਹੋਇਆ ਅਤੇ ਇਨ੍ਹਾਂ ਨੇ ਕਪਟ ਨਾਟਕ ਰਚ ਕੇ ਰਾਮਚੰਦਰ ਨੂੰ ਛਲ ਲਿਆ। ਇਹੋ ਧੋਬੀ ਤੇ ਧੋਬਣ ਸਨ ਜਿਨ੍ਹਾਂ ਨੂੰ ਲੜਦਿਆਂ ਵੇਖ ਕੇ ਅਤੇ ਜਿਨ੍ਹਾਂ ਦੇ ਮਿਹਣੇ ਤਾਅਨੇ ਸੁਣ ਕੇ ਰਾਮਚੰਦਰ ਨੇ ਸੀਤਾ ਨੂੰ ਘਰੋਂ ਕਢ ਦਿਤਾ ਸੀ। ਪਿਛੋਂ ਜਦੋਂ ਹਨੂੰਮਾਨ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਉਸਨੇ ਸੂਪਨਖਾ ਅਤੇ ਕਰਾਲਮੁਖ ਦੋਹਾਂ ਨੂੰ ਪੱਥਰਾਂ ਨਾਲ ਕੁਚਲ ਸੁਟਿਆ।

(ਸ-689) **ਸੂਰ** :

(1) ਸੂਰ ਬਾਰੇ ਇਕ ਮੁੱਢੀ ਇਉਂ ਪ੍ਰਚਲਤ ਹੈ :— ਜਦੋਂ ਹਜ਼ਰਤ ਨੂਹ ਦਾ ਬੇੜਾ ਪਸ਼ੂਆਂ ਦੇ ਮਲ ਮੂਤਰ ਅਤੇ ਗੰਦਗੀ ਨਾਲ ਭਰ ਗਿਆ, ਤਾਂ ਮੈਲੇ ਨੂੰ ਸਮੇਟਣ ਲਈ ਹਜ਼ਰਤ ਨੂਹ ਨੇ ਹਾਥੀ ਦੀ ਪਿੱਠ ਉਤੇ ਹੱਥ ਫੇਰ ਕੇ, ਸੂਰ ਨੂੰ ਪੈਦਾ ਕੀਤਾ, ਜੋ ਪਲਾਂ ਛਿਣਾਂ ਵਿਚ ਸਾਰੀ ਗੰਦਗੀ ਚਟਮ ਕਰ ਗਿਆ।

ਸੂਰ ਦਾ ਮਾਸ ਮੁਸਲਮਾਨਾਂ ਵਿਚ ਖਾਣਾ ਹਰਾਮ ਹੈ। ਮੁਸਲਮਾਨਾਂ ਵਾਂਗ ਯਹੂਦੀ ਵੀ ਸੂਰ ਨੂੰ ਅਪਵਿਤ੍ਰ ਤੇ ਪਲੀਤ ਮੰਨਦੇ ਹਨ। ਪਰ ਸਿੱਖਾਂ ਵਿਚ ਸੂਰ ਦਾ ਮਾਸ ਖਾਣ ਦੀ ਕੋਈ ਮਨਾਹੀ ਨਹੀਂ।

ਸੂਰ ਬਾਰੇ ਕਈ ਤਰ੍ਹਾਂ ਦੇ ਲੋਕ-ਵਿਸ਼ਵਾਸ ਹਿੰਦੂਆਂ ਸਿੱਖਾਂ ਵਿਚ ਪ੍ਰਚਲਤ ਹਨ। ਕਹਿੰਦੇ ਹਨ ਜਿਸ ਸ਼ਖਸ ਨੇ ਸੂਰ ਦਾ ਮਾਸ ਇਕ ਵਾਰ ਖਾਧਾ ਹੋਵੇ, ਉਸ ਦੇ ਨੇੜੇ ਚੰਦਰੀ ਨਜ਼ਰ ਨਹੀਂ ਢੁਕਦੀ ਅਤੇ ਨਾ ਹੀ ਉਸ ਤੇ ਆਮ ਟੂਣੇ ਟੱਪੇ ਦਾ ਅਸਰ ਹੁੰਦਾ ਹੈ। ਇਸ ਵਾਸਤੇ ਕਈ ਲੋਕ ਨਵੇਂ ਜੰਮੇ ਬੱਚੇ ਨੂੰ, ਤੇਹਰਵਾਂ ਨਹਾਣ ਤੋਂ ਪਹਿਲਾਂ ਹੀ, ਸੂਰ ਦੇ ਮਾਸ ਦਾ ਸ਼ੋਰਬਾ ਜਾਂ ਬੋਟੀ ਮੂੰਹ ਲਗਾ ਦੇਂਦੇ ਹਨ। ਸੂਰ ਦੇ ਦੰਦ ਰੱਖ ਤੇ ਜੰਤਰ ਵਜੋਂ ਬੱਚਿਆਂ ਦੇ ਗਲ ਵਿਚ ਪਾਉਣ ਦੀ ਪ੍ਰਥਾ ਹੈ। ਕਈ ਲੋਕ ਸੀਤਲਾ ਮਾਈ ਦੀ ਸੁਖ ਦੇਣ ਲਈ ਸੂਰ ਨੂੰ ਸੰਧੂਰ ਕੇ ਸੀਤਲਾ ਨਮਿਤ ਖੁਲ੍ਹਾ ਛੱਡ ਦੇਂਦੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਫਿਰ ਉਨ੍ਹਾਂ ਦੇ ਕਿਸੇ ਬੱਚੇ ਨੂੰ

ਸੀਤਲਾ ਦਾ ਰੋਗ ਨਹੀਂ ਚੰਬੜਦਾ (ਵੇਖੋ : ਸੀਤਲਾ)।

ਵਿਸ਼ਨੂੰ ਨੂੰ ਇਕ ਵਾਰ ਸੂਰ ਦਾ ਰੂਪ ਧਾਰਨ ਕਰਨਾ ਪਿਆ, ਜਿਸ ਤੋਂ ਹਿੰਦੂਆਂ ਵਿਚ ਇਸ ਰੂਪ ਦੀ ਵਡਿਆਈ ਵਧੀ। ਲਿੰਗ ਪੁਰਾਣ ਅਨੁਸਾਰ ਸ਼ਿਵ ਜੀ ਇਕ ਵਾਰ ਲਿੰਗ ਦੇ ਰੂਪ ਵਿਚ ਪ੍ਰਗਟ ਹੋਏ। ਇਸ ਲਿੰਗ ਦਾ ਕੋਈ ਮੁਢ, ਮੱਧ ਤੇ ਅੰਤ ਨਹੀਂ ਸੀ ਲਭਦਾ। ਸੋ ਵਿਸ਼ਨੂੰ ਨੇ ਇਸ ਲਿੰਗਮ ਦਾ ਥੱਲਾ ਲੱਭਣ ਲਈ ਸੂਰ ਦਾ ਰੂਪ ਧਾਰਿਆ ਅਤੇ ਪਤਾਲ ਲੋਕ ਵਿਚ ਉਤਰ ਗਏ, ਪਰ ਥਹੁ ਨਾ ਪਾ ਸਕੇ।

(2) ਸੂਰ ਕਰਨਾਇ — ਮੁਸਲਮਾਨੀ ਅਕੀਦੇ ਅਨੁਸਾਰ ਇਸਰਾਫ਼ੀਲ ਫ਼ਰਿਸ਼ਤੇ ਦਾ ਰਣਸਿੰਘਾ; ਕੁਰਾਨ (39,68) ਵਿਚ ਲਿਖਿਆ ਹੈ ਕਿ ਕਿਆਮਤ ਵਾਲੇ ਦਿਨ ਇਸਰਾਫ਼ੀਲ ਸੂਰ ਵਜਾਏਗਾ ਅਤੇ ਉਸ ਦੀ ਆਵਾਜ਼ ਸੁਣ ਕੇ ਮੁਰਦੇ ਕਬਰਾਂ ਵਿਚੋਂ ਉਠ ਖੜੇ ਹੋਣਗੇ (ਵੇਖੋ : ਸੂਰ ਕਰਨਾਇ)।

(3) ਯੋਗ ਮੱਤ ਅਨੁਸਾਰ ਮਨੁੱਖ ਦੀ ਸੱਜੀ ਨਾਸਿਕਾ ਵਿਚੋਂ ਚਲਦਾ ਸਵਾਸ, ਜਿਸ ਦਾ ਦੇਵਤਾ ਸੂਰਜ ਮੰਨਿਆ ਗਿਆ ਹੈ।

### (ਸ-690) ਸੂਰ ਕਰਨਾਇ :

ਇਕ ਖ਼ਾਸ ਤਰ੍ਹਾਂ ਦਾ ਸਿੰਗਾ; ਮੁਸਲਮਾਨੀ ਅਕੀਦੇ ਅਨੁਸਾਰ ਕਿਆਮਤ ਵਾਲੇ ਦਿਨ ਹਜ਼ਰਤ ਇਸਰਾਫ਼ੀਲ 'ਸੂਰ ਕਰਨਾਇ' ਵਜਾਏਗਾ। ਇਸ ਦੇ ਵੱਜਦੇ ਸਾਰ ਆਕਾਸ਼ ਧਰਤੀ ਉਤੇ ਡਿਗ ਪਏਗਾ ਅਤੇ ਕਿਆਮਤ ਆ ਜਾਵੇਗੀ। ਇਹ ਧੁਨੀ ਸੁਣ ਕੇ ਮੁਰਦੇ ਕਬਰਾਂ ਵਿਚੋਂ ਜਾਗ ਉਠਣਗੇ (ਵੇਖੋ : ਕਿਆਮਤ)।

### (ਸ-691) ਸੂਰਜ ਦੇਵਤਾ :

ਵੈਦਿਕ ਦੇਵ ਮਾਲਾ ਵਿਚ ਸੂਰਜ ਦੇਵਤੇ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਰਿਹਾ ਹੈ। ਸੂਰਜ ਵੇਦਾਂ ਦੀ ਪ੍ਰਥਮ ਤ੍ਰਿਮੂਰਤੀ ਵਿਚੋਂ ਇਕ ਸੀ, ਬਾਕੀ ਦੋ ਦੇਵਤੇ ਅਗਨੀ ਅਤੇ ਵਰੁਣ ਸਨ। ਵੈਦਿਕ ਰਿਚਾਂ ਵਿਚ ਸੂਰਜ ਦਾ ਉਲੇਖ 'ਸੂਰਯ' ਅਤੇ 'ਸਾਵਿਤ੍ਰੀ' ਦੋਹਾਂ ਨਾਵਾਂ ਹੇਠ ਮਿਲਦਾ ਹੈ। ਕਈ ਥਾਈਂ ਸਾਵਿਤ੍ਰੀ ਦਾ ਸੂਰਜ ਨਾਲ ਹੀ ਏਕੀਕਰਣ ਕਰ ਲਿਆ ਗਿਆ ਹੈ, ਪਰ ਕਿਧਰੇ ਸਾਵਿਤ੍ਰੀ ਨੂੰ ਸੂਰਜ ਨਾਲੋਂ ਵੱਖਰਾ ਦੇਵਤਾ ਮੰਨਿਆ ਗਿਆ ਹੈ। ਜਾਪਦਾ ਹੈ ਕਿ ਸਾਵਿਤ੍ਰੀ ਸੂਰਯ ਦੀ ਉਸ ਸਥਿਤੀ ਵਲ ਸੰਕੇਤ ਕਰਦਾ ਹੈ ਜਦੋਂ ਉਹ ਅਦ੍ਰਿਸ਼ਟ ਹੁੰਦਾ ਹੈ, ਪਰ ਜਦੋਂ ਉਹ ਦ੍ਰਿਸ਼ਟੀਗੋਚਰ ਹੋਵੇ ਤਾਂ ਸੂਰਯ; ਪਰ ਇਹ ਧਾਰਨਾ ਸਭ ਥਾਈਂ ਲਾਗੂ ਨਹੀਂ ਕੀਤੀ ਜਾ ਸਕਦੀ।

ਸੂਰਜ ਬਾਰ ਪੁਰਾਣਾਂ ਅਤੇ ਹੋਰ ਹਿੰਦੂ ਗ੍ਰੰਥਾਂ ਵਿਚ ਵਿਭਿੰਨ ਤੇ ਵਿਰੋਧੀ ਸਾਮਗ੍ਰੀ ਮਿਲਦੀ ਹੈ। ਰਾਮਾਇਣ (ਤੇ ਕੁਝ ਪੁਰਾਣਾਂ) ਵਿਚ ਸੂਰਯ ਨੂੰ ਆਦਿਤੀ ਦੇ ਉਦਰ ਤੋਂ ਕਸ਼ਯਪ ਦਾ ਪੁੱਤਰ ਦੱਸਿਆ ਗਿਆ ਹੈ, ਪਰ ਰਾਮਾਇਣ ਵਿਚ ਇਕ ਹੋਰ ਥਾਂ ਸੂਰਯ ਨੂੰ ਬ੍ਰਹਮਾ ਦਾ ਪੁੱਤਰ ਮੰਨਿਆ ਹੈ। ਪੁਰਾਣਾਂ ਵਿਚ ਇਕ ਥਾਈਂ ਸੂਰਯ ਨੂੰ ਊਸ਼ਾ ਦਾ ਪਤੀ ਕਿਹਾ ਗਿਆ ਹੈ, ਪਰ ਦੂਜੀ ਥਾਂ, ਕਿਸੇ ਹੋਰ ਪ੍ਰਸੰਗ ਵਿਚ, ਸੂਰਯ ਨੂੰ ਊਸ਼ਾ ਤੋਂ ਪੈਦਾ ਹੋਇਆ ਬਾਲ ਦੱਸਿਆ ਹੈ। ਕਿਧਰੇ ਸੂਰਯ ਨੂੰ ਸਭ ਵਸਤੂਆਂ ਨੂੰ ਜੀਵਨ ਪ੍ਰਦਾਨ ਕਰਨ ਵਾਲਾ ਮੰਨਿਆ ਹੈ, ਕਿਧਰੇ ਸੂਰਯ ਦੀ ਉਤਪੱਤੀ ਇੰਦਰ, ਸੋਮ ਤੇ ਅਗਨੀ ਦੀ ਰਲਵੀਂ ਸ਼ਕਤੀ ਤੋਂ ਹੋਈ ਦੱਸੀ ਗਈ ਹੈ। ਬ੍ਰਹਮ ਪੁਰਾਣ ਵਿਚ ਸੂਰਯ ਨੂੰ ਬਾਰਾਂ ਆਦਿਤਯ ਵਿਚੋਂ ਇਕ ਮੰਨਿਆ ਗਿਆ ਹੈ। ਇਸੇ ਸੰਦਰਭ ਵਿਚ ਵਿਸ਼ਨੂੰ ਦਾ ਏਕੀਕਰਣ ਸੂਰਯ ਨਾਲ ਕੀਤਾ ਜਾਂਦਾ ਹੈ। ਸੂਰਯ ਭਾਵੇਂ ਨਰ ਦੇਵਤਾ ਹੈ, ਪਰ ਰਿਗ ਵੇਦ ਵਿਚ ਇਕ ਥਾਂ ਸੂਰਯ ਨੂੰ ਸਾਵਿਤ੍ਰੀ ਦੇ ਰੂਪ ਵਿਚ ਚੰਦਰਮੇ ਦੀ ਪਤਨੀ ਕਿਹਾ ਗਿਆ ਹੈ।

ਕੂਰਮ ਪੁਰਾਣ ਅਨੁਸਾਰ ਸੂਰਯ ਸਤ ਲਾਲ ਘੋੜਿਆਂ ਵਾਲੇ ਰੱਥ ਉਤੇ ਸਵਾਰੀ ਕਰ ਕੇ ਆਕਾਸ਼ ਮੰਡਲ ਦੀ ਯਾਤ੍ਰਾ ਕਰਦਾ ਹੈ, ਪਰ ਵਿਸ਼ਨੂੰ ਪੁਰਾਣ ਅਨੁਸਾਰ ਸੂਰਯ ਮੱਧਰੇ ਕੱਦ ਦਾ ਦੇਵਤਾ ਹੈ, ਜਿਸ ਦਾ ਸਰੀਰ ਤਾਂਬੇ ਵਾਂਗ ਭਖਦਾ ਅਤੇ ਅੱਖਾਂ ਅੱਗ ਵਾਂਗ ਦਗਦੀਆਂ ਹਨ। ਇਸ ਦਾ ਰਥਵਾਨ ਅਰੁਣ ਹੈ। ਸੂਰਜ ਦਾ ਨਿਵਾਸ ਅਸਥਾਨ ਵਿਵਸੁਵਤੀ ਅਥਵਾ ਭਾਸਵਤੀ ਨਗਰ ਵਿਚ ਹੈ। ਪੁਰਾਣਾਂ ਵਿਚ ਇਕ ਥਾਂ ਸੂਰਜ ਨੂੰ ਤਿੰਨ ਅੱਖਾਂ ਅਤੇ ਚਾਰ ਬਾਹਵਾਂ ਵਾਲੇ ਪ੍ਰਾਣੀ ਦੇ

ਰੂਪ ਵਿਚ ਸਮੂਰਤ ਕੀਤਾ ਗਿਆ ਹੈ। ਇਸ ਦੇ ਦੋਹਾਂ ਹੱਥਾਂ ਵਿਚ ਕੰਵਲ ਹਨ, ਤੀਜੇ ਹੱਥ ਨਾਲ ਇਹ ਰਹਿਮਤ ਵਰਸਾਂਦਾ ਹੈ, ਚੌਥੇ ਨਾਲ ਆਪਣੇ ਉਪਾਸ਼ਕਾਂ ਨੂੰ ਉਤਸ਼ਾਹ ਦੇਂਦਾ ਹੈ। ਸੂਰਜ ਲਾਲ ਰੰਗ ਦੇ ਕੰਵਲ ਫੁੱਲ ਵਿਚ ਬਿਰਾਜਮਾਨ ਹੈ ਅਤੇ ਉਸ ਦੇ ਸਰੀਰ ਵਿਚੋਂ ਪ੍ਰਭੁਤਾ ਦੀਆਂ ਕਿਰਨਾਂ ਉਦੈ ਹੁੰਦੀਆਂ ਹਨ। ਉਸ ਦੇ ਰਥ ਦੇ ਦਸ ਘੋੜੇ ਹਨ।

ਵਿਸ਼ਨੂੰ ਪੁਰਾਣ ਅਨੁਸਾਰ ਸੂਰਜ ਦਾ ਵਿਆਹ ਵਿਸ਼ਵਕਰਮਾ ਦੀ ਲੜਕੀ ਸੰਜਨਾ ਨਾਲ ਹੋਇਆ, ਜਿਸ ਦੇ ਉਦਰ ਤੋਂ ਦੋ ਪੁੱਤਰ, ਮਨੂ ਵੈਵਸਵਤ ਤੇ ਯਮ ਅਤੇ ਇਕ ਕੰਨਿਆ ਯਮੀ ਪੈਦਾ ਹੋਏ। ਇਹੋ ਯਮ ਮਰਨ ਮਗਰੋਂ ਪਰਲੋਕ ਦਾ ਸਵਾਮੀ ਬਣਿਆ ਅਤੇ ਯਮੀ ਦਾ ਬਾਅਦ ਵਿਚ ਜਮਨਾ ਦਰਿਆ ਦੇ ਰੂਪ ਵਿਚ ਪਸਾਰ ਹੋਇਆ। ਇਕ ਕਥਾ ਅਨੁਸਾਰ ਸੰਜਨਾ ਸੂਰਜ ਦੇ ਤੀਖਣ ਤੇਜ ਨੂੰ ਸਹਿਨ ਨਾ ਕਰ ਸਕੀ ਅਤੇ ਦੁਖੀ ਹੋ ਕੇ, ਉਹ ਆਪਣੀ ਦਾਸੀ ਛਾਇਆ ਨੂੰ, ਆਪਣਾ ਹੀ ਰੂਪ ਦੇ ਕੇ, ਖ਼ੁਦ ਜੰਗਲ ਵਿਚ ਘੋੜੀ ਦਾ ਰੂਪ ਧਾਰ ਕੇ, ਤਪ ਕਰਨ ਵਾਸਤੇ ਚਲੀ ਗਈ। ਕਈ ਸਾਲ ਤਕ ਸੂਰਜ ਛਾਇਆ ਨੂੰ ਹੀ ਆਪਣੀ ਅਸਲੀ ਪਤਨੀ ਸਮਝ ਕੇ ਸਹਿਵਾਸ ਕਰਦਾ ਰਿਹਾ। ਇਕ ਦਿਨ ਛਾਇਆ ਨੇ ਯਮ ਨੂੰ ਕਰੋਧ ਵਿਚ ਆ ਕੇ ਬਦਅਸੀਸ ਦਿੱਤੀ, ਜੋ ਅਸਰ ਕਰ ਗਈ। ਸੂਰਜ ਦੇ ਮਨ ਵਿਚ ਸੰਦੇਹ ਉਠਿਆ ਕਿ ਮਾਂ ਦੀ ਗਾਲ੍ਹ ਬੱਚਿਆਂ ਨੂੰ ਕਦੇ ਨਹੀਂ ਲੱਗਦੀ, ਸੋ ਇਸ ਗੱਲ ਵਿਚ ਜ਼ਰੂਰ ਕੋਈ ਭੇਦ ਹੈ। ਸੂਰਜ ਨੇ ਦਿਬ-ਦ੍ਰਿਸ਼ਟੀ ਦੁਆਰਾ ਅਸਲੀਅਤ ਜਾਣ ਲਈ ਅਤੇ ਉਹ ਵੀ ਘੋੜੇ ਦਾ ਰੂਪ ਧਾਰ ਕੇ ਸੰਜਨਾ ਨਾਲ ਜੰਗਲ ਵਿਚ ਰਹਿਣ ਲੱਗਾ। ਇਥੇ ਹੀ ਸੂਰਜ ਦੇ ਦੋ ਪੁੱਤਰ ਅਸ਼੍ਵਿਨੀ ਤੇ ਰੇਵੰਤ ਜੰਮੇ। ਜਦੋਂ ਸੂਰਜ ਘੋੜੇ ਦੇ ਰੂਪ ਵਿਚ ਜੰਗਲ ਵਿਚ ਵਿਚਰ ਰਿਹਾ ਸੀ, ਤਾਂ ਉਸ ਨੇ ਯਾਗਵਲਕਯ ਰਿਸ਼ੀ ਨੂੰ ਸ਼ੁਕਲ ਯੁਜਰਵੇਦ ਸੁਣਾਇਆ।

ਕਾਫ਼ੀ ਚਿਰ ਬਾਅਦ ਜਦੋਂ ਸੂਰਜ ਇਸ ਅਗਿਆਤ ਤੇ ਜੰਗਲੀ ਜੀਵਨ ਤੋਂ ਤੰਗ ਪੈ ਗਿਆ, ਤਾਂ ਉਹ ਸੰਜਨਾ ਸਮੇਤ ਵਾਪਸ ਆਪਣੇ ਘਰ ਆ ਗਿਆ। ਵਿਸ਼ਵਕਰਮਾ ਨੇ ਸੰਜਨਾ ਦੀ ਖ਼ਾਤਰ ਸੂਰਜ ਦਾ ਤੇਜ ਘਟਾਣ ਵਾਸਤੇ ਚੁਫੇਰਿਓਂ ਖ਼ਰਾਦ ਦਿੱਤਾ, ਫਲਸਰੂਪ ਉਹਦਾ ਅਠਵਾਂ ਹਿੱਸਾ ਤੇਜ ਘਟ ਗਿਆ। ਇਹ ਕਥਾ ਕਈ ਹੋਰ ਰੂਪਾਂਤਰਾਂ ਵਿਚ ਦੂਜੇ ਪੁਰਾਣਾਂ ਵਿਚ ਵੀ ਮਿਲਦੀ ਹੈ। ਇਕ ਪੁਰਾਣ ਵਿਚ ਸੂਰਜ ਦੀ ਪਤਨੀ ਅਪੱਛਰਾਂ ਦਸੀ ਗਈ ਹੈ, ਜੋ ਸੂਰਜ ਦੇ ਤੇਜ ਤੋਂ ਦੁਖੀ ਹੋ ਕੇ ਘੋੜੀ ਦੇ ਰੂਪ ਵਿਚ ਜੰਗਲ ਵਿਚ ਜਾ ਛੁਪੀ।

ਸੂਰਜ ਨੂੰ ਖ਼ਰਾਦਣ ਨਾਲ, ਜੋ ਤੇਜਸਵੀ ਛਿਲੜ ਉਹਦੇ ਨਾਲੋਂ ਲਥੇ, ਉਸ ਨਾਲ ਵਿਸ਼ਵਕਰਮਾ ਨੇ ਦੇਵਤਿਆਂ ਦੇ ਹਥਿਆਰ ਘੜੇ। ਸ਼ਿਵਜੀ ਦਾ ਤ੍ਰਿਸੂਲ, ਵਿਸ਼ਨੂੰ ਦਾ ਸੁਦਰਸ਼ਨ ਚੱਕਰ ਅਤੇ ਕਾਰਤਿਕੇਯ ਦਾ ਨੇਜ਼ਾ ਆਦਿ ਇਸੇ ਦੈਵੀ ਸਾਮਗ੍ਰੀ ਦੇ ਬਣੇ ਹੋਣ ਕਰ ਕੇ ਬੜੇ ਮਾਰੂ ਤੇ ਪ੍ਰਭਾਵਸ਼ਾਲੀ ਹਨ।

ਸੂਰਜ ਦੀਆਂ ਤਿੰਨ ਹੋਰ ਪਤਨੀਆਂ ਸਵਰਣਾ, ਸਵਾਂਤੀ ਤੇ ਮਹਾਵੀਰਯ ਸਨ। ਇਨ੍ਹਾਂ ਤੋਂ ਇਲਾਵਾ ਸੂਰਜ ਨੇ ਕੁਝ ਹੋਰ ਇਸਤ੍ਰੀਆਂ ਨਾਲ ਵੀ ਸਹਿਵਾਸ ਕੀਤਾ। ਮਹਾਂਭਾਰਤ ਅਨੁਸਾਰ ਸੂਰਜ ਨਾਲ ਸਹਿਵਾਸ ਕਰਨ ਕਰ ਕੇ ਹੀ ਕੁੰਤੀ ਤੋਂ ਕਰਣ ਦਾ ਜਨਮ ਹੋਇਆ। ਵਾਨਰਾਂ ਦਾ ਰਾਜਾ ਸੁਗਰੀਵ ਵੀ ਸੂਰਜ ਦਾ ਪੁੱਤਰ ਸੀ। ਦਸਮ ਗ੍ਰੰਥ (ਚੌਬੀਸ ਅਵਤਾਰ) ਅਨੁਸਾਰ ਸੂਰਜ ਦੇ ਦੋ ਪੁੱਤਰ ਯਮ ਤੇ ਸ਼ਨੀ ਅਤੇ ਦੋ ਧੀਆਂ ਮ੍ਰਿਤ ਤੇ ਜਮਨਾ ਸਨ।

ਦਸਮ ਗ੍ਰੰਥ ਦੀ 'ਚੌਬੀਸ ਅਵਤਾਰ' ਨਾਂ ਦੀ ਬਾਣੀ ਵਿਚ ਸੂਰਜ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ। ਸੂਰਜ ਨੇ ਅਵਤਾਰ ਧਾਰ ਕੇ 'ਦੀਰਘ ਕਾਇ' ਨਾਉਂ ਦੇ ਦੈਂਤ ਦਾ ਨਾਸ਼ ਕੀਤਾ। ਇਸ ਦੈਂਤ ਦੀ ਕਾਇਆ ਹਰ ਰੋਜ਼ ਇਕ ਗਜ਼ ਵਧਦੀ ਸੀ ਅਤੇ ਇਸ ਤਰ੍ਹਾਂ ਉਸ ਨੇ ਇਤਨੀ ਵਿਸ਼ਾਲ ਕਾਇਆ ਗ੍ਰਹਿਣ ਕਰ ਲਈ ਕਿ ਸੂਰਜ ਦੇ ਰਥ ਨੂੰ ਰੋਕ ਲਿਆ। ਸੂਰਜ ਨੇ ਇਸ ਦੈਂਤ ਦਾ ਬਧ ਕਰ ਕੇ ਪ੍ਰਿਥਵੀ ਦੀ ਰੱਖਿਆ ਕੀਤੀ।

ਸੂਰਜ ਕੋਲ ਇਕ ਅਲੌਕਿਕ ਮਣੀ ਸਾਮੰਤਕ ਸੀ, ਜਿਸ ਤੋਂ ਹਰ ਰੋਜ਼ ਸੋਨੇ ਦੇ ਅੱਠ ਭਾਰ ਖ਼ੁਦ ਬਖ਼ੁਦ ਉਤਪੰਨ ਹੁੰਦੇ ਸਨ। ਇਹ ਮਣੀ ਸਭ ਦੁੱਖਾਂ ਲਈ ਔਸ਼ਧੀ ਤੇ ਅਪਸ਼ਗਨਾਂ ਲਈ

ਰੱਖ ਸੀ। ਸੂਰਜ ਨੇ ਸਾਮੰਤਕ ਮਣੀ ਸਤ੍ਰਾਜਿਤ ਨੂੰ ਦੇ ਦਿਤੀ, ਜਿਸ ਨੇ ਬੜੇ ਪੁਆੜੇ ਪਾਏ (ਵੇਖੋ : ਸਾਮੰਤਕ)।

ਸੂਰਜ ਤੋਂ ਭਾਰਤ ਦੀ ਇਕ ਪ੍ਰਸਿੱਧ ਕੁਲ ਸੂਰਜ ਵੰਸ਼ ਚੱਲੀ। ਇਸ ਕੁਲ ਦਾ ਮੋਢੀ ਸੂਰਜ ਦਾ ਪੋਤਰਾ ਇਕਸ਼ਵਾਕੂ ਸੀ, ਜੋ ਸੂਰਜ ਦੇ ਪੁੱਤਰ ਮਨੂ ਵੈਵਸਵਤ ਦਾ ਲੜਕਾ ਸੀ (ਵੇਖੋ : ਸੂਰਜ ਵੰਸ਼)।

(ਸ-692) **ਸੂਰਜ ਪੂਜਾ** :

ਜਗਤ ਦੇ ਪ੍ਰਕਾਸ਼ ਦੇ ਸ੍ਰੋਤ ਅਤੇ ਜੀਵਨ ਨੂੰ ਗਤੀ ਪ੍ਰਦਾਨ ਕਰਨ ਵਾਲੇ ਸੂਰਜ ਦੀ ਪੂਜਾ, ਮਨੁੱਖ ਦੀ ਆਦਿਮ ਅਵਸਥਾ ਵਿਚ ਹੀ, ਜਦੋਂ ਕਿ ਪ੍ਰਕ੍ਰਿਤੀ ਨੂੰ ਚੇਤੰਨ ਤੇ ਦੇਵ-ਸ਼ਕਤੀ ਮੰਨਿਆ ਜਾਂਦਾ ਸੀ, ਪ੍ਰਚਲਤ ਹੋਣੀ ਇਕ ਸੁਭਾਵਕ ਕਰਮ ਸੀ। ਸੰਸਾਰ ਉਤੇ ਜੇ ਕੋਈ ਵਿਸ਼ਵ ਵਿਆਪੀ ਧਰਮ ਰਿਹਾ ਹੈ, ਤਾਂ ਉਹ ਸੂਰਜ ਦੀ ਉਪਾਸ਼ਨਾ ਦਾ ਹੀ ਸੀ। ਇਸ ਗੱਲ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ ਕਿ ਸੰਸਾਰ ਵਿਚ ਸਭ ਥਾਈਂ ਕਿਸੇ ਨਾ ਕਿਸੇ ਵੇਲੇ, ਇਕ ਜਾਂ ਦੂਜੇ ਰੂਪ ਵਿਚ, ਸੂਰਜ ਦੀ ਪੂਜਾ ਪ੍ਰਚਲਤ ਰਹੀ। ਪਰ ਭਾਰਤ, ਪੱਛਮੀ ਏਸ਼ੀਆ, ਮਿਸਰ, ਯੂਨਾਨ ਅਤੇ ਰੋਮ ਆਦਿ ਦੇਸ਼ਾਂ ਵਿਚ ਤਾਂ ਕਦੇ ਸੂਰਜ ਪੂਜਾ ਪ੍ਰਧਾਨ ਮੱਤ ਰਿਹਾ ਹੈ। ਆਰੀਆ ਜਾਤੀ ਤੋਂ ਪਹਿਲਾਂ ਪੰਜਾਬ ਵਿਚ ਵਸਦੇ ਦਰਾਵੜ ਸੂਰਜ ਦੇ ਉਪਾਸ਼ਕ ਸਨ। ਮਹਿੰਜੋਦਾਰੋ ਤੇ ਹੜੱਪਾ ਦੀ ਖੁਦਾਈ ਵਿਚੋਂ ਪ੍ਰਾਪਤ ਅਨੇਕਾਂ ਮੁਹਰਾਂ ਉਤੇ ਸਵਾਸਤਿਕ ਚਿੱਤਰ ਬਣੇ ਹੋਏ ਮਿਲੇ ਹਨ, ਜੋ ਉੱਤਰਾਇਣ ਤੇ ਦਖਸ਼ਾਇਣ ਦੋਹਾਂ ਰੂਪਾਂ ਵਿਚ ਹਨ ਤੇ ਸੂਰਜ ਦੇ ਪ੍ਰਤੀਕ ਹੋਣ ਕਰ ਕੇ ਸੂਰਜ ਦੀ ਉਪਾਸ਼ਨਾ ਦੇ ਪ੍ਰਮਾਣ ਹਨ।

ਵੈਦਿਕ ਕਾਲ ਵਿਚ ਸੂਰਜ ਪੂਜਾ ਦੀ ਪ੍ਰਧਾਨਤਾ ਰਹੀ, ਜਿਸ ਦੀ ਪ੍ਰੋੜ੍ਹਤਾ ਸੂਰਜ ਨੂੰ ਸੰਬੋਧਨ ਕੀਤੀਆਂ ਗਈਆਂ ਰਿਚਾਂ ਤੋਂ ਹੁੰਦੀ ਹੈ। ਵੇਦਾਂ ਦਾ ਸਭ ਤੋਂ ਪਾਵਨ ਮੰਤ੍ਰ ਗਾਇਤਰੀ ਹੈ, ਜਿਸ ਨੂੰ ਸਵੇਰ ਸਾਰ ਪੜ੍ਹਨਾ ਬ੍ਰਾਹਮਣਾਂ ਦਾ ਨੇਮ ਹੈ। ਸਕੰਦ ਪੁਰਾਣ ਵਿਚ ਗਾਇਤਰੀ ਦੀ ਮਹਾਨਤਾ ਦਾ ਵਰਨਣ ਇਸ ਪ੍ਰਕਾਰ ਹੈ — "ਵੇਦਾਂ ਵਿਚ ਗਾਇਤਰੀ ਤੋਂ ਵਧ ਸ੍ਰੇਸ਼ਟ ਹੋਰ ਕੁਝ ਨਹੀਂ; ਕੋਈ ਵੀ ਮੰਤ੍ਰ ਗਾਇਤਰੀ ਦੇ ਤੁਲ ਨਹੀਂ, ਉਸੇ ਤਰ੍ਹਾਂ ਜਿਵੇਂ ਕੋਈ ਨਗਰ ਕਾਂਸ਼ੀ ਦੇ ਬਰਾਬਰ ਨਹੀਂ।" ਗਾਇਤਰੀ ਵੇਦਾਂ ਦੀ ਮਾਂ ਹੈ ਅਤੇ ਬ੍ਰਾਹਮਣਾਂ ਦੀ ਵੀ।

ਗਾਇਤਰੀ ਜਿਸ ਵਿਚ ਸੂਰਜ ਦੇਵਤੇ ਦਾ ਜਸ ਗਾਇਆ ਗਿਆ ਹੈ, ਹਿੰਦੂਆਂ ਦਾ ਮਹਾਂ ਮੰਤ੍ਰ ਹੈ। ਇਸ ਮੰਤ੍ਰ ਨੂੰ ਦੋ-ਜਨਮੇ ਬ੍ਰਾਹਮਣ, ਕਸ਼ਤ੍ਰੀ ਤੇ ਵੈਸ਼ ਹਰ ਰੋਜ਼ ਤਿੰਨ ਵਾਰ ਸੂਰਜ ਨੂੰ ਪੂਜਦੇ ਹੋਏ ਪੜ੍ਹਦੇ ਤੇ ਫਿਰ ਅਰਗਾ ਦੇਂਦੇ ਹਨ (ਵੇਖੋ : ਗਾਇਤਰੀ)। ਸੂਰਜ ਦੀ ਵਡਿਆਈ ਦਾ ਅਨੁਮਾਨ ਇਸੇ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਕੁਝ ਰਿਚਾਂ ਵਿਚ ਸੂਰਜ ਨੂੰ ਆਤਮਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਾਲਾ ਮੰਨਿਆ ਹੈ। ਬ੍ਰਿਹਦ ਆਰਣਯਕ ਉਪਨਿਸ਼ਦ ਅਨੁਸਾਰ ਸੂਰਜ ਸਭ ਜੀਵਾਂ ਲਈ ਮਧੂ ਹੈ।

ਆਰੀਆ ਜਾਤੀ ਨੇ ਦਰਿਆਵਾਂ ਦੇ ਕੰਢੇ ਸੂਰਜ ਦੇਵਤੇ ਦੇ ਕਈ ਮੰਦਰ ਉਸਾਰੇ ਸਨ। ਮੁਗ਼ਲਾਂ ਦੇ ਰਾਜ ਸਮੇਂ ਤਕ ਸੂਰਜ ਪੂਜਾ ਹਿੰਦੂਆਂ ਦੀ ਉਪਾਸ਼ਨਾ ਦਾ ਪ੍ਰਧਾਨ ਅੰਗ ਰਹੀ। ਵਿਲੀਅਮ ਕਰੂਕ (Things Indian,444-445) ਅਨੁਸਾਰ ਕੁਝ ਮੁਗ਼ਲ ਬਾਦਸ਼ਾਹਾਂ ਵਿਚ ਸੂਰਜ ਦੇਵ ਦੀ ਪੂਜਾ ਪ੍ਰਚਲਤ ਸੀ। ਉਹ ਲਿਖਦਾ ਹੈ — ਅਕਬਰ ਨੇ ਸੂਰਜ ਦੇਵਤੇ ਦੀ ਪੂਜਾ ਨੂੰ ਮੁੜ ਸੁਰਜੀਤ ਕੀਤਾ। ਉਸ ਦਾ ਆਦੇਸ਼ ਸੀ ਕਿ ਸਵੇਰੇ, ਸ਼ਾਮ ਤੇ ਅੱਧੀ ਰਾਤ ਵੇਲੇ ਸੂਰਜ ਦੀ ਉਪਾਸ਼ਨਾ ਕੀਤੀ ਜਾਵੇ। ਉਸ ਨੇ ਸੰਸਕ੍ਰਿਤ ਦੇ ਗ੍ਰੰਥਾਂ ਵਿਚੋਂ ਸੂਰਜ ਦੇਵਤੇ ਦੀਆਂ ਇਕ ਹਜ਼ਾਰ ਇਕ ਉਪਾਧੀਆਂ ਇਕੱਠੀਆਂ ਕੀਤੀਆਂ, ਜਿਨ੍ਹਾਂ ਦਾ ਜਾਪ ਉਹ ਹਰ ਰੋਜ਼ ਸੂਰਜ ਦੇ ਸਨਮੁਖ ਬੈਠ ਕੇ ਕੀਤਾ ਕਰਦਾ ਸੀ। ਉਸ ਦਾ ਪੁੱਤਰ ਜਹਾਂਗੀਰ ਵੀ ਸੂਰਜ ਦਾ ਉਪਾਸ਼ਕ ਸੀ। ਲਾਹੌਰ ਵਿਚ ਜਹਾਂਗੀਰ ਦੇ ਮਕਬਰੇ ਉਤੇ ਜੋ ਚਿੰਨ੍ਹ ਉਕਰੇ ਹੋਏ ਮਿਲੇ ਹਨ, ਉਹ ਇਸ ਗੱਲ ਦਾ ਪ੍ਰਮਾਣ ਹਨ। ਇਨ੍ਹਾਂ ਦੋਹਾਂ ਪਾਤਸ਼ਾਹਾਂ ਦੇ ਸਮਕਾਲੀ ਇਤਿਹਾਸਕਾਰਾਂ ਅਤੇ ਪੁਰਤਗਾਲੀ ਮਿਸ਼ਨਰੀਆਂ ਨੇ ਵੀ ਮੁਗ਼ਲ ਬਾਦਸ਼ਾਹਾਂ ਵੇਲੇ ਪ੍ਰਚਲਤ ਸੂਰਜ ਦੀ ਉਪਾਸ਼ਨਾ ਵਲ ਸੰਕੇਤ

ਕੀਤਾ ਹੈ।

ਪ੍ਰਾਚੀਨ ਤੇ ਮਧਕਾਲੀ ਯੁਗ ਵਿਚ, ਸੂਰਜ ਦੇਵਤੇ ਦੇ ਕਈ ਮੰਦਰ, ਪੰਜਾਬ ਅਤੇ ਭਾਰਤ ਦੇ ਕਈ ਇਲਾਕਿਆਂ ਵਿਚ ਮਿਲਦੇ ਸਨ। ਪੰਜਾਬ ਵਿਚ ਸੂਰਜ ਦੇਵ ਦੇ ਦੋ ਵੱਡੇ ਮੰਦਰ ਤਖਸ਼ਿਲਾ ਅਤੇ ਮੁਲਤਾਨ ਵਿਚ ਸਨ, ਜੋ ਬਦੇਸ਼ੀ ਧਾੜਵੀਆਂ ਅਤੇ ਮੁਸਲਮਾਨ ਹਮਲਾਵਰਾਂ ਨੇ ਨਸ਼ਟ ਕਰ ਦਿਤੇ। ਮੁਲਤਾਨ ਦਾ ਸੂਰਜ ਮੰਦਰ ਤਾਂ ਮੁਗਲਾਂ ਦੀ ਰਾਜ ਸਤਾ ਤਕ ਸੂਰਜ-ਉਪਾਸ਼ਕਾਂ ਦਾ ਕੇਂਦਰ ਰਿਹਾ। ਇਸ ਮੰਦਰ ਦਾ ਭਾਵੇਂ ਅੱਜ ਕੋਈ ਥਹੁ-ਟਿਕਾਣਾ ਨਹੀਂ ਮਿਲਦਾ, ਪਰ ਇਹ ਮੰਦਰ ਕਦੇ ਮੁਲਤਾਨ ਦੇ ਕਿਲ੍ਹੇ ਵਾਲੀ ਥਾਂ ਉਤੇ ਸਥਿਤ ਸੀ। ਹਿਊਨ ਸਾਂਗ, ਜੋ 641 ਈਸਵੀ ਵਿਚ ਮੁਲਤਾਨ ਵਿਚ ਪਧਾਰਿਆ ਸੀ, ਦੀਆਂ ਲਿਖਤਾਂ ਵਿਚ ਸੂਰਜ ਮੰਦਰ ਦਾ ਵਰਨਣ ਵੇਰਵੇ ਨਾਲ ਦਿਤਾ ਹੋਇਆ ਮਿਲਦਾ ਹੈ। ਇਹ ਮੰਦਰ ਗਿਆਰ੍ਹਵੀਂ ਸਦੀ ਵਿਚ ਮੁਸਲਮਾਨੀ ਹੱਲਿਆਂ ਵੇਲੇ ਤਬਾਹ ਕਰ ਦਿਤਾ ਗਿਆ। ਮਗਰੋਂ ਇਸ ਮੰਦਰ ਦਾ ਪੁਨਰ-ਨਿਰਮਾਣ ਕੀਤਾ ਗਿਆ, ਪਰ ਔਰੰਗਜ਼ੇਬ ਦੇ ਵੇਲੇ ਇਸ ਮੰਦਰ ਨੂੰ ਮਿਸਮਾਰ ਕਰ ਕੇ ਉਥੇ ਜਾਮਾ ਮਸਜਦ ਬਣਾ ਦਿਤੀ ਗਈ।

ਹਿਊਨ ਸਾਂਗ ਮੁਲਤਾਨ ਦੇ ਸੂਰਜ ਮੰਦਰ ਦਾ ਵਿਸਥਾਰ ਨਾਲ ਵਰਨਣ ਕਰਦਿਆਂ ਲਿਖਦਾ ਹੈ — "ਇਥੇ ਇਕ ਸੂਰਜ ਮੰਦਰ ਹੈ, ਜੋ ਬੜੇ ਠਾਠ ਤੇ ਭਰਪੂਰਤਾ ਨਾਲ ਅਲੰਕ੍ਰਿਤ ਹੈ। ਸੂਰਜ ਦੇਵ ਦੀ ਮੂਰਤੀ ਪੀਲੇ ਸੋਨੇ ਦੀ ਢਲੀ ਹੋਈ ਹੈ ਅਤੇ ਉਸ ਵਿਚ ਕੀਮਤੀ ਹੀਰੇ ਜੜੇ ਹੋਏ ਹਨ। ਇਸ ਮੂਰਤੀ ਦੀ ਦੈਵੀ ਆਭਾ ਬੜੀ ਰਹੱਸਮਈ ਹੈ। ਮੂਰਤੀ ਵਿਚ ਦੈਵੀ ਸ਼ਕਤੀ ਵਿਦਮਾਨ ਮੰਨੀ ਜਾਂਦੀ ਹੈ। ਤੀਵੀਆਂ ਸੰਗੀਤ ਦੀ ਮਧੁਰ ਧੁਨੀ ਬਖੇਰਦੀਆਂ ਹੋਈਆਂ ਜੋਤਾਂ ਜਗਾਦੀਆ, ਧੂਪ ਧੁਖਾਂਦੀਆਂ ਅਤੇ ਫੁਲ ਫਲ ਭੇਟ ਕਰਦੀਆਂ ਹਨ। ਇਹ ਪ੍ਰਥਾ ਮੁੱਢ ਕਦੀਮ ਤੋਂ ਹੀ ਚਲੀ ਆ ਰਹੀ ਹੈ। ਪਾਤਸ਼ਾਹ ਤੇ ਉਚੇ ਘਰਾਣਿਆਂ ਦੇ ਲੋਕ ਦੇਵ ਮੂਰਤੀ ਨੂੰ ਹੀਰੇ ਮੋਤੀਆਂ ਦੇ ਚੜ੍ਹਾਵੇ ਚਾੜ੍ਹਦੇ ਹਨ। ਇਥੇ ਦੂਰ ਦੁਰਾਡੇ ਦੇਸ਼ਾਂ ਤੋਂ ਲੋਕ ਪੂਜਾ ਲਈ ਆਉਂਦੇ ਹਨ ਅਤੇ ਹਰ ਵੇਲੇ ਹਜ਼ਾਰਾਂ ਸ਼ਰਧਾਲੂ ਉਪਾਸ਼ਨਾ ਵਿਚ ਰੁਝੇ ਵੇਖੇ ਜਾਂਦੇ ਹਨ। ਮੰਦਰ ਦੇ ਚਾਰ ਚੁਫੇਰੇ ਸਰੋਵਰ ਅਤੇ ਬਗ਼ੀਚੇ ਹਨ।"

ਮੁਲਤਾਨ ਦੇ ਸੂਰਜ ਮੰਦਰ ਬਾਰੇ ਪੁਰਾਣਾਂ ਵਿਚ ਵੀ ਜ਼ਿਕਰ ਆਉਂਦਾ ਹੈ, ਜਿਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਅਸਥਾਨ ਪੂਰਵ ਇਤਿਹਾਸਕ ਕਾਲ ਤੋਂ ਹੀ ਸੂਰਜ ਦੇਵ ਦੀ ਉਪਾਸ਼ਨਾ ਦਾ ਕੇਂਦਰ ਰਿਹਾ। ਭਵਿੱਸ਼ ਪੁਰਾਣ ਅਨੁਸਾਰ ਦੁਆਪਰ ਯੁਗ ਵਿਚ ਕ੍ਰਿਸ਼ਨ ਦੇ ਪੁੱਤਰ ਸੰਭਾਂ ਨੇ ਕੋਹੜ ਤੋਂ ਮੁਕਤ ਹੋਣ ਲਈ, ਝਨਾਂ ਦਰਿਆ ਤੋਂ ਪਾਰ, ਸੂਰਜ ਦੀ ਇਕ ਸੁਨਹਿਰੀ ਮੂਰਤੀ ਬਣਵਾ ਕੇ ਸਥਾਪਿਤ ਕੀਤੀ ਸੀ। ਉਸ ਪਵਿਤ੍ਰ ਅਸਥਾਨ ਦਾ ਏਕੀਕਰਣ ਮੁਲਤਾਨ ਦੇ ਸੂਰਜ ਮੰਦਰ ਨਾਲ ਕੀਤਾ ਜਾਂਦਾ ਹੈ।

'ਛਛਨਾਮਾ' ਨਾਂ ਦੀ ਪੁਸਤਕ ਵਿਚ ਮੁਲਤਾਨ ਦੇ ਸੂਰਜ ਮੰਦਰ ਦਾ ਵੇਰਵੇ ਭਰਿਆ ਵਰਨਣ ਹੈ। ਇਹ ਪੁਸਤਕ 750 ਈਸਵੀ ਦੀ ਰਚਨਾ ਮੰਨੀ ਜਾਂਦੀ ਹੈ। ਇਸ ਗ੍ਰੰਥ ਅਨੁਸਾਰ ਜਦੋਂ 712 ਈਸਵੀ ਵਿਚ ਮੁਹੰਮਦ ਕਾਸਮ ਨੇ ਮੁਲਤਾਨ ਉਤੇ ਕਬਜ਼ਾ ਕੀਤਾ, ਤਾਂ ਸੂਹੀਆਂ ਨੇ ਉਸ ਨੂੰ ਦਸਿਆ ਕਿ ਇਥੋਂ ਦੇ ਸੂਰਜ ਮੰਦਰ ਵਿਚ ਕਾਫ਼ੀ ਸਾਰਾ ਧਨ ਦੌਲਤ ਅਤੇ ਸੋਨਾ ਜਮ੍ਹਾਂ ਹੈ। ਇਹ ਮੰਦਰ ਉਦੋਂ ਇਕ ਸੌ ਮੁਰੱਬਾ ਗਜ਼ ਦੇ ਇਕ ਖ਼ੂਬਸੂਰਤ ਸਰੋਵਰ ਦੇ ਵਿਚਕਾਰ, ਪੰਜਾਹ ਮੁਰੱਬਾ ਗਜ਼ ਦੇ ਘੇਰੇ ਵਿਚ ਸਥਿਤ ਸੀ। ਇਸ ਮੰਦਰ ਦੇ ਹੇਠਾਂ ਇਕ ਗੁਪਤ ਭੋਰੇ ਵਿਚ ਤਾਂਬੇ ਦੀਆਂ ਪੰਜਾਹ ਵਲਟੋਹੀਆਂ ਸੋਨੇ ਨਾਲ ਨਕੋਨਕ ਭਰੀਆਂ ਪਈਆਂ ਸਨ। ਮੰਦਰ ਵਿਚ ਸੋਨੇ ਦੀ ਮੂਰਤੀ ਸਥਾਪਿਤ ਸੀ। ਮੁਹੰਮਦ ਕਾਸਮ ਨੇ ਇਸ ਮੂਰਤੀ ਦੇ ਖ਼ੁਦ ਦਰਸ਼ਨ ਕੀਤੇ। ਮੂਰਤੀ ਦੀਆਂ ਦੋਵੇਂ ਅੱਖਾਂ ਦੋ ਲਟ ਲਟ ਕਰਦੇ ਲਾਲਾਂ ਦੀਆਂ ਸਨ। ਇਸ ਮੰਦਰ ਦੇ ਭੋਰੇ ਵਿਚ ਮੁਹੰਮਦ ਕਾਸਮ ਨੂੰ 13,200 ਮਣ ਸੋਨਾ ਮਿਲਿਆ। ਇਹ ਵੀ ਕਿਹਾ ਜਾਂਦਾ ਸੀ ਕਿ ਭੋਰੇ ਦੇ ਉਪਰ ਮੂਰਤੀ ਦੇ ਨੇੜੇ ਇਕ ਛੇਦ ਬਣਿਆ ਹੋਇਆ ਸੀ, ਜਿਸ ਵਿਚੋਂ ਸੋਨਾ ਹੇਠਾਂ ਸੁਟਿਆ ਜਾਂਦਾ ਸੀ।

'ਛਛਨਾਮਾ' ਅਨੁਸਾਰ ਇਸ ਸੂਰਜ ਮੰਦਰ ਵਿਚ ਪੰਜਾਬ ਅਤੇ ਸਿੰਧ ਦੇ ਇਲਾਕੇ ਦੇ ਹਿੰਦੂ

ਯਾਤ੍ਰਾ ਲਈ ਆਮ ਆਉਂਦੇ ਸਨ ਅਤੇ ਧਨੀ ਲੋਕ ਆਪਣੇ ਬੱਚਿਆਂ ਦਾ ਮੁੰਡਣ-ਸੰਸਕਾਰ ਇਥੇ ਹੀ ਕੀਤਾ ਕਰਦੇ ਸਨ। ਇਸ ਅਸਥਾਨ ਦੀ ਪ੍ਰਕਰਮਾ ਦਾ ਖ਼ਾਸ ਮਹਾਤਮ ਸੀ।

ਇਕ ਹੋਰ ਲੇਖਕ ਇਸਤਾਖੀਰੀ, ਜੋ 951 ਈਸਵੀ ਦੇ ਲਾਗੇ ਹੋਇਆ, ਇਸ ਮੰਦਰ ਦੀ ਮੂਰਤੀ ਬਾਰੇ ਇਉਂ ਲਿਖਦਾ ਹੈ — ਦੇਵ ਮੂਰਤੀ ਮਨੁਖੀ ਆਕ੍ਰਿਤੀ ਦੀ ਸ਼ਕਲ ਦੀ ਅਣਕਜੀ ਹੈ ਅਤੇ ਇੱਟਾਂ ਦੇ ਮਸਾਲੇ ਦੇ ਬਣੇ ਥੜ੍ਹੇ ਉਤੇ, ਚੌਕੜੀ ਦੇ ਆਸਨ ਵਿਚ ਬਿਰਾਜਮਾਨ ਹੈ। ਮੂਰਤੀ ਦਾ ਸਾਰਾ ਜਿਸਮ ਲਾਲ ਚੰਮੜੀ ਨਾਲ ਢਕਿਆ ਹੋਇਆ ਹੈ ਅਤੇ ਅੱਖਾਂ ਤੋਂ ਇਲਾਵਾ ਹੋਰ ਕੋਈ ਅੰਗ ਵਿਖਾਈ ਨਹੀਂ ਦੇਂਦਾ। ਕਈਆਂ ਦਾ ਵਿਸ਼ਵਾਸ ਹੈ ਕਿ ਇਸ ਮੂਰਤੀ ਦਾ ਸਰੀਰ ਕਾਠ ਦਾ ਬਣਿਆ ਹੋਇਆ ਹੈ, ਪਰ ਕੁਝ ਲੋਕ ਇਸ ਗੱਲ ਨੂੰ ਸਵੀਕਾਰ ਨਹੀਂ ਕਰਦੇ। ਪਰ ਦੇਵ-ਮੂਰਤੀ ਤੋਂ ਚੰਮੜੀ ਉਤਾਰ ਕੇ ਅਸਲ ਗੱਲ ਜਾਣਨ ਦੀ ਆਗਿਆ ਨਹੀਂ। ਮੂਰਤੀ ਦੀਆਂ ਅੱਖਾਂ ਬਹੁਮੁੱਲੇ ਹੀਰਿਆਂ ਦੀਆਂ ਬਣੀਆਂ ਹੋਈਆਂ ਹਨ ਅਤੇ ਸਿਰ ਦੇ ਉਤੇ ਸੋਨੇ ਦਾ ਮੁਕਟ ਸੁਸ਼ੋਭਤ ਹੈ।

ਇਸ ਸਵਰਨ ਮੂਰਤੀ ਨੂੰ, ਮੁਸਲਮਾਨਾਂ ਨੇ ਮੁਢ ਵਿਚ ਇਕ ਖ਼ਾਸ ਕੂਟਲ-ਨੀਤੀ ਨੂੰ ਮੁਖ ਰਖਦੇ ਹੋਏ ਨਸ਼ਟ ਨਹੀਂ ਸੀ ਹੋਣ ਦਿਤਾ। ਜਦੋਂ ਵੀ ਆਸ ਪਾਸ ਦੇ ਇਲਾਕੇ ਦੇ ਹਿੰਦੂ ਮੁਲਤਾਨ ਉਤੇ ਧਾਵਾ ਬੋਲ ਕੇ ਮੁਲਤਾਨ ਨੂੰ ਆਪਣੇ ਅਧਿਕਾਰ ਹੇਠ ਲਿਆਉਣ ਦੀ ਚੇਸ਼ਟਾ ਕਰਦੇ ਅਤੇ ਮੁਸਲਮਾਨ ਉਨ੍ਹਾਂ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਹੁੰਦੇ ਸਨ, ਤਾਂ ਉਹ ਇਸ ਮੂਰਤੀ ਨੂੰ ਤਬਾਹ ਕਰਨ ਦੀ ਧਮਕੀ ਦੇਂਦੇ ਸਨ, ਜਿਸ ਕਰ ਕੇ ਹਿੰਦੂ ਲੜਾਈ ਵਿਚੇ ਛੱਡ ਕੇ ਮੁਲਤਾਨ ਤੋਂ ਵਾਪਸ ਚਲੇ ਜਾਂਦੇ।

ਅਲਬਰੂਨੀ ਨੇ ਵੀ ਇਸ ਮੰਦਰ ਦਾ ਵਰਨਣ ਆਪਣੇ ਸਫ਼ਰਨਾਮੇ ਵਿਚ ਕੀਤਾ ਹੈ।

ਕਸ਼ਮੀਰ ਵਿਚ ਮਾਰਤੰਡ ਦੇ ਅਸਥਾਨ ਉਤੇ, ਜੋ ਸੂਰਜ ਮੰਦਰ ਹੈ, ਉਸ ਦਾ ਅਠਵੀਂ ਸਦੀ ਵਿਚ ਲਲਤਾਦਿਤਯ ਨੇ ਨਿਰਮਾਣ ਕਰਵਾਇਆ। ਇਸ ਮੰਦਰ ਦੀਆਂ 84 ਥੰਮ੍ਹੀਆਂ ਸਨ। ਇਹ ਰਹੱਸਮਈ ਅੰਕ ਸੂਰਜ ਦੀਆਂ ਬਾਰਾਂ ਰਾਸ਼ੀਆਂ ਤੇ ਸਤ ਗ੍ਰਹਿਆਂ ਦੀ ਗੁਣਾਂ ਦਾ ਬੋਧਿਕ ਹੋਣ ਕਰ ਕੇ ਪਵਿਤ੍ਰ ਹੈ ਤੇ ਇਹੋ ਇਸ ਸੂਰਜ ਮੰਦਰ ਦੀ ਵਿਸ਼ੇਸ਼ਤਾ ਹੈ। ਇਸ ਮੰਦਰ ਨੂੰ ਵੀ ਮਗਰੋਂ ਮੁਸਲਮਾਨਾਂ ਨੇ ਤਬਾਹ ਕਰ ਦਿਤਾ।

ਹਿੰਦੂਆਂ ਵਿਚ ਸੂਰਜ ਦੇਵਤੇ ਦੀ ਉਪਾਸ਼ਨਾ ਵਰਤਮਾਨ ਯੁਗ ਵਿਚ ਵੀ ਪ੍ਰਚਲਤ ਹੈ। ਭਾਵੇਂ ਸੂਰਜ ਨੂੰ, ਇਕ ਛੋਟਾ ਦੇਵਤਾ ਹੋਣ ਕਰ ਕੇ 'ਦਿਉਤਾ' ਕਿਹਾ ਜਾਣ ਲੱਗ ਪਿਆ ਹੈ। ਅੱਜ ਕਲ੍ਹ ਪੰਜਾਬ ਵਿਚ ਸਰਜ ਦਿਉਤੇ ਦਾ ਕੋਈ ਵੱਖਰਾ ਮੰਦਰ ਜਾਂ ਅਸਥਾਨ ਨਹੀਂ ਬਣਾਇਆ ਜਾਂਦਾ, ਕਿਉਂ ਜੋ ਸੂਰਜ ਆਪਣੇ ਪ੍ਰਕਾਸ਼ ਸਦਕਾ ਸਰਬ ਵਿਆਪਕ ਹੈ। ਐਤਵਾਰ ਦਾ ਦਿਨ ਸੂਰਜ ਲਈ ਪਵਿਤ੍ਰ ਹੋਣ ਕਰ ਕੇ ਇਸ ਦਿਨ ਸੂਰਜ ਦੇ ਉਪਾਸ਼ਕ ਵਰਤ ਰਖਦੇ ਹਨ ਅਤੇ ਦੁੱਧ ਦੀ ਖੀਰ ਬਣਾ ਕੇ ਖ਼ੁਦ ਖਾਂਦੇ ਅਤੇ ਬ੍ਰਾਹਮਣਾਂ ਵਿਚ ਵੰਡਦੇ ਹਨ। ਐਤਵਾਰ ਨੂੰ ਦੁੱਧ ਨੂੰ ਜਾਗ ਲਗਾ ਕੇ ਜਮਾਣਾ ਜਾਂ ਲੂਣ ਵਰਤਣਾ ਨਿਸ਼ੇਧ ਹੈ।

ਸੂਰਜ ਚੜ੍ਹਦੇ ਸਾਰ ਹਿੰਦੂ ਗਾਇਤਰੀ ਦਾ ਪਾਠ ਕਰਦੇ ਹਨ, ਜਿਸ ਵਿਚ ਸੂਰਜ ਦੀ ਅਥਾਹ ਸ਼ਕਤੀ ਦਾ ਜਸ ਗਾਇਆ ਗਿਆ ਹੈ। ਕਈ ਉਪਾਸ਼ਕ ਮੰਜੇ ਤੋਂ ਉਠਦੇ ਸਾਰ ਪਹਿਲਾਂ ਸੂਰਜ ਨੂੰ ਪਰਨਾਮ ਕਰਦੇ ਹਨ। ਸੂਰਜ ਉਤਪਾਦਨ ਦਾ ਵੀ ਦਿਉਤਾ ਹੈ, ਇਸ ਲਈ ਕਈ ਹਿੰਦੂ ਕਿਸਾਨ ਵਾਢੀ ਤੋਂ ਮਗਰੋਂ ਸੂਰਜ ਦਿਉਤੇ ਨੂੰ ਪਤਿਆਣ ਲਈ ਉਸ ਨਮਿਤ ਭੇਜ ਦੇਂਦੇ ਹਨ।

ਲਹਿੰਦੇ ਦੇ ਹਿੰਦੂਆਂ ਵਿਚ ਬੱਚੇ ਦੇ ਜਨਮ ਮਗਰੋਂ ਦਸਵੇਂ ਦਿਨ ਸੂਰਜ ਦੀ ਪੂਜਾ ਦੀ ਪ੍ਰਥਾ ਰਹੀ ਹੈ। ਘਰ ਦੀ ਕਿਸੇ ਗੁਠ ਨੂੰ ਲਿੰਬ ਪੋਚ ਕੇ ਤੇ ਚੌਕ ਪੂਰ ਕੇ, ਪ੍ਰਸੂਤਾ ਨੂੰ ਉਥੇ ਬਿਠਾਇਆ ਜਾਂਦਾ ਹੈ ਅਤੇ ਉਹ ਸੂਰਜ ਨੂੰ ਪ੍ਰਨਾਮ ਕਰਦੀ ਹੋਈ ਕੁੰਭ ਪੂਜਦੀ ਹੈ। ਇਸ ਮੌਕੇ ਉਤੇ ਘੁੰਘਣੀਆਂ ਵੰਡੀਆਂ ਜਾਂਦੀਆਂ ਹਨ। ਇਸ ਅਵਸਰ ਉਤੇ ਸੂਰਜ ਤੋਂ ਤੇਜ ਤੇ ਪ੍ਰਭੁਤਾ ਪ੍ਰਾਪਤ ਕਰਨ ਲਈ ਗੀਤ ਵੀ ਗਾਏ ਜਾਂਦੇ ਹਨ। ਰਾਜਸਥਾਨ ਅਤੇ ਬ੍ਰਿਜ ਦੇ ਇਲਾਕੇ ਵਿਚ ਵੀ ਇਹ ਗੀਤ ਪ੍ਰਚਲਤ ਹੈ। ਸੂਰਜ ਦੀ ਪੂਜਾ ਮਗਰੋਂ ਸੂਰਜ ਦੀ ਮਹਿਮਾ

ਵਿਚ ਗੀਤ ਗਾਏ ਜਾਣ ਦੀ ਪ੍ਰਥਾ ਵੀ ਹੈ ।

ਯੋਗਮੱਤ ਵਿਚ ਸਰੀਰ ਨੂੰ ਬ੍ਰਹਿਮੰਡ ਦਾ ਪ੍ਰਤਿਰੂਪ ਮੰਨਿਆ ਗਿਆ ਹੈ — 'ਜੋ ਬ੍ਰਹਿਮੰਡੇ ਸੋਈ ਪਿੰਡੇ', ਭਾਵ ਨਦੀਆਂ, ਪਹਾੜ, ਆਕਾਸ਼, ਗ੍ਰਹਿ ਆਦਿ ਸਭ ਚੀਜ਼ਾਂ ਸਰੀਰ ਦੇ ਅੰਦਰ ਪ੍ਰਤੀਕ ਰੂਪ ਵਿਚ ਸਥਿਤ ਹਨ । ਸਾਰੇ ਤੀਰਥ ਵੀ ਕਾਇਆ ਦੇ ਅੰਦਰ ਹੀ ਬਿਰਾਜਮਾਨ ਹਨ । ਇਸ ਪੱਧਤੀ ਅਨੁਸਾਰ ਮੱਥੇ ਵਿਚ ਚੰਦਰਮਾ ਸਥਿਤ ਹੈ ਅਤੇ ਨਾਭੀ ਵਿਚ ਸੂਰਜ । ਚੰਦਰਮੇ ਵਿਚ ਝਰਨ ਵਾਲੇ ਅੰਮ੍ਰਿਤ ਨੂੰ ਸੂਰਜ ਆਪਣੀ ਤਪਸ਼ ਨਾਲ ਸੁਕਾ ਦੇਂਦਾ ਹੈ, ਇਸ ਲਈ ਜੋਗੀ ਸੂਰਜ ਤੋਂ ਮੱਥੇ ਵਿਚੋਂ ਝਰਦੇ ਅੰਮ੍ਰਿਤ ਦੀ ਰੱਖਿਆ ਕਰ ਕੇ ਉਸ ਨੂੰ ਪੀਂਦਾ ਹੈ ।

(ਸ-693) **ਸੂਰਜ ਬਾਰੇ ਲੋਕਧਾਰਾ :**

ਸੂਰਜ ਤੇ ਚੰਨ ਆਦਿਮ ਮਨੁੱਖ ਦੀ ਸੋਚ ਤੇ ਭਾਵਨਾ ਨੂੰ ਸਦਾ ਹੀ ਟੁੰਬਦੇ ਰਹੇ ਹਨ । ਸੂਰਜ ਦਾ ਸੋਨੇ ਦੇ ਥਾਲ ਵਾਂਗ ਪੂਰਬ ਦੀ ਹਿਕ ਤੇ ਉਭਰਨਾ, ਆਕਾਸ਼ ਉਤੇ ਸ਼ਾਹ-ਸਵਾਰੀ ਕਰਨਾ ਤੇ ਪੱਛਮ ਵਲ ਅਲੋਪ ਹੋ ਜਾਣਾ, ਮਨੁੱਖ ਲਈ ਬੜੀਆਂ ਅਲੌਕਾਰੀ ਅਤੇ ਅਬੋਧ ਗੱਲਾਂ ਸਨ । ਆਦਿਮ ਮਨੁੱਖ ਸ੍ਰਿਸ਼ਟੀ ਦੀ ਹਰ ਚੀਜ਼ ਨੂੰ ਭਾਵੇਂ ਉਹ ਜੜ੍ਹ ਹੋਵੇ ਜਾਂ ਚੇਤੰਨ, ਪ੍ਰਾਣਧਾਰੀ ਰੂਪ ਵਿਚ ਅਨੁਭਵ ਕਰਦਾ ਤੇ ਉਸ ਨੂੰ ਮਨੁੱਖੀ ਜੀਵਨ ਦੇ ਪ੍ਰਤਿਰੂਪ ਵਿਚ ਰੂਪਮਾਨ ਕਰਦਾ ਰਿਹਾ ਹੈ । ਹਰ ਪ੍ਰਾਣੀ ਕੁਝ ਕਰਮ ਕਰਦਾ ਤੇ ਉਸ ਦੇ ਫਲ ਭੋਗਦਾ ਹੈ । ਇਹੋ ਅਨੁਭਵ ਚੰਨ ਸੂਰਜ ਨਾਲ ਸੰਬੰਧਤ ਕਥਾਵਾਂ ਵਿਚ ਬੋਲ ਰਿਹਾ ਹੈ । ਗ੍ਰਹਿ ਅਤੇ ਤਾਰੇ ਵੀ ਧਰਤੀ ਉਤੇ ਪਿਛਲੇ ਜਨਮਾਂ ਦੇ ਚੰਗੇ ਮੰਦੇ ਕਰਮਾਂ ਦੇ ਫਲ ਭੋਗ ਰਹੇ ਹਨ । ਮਿੱਥਾਂ ਅਨੁਸਾਰ ਚੰਨ ਤੇ ਸੂਰਜ ਦੋਵੇਂ ਸਕੇ ਭਰਾ ਹਨ, ਪਰ ਸੁਭਾਵ ਵਿਚ ਵਿਰੋਧ ਹੋਣ ਕਾਰਨ ਉਹ ਮਿਲ ਕੇ ਨਹੀਂ ਬੈਠਦੇ । ਇਕ ਲੋਕ-ਗੀਤ ਵੀ ਹੈ :

ਚੰਨ ਸੂਰਜ ਦੋਏ ਸਕੇ ਭਰਾ,
ਕਦੇ ਨਾ ਬੈਠੇ ਰਲ ਕੇ ।
ਇਕ ਠੰਢਾ ਇਕ ਤੜਾ-ਭੀਹੜਾ,
ਕੀਕਣ ਬੈਠਣ ਰਲ ਕੇ ।

ਲੋਕ ਆਖਦੇ ਹਨ ਸੂਰਜ ਸਦੀਵੀ ਅੱਗ ਵਿਚ ਸੜ ਕੇ, ਕਿਸੇ ਗੁਨਾਹ ਦਾ ਪ੍ਰਾਸ਼ਚਿਤ ਕਰ ਰਿਹਾ ਹੈ । ਇਹ ਵੀ ਧਾਰਨਾ ਹੈ ਕਿ ਉਸ ਦੀ ਮਾਂ ਨੇ ਉਸ ਨੂੰ ਸਦਾ ਸੜਦੇ ਰਹਿਣ ਦੀ ਬਦਦੁਆ ਦਿਤੀ ਸੀ । ਇਕ ਮਿੱਥ ਅਨੁਸਾਰ ਇਕ ਵਾਰ ਸੂਰਜ ਅਤੇ ਚੰਨ, ਜੋ ਸਕੇ ਭਰਾ ਸਨ, ਦੀ ਮਾਂ ਇਸ਼ਨਾਨ ਕਰਨ ਲੱਗੀ, ਤਾਂ ਉਸ ਨੇ ਬੱਚਿਆਂ ਨੂੰ ਆਖਿਆ, "ਮੈਂ ਨਹਾਣ ਲੱਗੀ ਆਂ, ਤੁਸੀਂ ਰਤਾ ਕੁ ਪਿੱਠ ਕਰ ਕੇ ਦਰੱਖ਼ਤ ਦੇ ਉਹਲੇ ਖੜੇ ਹੋ ਜਾਵੋ ।" ਦੋਵੇਂ ਭਰਾ ਮਾਂ ਦਾ ਹੁਕਮ ਮੰਨ ਕੇ ਕਿਸੇ ਰੁੱਖ ਦੇ ਉਹਲੇ ਹੋ ਗਏ । ਚੰਨ ਨੀਵੀਂ ਪਾਈ ਖੜਾ ਰਿਹਾ, ਪਰ ਸੂਰਜ ਕਾਣੀ ਅੱਖ ਨਾਲ ਮਾਂ ਵਲ ਝਾਕਦਾ ਰਿਹਾ । ਮਾਂ ਨੇ ਕਰੋਧ ਵਿਚ ਆ ਕੇ ਸੂਰਜ ਨੂੰ ਬਦਦੁਆ ਦਿਤੀ, "ਬਦਨੀਤਿਆ, ਲੋਕੀਂ ਸਦਾ ਤੇਰੇ ਵਲ ਕਾਣੀ ਅੱਖ ਨਾਲ ਹੀ ਵੇਖਿਆ ਕਰਨਗੇ ।" ਉਦੋਂ ਤੋਂ ਸੂਰਜ ਨੂੰ ਕਾਣਾ ਕਿਹਾ ਜਾਣ ਲੱਗਾ । ਜਦੋਂ ਕੋਈ ਸੂਰਜ ਵਲ ਵੇਖਦਾ ਹੈ, ਤਾਂ ਉਹਨੂੰ ਇਕ ਅੱਖ ਮੀਟਣੀ ਪੈਂਦੀ ਹੈ, ਇਹੋ ਅਨੁਭਵ ਇਸ ਕਥਾ ਦਾ ਆਧਾਰ ਜਾਪਦਾ ਹੈ ।

ਇਕ ਹੋਰ ਮਿੱਥ ਅਨੁਸਾਰ, ਇਕ ਵਾਰ, ਕਿਸੇ ਦੇਵਤੇ ਦਾ ਵਿਆਹ ਸੀ । ਚੰਨ ਤੇ ਸੂਰਜ ਦੋਹਾਂ ਨੂੰ ਖਾਣੇ ਉਤੇ ਸਦਿਆ ਗਿਆ । ਜਾਣ ਵੇਲੇ ਮਾਂ ਨੇ ਦੋਹਾਂ ਬੱਚਿਆਂ ਨੂੰ ਕਿਹਾ, "ਕੁਝ ਮਠਿਆਈ ਮੇਰੇ ਵਾਸਤੇ ਵੀ ਲੈਂਦੇ ਆਉਣਾ ।" ਸੂਰਜ ਮੁੱਢੋਂ ਹੀ ਖਾਣ ਦਾ ਲੋਭੀ ਸੀ, ਆਪਣੇ ਹਿੱਸੇ ਦੀ ਸਾਰੀ ਮਠਿਆਈ ਉਥੇ ਹੀ ਖਾ ਆਇਆ । ਚੰਨ ਨੇ ਮਾਂ ਲਈ ਕੁਝ ਮਠਿਆਈ ਬਚਾ ਕੇ ਲਿਆਂਦੀ, ਪਰ ਰਾਹ ਵਿਚ ਸੂਰਜ ਉਹ ਮਠਿਆਈ ਵੀ ਹੜੱਪ ਕਰ ਗਿਆ । ਚੰਨ ਦੀ ਮਾਂ ਨੇ ਰਿੰਨ੍ਹਿਆ ਪਕਾਇਆ ਕੁਝ ਨਹੀਂ ਸੀ, ਇਸ ਲਈ ਉਹ ਭੁਖੀ ਬੈਠੀ ਰਹੀ । ਸੋ, ਮਾਂ ਦੇ ਮੂੰਹੋਂ ਸੁਤੇ ਸਿਧ ਸੂਰਜ ਲਈ ਬਦਦੁਆ ਨਿਕਲ ਗਈ, "ਸੂਰਜਾ ਮੂਰਜਾ, ਜਿਵੇਂ ਤੂੰ ਮੇਰਾ ਦਿਲ ਸਾੜਦਾ ਰਹਿੰਦਾ ਏਂ, ਇਵੇਂ ਹੀ ਤੂੰ ਵੀ ਰਹਿੰਦੀ ਦੁਨੀਆਂ ਤਕ ਸੜਦਾ ਬਲਦਾ ਰਹੇਂ ।" ਫਿਰ ਮਾਂ ਨੇ ਚੰਨ ਦਾ ਸਿਰ ਪਲੋਸਦਿਆਂ ਆਖਿਆ, 'ਬੱਚਿਆ ! ਤੂੰ ਮੇਰਾ ਹਿਰਦਾ ਹਮੇਸ਼ਾਂ ਠਾਰਦਾ

ਰਿਹਾ ਏਂ। ਰੱਬ ਕਰੇ, ਤੂੰ ਰਹਿੰਦੀ ਦੁਨੀਆਂ ਤਕ ਸੀਤਲ ਤੇ ਸ਼ਾਂਤ-ਚਿੱਤ ਰਹੇਂ ਤੇ ਸੰਸਾਰ ਨੂੰ ਆਨੰਦ ਦੇ ਠੰਢੇ ਛੱਟੇ ਬਖ਼ਸ਼ਦਾ ਰਹੇਂ।'' ਸਤਿਜੁਗ ਸੀ, ਮਾਂ ਦਾ ਵਾਕ ਸੱਚਾ ਸਿਧ ਹੋ ਗਿਆ।

ਇਸੇ ਪ੍ਰਸੰਗ ਵਿਚ ਇਕ ਹੋਰ ਕਥਾ ਵੀ ਪ੍ਰਚਲਤ ਹੈ — ਇਕ ਵਾਰ ਚੰਨ ਤੇ ਸੂਰਜ ਦੀ ਮਾਂ ਬੀਮਾਰ ਪੈ ਗਈ ਤੇ ਉਸ ਨੇ ਆਪਣੇ ਦੋਹਾਂ ਬੱਚਿਆਂ ਨੂੰ ਰਲ ਕੇ ਰਸੋਈ ਬਨਾਉਣ ਲਈ ਕਿਹਾ। ਸੂਰਜ ਪਹਿਲਾਂ ਤਾਂ ਨਾਂਹ-ਨੁਕਰ ਕਰਦਾ ਰਿਹਾ, ਪਰ ਮਾਂ ਨੇ ਕਰੋਧ ਵਿਚ ਜਦੋਂ ਡੰਡਾ ਚੁਕਿਆ, ਤਾਂ ਸੂਰਜ ਅੱਗ ਬਾਲਣ ਲੱਗਾ। ਜਦੋਂ ਅੱਗ ਭਖ ਗਈ, ਤਾਂ ਸੂਰਜ ਨੇ ਸ਼ਰਾਰਤ ਨਾਲ ਇਕ ਸੁਲਗਦਾ ਹੋਇਆ ਕੋਲਾ ਮਾਂ ਵਲ ਸੁਟਦਿਆਂ ਕਿਹਾ, ''ਵੇਖ ਮਾਂ ਕਿਤਨੀ ਸੋਹਣੀ ਅੱਗ ਭਖੀ ਏ।'' ਭਖਦਾ ਕੋਲਾ ਮਾਂ ਦੀ ਮੰਜੀ ਉਤੇ ਜਾ ਡਿੱਗਾ ਤੇ ਅੱਗ ਲੱਗ ਗਈ। ਚੰਨ ਉਦੋਂ ਆਟਾ ਗੁੰਨ੍ਹ ਰਿਹਾ ਸੀ। ਉਸ ਨੇ ਪਾਣੀ ਦਾ ਭਰਿਆ ਕੁੰਭ ਮਾਂ ਦੀ ਮੰਜੀ ਉਤੇ ਡੋਲ੍ਹ ਕੇ ਅੱਗ ਫ਼ੌਰਨ ਬੁਝਾ ਦਿਤੀ। ਉਦੋਂ ਮਾਂ ਨੇ ਸੂਰਜ ਨੂੰ ਰਹਿੰਦੀ ਦੁਨੀਆਂ ਤਕ ਤਪਦੇ ਰਹਿਣ ਦਾ ਸਰਾਪ ਦਿਤਾ।

**ਮਨੌਤਾਂ** : ਸੂਰਜ ਬਾਰੇ ਅਨੇਕਾਂ ਭਰਮ-ਵਹਿਮ ਅਤੇ ਮਨੌਤਾਂ ਲੋਕਾਂ ਵਿਚ ਪ੍ਰਚਲਤ ਹਨ। ਸੂਰਜ ਬ੍ਰਹਿਮੰਡ ਦੀ ਸਭ ਤੋਂ ਵਧ ਤੇਜਸਵੀ ਤੇ ਪ੍ਰੇਰਨਾ ਸ਼ਕਤੀ ਹੈ। ਜੇ ਕੋਈ ਸ਼ਖ਼ਸ ਹਰ ਸੰਗਰਾਂਦ ਵਾਲੇ ਦਿਨ, ਸਿਖਰ ਦੁਪਹਿਰ ਨੂੰ, ਜਦੋਂ ਸੂਰਜ ਆਪਣੇ ਭਰ ਜੋਬਨ ਵਿਚ ਹੋਵੇ, ਚਾਂਦੀ ਦੇ ਕਟੋਰੇ ਵਿਚ ਸੂਰਜ ਦਾ ਅਕਸ ਉਤਾਰ ਕੇ ਘੜੀ ਭਰ ਉਸ ਵਲ ਵੇਖੇ ਤੇ ਫੇਰ ਉਸ ਪਾਣੀ ਨੂੰ ਸੂਰਜ ਵਲ ਵੇਖਦਾ ਹੋਇਆ ਪੀ ਜਾਵੇ, ਤਾਂ ਉਸ ਦਾ ਤੇਜ ਪ੍ਰਤਾਪ ਵਧਦਾ ਅਤੇ ਪ੍ਰਤਿਭਾ ਨਿਖਰਦੀ ਹੈ।

ਸੂਰਜ ਨੂੰ ਉਤਪਾਦਨ ਸ਼ਕਤੀ ਦਾ ਦੇਵਤਾ ਮੰਨਿਆ ਗਿਆ ਹੈ। ਸੂਰਜ ਬਾਰੇ ਵਿਸ਼ਵਾਸ ਹੈ ਕਿ ਉਹ ਇਸਤ੍ਰੀਆਂ ਨੂੰ ਆਪਣੀਆਂ ਤੇਜਸਵੀ ਕਿਰਨਾਂ ਦੁਆਰਾ ਸਾਗਰਭਤ ਕਰਨ ਦੀ ਸਮਰੱਥਾ ਰਖਦਾ ਹੈ। ਇਸੇ ਲਈ ਜਦੋਂ ਕੋਈ ਕੰਨਿਆਂ ਜਵਾਨ ਹੋ ਜਾਵੇ, ਤਾਂ ਉਹਨੂੰ ਸੂਰਜ ਦੇ ਸਾਹਮਣੇ ਨੰਗਾ ਨਹੀਂ ਹੋਣਾ ਚਾਹੀਦਾ। ਇਹ ਧਾਰਨਾ ਮੂਲ ਵਿਚ ਚੰਨ ਬਾਰੇ ਹੈ, ਜੋ ਮਗਰੋਂ ਕਈ ਥਾਈਂ ਸੂਰਜ ਨਾਲ ਵੀ ਜੋੜ ਲਈ ਗਈ। ਨਿਰਸੰਤਾਨ ਤੀਵੀਆਂ, ਔਲਾਦ ਦੀ ਪ੍ਰਾਪਤੀ ਲਈ, ਸੰਗਰਾਂਦ ਵਾਲੇ ਦਿਨ, ਜਦੋਂ ਸੂਰਜ ਨਵੀਂ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਇਸ਼ਨਾਨ ਕਰਨ ਉਪਰੰਤ ਸੂਰਜ ਦੇ ਸਾਹਮਣੇ ਨੰਗੀਆਂ ਖੜੀਆਂ ਹੋ ਕੇ ਸੂਰਜ ਦੇਵਤੇ ਅੱਗੇ ਬਿਨੈ ਕਰਦੀਆਂ ਹਨ ਕਿ ਉਹ ਉਨ੍ਹਾਂ ਦੇ ਬਾਂਝਪਣ ਨੂੰ ਖ਼ਤਮ ਕਰ ਦੇਵੇ। ਕਹਿੰਦੇ ਹਨ ਬਾਰਾਂ ਸੰਗਰਾਂਦ ਇਸ ਤਰ੍ਹਾਂ ਕਰਨ ਨਾਲ ਬਾਂਝਪਣ ਦੂਰ ਹੋ ਜਾਂਦਾ ਹੈ।

ਸੂਰਜ ਵਿਚ ਅਰੋਗਤਾ ਬਖ਼ਸ਼ਣ ਦੀ ਸ਼ਕਤੀ ਵੀ ਮੰਨੀ ਗਈ ਹੈ। ਸੂਰਜ ਦੀਆਂ ਨਿਰਮਲ ਕਿਰਨਾਂ ਕਈ ਅਸਾਧ ਰੋਗਾਂ ਲਈ ਔਸ਼ਧੀ ਮੰਨੀਆਂ ਗਈਆਂ ਹਨ। ਪੁਰਾਣਾਂ ਦੀ ਇਕ ਕਥਾ ਅਨੁਸਾਰ ਕ੍ਰਿਸ਼ਨ ਦੇ ਪੁੱਤਰ ਸੰਘੂ ਨੂੰ ਚਿੱਟਾ ਕੋਹੜ ਹੋ ਗਿਆ ਸੀ ਤੇ ਉਸ ਨੇ ਰੋਗ ਤੋਂ ਮੁਕਤ ਹੋਣ ਵਾਸਤੇ ਮੁਲਤਾਨ ਵਿਚ ਸੂਰਜ ਮੰਦਰ ਬਣਵਾਇਆ। ਉਸ ਮੰਦਰ ਵਿਚ ਬੈਠ ਕੇ ਉਹ ਆਪਣੇ ਸਰੀਰ ਉਤੇ ਸੂਰਜ ਦੀਆਂ ਕਿਰਨਾਂ ਪਵਾਇਆ ਕਰਦਾ ਸੀ, ਜਿਸ ਸਦਕਾ ਉਸ ਦਾ ਕੋਹੜ ਦੂਰ ਹੋ ਗਿਆ (ਵੇਖੋ : ਸੂਰਜ ਪੂਜਾ)।

ਸੂਰਜ ਦੀ ਯਾਤ੍ਰਾ ਦੀ ਦਿਸ਼ਾ ਸਭ ਤੋਂ ਵਧ ਪਵਿਤ੍ਰ ਤੇ ਕਲਿਆਣੀ ਸਮਝੀ ਗਈ ਹੈ। ਸੂਰਜ ਪੂਰਬ ਦਿਸ਼ਾ ਵਲੋਂ ਉਦੇ ਹੋ ਕੇ ਪੱਛਮ ਵਲ ਅਸਤ ਹੁੰਦਾ ਅਤੇ ਮੁੜ ਅਗਲੀ ਸਵੇਰ ਪੂਰਬ ਵਲੋਂ ਚੜ੍ਹਦਾ ਹੈ। ਸੋ ਪ੍ਰਕਰਮਾ ਲਈ ਸੂਰਜ ਦੀ ਯਾਤ੍ਰਾ-ਦਿਸ਼ਾ ਹੀ ਕਲਿਆਣਕਾਰੀ ਮੰਨੀ ਗਈ ਹੈ। ਲਾਵਾਂ ਫੇਰਿਆਂ ਸਮੇਂ ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਅਤੇ ਹਿੰਦੂਆਂ ਵਿਚ ਅਗਨੀ ਦੁਆਲੇ ਪ੍ਰਕਰਮਾ ਇਸੇ ਯਾਤ੍ਰਾ ਦਾ ਅਨੁਕਰਣ ਹੈ। ਮਾਲਾ ਦੇ ਮਣਕੇ ਵੀ ਇਸੇ ਯਾਤ੍ਰਾ ਦਿਸ਼ਾ ਦੇ ਅਨੁਕਰਣ ਵਿਚ ਫੇਰੇ ਜਾਂਦੇ ਹਨ। ਪੁਰਾਣੇ ਵੇਲਿਆਂ ਵਿਚ ਘਰਾਂ ਵਿਚ ਆਟਾ ਪੀਹਣ ਲਈ ਜੋ ਚੱਕੀਆਂ ਵਰਤੀਆਂ ਜਾਂਦੀਆਂ ਸਨ, ਉਨ੍ਹਾਂ ਨੂੰ ਵੀ ਇਸੇ ਦਿਸ਼ਾ ਵਿਚ ਘੇੜੇ ਦਿਤੇ ਜਾਂਦੇ ਸਨ। ਕੱਤਣ ਵੇਲੇ ਚਰਖ਼ਾ ਵੀ ਇਸੇ ਦਿਸ਼ਾ ਵਿਚ ਘੁਮਾਇਆ ਜਾਂਦਾ ਹੈ। ਹਿੰਦੂ ਸਿੱਖ ਆਪਣੇ ਪਾਵਨ ਤੀਰਥਾਂ ਦੀ ਪ੍ਰਕਰਮਾ

ਵੀ ਸੂਰਜ ਦੀ ਯਾਤ੍ਰਾ ਦਿਸ਼ਾ ਵਿਚ ਕਰਦੇ ਹਨ। ਪਰ ਮੌਤ ਨਾਲ ਸੰਬੰਧਿਤ ਰੀਤਾਂ ਉਤੇ ਉਲਟੀ ਪ੍ਰਕਰਮਾ ਕੀਤੀ ਜਾਂਦੀ ਹੈ। ਮ੍ਰਿਤਕ ਦਾ ਦਾਹ ਸੰਸਕਾਰ ਕਰਨ ਵੇਲੇ, ਅਗਨੀ ਦਾਗਣ ਤੋਂ ਪਹਿਲਾਂ ਪੁੱਠੀ ਪ੍ਰਕਰਮਾ ਕਰਨ ਦੀ ਪ੍ਰਥਾ ਹੈ।

ਸੂਰਜ ਜਿਸ ਦਿਸ਼ਾ ਵਲੋਂ ਚੜ੍ਹਦਾ ਹੈ, ਉਹ ਦਿਸ਼ਾ ਚੜ੍ਹਦੀ ਕਲਾ ਦੀ ਬੋਧਿਕ ਹੈ। ਹਿੰਦੂਆਂ ਵਿਚ ਪੂਰਬ ਮੁਖ ਪੂਜਾ ਕਰਨ ਦੀ ਪ੍ਰਥਾ ਹੈ, ਜੋ ਪਰਾ-ਵੈਦਿਕ ਕਾਲ ਤੋਂ ਚਲੀ ਆ ਰਹੀ ਹੈ। ਇਸ ਦਿਸ਼ਾ ਵਲ ਸਨਮੁਖ ਹੋ ਕੇ ਉਪਾਸ਼ਨਾ ਕਰਨ ਨਾਲ ਦੇਵਤੇ ਪ੍ਰਸੰਨ ਹੁੰਦੇ ਹਨ। ਪੁਰਾਣੇ ਸਮਿਆਂ ਵਿਚ ਸਾਡੇ ਦੇਸ਼ ਵਿਚ ਜੋ ਮੰਦਰ ਉਸਾਰੇ ਜਾਂਦੇ ਸਨ ਉਨ੍ਹਾਂ ਦੀ ਬਨਾਵਟ ਵਿਚ ਇਸ ਗੱਲ ਦਾ ਧਿਆਨ ਰਖਿਆ ਜਾਂਦਾ ਸੀ ਕਿ ਸੂਰਜ ਦੀਆਂ ਪਹਿਲੀਆਂ ਕਿਰਨਾਂ ਮੰਦਰ ਦੇ ਪ੍ਰਵੇਸ਼-ਦੁਆਰ ਉਤੇ ਪੈਣ।

ਪੁਰਾਣ ਸੂਰਜੀ ਵਰ੍ਹੇ ਨੂੰ ਦੋ ਪੱਖਾਂ ਵਿਚ ਵੰਡਦੇ ਹਨ — ਉਤਰਾਇਣ ਤੇ ਦਖਸ਼ਾਇਣ। ਜਦੋਂ ਸੂਰਜ ਦੱਖਣ ਤੋਂ ਉੱਤਰ ਵਲ ਭੌਂਦਾ ਜਾਪਦਾ ਹੈ, ਤਾਂ ਇਹ ਸਮਾਂ ਉਤਰਾਇਣ ਕਾਲ ਅਖਵਾਂਦਾ ਹੈ, ਇਹ ਸਮਾਂ ਬਹੁਤ ਹੀ ਸ਼ੁਭ ਤੇ ਕਲਿਆਣੀ ਮੰਨਿਆ ਗਿਆ ਹੈ। ਪਹਿਲੀ ਮਾਘ ਨੂੰ ਸੂਰਜ ਉਤਰਾਇਣ ਵਿਚ ਦਾਖ਼ਲ ਹੁੰਦਾ ਹੈ ਅਤੇ ਪੰਜਾਬ ਵਿਚ ਅਨੇਕਾਂ ਥਾਈਂ ਮਾਘੀ ਦੇ ਮੇਲੇ ਲੱਗਦੇ ਹਨ (ਵੇਖੋ : ਮਾਘੀ)।

ਜਦੋਂ ਸੂਰਜ ਦੱਖਣ ਵਲ ਭੌਂਦਾ ਪ੍ਰਤੀਤ ਹੁੰਦਾ ਹੈ ਤਾਂ ਇਹ ਸਮਾਂ ਦਖਸ਼ਾਇਣ ਕਾਲ ਅਖਵਾਉਂਦਾ ਹੈ। ਇਹ ਪੱਖ ਅਸ਼ੁਭ ਹੈ, ਪੁਰਾਣਾਂ ਅਨੁਸਾਰ ਦੱਖਣ ਵਲ ਯਮ ਦੀ ਨਗਰੀ ਹੈ, ਇਸ ਲਈ ਉਸ ਦਿਸ਼ਾ ਵਲ ਜਦੋਂ ਸੂਰਜ ਭ੍ਰਮਣ ਕਰ ਰਿਹਾ ਹੋਵੇ, ਤਾਂ ਉਹ ਸਮਾਂ ਕਲਿਆਣਕਾਰੀ ਨਹੀਂ। ਸੂਰਜ ਦੇ ਉਪਾਸ਼ਕ ਆਪਣੇ ਸਭ ਸ਼ੁਭ ਕਾਰਜ ਉਤਰਾਇਣ ਪੱਖ ਵਿਚ ਹੀ ਕਰਦੇ ਰਹੇ ਹਨ। ਧਾਰਨਾ ਹੈ ਕਿ ਉਤਰਾਇਣ ਪੱਖ ਵਿਚ ਮਰਨ ਵਾਲੇ ਸਿਧੇ ਸੂਰਜ ਲੋਕ ਨੂੰ ਜਾਂਦੇ ਹਨ। ਕਈ ਪੁਰਾਣ-ਕਥਾਵਾਂ ਇਸ ਸੰਕਲਪ ਦੀ ਪੁਸ਼ਟੀ ਕਰਦੀਆਂ ਹਨ। ਮਹਾਂਭਾਰਤ ਅਨੁਸਾਰ ਕੁਰੁਖੇਤਰ ਦੀ ਯੁੱਧ ਭੂਮੀ ਵਿਚ, ਭੀਸ਼ਮ ਪਿਤਾਮਾ ਜਦੋਂ ਸਖ਼ਤ ਫਟੜ ਹੋ ਕੇ ਡਿਗ ਪਿਆ, ਤਾਂ ਸੂਰਜ ਨੇ ਉਦੋਂ ਕੁਝ ਦਿਨ ਹੋਰ ਦਖਸ਼ਾਇਣ ਵਿਚ ਰਹਿਣਾ ਸੀ, ਸੋ ਭੀਸ਼ਮ ਨੇ ਉਦੋਂ ਤਕ ਆਪਣੇ ਪ੍ਰਾਣ ਨਾ ਤਿਆਗੇ, ਜਦੋਂ ਤਕ ਸੂਰਜ ਉਤਰਾਇਣ ਵਿਚ ਪ੍ਰਵੇਸ਼ ਨਾ ਕਰ ਗਿਆ।

ਹੜੱਪਾ ਦੇ ਲੋਕਾਂ ਦੀ ਧਾਰਨਾ ਸੀ ਕਿ ਮਰਨ ਉਪ੍ਰੰਤ ਪ੍ਰਾਣੀ ਮੋਰ ਦੀ ਸ਼ਕਲ ਧਾਰ ਕੇ ਸੂਰਜ ਲੋਕ ਵਿਚ ਦਾਖ਼ਲ ਹੁੰਦਾ ਹੈ। ਹੜੱਪਾ ਦੇ ਕਬਰਸਤਾਨ ਦੀ ਖੁਦਾਈ ਵਿਚੋਂ ਜੋ ਅਸਤੀ-ਮਠ ਮਿਲੇ ਹਨ, ਉਨ੍ਹਾਂ ਉਪਰ ਮੋਰਾਂ ਦੀਆਂ ਸੂਰਜ ਲੋਕ ਵਲ ਉਡਾਰੀਆਂ ਦੇ ਕਾਫ਼ੀ ਸਾਰੇ ਚਿੱਤਰ ਉਕਰੇ ਪਏ ਹਨ। ਉਨ੍ਹਾਂ ਚਿੱਤਰਾਂ ਵਿਚ ਮੋਰ ਦੀ ਦੇਹ ਵਿਚ ਗੋਲਾਕਾਰ ਬਣਾ ਕੇ ਉਸ ਵਿਚ ਮਨੁੱਖੀ ਆਕ੍ਰਿਤੀ ਖਲੋਤੀ ਵਿਖਾਈ ਗਈ ਹੈ। ਆਲੇ ਦੁਆਲੇ ਕੁਝ ਤਾਰੇ ਚਮਕ ਰਹੇ ਹਨ, ਜਿਨ੍ਹਾਂ ਤੋਂ ਸਹਿਜੇ ਅਨੁਮਾਨ ਲੱਗ ਜਾਂਦਾ ਹੈ ਕਿ ਇਹ ਮੋਰ ਮ੍ਰਿਤਕ ਪ੍ਰਾਣੀ ਦੇ ਸੂਰਜ ਲੋਕ ਵਲ ਗਤੀ ਦੇ ਪ੍ਰਤੀਕ ਹਨ।

ਪਹਿਲਿਆਂ ਵਿਚ ਹਿੰਦੂ ਆਪਣੇ ਨਵੇਂ ਜੰਮੇ ਬੱਚੇ ਨੂੰ ਸੂਰਜ ਦੇ ਪਹਿਲੇ ਦਰਸ਼ਨ ਕਰਵਾਣ ਲੱਗਿਆਂ ਇਕ ਖ਼ਾਸ ਸੰਸਕਾਰ ਕਰਦੇ ਸਨ, ਜਿਸ ਦਾ ਨਾਉਂ ਨਿਸ਼ਕਰਮਣ ਸੀ। ਇਹ ਸੰਸਕਾਰ ਹਿੰਦੂਆਂ ਦੇ ਸੋਲਾਂ ਪ੍ਰਮੁਖ ਸੰਸਕਾਰਾਂ ਵਿਚੋਂ ਇਕ ਸੀ। ਜਦੋਂ ਬੱਚਾ ਚਾਲ੍ਹੀ ਦਿਨ ਦਾ ਹੋ ਜਾਂਦਾ, ਤਾਂ ਬੱਚੇ ਨੂੰ ਕੋਠੇ ਵਿਚੋਂ ਬਾਹਰ ਲਿਆ ਕੇ ਚੜ੍ਹਦੇ ਸੂਰਜ ਨੂੰ ਪ੍ਰਨਾਮ ਕਰਵਾਇਆ ਜਾਂਦਾ। ਅੱਜ ਕਲ੍ਹ ਵੀ ਇਹ ਰੀਤ ਕੁਝ ਭਿੰਨ-ਭੇਦਤਾ ਨਾਲ ਪ੍ਰਚਲਤ ਹੈ ਤੇ ਇਸ ਨੂੰ ਪੰਜਾਬ ਵਿਚ 'ਬਾਹਰ ਵਧਾਣਾ' ਕਹਿੰਦੇ ਹਨ।

ਐਤਵਾਰ ਸੂਰਜ ਦਾ ਦਿਨ ਹੈ। ਇਸ ਦਿਵਸ ਦਾ ਨਾਉਂ ਸੂਰਜ ਦੇਵਤੇ ਦੇ ਹੀ ਇਕ ਨਾਉਂ 'ਆਦਿਤਯ' ਤੋਂ ਵਿਗੜ ਕੇ ਬਣਿਆ ਹੈ। ਇਸ ਦਿਨ ਕਈ ਹਿੰਦੂ ਦੁੱਧ ਨੂੰ ਜਾਗ ਨਹੀਂ ਲਗਾਂਦੇ, ਸਗੋਂ ਦੁੱਧ ਦੀ ਖੀਰ ਰਿੰਨ੍ਹ ਕੇ ਖ਼ੁਦ ਖਾਂਦੇ ਤੇ ਬ੍ਰਾਹਮਣਾਂ ਨੂੰ ਭੇਟ ਕਰਦੇ ਹਨ। ਐਤਵਾਰ ਨੂੰ ਕਈ ਹਿੰਦੂ ਲੂਣ ਤੋਂ ਵੀ ਪਰਹੇਜ਼ ਕਰਦੇ ਹਨ (ਵੇਖੋ : ਐਤਵਾਰ)।

ਸੂਰਜ ਗ੍ਰਹਿਣ ਨਾਲ ਕਈ ਮਨੌਤਾਂ ਤੇ ਭਰਮ ਵਹਿਮ ਸੰਬੰਧਤ ਹਨ (ਵੇਖੋ : ਗ੍ਰਹਿਣ)।

(ਸ-694) **ਸੂਰਜ ਕਾਂਤ** :

ਇਕ ਸਫ਼ਟਿਕ ਮਣੀ, ਜੋ ਸੂਰਜ ਦੀਆਂ ਕਿਰਣਾਂ ਦੇ ਜੰਮ ਜਾਣ ਨਾਲ ਵਜੂਦ ਵਿਚ ਆਉਂਦੀ ਹੈ। ਇਸ ਮਣੀ ਦੀ ਚਮਕ ਬੜੀ ਅਲੌਕਿਕ ਹੈ, ਜਿਸ ਦੇ ਨਾਲ ਘੋਰ ਹਨੇਰੇ ਵਿਚ ਵੀ ਪ੍ਰਕਾਸ਼ ਪਸਰ ਜਾਂਦਾ ਹੈ। ਜੇ ਸੂਰਜ ਕਾਂਤ ਉਤੇ ਸੂਰਜ ਦੀਆਂ ਕਿਰਣਾਂ ਪੈ ਜਾਣ, ਤਾਂ ਉਹ ਮਣੀ ਅੱਗ ਦੇ ਵਾਂਙ ਭਖਣ ਲੱਗਦੀ ਹੈ ਅਤੇ ਜੇ ਉਸ ਨੂੰ ਕਿਸੇ ਕਾਗ਼ਜ਼ ਜਾਂ ਕਪੜੇ ਉਤੇ ਰਖ ਦਈਏ, ਤਾਂ ਅੱਗ ਲੱਗ ਜਾਂਦੀ ਹੈ।

ਸੂਰਜ ਕਾਂਤ ਮਣੀ ਬੜੀ ਸ਼ੁਭ ਤੇ ਕਲਿਆਣੀ ਮੰਨੀ ਗਈ ਹੈ। ਇਸ ਨੂੰ ਆਪਣੇ ਕੋਲ ਰਖਣ ਨਾਲ ਮਾਣ ਪ੍ਰਤਿਸ਼ਟਾ ਵਿਚ ਵਾਧਾ ਹੁੰਦਾ ਹੈ। ਪੁਰਾਣਾਂ ਅਨੁਸਾਰ ਸੂਰਜ ਗਿਣਤੀ ਵਿਚ ਬਾਰਾਂ ਹਨ। ਜਿਸ ਸ਼ਖ਼ਸ ਕੋਲ ਬਾਰਾਂ ਸੂਰਜਾਂ ਦੀਆਂ ਕਿਰਨਾਂ ਤੋਂ ਉਤਪੰਨ ਹੋਈਆਂ ਬਾਰਾਂ ਸੂਰਜ-ਕਾਂਤੀ ਮਣੀਆਂ ਹੋਣ, ਉਸ ਦਾ ਸਾਰੀ ਸ੍ਰਿਸ਼ਟੀ ਉਤੇ ਰਾਜ-ਅਧਿਕਾਰ ਸਥਾਪਿਤ ਹੋ ਜਾਂਦਾ ਹੈ ਤੇ ਉਹ ਚਕਰਵਰਤੀ ਰਾਜਾ ਬਣਦਾ ਹੈ।

ਚੰਨ ਦੀਆਂ ਕਿਰਨਾਂ ਤੋਂ ਹੋਂਦ ਵਿਚ ਆਈ ਮਣੀ ਚੰਦਰ ਕਾਂਤ ਅਖਵਾਂਦੀ ਹੈ (ਵੇਖੋ : ਚੰਦਰ ਕਾਂਤ)।

(ਸ-695) **ਸੂਰਜ ਕੁੰਡ** :

ਸੂਰਜ ਦੇਵਤੇ ਨਾਲ ਸੰਬੰਧਿਤ ਸਰੋਵਰ; ਪੰਜਾਬ ਵਿਚ, ਪ੍ਰਾਚੀਨ ਕਾਲ ਵਿਚ, ਸੂਰਜ ਦੇਵਤੇ ਦੀ ਪੂਜਾ ਆਮ ਪ੍ਰਚਲਤ ਸੀ। ਉਦੋਂ ਅਨੇਕ ਥਾਈਂ ਸੂਰਜ ਨਾਲ ਸੰਬੰਧਤ ਮੰਦਰ ਅਤੇ ਕੁੰਡ ਬਣਾਏ ਗਏ, ਜੋ ਮਗਰੋਂ ਮੁਸਲਮਾਨੀ ਧਾੜਵੀਆਂ ਵੇਲੇ ਤਬਾਹ ਕਰ ਦਿਤੇ ਗਏ। ਸੂਰਜ ਦੇਵਤੇ ਦਾ ਸਭ ਤੋਂ ਸ੍ਰੇਸ਼ਟ ਮੰਦਰ ਮੁਲਤਾਨ ਵਿਚ ਸੀ, ਜੋ ਬਾਰ੍ਹਵੀਂ ਸਦੀ ਵਿਚ ਮੁਸਲਮਾਨਾਂ ਨੇ ਮਲੀਆਮੇਟ ਕਰ ਦਿਤਾ।

ਪਰ ਸੂਰਜ ਕੁੰਡ ਕਈ ਥਾਈਂ ਹੁਣ ਤਕ ਮਿਲਦੇ ਹਨ। ਸਭ ਤੋਂ ਵੱਡਾ ਸੂਰਜ ਕੁੰਡ ਮੁਲਤਾਨ ਦੇ ਸ਼ਹਿਰ ਦੇ ਦੱਖਣ ਵਲ ਸਥਿਤ ਹੈ। ਮੁਲਤਾਨ ਗਜ਼ਟੀਅਰ (ਪੰਨਾ 353) ਅਨੁਸਾਰ ਇਹ ਸਰੋਵਰ ਦੀਵਾਨ ਸਾਵਣ ਮਲ ਨੇ ਬਣਵਾਇਆ ਸੀ, ਪਰ ਲੋਕ ਰਵਾਇਤਾਂ ਇਸ ਕੁੰਡ ਨੂੰ ਬੜਾ ਪ੍ਰਾਚੀਨ ਦਸਦੀਆਂ ਹਨ ਅਤੇ ਇਸ ਨੂੰ ਪਰਾਇਤਿਹਾਸਕ ਕਾਲ ਨਾਲ ਜੋੜਦੀਆਂ ਹਨ। ਕਥਾ ਹੈ ਕਿ ਜਦੋਂ ਵਿਸ਼ਨੂੰ ਭਗਵਾਨ ਨੇ ਭਗਤ ਪ੍ਰਹਿਲਾਦ ਦੀ ਰੱਖਿਆ ਲਈ ਹਰਨਾਖਸ਼ ਦਾ ਬੱਧ ਕਰਨ ਵਾਸਤੇ ਨਰਸਿੰਘ ਦਾ ਅਵਤਾਰ ਧਾਰਨ ਕੀਤਾ, ਤਾਂ ਉਦੋਂ ਵਿਸ਼ਨੂੰ ਭਗਵਾਨ ਇਤਨੇ ਕਰੋਧਵਾਨ ਸਨ ਕਿ ਸ੍ਰਿਸ਼ਟੀ ਦੇ ਸਾਰੇ ਦੇਵਤੇ ਉਨ੍ਹਾਂ ਨੂੰ ਪ੍ਰਸੰਨ ਕਰਨ ਵਾਸਤੇ ਮਾਤ ਲੋਕ ਵਿਚ ਆ ਗਏ। ਜਿਸ ਥਾਂ ਉਹ ਸਾਰੇ ਦੇਵਤੇ ਇਕੱਠੇ ਹੋਏ ਸਨ, ਉਹ ਸੂਰਜ ਦੇਵਤੇ ਦਾ ਇਹੋ ਪੁਰਾਣਾ ਅਸਥਾਨ ਸੀ, ਜੋ ਹੁਣ ਸੂਰਜ ਕੁੰਡ ਨਾਲ ਪ੍ਰਸਿਧ ਹੈ। ਦੇਸ਼ ਵੰਡ ਤੋਂ ਪਹਿਲਾਂ ਇਸ ਸੂਰਜ ਕੁੰਡ ਵਿਚ ਬੈਰਾਗੀ ਮਹੰਤ ਰਿਹਾ ਕਰਦੇ ਸਨ ਅਤੇ ਇਥੇ ਹਰ ਸਾਲ ਦੋ ਵੱਡੇ ਮੇਲੇ ਲੱਗਦ ਸਨ, ਇਕ ਵਿਸਾਖੀ ਨੂੰ ਦੂਜਾ ਮਾਘੀ ਨੂੰ।

ਜਲੰਧਰ ਜ਼ਿਲੇ ਵਿਚ ਨਵਾਂ ਸ਼ਹਿਰ ਤੋਂ ਪੰਜ ਕੁ ਮੀਲਾਂ ਦੀ ਵਿਥ ਉਤੇ ਇਕ ਪ੍ਰਾਚੀਨ ਨਗਰ ਰਾਹੋਂ ਹੈ, ਜਿਥੇ ਦੋ ਪੁਰਾਣੇ ਤਲਾਬ ਹਨ, ਜੋ ਸੂਰਜ ਕੁੰਡ ਤੇ ਪੰਜ ਤੀਰਥ ਦੇ ਨਾਂ ਨਾਲ ਪ੍ਰਸਿਧ ਹਨ (ਜਲੰਧਰ ਗਜ਼ਟੀਅਰ, 304)।

ਇਕ ਹੋਰ ਸੂਰਜ ਕੁੰਡ ਬੂੜੀਏ (ਜ਼ਿਲਾ ਅੰਬਾਲਾ) ਵਿਚ ਹੈ। ਇਹ ਨਗਰ ਜਗਾਧਰੀ ਸਟੇਸ਼ਨ ਤੋਂ ਪੰਜ ਮੀਲ ਪੂਰਬ ਵਲ ਹੈ ਅਤੇ ਹਿੰਦੂਆਂ ਦਾ ਪ੍ਰਸਿਧ ਤੀਰਥ ਹੈ। ਮਹਾਨ ਕੋਸ਼ (662) ਅਨੁਸਾਰ ਗੁਰੂ ਗੋਬਿੰਦ ਸਿੰਘ ਪਟਨੇ ਤੋਂ ਪੰਜਾਬ ਆਉਂਦੇ ਹੋਏ ਇਥੇ ਠਹਿਰੇ ਸਨ।

ਪੰਜਾਬ ਤੋਂ ਬਾਹਰ ਵੀ ਸੂਰਜ ਦੇਵਤੇ ਦੇ ਕਈ ਕੁੰਡ ਮਿਲਦੇ ਹਨ, ਜਿਨ੍ਹਾਂ ਵਿਚ ਇਕ ਪ੍ਰਸਿਧ ਕੁੰਡ ਮਥਰਾ ਵਿਚ ਜਮਨਾ ਨਦੀ ਦੇ ਕੰਢੇ ਹੈ।

(ਸ-696) **ਸੂਰਜ ਗ੍ਰਹਿਣ** :

(ਵੇਖੋ : ਗ੍ਰਹਿਣ)।

(ਸ-697) **ਸੂਰਜ ਨਰਾਇਣ :**

ਸੂਰਜ ਦੇ ਉਪਾਸ਼ਕ, ਸੂਰਜ ਨੂੰ ਆਦਰ ਨਾਲ ਸੂਰਜ ਨਰਾਇਣ ਆਖਦੇ ਹਨ। 'ਨਾਰਾਇਣ' ਵਿਸ਼ਨੂੰ ਦੀ ਹੀ ਇਕ ਉਪਾਧੀ ਹੈ ਅਤੇ ਸੂਰਜ ਨਾਲ ਨਾਰਾਇਣ ਸ਼ਬਦ ਜੋੜ ਕੇ ਉਹ ਸੂਰਜ ਨੂੰ ਵਿਸ਼ਨੂੰ ਦਾ ਹੀ ਇਕ ਪ੍ਰਜਵਲਤ ਰੂਪ ਮੰਨਦੇ ਹਨ।

ਸੂਰਜ ਨਰਾਇਣ ਇਕ ਸੁਨਹਿਰੀ ਰਥ ਵਿਚ ਸਵਾਰ ਹੋ ਕੇ ਪੂਰਬ ਦਿਸ਼ਾ ਵਲੋਂ ਸੰਸਾਰ ਦੀ ਯਾਤ੍ਰਾ ਲਈ ਨਿਕਲਦਾ ਹੈ। ਇਸ ਦੇ ਰਥ ਅੱਗੇ ਸਤ-ਮੂੰਹਾਂ ਘੋੜਾ ਅਥਵਾ ਸਤ ਘੋੜੇ, ਜਿਸ ਨੂੰ ਅਰੁਣ ਚਲਾਂਦਾ ਹੈ, ਬੀੜੇ ਹੁੰਦੇ ਹਨ। ਸੂਰਜ ਨਰਾਇਣ ਹੀ ਸੰਸਾਰ ਦਾ ਪਾਲਕ ਹੈ (ਵੇਖੋ : ਸੂਰਜ ਪੂਜਾ)।

(ਸ-698) **ਸੂਰਜਮੁਖੀ :**

ਇਕ ਬੂਟਾ, ਜਿਸ ਨੂੰ ਸੂਰਜ ਦੀ ਸ਼ਕਲ ਦੇ, ਪੀਲੇ ਰੰਗ ਦੇ ਗੋਲ ਫੁੱਲ ਪੈਂਦੇ ਹਨ। ਲੋਕ ਧਾਰਨਾ ਹੈ ਕਿ ਸੁੱਚਾ ਸੂਰਜਮੁਖੀ ਫੁੱਲ ਆਪਣਾ ਮੂੰਹ ਹਮੇਸ਼ਾਂ ਸੂਰਜ ਵਲ ਹੀ ਰਖਦਾ ਹੈ ਅਤੇ ਜਿਵੇਂ ਜਿਵੇਂ ਸੂਰਜ ਪੂਰਬ ਤੋਂ ਪੱਛਮ ਦਿਸ਼ਾ ਵਲ ਘੁੰਮਦਾ ਜਾਂਦਾ ਹੈ, ਇਹ ਫੁੱਲ ਵੀ ਉਸੇ ਦਿਸ਼ਾ ਵਿਚ ਨਾਲ ਨਾਲ ਮੁਖ ਫੇਰਦਾ ਰਹਿੰਦਾ ਹੈ।

ਸੂਰਜਮੁਖੀ ਬਾਰੇ ਇਕ ਮੁੱਢੀ ਇਉਂ ਪ੍ਰਚਲਤ ਹੈ :—ਮੁੱਢ ਕਦੀਮ ਦੀ ਗੱਲ ਹੈ, ਇਕ ਵਾਰ ਸਮੁੰਦਰ ਵਿਚੋਂ ਕੁਝ ਅਪੱਛਰਾਂ ਨਿਕਲ ਕੇ ਤਟ ਉਤੇ ਰੰਗ ਰਲੀਆਂ ਮਨਾਉਣ ਲੱਗੀਆਂ। ਚੰਨ ਦੀ ਦੁਧੀਆ ਚਾਨਣੀ ਵਿਚ ਉਹ ਬਰੇਤੇ ਉਤੇ ਗਿਧੇ ਪਾਂਦੀਆਂ ਰਹੀਆਂ। ਜਦੋਂ ਸੂਰਜ ਦੇਵ ਦੇ ਨਿਕਲਣ ਦਾ ਸਮਾਂ ਆਇਆ ਤਾਂ ਸਭ ਅਪੱਛਰਾਂ ਸਮੁੰਦਰ ਵਿਚ ਅਲੋਪ ਹੋਣ ਲਈ ਦੌੜੀਆਂ, ਪਰ ਇਕ ਅਪੱਛਰਾ ਜੋ ਪਹਿਲੀ ਵਾਰ ਹੀ ਸਮੁੰਦਰ ਵਿਚੋਂ ਬਾਹਰ ਨਿਕਲੀ ਸੀ, ਵਾਪਸ ਜਲ ਵਿਚ ਜਾਣ ਵਾਸਤੇ ਤਿਆਰ ਨਾ ਹੋਈ। ਉਹ ਸੂਰਜ ਦਾ ਜਲੌ ਵੇਖਣ ਦੀ ਇੱਛਕ ਸੀ। ਜਦੋਂ ਸੂਰਜ ਸਤਾਂ ਘੋੜਿਆਂ ਵਾਲੇ ਸੁਨਹਿਰੇ ਰਥ ਉਤੇ ਸਵਾਰ ਹੋ ਕੇ ਨਿਕਲਿਆ ਤਾਂ ਪੂਰਬ ਦਾ ਸਾਰਾ ਤਟ ਲਾਲ ਹੋ ਗਿਆ। ਇਹ ਅਲੌਕਿਕ ਦ੍ਰਿਸ਼ ਵੇਖ ਕੇ ਉਹ ਅਪੱਛਰਾ ਚਕ੍ਰਿਤ ਰਹਿ ਗਈ ਅਤੇ ਸੂਰਜ ਵਲ ਇਕ ਟਕ ਵੇਖਣ ਲੱਗੀ। ਜਿਧਰ ਸੂਰਜ ਘੁੰਮਦਾ ਉਧਰ ਹੀ ਉਹ ਵੀ ਮੂੰਹ ਫੇਰਦੀ ਜਾਂਦੀ। ਜਦੋਂ ਸੂਰਜ ਡੁਬ ਗਿਆ ਤਾਂ ਉਹ ਉਥੇ ਹੀ ਖਲੋਤੀ ਅਗਲੀ ਸਵੇਰ ਦੀ ਉਡੀਕ ਕਰਨ ਲੱਗੀ। ਇਸ ਤਰ੍ਹਾਂ ਕਈ ਦਿਨ ਬੀਤ ਗਏ। ਉਸ ਅਪੱਛਰਾ ਨੇ ਨਾ ਕੁਝ ਖਾਧਾ, ਨਾ ਹੀ ਪਲਕ ਝਮਕਾਈ। ਉਸਦਾ ਸਰੀਰ ਮਾਦਾ ਪੈ ਗਿਆ ਤੇ ਸੁਕ ਕੇ ਜੜ੍ਹ ਰੂਪ ਹੋ ਗਿਆ। ਕੁਝ ਦਿਨਾਂ ਮਗਰੋਂ ਉਥੇ ਹੀ ਇਕ ਬੂਟਾ ਉਗਿਆ, ਜਿਸ ਨਾਲ ਸੂਰਜਮੁਖੀ ਦਾ ਵੱਡਾ ਸਾਰਾ ਫੁੱਲ ਲੱਗਾ ਹੋਇਆ ਸੀ। ਉਦੋਂ ਤੋਂ ਇਹ ਫੁੱਲ ਸੂਰਜ ਵਲ ਹੀ ਆਪਣਾ ਮੂੰਹ ਰਖਦਾ ਹੈ।

(ਸ-699) **ਸੂਰਜ ਵੰਸ਼ :**

ਕਸ਼ਤਰੀਆਂ ਦੀ ਇਕ ਵੰਸ਼, ਜਿਸ ਦਾ ਮੋਢੀ ਇਕਸ਼ਵਾਕੂ ਸੀ, ਜੋ ਮਨੂ ਵੈਵਸਵਤ ਦਾ ਪੁੱਤਰ ਅਤੇ ਸੂਰਜ ਦਾ ਪੋਤਰਾ ਸੀ। ਇਕਸ਼ਵਾਕੂ ਤ੍ਰੇਤੇ ਯੁਗ ਦੇ ਆਰੰਭ ਵਿਚ ਅਯੁਧਿਆ ਵਿਚ ਰਾਜ ਕਰਦਾ ਸੀ। ਇਸ ਦੇ ਇਕ ਸੌ ਪੁੱਤਰ ਸਨ, ਜਿਨ੍ਹਾਂ ਵਿਚੋਂ ਵਿਕੁਕਸ਼ੀ ਸਭ ਤੋਂ ਵੱਡਾ ਸੀ।

ਸੂਰਜ ਵੰਸ਼ ਕਸ਼ਤਰੀਆ ਦੀ ਸਭ ਤੋਂ ਉੱਚੀ ਤੇ ਗੌਰਵਮਈ ਵੰਸ਼ ਮੰਨੀ ਗਈ ਹੈ। ਇਸ ਵੰਸ਼ ਵਿਚ ਕਈ ਪਰਾਕ੍ਰਮੀ ਰਾਜੇ ਹੋਏ। ਸ੍ਰੀ ਰਾਮ ਚੰਦਰ ਇਸੇ ਵੰਸ਼ ਵਿਚੋਂ ਸਨ। ਸੂਰਜ ਵੰਸ਼ ਦੀਆਂ ਦੋ ਪ੍ਰਧਾਨ ਸ਼ਾਖ਼ਾਂ ਹਨ। ਇਕ ਸ਼ਾਖ਼ ਦਾ ਮੋਢੀ ਇਕਸ਼ਵਾਕੂ ਦਾ ਵੱਡਾ ਪੁੱਤਰ ਵਿਕੁਕਸ਼ੀ ਸੀ, ਜਿਸ ਦਾ ਅਯੁਧਿਆ ਵਿਚ ਰਾਜ ਸੀ। ਦੂਜੀ ਸਾਖ਼ ਦਾ ਮੋਢੀ ਨਿਮੀ ਸੀ, ਜੋ ਮਿਥਿਲਾ ਦਾ ਰਾਜਾ ਸੀ।

ਸੂਰਜ ਵੰਸ਼ ਦੀ ਬੰਸਾਵਲੀ ਕਈ ਪੌਰਾਣਿਕ ਗ੍ਰੰਥਾ ਵਿਚ ਮਿਲਦੀ ਹੈ, ਪਰ ਨਾਵਾਂ ਵਿਚ ਕਾਫ਼ੀ ਭਿੰਨ-ਭੇਦਤਾ ਹੈ। ਵਿਸ਼ਨੂੰ ਪੁਰਾਣ ਵਿਚ ਦਿਤੀ ਬੰਸਾਵਲੀ ਵਧੇਰੇ ਪ੍ਰਮਾਣਿਕ ਮੰਨੀ ਜਾਂਦੀ ਹੈ। ਵਿਸ਼ਨੂੰ ਪੁਰਾਣ ਵਾਲੀ ਬੰਸਾਵਲੀ ਜੌਨ ਡੌਸਨ ਨੇ ਹਿੰਦੂ-ਮਿਥਿਹਾਸ ਕੋਸ਼ (143-144) ਵਿਚ ਦਿਤੀ ਹੈ।

ਸੋਢੀ ਖਤਰੀ ਸੂਰਜ ਬੰਸੀ ਮੰਨੇ ਜਾਂਦੇ ਹਨ (ਵੇਖੋ : ਸੋਢੀ)।

(ਸ-700) **ਸੂਰਜ ਵਰਸ਼** :

ਭਾਰਤ ਵਿਚ ਸੂਰਜ ਵਰਸ਼ ਤੇ ਚੰਦਰ ਵਰਸ਼ ਦੋਹਾਂ ਤਰ੍ਹਾਂ ਦੇ ਵਰ੍ਹੇ ਪ੍ਰਚਲਤ ਹਨ। ਧਾਰਮਿਕ ਅਤੇ ਲੌਕਿਕ ਰੀਤਾਂ, ਪੁਰਬਾਂ, ਮੰਗਲ ਕਾਰਜਾਂ ਆਦਿ ਵੇਲੇ ਚੰਦਰ ਵਰਸ਼ ਨੂੰ ਪ੍ਰਮਾਣਿਕ ਮੰਨਿਆ ਗਿਆ ਹੈ। ਹਿੰਦੂਆਂ ਵਿਚ ਰਸਮਾਂ ਰੀਤਾਂ ਵੇਲੇ ਮਹੂਰਤ ਕਢਵਾਣ ਦੀ ਪ੍ਰਥਾ ਹੈ। ਮਹੂਰਤ ਵੇਲੇ ਪਾਂਧਾ ਚੰਦਰ ਵਰਸ਼ ਅਥਵਾ ਤਿਥਾਂ ਨੂੰ ਹੀ ਮੁਖ ਰਖਦਾ ਹੈ। ਹਿੰਦੂਆਂ ਦੇ ਪੁਰਬਾਂ ਵਾਂਗ ਸਿੱਖਾਂ ਦੇ ਸਾਰੇ ਪੁਰਬ ਵੀ ਚੰਦਰ ਵਰਸ਼ ਉਤੇ ਆਧਾਰਤ ਹਨ — ਜਿਵੇਂ ਗੁਰੂ ਨਾਨਕ ਦੇਵ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਪੈਂਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਦਾ ਪੋਹ ਸੁਦੀ ਸਪਤਮੀ ਨੂੰ। ਪਰ ਸੂਰਜ ਵਰਸ਼ ਦਾ ਆਪਣਾ ਇਕ ਵਿਸ਼ੇਸ਼ ਮਹੱਤਵ ਹੈ। ਇਤਿਹਾਸ ਦੀਆਂ ਸਭ ਮਿਤੀਆਂ ਲਈ ਸੂਰਜੀ ਵਰਸ਼ ਵਰਤਿਆ ਜਾਂਦਾ ਹੈ।

ਸੂਰਜ ਵਰਸ਼ ਉਹ ਕਾਲਖੰਡ ਹੈ ਜੋ ਧਰਤੀ ਨੂੰ ਸੂਰਜ ਦੁਆਲੇ ਇਕ ਪਰਕਰਮਾਂ ਪੂਰੀ ਕਰਨ ਵਿਚ ਲਗਦਾ ਹੈ। ਇਸ ਵਰਸ਼ ਨੂੰ ਦੋ ਹਿੱਸਿਆਂ ਅਥਵਾ ਆਇਣਾਂ ਵਿਚ ਵੰਡਿਆ ਗਿਆ ਹੈ : ਉੱਤਰਾਇਣ ਤੇ ਦਖਸ਼ਣਾਇਣ। ਇਹ ਦੋਵੇਂ ਆਇਣ ਸੂਰਜ ਦੀ ਵਿਸ਼ਵਤ ਰੇਖਾ ਦੇ ਉੱਤਰ ਅਤੇ ਦੱਖਣ ਵਲ ਦੀਆਂ ਗਤੀਆਂ ਹਨ। ਜਿਸ ਕਲਪਿਤ ਮਿਥੇ ਹੋਏ ਨੁਕਤੇ ਉਤੇ ਸਭ ਤੋਂ ਛੋਟਾ ਦਿਨ ਆਉਂਦਾ ਤੇ ਦਿਨ ਵੱਡੇ ਹੋਣੇ ਆਰੰਭ ਹੁੰਦੇ ਹਨ, ਉਸ ਨੁਕਤੇ ਤੋਂ ਸੂਰਜ ਉੱਤਰਾਇਣ ਵਿਚ ਪ੍ਰਵੇਸ਼ ਕਰਦਾ ਹੈ। ਉੱਤਰਾਇਣ ਦਾ ਸਮਾਂ 10 ਪੋਹ ਤੋਂ 9 ਹਾੜ ਤਕ ਦਾ ਬਣਦਾ ਹੈ। ਇਸ ਦੇ ਉਲਟ ਜਿਸ ਖ਼ਿਆਲੀ ਨੁਕਤੇ ਉਤੇ ਸਭ ਤੋਂ ਵੱਡਾ ਦਿਨ ਆਉਂਦਾ ਹੈ ਅਤੇ ਦਿਨ ਛੋਟੇ ਹੋਣੇ ਆਰੰਭ ਹੁੰਦੇ ਹਨ, ਉਸ ਦਿਨ ਸੂਰਜ ਦਖਸ਼ਣਾਇਣ ਵਿਚ ਪ੍ਰਵੇਸ਼ ਕਰਦਾ ਹੈ। ਦਖਸ਼ਣਾਇਣ ਦਾ ਸਮਾਂ 9 ਹਾੜ ਤੋਂ 10 ਪੋਹ ਦਾ ਬਣਦਾ ਹੈ। ਉੱਤਰਾਇਣ ਤੇ ਦਖਸ਼ਣਾਇਣ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ, ਵਿਚਾਰ ਤੇ ਮਨੌਤਾਂ ਸੰਬੰਧਿਤ ਹਨ (ਵੇਖੋ : 'ਉੱਤਰਾਇਣ' ਤੇ 'ਦਖਸ਼ਣਾਇਣ')।

ਆਕਾਸ਼ ਨੂੰ ਖ਼ਿਆਲੀ ਤੌਰ ਤੇ ਬਾਰਾਂ ਘਰਾਂ ਵਿਚ ਵੰਡਿਆ ਗਿਆ ਹੈ, ਜਿਨ੍ਹਾਂ ਨੂੰ ਰਾਸ਼ੀਆਂ ਕਹਿੰਦੇ ਹਨ। ਆਕਾਸ਼ ਵਿਚ ਮਿਥੇ ਗਏ ਰਾਸ਼ੀ-ਘਰਾਂ ਵਿਚ, ਸਿਤਾਰਿਆਂ ਦੇ ਜੋ ਸਮੂਹ ਹਨ ਉਨ੍ਹਾਂ ਨੂੰ ਲੋਕ-ਮਨ ਨੇ ਸ਼ਕਲਾਂ ਤੇ ਆਕਾਰ ਦੇ ਦਿਤੇ ਹਨ। ਇਹਨਾਂ ਆਕਾਰਾਂ ਦੇ ਨਾਂ ਉਤੇ ਹੀ ਰਾਸ਼ੀਆਂ ਦੇ ਨਾਂ ਰਖੇ ਗਏ ਹਨ। ਬਾਰਾਂ ਰਾਸ਼ੀਆਂ ਦੇ ਨਾਉਂ ਇਹ ਹਨ — ਮੇਖ, ਵਿਸ਼ਭ, ਮਿਥਨ, ਕਰਕ, ਸਿੰਹ, ਕੰਨਿਆਂ, ਤੁਲਾ, ਵ੍ਰਿਸ਼ਚਕ, ਧਨੁ, ਮਕਰ, ਕੁੰਭ ਅਤੇ ਮੀਨ। ਜਿਸ ਦਿਨ ਸੂਰਜ ਇਕ ਰਾਸ਼ੀ ਵਿਚੋਂ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਉਸ ਦਿਨ ਨੂੰ ਸੰਕ੍ਰਾਂਤੀ (ਸੰਗਰਾਂਦ) ਆਖਦੇ ਹਨ। ਇਹੋ ਸੂਰਜੀ ਮਹੀਨੇ ਦਾ ਪਹਿਲਾ ਦਿਨ ਹੁੰਦਾ ਹੈ। ਇਸ ਤਰ੍ਹਾਂ ਸੂਰਜੀ ਵਰਸ਼ ਬਾਰਾਂ ਮਹੀਨੇ ਵਿਚ ਵੰਡਿਆ ਹੋਇਆ ਹੈ।

ਸੂਰਜ ਵਰਸ਼ ਦੇ ਆਰੰਭ ਦਾ ਆਇਣ ਨਾਲ ਕੋਈ ਸਬੰਧ ਨਹੀਂ, ਜੇ ਆਇਣ ਆਧਾਰ ਹੁੰਦੇ ਤਾਂ ਸੂਰਜ ਦੇ ਉੱਤਰਾਇਣ ਵਿਚ ਪ੍ਰਵੇਸ਼ ਕਰਨ ਨਾਲ ਸੂਰਜੀ ਵਰਸ਼ ਦਾ ਆਰੰਭ ਹੁੰਦਾ ਤੇ ਦਖਸ਼ਣਾਇਣ ਵਿਚੋਂ ਨਿਕਲਣ ਸਮੇਂ ਸਮਾਪਤੀ। ਪਰ ਸੂਰਜ ਵਰਸ਼ ਦਾ ਸਬੰਧ ਰਾਸ਼ੀਆਂ ਨਾਲ ਹੈ। ਇਸ ਲਈ ਜਦੋਂ ਸੂਰਜ ਮੇਖ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਜਿਸ ਨੂੰ ਮੇਖ-ਸੰਕ੍ਰਾਂਤੀ ਕਹਿੰਦੇ ਹਨ, ਤਾਂ ਸੂਰਜ ਵਰਸ਼ ਆਰੰਭ ਹੁੰਦਾ ਹੈ।

ਭਾਰਤ ਦੇ ਬਹੁਤੇ ਇਲਾਕਿਆਂ ਵਿਚ ਮਹੀਨਿਆਂ ਦੇ ਨਾਉਂ ਬਾਰਾਂ ਰਾਸ਼ੀਆਂ ਦੇ ਨਾਵਾਂ ਉਤੇ ਹੀ ਧਰੇ ਗਏ ਹਨ, ਪਰ ਪੰਜਾਬ ਅਤੇ ਉੱਤਰੀ ਭਾਰਤ ਦੇ ਕੁਝ ਹੋਰ ਇਲਾਕਿਆਂ ਵਿਚ ਮਹੀਨਿਆਂ ਦੇ ਨਾਉਂ ਨਛਤਰਾਂ ਉਤੇ ਰਖੇ ਹੋਏ ਹਨ, ਅਥਵਾ ਨਛਤਰਾਂ ਦੇ ਨਾਵਾਂ ਤੋਂ ਵਿਗੜ ਕੇ ਹੋਂਦ ਵਿਚ ਆਏ ਹਨ। ਨਛਤ੍ਰ 27 ਜਾਂ 28 ਹਨ ਤੇ ਮਹੀਨੇ ਬਾਰਾਂ। ਸੋ ਦੋ ਜਾਂ ਤਿੰਨਾਂ ਨਛਤਰਾਂ ਨੂੰ ਇਕੱਠਾ ਕਰ ਕੇ ਉਨ੍ਹਾਂ ਦੇ ਬਾਰਾਂ ਜੁਟ ਬਣਾ ਲਏ ਗਏ ਹਨ। ਮਹੀਨੇ ਦਾ ਨਾਉਂ ਇਨ੍ਹਾਂ ਜੁਟਾਂ ਵਿਚੋਂ ਇਕ ਵਿਸ਼ੇਸ਼ ਨਛਤ੍ਰ ਉਤੇ ਰਖ ਲਿਆ ਗਿਆ ਹੈ; ਜਿਵੇਂ ਜਦੋਂ ਚੰਦ੍ਰਮਾ ਚਿੱਤਰਾ ਨਛਤ੍ਰ ਵਿਚੋਂ ਲੰਘ ਰਿਹਾ ਹੋਵੇ ਅਤੇ ਪੂਰਨਮਾਸ਼ੀ ਪਏ ਤਾਂ ਉਸ ਚੰਦਰਮੇ ਨੂੰ ਚੈਤ੍ਰੀਯ ਚੰਦਰਮਾ ਕਹਿੰਦੇ

ਹਨ। ਜਿਸ ਚੰਦਰ ਮਾਸ ਵਿਚ ਚੈਤ੍ਰੀਯ ਚੰਦਰਮਾ ਹੋਵੇ ਉਸ ਨੂੰ ਚੇਤਰ ਮਾਸ ਕਿਹਾ ਜਾਣ ਲੱਗਾ। ਸੂਰਜ ਮਾਸ ਦੇ ਨਾਉਂ ਚੰਦਰ ਮਾਸ ਦੇ ਨਾਵਾਂ ਉਤੇ ਹੀ ਪੰਜਾਬ ਵਿਚ ਪ੍ਰਚਲਤ ਹਨ, ਜੋ ਇਸ ਪ੍ਰਕਾਰ ਹਨ : ਚੇਤਰ, ਵਿਸਾਖ, ਜੇਠ, ਹਾੜ, ਸਾਵਣ, ਭਾਦ੍ਰੋਂ, ਅਸੂ, ਕੱਤਕ, ਮਘਰ, ਪੋਹ, ਮਾਘ ਅਤੇ ਫਗਣ। ਮਹੀਨਿਆਂ ਦੇ ਇਹ ਸਭ ਨਾਂ ਨਛੱਤ੍ਰਾਂ ਤੋਂ ਲਏ ਗਏ ਹਨ।

(ਸ-701) **ਸੂਰਜੀ ਚਾਲ :**

ਸੂਰਜ ਸੰਸਾਰ ਵਿਚ ਸਭ ਤੋਂ ਵਧ ਤੇਜਵਾਨ ਅਤੇ ਪ੍ਰਾਕ੍ਰਮੀ ਹੈ। ਸੂਰਜ ਨਾ ਸਿਰਫ਼ ਸੰਸਾਰ ਨੂੰ ਗਤੀ ਪ੍ਰਦਾਨ ਕਰਦਾ ਹੈ ਸਗੋਂ ਸੰਸਾਰ ਦੀ ਪ੍ਰੇਰਕ ਸ਼ਕਤੀ ਵੀ ਹੈ। ਮਨੁਖ ਨੇ ਜਦੋਂ ਧਰਤੀ ਵਿਚ ਫ਼ਸਲਾਂ ਬੀਜਣੀਆਂ ਸ਼ੁਰੂ ਕੀਤੀਆਂ ਤਾਂ ਉਸ ਨੂੰ ਸਮਝ ਆ ਗਈ ਕਿ ਕਿਵੇਂ ਸੂਰਜ ਮਨੁਖੀ ਜੀਵਨ ਉਤੇ ਡੂੰਘੇ ਪ੍ਰਭਾਵ ਪਾਉਂਦਾ ਹੈ। ਸੋ ਸੂਰਜ ਦਾ ਸਤਿਕਾਰ ਕਰਦਿਆਂ, ਉਸ ਦੀ ਚਾਲ ਦੀ ਦਿਸ਼ਾ ਨੂੰ, ਸਭ ਤੋਂ ਵਧ ਪਾਵਨ ਤੇ ਸ਼ਕਤੀਸ਼ਾਲੀ ਮੰਨ ਕੇ, ਉਸ ਦੇ ਅਨੁਕਰਣ ਦੀ ਪ੍ਰਥਾ ਪੈ ਗਈ।

ਲੋਕ-ਧਾਰਨਾ ਅਨੁਸਾਰ ਸੂਰਜੀ ਚਾਲ ਦੇ ਅਨੁਕਰਣ ਕਰਨ ਵਾਲੇ ਸ਼ਖ਼ਸ ਵਿਚ ਸਹਿਜ ਭਾਵ ਵਿਚ ਸੂਰਜ ਦਾ ਬਲ ਤੇ ਸ਼ਕਤੀ ਦਾ ਕਿਣਕਾ ਮਾਤਰ ਅੰਸ਼ ਆ ਸਮਾਂਦਾ ਹੈ। ਇਸੇ ਲਈ ਸੂਰਜੀ ਚਾਲ ਦੀ ਦਿਸ਼ਾ ਵਲ ਕੀਤੀ ਪ੍ਰਕਰਮਾ ਸ਼ੁਭ ਤੇ ਕਲਿਆਣਕਾਰੀ ਮੰਨੀ ਗਈ ਹੈ। ਹਿੰਦੂ ਸਿੱਖ ਤੀਰਥਾਂ ਅਤੇ ਗੁਰੂ-ਇਸ਼ਟ ਦੀ ਪ੍ਰਕਰਮਾ ਹਮੇਸ਼ਾਂ ਸੂਰਜੀ ਚਾਲ ਦੀ ਦਿਸ਼ਾ ਦੇ ਅਨੁਕਰਣ ਵਿਚ ਕਰਦੇ ਹਨ (ਵੇਖੋ : ਪ੍ਰਕਰਮਾ)।

ਵਿਆਹ ਅਤੇ ਹੋਰ ਸੰਸਕਾਰਾਂ ਸਮੇਂ ਵੀ ਸੂਰਜੀ ਚਾਲ ਨੂੰ ਦ੍ਰਿਸ਼ਟੀ ਵਿਚ ਰਖਿਆ ਜਾਂਦਾ ਹੈ। ਲਾਵਾਂ ਵੇਲੇ ਹਿੰਦੂ ਹਵਨ ਦੁਆਲੇ ਤੇ ਸਿੱਖ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਜੋ ਫੇਰੇ ਲੈਂਦੇ ਹਨ, ਉਹ ਸੂਰਜੀ ਚਾਲ ਦੀ ਦਿਸ਼ਾ ਵਿਚ ਹੁੰਦੇ ਹਨ। ਸੂਰਜੀ ਚਾਲ ਦੀ ਪ੍ਰਕਰਮਾ ਦੰਪਤੀ ਨੂੰ ਬਲ, ਤੇਜ ਤੇ ਪ੍ਰਾਕ੍ਰਮ ਬਖ਼ਸ਼ਦੀ ਹੈ।

ਪੰਜਾਬ ਦੇ ਪਿੰਡਾਂ ਵਿਚ ਗਾਹ ਗਾਹਣ ਵੇਲੇ ਸੂਰਜੀ ਚਾਲ ਦੀ ਦਿਸ਼ਾ ਵਿਚ ਹੀ ਘੇੜੇ ਕਢੇ ਜਾਂਦੇ ਹਨ। ਨਿਸਚਾ ਹੈ ਕਿ ਇਸ ਤਰ੍ਹਾਂ ਗਾਹ ਵਿਚ ਬਰਕਤ ਪੈਂਦੀ ਤੇ ਸਿਟਿਆਂ ਵਿਚ ਦਾਣੇ ਵਧੇਰੇ ਨਿਕਲਦੇ ਹਨ। ਭੋਇੰ ਵਿਚ ਹਲ ਵੀ ਇਸੇ ਦਿਸ਼ਾ ਵਿਚ ਫੇਰਿਆ ਜਾਂਦਾ ਹੈ। ਸੂਰਜ ਉਪਜਾਇਕਤਾ ਦਾ ਬੋਧਿਕ ਹੈ ਤੇ ਸੂਰਜੀ ਦਿਸ਼ਾ ਦੀ ਪ੍ਰਕਰਮਾ ਉਪਜਾਇਕਤਾ ਵਿਚ ਵਾਧਾ ਕਰਦੀ ਹੈ। ਆਟਾ ਪੀਹਣ ਵੇਲੇ ਚੱਕੀ ਵੀ ਇਸੇ ਦਿਸ਼ਾ ਵਿਚ ਘੁਮਾਈ ਜਾਂਦੀ ਹੈ।

(ਸ-702) **ਸੂਰਯ-ਛੱਟੀ ਵਰਤ :**

ਇਕ ਵਰਤ ਜੋ ਕੱਤਕ ਸੁਦੀ ਛੇਵੀਂ ਨੂੰ, ਤੀਵੀਆਂ ਆਪਣੇ ਪਤੀ ਅਤੇ ਪੁੱਤਰ ਦੇ ਸੁਖ, ਕਲਿਆਣ ਤੇ ਐਸ਼ਵਰਜ ਲਈ ਰਖਦੀਆਂ ਹਨ। ਇਸ ਵਰਤ ਨੂੰ ਰਖਣ ਵਾਲਾ ਕਰਮ ਕਾਂਡੀ, ਸੂਰਜ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਕਰ ਕੇ, ਸੂਰਜ ਦੇਵਤੇ ਵਲ ਧਿਆਨ ਧਰਦਾ ਹੋਇਆ, ਵਰਤ ਦਾ ਸੰਕਲਪ ਕਰਦਾ ਹੈ। ਇਹ ਵਰਤ ਅੱਠ ਪਹਿਰਾ (ਦਿਨ-ਰਾਤ) ਅਤੇ ਨਿਰਜਲ ਹੋਣ ਕਰ ਕੇ ਆਮ ਵਰਤਾਂ ਨਾਲੋਂ ਵਧੇਰੇ ਕਠਨ ਹੈ। ਸ਼ਾਮ ਵੇਲੇ ਸੂਰਜ ਅਸਤ ਹੋਣ ਸਮੇਂ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ। ਕਈ ਉਪਾਸ਼ਕ ਰਾਤ ਵੇਲੇ ਜਗਰਾਤਾ ਕਟਦੇ ਹਨ ਅਤੇ ਸਾਰੀ ਰਾਤ ਕਥਾ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਅਗਲੇ ਦਿਨ ਸਪਤਮੀ ਵਾਲੇ ਦਿਨ ਸਰਘੀ ਵੇਲੇ ਇਸ਼ਨਾਨ ਕਰ ਕੇ ਚੜ੍ਹਦੇ ਸੂਰਜ ਦੀ ਪੂਜਾ ਅਰਚਾ ਕੀਤੀ ਜਾਂਦੀ ਹੈ।

(ਸ-703) **ਸੂਲ ਮਰਨੀ ਆਂ :**

ਪੰਜਾਬੀ ਲੋਕ-ਕਹਾਣੀਆਂ ਦੀ ਇਕ ਵਿਸ਼ੇਸ਼ ਕਥਾਨਿਕ ਰੂੜ੍ਹੀ; ਜਦੋਂ ਕੋਈ ਰਾਣੀ ਕਿਸੇ ਸੰਕਟ-ਸਥਿਤੀ ਵਿਚ ਫਸ ਜਾਂਦੀ ਹੈ ਜਾਂ ਰਾਜੇ ਤੋਂ ਆਪਣੀ ਕੋਈ ਖ਼ਾਸ ਗੱਲ ਮੰਨਵਾਣਾ ਚਾਹੁੰਦੀ ਹੈ, ਤਾਂ ਉਹ ਮੈਲੇ ਕੁਚੈਲੇ ਕਪੜੇ ਪਹਿਨ ਕੇ ਅਤੇ ਵਾਲਾਂ ਨੂੰ ਬਿਖੇਰ ਕੇ, ਧ੍ਰਿਗੀ ਮੰਜੀ ਉਪਰ ਲੰਮੀ ਪੈ ਜਾਂਦੀ ਹੈ ਅਤੇ ਰਾਜੇ ਦੇ ਘਰ ਆਉਂਦੇ ਸਾਰ

'ਸੂਲ ਮਰਨੀ ਆਂ', 'ਸੂਲ ਮਰਨੀ ਆਂ' ਦੀ ਰੱਟ ਲਗਾ ਦੇਂਦੀ ਹੈ। ਰਾਜਾ ਉਸ ਦੀ ਇਹ ਦੁਖਦਾਈ ਅਵਸਥਾ ਵੇਖ ਕੇ ਘਬਰਾ ਜਾਂਦਾ ਹੈ ਅਤੇ ਉਸ ਤੋਂ ਉਪਾਅ ਪੁਛਦਾ ਹੋਇਆ ਕਹਿੰਦਾ ਹੈ, "ਤੇਰਾ ਸੂਲ ਕਿਵੇਂ ਮੱਠਾ ਹੋਸੀ।" ਪਹਿਲੀ ਤੇ ਦੂਜੀ ਵਾਰ ਪੁੱਛਣ ਉਪਰ ਰਾਣੀ ਕੋਈ ਜੁਆਬ ਨਹੀਂ ਦੇਂਦੀ। ਪਰ ਤੀਜੀ ਪੁੱਛ ਉਪਰ ਰਾਣੀ ਕਹਿੰਦੀ ਹੈ — "ਮੇਰਾ ਸੂਲ ਤਾਂ ਮੱਠਾ ਹੋਸੀ ਜੇ ਫਲਾਣੀ ਗੱਲ ਕਰਸੋਂ।" ਤੇ ਇਸ ਤਰ੍ਹਾਂ ਰਾਣੀ ਆਪਣੀ ਕੋਈ ਗੱਲ ਮੰਨਵਾ ਲੈਂਦੀ ਹੈ। ਕਈ ਵਾਰ ਕਹਾਣੀ ਦਾ ਕੋਈ ਸਾਧਾਰਣ ਪਾਤਰ ਵੀ ਆਪਣੇ ਪਤੀ ਜਾਂ ਪ੍ਰੇਮੀ ਤੋਂ ਕੋਈ ਗੱਲ ਇਸੇ ਵਿਧੀ ਨਾਲ ਮੰਨਵਾਂਦਾ ਹੈ। ਲਹਿੰਦੇ ਵਿਚ ਇਹ ਕਥਾਨਿਕ ਰੂੜ੍ਹੀ ਆਮ ਪ੍ਰਚਲਤ ਹੈ।

(ਸ–704) **ਸੂਲੀ ਦਾ ਕੰਡਾ** :

ਪੰਜਾਬ ਦੀਆਂ ਲੋਕ-ਕਹਾਣੀਆਂ ਦੀ ਇਕ ਪ੍ਰਸਿਧ ਕਥਾਨਿਕ ਰੂੜ੍ਹੀ, ਜਿਸ ਦਾ ਆਧਾਰ ਲੋਕ-ਚਿੰਤਨ ਹੈ। ਕਰਮ ਦੇ ਲੋਕ-ਸੰਕਲਪ ਅਨੁਸਾਰ ਹਰੇਕ ਪ੍ਰਾਣੀ ਨੂੰ ਆਪਣੇ ਕਰਮਾਂ ਦਾ ਫਲ ਭੋਗਣਾ ਲਾਜ਼ਮੀ ਹੈ। ਪ੍ਰਾਣੀ ਪੂਰਬਲੇ ਕਰਮਾਂ ਦਾ ਫਲ ਵਰਤਮਾਨ ਜਨਮ ਵਿਚ ਭੋਗ ਰਿਹਾ ਹੁੰਦਾ ਹੈ, ਪਰ ਕਈ ਵਾਰ ਕੋਈ ਪ੍ਰਾਣੀ ਵਰਤਮਾਨ ਜਨਮ ਦੇ ਕਰਮਾਂ ਦਾ ਫਲ ਵੀ ਇਸੇ ਜਨਮ ਵਿਚ ਭੋਗ ਲੈਂਦਾ ਹੈ। ਇਸ ਤੋਂ ਇਲਾਵਾ ਕਦੇ ਕਦੇ ਵਰਤਮਾਨ ਜਨਮ ਦੇ ਚੰਗੇ ਕਰਮਾਂ ਸਦਕਾ ਪੂਰਬਲੇ ਜਨਮਾਂ ਦੇ ਮੰਦੇ ਕਰਮਾਂ ਦਾ ਫਲ ਅਤੇ ਦੁਖ ਦਲਿਦ੍ਰ ਘਟ ਕੇ 'ਸੂਲੀ ਦਾ ਕੰਡਾ' ਰਹਿ ਜਾਂਦਾ ਹੈ। ਐਨ ਇਸੇ ਤਰ੍ਹਾਂ ਵਰਤਮਾਨ ਜਨਮ ਦੇ ਵਿਕਰਮਾਂ ਦੇ ਫਲਸਰੂਪ ਪੂਰਬਲੇ ਜਨਮ ਦੇ ਚੰਗੇ ਕਰਮਾਂ ਦਾ ਫਲ ਅਤੇ ਸੁਖ ਵੀ ਘਟਦਾ ਘਟਦਾ 'ਮੋਹਰਾਂ ਦੇ ਕੋਲੇ' ਬਣ ਕੇ ਰਹਿ ਜਾਂਦੇ ਹਨ। ਇਸ ਸੰਕਲਪ ਦੀ ਪ੍ਰੋੜ੍ਹਤਾ ਲੋਕ-ਕਹਾਣੀਆਂ ਤੇ ਸਾਖੀਆਂ ਵਿਚ ਵੀ ਮਿਲਦੀ ਹੈ।

ਪਰ ਇਸ ਕਥਾਨਿਕ ਰੂੜ੍ਹੀ ਦੀ ਪ੍ਰਤੀਨਿਧ ਕਹਾਣੀ 'ਸੂਲੀ ਦਾ ਕੰਡਾ' ਹੈ, ਜੋ ਮਗਰੋਂ ਉਦਾਤੀਕਰਣ ਦੁਆਰਾ ਸਾਖੀ ਬਣਾ ਲਈ ਗਈ। ਇਕ ਭਗਤ, ਜਿਸ ਨੇ ਪੂਰਬਲੇ ਜਨਮ ਦੇ ਮੰਦੇ ਕਰਮਾਂ ਦੇ ਫਲਸਰੂਪ, ਸੂਲੀ ਉਤੇ ਚੜ੍ਹਨਾ ਸੀ, ਵਰਤਮਾਨ ਜਨਮ ਦੀ ਸਤਿਸੰਗਤ ਸਦਕਾ ਉਸ ਦੀ ਸੂਲੀ ਕੰਡਾ ਬਣ ਗਈ। ਦੂਜੇ ਪਾਸੇ ਹਟਵਾਣੀਆਂ ਜਿਸ ਨੂੰ ਪਿਛਲੇ ਜਨਮ ਦੇ ਚੰਗੇ ਕਰਮਾਂ ਦੇ ਫਲਸਰੂਪ ਮੁਹਰਾਂ ਪ੍ਰਾਪਤ ਹੋਣੀਆਂ ਸਨ, ਇਸ ਜਨਮ ਵਿਚ ਵੇਸਵਾ ਗਮਨ ਕਰਨ ਕਰ ਕੇ, ਉਸ ਦੀਆਂ ਸਭ ਮੁਹਰਾਂ, ਸਿਵਾਏ ਇਕ ਮੁਹਰ ਦੇ, ਕੋਲੇ ਵਿਚ ਬਦਲ ਗਈਆਂ (ਪੁਰਾਤਨ ਜਨਮ ਸਾਖੀ)।

(ਸ–705) **ਸੇ** :

ਬੋਹਲ ਤੋਲਣ ਵੇਲੇ ਸਭ ਤੋਂ ਪਹਿਲਾ ਤੋਲ ਦਾਨ ਕਰਨ ਦੇ ਵਿਚਾਰ ਨਾਲ ਵੱਖਰਾ ਕਰ ਦਿਤਾ ਜਾਂਦਾ ਹੈ। ਬਾਅਦ ਵਿਚ ਇਸੇ ਸਾਮਗਰੀ ਵਿਚੋਂ ਕੁਝ ਹਿੱਸਾ ਮੰਦਰ ਜਾਂ ਧਰਮਸਾਲਾ ਨੂੰ ਚੜ੍ਹਾਵਾ ਦਿਤਾ ਜਾਂਦਾ ਹੈ। ਬਾਕੀ ਦੀ ਵਸਤ ਪਿੰਡ ਦੇ ਭੱਟਾਂ ਤੇ ਸਾਧਾਂ ਫ਼ਕੀਰਾਂ ਵਿਚ ਵੰਡ ਦਿੰਦੇ ਹਨ। ਇਹ ਸਾਰੀ ਵਸਤੂ 'ਸੇ' ਅਖਵਾਉਂਦੀ ਹੈ।

(ਸ–706) **ਸ਼ੇਸ਼ਨਾਗ** :

ਹਿੰਦੂ ਮਿਥਿਹਾਸ ਅਨੁਸਾਰ ਸ਼ੇਸ਼ਨਾਗ ਸਭ ਨਾਗਾਂ ਦਾ ਮੁਖੀਆ ਅਤੇ ਪਤਾਲ-ਲੋਕ ਦਾ ਰਾਜਾ ਹੈ। ਉਹਦੇ ਇਕ ਹਜ਼ਾਰ ਫਣ ਹਨ, ਜਿਨ੍ਹਾਂ ਉਤੇ ਉਸ ਨੇ ਧਰਤੀ ਦਾ ਸਾਰਾ ਭਾਰ ਸੰਭਾਲਿਆ ਹੋਇਆ ਹੈ। ਜਦੋਂ ਸ਼ੇਸ਼ਨਾਗ ਇਕ ਫਣ ਤੋਂ ਦੂਜੇ ਫਣ ਉਪਰ ਧਰਤੀ ਦਾ ਬੋਝ ਬਦਲਦਾ ਹੈ ਤਾਂ ਧਰਤੀ ਉਤੇ ਭੁਚਾਲ ਆ ਜਾਂਦਾ ਹੈ।

ਸ਼ੇਸ਼ਨਾਗ ਵਿਸ਼ਨੂੰ ਦਾ ਸੇਵਕ ਹੈ; ਵਿਸ਼ਨੂੰ ਨਿੰਦਰਾ ਅਵਸਥਾ ਵਿਚ ਸ਼ੇਸ਼ਨਾਗ ਦੀ ਕਾਇਆ ਨੂੰ ਹੀ ਸੇਜ ਬਣਾ ਕੇ ਉਸ ਉਪਰ ਬਿਸਰਾਮ ਕਰਦੇ ਹਨ ਅਤੇ ਇਹ ਨਾਗ ਆਪਣੇ ਸਹੰਸਰ ਫਣਾਂ ਦਾ ਛਤਰ ਬਣਾ ਕੇ ਵਿਸ਼ਨੂੰ ਦੇ ਸਿਰ ਉਪਰ ਛਾਂ ਕੀਤੀ ਰਖਦਾ ਹੈ। ਕਈ ਕਲਾ-ਚਿਤ੍ਰਾਂ ਵਿਚ ਵਿਸ਼ਨੂੰ ਨੂੰ ਸ਼ੇਸ਼ਨਾਗ ਉਤੇ ਬਿਸਰਾਮ ਕਰਦਾ ਵਿਖਾਇਆ ਗਿਆ ਹੈ।

ਵਿਸ਼ਨੂੰ ਪੁਰਾਣ ਅਨੁਸਾਰ ਜਦੋਂ ਸ਼ੇਸ਼ਨਾਗ ਉਬਾਸੀ ਲੈਂਦਾ ਹੈ ਤਾਂ ਉਹਦੇ ਉਪਰ ਟਿਕੀ ਪ੍ਰਿਥਵੀ ਡੋਲਣ ਲਗਦੀ ਹੈ ਅਤੇ ਭੁਚਾਲ ਆ

ਜਾਂਦਾ ਹੈ। ਸ਼ੇਸ਼ਨਾਗ ਹੀ ਸੰਸਾਰ ਉਤੇ ਪਰਲੋ ਲਿਆਂਦਾ ਹੈ। ਹਰ ਕਲਪ ਦੀ ਸਮਾਪਤੀ ਉਤੇ ਸ਼ੇਸ਼ਨਾਗ ਆਪਣੇ ਮੂੰਹ ਵਿਚੋਂ ਇਕ ਜ਼ਹਿਰੀਲੀ ਅੱਗ ਕਢਦਾ ਹੈ, ਜਿਸ ਨਾਲ ਸਾਰਾ ਸੰਸਾਰ ਭਸਮ ਹੋ ਜਾਂਦਾ ਹੈ।

ਪੁਰਾਣਾਂ ਅਨੁਸਾਰ ਸ਼ੇਸ਼ਨਾਗ ਨੇ ਨਾ ਸਿਰਫ਼ ਪ੍ਰਿਥਵੀ ਨੂੰ ਹੀ ਆਪਣੇ ਸਿਰ ਉਪਰ ਚੁਕਿਆ ਹੋਇਆ ਹੈ, ਸਗੋਂ ਸਤ ਪਤਾਲ ਵੀ ਉਸ ਨੇ ਆਪਣੇ ਸਿਰ ਉਤੇ ਥੰਮੇ ਹੋਏ ਹਨ। ਕੁਝ ਪੌਰਾਣਿਕ ਕਥਾਵਾਂ ਅਨੁਸਾਰ ਸਤਾਂ ਪਤਾਲਾਂ ਵਿਚ ਸ਼ੇਸ਼ਨਾਗ ਦਾ ਹੀ ਰਾਜ-ਅਧਿਕਾਰ ਹੈ।

ਪੁਰਾਣਾਂ ਵਿਚ ਸ਼ੇਸ਼ਨਾਗ ਨੂੰ ਕਦਰੂ ਦੇ ਉਦਰ ਤੋਂ ਕਸ਼ਯਪ ਦਾ ਪੁਤਰ ਮੰਨਿਆ ਗਿਆ ਹੈ। ਵੈਂਗਣੀ ਰੰਗੇ ਸ਼ੇਸ਼ਨਾਗ ਨੇ ਕੰਠ ਵਿਚ ਚਿਟੀ ਮਾਲਾ, ਇਕ ਹੱਥ ਵਿਚ ਹਲ ਤੇ ਦੂਜੇ ਵਿਚ ਮੂਸਲ ਧਾਰਨ ਕੀਤਾ ਹੋਇਆ ਹੈ। ਜਦੋਂ ਅੰਮ੍ਰਿਤ ਕਢਣ ਲਈ ਖੀਰ ਸਾਗਰ ਨੂੰ ਮਥਿਆ ਗਿਆ ਤਾਂ ਉਦੋਂ ਸੁਮੇਰ ਪਰਬਤ ਨੂੰ ਮਧਾਣਾ ਤੇ ਸ਼ੇਸ਼ਨਾਗ ਨੂੰ ਨੇਤਰਾ ਬਣਾਇਆ ਗਿਆ ਸੀ।

ਸ਼ੇਸ਼ਨਾਗ ਦੀਆਂ ਕਈ ਉਪਾਧੀਆਂ ਹਨ, ਜਿਨ੍ਹਾਂ ਵਿਚੋਂ ਅਨੰਤ ਵਧੇਰੇ ਪ੍ਰਸਿਧ ਹੈ। ਇਸ ਦੀ ਪਤਨੀ ਦਾ ਨਾਂ 'ਅਨੰਤ ਸ਼ੀਰਸ਼ਾ' ਹੈ। ਇਕ ਹੋਰ ਪ੍ਰਸਿਧ ਪੌਰਾਣਿਕ ਨਾਗ ਵਾਸ਼ਕੀ (ਬਾਸ਼ਕ) ਹੈ ਜਿਸ ਨੂੰ ਕਈ ਥਾਈਂ ਸ਼ੇਸ਼ਨਾਗ ਤੋਂ ਭਿੰਨ ਮੰਨਿਆ ਗਿਆ ਹੈ, ਪਰ ਕਈ ਥਾਈਂ ਦੋਹਾਂ ਦਾ ਏਕੀਕਰਣ ਵੀ ਕੀਤਾ ਮਿਲਦਾ ਹੈ। ਪੁਰਾਣਾਂ ਅਨੁਸਾਰ ਲਛਮਣ ਅਤੇ ਬਲਰਾਮ ਸ਼ੇਸ਼ਨਾਗ ਦਾ ਹੀ ਅਵਤਾਰ ਸਨ।

ਸ਼ੇਸ਼ਨਾਗ ਹਮੇਸ਼ਾਂ ਇਕੋ ਦਿਸ਼ਾ ਵਿਚ ਸਥਿਤ ਨਹੀਂ ਰਹਿਦਾ। ਸ਼ੇਸ਼ਨਾਗ ਦਾ ਸਿਰ ਵਾਰੋ ਵਾਰੀ ਵਖੋ ਵਖ ਦਿਸ਼ਾਵਾਂ ਵਿਚ ਤਿਨ ਤਿੰਨ ਮਹੀਨੇ ਸਥਿਤ ਰਹਿੰਦਾ ਹੈ। ਭਾਦੋਂ, ਅਸੂ ਤੇ ਕੱਤੇ ਵਿਚ ਪੂਰਬ ਦਿਸ਼ਾ ਵਲ; ਮਘਰ, ਪੋਹ ਤੇ ਮਾਹ ਦੇ ਮਹੀਨੇ ਦੱਖਣ ਦਿਸ਼ਾ ਵਲ; ਫਗਣ, ਚੇਤਰ ਤੇ ਵਿਸਾਖ ਦੇ ਦਿਨਾਂ ਵਿਚ ਪੱਛਮ ਦਿਸ਼ਾ ਵਲ ਅਤੇ ਜੇਠ, ਹਾੜ ਅਤੇ ਸਾਵਨ ਦੇ ਮਹੀਨੇ ਉਤਰ ਦਿਸ਼ਾ ਵਲ ਸਥਿਤ ਰਹਿੰਦਾ ਹੈ। ਕਈ ਹਿੰਦੂ ਜ਼ਮੀਨ ਜਾਂ ਖੂਹ ਖੋਦਣ ਲਗਿਆਂ ਅਥਵਾ ਮਕਾਨ ਦੀ ਨੀਂਹ ਰਖਣ ਵੇਲੇ ਸ਼ੇਸ਼ਨਾਗ ਦੇ ਸਿਰ ਦੀ ਦਿਸ਼ਾ ਸਥਿਤੀ ਨੂੰ ਧਿਆਨ ਵਿਚ ਰਖਦੇ ਹਨ। ਜੇ ਸ਼ੇਸ਼ਨਾਗ ਦੀ ਖੱਬੀ ਵੱਖੀ ਵਲ ਜ਼ਮੀਨ ਪੁਟੀ ਜਾਵੇ ਤਾਂ ਬੜੀ ਫਲਦੀ ਹੈ; ਸਿਰ ਵਾਲੇ ਪਾਸਿਉਂ ਪੁਟੀਏ ਤਾਂ ਉਹ ਥਾਂ ਮਾਪਿਆਂ ਲਈ ਭਾਰੀ ਹੁੰਦੀ ਹੈ; ਜੇ ਪਿਠ ਵਲੋਂ ਪੁਟੀਏ ਤਾਂ ਪਰਿਵਾਰ ਵਿਚੋਂ ਬੀਮਾਰੀ ਨਹੀਂ ਨਿਕਲਦੀ; ਜੇ ਪੂਛਲ ਵਾਲੇ ਪਾਸੇ ਤੋਂ ਜ਼ਮੀਨ ਪੁਟੀ ਜਾਵੇ ਤਾਂ ਤਿੰਨ ਪੀੜ੍ਹੀਆਂ ਤਕ ਨਿਰੰਤਰ ਨੁਕਸਾਨ ਪਹੁੰਚਣ ਦਾ ਅੰਦੇਸ਼ਾ ਰਹਿੰਦਾ ਹੈ।

ਸਾਲਿਵਾਹਨ ਸ਼ੇਸ਼ਨਾਗ ਦੀ ਹੀ ਸੰਤਾਨ ਮੰਨਿਆ ਜਾਂਦਾ ਹੈ। ਹਰੀਦਾਸ ਦੇ ਪ੍ਰਾਕ੍ਰਿਤ ਵਿਚ ਲਿਖੇ 'ਵਿਕ੍ਰਮ ਚਰਿਤ੍ਰ' ਅਨੁਸਾਰ ਇਕ ਬ੍ਰਾਹਮਣ ਸਲੋਚਨ ਦੀ, ਸੱਤਾਂ ਸਾਲਾਂ ਦੀ ਕੰਨਿਆਂ ਸੁਮਿਤ੍ਰਾ, ਗੁਦਾਵਰੀ ਦੇ ਕੰਢੇ ਖੇਡ ਰਹੀ ਸੀ ਕਿ ਸ਼ੇਸ਼ਨਾਗ ਨੇ ਉਸ ਨਾਲ ਸੰਭੋਗ ਕੀਤਾ ਅਤੇ ਉਸੇ ਗਰਭ ਤੋਂ ਸਾਲਿਵਾਹਨ ਦਾ ਜਨਮ ਹੋਇਆ (ਵੇਖੋ : ਸੁਮਿਤ੍ਰਾ)।

### (ਸ-707) ਸੇਹ :

ਇਕ ਜਾਨਵਰ ਜਿਸ ਦੇ ਪਿੰਡੇ ਉਪਰ ਤਕਲਿਆਂ ਵਰਗੇ ਲੰਮੇ ਲੰਮੇ ਕੰਡਿਆਲੇ ਵਾਲ ਉਗੇ ਹੁੰਦੇ ਹਨ। ਧਾਰਨਾ ਹੈ ਕਿ ਜੇ ਸੇਹ ਦਾ ਤਕਲਾ (ਕੰਡਾ) ਕਿਸੇ ਦੇ ਘਰ ਦੱਬ ਦਿਤਾ ਜਾਵੇ ਤਾਂ ਉਥੇ ਹਮੇਸ਼ਾਂ ਕਲ੍ਹਾ ਵਰਤੀ ਰਹਿੰਦੀ ਹੈ। ਇਸੇ ਵਿਸ਼ਵਾਸ਼ ਨੇ 'ਸੇਹ ਦਾ ਤਕਲਾ' ਮੁਹਾਵਰੇ ਨੂੰ ਜਨਮ ਦਿਤਾ ਜੋ 'ਕਲ੍ਹਾ ਦੀ ਜੜ੍ਹ' ਦੇ ਅਰਥਾਂ ਵਿਚ ਪ੍ਰਯੋਗ ਹੁੰਦਾ ਹੈ (ਵੇਖੋ : ਕਲ੍ਹਾ)। ਇਸ ਵਿਸ਼ਵਾਸ਼ ਦਾ ਆਧਾਰ ਸਹਾਨੁਭੂਤੀ ਟੂਣਾ ਹੈ, ਜਿਸ ਅਨੁਸਾਰ ਸਹਿ ਤੋਂ ਸਹਿ ਦੀ ਉਤਪਤੀ ਹੁੰਦੀ ਹੈ। ਜੇ ਕਿਸੇ ਦੇ ਘਰ ਕੰਡਿਆਲਾ ਤਕਲਾ ਬੀਜ ਦਿਤਾ ਜਾਵੇ ਤਾਂ ਉਸ ਘਰ ਦਾ ਵਾਤਾਵਰਨ ਮੁਤੇ ਸਿਧ ਕੰਡਿਆਲਾ ਹੋ ਜਾਵੇਗਾ।

### (ਸ-708) ਸ਼ੇਖ਼ :

ਸ਼ੇਖ਼ ਅਰਬੀ ਦਾ ਤਤਸਮ ਹੈ, ਜਿਸ ਦਾ ਸ਼ਾਬਦਿਕ ਅਰਥ ਬਜ਼ੁਰਗ ਹੈ। ਅਰਬ ਕਬੀਲਿਆਂ ਵਿਚ ਇਹ ਸ਼ਬਦ ਉਸੇ ਭਾਵਨਾ ਤੇ

ਸਨਮਾਨ ਬੋਧਿਕ ਅਰਥਾਂ ਵਿਚ ਵਰਤਿਆ ਜਾਂਦਾ ਹੈ, ਜਿਸ ਤਰ੍ਹਾਂ ਪੰਜਾਬ ਵਿਚ ਚੌਧਰੀ ਪਦ। ਪਹਿਲਾਂ ਇਹ ਉਪਾਧੀ ਅਰਬ ਮੁੱਢ ਦੇ ਮੁਸਲਮਾਨਾਂ ਵਾਸਤੇ ਹੀ ਵਰਤੀ ਜਾਂਦੀ ਰਹੀ, ਪਰ ਮਗਰੋਂ ਇਹ ਪਦ ਆਪਣਾ ਗੌਰਵਮਈ ਰੂੜ੍ਹ ਅਰਥ ਗੰਵਾ ਬੈਠਾ। ਹੌਲੇ ਹੌਲੇ ਸ਼ੇਖ਼ ਸ਼ਬਦ ਉਨ੍ਹਾਂ ਹਿੰਦੂਓਂ ਬਣੇ ਮੁਸਲਮਾਨਾਂ ਲਈ ਪ੍ਰਯੋਗ ਹੋਣ ਲੱਗਾ, ਜੋ ਆਪਣੀ ਮੂਲ ਜਾਤ ਗੋਤ ਦੀ ਪਛਾਣ ਨੂੰ ਨਾਲ ਲਈ ਤੁਰਨਾ ਪਸੰਦ ਨਹੀਂ ਸਨ ਕਰਦੇ। ਉਚ-ਕੁਲਾਂ ਦੇ ਹਿੰਦੂ ਜੱਟ ਅਤੇ ਰਾਜਪੂਤ ਜਦੋਂ ਇਸਲਾਮ ਮੱਤ ਨੂੰ ਗ੍ਰਹਿਣ ਕਰਦੇ ਸਨ ਤਾਂ ਉਹ ਆਪਣੀ ਮੂਲ ਪਛਾਣ ਨੂੰ ਕਾਇਮ ਰਖਦੇ ਹੋਏ ਜੱਟ/ਰਾਜਪੂਤ ਹੀ ਅਖਵਾਂਦੇ ਸਨ। ਪਛੜੀਆਂ ਤੇ ਅਛੂਤ ਜਾਤੀਆਂ ਤੇ ਚੂੜ੍ਹੇ ਆਦਿ ਜਦੋਂ ਮੁਸਲਮਾਨੀ ਮੱਤ ਧਾਰਨ ਕਰਦੇ ਤਾਂ ਉਹ ਆਪਣੀ ਸਮਾਜਿਕ ਸਥਿਤੀ ਨੂੰ ਕਾਇਮ ਰਖਣ ਵਾਸਤੇ ਮੁਸਲੀ ਜਾਂ ਦੀਨਦਾਰ ਅਖਵਾਣ ਲਈ ਮਜਬੂਰ ਸਨ। ਇਨ੍ਹਾਂ ਦੋਹਾਂ ਸਮਾਜਿਕ ਪਧਤੀਆਂ ਦੇ ਵਿਚਕਾਰ ਜੋ ਹਿੰਦੂ ਸ਼੍ਰੇਣੀਆਂ ਸਨ, ਉਹ ਨਾ ਤਾਂ ਜੱਟਾਂ/ਰਾਜਪੂਤਾਂ ਵਾਂਗ ਆਪਣੀ ਹਉਂ ਨੂੰ ਕਾਇਮ ਰਖਣ ਦੇ ਸਮਰਥ ਸਨ ਅਤੇ ਨਾ ਹੀ ਪਛੜੀਆਂ ਜਾਤਾਂ ਵਾਂਗ ਉਨ੍ਹਾਂ ਲਈ ਆਪਣੀ ਪਛਾਣ ਸਥਿਰ ਰਖਣੀ ਜ਼ਰੂਰੀ ਸੀ। ਇਸ ਲਈ ਉਹ ਸ਼ੇਖ਼ ਅਖਵਾਇਆ ਕਰਦੀਆਂ ਸਨ। ਇਸ ਸਥਿਤੀ ਦਾ ਫ਼ਾਇਦਾ ਉਠਾਣ ਲਈ ਪਛੜੀਆਂ ਜਾਤੀਆਂ ਵਿਚੋਂ ਵੀ ਕਈ ਲੋਕ ਪਉੜੀ ਦਰ ਪਉੜੀ ਉਪਰ ਉਠ ਕੇ ਆਪਣੀ ਸਮਾਜਿਕ ਸਥਿਤੀ ਨੂੰ ਸੁਧਾਰਦੇ ਹੋਏ ਪਹਿਲਾਂ ਸ਼ੇਖ਼ ਤੇ ਅਖ਼ੀਰ ਸੱਯਦ ਅਖਵਾਣ ਲਗ ਪੈਂਦੇ ਸਨ। ਇਸ ਇਤਿਹਾਸਕ ਸਥਿਤੀ ਦੀ ਸਿਮਰਤੀ ਅਖਾਣਾਂ ਵਿਚ ਸੁਰਜੀਤ ਹੈ — "ਪਹਿਲਾਂ ਸੀ ਅਸੀਂ ਨੀਮ ਜੁਲਾਹੇ, ਫੇਰ ਬਣ ਗਏ ਸ਼ੇਖ਼। ਹੌਲੀ ਹੌਲੀ ਹੋ ਗਏ ਸੱਯਦ, ਜਾਗੇ ਸਾਡੇ ਲੇਖ।"

(ਸ-709) **ਸ਼ੇਖ਼ ਹਸਨ** :

ਤੇਲੀਆਂ ਦਾ ਪੀਰ ਜੋ ਹਸੂ ਦੇ ਨਾਉਂ ਨਾਲ ਪ੍ਰਸਿਧ ਹੈ। ਸ਼ੇਖ਼ ਹਸਨ ਅਕਬਰ ਦਾ ਸਮਕਾਲੀ ਅਤੇ ਸਾਈਂ ਸ਼ਾਹ ਜਮਾਲ ਸੁਹਰਾਵਰਦੀ ਦਾ ਮੁਰੀਦ ਸੀ। ਇਸ ਦਾ ਤੇਲ ਕੱਢਣ ਵਾਲਾ ਕੋਹਲੂ, ਲਾਹੌਰ ਵਿਚ ਝੰਡੇ ਦੇ ਚੌਂਕ ਦੇ ਨੇੜੇ ਸਥਿਤ ਸੀ। ਤੇਲੀਆਂ ਵਿਚ ਸ਼ੇਖ਼ ਹਸਨ ਦੀ ਬੜੀ ਮਾਨਤਾ ਹੈ ਅਤੇ ਆਪ ਦੀਆਂ ਅਨੇਕਾਂ ਕਰਾਮਾਤਾਂ ਅਤੇ ਕਰਨੀਆਂ ਤੇਲੀਆਂ ਵਿਚ ਦੰਦ-ਕਥਾਵਾਂ ਵਾਂਗ ਪ੍ਰਚਲਤ ਹਨ।

(ਸ-710) **ਸ਼ੇਖ਼ ਚਿਲੀ** :

ਸ਼ੇਖ਼ ਚਿਲੀ ਭਾਵੇਂ ਇਕ ਇਤਿਹਾਸਕ ਵਿਅਕਤੀ ਹੈ, ਪਰ ਲੋਕ-ਮਨ ਨੇ ਇਹਦੇ ਨਾਲ ਬਹੁਤ ਸਾਰੀ ਲੋਕਧਾਰਾਈ ਸਾਮਗਰੀ ਅਤੇ ਪਰੰਪਰਾਗਤ ਕਥਾਨਿਕ ਰੂੜ੍ਹੀਆਂ ਜੋੜ ਕੇ ਉਸ ਨੂੰ ਦੰਦ-ਕਥਾਵੀ ਤੇ ਅਦਭੁਤ ਵਿਅਕਤੀ ਬਣਾ ਦਿਤਾ ਹੈ। ਫਲਸਰੂਪ ਸ਼ੇਖ਼ ਚਿਲੀ ਇਕ ਅਜਿਹਾ ਅਮਰ ਪਾਤਰ ਹੋ ਨਿਬੜਿਆ ਹੈ, ਜੋ ਵਿਸ਼ਵ ਸਾਹਿੱਤ ਵਿਚ ਬੇਜੋੜ ਤੇ ਵਿਲੱਖਣ ਹੋਣ ਤੋਂ ਇਲਾਵਾ ਸਭ ਕਾਲਾਂ ਵਿਚ ਵਿਆਪਕ ਹੈ। ਕਿਉਂ ਜੋ ਹਰ ਉਸ ਸ਼ਖ਼ਸ ਦਾ ਏਕੀਕਰਣ ਸ਼ੇਖ਼ ਚਿਲੀ ਨਾਲ ਕੀਤਾ ਜਾਂਦਾ ਹੈ ਜੋ ਹਵਾਈ ਕਿਲ੍ਹੇ ਉਸਾਰਦਾ, ਝੂਠੇ ਅਡੰਬਰ ਰਚਦਾ, ਅਨੂਠੇ ਅਨੁਮਾਨ ਲਗਾਂਦਾ ਤੇ ਅਲੋਕਾਰ ਕਰਨੀ-ਕਥਨੀ ਦਾ ਸਵਾਮੀ ਹੋਵੇ।

ਸ਼ੇਖ਼ ਚਿਲੀ ਦੇ ਸ਼ਾਬਦਿਕ ਅਰਥ ਰੂੜ੍ਹੀਗਤ ਅਰਥਾਂ ਨਾਲੋਂ ਬਿਲਕੁਲ ਵਖਰੇ ਹਨ। ਪੰਜਾਬ ਵਿਚ ਮਧਕਾਲ ਵਿਚ ਉਨ੍ਹਾਂ ਸਭ ਸਾਧਾਂ ਤੇ ਫ਼ਕੀਰਾਂ ਲਈ, ਜੋ ਮੜ੍ਹੀਆਂ-ਮਸਾਣਾਂ ਅਤੇ ਉਝੜਾਂ ਵਿਚ ਚਾਲ੍ਹੀ ਦਿਨ ਕਰੜੀ ਸਾਧਨਾ ਕਰ ਕੇ ਚਿਲਾ ਕਟਦੇ ਸਨ, 'ਚਿਲੀ' ਦੀ ਆਦਰ ਬੋਧਿਕ ਉਪਾਧੀ ਦਾ ਪ੍ਰਯੋਗ ਕੀਤਾ ਜਾਂਦਾ ਸੀ। ਜ਼ਿਆਦਾ ਚਿਲੇ ਕਟਣ ਵਾਲੇ ਮੁਸਲਮਾਨਾਂ ਲਈ ਕਈ ਵਾਰ 'ਸ਼ੇਖ਼ ਚਿਲੀ' ਨਾਂ ਰੂੜ੍ਹ ਹੋ ਜਾਂਦਾ ਰਿਹਾ। ਇਸ ਲਈ ਪੰਜਾਬ ਵਿਚ ਸਮੇਂ ਸਮੇਂ ਕਈ ਸ਼ੇਖ਼ ਚਿਲੀ ਹੋਏ। ਭਾਈ ਕਾਹਨ ਸਿੰਘ ਨਾਭਾ (ਮਹਾਨ ਕੋਸ਼, 170) ਨੇ ਦੋ ਸ਼ੇਖ਼ ਚਿਲੀ ਮਹਾਂਪੁਰਸ਼ਾਂ ਦਾ ਜ਼ਿਕਰ ਕੀਤਾ ਹੈ। ਇਕ ਮਹਾਂਪੁਰਸ਼ ਅਟਕ ਦੇ ਜ਼ਿਲੇ ਵਿਚ ਹੋਇਆ। ਪਰ ਉਸ ਨੂੰ ਬਹੁਤੀ ਪ੍ਰਸਿਧਤਾ ਨਹੀਂ ਮਿਲੀ। ਦੂਜਾ ਮਹਾਪੁਰਸ਼ ਬਨੂੜ ਦਾ ਵਸਨੀਕ ਅਬਦੁਲ ਕਾਦਿਰ ਸੀ, ਜਿਸ ਨੇ ਘੋਰ ਤਪ ਕੀਤੇ ਅਤੇ ਕਈ ਚਿਲੇ ਕਟੇ, ਜਿਸ ਤੋਂ ਇਸ ਦਾ ਨਾਂ ਸ਼ੇਖ਼ ਚਿਲੀ ਪੈ ਗਿਆ। ਇਹੋ ਦੂਜਾ ਸ਼ੇਖ਼ ਚਿਲੀ

ਸਾਡੀਆਂ ਅਨੇਕਾਂ ਕਥਾਵਾਂ ਦਾ ਨਾਇਕ ਮੰਨਿਆ ਜਾਂਦਾ ਹੈ ।

ਪੰਜਾਬ ਦੀ ਸੈਰ (317) ਅਨੁਸਾਰ ਸ਼ੇਖ਼ ਚਿਲੀ ਉਰਫ਼ ਅਬਦੁਲ ਕਰੀਮ ਪਹਿਲਾਂ ਅਕਬਰ ਬਾਦਸ਼ਾਹ ਦਾ ਵਜ਼ੀਰ ਸੀ, ਮਗਰੋਂ ਉਸਨੇ ਸੰਸਾਰ ਨੂੰ ਤਿਆਗ ਕੇ ਥਾਨੇਸਰ ਵਿਚ ਬੰਦਗੀ ਕੀਤੀ ਅਤੇ ਅਨੇਕਾਂ ਚਿਲੇ ਕਟੇ,ਜਿਸਤੋਂ ਉਹ ਸ਼ੇਖ਼ ਚਿਲੀ ਪ੍ਰਸਿਧ ਹੋਇਆ । ਇਸ ਫ਼ਕੀਰ ਦਾ ਮਕਬਰਾ ਥਾਨੇਸਰ ਵਿਚ ਉਸੇ ਥਾਂ ਮੌਜੂਦ ਹੈ ਜਿਥੇ ਉਹ ਤੱਪ ਕਰਦਾ ਰਿਹਾ । ਇਹ ਮਕਬਰਾ ਸੰਗਮਰਮਰ ਦਾ ਬਣਿਆ ਹੋਇਆ ਹੈ ਜਿਸ ਦਾ ਨਿਰਮਾਣ 1271 ਹਿਜਰੀ ਵਿਚ ਹੋਇਆ । ਇਥੇ ਹਰ ਵੀਰਵਾਰ ਲੋਕ ਇਕੱਠੇ ਹੁੰਦੇ ਹਨ ਅਤੇ ਨਾਚ ਗਾਣੇ ਦੀ ਮਹਿਫ਼ਲ ਜੁੜਦੀ ਹੈ । ਪੰਜਾਬ ਦੀ ਸੈਰ (318) ਅਨੁਸਾਰ ਸਿੱਖਾਂ ਨੇ ਮਕਬਰੇ ਵਿਚੋਂ ਕਬਰ ਪੁਟ ਕੇ ਬਾਹਰ ਬਣਾ ਦਿਤੀ ਅਤੇ ਇਮਾਰਤ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿਤ, ਪਰ ਅੰਗਰੇਜ਼ੀ ਰਾਜ ਦੇ ਸਮੇਂ ਕਬਰ ਨੂੰ ਮੁੜ ਪਹਿਲੇ ਵਾਲੀ ਥਾਂ ਸਥਾਪਿਤ ਕੀਤਾ ਗਿਆ ।

ਸ਼ੇਖ਼ ਚਿਲੀ ਲੋਕਾਂ ਨੂੰ ਨਿਕੀਆਂ ਨਿਕੀਆਂ ਹਾਸ ਵਿਨੋਦੀ ਲਘੂ ਕਥਾਵਾਂ, ਸੁੱਖਨਾਂ ਤੇ ਬਚਨਾਂ ਦੁਆਰਾ ਨੈਤਿਕਤਾ ਤੇ ਵਿਹਾਰ ਦੀ ਸ਼ਿਖਸ਼ਾ ਦਿਤਾ ਕਰਦਾ ਸੀ । ਹੌਲੇ ਹੌਲੇ ਉਹ ਸਭ ਕਥਾਵਾਂ ਉਸਦੇ ਆਪਣੇ ਨਾਉਂ ਨਾਲ ਜੁੜ ਗਈਆਂ ਅਤੇ ਸਮਾਂ ਪਾ ਕੇ ਉਨ੍ਹਾਂ ਕਥਾਵਾਂ ਦਾ ਨਾਇਕ ਵੀ ਸ਼ੇਖ਼ ਚਿਲੀ ਖ਼ੁਦ ਹੀ ਬਣਾ ਲਿਆ ਗਿਆ । ਇਹ ਲੋਕ-ਕਲਪਨਾ ਦੀ ਸਿਰਜਨਾ ਸ਼ਕਤੀ ਦਾ ਹੀ ਕ੍ਰਿਸ਼ਮਾ ਹੈ ਕਿ ਇਕ ਗੰਭੀਰ, ਵਿਚਾਰਵਾਨ ਅਤੇ ਤਿਆਗੀ ਸੁਭਾਵ ਦੇ ਫ਼ਕੀਰ ਨੂੰ ਉਸ ਦੇ ਬੁਨਿਆਦੀ ਚਰਿਤਰ ਦੇ ਐਨ ਉਲਟ ਹਾਸ ਵਿਨੋਦੀ, ਰੰਗਲੀ ਤੇ ਮਾਇਆਧਾਰੀ ਸ਼ਖ਼ਸੀਅਤ ਪ੍ਰਦਾਨ ਕਰ ਦਿਤੀ ਗਈ । ਇਸੇ ਲਈ ਕਥਾਵਾਂ ਵਿਚਲੇ ਸ਼ੇਖ਼ ਚਿਲੀ ਦਾ ਬਿੰਬ ਇਤਿਹਾਸਕ ਸ਼ੇਖ਼ ਚਿਲੀ ਨਾਲੋਂ ਬਿਲਕੁਲ ਹੀ ਅਡਰਾ ਤੇ ਵਿਰੋਧੀ ਹੈ । ਕਥਾਵਾਂ ਵਾਲਾ ਸ਼ੇਖ਼ ਚਿਲੀ ਮਨ ਦਾ ਸਿਧਾ ਸਾਦਾ, ਦਿਮਾਗ਼ ਦਾ ਖੁੰਡਾ, ਹਵਾਈ ਕਿਲ੍ਹੇ ਉਸਾਰਨ ਵਾਲਾ, ਆਲਸੀ ਤੇ ਦਲਿਦਰੀ ਹੈ । ਇਸੇ ਲਈ ਕਈ ਲੋਕ ਸ਼ੇਖ਼ ਚਿਲੀ ਨੂੰ ਮਨੋ-ਕਲਪਿਤ ਵਿਅਕਤੀ ਮੰਨਦੇ ਹਨ ।

ਅਕਬਰ ਦੇ ਜ਼ਮਾਨੇ ਵਿਚ ਹਿੰਦੂ ਤੇ ਮੁਸਲਮਾਨ ਸੰਸਕ੍ਰਿਤੀ ਵਿਚ ਸੁਮੇਲ ਪੈਦਾ ਕਰਨ ਦੇ ਜੋ ਸੁਚੇਤ ਯਤਨ ਕੀਤੇ ਗਏ, ਉਨ੍ਹਾਂ ਵਿਚ ਆਰੀਆ ਤੇ ਸੈਮਿਟਿਕ ਕਲਾਵਾਂ ਤੇ ਕਥਾਨਿਕ ਰੂੜ੍ਹੀਆਂ ਦੀ ਮਿਸ ਵੀ ਸ਼ਾਮਲ ਹੈ । ਇਸ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਨਾ ਕੋਈ ਤਣਾਓ ਸਥਿਤੀ ਸੀ ਅਤੇ ਨਾ ਕੋਈ ਅੰਤਰ-ਵਿਰੋਧ ਦੀ ਉਭਰਵੀਂ ਪ੍ਰਵਿਰਤੀ । ਜਿਸ ਕਰ ਕੇ ਇਸ ਕਾਲ ਵਿਚ ਸਾਹਿੱਤ ਤੇ ਕਲਾ ਵਿਗਸਣ ਲਗੇ । ਲੋਕ-ਮਨ ਨੇ ਦੋ ਹਾਸ ਵਿਨੋਦੀ ਵਿਅਕਤੀਆਂ ਨੂੰ ਸਿਰਜ ਕੇ ਇਸੇ ਕਾਲ ਵਿਚ ਸਥਿਤ ਕਰ ਦਿਤਾ । ਇਹ ਦੋਵੇਂ ਵਿਅਕਤੀ ਬੀਰਬਲ ਤੇ ਅਬਦੁਲ ਕਰੀਮ ਉਰਫ਼ ਸ਼ੇਖ਼ ਚਿਲੀ ਅਕਬਰ ਦੇ ਹੀ ਵਜ਼ੀਰ ਸਨ । ਸਮੇਂ ਦੀ ਕਥਾ-ਬਿਰਤੀ, ਜੋ ਉਦੋਂ ਪੂਰੇ ਵੇਗ ਵਿਚ ਸੀ, ਨੇ ਦੋ ਵਖਰੇ ਕਥਾ-ਚਕਰਾਂ ਦਾ ਨਿਰਮਾਣ ਕਰ ਕੇ, ਉਨ੍ਹਾਂ ਨੂੰ ਅਕਬਰ ਦੇ ਦੋ ਵਜ਼ੀਰਾਂ ਨਾਲ ਜੋੜ ਦਿਤਾ । ਇਨ੍ਹਾਂ ਕਥਾ-ਚਕਰਾਂ ਵਿਚ ਜੋ ਕਥਾਵਾਂ ਮਿਲਦੀਆਂ ਹਨ, ਉਨ੍ਹਾਂ ਵਿਚ ਸੈਮਿਟਿਕ ਤੇ ਆਰਿਆਈ ਕਥਾ ਬਿਰਤੀ ਦਾ ਸੰਗਮ ਪ੍ਰਤੱਖ ਹੈ । ਸਮੇਂ ਦੀ ਸਾਂਝੀ ਸਭਿਆਚਾਰਕ ਭਾਵਨਾ ਦੇ ਅਨੁਕੂਲ ਜੋ ਦੋ ਨਵੇਂ ਕਥਾ-ਚਕਰ ਚਲੇ, ਉਨ੍ਹਾਂ ਵਿਚੋਂ ਇਕ ਦਾ ਨਾਇਕ ਬੀਰਬਲ ਹਿੰਦੂ ਸੰਸਕ੍ਰਿਤੀ ਨਾਲ ਸੰਬੰਧਿਤ ਹੈ ਤੇ ਦੂਜਾ ਸ਼ੇਖ਼ ਚਿਲੀ ਮੁਸਲਮਾਨੀ ਸੰਸਕ੍ਰਿਤੀ ਨਾਲ । ਇਹੋ ਉਹ ਸਮਾਂ ਸੀ ਜਦੋਂ ਪੰਜਾਬੀ ਵਿਚ ਕਿੱਸਾ-ਕਾਵਿ ਦਾ ਵੀ ਉਦੈ ਹੋਇਆ ।

ਸ਼ੇਖ਼ ਚਿਲੀ ਨਾਲ ਸੰਬੰਧਤ ਕਥਾਵਾਂ ਬੜੀਆਂ ਭਾਵਨਾ ਭਰਪੂਰ, ਵਿਨੋਦੀ ਤੇ ਰੌਚਕ ਹਨ । ਸ਼ੇਖ਼ ਚਿਲੀ ਥਾਨੇਸਰ ਦਾ ਵਸਨੀਕ ਸੀ ਤੇ ਇਸ ਨਾਲ ਜੁੜੀ ਲੋਕਧਾਰਾ ਮੂਲ ਵਿਚ ਪੰਜਾਬੀ ਚਰਿਤਰ ਦੀ ਹੈ । ਪੰਜਾਬ ਵਿਚੋਂ ਹੀ ਇਹ ਲੋਕ-ਕਥਾਵਾਂ ਆਸ ਪਾਸ ਦੇ ਖੇਤਰਾਂ ਵਿਚ ਪਸਰੀਆ । ਦੁਖ ਦੀ ਗੱਲ ਹੈ ਕਿ ਇਸ ਕੀਮਤੀ ਕਥਾ-ਪ੍ਰਵਾਹ ਨੂੰ ਪੰਜਾਬੀਆਂ ਨੇ ਸੰਭਾਲਣ ਦਾ ਅਜੇ ਤਕ ਕੋਈ ਉਪਰਾਲਾ ਨਹੀਂ ਕੀਤਾ । ਸ਼ੇਖ਼ ਚਿਲੀ ਦਾ ਕਥਾ-ਚਕਰ ਦੀ ਵਿਲਖਣਤਾ ਇਹ ਹੈ ਕਿ ਇਹ ਲਘੂ-ਕਥਾਵਾਂ ਸਾਡੀ ਨਿਤ ਦੀ ਵਾਰਤਾਲਾਪ ਦਾ ਅੰਗ

ਬਣ ਗਈਆਂ ਹਨ ।

(ਸ-711) **ਸ਼ੇਖ਼ ਟੀਹਰ :**

ਮੋਚੀਆਂ ਦਾ ਇਕ ਪੀਰ; ਆਪ ਦਾ ਅਸਲੀ ਨਾਂ ਸ਼ੇਖ਼ ਤਾਹਿਰ ਸੀ। ਆਪ ਜ਼ਾਤ ਦੇ ਕੁਰੈਸ਼ੀ ਸਨ ਅਤੇ ਅਰਬੀ ਕਬੀਲਿਆਂ ਦੇ ਨਾਲ ਹੀ ਭਾਰਤ ਵਿਚ ਆਏ। ਇਨ੍ਹਾਂ ਨੇ ਸਹਾਰਨਪੁਰ ਵਿਚ ਆ ਕੇ ਰਿਹਾਇਸ਼ ਕਰ ਲਈ। ਇਨ੍ਹਾਂ ਨੇ ਕਈ ਮੋਅਜਜ਼ੇ ਵਿਖਾਏ ਜਿਸ ਕਰ ਕੇ ਇਨ੍ਹਾਂ ਦੀ ਲੋਕਾਂ ਵਿਚ ਕਾਫ਼ੀ ਮਾਨਤਾ ਹੋਣ ਲੱਗੀ, ਖ਼ਾਸ ਤੌਰ ਤੇ ਮੋਚੀਆਂ ਵਿਚ। ਸਹਾਰਨਪੁਰ ਵਿਚ ਸ਼ੇਖ਼ ਟੀਹਰ ਦੀ ਖ਼ਾਨਗਾਹ ਮੌਜੂਦ ਹੈ। ਸ਼ੇਖ਼ ਟੀਹਰ ਦਾ ਸ਼ਿਜਰਾ 'ਨਸਬਨਾਮਾ ਮੋਚੀਆਂ' ਵਿਚ ਵੇਰਵੇ ਨਾਲ ਦਿਤਾ ਮਿਲਦਾ ਹੈ। ਮੋਚੀਆਂ ਵਿਚ, ਸ਼ੇਖ਼ ਟੀਹਰ ਦੀ ਮਾਨਤਾ ਬਾਰੇ ਵਾਰਸ ਸ਼ਾਹ ਨੇ ਵੀ ਸੰਕੇਤ ਕੀਤਾ ਹੈ — 'ਸ਼ੇਖ਼ ਟੀਰ ਪੀਰ ਮੋਚੀਆਂ ਦਾ......'

(ਸ-712) **ਸ਼ੇਖ਼ ਨੇਕਾ :**

ਮੀਆਂਵਾਲੀ ਦਾ ਇਕ ਪ੍ਰਸਿਧ ਫ਼ਕੀਰ, ਜਿਸ ਦੀ ਸਮਾਧ ਪਿੰਡ ਮਲਾ ਖੇਲ ਦੇ ਪੂਰਬ ਵਲ ਮੀਲ ਕੁ ਦੀ ਵਾਟ ਉਪਰ ਸਥਿਤ ਹੈ। ਸ਼ੇਖ਼ ਨੇਕਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੋਇਆ। ਇਹ ਬੜਾ ਪ੍ਰਤਾਪੀ ਫ਼ਕੀਰ ਸੀ। ਇਸ ਨੇ ਕਈ ਮੋਅਜਜ਼ੇ ਵਿਖਾਏ। ਇਕ ਵਾਰ,ਪਿੰਡ ਵਾਲਿਆਂ ਨੇ, ਕਿਸੇ ਗੱਲੋਂ, ਸ਼ੇਖ਼ ਨੇਕਾ ਨੂੰ ਬੜਾ ਦੁਖੀ ਕੀਤਾ ਤੇ ਉਸ ਨੇ ਕਰੋਧ ਵਿਚ ਆ ਕੇ ਪਿੰਡ ਨੂੰ ਹੀ ਸਰਾਪ ਦੇ ਦਿਤਾ। ਫਲਸਰੂਪ ਪਿੰਡ ਦੇ ਨਾਲੋਂ ਵਗਦੀ ਨਦੀ ਬਰੋਚ ਦਾ ਪਾਣੀ ਮਿਠੇ ਤੋਂ ਖਾਰਾ ਹੋ ਗਿਆ। ਸ਼ੇਖ਼ ਨੇਕਾ ਦੀ ਮਜ਼ਾਰ ਉਤੇ ਹਰ ਸਾਲ ਚੇਤਰ ਦੇ ਮਹੀਨੇ ਇਕ ਮੇਲਾ ਜੁੜਦਾ ਹੈ। ਲੋਕੀਂ ਸੁਖਣਾ ਸੁਖਦੇ ਤੇ ਚੜ੍ਹਾਵੇ ਚਾੜ੍ਹਦੇ ਹਨ। ਲੋਕਾਂ ਦਾ ਨਿਸਚਾ ਹੈ ਕਿ ਜਿਹੜਾ ਬੱਦਲ ਸ਼ੇਖ਼ ਨੇਕਾ ਦੀ ਮਜ਼ਾਰ ਵਾਲੀ ਪਹਾੜੀ ਉਤੇ ਵਿਖਾਈ ਦੇਵੇ, ਉਹ ਪਿੰਡ ਵਿਚ ਜ਼ਰੂਰ ਹੀ ਵਰ੍ਹਦਾ ਹੈ।

(ਸ-713) **ਸ਼ੇਖ਼ੂਪੁਰਾ :**

ਪਛਮੀ ਪੰਜਾਬ (ਪਾਕਿਸਤਾਨ) ਦਾ ਇਕ ਪ੍ਰਸਿਧ ਸ਼ਹਿਰ ਜਿਸ ਨੂੰ ਅਕਬਰ ਦੇ ਪੁੱਤਰ ਜਹਾਂਗੀਰ ਨੇ ਆਪਣੀ ਸ਼ਹਿਜ਼ਾਦਗੀ ਦੇ ਦਿਨਾਂ ਵਿਚ ਵਸਾਇਆ ਸੀ। ਉਦੋਂ ਜਹਾਂਗੀਰ ਬਾਦਸ਼ਾਹ ਸ਼ਹਿਜ਼ਾਦਾ ਸਲੀਮ ਦੇ ਨਾਂ ਨਾਲ ਪ੍ਰਸਿਧ ਸੀ, ਪਰ ਅਕਬਰ ਉਸ ਨੂੰ ਲਾਡ ਮਲ੍ਹਾਰ ਨਾਲ ਸ਼ੇਖ਼ੂ ਕਿਹਾ ਕਰਦਾ ਸੀ। ਸ਼ੇਖ਼ੂ ਇਸ ਇਲਾਕੇ ਵਿਚ ਕਦੇ ਕਦੇ ਸ਼ਿਕਾਰ ਖੇਡਣ ਲਈ ਆਇਆ ਕਰਦਾ ਸੀ। ਜਿਸ ਥਾਂ ਸ਼ੇਖ਼ੂ ਆਪਣਾ ਡੇਰਾ ਕੀਤਾ ਕਰਦਾ ਸੀ, ਉਥੇ ਉਸ ਨੇ ਮਗਰੋਂ ਇਕ ਪਿੰਡ ਵਸਾਇਆ ਜੋ ਸ਼ੇਖ਼ੂਪੁਰਾ ਦੇ ਨਾਂ ਨਾਲ ਪ੍ਰਸਿਧ ਹੋਇਆ।

ਇਸੇ ਇਲਾਕੇ ਵਿਚ ਸਲੀਮ ਨੇ ਇਕ ਵਾਰ ਸੁਨਹਿਰਾ ਹਿਰਨ ਮਾਰਿਆ। ਫਿਰ ਉਥੇ ਹੀ ਉਸਦੀ ਕਬਰ ਬਣਾ ਕੇ ਉਪਰ ਇਕ ਬਹੁਤ ਉਚਾ ਮੁਨਾਰਾ ਬਣਵਾਇਆ, ਜੋ 'ਹਰਨ ਮੁਨਾਰੇ' ਦੇ ਨਾਂ ਨਾਲ ਹੁਣ ਤਕ ਮੌਜੂਦ ਹੈ। ਇਥੇ ਹੀ ਸਲੀਮ ਨੇ ਇਕ ਵਿਸ਼ਾਲ ਪੱਕਾ ਤਲਾਅ ਬਣਵਾਇਆ। ਮਗਰੋਂ ਇਥੇ ਹੀ ਇਕ ਸਰਾਂ ਅਤੇ ਕਿਲ੍ਹਾ ਵੀ ਉਸਾਰਿਆ ਗਿਆ। ਸ਼ਹਿਜ਼ਾਦਾ ਸਲੀਮ ਦਾ ਲਸ਼ਕਰ ਵੀ ਅਕਸਰ ਇਥੇ ਹੀ ਰਹਿਣ ਲੱਗਾ ਸੀ ਜਿਸ ਕਰ ਕੇ ਉਸ ਥਾਂ ਦਾ ਨਾਂ ਸ਼ੇਖ਼ੂਪੁਰਾ ਪੈ ਗਿਆ (ਸੈਰ-ਇ-ਪੰਜਾਬ, 92)। ਸੰਮਤ 1865 ਬਿਕਰਮੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸ਼ੇਖ਼ੂਪੁਰਾ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਕੀਤਾ ਤੇ ਆਪਣੀ ਪਤਨੀ ਅਤੇ ਖੜਕ ਸਿੰਘ ਦੀ ਮਾਤਾ ਨਕਾਇਣ ਨੂੰ, ਸੌਂਪ ਦਿਤਾ। ਇਥੇ ਨਕਾਇਣ ਦਾ ਲਗਵਾਇਆ ਹੋਇਆ ਇਕ ਬਾਗ਼ ਤੇ ਉਹਦੇ ਵਿਚ ਬਣਵਾਈ ਗਈ ਬਾਰਾਂਦਰੀ ਹੁਣ ਤਕ ਮੌਜੂਦ ਹੈ। ਇਸੇ ਬਾਗ਼ ਵਿਚ ਨਕਾਇਣ ਦੀ ਸਮਾਧ ਵੀ ਹੈ।

ਸ਼ੇਖ਼ੂਪੁਰਾ ਦੇ ਇਕ ਕਸਬੇ ਸ਼ਰਕਪੁਰ ਵਿਚ ਮੀਆਂ ਮੁਹੰਮਦ ਸਮੀਰ ਦੀ ਖ਼ਾਨਗਾਹ ਉਤੇ ਹਰ ਸਾਲ 15 ਹਾੜ ਨੂੰ ਤਿੰਨ ਦਿਨਾਂ ਲਈ ਭਾਰੀ ਮੇਲਾ ਲਗਦਾ ਹੈ, ਜਿਸ ਵਿਚ ਆਲੇ ਦੁਆਲੇ ਦੇ ਇਲਾਕੇ ਵਿਚੋਂ ਹਜ਼ਾਰਾਂ ਸ਼ਰਧਾਲੂ ਸ਼ਾਮਲ ਹੁੰਦੇ ਹਨ। ਸ਼ੇਖ਼ੂਪੁਰੇ ਦਾ ਇਕ ਹੋਰ ਕਸਬਾ ਜੰਡਿਆਲਾ ਸ਼ੇਰ ਖ਼ਾਂ ਹੈ, ਜਿਥੋਂ ਦਾ ਵਸਨੀਕ ਵਾਰਸ ਸ਼ਾਹ ਸੀ।

ਸ਼ੇਖ਼ੂਪੁਰੇ ਵਿਚ ਇਕ ਪ੍ਰਸਿਧ ਨਾਲਾ ਡੇਕ ਜਾਂ ਦੇਵ ਹੈ। ਧਾਰਨਾ ਹੈ ਕਿ ਕਿਸੇ ਜ਼ਮਾਨੇ ਵਿਚ ਇਸ ਨਾਲੇ ਦਾ ਪਾਣੀ ਦੁਧ ਰੂਪ ਵਿਚ ਵਗਦਾ ਸੀ। ਇਸ ਦੇ ਕੰਢੇ ਇਕ ਪਿਪਲ ਦਾ ਦਰੱਖ਼ਤ ਸੀ

ਜਿਸ ਦੇ ਪੱਤੇ ਸੁਨਹਿਰੀ ਸਨ। ਪਦਮ ਪੁਰਾਣ ਵਿਚ ਵੀ ਇਸ ਨਾਲੇ ਦਾ ਜ਼ਿਕਰ 'ਦੇਵ' ਨਾਂ ਨਾਲ ਮਿਲਦਾ ਹੈ। ਇਸ ਨਾਲੇ ਦਾ ਸਬੰਧ ਰਾਮ ਚੰਦਰ ਨਾਲ ਵੀ ਜੋੜਿਆ ਜਾਂਦਾ ਹੈ। ਇਸ ਨਾਲੇ ਦੇ ਕੰਢੇ ਜਿਥੇ ਰਾਮ ਚੰਦਰ ਨੇ ਇਸ਼ਨਾਨ ਕੀਤਾ ਸੀ, ਉਥੇ ਹੁਣ ਪਕੀਆਂ ਪੌੜੀਆਂ ਬਣੀਆਂ ਹੋਈਆਂ ਹਨ। ਇਹ ਸਥਾਨ ਪਿੰਡ ਕਠਾਲੇ ਦੇ ਨੇੜੇ ਹੈ, ਅਤੇ ਦੇਸ਼ ਵੰਡ ਤੋਂ ਪਹਿਲਾਂ ਉਥੇ ਵਿਸਾਖੀ ਨੂੰ ਭਾਰੀ ਮੇਲਾ ਲਗਦਾ ਸੀ।

ਸ਼ੇਖ਼ੂਪੁਰੇ ਤੋਂ ਅਠਾਰਾਂ ਕੋਹ ਦੱਖਣ ਵਲ ਇਕ ਪਿੰਡ ਖ਼ਾਨਗਾਹ ਡੋਗਰਾਂ ਹੈ, ਜਿਥੇ ਸਾਉਣ ਦੀ ਸੰਗਰਾਂਦ ਨੂੰ ਇਕ ਮੇਲਾ ਲਗਦਾ ਹੈ। ਇਸ ਪਿੰਡ ਵਿਚ ਚਾਰ ਪੀਰਾਂ ਦੇ ਅਸਥਾਨ ਹਨ — ਦਰਗਾਹ ਗ਼ਾਜ਼ੀ ਦੀਵਾਨ ਸਾਹਿਬ, ਦਰਗਾਹ ਗ਼ਾਜ਼ੀ ਮਹਿਮੂਦ ਸ਼ਾਹ, ਮਜ਼ਾਰ ਪੀਰ ਸ਼ਾਹ ਤੇ ਰੋਜ਼ਾ ਸ਼ਾਹ ਸਦਰ-ਉਦ-ਦੀਨ। ਪਰ ਪੀਰ ਦੀਵਾਨ ਸਾਹਿਬ, ਜੋ ਜ਼ਾਤ ਦੇ ਡੋਗਰ ਸਨ, ਦੇ ਰੋਜ਼ੇ ਦੀ ਇਮਾਰਤ ਪੱਕੀ ਹੈ ਅਤੇ ਉਨ੍ਹਾਂ ਦੀ ਗੱਦੀ ਚਲ ਰਹੀ ਹੈ। ਇਸ ਪਿੰਡ ਦੇ ਵਸਨੀਕਾਂ ਦਾ ਪੱਕਾ ਨਿਸ਼ਚਾ ਹੈ ਕਿ ਪਿੰਡ ਵਿਚ ਜਿਹੜਾ ਸ਼ਖ਼ਸ ਮੰਜੀ ਉਪਰ ਸੌਵੇਂਗਾ, ਉਹ ਗੁੰਗਾ ਹੋ ਜਾਵੇਗਾ। ਇਸ ਵਾਸਤੇ ਉਥੇ ਕੋਈ ਆਦਮੀ ਮੰਜੀ ਉਪਰ ਨਹੀਂ ਸੌਂਦਾ। ਕਹਿੰਦੇ ਹਨ ਦੋ ਵਾਰੀ ਇਸਦਾ ਪਰਤਾਵਾ ਹੋ ਚੁਕਾ ਹੈ (ਸੈਰ-ਇ-ਪੰਜਾਬ, 95)।

ਸ਼ੇਖ਼ੂਪੁਰੇ ਵਿਚ ਹੀ ਸਿੱਖਾਂ ਦਾ ਪ੍ਰਸਿਧ ਇਤਿਹਾਸਕ ਸਥਾਨ ਨਨਕਾਣਾ ਸਾਹਿਬ ਹੈ, ਜਿਥੇ ਗੁਰੂ ਨਾਨਕ ਦੇਵ ਨੇ ਜਨਮ ਲਿਆ (ਵੇਖੋ : ਨਨਕਾਣਾ ਸਾਹਿਬ)।

ਸ਼ੇਖ਼ੂਪੁਰੇ ਦੇ ਇਲਾਕੇ ਵਿਚ ਇਕ ਪਿੰਡ ਅੰਬਾ ਕਾਪੀ ਹੈ ਜਿਸ ਦਾ ਸਬੰਧ ਰਾਜੇ ਸਿਰਕਪ ਨਾਲ ਜੋੜਿਆ ਜਾਂਦਾ ਹੈ। ਰਾਜਾ ਸਿਰਕਪ ਦੂਜੇ ਰਾਜਿਆਂ ਨਾਲ ਸਿਰਾਂ ਦੀ ਬਾਜ਼ੀ ਲਗਾ ਕੇ ਚੌਸਰ ਖੇਡਦਾ ਸੀ ਅਤੇ ਉਸ ਨੇ ਅਨੇਕਾਂ ਰਾਜਿਆਂ ਨੂੰ ਜਿਤ ਕੇ ਉਨ੍ਹਾਂ ਦੇ ਸਿਰ ਚਬੂਤਰੇ ਦੇ ਥੱਲੇ ਦਬਾਏ ਸਨ, ਇਹ ਥਾਂ ਹੁਣ ਤਕ ਉਥੇ ਮੌਜੂਦ ਹੈ (ਵੇਖੋ : ਸਿਰਕਪ)

ਸ਼ੇਖ਼ੂਪੁਰੇ ਵਿਚ ਹੀ ਦੁਲੇ ਭਟੀ ਦੀ ਬਾਰ ਹੈ। ਦੁਲਾ ਭਟੀ ਮੁਸਲਮਾਨ ਪਿੰਡੀ ਭਟੀਆਂ ਦਾ ਵਸਨੀਕ ਸੀ ਤੇ ਇਸੇ ਜੰਗਲ ਵਿਚ ਲੁਟ ਮਾਰ ਕਰਦਾ ਸੀ। ਇਸੇ ਨੂੰ 'ਸਾਂਦਲ ਬਾਰ' ਵੀ ਕਹਿੰਦੇ ਹਨ (ਵੇਖੋ : ਦੁਲਾ ਭਟੀ)।

(ਸ-714) **ਸੇਖੋਂ** :

ਜੱਟਾਂ ਦੀ ਇਕ ਗੋਤ (ਵੇਖੋ : ਜੱਟ)।

(ਸ-715) **ਸੇਠੀ** :

ਖਤਰੀਆਂ ਦੀ ਇਕ ਗੋਤ (ਵੇਖੋ : ਖਤਰੀ)।

(ਸ-716) **ਸੇਂਦੂ ਬੀਰ** :

ਇਕ ਪ੍ਰਸਿਧ ਬੀਰ ਜਿਸ ਦੇ ਅਸਥਾਨ ਗੁੰਗਠਾ (ਕਾਂਗੜਾ), ਬਸੋਲੀ (ਜੰਮੂ), ਭੂੰਗਰੀ, ਗੁਰਦਾਸਪੁਰ ਤੇ ਧਾਰ (ਗੁਰਦਾਸਪੁਰ) ਆਦਿ ਵਿਚ ਮਿਲਦੇ ਹਨ। ਇਨ੍ਹਾਂ ਇਲਾਕਿਆਂ ਦੇ ਕਾਸ਼ਤਕਾਰ ਸੇਂਦੂ ਬੀਰ ਵਿਚ ਸ਼ਰਧਾ ਅਤੇ ਵਿਸ਼ਵਾਸ਼ ਰਖਦੇ ਹੋਏ, ਸਾਵਣੀ ਤੇ ਹਾੜੀ ਦੀਆਂ ਫ਼ਸਲਾਂ ਦੀ ਕਟਾਈ ਮਗਰੋਂ ਸੇਂਦੂ ਬੀਰ ਨੂੰ ਪੂਜਦੇ ਤੇ ਉਸ ਨਮਿਤ ਕੜਾਹੀ ਭੇਟ ਕਰਦੇ ਹਨ। ਕਾਂਗੜੇ ਦੇ ਕਾਸ਼ਤਕਾਰਾਂ ਵਿਚ ਇਹ ਵਿਚਾਰ ਪ੍ਰਚਲਤ ਹੈ ਕਿ ਸੇਂਦੂ ਬੀਰ ਅੰਨ, ਦੁਧ ਘਿਉ ਅਤੇ ਖਾਣ ਪੀਣ ਦੀ ਸਾਮਗਰੀ ਅਛੋਪਲੇ ਹੀ ਢੋ ਢੋ ਕੇ ਆਪਣੇ ਸ਼ਰਧਾਲੂਆਂ ਦੇ ਘਰਾਂ ਵਿਚ ਪਹੁੰਚਾਦਾ ਰਹਿੰਦਾ ਹੈ। ਕਈ ਲੋਕ ਸੇਂਦੂ ਬੀਰ ਨੂੰ ਮੰਤਰਾਂ ਦੁਆਰਾ ਆਪਣੇ ਵਸ ਵਿਚ ਕਰ ਲੈਂਦੇ ਹਨ ਅਤੇ ਫਿਰ ਸੇਂਦੂ ਬੀਰ ਦੁਆਰਾ ਦੁਸ਼ਮਣਾਂ ਨੂੰ ਦੁਖ ਤਸੀਹੇ ਦੇਂਦੇ ਅਤੇ ਉਨ੍ਹਾਂ ਦੇ ਘਰਾਂ ਵਿਚ ਬੀਮਾਰੀਆ ਫੈਲਾਂਦੇ ਜਾਂ ਕੰਮ ਵਿਗਾੜਦੇ ਹਨ। ਸੇਂਦੂ ਬੀਰ ਆਪਣੇ ਭਗਤਾਂ ਦੇ ਦੁਸ਼ਮਣਾ ਨੂੰ ਬੜਾ ਤੰਗ ਕਰਦਾ ਅਤੇ ਕਈ ਵਾਰ ਉਨ੍ਹਾਂ ਦੀਆ ਤੀਵੀਆਂ ਨੂੰ ਵੀ ਭੋਗਦਾ ਹੈ। ਤੀਵੀਂ ਨੂੰ ਇਉਂ ਲਗਦਾ ਹੈ ਕਿ ਉਹ ਸੁਪਨੇ ਵਿਚ ਕਿਸੇ ਨਾਲ ਭੋਗ ਕਰ ਰਹੀ ਹੈ।

ਸੇਂਦੂ ਬੀਰ ਦੇ ਨਾਂ ਉਤੇ ਮੰਗਣ ਆਏ ਫ਼ਕੀਰ ਨੂੰ ਕਦੇ ਘਰੋਂ ਸਖਣਾ ਨਹੀਂ ਭੇਜਿਆ ਜਾਂਦਾ। ਜੇ ਕੋਈ ਫ਼ਕੀਰ ਕਹੇ ਕਿ ਉਹ ਸੇਂਦੂ ਬੀਰ ਦੇ ਸਥਾਨ ਤੋਂ ਆਇਆ ਹੈ, ਤਾਂ ਲੋਕ ਉਸ ਦੀਆਂ ਝੋਲੀਆਂ ਦਾਨ ਨਾਲ ਭਰ ਦੇਂਦੇ ਹਨ।

ਲੋਕਾਂ ਦੀ ਧਾਰਨਾ ਹੈ ਕਿ ਸੇਂਦੂ ਬੀਰ

ਆਪਣੇ ਸ਼ਰਧਾਲੂਆਂ ਨੂੰ ਕਦੇ ਕਦੇ ਗਦੀ ਦੀ ਸ਼ਕਲ ਵਿਚ ਵਿਖਾਈ ਦੇਂਦਾ ਹੈ। ਉਸ ਦੀ ਵੱਡੀ ਪਛਾਣ ਉਸ ਦੀ ਲੰਮੀ ਦਾੜ੍ਹੀ ਤੇ ਪਿਠ ਉਤੇ ਬੰਨ੍ਹੀ ਕਿੜ (ਲੰਮੀ ਟੋਕਰੀ) ਹੈ। ਇਸੇ ਲਈ ਕਈ ਲੋਕ ਸੇਂਦੂ ਬੀਰ ਦਾ ਨਾਉਂ ਲੈਣ ਦੀ ਥਾਂ ਉਸ ਨੂੰ 'ਦਾੜ੍ਹੀ ਵਾਲਾ' ਜਾਂ 'ਕਿੜੋ ਵਾਲਾ' ਵੀ ਆਖ ਲੈਂਦੇ ਹਨ।

ਸੇਂਦੂ ਬੀਰ ਨੂੰ ਬੁਲਾਉਣ ਲਈ ਕਾਂਗੜੇ ਵਿਚ ਇਕ ਮੰਤ੍ਰ ਪ੍ਰਚਲਤ ਹੈ, ਜੋ ਇਸ ਪ੍ਰਕਾਰ ਹੈ —

ਪਰਬਤ ਗੁਫਾ ਉਤੇ ਬਸੇ ਬਾਪ ਤੇਰਾ,
ਸੇਂਦੂ ਬੀਰ ਤੂੰ ਹੈਂ ਭਾਈ ਮੇਰਾ।
ਉਗਰਬੀਰ ਦਾ ਪੋਤਰਾ,
ਚੇਤਰਪਾਲ ਦਾ ਪੋਤਰਾ,
ਲੋਕਪਾਲ ਕਾ ਪੋਤਰਾ,
ਅਗਨੀਪਾਲ ਕਾ ਪੋਤਰਾ,
ਸੰਗੁਲਪਾਲ ਕਾ ਪੋਤਰਾ,
ਠੀਕਰਪਾਲ ਕਾ ਪੋਤਰਾ,
ਭੂਈਂਪਾਲ ਕਾ ਪੋਤਰਾ।
ਮਾਤਾ ਕੁੰਠਰਦੀ ਕਾ ਜਾਇਆ,
ਪੁੰਨਿਆ ਕਾ ਭਾਈ ਗੁਰਾਂ ਕਾ ਸਿਖ,
ਹਮਾਰਾ ਸਦਿਆ ਆਵੇ,
ਹਮਾਰਾ ਭੇਜਿਆ ਆਵੇ,
ਹਮਾਰਾ ਕਾਮ ਸ਼ਿਤਾਬ ਕਰ ਆਵੇ,
ਗੁਰੂ ਕੀ ਸ਼ਕਤ ਹਮਾਰੀ ਭਗਤ,
ਟੁਰੇ ਮੰਤਰ ਚਲੇ ਬਾਚਾ,
ਮਹਾਂ ਦਿਓ ਕਾ ਬਾਚਾ ਫੁਰੇ।

ਉਪ੍ਰੋਕਤ ਮੰਤ੍ਰ ਨੂੰ, ਕਿਸ ਦਰਿਆ ਦੇ ਕੰਢੇ ਜਾਂ ਮਰਘਟ ਵਿਚ, ਪਿਪਲ ਜਾ ਚੰਬਲੀ ਦੇ ਬ੍ਰਿਛ ਹੇਠਾਂ ਬੈਠ ਕੇ, ਇਕੀ ਦਿਨ ਰੋਜ਼ ਇਕ ਸੌ ਇਕ ਵਾਰ ਜਪਣਾ ਵਿਧਾਨ ਹੈ। ਕਿਸੇ ਤਲਾਬ, ਛੱਪੜ ਜਾਂ ਖੂਹ ਉਤੇ ਬੈਠ ਕੇ ਵੀ ਮੰਤ੍ਰ ਦਾ ਜਾਪ ਫਲਦਾਇਕ ਹੈ। ਜਿਨ੍ਹੀਂ ਦਿਨੀਂ ਮੰਤਰ ਦਾ ਜਾਪ ਕੀਤਾ ਜਾਵੇ, ਉਨ੍ਹੀਂ ਦਿਨੀਂ ਹਰ ਰੋਜ਼ ਸੇਂਦੂ ਬੀਰ ਨੂੰ ਸ਼ਰਾਬ, ਮੱਛੀ, ਮਾਸ, ਤੰਬਾਕੂ, ਖ਼ੁਸ਼ਬੂਦਾਰ ਫੁੱਲ, ਮਠਿਆਈ, ਨਰੇਲ ਭੇਟ ਕਰਨੀ ਲਾਜ਼ਮੀ ਹੈ। ਇਕੀਵੇਂ ਦਿਨ ਸੇਂਦੂ ਬੀਰ ਦੀ ਕਾਇਆ ਪ੍ਰਗਟ ਹੋ ਕੇ ਪੁਛਦੀ ਹੈ ਕਿ ਉਸ ਨੂੰ ਕਿਉਂ ਸਦਿਆ ਗਿਆ ਹੈ। ਉਦੋਂ ਬੀਰ ਤੋਂ ਇਹੋ ਵਰ ਮੰਗਿਆ ਜਾਵੇ ਕਿ ਜਦੋਂ ਵੀ ਸੇਂਦੂ ਬੀਰ ਨੂੰ ਸਦਿਆ ਜਾਵੇ, ਉਹ ਹਾਜ਼ਰ ਹੋ ਕੇ ਆਪਣੇ ਭਗਤ ਦੇ ਆਦੇਸ਼ ਦੀ ਪਾਲਣਾ ਕਰੇ। ਸੇਂਦੂ ਬੀਰ ਹਮੇਸ਼ਾਂ ਗਦੀ ਦੀ ਸ਼ਕਲ ਧਾਰ ਕੇ ਆਉਂਦਾ ਹੈ, ਪਰ ਉਸ ਦੀ ਆਮਦ ਵੇਲੇ ਸੀਟੀਆਂ ਦੀ ਆਵਾਜ ਆਉਣ ਲਗਦੀ ਹੈ। ਜਿਸ ਥਾਂ ਸੇਂਦੂ ਬੀਰ ਪ੍ਰਗਟ ਹੋਇਆ ਹੋਵੇ, ਉਥੇ, ਅਗਲੇ ਦਿਨ, ਸੇਂਦੂ ਬੀਰ ਦੇ ਨਮਿਤ ਇਕ ਭੇਡੂ ਭੇਟ ਕੀਤਾ ਜਾਵੇ। ਸੇਂਦੂ ਬੀਰ ਭੇਡੂ ਦੀ ਸਵਾਰੀ ਕਰਦਾ ਹੈ। ਅਜਿਹੇ ਭੇਡੂ ਨੂੰ 'ਗੋੜੀ' ਕਹਿੰਦੇ ਹਨ।

## (ਸ-717) **ਸ਼ੇਰ :**

ਸ਼ੇਰ ਪੰਜਾਬੀ ਲੋਕਧਾਰਾ ਵਿਚ ਬਲ ਤੇ ਪ੍ਰਾਕ੍ਰਮ ਦਾ ਪ੍ਰਤੀਕ ਹੈ। ਲੋਕ-ਧਾਰਨਾ ਹੈ ਕਿ ਸ਼ੇਰ ਵਿਚ ਵਿਸ਼ਨੂੰ ਦੇਵਤੇ ਦੀਆਂ ਕੁਝ ਕਲਾਵਾਂ/ਅੰਸ਼ ਵਿਦਮਾਨ ਹਨ। ਜਦੋਂ ਵਿਸ਼ਨੂੰ ਨੇ ਹਰਨਾਖਸ਼ ਦਾ ਸੰਘਾਰ ਕਰਨ ਲਈ ਨਰਸਿੰਘ ਦਾ ਅਵਤਾਰ ਧਾਰਨ ਕੀਤਾ ਤਾਂ ਸਹਿਜ ਭਾਵ ਵਿਚ ਹੀ ਸ਼ੇਰ ਜਾਤੀ ਵਿਚ ਵਿਸ਼ਨੂੰ ਭਗਵਾਨ ਦਾ ਕੁਝ ਅੰਸ਼ ਰਚ ਗਿਆ।

ਸ਼ੇਰ ਭਗਵਤੀ ਦੇਵੀ ਦਾ ਵੀ ਵਾਹਨ ਹੈ। ਇਕ ਵਾਰੀ ਭਗਵਤੀ ਦੇਵੀ ਨੇ ਕਿਸੇ ਗੱਲ ਤੋਂ ਪ੍ਰਸੰਨ ਹੋ ਕੇ ਸ਼ੇਰ ਨੂੰ ਵਰ ਮੰਗਣ ਲਈ ਕਿਹਾ ਤਾਂ ਸ਼ੇਰ ਨੇ ਆਪਣੀ ਸਾਰੀ ਜਾਤੀ ਲਈ ਨਿਰਭੈਤਾ ਤੇ ਸ਼ਕਤੀ ਦਾ ਵਰ ਮੰਗਿਆ, ਤਾਂ ਜੋ ਦੇਵੀ ਦੇ ਵਾਹਣ ਦੀ ਜਾਤੀ ਦੀ ਕਦੇ ਕਿਧਰੇ ਨਿਰਾਦਰੀ ਨਾ ਹੋਵੇ। ਇਸੇ ਲਈ ਸ਼ੇਰ ਨਿਰਭੈ ਤੇ ਬਲਵਾਨ ਹੈ।

ਸ਼ੇਰ ਦੀ ਗਰਜ ਸ਼ੁਭ ਸ਼ਗਨ ਹੈ। ਹਿਮਾਚਲ ਪ੍ਰਦੇਸ਼ ਦੇ ਨਗਰ ਨਾਹਨ ਦੀ ਨੀਂਹ ਸ਼ੇਰ ਦੀ ਗਰਜ ਦੇ ਸ਼ਗਨ ਨਾਲ ਰਖੀ ਗਈ ਤੇ ਇਸੇ ਤੋਂ ਸ਼ਹਿਰ ਦਾ ਨਾਉਂ ਨਾਹਰ (ਸ਼ੇਰ) ਰਖਿਆ ਗਿਆ, ਜੋ ਹੌਲੀ ਹੌਲੀ ਵਿਗੜ ਕੇ ਨਾਹਨ ਬਣ ਗਿਆ (ਪੰਜਾਬ ਦੀ ਸੈਰ, 341)।

ਸ਼ੇਰ ਦੇ ਦੰਦ, ਨਹੁੰ ਅਤੇ ਮੁਛ ਦੇ ਵਾਲ ਬਦਨਜ਼ਰ ਅਤੇ ਪ੍ਰੇਤ ਰੂਹਾਂ ਤੋਂ ਰੱਖਿਆ ਲਈ ਟੂਣੇ ਵਜੋਂ ਵਰਤੇ ਜਾਂਦੇ ਹਨ। ਮਾਵਾਂ ਸ਼ੇਰ ਦਾ ਦੰਦ, ਨਹੁੰ ਜਾਂ ਵਾਲ ਆਦਿ ਡੱਬੀ ਵਿਚ ਮੜ੍ਹ ਕੇ ਜਾਂ

ਧਾਗੇ ਵਿਚ ਪਰੋ ਕੇ ਆਪਣੇ ਬੱਚਿਆਂ ਦੇ ਗਲ ਵਿਚ ਪਾ ਦਿੰਦੀਆਂ ਹਨ। ਬੁਰੀ ਬਲਾਅ ਬੱਚੇ ਦੇ ਨੇੜੇ ਨਹੀਂ ਢੁਕਦੀ। ਇਹ ਵਿਚਾਰ ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ। ਪੰਜਾਬ ਦੇ ਕਈ ਖੱਤਰੀ ਸ਼ੇਰ ਦੇ ਮਾਸ ਨੂੰ ਸੁਕਾਅ ਕੇ ਘਰਾਂ ਵਿਚ ਰਖ ਲੈਂਦੇ ਹਨ ਅਤੇ ਜਦੋਂ ਕਿਸ ਬੱਚੇ ਨੂੰ ਮਾਤਾ ਨਿਕਲੇ ਤਾਂ ਉਸ ਟੁਕੜੇ ਨੂੰ ਧੂਣੀ ਵਾਂਗ ਧੁਖਾ ਕੇ, ਬੱਚੇ ਦੇ ਕੋਲ ਰਖ ਦਿਤਾ ਜਾਂਦਾ ਹੈ। ਕਹਿੰਦੇ ਹਨ ਬੱਚਾ ਛੇਤੀ ਨਵਾਂ ਨਰੋਆ ਹੋ ਜਾਂਦਾ ਹੈ। ਸ਼ੇਰ ਦੀ ਮੁੱਛ ਜੇ ਕਿਸੇ ਵੈਰੀ ਨੂੰ ਖਾਣੇ ਵਿਚ ਮਿਲਾ ਕੇ ਖਵਾ ਦਿਤੀ ਜਾਵੇ, ਤਾਂ ਵੈਰੀ ਦੀ ਮ੍ਰਿਤੂ ਹੋ ਜਾਂਦੀ ਹੈ। ਰਵਾਇਤ ਹੈ ਕਿ ਇਕ ਵਾਰ ਔਰੰਗਜ਼ੇਬ ਨੇ ਦਾਰਾ ਸ਼ਿਕੋਹ ਨੂੰ ਸ਼ੇਰ ਦੀ ਮੁਛ ਚਾਉਲਾਂ ਵਿਚ ਮਿਲਾ ਕੇ ਖਵਾਈ ਸੀ, ਪਰ ਗੁਰੂ ਹਰਿਰਾਇ ਦੀ ਬਖ਼ਸ਼ਿਸ਼ ਸਦਕਾ ਦਾਰਾ ਸ਼ਿਕੋਹ ਦੀ ਜਾਨ ਬਚ ਗਈ ਸੀ (ਗੁਰ ਪ੍ਰਤਾਪ ਸੂਰਜ)।

ਸ਼ੇਰਮੁਖਾ ਮਕਾਨ, ਜਿਸ ਦਾ ਮੱਥਾ ਵੱਡਾ ਤੇ ਪਿੱਠ ਛੋਟੀ ਹੁੰਦੀ ਹੈ, ਅਸ਼ੁਭ ਮੰਨਿਆ ਜਾਂਦਾ ਹੈ ਅਤੇ ਉਸ ਵਿਚ ਰਹਿਣ ਵਾਲੇ ਲੋਕ ਹਮੇਸ਼ਾਂ ਦੁਖ ਦਲਿਦਰ ਵਿਚ ਘਿਰੇ ਰਹਿੰਦੇ ਹਨ। ਇਸ ਦੇ ਉਲਟ ਗਊ ਮੁਖਾ ਮਕਾਨ ਸ਼ੁਭ ਸਮਝਿਆ ਜਾਂਦਾ ਹੈ (ਵੇਖੋ : ਗਊ ਮੁਖਾ)। ਪਰ ਸ਼ੇਰ ਮੁਖੀ ਕੰਙਣ, ਗੋਖੜੂ ਤੇ ਗਹਿਣੇ ਆਦਿ ਬੜੇ ਸ਼ੁਭ ਤੇ ਕਲਿਆਣੀ ਮੰਨੇ ਜਾਂਦੇ ਹਨ। ਇਨ੍ਹਾਂ ਕੰਙਣਾਂ ਦੇ ਵਿਚੋਂ ਮੂੰਹ ਖੁਲ੍ਹੇ ਹੁੰਦੇ ਹਨ ਅਤੇ ਦੋਵੇਂ ਪਾਸੇ ਸ਼ੇਰ ਦੇ ਮੁਖੜੇ ਦੀ ਮੂਰਤੀ ਬਣੀ ਹੁੰਦੀ ਹੈ।

ਕੁਝ ਜਾਤੀਆਂ ਵਿਚ ਸ਼ੇਰ ਦੀ ਪੂਜਾ ਵੀ ਕੀਤੀ ਜਾਦੀ ਹੈ। ਸਹੋਤਰਾ ਚੂਹੜੇ ਸ਼ੇਰ ਦੀ ਮੂਰਤੀ ਬਣਾ ਕੇ ਪੂਜਦੇ ਹਨ। ਉਨ੍ਹਾਂ ਵਿਚ ਵਿਆਹ ਵੇਲੇ ਸ਼ੇਰ ਦੀ ਮੂਰਤੀ ਨੂੰ ਘਰ ਵਿਚ ਸਥਾਪਿਤ ਕਰ ਕੇ, ਉਚੇਚੀ ਪੂਜਾ ਕੀਤੀ ਜਾਂਦੀ ਹੈ। ਵੈਸੇ ਇਸ ਗੋਤ ਵਿਚ ਪ੍ਰਾਣਧਾਰੀ ਸ਼ੇਰ ਨੂੰ ਵੇਖਣਾ ਨਿਸ਼ੇਧ ਹੈ।

ਪੰਜਾਬੀ ਲੋਕਧਾਰਾ ਵਿਚ ਸ਼ੇਰਨੀ ਦਾ ਦੁੱਧ ਬੜਾ ਸ਼ੁਭ ਤੇ ਫਲਦਾਇਕ ਮੰਨਿਆ ਜਾਂਦਾ ਹੈ। ਕਹਿੰਦੇ ਹਨ ਕਿ ਬੱਚੇ ਨੂੰ ਜੇ ਸ਼ੇਰਨੀ ਦੇ ਦੁੱਧ ਦੀ ਗੁੜ੍ਹਤੀ ਦਿਤੀ ਜਾਵੇ ਤਾਂ ਉਹ ਬੜਾ ਸਾਹਸੀ ਤੇ ਪ੍ਰਾਕ੍ਰਮੀ ਨਿਕਲਦਾ ਹੈ। ਰਵਾਇਤ ਹੈ ਕਿ ਰਾਜਾ ਰਸਾਲੂ ਨੂੰ ਜੰਮਦਿਆਂ ਸਾਰ, ਸਲਵਾਨ ਨੇ ਸ਼ੇਰਨੀ ਦੇ ਦੁੱਧ ਦੀ ਗੁੜ੍ਹਤੀ ਦਿਤੀ ਤਾਂ ਜੋ ਕਿਧਰੇ ਉਹ ਵੀ ਪੂਰਨ ਵਾਂਗ ਸਾਧ-ਬਿਰਤੀ ਵਾਲਾ ਨਾ ਬਣ ਜਾਵੇ। ਇਹੋ ਕਾਰਨ ਸੀ ਕਿ ਰਸਾਲੂ ਵਰਗਾ ਸਾਹਸੀ ਤੇ ਪ੍ਰਾਕ੍ਰਮੀ ਲੋਕ-ਨਾਇਕ ਵਿਸ਼ਵ ਵਿਚ ਦੂਜਾ ਪੈਦਾ ਨਹੀਂ ਹੋ ਸਕਿਆ।

ਸ਼ੇਰਨੀ ਦਾ ਦੁੱਧ ਕਈ ਲੋਕ-ਕਹਾਣੀਆਂ ਦੀ ਕਥਾਨਿਕ-ਰੂੜ੍ਹੀ ਹੈ। ਨਾਇਕ ਨੂੰ ਸ਼ੇਰਨੀ ਦਾ ਦੁੱਧ ਲਿਆਉਣ ਦਾ ਕਠਨ ਕੰਮ ਸੌਂਪਿਆ ਜਾਂਦਾ ਹੈ। ਨੀਤੀ ਕਥਾਵਾਂ ਵਿਚ ਸ਼ੇਰ ਦੇ ਚਰਿਤ੍ਰ ਦੇ ਕਈ ਵਚਿਤ੍ਰ ਰੰਗ ਵੇਖਣ ਨੂੰ ਮਿਲਦੇ ਹਨ। ਕਿਧਰੇ ਉਹ ਇਤਨਾ ਦਿਆਲੂ ਹੈ ਕਿ ਆਪਣੇ ਮੁਖ ਉਪਰ ਕੁਦ ਕੇ ਚੜ੍ਹ ਆਏ ਚੂਹੇ ਨੂੰ ਪੰਜੇ ਵਿਚ ਫੜ ਕੇ ਵੀ ਮਾਫ਼ ਕਰ ਦੇਂਦਾ ਹੈ। ਪਰ ਕਿਧਰੇ ਉਹ ਇਤਨਾ ਮੂਰਖ ਵਿਖਾਇਆ ਗਿਆ ਹੈ ਕਿ ਖ਼ਰਗੋਸ਼ ਦੀ ਚਾਲ ਵਿਚ ਫਸ ਕੇ, ਖੂਹ ਵਿਚ ਆਪਣਾ ਪ੍ਰਛਾਵਾਂ ਵੇਖ ਕੇ, ਉਸ ਨੂੰ ਕੋਈ ਦੂਜਾ ਸ਼ੇਰ ਸਮਝਦਾ ਹੋਇਆ ਮਾਰਨ ਲਈ ਖੂਹ ਵਿਚ ਛਾਲ ਮਾਰ ਦੇਂਦਾ ਹੈ।

## (ਸ-718) ਸ਼ੇਰ ਅਤੇ ਬਕਰੀ :

ਇਕ ਪ੍ਰਸਿਧ ਖੇਡ, ਜਿਸ ਨੂੰ ਬਹੁਤ ਸਾਰੇ ਬੱਚੇ ਰਲ ਕੇ ਖੇਡਦੇ ਹਨ। ਦੋ ਜਣੇ ਸ਼ੇਰ ਅਤੇ ਬਕਰੀ ਬਣ ਜਾਂਦੇ ਹਨ। ਬਾਕੀ ਬੱਚੇ ਇਕ ਘੇਰੇ ਵਿਚ ਖੜੇ ਹੋ ਕੇ ਉਂਗਲਾਂ ਦੀਆਂ ਕੰਘੀਆਂ ਪਾ ਕੇ ਜ਼ੰਜੀਰੀ ਜਿਹੀ ਬਣਾ ਲੈਂਦੇ ਹਨ। ਬਕਰੀ ਮਿਆਂਕਦੀ ਹੋਈ ਘੇਰੇ ਦੁਆਲੇ ਅਗੇ ਅਗੇ ਨਸਦੀ ਹੈ ਅਤੇ ਸ਼ੇਰ ਗਰਜਦਾ ਹੋਇਆ ਉਸ ਨੂੰ ਫੜਨ ਲਈ ਉਹਦੇ ਮਗਰ ਮਗਰ ਦੌੜਦਾ ਹੈ। ਬਕਰੀ ਸ਼ੇਰ ਤੋਂ ਆਪਾ ਬਚਾਉਣ ਲਈ, ਕਦੇ ਘੇਰੇ ਦੇ ਅੰਦਰ ਜਾ ਵੜਦੀ ਹੈ ਤੇ ਕਦੇ ਬਾਹਰ ਨਿਕਲ ਆਉਂਦੀ ਹੈ। ਜਦੋਂ ਬਕਰੀ ਦਾਇਰੇ ਦੇ ਅੰਦਰ ਵੜਨਾ ਚਾਹੇ ਤਾਂ ਘੇਰੇ ਵਿਚ ਖਲੋਤੇ ਬੱਚੇ ਆਪਣੀਆਂ ਬਾਹਵਾਂ ਉਪਰ ਕਰ ਕੇ, ਉਹਨੂੰ ਆਉਣ ਲਈ ਰਾਹ ਦੇਂਦੇ ਹਨ, ਪਰ ਜਦੋਂ ਸ਼ੇਰ ਉਹਦਾ ਪਿਛਾ ਕਰਦਾ ਹੋਇਆ ਉਹਨੂੰ ਫੜਨ ਲਈ ਘੇਰੇ ਦੇ ਅੰਦਰ ਆਉਣਾ ਚਾਹੁੰਦਾ ਹੈ ਤਾਂ ਦਾਇਰੇ ਵਾਲੇ ਮੁੰਡੇ ਉਹਨੂੰ ਰੋਕਣ ਦਾ ਪੂਰਾ ਵਾਹ

ਲਗਾਉਂਦੇ ਹਨ। ਜੇ ਜ਼ੋਰ ਜ਼ਬਰ ਨਾਲ ਸ਼ੇਰ ਦਾਇਰੇ ਦੇ ਅੰਦਰ ਘੁਸ ਆਵੇ ਤਾਂ ਮੁੰਡੇ ਬਕਰੀ ਨੂੰ ਝਟ ਬਾਹਾਂ ਉਤਾਂਹ ਕਰ ਕੇ ਬਾਹਰ ਕਢ ਦਿੰਦੇ ਅਤੇ ਫਿਰ ਸ਼ੇਰ ਨੂੰ ਦਾਇਰੇ ਦੇ ਅੰਦਰ ਹੀ ਡਕ ਲੈਂਦੇ ਹਨ। ਇਸ ਤਰ੍ਹਾਂ ਜੇ ਸ਼ੇਰ ਬਾਹਰ ਹੋਵੇ ਤਾਂ ਬਕਰੀ ਅੰਦਰ ਆ ਜਾਂਦੀ ਹੈ ਅਤੇ ਜੇ ਸ਼ੇਰ ਅੰਦਰ ਘੁਸ ਆਵੇ ਤਾਂ ਬਕਰੀ ਬਾਹਰ ਨਠ ਜਾਂਦੀ ਹੈ। ਜਦੋਂ ਤਕ ਸ਼ੇਰ ਬਕਰੀ ਨੂੰ ਫੜ ਨਹੀਂ ਲੈਂਦਾ ਉਦੋਂ ਤਕ ਖੇਡ ਚਾਲੂ ਰਹਿੰਦੀ ਹੈ।

(ਸ–719) **ਸ਼ੇਰਮੁਖਾ :**

(ਵੇਖੋ : ਗਊਮੁਖਾ ਸ਼ੇਰਮੁਖਾ)

(ਸ–720) **ਸ਼ੇਰਮੇਲੂ :**

ਸ਼ਾਹਪੁਰ ਦੇ ਇਕ ਪੀਰ ਸ਼ਾਹ ਸ਼ਮਸ ਦਾ ਊਠ; ਸ਼ੇਰਮੇਲੂ ਬਾਰੇ ਇਸ ਇਲਾਕੇ ਵਿਚ ਕਈ ਅਦਭੁਤ ਕਥਾਵਾਂ ਤੇ ਰਵਾਇਤਾਂ ਪ੍ਰਚਲਤ ਹਨ। ਪੀਰ ਸ਼ਾਹ ਸ਼ਮਸ ਸ਼ੀਰਾਜ ਤੋਂ ਸ਼ਾਹਪੁਰ ਵਿਚ ਆ ਕੇ ਆਬਾਦ ਹੋਇਆ ਸੀ। ਖ਼ੁਦ ਤਾਂ ਉਹ ਇਕ ਦਰੱਖ਼ਤ ਹੇਠਾਂ ਬੈਠਾ ਤਪ ਤੇ ਜ਼ੁਹਦ ਵਿਚ ਲੀਨ ਰਹਿੰਦਾ ਸੀ, ਪਰ ਆਪਣੇ ਊਠ ਦੇ ਗਲ ਵਿਚ ਝੋਲਾ ਲਟਕਾ ਕੇ, ਉਸ ਨੂੰ ਲੋਕਾ ਦੇ ਘਰਾਂ ਵਿਚ ਭਿਛਿਆ ਮੰਗਣ ਲਈ ਭੇਜ ਦੇਂਦਾ ਸੀ। ਸ਼ਾਹ ਸ਼ਮਸ ਬੜਾ ਕਰਾਮਾਤੀ ਪੀਰ ਸੀ। ਇਕ ਵਾਰ ਪਿੰਡ ਦੇ ਜ਼ਿਮੀਂਦਾਰ ਨਾਲ ਉਸ ਦਾ ਝਗੜਾ ਹੋ ਗਿਆ ਅਤੇ ਜ਼ਿਮੀਂਦਾਰ ਨੇ ਕਰੋਧ ਵਿਚ ਆ ਕੇ ਸ਼ਾਹ ਸ਼ਮਸ ਦਾ ਸਿਰ ਵਢ ਦਿਤਾ। ਪਰ ਅਗਲੇ ਦਿਨ ਲੋਕੀਂ ਸ਼ਾਹ ਸ਼ਮਸ ਨੂੰ ਜਿਉਂਦਾ ਵੇਖ ਕੇ ਹੈਰਾਨ ਰਹਿ ਗਏ। ਸ਼ੇਰਮੇਲੂ ਊਠ ਭਿਛਿਆ ਲਏ ਬਗ਼ੈਰ ਕਿਸੇ ਬੂਹੇ ਅਗੋਂ ਨਹੀਂ ਸੀ ਹਿਲਦਾ। ਪਿੰਡ ਵਿਚ ਉਸ ਊਠ ਦੀ ਇਤਨੀ ਮਾਨਤਾ ਸੀ ਕਿ ਲੋਕ ਦੁਖ-ਦਲਿਦਰ ਤੋਂ ਬਚਣ ਲਈ ਸ਼ੇਰਮੇਲੂ ਦੇ ਵਾਲਾ ਦਾ ਤਾਅਵੀਜ਼ ਗਲ ਵਿਚ ਬੰਨ੍ਹਦੇ ਸਨ। ਕਹਿੰਦੇ ਹਨ ਇਕ ਵਾਰ ਇਕ ਮਰ ਰਹੇ ਰੋਗੀ ਨੂੰ ਸ਼ੇਰਮੇਲੂ ਨੇ ਸੁੰਘਿਆ ਤਾਂ ਉਹ ਨਵਾਂ ਨਰੋਆ ਹੋ ਗਿਆ (ਆਧਾਰ : ਸ਼ਾਹਪੁਰ ਗਜ਼ਟੀਅਰ)।

(ਸ–721) **ਸੇਲਾ :**

(1) ਕਰਨਾਲ ਦੇ ਹਿੰਦੂਆਂ ਵਿਚ ਪ੍ਰਚਲਤ ਇਕ ਰੀਤ; ਜਦੋਂ ਦੂਲ੍ਹਾ ਡੋਲੀ ਲੈ ਕੇ ਘਰ ਆਉਂਦਾ ਹੈ, ਤਾਂ ਘਰ ਦੇ ਦਰਵਾਜ਼ੇ ਉਤੇ ਦੂਲ੍ਹੇ ਤੇ ਦੁਲ੍ਹਨ ਸਮੇਤ ਸਾਰੇ ਬਰਾਤੀ ਖੜੇ ਹੋ ਜਾਂਦੇ ਹਨ। ਬੂਹੇ ਦੇ ਉਤੇ ਪਹਿਲਾਂ ਤੋਂ ਹੀ ਮਹਿੰਦੀ ਦਾ ਥਾਪਾ ਲੱਗਾ ਹੁੰਦਾ ਹੈ। ਦਰਵਾਜ਼ੇ ਦੇ ਕੋਲ ਇਕ ਚੌਕੀ ਰਖੀ ਜਾਂਦੀ ਹੈ, ਜੋ ਦੁਲ੍ਹਨ ਦੇ ਘਰੋਂ ਬਰਾਤੀ ਨਾਲ ਲਿਆਏ ਹੁੰਦੇ ਹਨ। ਇਸ ਚੌਕੀ ਉਪਰ ਦੂਲ੍ਹਾ ਤੇ ਦੁਲ੍ਹਨ ਦੋਵੇਂ ਖੜੇ ਹੁੰਦੇ ਹਨ, ਇਸੇ ਤੋਂ ਇਸ ਰੀਤ ਨੂੰ 'ਚੌਕੀ ਚੜ੍ਹਨਾ' ਵੀ ਕਹਿੰਦੇ ਹਨ। ਫਿਰ ਦੂਲ੍ਹੇ ਦੀ ਮਾਂ ਸੇਲੇ ਨਾਲ ਦੂਲ੍ਹੇ ਤੇ ਦੁਲ੍ਹਨ ਦੇ ਕਦ ਮਿਣਦੀ ਹੈ। ਸੇਲਾ ਬਲਦ ਦੀ ਪੂਛਲ ਦੇ ਵਾਲਾਂ ਨੂੰ ਗੁੰਦ ਕੇ ਬਣਾਇਆ ਜਾਂਦਾ ਹੈ। ਇਹ ਸੇਲਾ ਵਰ ਤੇ ਕੰਨਿਆ ਦੋਹਾਂ ਦੀਆਂ ਬਲਾਵਾਂ ਆਪਣੇ ਸਿਰ ਉਪਰ ਲੈ ਲੈਂਦਾ ਮੰਨਿਆ ਜਾਂਦਾ ਹੈ। ਇਸ ਸੇਲੇ ਨੂੰ ਰੂੜ੍ਹੀ ਉਤੇ ਸੁਟ ਦਿਤਾ ਜਾਂਦਾ ਹੈ। ਫਿਰ ਸਿਰ ਵਾਰਨਾ ਕੀਤਾ ਜਾਂਦਾ ਹੈ।

(2) ਮਲਮਲ ਆਦਿ ਦਾ ਉਹ ਦੁਪੱਟਾ ਜੋ ਸੰਤ ਮਹਾਤਮਾ, ਮਹਾਂਪੁਰਸ਼ ਤੇ ਗਿਆਨੀ ਆਦਿ ਗਲੇ ਵਿਚ ਲਟਕਾਈ ਰਖਦੇ ਹਨ। ਸੇਲਾ ਪਵਿਤ੍ਰਤਾ ਤੇ ਵਡਿਆਈ ਦਾ ਪ੍ਰਤੀਕ ਬਣ ਗਿਆ ਹੈ ਅਤੇ ਇਸ ਕਪੜੇ ਵਿਚ ਦੈਵੀ ਗੁਣ ਤੇ ਬਖ਼ਸ਼ਿਸ਼ ਮੰਨੀ ਜਾਂਦੀ ਹੈ। ਕਈ ਲੋਕ ਜਿਨ੍ਹਾਂ ਦੇ ਘਰ ਸੁਖਣਾ ਤੇ ਮੰਨਤਾਂ ਸਦਕਾ ਬੱਚਾ ਪੈਦਾ ਹੋਇਆ ਹੋਵੇ, ਉਹ ਬੱਚੇ ਦਾ ਪਹਿਲਾ ਕੁੜਤਾ ਕਿਸੇ ਸਾਧ ਦੇ ਸੇਲੇ ਵਿਚੋਂ ਟੁਕੜਾ ਲੈਕੇ ਬਣਾਉਂਦੇ ਤੇ ਬੱਚੇ ਨੂੰ ਪਹਿਨਾਂਦੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਬੱਚਾ ਦੀਰਘ ਆਯੂ ਭੋਗਦਾ ਹੈ ਅਤੇ ਉਸ ਦੇ ਨੇੜੇ ਪ੍ਰੇਤ ਆਤਮਾ ਨਹੀਂ ਫਟਕਦੀ।

(ਸ–722) **ਸੇਲ੍ਹੀ :**

ਕਾਲੀ ਉੱਨ ਦੇ ਬਰੀਕ ਧਾਗਿਆਂ ਦੀ ਬਣੀ ਮਾਲਾ ਜਾਂ ਰੱਸੀ, ਜਿਸ ਨੂੰ ਕਈ ਸੰਤ ਫ਼ਕੀਰ ਮਾਲਾ ਦੇ ਰੂਪ ਵਿਚ ਕੰਠ ਵਿਚ ਧਾਰਨ ਕਰਦੇ ਜਾਂ ਰੱਸੀ ਦੀ ਸ਼ਕਲ ਵਿਚ ਸਿਰ ਦੀ ਟੋਪੀ ਉਤੇ ਵਲ੍ਹੇਟਦੇ ਹਨ। ਇਹ ਮਾਲਾ/ਰੱਸੀ ਸੁਥਰੇ ਫ਼ਕੀਰਾਂ ਦੇ ਪਹਿਰਾਵੇ ਦਾ ਅੰਗ ਰਹੀ ਹੈ। ਸੇਲ੍ਹੀ

ਤਿਆਗ ਦਾ ਚਿੰਨ੍ਹ ਹੈ ਤੇ ਗੁਰ-ਪ੍ਰਤਿਭਾ ਦਾ ਵੀ। ਮਟਕਾਲ ਵਿਚ ਜਦੋਂ ਕੋਈ ਗੁਰੂ ਆਪਣੇ ਕਿਸੇ ਮੁਰੀਦ ਨੂੰ ਆਪਣੀ ਗੱਦੀ ਬਖ਼ਸ਼ਦਾ ਸੀ ਤਾਂ ਆਪਣੀ ਸੇਲ੍ਹੀ ਅਤੇ ਟੋਪੀ ਵੀ ਉਸਨੂੰ ਬਖ਼ਸ਼ਿਸ਼ ਦੇ ਰੂਪ ਵਿਚ ਪ੍ਰਦਾਨ ਕਰਦਾ ਸੀ। ਇਸੇ ਸੇਲ੍ਹੀ ਟੋਪੀ ਦੁਆਰਾ ਉਸ ਵਿਚ ਗੁਰ-ਪ੍ਰਤਿਭਾ ਆ ਬਿਰਾਜਦੀ। ਇਸੇ ਤੋਂ ਸੇਲ੍ਹੀ ਟੋਪੀ ਗੁਰ-ਗੱਦੀ ਦਾ ਚਿੰਨ੍ਹ ਬਣ ਗਈ।

ਮੁੱਢ ਵਿਚ ਗੁਰੂ ਘਰ ਵਿਚ ਵੀ ਸੇਲ੍ਹੀ ਪਹਿਨਣ ਦੀ ਪ੍ਰਥਾ ਰਹੀ। ਮਹਾਨ ਕੋਸ਼ (171) ਅਨੁਸਾਰ ਗੁਰੂ ਨਾਨਕ ਦੇਵ ਦੀ ਸੰਪ੍ਰਦਾਇ ਵਿਚ ਸੇਲ੍ਹੀ ਦੇ ਪਹਿਨਣ ਦੀ ਰੀਤ ਗੁਰੂ ਅਰਜਨ ਦੇਵ ਤਕ ਪ੍ਰਚਲਤ ਰਹੀ, ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੱਦੀ ਉਪਰ ਬੈਠਨ ਵੇਲੇ ਸੇਲ੍ਹੀ ਨੂੰ ਤੋਸ਼ੇਖਾਨੇ ਵਿਚ ਰਖਵਾ ਕੇ, ਉਸ ਦੀ ਥਾਂ ਖੜਗ ਧਾਰਨ ਕੀਤੀ। ਕਈ ਬੇਦੀਆਂ ਵਿਚ ਸੇਲ੍ਹੀ ਪਹਿਨਣ ਦੀ ਪ੍ਰਥਾ ਹੁਣ ਤਕ ਹੈ।

(ਸ-723) **ਸੇਵਾ ਪੰਥੀ** :

ਭਾਈ ਕਨ੍ਹਈਆ ਜੀ ਦੀ ਚਲਾਈ ਹੋਈ ਇਕ ਸੰਪ੍ਰਦਾਇ; ਇਸ ਸੰਪ੍ਰਦਾਇ ਦਾ ਨਾਉਂ ਸਮੇਂ ਸਮੇਂ ਬਦਲਦਾ ਰਿਹਾ। ਆਰੰਭ ਵਿਚ ਇਸ ਦਾ ਨਾਂ ਸੇਵਾ ਪੰਥ ਸੀ।

ਭਾਈ ਕਨ੍ਹਈਆ ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੇ ਵਰੋਸਾਏ ਹੋਏ ਸਿੱਖ ਸਨ। ਉਹ ਸਭ ਮਾਨਵ ਜਾਤੀ ਨਾਲ ਬਿਨਾਂ ਕਿਸੇ ਪਖਪਾਤ ਦੇ ਪ੍ਰੇਮ ਕਰਦੇ ਸਨ। ਸੰਮਤ 1760-61 ਵਿਚ, ਗੁਰੂ ਗੋਬਿੰਦ ਸਿੰਘ ਦੇ ਮੁਗ਼ਲਾਂ ਨਾਲ ਹੋਏ ਇਕ ਯੁਧ ਵਿਚ, ਕਨ੍ਹਈਆ ਜੀ ਨੇ ਫਟੜਾਂ ਦੀ ਸੇਵਾ ਕਰਦਿਆਂ, ਸਿੱਖਾਂ ਤੇ ਮੁਸਲਮਾਨਾਂ ਅਥਵਾ ਮਿਤ੍ਰਾਂ ਤੇ ਸ਼ਤਰੂਆਂ ਵਿਚ ਭੇਦ ਭਾਵ ਨਹੀਂ ਸੀ ਰਖਿਆ। ਭਾਈ ਕਨ੍ਹਈਆ ਦੀ ਸੰਪ੍ਰਦਾਇ 'ਸੇਵਾ ਪੰਥ' ਦੇ ਨਾਂ ਨਾਲ ਪ੍ਰਸਿਧ ਸੀ। ਭਾਈ ਕਨ੍ਹਈਆ ਦੇ ਪਰਲੋਕ ਗਮਨ ਤੋਂ ਬਾਅਦ ਇਸ ਸੰਪ੍ਰਦਾਇ ਦੇ ਝਾੜੂ ਬਰਦਾਰ ਭਾਈ ਸੇਵਾ ਰਾਮ ਜੀ ਹੋਏ, ਜਿਨ੍ਹਾਂ ਨੇ ਆਪਣਾ ਡੇਰਾ ਨੂਰਪੁਰ ਵਿਚ ਸਥਾਪਿਤ ਕੀਤਾ। ਆਪ ਨੇ ਸੇਵਾ ਪੰਥ ਦਾ ਪਾਸਾਰ ਬੜੀਆਂ ਘਾਲਣਾਂ ਨਾਲ ਦੂਰ ਦੂਰ ਤਕ ਕੀਤਾ। ਭਾਈ ਸੇਵਾ ਰਾਮ ਤੋਂ ਬਾਅਦ ਭਾਈ ਅਡਣ ਸ਼ਾਹ ਹੋਏ ਜੋ ਬੜੇ ਪ੍ਰਤਾਪੀ, ਕਰਣੀ ਵਾਲੇ ਤੇ ਪਰਉਪਕਾਰੀ ਮਹਾਂਪੁਰਸ਼ ਸਨ। ਆਪ ਦੀ ਪ੍ਰਤਿਭਾ ਤੇ ਸਹਿਜ ਯੋਗਤਾ ਦਾ ਪ੍ਰਭਾਵ ਸੇਵਾ ਪੰਥੀਆਂ ਉਤੇ ਇਤਨਾ ਪਿਆ ਕਿ ਇਸ ਸੰਪ੍ਰਦਾਇ ਦਾ ਨਾਉਂ ਹੀ 'ਅਡਣ ਸ਼ਾਹੀ' ਪੈ ਗਿਆ।

ਅਡਣ ਸ਼ਾਹ ਦਾ ਜਨਮ ਝੰਗ ਦੇ ਇਕ ਪਿੰਡ ਲਊ ਵਿਚ ਹੋਇਆ। ਆਪ ਦੇ ਜਨਮ ਬਾਰੇ ਨਿਸਚਿਤ ਵੇਰਵਾ ਨਹੀਂ ਮਿਲਦਾ। ਪ੍ਰੋ: ਪ੍ਰੀਤਮ ਸਿੰਘ (ਪਾਰਸ ਭਾਗ 156) ਅਨੁਸਾਰ ਆਪ ਵਿਸਾਖ ਸੁਦੀ 8, ਸੰਮਤ 1814 ਬਿਕਰਮੀ ਨੂੰ ਪਰਲੋਕ ਸਿਧਾਰੇ। ਆਪ ਬੜੇ ਪ੍ਰਤਿਭਾਸ਼ਾਲੀ ਵਿਦਵਾਨ ਸਨ ਅਤੇ ਆਪ ਨੇ ਸੰਸਕ੍ਰਿਤ ਤੇ ਫ਼ਾਰਸੀ ਦਾ ਡੂੰਘਾ ਅਧਿਐਨ ਕੀਤਾ। ਆਪ ਨੇ ਕੁਝ ਗ੍ਰੰਥ ਵੀ ਰਚੇ, ਜਿਨ੍ਹਾਂ ਵਿਚੋਂ ਕੁਝ ਮੌਲਿਕ ਹਨ ਅਤੇ ਕੁਝ ਅਨੁਵਾਦਿਤ। ਅਨੁਵਾਦਾਂ ਵਿਚੋਂ ਸਭ ਤੋਂ ਪ੍ਰਸਿਧ ਰਚਨਾ 'ਪਾਰਸ ਭਾਗ' ਹੈ, ਜੋ ਫ਼ਾਰਸੀ ਦੇ ਪ੍ਰਸਿਧ ਲੇਖਕ ਅਬੂ ਹਾਮਿਦ ਮੁਹੰਮਦ ਅਲਗ਼ਜ਼ਾਲੀ ਦੀ ਰਚਨਾ 'ਕੀਮੀਆ-ਇ-ਸਆਦਤ' ਦਾ ਤਰਜਮਾ ਹੈ। ਕਈ ਵਿਦਵਾਨ ਇਸ ਗ੍ਰੰਥ ਨੂੰ ਅਡਣ ਸ਼ਾਹ ਦੇ ਮੁਰੀਦ ਭਾਈ ਮੰਗੂ ਦੀ ਕ੍ਰਿਤ ਦਸਦੇ ਹਨ, ਪਰ ਪ੍ਰੋ: ਪ੍ਰੀਤਮ ਸਿੰਘ ਨੇ ਇਸ ਗ੍ਰੰਥ ਨੂੰ ਅਡਣ ਸ਼ਾਹ ਦੀ ਰਚਨਾ ਮੰਨਿਆ ਹੈ।

ਭਾਈ ਅਡਣ ਸ਼ਾਹ ਦੀਆਂ ਕੁਝ ਸਾਖੀਆਂ ਅਤੇ ਬਚਨ 'ਸਾਖੀਆਂ ਅਡਣ ਸ਼ਾਹ ਕੀਆਂ' ਦੇ ਨਾਂ ਹੇਠ ਮਿਲਦੀਆਂ ਹਨ, ਪਰ ਇਨ੍ਹਾਂ ਸਾਖੀਆਂ ਅਤੇ ਬਚਨਾਂ ਤੋਂ ਅਡਣ ਸ਼ਾਹ ਦੇ ਆਪਣੇ ਜੀਵਨ ਬਾਰੇ ਕੋਈ ਸਾਮਗਰੀ ਉਪਲਬਧ ਨਹੀਂ ਹੁੰਦੀ। ਇਹ ਸਭ ਸਾਖੀਆਂ ਸੰਤਾਂ ਮਹਾਤਮਾਵਾਂ ਅਤੇ ਫ਼ਕੀਰਾਂ ਨਾਲ ਸਬੰਧ ਰਖਦੀਆਂ ਹਨ ਅਤੇ ਇਨ੍ਹਾਂ ਦੁਆਰਾ ਕੋਈ ਨੈਤਿਕ ਨੁਕਤਾ ਜਾਂ ਅਧਿਆਤਮਕ ਰਹੱਸ ਪ੍ਰਕਾਸ਼ ਵਿਚ ਲਿਆਂਦਾ ਗਿਆ ਹੈ। ਭਾਈ ਅਡਣ ਸ਼ਾਹ ਬਚਨ ਬਿਲਾਸ ਵੇਲੇ ਜਿਨ੍ਹਾਂ ਸਾਖੀਆਂ ਤੇ ਬਚਨਾਂ ਨੂੰ ਪ੍ਰਮਾਣ ਅਥਵਾ ਉਪਦੇਸ਼ ਵਜੋਂ ਵਰਤਿਆ ਕਰਦੇ ਸਨ, ਉਨ੍ਹਾਂ ਨੂੰ ਹੀ, ਕਿਸੇ ਸੇਵਕ ਨੇ ਇਕਤ੍ਰ ਕਰ ਕੇ, ਪੁਸਤਕ ਨੂੰ ਉਪ੍ਰੋਕਤ ਨਾਉਂ ਦੇ ਦਿਤਾ ਹੈ।

ਮਹਾਨ ਕੋਸ਼ (38) ਅਨੁਸਾਰ ਅਡਣ ਸ਼ਾਹੀ ਸਿੱਖ-ਸਾਧੂ ਧਰਮ ਕਿਰਤ ਕਰ ਕੇ ਨਿਰਵਾਹ

ਕਰਦੇ ਸਨ। ਪੁਰਾਣੇ ਲਿਖਾਰੀ ਇਨ੍ਹਾਂ ਦੀ ਬਣਾਈ ਸਿਆਹੀ ਲਿਖਣ ਲਈ ਵਰਤਿਆ ਕਰਦੇ ਸਨ। ਸੇਵਾ ਪੰਥੀਆਂ ਵਾਂਗ ਅਡਣ ਸ਼ਾਹੀ ਸੰਪ੍ਰਦਾਇ ਦੇ ਚਿੰਨ੍ਹ ਝਾੜੂ ਅਤੇ ਛੰਨਾ ਹਨ।

(ਸ-724) **ਸੇਵਾਲੜੀ** :

ਵਿਆਹ ਨਾਲ ਸੰਬੰਧਿਤ ਇਕ ਗੀਤ; ਪਾਣੀ ਵਾਰ ਕੇ ਪੀਣ ਦੀ ਰੀਤ (ਵੇਖੋ : ਪਾਣੀ ਵਾਰਨਾ)।

(ਸ-725) **ਸੇਂਵੀਆਂ** :

ਮੈਦੇ ਦਾ ਬਣਿਆ ਇਕ ਪਦਾਰਥ, ਜੋ ਭੁੰਨ/ ਉਬਾਲ ਕੇ ਅਤੇ ਖੰਡ ਘਿਉ ਵਿਚ ਰਲਾ ਕੇ ਖਾਧਾ ਜਾਂਦਾ ਹੈ। ਪੰਜਾਬ ਵਿਚ ਗੁਗਾ ਨੌਮੀ ਨੂੰ ਉਚੇਚੇ ਤੌਰ 'ਤੇ ਸੇਂਵੀਆਂ ਰਿੰਨ੍ਹੀਆਂ ਜਾਂਦੀਆਂ ਹਨ। ਸੇਂਵੀਆਂ ਦੀ ਸ਼ਕਲ ਸਪੋਲੀਆਂ ਵਰਗੀ ਹੁੰਦੀ ਹੈ, ਇਸ ਲਈ ਗੁਗਾ ਪੀਰ ਸੇਂਵੀਆਂ ਦੀ ਭੇਟ ਖ਼ੁਸ਼ੀ ਨਾਲ ਕਬੂਲ ਕਰਦਾ ਹੈ। ਗੁਗੇ ਦੇ ਕਈ ਭਗਤ ਆਟੇ ਦੀਆਂ ਸੇਂਵੀਆਂ ਵਟ ਕੇ ਸੱਪਾਂ ਦੀਆਂ ਖੁਡਾਂ ਉਤੇ ਰਖ ਆਂਦੇ ਹਨ।

ਮੁਸਲਮਾਨ ਈਦ ਨੂੰ ਘਰ ਵਿਚ ਸੇਂਵੀਆਂ ਰਿੰਨ੍ਹਦੇ ਹਨ ਅਤੇ ਇਸ ਨੂੰ ਵਿਸ਼ੇਸ਼ ਖਾਣਾ ਮੰਨਦੇ ਹਨ।

(ਸ-726) **ਸੇਂਚੀ** :

ਇਕ ਪ੍ਰਕਾਰ ਦੀ ਫੁਲਕਾਰੀ, ਜਿਸ ਦੀਆਂ ਚੁਹਾਂ ਗੁੱਠਾਂ ਅਤੇ ਮੱਧ ਵਿਚ ਮੁਰਕੀਆਂ, ਬਾਜੂਬੰਦ, ਕੰਗਣ ਆਦਿ ਗਹਿਣਿਆਂ ਦੀ ਕਢਾਈ ਕੀਤੀ ਗਈ ਹੁੰਦੀ ਹੈ। ਇਸ ਕਿਸਮ ਦੀ ਫੁਲਕਾਰੀ ਫ਼ੀਰੋਜ਼ਪੁਰ ਦੇ ਇਲਾਕੇ ਵਿਚ ਕਾਫ਼ੀ ਪ੍ਰਚਲਤ ਹੈ। ਗਹਿਣਿਆਂ ਪ੍ਰਤੀ ਇਸਤ੍ਰੀ ਦਾ ਮੋਹ ਮੁੱਢ ਕਦੀਮੀ ਹੈ ਅਤੇ ਫੁਲਕਾਰੀ ਦੁਆਰਾ ਇਸਤ੍ਰੀ ਕਪੜਿਆਂ ਉਪਰ ਕਢਾਈ ਕਰ ਕੇ ਮਨ-ਭਾਉਂਦੇ ਗਹਿਣੇ ਹੰਢਾ ਲੈਂਦੀ ਹੈ।

(ਸ-727) **ਸੈਣ** :

ਇਕ ਭਗਤ, ਜੋ ਰੀਵਾ ਦੇ ਰਾਜੇ ਰਾਮ ਦਾ ਨਾਈ ਸੀ। ਸੈਣ ਦੇ ਜੀਵਨ ਬਾਰੇ ਕੋਈ ਇਤਿਹਾਸਕ ਸਾਮਗ੍ਰੀ ਪ੍ਰਾਪਤ ਨਹੀਂ। ਰਾਮਾਨੰਦ ਦਾ ਚੇਲਾ ਹੋਣ ਕਰ ਕੇ ਸੈਣ ਦਾ ਸਮਾਂ ਚੌਧਵੀਂ ਸਦੀ ਦਾ ਅੰਤਲਾ ਤੇ ਪੰਦਰ੍ਹਵੀਂ ਸਦੀ ਦਾ ਮੁਢਲਾ ਕਾਲ ਮਿਥਿਆ ਗਿਆ ਹੈ।

ਸੈਣ ਸਾਧਾਂ ਸੰਤਾਂ ਦੀ ਬੜੀ ਸੇਵਾ ਕਰਦਾ ਸੀ। ਰਵਾਇਤ ਹੈ ਕਿ ਇਕ ਵਾਰ ਇਨ੍ਹਾਂ ਦੇ ਘਰ ਰੈਣ ਸਬਾਈ ਕੀਰਤਨ ਸੀ। ਸੈਣ ਜੀ ਸਾਰੀ ਰਾਤ ਸ਼ਬਦ ਕੀਰਤਨ ਵਿਚ ਜੁੜੇ ਰਹੇ ਅਤੇ ਰਾਜੇ ਦੀ ਹਜਾਮਤ ਬਨਾਉਣ ਦਾ ਉਨ੍ਹਾਂ ਨੂੰ ਚਿੱਤ ਚੇਤਾ ਵੀ ਨਾ ਰਿਹਾ। ਪ੍ਰਭੂ ਆਪ ਸੈਣ ਦਾ ਰੂਪ ਧਾਰ ਕੇ ਰਾਜੇ ਦੀ ਸੇਵਾ ਲਈ ਪਹੁੰਚੇ। ਅਗਲੇ ਦਿਨ ਜਦੋਂ ਸੈਣ ਨੇ ਰਾਜੇ ਤੋਂ ਕਲ੍ਹ ਦੀ ਗ਼ੈਰ-ਹਾਜ਼ਰੀ ਲਈ ਖਿਮਾਂ ਮੰਗੀ ਤਾਂ ਰਾਜਾ ਪਹਿਲਾਂ ਤਾਂ ਹੈਰਾਨ ਹੋਇਆ, ਪਰ ਫਿਰ ਸਮਝ ਗਿਆ ਕਿ ਸੈਣ ਰਬ ਤਕ ਅਪੜਿਆ ਹੋਇਆ ਹੈ ਅਤੇ ਰਬ ਖ਼ੁਦ ਸੈਣ ਦੇ ਰੂਪ ਵਿਚ ਉਹਦੀ ਹਜਾਮਤ ਕਰ ਗਿਆ ਸੀ, ਤਾਂ ਉਹ ਸੈਣ ਦਾ ਮੁਰੀਦ ਬਣ ਗਿਆ। ਭਾਈ ਗੁਰਦਾਸ ਦੀ ਦਸਵੀਂ ਵਾਰ ਵਿਚ ਇਸ ਘਟਨਾ ਵਲ ਸੰਕੇਤ ਹੈ — "ਸੈਣ ਰੂਪ ਹਰਿ ਹੋਇ ਕੈ ਆਇਆ ਰਾਣੇ ਨੋ ਰੀਝਾਈ......" ਸੈਣ ਦਾ ਇਕ ਸ਼ਬਦ ਆਦਿ ਗ੍ਰੰਥ ਵਿਚ ਵੀ ਦਰਜ ਹੈ।

(ਸ-728) **ਸੈਣੀ** :

ਇਕ ਕਾਸ਼ਤਕਾਰ ਜਾਤੀ; ਸੈਣੀ ਬੜੀ ਉਚੀ ਪੱਧਰ ਦੇ ਕਾਸ਼ਤਕਾਰ ਅਤੇ ਮਾਲੀ ਹਨ। ਇਹ ਜਾਤੀ ਜਲੰਧਰ ਅਤੇ ਹੁਸ਼ਿਆਰਪੁਰ ਦੇ ਜ਼ਿਲਿਆਂ ਤੋਂ ਇਲਾਵਾ ਫ਼ਤਹਗੜ੍ਹ ਤੇ ਰੋਪੜ ਵਿਚ ਵੀ ਕਾਫ਼ੀ ਗਿਣਤੀ ਵਿਚ ਮਿਲਦੀ ਹੈ। ਸੈਣੀਆਂ ਦਾ ਕਿੱਤਾ ਯੂ. ਪੀ. ਦੇ ਮਾਲੀਆਂ ਅਤੇ ਪੰਜਾਬ ਦੇ ਮੁਸਲਮਾਨ ਅਰਾਈਆਂ ਵਾਲਾ ਹੀ ਹੈ, ਪਰ ਉਹ ਮਿਹਨਤ ਅਤੇ ਯੋਗਤਾ ਵਿਚ ਇਨ੍ਹਾਂ ਦੋਹਾਂ ਜਾਤੀਆਂ ਨੂੰ ਪਿਛੇ ਛਡ ਗਏ ਹਨ।

ਸੈਨੀ ਹਿੰਦੂ ਤੇ ਸਿੱਖ ਦੋਹਾਂ ਸੰਪਰਦਾਵਾਂ ਵਿਚ ਮਿਲਦੇ ਹਨ। ਇਬਟਸਨ ਅਨੁਸਾਰ ਸੈਣੀ ਮਾਲੀ ਕਬੀਲੇ ਦੀ ਹੀ ਇਕ ਉਪ-ਜਾਤੀ ਹੈ। ਸੈਨੀਆਂ ਵਿਚ ਪ੍ਰਚਲਤ ਰਵਾਇਤਾਂ ਅਨੁਸਾਰ ਉਹ ਪਹਿਲਾਂ ਮਾਲੀ ਹੀ ਸਨ ਅਤੇ ਉਨ੍ਹਾਂ ਦੇ ਵਡਿਕੇ ਮਥਰਾ ਵਿਚ ਰਹਿੰਦੇ ਸਨ। ਮਹਿਮੂਦ ਗ਼ਜ਼ਨੀ ਦੇ ਭਾਰਤ ਉਤੇ ਕੀਤੇ ਹੱਲੇ ਮਗਰੋਂ ਉਨ੍ਹਾਂ ਦੇ ਵਡਿਕੇ ਮਥਰਾ

ਤੋਂ ਜਲੰਧਰ ਆ ਵਸੇ ਤੇ ਇਥੇ ਕਾਸ਼ਤ ਲਈ ਚੰਗੀ ਭੋਇੰ ਵੇਖ ਕੇ ਹਮੇਸ਼ਾਂ ਲਈ ਆਬਾਦ ਹੋ ਗਏ। ਜਲੰਧਰ ਵਿਚ ਸੈਣੀਆਂ ਨੇ ਕਾਸ਼ਤ ਦੇ ਖੇਤਰ ਵਿਚ ਉਹ ਕਮਾਲ ਵਿਖਾਏ ਕਿ ਉਹ 'ਰਸੈਨੀ' ਦੀ ਉਪਾਧੀ ਨਾਲ ਪ੍ਰਸਿਧ ਹੋਏ। ਇਹੋ ਰਸੈਨੀ ਪਦ ਵਿਗੜ ਕੇ ਸੈਨੀ ਬਣ ਗਿਆ।

ਜਲੰਧਰ ਦੇ ਕੁਝ ਸੈਨੀ ਰਾਜਪੂਤੀ ਮੁੱਢ ਦਾ ਦਾਅਵਾ ਕਰਦੇ ਹਨ। ਸੈਨੀ ਅਗੋਂ ਕਈ ਗੋਤਾਂ ਵਿਚ ਵੰਡੇ ਹੋਏ ਹਨ; ਜਿਨ੍ਹਾਂ ਵਿਚੋਂ ਬਾਦਵਾਲ, ਭੰਗਾ, ਭੇਲਾ, ਭੁੰਡੀ, ਢੇਰੀ, ਗਿਧੇ ਆਦਿ ਮੁਖ ਗੋਤਾਂ ਹਨ।

(ਸ-729) **ਸੈਂਤ** :

(ਵੇਖੋ : ਸ਼ਾਂਤ)।

(ਸ-730) **ਸ਼ੈਤਾਨ** :

(ਵੇਖੋ : ਇਬਲੀਸ)।

(ਸ-731) **ਸੈਦ ਕਬੀਰ** :

ਸੱਯਦ ਕਬੀਰ, ਜੋ ਲੋਕਾਂ ਵਿਚ ਸੈਦ ਕਬੀਰ ਦੇ ਨਾਉਂ ਨਾਲ ਪ੍ਰਸਿਧ ਹਨ। ਇਹ ਫ਼ਿਰੋਜ਼ਪੁਰ ਦੇ ਇਕ ਪਿੰਡ ਜਲਾਲਾਬਾਦ ਦੇ ਸਥਾਨਕ ਫ਼ਕੀਰ ਹਨ। ਵੰਡਾਰੇ ਤੋਂ ਪਹਿਲਾਂ ਇਨ੍ਹਾਂ ਦੀ ਮਾਨਤਾ ਸਾਰੇ ਇਲਾਕੇ ਵਿਚ ਸੀ। ਇਨ੍ਹਾਂ ਦੀ ਕਬਰ ਉਤੇ ਚੇਤਰ ਦੇ ਹਰ ਦੂਜੇ ਵੀਰਵਾਰ ਨੂੰ ਇਕ ਭਾਰੀ ਮੇਲਾ ਲਗਦਾ ਹੈ, ਜਿਸ ਵਿਚ ਇਲਾਕੇ ਦੇ ਲੋਕਾਂ ਤੋਂ ਇਲਾਵਾ ਭੰਡ, ਨਕਾਲ ਅਤੇ ਨਚਾਰ ਆਦਿ ਵੀ ਪਹੁੰਚਦੇ ਤੇ ਜਲਸੇ ਅਤੇ ਅਖਾੜੇ ਲਗਾਂਦੇ ਹਨ। ਇਥੇ ਲੋਕੀਂ ਸੁਖਣਾ ਵੀ ਚੜ੍ਹਾਉਂਦੇ ਹਨ। ਜੇ ਕਿਸੇ ਬੱਚੇ ਨੂੰ ਸੋਕੇ ਦਾ ਰੋਗ ਹੋ ਜਾਵੇ, ਤਾਂ ਦਾਣਿਆਂ ਨਾਲ ਭਰੀਆਂ ਭੜੋਲੀਆਂ, ਬੱਚੇ ਦੇ ਸਿਰ ਤੋਂ ਵਾਰ ਕੇ ਚੜ੍ਹ ਉਣ ਦੀ ਪ੍ਰਥਾ ਹੈ। ਜੇ ਮਹੁਕੇ ਹੋਣ ਤਾਂ ਲੂਣ ਤੇ ਝਾੜੂ ਚੜ੍ਹਾਏ ਜਾਂਦੇ ਹਨ। ਸੈਦ ਕਬੀਰ ਦਾ ਮੇਲਾ ਦੋ ਦਿਨ ਭਰਦਾ ਹੈ। ਪਹਿਲੇ ਦਿਨ ਦੇ ਮੇਲੇ ਵਿਚ ਵਧੇਰੇ ਔਰਤਾਂ ਹੀ ਸ਼ਾਮਲ ਹੁੰਦੀਆਂ ਹਨ, ਜੋ ਸੁਖਾਂ ਲਾਹਣ ਜਾਂ ਸੁਖਣ ਲਈ ਆਉਂਦੀਆਂ ਹਨ। ਇਸ ਮੇਲੇ ਉਤੇ ਛੱਪੜ ਵਿਚੋਂ ਮਿੱਟੀ ਕਢਣ ਦੀ ਵੀ ਪ੍ਰਥਾ ਹੈ।

(ਸ-732) **ਸੈਦਪੁਰ** :

(1) ਸੈਦਪੁਰ ਜ਼ਿਲਾ ਰਾਵਲਪਿੰਡੀ ਵਿਚ ਮਾਰਗਲਾ ਪਹਾੜੀਆਂ ਦੇ ਪੈਰਾਂ ਵਿਚ ਇਕ ਛੋਟਾ ਜਿਹਾ ਪਿੰਡ ਹੈ, ਜਿਥੇ ਇਕ ਦੂਜੇ ਦੇ ਕੋਲ ਕੋਲ ਬਾਰਾਂ ਚਸ਼ਮੇ ਹਨ, ਜਿਨ੍ਹਾਂ ਦਾ ਪਾਣੀ ਚਾਰ ਕੁੰਡਾਂ ਵਿਚ ਵਗਦਾ ਅੱਗੇ ਇਕੱਠਾ ਹੋ ਕੇ ਇਕ ਸਾਂਝੀ ਧਾਰਾ ਦਾ ਰੂਪ ਲੈ ਲੈਂਦਾ ਹੈ। ਇਹ ਚਾਰ ਕੁੰਡ ਪੌਰਾਣਿਕ ਮਹੱਤਤਾ ਰਖਦੇ ਹਨ ਤੇ ਇਨ੍ਹਾਂ ਦੇ ਨਾਂ ਰਾਮ ਕੁੰਡ, ਸੀਤਾ ਕੁੰਡ, ਲਛਮਣ ਕੁੰਡ ਤੇ ਹਨੂੰਮਾਨ ਕੁੰਡ ਹਨ। ਰਵਾਇਤ ਹੈ ਕਿ ਬਨਬਾਸ ਦੇ ਦਿਨੀਂ ਸ੍ਰੀ ਰਾਮ ਚੰਦਰ, ਸੀਤਾ ਅਤੇ ਲਛਮਣ ਸਮੇਤ ਇਥੇ ਪਧਾਰੇ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਕੁੰਡਾਂ ਉਤੇ ਇਸ਼ਨਾਨ ਕੀਤੇ ਸਨ। ਹਨੂੰਮਾਨ ਦਾ ਕੁੰਡ ਬਾਕੀ ਤਿੰਨਾਂ ਨਾਲੋਂ ਰਤਾ ਪਰੇਡੇ ਹੈ ਅਤੇ ਬਾਅਦ ਵਿਚ ਬਣਿਆ ਜਾਪਦਾ ਹੈ। ਦੇਸ਼ ਵੰਡ ਤੋਂ ਪਹਿਲਾਂ ਇਥੇ ਹਰ ਸਾਲ ਵਿਸਾਖੀ ਨੂੰ ਭਾਰੀ ਮੇਲਾ ਲਗਿਆ ਕਰਦਾ ਸੀ।

(2) ਐਮਨਾਬਾਦ ਦਾ ਪੁਰਾਣਾ ਨਾਂ; ਇਸ ਨਗਰ ਨੂੰ ਸ਼ੇਰਸ਼ਾਹ ਸੂਰੀ ਨੇ ਫ਼ਤਹਿ ਕਰ ਕੇ ਇਹਦਾ ਨਾਂ ਸ਼ੇਰਗੜ੍ਹ ਰਖਿਆ। ਮੁਗ਼ਲਾਂ ਦੇ ਸਮੇਂ ਅਕਬਰ ਨੇ ਆਪਣੇ ਇਕ ਦਰਬਾਰੀ ਮੁਹੰਮਦ ਅਮੀਨ ਨੂੰ ਇਹ ਇਲਾਕਾ ਸੌਂਪ ਦਿਤਾ। ਉਸ ਨੇ ਇਹਦਾ ਨਾਂ ਅਮੀਨਾਬਾਦ ਰਖ ਦਿਤਾ, ਜੋ ਪਿਛੋਂ ਐਮਨਾਬਾਦ ਦੇ ਨਾਂ ਨਾਲ ਪ੍ਰਸਿਧ ਹੋ ਗਿਆ।

(ਸ-733) **ਸੈਦਾ** :

ਵਾਰਸ ਸ਼ਾਹ ਅਨਸਾਰ ਹੀਰ ਦਾ ਪਤੀ, ਖੇੜੇ ਕਬੀਲੇ ਦੇ ਚੌਧਰੀ ਅਲੀ ਦਾ ਪੁਤਰ ਸੀ (ਵੇਖੋ:ਹੀਰ)

(ਸ-734) **ਸੈਫ਼ੀ** :

ਦੁਸ਼ਮਣ ਨੂੰ ਨਸ਼ਟ ਕਰਨ ਲਈ ਤਲਵਾਰ (ਸੈਫ਼) ਉਤੇ ਪੜ੍ਹਿਆ ਗਿਆ ਇਕ ਮੰਤਰ। ਪੁਰਾਣੇ ਵੇਲਿਆਂ ਵਿਚ ਕਈ ਮੁਸਲਮਾਨ ਯੁਧ ਵਿਚ ਜਾਣ ਤੋਂ ਪਹਿਲਾਂ, ਆਪਣੀ ਤਲਵਾਰ ਉਤੇ, ਕਿਸੇ ਪੀਰ ਫ਼ਕੀਰ ਤੋਂ ਮੰਤਰ ਪੜ੍ਹਾ ਲਿਆ ਕਰਦੇ ਸਨ। ਉਨ੍ਹਾਂ ਦਾ ਨਿਸਚਾ ਸੀ ਕਿ ਅਜਿਹੀ ਤਲਵਾਰ ਵੈਰੀਆਂ ਦਾ ਆਹੂ ਲਾਹੁੰਦੀ ਚਲੀ ਜਾਂਦੀ ਹੈ ਤੇ ਇਸ ਦੇ ਵਾਰ ਸਾਹਮਣੇ ਪ੍ਰਾਕ੍ਰਮੀ ਯੋਧਾ ਵੀ ਠਹਿਰ ਨਹੀਂ ਸਕਦਾ। ਇਹ ਤਲਵਾਰ ਸ੍ਵੈ-ਰੱਖਿਆ ਵਾਸਤੇ ਢਾਲ ਦਾ ਕੰਮ ਵੀ ਦੇਂਦੀ ਹੈ।

**(ਸ-735) ਸੈਫ਼ੁਲ ਮਲੂਕ :**

ਮਿਸਰ ਦਾ ਇਕ ਦੰਦ-ਕਥਾਵੀ ਰਾਜਾ ਜਿਸ ਦਾ ਇਸ਼ਕ ਬਦੀਆ ਜਮਾਲ ਨਾਲ ਸੀ। ਪੰਜਾਬੀ ਵਿਚ ਇਸ ਪ੍ਰੀਤ-ਗਾਥਾ ਉਤੇ ਕਈ ਕਿੱਸੇਕਾਰਾਂ ਨੇ ਕਲਮ ਚੁਕੀ, ਪਰ ਜੋ ਪ੍ਰਸਿੱਧੀ ਮੀਆਂ ਮੁਹੰਮਦ ਬਖ਼ਸ਼ ਦੇ ਹਿੱਸੇ ਆਈ, ਉਹ ਕਿਸੇ ਹੋਰ ਨੂੰ ਨਹੀਂ ਮਿਲੀ। ਇਸ ਕਿੱਸੇ ਦਾ ਨਿਰਮਾਣ 'ਅੱਲਫ਼ ਲੈਲਾ' ਦੀਆਂ ਕਥਾਨਿਕ ਰੂੜ੍ਹੀਆਂ ਤੋਂ ਹੋਇਆ। ਪਰ ਇਸ ਕਥਾ ਨੂੰ ਇਤਿਹਾਸਕ ਸਥਿਤੀ ਅਤੇ ਪੌਰਾਣਿਕ ਰੰਗ ਦੇ ਕੇ ਲੋਕ-ਕਲਪਨਾ ਨੇ ਇਸ ਦੇ ਸੱਚੀ ਹੋਣ ਦਾ ਭੁਲੇਖਾ ਸਿਰਜਿਆ ਹੈ।

'ਸੈਫ਼' ਦਾ ਅਰਥ ਤਲਵਾਰ ਹੈ ਤੇ 'ਮਲੂਕ' ਮਲਿਕ ਦਾ ਬਹੁ-ਵਚਨ ਹੈ, ਜਿਸ ਦਾ ਪਦ ਅਰਥ ਬਾਦਸ਼ਾਹ ਹੈ। ਸ਼ਹਿਜ਼ਾਦੇ ਦਾ ਨਾਂ ਸੈਫ਼ੁਲ ਮਲੂਕ ਵਸਤੂਪਰਕ ਹੈ। ਸੈਫ਼ੁਲ ਮਲੂਕ ਦਾ ਨਾਨਾ ਜਮਸ਼ੈਦ ਬਦਖ਼ਸ਼ਾਂ ਦਾ ਬਾਦਸ਼ਾਹ ਸੀ। ਉਸ ਦੇ ਜਨਮ ਦੇ ਅਵਸਰ ਉਤੇ ਇਹ ਨਜ਼ਰਾਨੇ ਵਜੋਂ ਆਪਣੀ ਇਤਿ-ਹਾਸਕ ਜੱਦੀ ਤਲਵਾਰ ਲਿਆਇਆ ਸੀ, ਜਿਸ ਤੋਂ ਬੱਚੇ ਦਾ ਨਾਉਂ ਸੈਫ਼ੁਲ ਮਲੂਕ ਰਖਿਆ ਗਿਆ।

ਮੁਹੰਮਦ ਬਖ਼ਸ਼ ਅਨੁਸਾਰ ਸੈਫ਼ੁਲ ਮਲੂਕ ਦੀ ਕਥਾ ਇਸ ਪ੍ਰਕਾਰ ਹੈ — ਮਿਸਰ ਦੇ ਬਾਦਸ਼ਾਹ ਆਸਿਮ ਸ਼ਾਹ ਦੇ ਘਰ ਔਲਾਦ ਨਹੀਂ ਸੀ, ਉਸ ਨੇ ਨਜੂਮੀਆਂ ਦੇ ਕਹਿਣ ਉਤੇ ਬਦਖ਼ਸ਼ਾਂ ਦੇ ਪਾਤਸ਼ਾਹ ਜਮਸ਼ੈਦ ਦੀ ਲੜਕੀ ਨਾਲ ਵਿਆਹ ਕੀਤਾ, ਜਿਸ ਦੇ ਉਦਰ ਤੋਂ ਸੈਫ਼ੁਲ ਮਲੂਕ ਜੰਮਿਆ। ਆਸਿਮ ਸ਼ਾਹ ਦੇ ਵਜ਼ੀਰ ਨੇ ਜਮਸ਼ੈਦ ਦੀ ਲੜਕੀ ਦੀ ਇਕ ਸਹੇਲੀ ਨਾਲ ਵਿਆਹ ਕਰਵਾਇਆ ਅਤੇ ਉਸ ਦੇ ਉਦਰ ਤੋਂ ਜੋ ਲੜਕਾ ਜੰਮਿਆ ਉਸ ਦਾ ਨਾਂ ਸਾਇਦ ਰਖਿਆ ਗਿਆ।

ਜਦੋਂ ਸੈਫ਼ ਚੌਦਾਂ ਸਾਲਾਂ ਦਾ ਹੋਇਆ ਤਾਂ ਆਸਿਮ ਸ਼ਾਹ ਨੇ ਪੁੱਤਰ ਦੀ ਖ਼ੁਸ਼ੀ ਵਿਚ ਇਕ ਵੱਡਾ ਸਮਾਗਮ ਕੀਤਾ, ਜਿਸ ਵਿਚ ਹੋਰ ਤੁਹਫ਼ਿਆਂ ਦੇ ਨਾਲ ਉਸ ਨੂੰ ਦੋ ਸੁਲੇਮਾਨੀ ਸ਼ਾਹ-ਮੁਹਰੇ ਵੀ ਮਿਲੇ, ਜਿਨ੍ਹਾਂ ਵਿਚੋਂ ਇਕ ਉਤੇ ਬਦੀਆ ਜਮਾਲ ਤੇ ਦੂਜੇ ਉਤੇ ਸੈਫ਼ੁਲ ਮਲੂਕ ਦੀ ਮੂਰਤ ਉਕਰੀ ਹੋਈ ਸੀ। ਇਹ ਸ਼ਾਹ-ਮੁਹਰੇ ਬਦੀਆ ਜਮਾਲ ਦੇ ਪੜਦਾਦੇ ਸੁਲੇਮਾਨ ਨਬੀ ਨੇ, ਸੈਫ਼ੁਲ ਮਲੂਕ ਦੇ ਦਾਦੇ ਨੂੰ ਭੇਜੇ ਸਨ। ਸੁਲੇਮਾਨ ਨੂੰ ਭਵਿੱਖਤ ਵਿਚ ਹੋਣ ਵਾਲੇ ਸੈਫ਼ੁਲ ਮਲੂਕ ਤੇ ਬਦੀਆ ਜਮਾਲ ਦੇ ਇਸ਼ਕ ਦਾ ਪਹਿਲਾਂ ਤੋਂ ਹੀ ਸਹਿਜ ਗਿਆਨ ਹੋ ਗਿਆ ਸੀ। ਬਦੀਆ ਜਮਾਲ ਦੀ ਮੂਰਤ ਵੇਖਦਿਆਂ ਸਾਰ ਸੈਫ਼ੁਲ ਮਲੂਕ ਦਾ ਉਸ ਨਾਲ ਇਸ਼ਕ ਹੋ ਗਿਆ ਤੇ ਉਹ ਬਦੀਆ ਜਮਾਲ ਨੂੰ ਮਿਲਣ ਲਈ ਵਿਆਕੁਲ ਹੋਣ ਲੱਗਾ।

ਸੈਫ਼ੁਲ ਮਲੂਕ ਪਿਉ ਦੀ ਆਗਿਆ ਨਾਲ ਬਦੀਆ ਜਮਾਲ ਨੂੰ ਢੂੰਡਣ ਲਈ ਘਰੋਂ ਨਿਕਲ ਤੁਰਿਆ। ਉਸ ਦੇ ਨਾਲ ਬਹੁਤ ਸਾਰੇ ਸਿਪਾਹੀ ਤੇ ਮਾਲ ਅਸਬਾਬ ਦੇ ਭਰੇ ਹੋਏ ਸਤ ਜਹਾਜ਼ ਸਨ। ਸਫ਼ਰ ਦੇ ਦੌਰਾਨ ਸੈਫ਼ ਨੇ ਬੜੇ ਦੁਖ ਝਾਗੇ। ਸਮੁੰਦਰੀ ਬਲਾਵਾਂ ਨੇ ਉਸ ਦੇ ਕਈ ਸਾਥੀ ਹੜਪ ਕਰ ਲਏ। ਵਜ਼ੀਰ ਦਾ ਪੁੱਤਰ ਸਾਇਦ ਵੀ ਉਸ ਤੋਂ ਵਿਛੜ ਗਿਆ। ਇਕ ਟਾਪੂ ਵਿਚ 'ਜੰਗੀਆਂ' ਨੇ ਸੈਫ਼ੁਲ ਮਲੂਕ ਨੂੰ ਕੈਦ ਕਰ ਕੇ ਬੜੇ ਤਸੀਹੇ ਦਿਤੇ। ਉਥੋਂ ਸੈਫ਼ੁਲ ਮਲੂਕ ਅਤੇ ਉਸ ਦੇ ਸਾਥੀ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਭਜੇ। ਇਕ ਦੇਵ-ਕਦ ਪੰਛੀ ਸੈਫ਼ੁਲ ਮਲੂਕ ਦੇ ਸਭ ਸਾਥੀ ਪੰਜੇ ਵਿਚ ਦਬੋਚ ਕੇ ਲੈ ਗਿਆ। ਸੈਫ਼ੁਲ ਮਲੂਕ ਇਕੱਲਾ ਰਹਿ ਗਿਆ। ਕੁਝ ਚਿਰ ਮਗਰੋਂ, ਉਥੋਂ ਸੈਫ਼ੁਲ ਮਲੂਕ ਨੂੰ ਵੀ ਇਕ ਪੰਛੀ ਉਠਾ ਕੇ ਲੈ ਗਿਆ ਅਤੇ ਉਸ ਨੂੰ ਇਕ ਅਜਿਹੇ ਨਗਰ ਵਿਚ ਜਾ ਸੁਟਿਆ, ਜਿਥੇ ਤੀਵੀਆਂ ਦਾ ਰਾਜ ਸੀ। ਉਥੋਂ ਜਾਨ ਬਚਾ ਕੇ, ਸੈਫ਼ੁਲ ਮਲੂਕ ਬਲਾ ਵਿਚ ਭਟਕਦਾ ਹੋਇਆ, ਅਖੀਰ ਅਸਫ਼ੰਦ ਬਾਸ਼ ਦੇ ਕਿਲ੍ਹੇ ਵਿਚ ਪੁਜਾ, ਜਿਥੇ ਉਸ ਨੇ ਸਰਾਂਦੀਪ ਦੇ ਬਾਦਸ਼ਾਹ ਦੀ ਸ਼ਹਿਜ਼ਾਦੀ ਮਲਕਾ ਖ਼ਾਤੂੰ ਨੂੰ ਸੁੱਤੀ ਪਈ ਵੇਖਿਆ। ਇਸ ਸ਼ਹਿਜ਼ਾਦੀ ਨੂੰ ਬਹਿਰਾਮ ਨਾਂ ਦਾ ਇਕ ਦੇਵ ਚੁਕ ਲਿਆਇਆ ਸੀ। ਮਲਕਾ ਖ਼ਾਤੂੰ ਦੀ ਛੋਟੀ ਭੈਣ ਬਦਰਾ ਖ਼ਾਤੂੰ ਅਤੇ ਬਦੀਆ ਜਮਾਲ ਥਣ-ਚੁੰਘ ਭੈਣਾ ਸਨ। ਦੇਵ ਬਹਿਰਾਮ ਦੀ ਜਿੰਦ ਇਕ ਚਿੱਟੇ ਕਬੂਤਰ ਵਿਚ ਸੀ, ਜਿਸ ਨੂੰ ਮਾਰਨ ਨਾਲ ਬਹਿਰਾਮ ਦੀ ਮ੍ਰਿਤੂ ਹੋ ਗਈ। ਉਥੋਂ ਮਲਕਾ ਖ਼ਾਤੂੰ ਨੂੰ ਨਾਲ ਲੈ ਕੇ ਸੈਫ਼ੁਲ ਮਲੂਕ ਵਾਸਿਤ ਸ਼ਹਿਰ ਵਿਚ, ਬਦੀਆ ਜਮਾਲ ਦੇ ਚਾਚੇ ਅਜਾਇਬ ਮਲੂਕ ਕੋਲ ਪੁਜਾ। ਅਜਾਇਬ ਮਲੂਕ

ਨੂੰ ਜਦੋਂ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਹ ਵਾਸਿਤ ਪਹੁੰਚ ਕੇ ਸੈਫ਼ਲ ਮਲੂਕ ਨੂੰ ਸਰਾਂਦੀਪ ਲੈ ਗਿਆ । ਇਥੇ ਹੀ ਸੈਫ਼ਲ ਮਲੂਕ ਦਾ ਦੋਸਤ ਸਾਇਦ ਉਸ ਨੂੰ ਮੁੜ ਮਿਲ ਪਿਆ । ਸਾਇਦ ਵੀ ਮਲਕਾ ਖ਼ਾਤੂੰ ਦੀ ਨਿਕੀ ਭੈਣ ਬਦਰਾ ਖ਼ਾਤੂੰ ਨਾਲ ਇਸ਼ਕ ਕਰਨ ਲੱਗਾ ।

ਬਦੀਆ ਜਮਾਲ ਘੁੰਮਦੀ ਘੁੰਮਾਂਦੀ ਇਕ ਵਾਰ ਸੈਫ਼ਲ ਮਲੂਕ ਦੇ ਡੇਰੇ ਆਈ ਤੇ ਉਹ ਵੀ ਪਹਿਲੀ ਨਜ਼ਰੇ ਸੈਫ਼ਲ ਮਲੂਕ ਦੇ ਇਸ਼ਕ ਦਾ ਸ਼ਿਕਾਰ ਹੋ ਗਈ। ਸੈਫ਼ਲ ਮਲੂਕ ਬਦੀਆ ਜਮਾਲ ਨੂੰ ਪ੍ਰਾਪਤ ਕਰਨ ਲਈ ਉਸ ਦੀ ਦਾਦੀ ਮਿਹਰ ਅਫ਼ਰੋਜ਼ ਕੋਲ ਗਿਆ ਅਤੇ ਮਿੰਨਤਾਂ ਤਰਲੇ ਨਾਲ ਉਸਨੂੰ ਇਸ ਵਿਆਹ ਲਈ ਰਜ਼ਾਮੰਦ ਕਰ ਲਿਆ । ਮਿਹਰ ਅਫ਼ਰੋਜ਼ ਸੈਫ਼ੁਲ ਮਲੂਕ ਨੂੰ ਨਾਲ ਲੈ ਕੇ ਆਪਣੇ ਪੁਤਰ ਸ਼ਾਹ ਪਾਲ ਕੋਲ ਆਈ, ਤਾਂ ਜੋ ਸੈਫ਼ੁਲ ਮਲੂਕ ਤੇ ਬਦੀਆ ਜਮਾਲ ਦਾ ਵਿਆਹ ਕਰ ਦਿਤਾ ਜਾਵੇ । ਇਸੇ ਦੌਰਾਨ ਸੈਫ਼ੁਲ ਮਲੂਕ ਜਦੋਂ ਬਾਗ਼ਿ-ਇਰਮ ਵਿਚ ਇਕੱਲਾ ਘੁੰਮ ਫਿਰ ਰਿਹਾ ਸੀ, ਤਾਂ ਦੇਵ ਬਹਿਰਾਮ ਦੇ ਪਿਉ, ਹਾਸ਼ਮ ਦੀਆਂ ਪਰੀਆਂ ਬਦਲੇ ਦੀ ਭਾਵਨਾ ਨਾਲ ਉਸ ਨੂੰ ਚੁਕ ਕੇ ਕੁਲਜ਼ਮ ਲੈ ਗਈਆਂ। ਉਥੇ ਉਸ ਨੂੰ ਹਾਸ਼ਮ ਦੇ ਹਕਮ ਨਾਲ ਅੰਨ੍ਹੇ ਖੂਹ ਵਿਚ ਸੁਟ ਦਿਤਾ ਗਿਆ, ਜੋ ਸੱਪਾਂ ਬਿਛੂਆਂ ਆਦਿ ਜ਼ਹਿਰੀਲੇ ਕਿਰਮਾਂ ਨਾਲ ਭਰਿਆ ਪਿਆ ਸੀ। ਬਦੀਆ ਜਮਾਲ ਦੇ ਪਿਉ ਸ਼ਾਹ ਪਾਲ ਨੂੰ ਜਦੋਂ ਇਸ ਗੱਲ ਦੀ ਖ਼ਬਰ ਹੋਈ ਤਾਂ ਉਹ ਲਸ਼ਕਰ ਲੈ ਕੇ ਕੁਲਜ਼ਮ ਦੇ ਪਾਤਸ਼ਾਹ ਹਾਸ਼ਮ ਸ਼ਾਹ ਉਤੇ ਚੜ੍ਹ ਆਇਆ । ਇਸ ਯੁਧ ਵਿਚ ਸ਼ਾਹ ਪਾਲ ਦੀ ਵਿਜੈ ਹੋਈ, ਤੇ ਉਸ ਨੇ ਸੈਫ਼ੁਲ ਮਲੂਕ ਨੂੰ ਅੰਨ੍ਹੇ ਖੂਹ ਵਿਚੋਂ ਕਢਿਆ ਅਤੇ ਬਾਗ਼ਿ ਇਰਮ ਵਿਚ ਲਿਜਾ ਕੇ, ਉਥੇ ਉਸ ਦਾ ਵਿਆਹ ਬਦੀਆ ਜਮਾਲ ਨਾਲ ਕਰ ਦਿਤਾ । ਸ਼ਾਹ ਪਾਲ ਨੇ ਮਿਸਰ ਦੇ ਪਾਤਸ਼ਾਹ ਸ਼ਾਹ ਆਸਿਮ ਨੂੰ ਵੀ ਇਸ ਮੌਕੇ ਉਤੇ ਸਦ ਲਿਆ। ਕੁਝ ਚਿਰ ਬਾਅਦ ਬਦਰਾ ਖ਼ਾਤੂੰ ਦਾ ਵਿਆਹ ਵਜ਼ੀਰ ਦੇ ਲੜਕੇ ਸਾਇਦ ਨਾਲ ਵੀ ਕਰ ਦਿਤਾ ਗਿਆ । ਇਸ ਤਰ੍ਹਾਂ ਇਸ ਕਥਾ ਵਿਚ ਨਾਇਕ ਕਈ ਸੰਕਟ-ਸਥਿਤੀਆਂ, ਤੂਫ਼ਾਨਾਂ, ਯੁਧਾਂ ਤੇ ਅਪਹਰਨਾਂ ਵਿਚੋਂ ਦੀ ਲੰਘਦਾ ਨਾਇਕਾ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਕਥਾ ਦੀ ਰੋਮਾਂਚਿਕ ਬਿਰਤੀ ਅਤੇ ਰਹੱਸਮਈ ਅਲੌਕਿਕ ਵਾਤਾਵਰਣ ਲੋਕ-ਕਹਾਣੀਆਂ ਵਰਗਾ ਹੀ ਹੈ ਅਤੇ ਪੰਜਾਬੀ ਕਿੱਸਾ ਸਾਹਿੱਤ ਵਿਚ ਇਹਦਾ ਸਥਾਨ ਵਿਲੱਖਣ ਹੈ ।

ਪੰਜਾਬ ਵਿਚ ਇਹ ਕਥਾ ਮਧਕਾਲ ਵਿਚ ਬੜੀ ਪ੍ਰਸਿਧ ਹੋਈ । ਤ੍ਰੀਆ ਚਰਿਤ੍ਰ ਵਿਚ ਬਿਰਹਾ ਕੁਅਰ ਤੇ ਦਲੀਪ ਸਿੰਘ ਦੀ ਜੋ ਕਥਾ ਦਰਜ ਹੈ, ਉਸ ਨੂੰ ਡਾ: ਮੋਹਨ ਸਿੰਘ ਸੈਫ਼ੁਲ ਮਲੂਕ ਦੀ ਕਥਾ ਦਾ ਹੀ ਰੂਪਾਂਤਰ ਮੰਨਦੇ ਹਨ। ਤ੍ਰਿਆ ਚਰਿਤ੍ਰ ਅਨੁਸਾਰ ਬਿਚਖੇਸ ਸੈਨ ਦੀ ਰਾਣੀ ਸੁਲਛਨੀ ਦੀ ਕੁਖੋਂ ਬਿਰਹਾ ਕੁਅਰ ਜੰਮੀ, ਜੋ ਬੜੀ ਸੁੰਦਰ ਤੇ ਗੁਣਵਾਨ ਸੀ ਅਤੇ ਸ਼ਾਹ ਪਰੀ ਵੀ ਉਸ ਤੇ ਮੋਹਿਤ ਸੀ। ਇਕ ਰਿਸ਼ੀ ਨੇ ਪਰੀਆਂ ਨੂੰ ਦਸਿਆ ਕਿ ਸਪਤ ਸਿੰਧ ਤੋਂ ਪਾਰ ਇਕ ਰਾਜਾ ਦਲੀਪ ਸਿੰਘ ਰਹਿਦਾ ਹੈ ਜੋ ਸੁੰਦਰ ਤੇ ਪ੍ਰਤਿਭਾਸ਼ਾਲੀ ਹੋਣ ਕਰਕੇ ਬਿਰਹਾ ਕੁਅਰ ਦੇ ਯੋਗ ਹੈ। ਪਰੀ ਲੋਕੰਜਨ ਪਾ ਕੇ ਰਾਜੇ ਦਲੀਪ ਸਿੰਘ ਦੇ ਮਹਿਲ ਗਈ ਤੇ ਉਥੇ ਬਿਰਹਾ ਕੁਅਰ ਦਾ ਚਿਤਰ ਉਲੀਕ ਆਈ, ਜਿਸ ਨੂੰ ਵੇਖਦੇ ਸਾਰ ਰਾਜਾ ਦਲੀਪ ਸਿੰਘ ਮੋਹਿਤ ਹੋ ਗਿਆ । ਫਿਰ ਇਸੇ ਪਰੀ ਨੇ ਰਾਜਾ ਦਲੀਪ ਸਿੰਘ ਦੀ ਤਸਵੀਰ ਬਿਰਹਾ ਕੁਅਰ ਦੇ ਮਹਿਲਾਂ ਵਿਚ ਚਿਤ੍ਰ ਦਿਤੀ, ਜਿਸ ਨੂੰ ਵੇਖਦੇ ਸਾਰ ਬਿਰਹਾ ਕੁਅਰ ਨੂੰ ਪ੍ਰੇਮ ਹੋ ਗਿਆ । ਇਕ ਪਰੀ ਰਾਜਾ ਦਲੀਪ ਸਿੰਘ ਨੂੰ ਚੁਕ ਕੇ ਸ਼ਾਹਪਰੀ ਕੋਲ ਲੈ ਆਈ। ਸ਼ਾਹਪਰੀ ਰਾਜੇ ਦੀ ਸੁੰਦਰਤਾ ਉਤੇ ਮੋਹਿਤ ਹੋ ਗਈ ਤੇ ਉਸ ਨੇ ਰਾਜੇ ਅੱਗੇ ਵਿਆਹ ਕਰਨ ਦੀ ਇੱਛਾ ਪ੍ਰਗਟ ਕੀਤੀ, ਪਰ ਰਾਜਾ ਦਲੀਪ ਸਿੰਘ ਬਿਰਹਾ ਕੁਅਰ ਤੋਂ ਬਿਨਾਂ ਕਿਸੇ ਹੋਰ ਨਾਲ ਵਿਆਹ ਕਰਨ ਲਈ ਰਜ਼ਾਮੰਦ ਨਾ ਹੋਇਆ।

ਸ਼ਾਹਪਰੀ ਰਾਜੇ ਦਲੀਪ ਸਿੰਘ ਨੂੰ ਬਿਰਹਾ ਕੁਅਰ ਕੋਲ ਲੈ ਗਈ । ਬਿਰਹਾ ਕੁਅਰ ਸ਼ਿਵ ਦੀ ਪੁਜਾਰਨ ਸੀ। ਉਸ ਨੇ ਰਾਜੇ ਨੂੰ ਸ਼ਿਵ ਦਾ ਉਪਾਸ਼ਕ ਬਨਾਉਣ ਲਈ ਇਕ ਚਲਿਤ੍ਰ ਖੇਡਿਆ। ਉਸ ਨੇ ਆਪਣੀ ਇਕ ਬੁਢੀ ਤੇ ਕਾਲੇ ਰੰਗ ਦੀ ਸਖੀ ਨੂੰ, ਵਿਸ਼ਵਾਸ਼ ਵਿਚ ਲੈ ਕੇ ਆਪਣੀ ਥਾਂ 'ਤੇ ਬਿਠਾ ਦਿਤਾ ਅਤੇ ਸਖੀਆਂ ਦੁਆਰਾ ਰਾਜਾ ਦਲੀਪ ਸਿੰਘ ਨੂੰ ਸੁਨੇਹਾ ਭੇਜਿਆ ਕਿ ਸ਼ਿਵ ਦੀ

ਪੂਜਾ ਵਲੋਂ ਅਵੇਸਲੇ ਹੋਣ ਕਾਰਣ, ਸ਼ਿਵ ਦੇ ਦਿਤੇ ਸਰਾਪ ਨਾਲ ਉਹ ਬੁਢੀ ਤੇ ਕਰੂਪ ਹੋ ਗਈ ਹੈ। ਇਹ ਸੁਣ ਕੇ ਰਾਜਾ ਦਲੀਪ ਸਿੰਘ ਨੇ ਬਿਰਹਾ ਕੁਅਰ ਨੂੰ ਸ਼ਿਵ ਦੀ ਨਿਤ ਪੂਜਾ ਕਰਨ ਦੀ ਆਗਿਆ ਦੇ ਦਿਤੀ। ਇੰਜ ਬਿਰਹਾ ਕੁਅਰ ਦਲੀਪ ਸਿੰਘ ਦੇ ਨਾਲ ਇਕ ਦਿਨ ਛਡਕੇ ਜਾਂਦੀ। ਦੂਜੇ ਦਿਨ ਦਲੀਪ ਸਿੰਘ ਸ਼ਾਹੀ ਪਰੀ ਕੋਲ ਜਾਂਦਾ ਸੀ।

ਡਾ: ਮੋਹਨ ਸਿੰਘ ਇਸ ਕਿੱਸੇ ਬਾਰੇ ਲਿਖਦੇ ਹਨ : ''ਵੇਖੋ ਇਹ ਕਥਾ ਜਿਸ ਵਿਚ ਹਿੰਦੂ ਨਾਂ ਹਨ ਤੇ ਸ਼ਿਵ-ਪੂਜਾ ਦਾ ਜ਼ਿਕਰ ਹੈ, ਮੁਸਲਮਾਨੀ ਹੱਥਾਂ ਵਿਚ ਪੂਰਾ ਇਸਲਾਮੀ ਕਿੱਸਾ ਹੋ ਗਈ ਹੈ। ਹੋ ਸਕਦਾ ਹੈ ਕਿ ਕਿਉਂਕਿ ਇਸ ਵਿਚ 'ਪਰੀ' ਸ਼ਬਦ ਆਉਂਦਾ ਹੈ, ਇਹ ਕਿੱਸਾ ਅਸਲੋਂ ਈਰਾਨੀ ਹੋਵੇ ਤੇ ਹਿੰਦੂ ਲੇਖਕਾਂ ਨੇ ਹਿੰਦੂਆ ਲਿਆ ਹੋਵੇ।'' ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿੱਤ ਦਾ ਇਤਿਹਾਸ (2,85-86)।

ਤ੍ਰਿਆ ਚਰਿਤ੍ਰ ਵਾਲੀ ਕਥਾ ਵਿਚ ਸੈਫ਼ੁਲ ਮਲੂਕ ਦੀ ਕਥਾ ਦੀਆਂ ਕੁਝ ਕਥਾਨਿਕ ਰੂੜ੍ਹੀਆਂ ਤਾਂ ਉਪਲਬਧ ਹਨ, ਪਰ ਨਾਂ ਥਾਂ ਤੇ ਘਟਨਾਵਾਂ ਉੱਕਾ ਮੇਲ ਨਹੀਂ ਖਾਂਦੀਆਂ ਅਤੇ ਇਨ੍ਹਾਂ ਵਿਚੋਂ ਕੋਈ ਵੀ ਕਥਾ ਦੂਜੀ ਦਾ ਆਧਾਰ ਨਹੀਂ ਮੰਨੀ ਜਾ ਸਕਦੀ ਇਸ ਕਿਸਮ ਦੀਆਂ ਕੁਝ ਇਕ ਕਥਾਨਿਕ ਰੂੜ੍ਹੀਆਂ ਦੀ ਸਾਂਝ ਸਦਕਾ ਦੋ ਵਿਭਿੰਨ ਸਾਹਿਤਕ ਪਰੰਪਰਾਵਾਂ ਦੀਆਂ ਕਹਾਣੀਆਂ ਦਾ ਏਕੀਕਰਣ ਨਹੀਂ ਕੀਤਾ ਜਾ ਸਕਦਾ। ਇਹ ਕਥਾ ਅਜੇ ਹੋਰ ਖੋਜ ਦੀ ਮੰਗ ਕਰਦੀ ਹੈ।

## (ਸ-736) **ਸ਼ੈਬਯਾ** :

ਰਾਜੇ ਸ਼ਤਧਨੂ ਦੀ ਪਤਨੀ, ਜੋ ਬੜੀ ਸੁਝਵਾਨ ਅਤੇ ਪਤੀਬ੍ਰਤਾ ਸੀ। ਸ਼ਤਧਨੂ ਦੇ ਮਰਨ ਉਪ੍ਰੰਤ ਸ਼ੈਬਯਾ ਉਹਦੇ ਨਾਲ ਹੀ ਸਤੀ ਹੋਈ। ਵਿਸ਼ਨੂੰ ਪੁਰਾਣ ਅਨੁਸਾਰ ਅਗਲੇ ਜਨਮ ਸ਼ੈਬਯਾ ਵਿਸ਼ਨੂੰ ਭਗਤੀ ਦੇ ਬਲ ਸਦਕਾ ਰਾਜੇ ਦੇ ਘਰ ਜੰਮੀ, ਪਰ ਸ਼ਤਧਨੂ ਕਿਸੇ ਖ਼ੁਨਾਮੀ ਕਾਰਨ ਕੁੱਤੇ ਦੀ ਜੂਨ ਵਿਚ ਪੈਦਾ ਹੋਇਆ। ਸ਼ੈਬਯਾ ਨੂੰ ਆਪਣੇ ਪੂਰਬਲੇ ਜਨਮ ਦੀ ਸਿਮਰਤੀ ਜਾਗ ਪਈ ਅਤੇ ਉਸ ਨੇ ਸ਼ਤਧਨੂ ਨੂੰ ਕੁੱਤੇ ਦੇ ਰੂਪ ਵਿਚ ਪਛਾਣ ਕੇ ਆਪਣੇ ਵਿਆਹ ਵੇਲੇ ਜੈਮਾਲਾ ਕੁੱਤੇ ਦੇ ਗਲ ਵਿਚ ਪਾ ਦਿਤੀ। ਫਿਰ ਸ਼ੈਬਯਾ ਨੇ ਸ਼ਤਧਨੂ ਨੂੰ ਦਸਿਆ ਕਿ ਪਿਛਲੇ ਜਨਮ ਦੇ ਫਲਾਣੇ ਕੁਕਰਮਾਂ ਸਦਕਾ ਇਸ ਜਨਮ ਵਿਚ ਉਹਨੂੰ ਕੁੱਤੇ ਦੀ ਜੂਨ ਭੋਗਣੀ ਪਈ ਸੀ। ਮਰਨ ਉਪ੍ਰੰਤ ਸ਼ਤਧਨੂ ਨੂੰ ਫਿਰ ਕ੍ਰਮਵਾਰ ਗਿੱਦੜ, ਬਘਿਆੜ, ਕਾਂ ਅਤੇ ਮੋਰ ਦੇ ਰੂਪਾਂ ਵਿਚ ਜਨਮ ਧਾਰਨ ਕਰਨਾ ਪਿਆ, ਪਰ ਹਰ ਵਾਰ ਸ਼ੈਬਯਾ ਉਸ ਨੂੰ ਪਛਾਣ ਕੇ ਉਸ ਨੂੰ ਪ੍ਰੇਰਦੀ ਰਹੀ ਤਾਂ ਜੋ ਉਹ ਜੂਨਾਂ ਦੇ ਚੱਕਰ ਤੋਂ ਛੁਟਕਾਰਾ ਪਾ ਕੇ ਅਖ਼ੀਰ ਆਪਣੇ ਅਸਲੀ ਪਦ ਨੂੰ ਪ੍ਰਾਪਤ ਕਰ ਲਏ।

ਕਈ ਜੂਨੀਆਂ ਭੋਗ ਕੇ ਸ਼ਤਧਨੂ ਮਨੁਖਾ ਜੂਨ ਵਿਚ ਪ੍ਰਗਟ ਹੋਇਆ। ਸ਼ੈਬਯਾ ਨੇ ਪਛਾਣ ਕੇ ਉਸ ਨੂੰ ਫਿਰ ਪਤੀ ਦੇ ਰੂਪ ਵਿਚ ਗ੍ਰਹਿਣ ਕੀਤਾ। ਮਰਨ ਉਪ੍ਰੰਤ ਉਹ ਦੋਵੇਂ ਬੈਕੁੰਠ ਵਿਚ ਜਾ ਬਿਰਾਜੇ। ਸ਼ੈਬਯਾ ਪੁਰਾਣਾਂ ਦੀਆਂ ਪਤੀਬ੍ਰਤ ਇਸਤ੍ਰੀਆਂ ਵਿਚ ਵਿਸ਼ੇਸ਼ ਸਥਾਨ ਰਖਦੀ ਹੈ, ਜੋ ਮਨੁਖਾ ਜੂਨ ਵਿਚ ਹੁੰਦਿਆਂ ਵੀ ਪਸ਼ੂ ਜੂਨੀ ਵਿਚ ਵਿਚਰਦੇ ਆਪਣੇ ਪਤੀ ਨੂੰ ਗ੍ਰਹਿਣ ਕਰਕੇ ਉਸਦੀ ਸੇਵਾ ਕਰਦੀ ਰਹੀ। ਪਤੀ ਭਗਤੀ ਦੀ ਇਸ ਤੋਂ ਵੱਡੀ ਮਿਸਾਲ ਪੁਰਾਣਾਂ ਵਿਚ ਨਹੀਂ ਮਿਲਦੀ।

## (ਸ-737) **ਸੈਰ** :

ਹਿਮਾਚਲ ਪ੍ਰਦੇਸ਼ ਵਿਚ, ਅੱਸੂ ਦੀ ਸੰਗਰਾਂਦ ਨੂੰ, ਮੰਡੀ ਦੇ ਮਹਾਸੂ ਆਦਿ ਦੇ ਇਲਾਕੇ ਵਿਚ 'ਸੈਰ' ਦਾ ਪੁਰਬ ਮਨਾਇਆ ਜਾਂਦਾ ਹੈ। ਮਹਾਸੂ ਵਿਚ 'ਅਰਕੀ' ਦੇ ਸਥਾਨ ਉਤੇ ਦੋ ਦਿਨਾਂ ਲਈ ਇਕ ਭਾਰੀ ਮੇਲਾ ਭਰਦਾ ਹੈ, ਜਿਸ ਵਿਚ ਬਲਦਾਂ ਦੀ ਲੜਾਈ ਅਤੇ ਕੁਸ਼ਤੀਆਂ ਵਿਸ਼ੇਸ਼ ਮਨੋਰੰਜਨ ਹਨ। ਇਥੋਂ ਦੇ ਲੋਕਾਂ ਦੀ ਧਾਰਨਾ ਹੈ ਕਿ ਸੰਗਰਾਂਦ ਵਾਲੇ ਦਿਨ ਜੇ ਬਲਦ ਦ੍ਰਿਸ਼ਟੀਗੋਚਰ ਹੋ ਜਾਵੇ ਤਾਂ ਹਰੇਕ ਕੰਮ ਵਿਚ ਸਫਲਤਾ ਮਿਲਦੀ ਹੈ। ਇਸ ਲਈ ਇਸ ਇਲਾਕੇ ਦੇ ਲੋਕ ਸੈਰ ਵਾਲੇ ਦਿਨ ਮੇਲੇ ਵਿਚ ਬਲਦਾਂ ਦੀ ਲੜਾਈ ਬੜੇ ਚਾਓ ਨਾਲ ਵੇਖਦੇ ਹਨ। ਅਗਲੇ ਦਿਨ ਕੁਸ਼ਤੀਆਂ ਹੁੰਦੀਆਂ ਹਨ।

ਪਰ ਮੰਡੀ ਵਿਚ ਇਹ ਉਤਸ਼ਵ ਵਖਰੇ ਢੰਗ ਨਾਲ ਮਨਾਇਆ ਜਾਂਦਾ ਹੈ। ਪਿੰਡ ਦਾ ਨਾਈ

ਕਿਰਨੀ (ਟੋਕਰੀ) ਵਿਚ ਇਕ ਗਲਗਲ ਅਤੇ ਦੀਵਾ ਆਦਿ ਰਖ ਕੇ ਪਿੰਡ ਵਿਚ ਘੁੰਮਦਾ ਹੋਇਆ 'ਸੈਰ' ਦੇ ਸ਼ੁਭ ਆਗਮਨ ਦਾ ਢੰਡੋਰਾ ਫੇਰਦਾ ਹੈ। ਘਰਾਂ ਵਿਚੋਂ ਮਰਦ ਇਸਤ੍ਰੀਆਂ ਤੇ ਬੱਚੇ ਬਾਹਰ ਨਿਕਲ ਕੇ ਗਲਗਲ ਨੂੰ ਪ੍ਰਨਾਮ ਕਰਦੇ ਹਨ। ਸੈਰ ਦੇ ਦਿਨ ਘਰ ਵਿਚ ਕਈ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਜਾਂਦੇ ਹਨ। ਇਸ ਦਿਨ 'ਫੀਜੂ' ਚਿੜੀ ਦੀ ਆਵਾਜ਼ ਸੁਣਨੀ ਸ਼ੁਭ ਮੰਨੀ ਜਾਂਦੀ ਹੈ। ਇਸ ਬਾਰੇ ਇਕ ਲੋਕ-ਗੀਤ ਵੀ ਹੈ —

ਘਰਾ ਘਰਾ ਰਾ ਭੇਤੀ ਮੇਰੇ ਸੇਰਿਆ ਰੇ ਫੀਜੂਆ
ਚਲੀਆਂ ਚੁਲੀਆਂ ਦਾ ਭੇਤੀ ਮੇਰੇ ਸੇਰੀ ਰੇ ਫੀਜੂਆ

ਭਾਵ ਫੀਜੂ ਚਿੜੀ ਘਰ ਘਰ ਤੇ ਚੁਲ੍ਹੇ ਚੁਲ੍ਹੇ ਦਾ ਭੇਤ ਜਾਣਦੀ ਹੈ।

## (ਸ-738) **ਸੋਹਣਾ ਤੇ ਜ਼ੈਨੀ** :

ਗੁਜਰਾਤ ਦੇ ਇਲਾਕੇ ਦਾ ਇਕ ਪ੍ਰੇਮੀ ਜੋੜਾ; ਸੋਹਣਾ ਅਤੇ ਜ਼ੈਨੀ ਦਾ ਆਪੋ ਵਿਚ ਬੜਾ ਉੱਚਾ ਸੁੱਚਾ ਪ੍ਰੇਮ ਸੀ। ਪਰ ਇਨ੍ਹਾਂ ਦੀ ਪ੍ਰੀਤ-ਕਥਾ ਨੂੰ ਕਿਸੇ ਪ੍ਰਸਿਧ ਕਿੱਸਾਕਾਰ ਨੇ ਆਪਣਾ ਕਾਵਿ-ਅਨੁਭਵ ਨਹੀਂ ਬਣਾਇਆ, ਜਿਸ ਲਈ ਇਹ ਜੋੜੀ ਬਹੁਤਾ ਨਾਮਣਾ ਨਹੀਂ ਖਟ ਸਕੀ। ਕੁਝ ਕਵੀਸ਼ਰਾਂ ਨੇ ਇਸ ਕਥਾ ਉਤੇ ਸਾਧਾਰਨ ਪੱਧਰ ਦੇ ਛੋਟੇ ਛੋਟੇ ਕਿੱਸੇ ਲਿਖੇ ਹਨ ਜਿਵੇਂ ਖ਼ਾਹਸ਼ ਅਲੀ, ਜਲਾਲ ਤੇ ਬਖ਼ਸ਼ੀ ਈਸਾਈ ਆਦਿ। ਇਹ ਸਾਰੇ ਕਿੱਸਾਕਾਰ ਵੀਹਵੀਂ ਸਦੀ ਵਿਚ ਹੋਏ। ਸਿਆਲਕੋਟ ਨਿਵਾਸੀ ਜਲਾਲ ਨੇ ਆਪਣੇ ਕਿੱਸੇ ਦੀ ਸਮਾਪਤੀ ਦੀ ਤਾਰੀਖ਼ 8 ਜਨਵਰੀ, 1931 ਦਿਤੀ ਹੈ। ਸਭ ਤੋਂ ਪਹਿਲਾਂ ਇਹ ਕਿੱਸਾ ਖ਼ਾਹਸ਼ ਅਲੀ ਨੇ ਲਿਖਿਆ, ਉਸ ਨੇ ਇਹ ਦੰਦ-ਕਥਾ ਆਪਣੇ ਦੋਸਤਾਂ ਮਿਤ੍ਰਾਂ ਤੋਂ ਸੁਣੀ।

ਸੋਹਣਾ ਤੇ ਜ਼ੈਨੀ ਦੀ ਕਥਾ ਬੜੀ ਰੌਚਿਕ ਤੇ ਅਦਭੁਤ ਹੈ ਅਤੇ ਇਸ ਵਿਚ ਇਕ ਚੰਗਾ ਕਿੱਸਾ ਬਣਨ ਦੀਆਂ ਪੂਰੀਆਂ ਸੰਭਾਵਨਾਵਾਂ ਹਨ। ਸੋਹਣਾ ਜ਼ਿਲਾ ਗੁਜਰਾਤ ਦੇ ਇਕ ਪਿੰਡ ਚਕ ਅਬਦੁਲਾ ਵਿਚ, ਅਬਦੁਲੇ ਦੇ ਘਰ ਜੰਮਿਆ। ਵੱਡਾ ਹੋਇਆ ਤਾਂ ਇਕ ਦਿਨ ਉਹ ਸ਼ਿਕਾਰ ਖੇਡਦਾ ਹੋਇਆ ਉਸ ਖੂਹ ਉਤੇ ਜਾ ਪੁੱਜਾ, ਜਿਥੇ ਜੋਗੀਆਂ ਦਾ ਡੇਰਾ ਉਤਰਿਆ ਹੋਇਆ ਸੀ। ਖੂਹ ਉਤੇ ਡੇਰੇ ਦੇ ਆਗੂ ਸਮਰਨਾਥ ਦੀ ਬਾਂਕੀ ਧੀ ਜ਼ੈਨੀ ਆਪਣੀ ਇਕ ਅੰਗ-ਸਹੇਲੀ ਚੰਦਾ ਨਾਲ ਪਾਣੀ ਭਰ ਰਹੀ ਸੀ। ਜ਼ੈਨੀ ਦਾ ਰੂਪ ਵੇਖ ਕੇ ਸੋਹਣੇ ਦਾ ਦਿਲ ਮਰੁੰਡਿਆ ਗਿਆ। ਅਗਲੇ ਦਿਨ ਫਿਰ ਸੋਹਣਾ ਜਦੋਂ ਉਸੇ ਖੂਹ ਉਤੇ ਗਿਆ ਤਾਂ ਜੋਗੀਆਂ ਦਾ ਡੇਰਾ ਉਥੋਂ ਕੂਚ ਕਰ ਕੇ ਕਿਸੇ ਦੁਰਾਡੇ ਥਾਂ ਜਾ ਟਿਕਿਆ ਸੀ।

ਸੋਹਣੇ ਲਈ ਜ਼ੈਨੀ ਬਿਨਾਂ ਜੀਊਣਾ ਮੁਸ਼ਕਲ ਹੋ ਗਿਆ। ਕਈ ਦਿਨਾਂ ਦੀ ਲੰਮੀ ਭਾਲ ਮਗਰੋਂ ਸੋਹਣੇ ਨੇ ਪਿੰਡ ਘੁਲੇਪੁਰ ਦੀ ਜੂਹ ਵਿਚ ਜ਼ੈਨੀ ਦਾ ਡੇਰਾ ਲੱਗਾ ਵੇਖਿਆ। ਕੁਝ ਦਿਨ ਸੋਹਣਾ ਪਿੰਡ ਦੀ ਮਸੀਤ ਵਿਚ ਰਿਹਾ, ਪਰ ਮਗਰੋਂ ਉਸ ਨੇ ਜ਼ੈਨੀ ਦੀ ਨੇੜਤਾ ਪ੍ਰਾਪਤ ਕਰਨ ਲਈ ਸਮਰਨਾਥ ਦੀ ਖੋਤੇ ਚਾਰਨ ਦੀ ਨੌਕਰੀ ਕਰ ਲਈ। ਸੋਹਣਾ ਅਤੇ ਜ਼ੈਨੀ ਨੇ ਕਦੇ ਇਕ ਦੂਜੇ ਨਾਲ ਬੋਲ ਸਾਂਝੇ ਨਹੀਂ ਸਨ ਕੀਤੇ, ਜਿਸ ਕਰ ਕੇ ਸੋਹਣੇ ਦੇ ਦਿਲ ਵਿਚ ਇਕ ਵਾਸਾ ਪ੍ਰੇਮ ਧੁਖਦਾ ਰਿਹਾ।

ਇਕ ਵਾਰ ਜੰਗਲ ਵਿਚ ਅਚਾਨਕ ਖੋਤੇ ਚਾਰਦਿਆਂ ਸੋਹਣੇ ਨੂੰ ਜ਼ੈਨੀ ਇਕੱਲੀ ਮਿਲ ਪਈ। ਸੋਹਣੇ ਨੇ ਆਪਣੀ ਵੇਦਨਾ ਦਸੀ। ਪਹਿਲਾਂ ਤਾਂ ਜ਼ੈਨੀ ਕਰੜਾਈ ਨਾਲ ਪੇਸ਼ ਆਈ, ਪਰ ਸੋਹਣੇ ਦੀਆਂ ਘਾਲਣਾ ਵੇਖ ਕੇ ਜ਼ੈਨੀ ਦਾ ਮਨ ਪਸੀਜ ਗਿਆ ਤੇ ਹੌਲੇ ਹੌਲੇ ਉਸ ਦੇ ਮਨ ਵਿਚ ਵੀ ਪ੍ਰੇਮ ਦਾ ਅੰਕੁਰ ਫੁਟਣ ਲੱਗਾ। ਦੋਹਾਂ ਦੇ ਪ੍ਰੇਮ ਦੀ ਖ਼ੁਸ਼ਬੋ ਜਦੋਂ ਡੇਰੇ ਵਿਚ ਖਿੰਡੀ ਤਾਂ ਸਮਰਨਾਥ ਨੇ ਸੋਹਣੇ ਨੂੰ ਡਰਾ ਧਮਕਾ ਕੇ ਡੇਰਿਉਂ ਕਢ ਦਿਤਾ। ਸੋਹਣਾ ਫੇਰ ਵੀ ਜ਼ੈਨੀ ਨੂੰ ਚੋਰੀ ਛੁਪੀ ਮਿਲਣ ਦੇ ਯਤਨ ਕਰਦਾ ਰਿਹਾ। ਬਦਨਾਮੀ ਤੋਂ ਡਰਦਿਆਂ ਜੋਗੀਆਂ ਨੇ ਸੋਹਣੇ ਨੂੰ ਜਾਨੋਂ ਮਾਰ ਦੇਣ ਦਾ ਮਤਾ ਪਕਾਇਆ, ਪਰ ਇਕ ਵਡਿਕੇ ਜਗਨਨਾਥ ਦੇ ਵਰਜਣ ਉਤੇ ਜੋਗੀ ਸੋਹਣੇ ਨੂੰ ਦਰੱਖਤ ਨਾਲ ਬੰਨ੍ਹਕੇ, ਉਥੋਂ ਡੇਰਾ ਕੂਚ ਕਰਕੇ ਚਲੇ ਗਏ। ਅਗਲੇ ਦਿਨ ਕਿਸੇ ਮੁਸਾਫ਼ਰ ਨੇ ਸੋਹਣੇ ਨੂੰ ਦਰੱਖਤ ਨਾਲੋਂ ਖੋਲ੍ਹ ਦਿਤਾ ਤੇ ਉਹ ਖੋਤਿਆਂ ਦਾ ਖੁਰਾ ਲਭਦਾ ਫਿਰ ਉਨ੍ਹਾਂ ਦੇ ਨਵੇਂ ਡੇਰੇ ਜਾ ਪੁਜਾ।

ਅਖ਼ੀਰ ਜੋਗੀਆਂ ਨੇ ਸੋਹਣੇ ਨੂੰ ਮਾਰਨ ਲਈ ਸੱਪ ਲੜਾਉਣ ਦੀ ਵਿਉਂਤ ਬਣਾਈ। ਜ਼ੈਨੀ ਦੀ

ਸਹੇਲੀ ਚੰਦਾ ਨੂੰ ਜਦੋਂ ਇਸ ਸਾਜ਼ਸ਼ ਦਾ ਪਤਾ ਲੱਗਾ ਤਾਂ ਉਸ ਨੇ ਸੋਹਣੇ ਨੂੰ ਪਹਿਲਾਂ ਤੋਂ ਹੀ ਚੇਤੰਨ ਕਰ ਦਿਤਾ ਅਤੇ ਸੱਪ ਦਾ ਵਿਹੁ ਉਤਾਰਨ ਦੀਆਂ ਕੁਝ ਬੂਟੀਆਂ ਵੀ ਦੇ ਦਿਤੀਆਂ। ਸੋ, ਸੋਹਣੇ ਨੂੰ ਜਦੋਂ ਪਹਿਲੀ ਵਾਰ ਸੱਪ ਲੜਿਆ ਤਾਂ ਉਹ ਬੂਟੀਆਂ ਦੀ ਵਰਤੋਂ ਨਾਲ ਬਚ ਗਿਆ। ਪਰ ਦੂਜੀ ਵਾਰ ਫਿਰ ਉਸ ਵਲ ਬੜਾ ਜ਼ਹਿਰੀਲਾ ਸਪ ਛਡਿਆ ਗਿਆ, ਜਿਸ ਦੇ ਡਸਣ ਨਾਲ ਸੋਹਣਾ ਬੇਹੋਸ਼ ਹੋ ਗਿਆ ਤੇ ਉਸ ਦਾ ਸਾਰਾ ਸਰੀਰ ਕਾਲਾ ਸਿਆਹ ਪੈ ਗਿਆ। ਜੋਗੀ ਉਸ ਨੂੰ ਮਰਿਆ ਜਾਣ ਕੇ ਡੇਰੇ ਵਾਪਸ ਆ ਗਏ।

ਪਰ ਜ਼ੈਨੀ ਆਪਣੀ ਸਹੇਲੀ ਚੰਦਾ ਦੀ ਮਦਦ ਨਾਲ ਸੋਹਣੇ ਕੋਲ ਪੁੱਜੀ ਤੇ ਉਸ ਨੇ ਸੋਹਣੇ ਦੇ ਸਰੀਰ ਵਿਚੋਂ ਸਾਰਾ ਜ਼ਹਿਰ ਚੂਸ ਕੇ ਬਾਹਰ ਕਢਿਆ। ਫਿਰ ਉਸ ਨੂੰ ਕੁਝ ਬੂਟੀਆਂ ਖਵਾਈਆਂ ਜਿਸ ਨਾਲ ਉਹ ਮੁੜ ਨਵਾ ਨਰੋਆ ਹੋ ਗਿਆ। ਚੰਦਾ ਡੇਰੇ ਮੁੜ ਗਈ, ਪਰ ਜ਼ੈਨੀ ਸੋਹਣੇ ਨਾਲ ਅਬਦੁਲਾ ਪੁਰ ਜਾ ਪਹੁੰਚੀ, ਜਿਥੇ ਸੋਹਣੇ ਦੇ ਪਿਉ ਨੇ ਦੋਹਾਂ ਦਾ ਵਿਆਹ ਕਰ ਦਿਤਾ। ਇਸ ਤਰ੍ਹਾਂ ਇਹ ਕਥਾ ਸੁਖਾਂਤ ਵਿਚ ਨਿਬੜੀ। ਇਸ ਪ੍ਰੀਤ-ਕਥਾ ਦੀਆਂ ਲਗਪਗ ਸਾਰੀਆਂ ਕਥਾਨਿਕ ਰੂੜ੍ਹੀਆ ਪੰਜਾਬ ਦੇ ਦੂਜੇ ਪ੍ਰੀਤ-ਕਿੱਸਿਆਂ ਵਿਚ ਉਪਲਬਧ ਹਨ ਤੇ ਇਸ ਦੀ ਵਿਲੱਖਣ ਹੋਂਦ ਇਨ੍ਹਾਂ ਕਥਾਨਿਕ ਰੂੜ੍ਹੀਆਂ ਦੀ ਸ਼ਿਲਪ ਸਦਕਾ ਹੀ ਹੈ।

(ਸ-739) **ਸੋਹਣੀ ਮਹੀਂਵਾਲ** :

ਸੋਹਣੀ ਮਹੀਂਵਾਲ ਦੀ ਪ੍ਰੀਤ-ਕਥਾ ਲੋਕਧਾਰਾਈ ਦ੍ਰਿਸ਼ਟੀ ਤੋਂ ਇਕ ਮਹੱਤਵਪੂਰਨ ਰਚਨਾ ਹੈ। ਇਸ ਦੀ ਸ਼ਿਲਪ ਵਿਚ ਯੂਨਾਨੀ ਅਤੇ ਬੋਧੀ ਕਥਾਨਿਕ ਰੂੜ੍ਹੀਆਂ ਦਾ ਸਹਿਜ-ਸੰਜੋਗ ਜਾਪਦਾ ਹੈ ਅਤੇ ਇਸ ਕਥਾ ਦੀ ਕਾਇਆ ਵੀ 'ਸੱਸੀ ਪੁੰਨੂੰ' ਵਾਗ, ਪ੍ਰਾਚੀਨ ਕਾਲ ਤੋਂ, ਇਕ ਲੰਮਾ ਸਫ਼ਰ ਤੈਅ ਕਰਕੇ ਅਤੇ ਕਈ ਪਰਿਵਰਤਨਾਂ ਵਿਚੋਂ ਦੀ ਲੰਘਦੀ ਹੋਈ ਸਾਡੇ ਤਕ ਪੁੱਜੀ ਜਾਪਦੀ ਹੈ। ਭਾਵੇਂ ਇਸ ਗੱਲ ਦੇ ਨਿਗਰ ਸਬੂਤ ਨਹੀਂ, ਪਰ ਇਹ ਕਥਾ ਯੂਨਾਨੀਆਂ ਦੇ ਵੇਲੇ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਪ੍ਰਚਲਤ ਸੀ। ਇਸ ਕਥਾ ਨੂੰ ਵਰਤਮਾਨ ਰੂਪ ਮੁਸਲਮਾਨੀ ਰਾਜ ਸਮੇਂ ਹੀ ਪ੍ਰਾਪਤ ਹੋਇਆ।

ਦਸਮ ਗ੍ਰੰਥ ਦੇ ਪਾਖਯਾਨ ਚਰਿਤ੍ਰ ਵਿਚ ਇਹ ਪ੍ਰੀਤ ਕਥਾ ਆਪਣੇ ਪੂਰੇ ਸਰੂਪ ਵਿਚ ਵਰਨਣ ਨਹੀਂ ਕੀਤੀ ਗਈ, ਜਿਸ ਕਰ ਕੇ ਇਸ ਕਥਾ ਦੇ ਮੂਲ ਲੋਕ-ਰੂਪਾਂਤਰ ਬਾਰੇ ਕੋਈ ਸਹੀ ਅਨੁਮਾਨ ਨਹੀ ਲਗ ਸਕਦਾ। ਦਸਮ ਗ੍ਰੰਥ ਵਿਚ ਇਸ ਕਥਾ ਦੀ ਕੇਵਲ ਇਕੋ ਘਟਨਾ ਨੂੰ ਕਾਵਿਬਧ ਕੀਤਾ ਗਿਆ ਹੈ। ਸੋਹਣੀ ਦੀ ਨਨਾਣ ਪੱਕੇ ਘੜੇ ਦੀ ਥਾਂ ਕੱਚਾ ਘੜਾ ਰਖ ਦੇਂਦੀ ਹੈ, ਜੋ ਸੋਹਣੀ ਦੇ ਦਰਿਆ ਵਿਚ ਠਿਲਦੇ ਸਾਰ ਖੁਰ ਜਾਂਦਾ ਹੈ। ਦਰਿਆ ਵਿਚ ਰੁੜ੍ਹਦੀ ਸੋਹਣੀ ਦੀਆਂ ਆਵਾਜ਼ਾਂ ਸੁਣ ਕੇ ਮਹੀਂਵਾਲ ਵੀ ਦਰਿਆ ਵਿਚ ਕੁਦ ਪੈਂਦਾ ਹੈ। ਇਸ ਚਰਿਤ੍ਰ ਵਿਚ ਹੋਰ ਘਟਨਾਵਾਂ ਦਾ ਉੱਕਾ ਜ਼ਿਕਰ ਨਹੀਂ। ਪਰ ਦਸਮ ਗ੍ਰੰਥ ਵਿਚ ਮਹੀਂਵਾਲ ਨੂੰ ਪੰਜਾਬ ਦਾ ਹੀ ਇਕ ਜੱਟ ਦਸਿਆ ਗਿਆ ਹੈ, ਬਲਖ ਬੁਖ਼ਾਰੇ ਦਾ ਵਪਾਰੀ ਨਹੀਂ।

ਮੁਗ਼ਲਾਂ ਦੀ ਚੜ੍ਹਤ ਸਮੇਂ, ਸਾਮੀ ਲੋਕਧਾਰਾ ਦੇ ਪ੍ਰਭਾਵ ਹੇਠ, ਪੰਜਾਬੀ ਲੋਕ-ਕਹਾਣੀਆਂ ਵਿਚ ਵਿਸ਼ੇਸ਼ ਪਰਿਵਰਤਨ ਆਏ ਅਤੇ ਨਵੀਆਂ ਰੂੜ੍ਹੀਆਂ ਦੇ ਸੰਜੋਗ ਨਾਲ ਕੁਝ ਕਥਾਵਾਂ ਵਿਚ ਕਾਫ਼ੀ ਪ੍ਰਭਾਵਸ਼ਾਲੀ ਰੱਦੋ ਬਦਲ ਵੀ ਹੋਏ। ਇਥੋਂ ਤਕ ਕਿ ਕਈ ਕਥਾਵਾਂ ਦਾ ਤਾਂ ਮੂੰਹ ਮੱਥਾ ਹੀ ਬਦਲ ਗਿਆ। ਉਦੋਂ ਹੀ 'ਸੋਹਣੀ ਮਹੀਂਵਾਲ' ਦੀ ਕਥਾ ਵਿਚ, ਕਈ ਹੋਰ ਤਬਦੀਲੀਆਂ ਦੇ ਨਾਲ, ਪੰਜਾਬ ਦਾ ਜੱਟ ਬਲਖ ਬੁਖ਼ਾਰੇ ਦੇ ਸੌਦਾਗਰ ਵਿਚ ਬਦਲ ਗਿਆ, ਕਿਉਂ ਜੋ ਉਦੋਂ ਜੱਟਾਂ ਨਾਲੋਂ ਬਦੇਸ਼ੀ ਸੌਦਾਗਰਾਂ ਦਾ ਮੁਰਾਤਬਾ ਵਧੇਰੇ ਉੱਚਾ ਸੀ। ਇਜ਼ਤ ਬੇਗ, ਜੋ ਬਲਖ਼ ਬੁਖ਼ਾਰੇ ਦਾ ਵੱਡਾ ਸੌਦਾਗਰ ਸੀ, ਗੁਜਰਾਤ ਭਾਡੇ ਖ਼ਰੀਦਣ ਲਈ ਆਇਆ ਅਤੇ ਤੁਲੇ ਦੀ ਧੀ ਸੋਹਣੀ ਦੇ ਰੂਪ ਦਾ ਸ਼ਿਕਾਰ ਹੋ ਗਿਆ।

ਸੋਹਣੀ ਮਹੀਂਵਾਲ ਦੀ ਕਥਾ 'ਹੀਰੋ ਐਂਡ ਲੈਂਡੇਰ' ਦੀ ਦੰਦ-ਕਥਾ ਨਾਲ ਕਾਫ਼ੀ ਮੇਲ ਖਾਂਦੀ ਹੈ। ਇਹ ਸਾਂਝ ਸਹਿਜ-ਸੰਜੋਗ ਨਹੀਂ ਕਹੀ ਜਾ ਸਕਦੀ। ਲੈਂਡੇਰ ਦੇਵ-ਮੰਦਰ ਦੀ ਮਹੰਤਣੀ ਹੀਰੋ ਨਾਲ ਮੁਹੱਬਤ ਕਰਦਾ ਸੀ ਅਤੇ ਉਹ ਨਿਤ ਦਰਿਆ ਨੂੰ ਪਾਰ ਕਰ ਕੇ ਹੀਰੋ ਨੂੰ ਮਿਲਣ ਵਾਸਤੇ

ਜਾਇਆ ਕਰਦਾ। ਹੀਰੋ ਮਹੰਤਣੀ ਹੋਣ ਦੇ ਨਾਤੇ ਲੈਂਡਰ ਨਾਲ ਵਿਆਹ ਕਰਨ ਤੋਂ ਅਸਮਰਥ ਸੀ। ਪਰ ਉਹ ਦੇਵ-ਮੰਦਰ ਦੇ ਚਬੂਤਰੇ ਉਤੇ ਦੀਵਾ ਬਾਲ ਕੇ ਰਖਦੀ ਤਾਂ ਜੋ ਲੈਂਡਰ ਕਿਧਰੇ ਰਾਹ ਨਾ ਭਟਕ ਜਾਵੇ। ਇਹ ਸਿਲਸਿਲਾ ਕਾਫ਼ੀ ਦੇਰ ਤਕ ਜਾਰੀ ਰਿਹਾ। ਇਕ ਦਿਨ ਦਰਿਆ ਵਿਚ ਸਖ਼ਤ ਤੂਫ਼ਾਨ ਆ ਜਾਣ ਕਾਰਨ ਅਤੇ ਹੀਰੋ ਵਲੋਂ ਮਾਰਗ ਪ੍ਰਦਰਸ਼ਨ ਲਈ ਬਾਲੇ ਗਏ ਦੀਵੇ ਦੇ ਕਹਿਰੀ ਝਖੜ ਵਿਚ ਬੁਝ ਜਾਣ ਕਰਕੇ, ਲੈਂਡਰ ਦਰਿਆ ਵਿਚ ਭਟਕਦਾ ਹੋਇਆ ਰੁੜ੍ਹ ਗਿਆ। ਹੀਰੋ ਨੇ ਜਦੋਂ ਉਹਦੀ ਲਾਸ਼ ਵੇਖੀ ਤਾਂ ਉਹ ਵੀ ਦਰਿਆ ਵਿਚ ਡੁਬ ਮੋਈ (ਸਟੈਂਡਰਡ ਫ਼ੋਕਲੋਰ ਡਿਕਸ਼ਨਰੀ, 1)।

ਹੀਰੋ ਲੈਂਡਰ ਦੀਆਂ ਕੁਝ ਕੁ ਪ੍ਰਧਾਨ ਕਥਾਨਿਕ ਰੂੜ੍ਹੀਆਂ ਸੋਹਣੀ ਮਹੀਂਵਾਲ ਦੀਆਂ ਵੀ ਪ੍ਰਧਾਨ ਰੂੜ੍ਹੀਆਂ ਹਨ। ਮਹੀਂਵਾਲ ਹਰ ਰੋਜ਼ ਦਰਿਆ ਨੂੰ ਪਾਰ ਕਰ ਕੇ ਸੋਹਣੀ ਨੂੰ ਮਿਲਣ ਵਾਸਤੇ ਆਉਂਦਾ ਸੀ। ਪਰ ਇਕ ਦਿਨ ਜਦੋਂ ਮਹੀਂਵਾਲ ਨੇ, ਮੱਛੀ ਨਾ ਲਭਣ ਕਾਰਨ, ਆਪਣੇ ਪਟ ਦਾ ਮਾਸ ਚੀਰ ਕੇ, ਸੋਹਣੀ ਨੂੰ ਪੇਸ਼ ਕੀਤਾ, ਤਦੋਂ ਤੋਂ ਰੋਜ਼ ਸੋਹਣੀ ਦਰਿਆ ਨੂੰ ਪਾਰ ਕਰ ਕੇ ਮਹੀਂਵਾਲ ਨੂੰ ਮਿਲਣ ਵਾਸਤੇ ਜਾਣ ਲੱਗੀ। ਸੋਹਣੀ ਦੀ ਨਨਾਣ ਨੇ ਪੱਕੇ ਦੀ ਥਾਂ ਕੱਚਾ ਘੜਾ ਰਖ ਦਿਤਾ ਤੇ ਘੜੇ ਦੇ ਖੁਰਨ ਨਾਲ ਸੋਹਣੀ ਦਰਿਆ ਵਿਚ ਡੁਬ ਮੋਈ ਅਤੇ ਮਹੀਂਵਾਲ ਵੀ ਉਸ ਦੀ ਆਵਾਜ਼ ਸੁਣ ਕੇ ਦਰਿਆ ਵਿਚ ਕੁਦ ਪਿਆ ਅਤੇ ਦੋਹਾਂ ਨੇ ਪ੍ਰਾਣ ਤਿਆਗ ਦਿਤੇ।

ਦਰਿਆ ਪਾਰ ਕਰ ਕੇ ਪ੍ਰੇਮੀ/ਪ੍ਰੇਮਿਕਾ ਨੂੰ ਮਿਲਣ ਦੀ ਇਹ ਰੂੜ੍ਹੀ ਮੂਲ ਵਿਚ ਯੂਨਾਨੀ ਜਾਪਦੀ ਹੈ। ਮੁਢ ਕਦੀਮ ਤੋਂ ਹੀ ਦਰਿਆ ਸਾਡੇ ਸਾਂਸਕ੍ਰਿਤਕ ਪਸਾਰ ਦੀ ਸੀਮਾ ਰਿਹਾ ਹੈ। ਇਸ ਲਈ ਇਹਦੀ ਉਲੰਘਣਾ ਵਰਜਨ ਹੈ। ਨਦੀਓਂ ਪਾਰ ਫੈਲਰਨਾ ਪ੍ਰਾਕ੍ਰਿਤਕ ਪ੍ਰਤਿਕੂਲਤਾ ਹੋਣ ਕਰ ਕੇ ਸਾਡੀ ਸੰਸਕ੍ਰਿਤੀ ਵਿਚ ਅਨੁਕੂਲ ਨਹੀਂ ਸੀ ਸਮਝਿਆ ਜਾਂਦਾ ਅਤੇ ਜਿਹੜਾ ਵੀ ਨਦੀ ਤੋਂ ਪਾਰ ਗਿਆ, ਉਹ ਅਸਲੇ ਨਾਲੋਂ ਵਿਛੁੰਨ ਕੇ ਗਿਆ। ਆਰੀਆ ਜਾਤੀ ਕਈ ਸਦੀਆਂ ਤਕ ਸਿੰਧ ਸਾਗਰ ਦੁਆਬ ਵਿਚ ਸੀਮਤ ਰਹੀ। ਮਗਰੋਂ ਜੋ ਕਿਸੇ ਮਜਬੂਰੀ ਵਸ, ਜਿਹਨਾਂ ਕਬੀਲਿਆਂ ਨੇ ਜਿਹਲਮ ਟਪਿਆ, ਉਹ ਪਹਿਲਿਆਂ ਨਾਲੋਂ ਹਮੇਸ਼ਾਂ ਵਾਸਤੇ ਟੁਟ ਗਏ ਅਤੇ ਫਿਰ ਵਖਰੀ ਹੋਂਦ ਬਣਾ ਕੇ ਫੈਲੇ। ਪੰਜਾਬੀ ਲੋਕਧਾਰਾ ਵਿਚ ਦਰਿਆ ਅਜ ਵੀ ਵਰਜਨ ਹੈ—'ਦਰਿਆ ਪਾਰ ਤੇ ਕੰਧ ਉਰਾਰ'; ਭਾਵ ਜਿਸ ਨੇ ਦਰਿਆ ਪਾਰ ਕੀਤਾ ਉਸ ਲਈ ਪਿਛੇ ਕੰਧ ਉਸਰ ਗਈ। ਨਦੀਓਂ ਪਾਰ ਕੰਨਿਆਂ ਵਿਆਹੁਣੀ ਲੋਕ-ਵਿਵਹਾਰ ਨਹੀਂ — 'ਜਾ ਧੀਏ ਰਾਵੀ, ਨਾ ਕੋਈ ਆਵੀ ਤੇ ਨਾ ਕੋਈ ਜਾਵੀ।' ਜੇ ਕਦੇ ਦਰਿਆ ਤੋਂ ਪਾਰ ਜੰਞ ਚੜ੍ਹਨੀ ਹੋਵੇ ਤਾਂ ਦਰਿਆ ਪਾਰ ਕਰਨ ਮਗਰੋਂ ਹੀ ਲਾੜ੍ਹੇ ਨੂੰ ਰੀਤਾਂ ਵਾਲੇ ਵਸਤਰ ਪਹਿਨਾਏ ਜਾਂਦੇ ਹਨ ਅਤ ਕੁਝ ਵਿਸ਼ੇਸ਼ ਸ਼ਗਨ ਤੇ ਕਰਮ ਕਾਂਡ ਵੀ ਕੀਤੇ ਜਾਂਦੇ ਹਨ। ਪੰਜਾਬ ਵਿਚ ਅਜ ਵੀ, ਕਈ ਥਾਈਂ, ਜਦੋਂ ਕੋਈ ਬਰਾਤ ਦਰਿਆ ਪਾਰ ਕਰਦੀ ਹੈ, ਤਾਂ ਕਈ ਤਰ੍ਹਾਂ ਦੇ ਸ਼ਗਨਾਂ ਤੋਂ ਟਿਲਾਵਾ ਦੂਜੇ ਖੇਤਰ ਦੀਆਂ ਬਲਾਵਾਂ ਨੂੰ ਦੂਰ ਰਖਣ ਲਈ, ਕੁਝ ਉਪਾਅ ਅਤੇ ਕਰਮ ਕਾਂਡ ਵੀ ਕੀਤੇ ਜਾਂਦੇ ਹਨ। ਸੋ, ਵਰਜਨ ਦਰਿਆ ਨੂੰ ਪਾਰ ਕਰ ਕੇ ਕੋਈ ਵਸਤੂ ਭੋਗਣ ਦੀ ਰੂੜ੍ਹੀ ਮੂਲ ਵਿਚ ਯੂਨਾਨੀ ਕਥਾਨਿਕ ਰੂੜ੍ਹੀ ਜਾਪਦੀ ਹੈ, ਜੋ ਮਗਰੋਂ ਪੰਜਾਬੀ ਸਾਹਿਤ-ਸਭਿਆਚਾਰ ਵਿਚ ਕਈ ਰੂਪਾਂ ਵਿਚ ਫੈਲਰੀ। (ਮਧਕਾਲੀਨ ਪੰਜਾਬੀ ਕਥਾ, ਰੂਪ ਤੇ ਪਰੰਪਰਾ, ਪੰਨਾ 31-32)।

ਇਸ ਗੱਲ ਦੀ ਸ਼ਾਹਦੀ ਇਤਿਹਾਸ ਵੀ ਭਰਦਾ ਹੈ ਕਿ ਯੂਨਾਨੀ ਸੰਸਕ੍ਰਿਤੀ ਅਤੇ ਲੋਕਧਾਰਾ ਦਾ ਪੰਜਾਬ ਉਤੇ ਗੌਰਵਮਈ ਪ੍ਰਭਾਵ ਪਿਆ। ਕਾਫ਼ੀ ਸਾਰੀ ਲੋਕਧਾਰਾਈ ਸਾਮਗਰੀ ਦਾ ਲੈਣ ਦੇਣ ਹੋਇਆ। ਅਜਿਹੀ ਇਤਿਹਾਸਕ ਸਥਿਤੀ ਵਿਚ ਯੂਨਾਨੀ ਲੋਕਧਾਰਾ ਵਿਚ 'ਹੀਰੋ ਐਂਡ ਲੈਂਡਰ' ਵਰਗੇ ਆਦਰਸ਼ਕ ਪਿਆਰ ਦੀ ਕਹਾਣੀ ਦਾ ਪੰਜਾਬੀਆਂ ਦੇ ਦਿਲਾਂ ਉਤੇ ਅਸਰ ਹੋਣਾ ਸਹਿਜ ਸੀ। ਇਸ ਲਈ ਸਾਡਾ ਦ੍ਰਿੜ੍ਹ ਵਿਚਾਰ ਹੈ ਕਿ ਹੀਰੋ ਐਂਡ ਲੈਂਡਰ ਦੀਆਂ ਕੁਝ ਰੂੜ੍ਹੀਆਂ ਹੀ ਸੋਹਣੀ ਮਹੀਂਵਾਲ ਦੀ ਪ੍ਰੀਤ-ਕਥਾ ਦਾ ਆਧਾਰ ਹਨ।

ਇਸ ਪ੍ਰੀਤ-ਕਥਾ ਦੀ ਇਕ ਵਿਸ਼ੇਸ਼ ਰੂੜ੍ਹੀ ਮਹੀਂਵਾਲ ਦਾ ਆਪਣਾ ਪਟ ਚੀਰ ਕੇ ਸੋਹਣੀ ਨੂੰ ਮਾਸ ਭੇਟ ਕਰਨਾ ਹੈ। ਇਸ ਰੂੜ੍ਹੀ ਦਾ ਮੂਲ ਬੋਧੀ ਰੂੜ੍ਹੀਆਂ ਵਿਚੋਂ ਖੋਜਿਆ ਜਾ ਸਕਦਾ ਹੈ।

ਮਹਾਤਮਾ ਬੁਧ ਦਾ ਸਤ ਭੁਖੇ ਬਾਘ-ਬੱਚਿਆਂ ਦੀ ਭੁਖ ਮਿਟਾਣ ਲਈ ਆਤਮ-ਸਮਰਪਣ ਦੀ ਰੂੜ੍ਹੀ ਦਾ ਇਹ ਪ੍ਰਤਿਰੂਪ ਹੈ। ਮਹਾਤਮਾ ਬੁਧ ਦੇ ਪੂਰਬਲੇ ਜਨਮ ਦੀ ਕਥਾ ਦਾ ਘਟਨਾ ਸਥਲ ਵੀ ਪਛਮੀ ਪੰਜਾਬ ਦਾ ਇਕ ਨਗਰ ਮਾਣਕਿਆਲਾ ਹੈ, ਜਿਥੇ ਇਸ ਘਟਨਾ ਦੀ ਸਿਮਰਤੀ ਵਿਚ ਸਮਰਾਟ ਅਸ਼ੋਕ ਨੇ ਬੋਧੀ ਸਤੂਪ ਵੀ ਬਣਾਇਆ ਸੀ। ਇਸ ਲਈ ਇਹ ਰੂੜ੍ਹੀ ਸ਼ੁਧ ਪੰਜਾਬੀ ਹੈ।

ਇਸ ਪ੍ਰੀਤ-ਕਥਾ ਦੀ ਇਕ ਹੋਰ ਵਿਲਖਣ ਰੂੜ੍ਹੀ ਕੱਚੇ ਘੜੇ ਉਤੇ ਤਰਨ ਦੀ ਹੈ, ਜੋ ਇਸ ਕਥਾ ਦੀ ਪਛਾਣ ਬਣ ਗਈ ਹੈ। ਇਸੇ ਇਕ ਰੂੜ੍ਹੀ ਨੇ ਇਸ ਕਥਾ ਨੂੰ ਨਿਵੇਕਲੀ ਹੋਂਦ ਪ੍ਰਦਾਨ ਕੀਤੀ ਹੈ। ਕੱਚਾ ਘੜਾ ਪ੍ਰੇਮੀਆਂ ਦਾ ਪ੍ਰੀਤ ਵਿਚ ਆਤਮ-ਸਮਰਪਣ ਤੇ ਸਮਾਜ ਦੇ ਖਲਕਾਰਜ ਦਾ ਚਿੰਨ੍ਹ ਬਣ ਗਿਆ ਹੈ।

ਉਪ੍ਰੋਕਤ ਮੂਲ ਰੂੜ੍ਹੀਆਂ ਤੋਂ ਇਲਾਵਾ ਇਸ ਕਥਾ ਦੀਆ ਬਾਕੀ ਰੂੜ੍ਹੀਆਂ ਸਾਧਾਰਨ ਹਨ, ਕਿਉਂ ਜੋ ਉਹ ਪੰਜਾਬ ਦੀਆਂ ਦੂਜੀਆਂ ਪ੍ਰੀਤ-ਕਥਾਵਾਂ ਵਿਚ ਉਪਲਬਧ ਹਨ, ਜਿਹਾ ਕਿ ਇਜ਼ਤ ਬੇਗ ਦਾ ਤੁਲੇ ਘੁਮਿਆਰ ਦੀ ਨੌਕਰੀ ਕਰ ਕੇ ਮੱਝਾਂ ਚਾਰਨਾ। ਸਾਡੀਆਂ ਪ੍ਰੀਤ-ਕਥਾਵਾਂ ਵਿਚ ਆਸ਼ਕ ਨੂੰ ਮਾਸ਼ੂਕ ਕਾਰਨ ਆਪਣੀ ਸਮਾਜਿਕ ਤੇ ਆਰਥਿਕ ਹਉਂ ਤਿਆਗਣੀ ਪਈ ਹੈ।

ਮਹੀਂਵਾਲ ਨੂੰ ਰਾਂਝੇ ਵਰਗੀ ਹੀ ਹੋਣੀ ਭੋਗਣੀ ਪਈ। ਮਝਾਂ ਵੀ ਚਾਰੀਆਂ, ਪਰ ਸੋਹਣੀ ਕਿਧਰੇ ਹੋਰ ਵਿਆਹ ਦਿਤੀ ਗਈ। ਮਹੀਂਵਾਲ ਫ਼ਕੀਰ ਦਾ ਭੇਸ ਧਾਰ ਕੇ ਸੋਹਣੀ ਨੂੰ ਮਿਲਦਾ ਰਿਹਾ। ਫ਼ਕੀਰ ਦਾ ਰੂਪ ਧਾਰਨ ਦੀ ਇਹ ਰੂੜ੍ਹੀ ਮਧਕਾਲੀ ਜੋਗ ਮਤ ਤੇ ਸੂਫ਼ੀ ਮਤ ਦਾ ਰਲਵਾਂ ਪ੍ਰਭਾਵ ਹੈ। ਇਸ਼ਕ ਮਜ਼ਾਜੀ ਨੂੰ ਇਸ਼ਕ ਹਕੀਕੀ ਵਿਚ ਜੋੜਨ ਦੀ ਲੋਕ-ਚੇਸ਼ਟਾ ਦਾ ਫਲ ਹੈ।

ਮਹੀਂਵਾਲ ਦਾ ਦਰਿਆ ਵਿਚ ਛਾਲ ਮਾਰ ਕੇ ਸੋਹਣੀ ਦੇ ਨਾਲ ਹੀ ਪ੍ਰੀਤ ਵਿਚ ਆਤਮ-ਸਮਰਪਣ ਕਰਨਾ, ਦੋਹਾਂ ਦੀਆਂ ਰੂਹਾਂ ਦਾ ਦੈਵੀ ਸੰਜੋਗ, ਆਦਿ ਇਹ ਰੂੜ੍ਹੀਆਂ ਸਾਡੀਆਂ ਸਭ ਪ੍ਰੀਤ-ਕਥਾਵਾਂ ਵਿਚ ਆਮ ਮਿਲਦੀਆਂ ਹਨ।

**(ਸ-740) ਸੋਹਣੀ ਦਾ ਛੰਨਾ :**

ਗੁਜਰਾਤ (ਪਾਕਿਸਤਾਨ) ਵਿਚ ਮਿੱਟੀ ਦੇ ਬੜੇ ਵਧੀਆ ਤੇ ਸੁੰਦਰ ਭਾਂਡੇ ਬਣਾਏ ਜਾਂਦੇ ਰਹੇ ਹਨ। ਇਥੋਂ ਦੇ ਘੁੰਮਿਆਰ ਇਕ ਖ਼ਾਸ ਤਰ੍ਹਾਂ ਦਾ ਛੰਨਾ ਬਣਾਉਂਦੇ ਹਨ, ਜਿਹੜਾ ਕਾਗਜ਼ ਵਾਂਗ ਪਤਲਾ ਅਤੇ ਅਸਪਾਤ ਵਾਂਗ ਮਜ਼ਬੂਤ ਹੁੰਦਾ ਹੈ। ਇਸ ਛੰਨੇ ਨੂੰ ਗੁਜਰਾਤ ਦੇ ਲੋਕ 'ਸੋਹਣੀ ਦਾ ਛੰਨਾ' ਕਹਿੰਦੇ ਹਨ। ਧਾਰਨਾ ਹੈ ਕਿ ਇਹ ਛੰਨਾ ਉਸੇ ਵਿਧੀ ਨਾਲ ਮਿੱਟੀ ਗੁੰਨ੍ਹ ਕੇ ਬਣਾਇਆ ਜਾਂਦਾ ਹੈ, ਜਿਸ ਨਾਲ ਸੋਹਣੀ ਭਾਂਡੇ ਘੜਦੀ ਸੀ। ਇਹ ਛੰਨਾ ਕਿਸੇ ਵੇਲੇ ਦੂਰ ਦੁਰਾਡੇ ਇਲਾਕਿਆਂ ਦੇ ਰਾਜ-ਘਰਾਣਿਆਂ ਵਿਚ ਵਰਤਿਆ ਜਾਂਦਾ ਸੀ।

**(ਸ-741) ਸੋਹਿਲਾ :**

ਖ਼ੁਸ਼ੀ ਅਤੇ ਮੰਗਲ ਦੇ ਗੀਤ ਜਿਨ੍ਹਾਂ ਵਿਚ ਕਿਸੇ ਦੀ ਮਹਿਮਾ ਤੇ ਜਸ ਦਾ ਗਾਇਨ ਹੋਵੇ। ਸੋਹਿਲਾ ਸ਼ਬਦ ਸੁਹੇਲਾ—ਸੁ (ਸ੍ਰੇਸ਼ਟ) ਹੇਲਾ (ਖੇਡ) ਦੇ ਸੰਜੋਗ ਤੋਂ ਬਣਿਆ ਜਾਪਦਾ ਹੈ ਅਤੇ ਇਹ ਪਦ ਉਨ੍ਹਾਂ ਮੰਗਲ ਗੀਤਾਂ ਲਈ ਰੂੜ੍ਹ ਹੋ ਗਿਆ ਹੈ, ਜਿਨ੍ਹਾਂ ਵਿਚ ਕਿਸੇ ਸ਼ਖ਼ਸ ਦੀ ਸ਼ੋਭਾ ਹੋਵੇ।

ਸੋਹਿਲੇ ਦਾ ਏਕੀਕਰਣ ਸੋਲਹੇ ਨਾਲ ਵੀ ਕਰ ਲਿਆ ਜਾਂਦਾ ਹੈ ਅਤੇ ਦੋਵੇਂ ਸ਼ਬਦ ਇਕ ਦੂਜੇ ਦੀ ਥਾਂ ਸਮਾਨਾਰਥਾਂ ਵਿਚ ਵੀ ਵਰਤ ਲਏ ਜਾਂਦੇ ਹਨ। ਪਰ ਸੋਲਹਾ ਪਦ ਅੰਕ-ਪਰਕ ਹੈ। ਲੋਕਧਾਰਾ ਅਨੁਸਾਰ ਪੂਰਨਤਾ ਦੀਆਂ ਸੋਲਾਂ ਕਲਾ ਹਨ। ਜਿਸ ਮਹਾਂਪੁਰਸ਼ ਵਿਚ ਸੋਲਾਂ ਕਲਾ ਹੋਣ, ਉਹ ਸੰਪੂਰਨ ਅਵਤਾਰ ਅਤੇ ਬ੍ਰਹਮ-ਗਿਆਨੀ ਹੁੰਦਾ ਹੈ। ਚੰਦ੍ਰਮਾ ਅਮਾਵਸ ਤੋਂ ਪੂਰਨਮਾਸ਼ੀ ਤਕ ਦੀ ਯਾਤ੍ਰਾ ਵਿਚ ਸੋਲਾਂ ਕਲਾ ਸੰਪੂਰਨ ਕਰਦਾ ਹੈ। ਪੁਰਾਣੇ ਵੇਲਿਆਂ ਵਿਚ ਨਵੇਂ ਜੰਮੇ ਬੱਚੇ ਵਿਚ ਸੋਲਾਂ ਕਲਾ ਦੀ ਸ਼ਕਤੀ ਦਾ ਸੰਚਾਰ ਕਰਨ ਲਈ ਇਕ ਰੀਤ 'ਸੋਲਹਾ' ਕੀਤੀ ਜਾਂਦੀ ਸੀ, ਜਿਸ ਵਿਚ ਚਾਂਦੀ ਦੇ ਥਾਲ ਵਿਚ ਪਹਿਲਾਂ ਇਕ ਦੀਵਾ ਧਰ ਕੇ ਬੱਚੇ ਦੀ ਆਰਤੀ ਉਤਾਰੀ ਜਾਂਦੀ ਸੀ ਤੇ ਫਿਰ ਥਾਲ ਵਿਚ ਇਕ ਇਕ ਕਰ ਕੇ, ਉਦੋਂ ਤਕ ਦੀਵੇ ਵਧਾਂਦੇ ਚਲੇ ਜਾਂਦੇ, ਜਦੋਂ ਤਕ ਸੋਲਾਂ ਦੀਵੇ ਪੂਰੇ ਨਾ ਹੋ ਜਾਂਦੇ। ਫਿਰ ਸੋਲਾਂ ਦੀਵਿਆਂ ਦੀ ਆਰਤੀ ਉਤਾਰੀ ਜਾਂਦੀ ਤੇ ਨਾਲ ਹੀ

'ਸੋਹਿਲੇ' ਵੀ ਗਾਏ ਜਾਂਦੇ।

ਸੋਲਹੇ ਦਾ ਸਬੰਧ, ਸੋਲਾ ਦੇ ਅੰਕ ਨਾਲ ਹੈ। ਇਸ ਅੰਕ-ਪਰਕ ਛੰਦ-ਰੂਪ ਦੇ ਸੋਲਾ ਬੰਦ ਹੁੰਦੇ ਹਨ, ਪਰ ਇਸ ਦੀ ਬਿਰਤੀ 'ਸੋਹਿਲੇ' ਵਾਲੀ ਰਹੀ ਹੈ। ਸੋਹਿਲੇ ਵਾਂਗ ਸੋਲਹੇ ਵਿਚ ਵੀ ਸ਼ੋਭਾ ਅਤੇ ਮਹਿਮਾ ਹੀ ਹੁੰਦੀ ਹੈ। ਆਦਿ ਗ੍ਰੰਥ ਦੇ ਮਾਰੂ ਰਾਗ ਵਿਚ ਜੋ ਸੋਲਹੇ ਮਿਲਦੇ ਹਨ, ਉਨ੍ਹਾਂ ਵਿਚ ਬ੍ਰਹਿਮੰਡ ਦੀ ਉਤਪਤੀ, ਵਿਕਾਸ ਤੇ ਪਸਾਰ ਦੇ ਪ੍ਰਸੰਗ ਵਿਚ ਹੀ ਪਾਰਬ੍ਰਹਮ ਦੀ ਸ਼ੋਭਾ ਤੇ ਕੀਰਤੀ ਹੈ। 'ਸੋਲਹੇ' ਵਿਚ ਬ੍ਰਹਿਮੰਡ ਦੇ ਪਸਾਰੇ 'ਆਪਿ ਉਪਾਏ ਆਪਿ ਖਪਾਏ' ਅਥਵਾ ਬ੍ਰਹਿਮੰਡ ਦਾ ਪ੍ਰਭੂ ਵਿਚੋਂ ਉਤਪੰਨ ਹੋ ਕੇ ਉਸੇ ਵਿਚ ਵਿਲੀਨ ਹੋ ਜਾਣ ਦੀ ਖੇਡ ਦਾ ਵਰਨਣ ਹੈ ਅਤੇ ਖੇਡਕਾਰ ਪ੍ਰਭੂ ਦੀ ਮਹਿਮਾ ਹੈ। ਸੋਹਿਲੇ ਦੇ ਸ਼ਾਬਦਿਕ ਅਰਥ ਸੁਹੇਲਾ ਅਥਵਾ 'ਸ੍ਰੇਸ਼ਟ ਖੇਡ' ਦੇ ਹੀ ਹਨ। ਇਸ ਲਈ ਆਦਿ ਗ੍ਰੰਥ ਦੇ ਸੋਲਹੇ ਦੀ ਬਿਰਤੀ ਸੋਹਿਲੇ ਵਾਲੀ ਹੀ ਹੈ।

ਸੋਹਿਲੇ ਦੋ ਵਿਸ਼ੇਸ਼ ਮੰਗਲ ਮੌਕਿਆਂ ਉਪਰ ਗਾਏ ਜਾਂਦੇ ਹਨ। ਇਕ ਤਾਂ ਬੱਚੇ ਦੇ ਜਨਮ ਦੇ ਸਮੇਂ, ਦੂਜਾ ਕੁੜਮਾਈ ਤੇ ਵਿਆਹ ਸਮੇਂ। ਪਹਿਲੇ ਸੋਹਿਲੇ ਬਿਰਤੀ ਵਿਚ 'ਹੇਰਿਆਂ' ਨਾਲ ਜਾ ਮਿਲਦੇ ਹਨ। 'ਹੇਰਾ' ਸ਼ਬਦ 'ਹੇਲਾ' (ਖੇਡ) ਦਾ ਹੀ ਤਦਭਵ ਹੈ, ਇਸ ਲਈ ਉਹ 'ਹੇਰੇ' ਜਿਨ੍ਹਾਂ ਵਿਚ ਬੱਚੇ ਜਾਂ ਉਸ ਦੇ ਪਰਿਵਾਰ ਦੇ ਲੋਕਾਂ ਦੀ ਸੋਭਾ ਗਾਈ ਜਾਂਦੀ ਹੈ, ਉਹ ਸੋਹਿਲੇ ਦੇ ਅੰਤਰਗਤ ਆ ਜਾਂਦੇ ਹਨ —

ਧਨ ਤੇਰੀ ਮਾਂ ਭਲੀ, ਵੇ ਮਹਾਰਾਜਾ !
ਜਿਨ ਤੂੰ ਬੇਟੜਾ ਜਾਇਆ।
ਧਨ ਤੇਰੀ ਚਾਚੀ ਭਲੀ, ਵੇ ਮਹਾਰਾਜਾ !
ਜਿਨ ਤੇਰਾ ਕਾਜ ਰਚਾਇਆ
ਧਨ ਤੇਰੀ ਭੈਣ ਭਲੀ, ਵੇ ਮਹਾਰਾਜਾ !
ਜਿਨ ਤੈਨੂੰ ਕੁੱਛੜ ਖਿਡਾਇਆ।
ਧਨ ਤੇਰੀ ਮਾਮੀ ਭਲੀ, ਵੇ ਮਹਾਰਾਜਾ !
ਜਿਨ ਤੇਰਾ ਸੋਹਿਲੜਾ ਗਾਇਆ।

ਦੂਜਾ, 'ਸੋਹਿਲੇ' ਕੁੜਮਾਈ ਤੇ ਵਿਆਹ ਵੇਲੇ ਗਾਏ ਜਾਂਦੇ ਹਨ। ਵਰ ਦੇ ਘਰ ਜੋ ਸੋਹਿਲੇ ਗਾਏ ਜਾਂਦੇ ਹਨ, ਉਹ ਸੁਭਾਵ ਤੇ ਬਿਰਤੀ ਵਿਚ ਘੋੜੀਆਂ ਨਾਲ ਮਿਲਦੇ ਹੋਣ ਕਰ ਕੇ ਕਈ ਤਾਂ ਘੋੜੀਆਂ ਵਿਚ ਹੀ ਵਿਲੀਨ ਹੋ ਜਾਂਦੇ ਹਨ। ਕੰਨਿਆਂ ਦੇ ਘਰ ਜੋ ਸੋਹਿਲ ਗਾਏ ਜਾਂਦੇ ਹਨ, ਉਹ ਸੁਹਾਗ ਦੀ ਬਿਰਤੀ ਦੇ ਹੋਣ ਕਰਕੇ ਸੁਹਾਗ ਦੇ ਗੀਤਾਂ ਵਿਚ ਰਚ ਗਏ ਹਨ, ਪਰ ਫਿਰ ਵੀ ਸੋਹਿਲੇ ਨੇ ਆਪਣੀ ਵਿਲਖਣ ਹੋਂਦ ਨੂੰ ਸਥਾਪਿਤ ਰਖਿਆ ਹੈ। ਧਨੀ ਪੋਠੋਹਾਰ ਵਿਚ ਸੋਹਿਲੇ ਦਾ ਗਾਇਨ ਵਿਆਹ ਵਾਲੇ ਘਰ ਉਸ ਦਿਨ ਤੋਂ ਆਰੰਭ ਕੀਤਾ ਜਾਂਦਾ ਹੈ, ਜਦੋਂ ਵਿਆਹ ਵਿਚ ਸ਼ਾਮਲ ਹੋਣ ਲਈ ਮੇਲ ਅਥਵਾ ਭੈਣਾਂ ਆਉਂਦੀਆਂ ਹਨ :—

(ੳ) ਉਠੜੀਆਂ ਵਿਹਾੜਣ ਚਲਿਆ,
ਪੁਤਰ ਪਿਊ ਸਰਦਾਰੇ ਦਾ।
ਪੁਤਰ ਮਾਊ ਸਤ ਪੁਤਰੀ ਦਾ,
ਜੁਆਈ ਵਡੇ ਪਰਵਾਰੇ ਦਾ।
ਵੀਰ ਭੈਣੂ ਸਭਰਾਈ ਦਾ,
ਦੇਵਰ ਵਡੀ ਭਰਜਾਈ ਦਾ।
ਭਣਵਈਆ ਨਿਕੜੀ ਸਾਲੀ ਦਾ,
ਕੰਤ ਨਾਜੋ ਚੂੜੇ ਵਾਲੀ ਦਾ।

(ਅ) ਹਾਲੀਆ ਹਲ ਵਗੇਂਦਿਆ,
ਮੋਤੀਆ ਦੇਨਾ ਏਂ ਬੀਜ।
ਜਿਹਦੇ ਸੋਹਿਲੜੇ ਮੈਂ ਆਈ,
ਚਿਰ ਜੁਗ ਜੀਵੇ ਵੀਰ।
ਸਾਵਾ ਸਾਵਾ ਆਖੀਏ
ਤੇ ਸਾਵਾ ਜੰਗਲ ਘਾਹ,
ਸਾਵਾ ਵੀਰੇ ਦਾ ਸਿਹਰਾ
ਤੇ ਸੁਚਿਆਂ ਜੜ੍ਹਤ ਜੜ੍ਹਾ।

(ੲ) ਵੀਰਾ ਘੋੜੀ ਅਗੇ ਘਾਹ,
ਵੇ ਮੁਰਾਦਾਂ ਵੇਖੀ ਮਾ।
ਵੀਰ ਘੋੜੀ ਅਗੇ ਔਖਰ,
ਵੇ ਸਲਾਮ ਕਰੇਂਦੇ ਨੌਕਰ।
ਜੀਵੇਂ ਭੰਨ ਗੁੜੇ ਦੀ ਰੋੜੀ,
ਪਿਓ ਲਖੀਆ ਪੁਤਰ ਕਰੋੜੀ।

ਸੋਹਿਲੇ ਭੈਣਾਂ ਵਲੋਂ ਗਾਏ ਜਾਂਦੇ ਹਨ ਅਤੇ ਇਨ੍ਹਾਂ ਵਿਚੋਂ ਮੰਗਲਮਈ ਉਦਗਾਰਾਂ ਅਤੇ ਸਧਰਾਂ ਰੀਝਾਂ ਦੇ ਪ੍ਰਗਟਾਵੇ ਦੇ ਨਾਲ ਨਾਲ ਮਾਂ ਰਾਣੀ ਦਾ ਜਸ, ਬਾਬਲ ਰਾਜੇ ਦੀ ਵਡਿਆਈ ਤੇ ਵੀਰ ਮਹਾਰਾਜੇ ਦੀ ਸੋਭਾ ਹੁੰਦੀ ਹੈ।

(ਸ-742) **ਸੋਕੜਾ :**

ਇਕ ਬੀਮਾਰੀ ਜਿਸ ਵਿਚ ਬੱਚਾ ਸੁਕ ਕੇ ਕੁਰੰਗ ਹੋ ਜਾਂਦਾ ਹੈ। ਧਾਰਨਾ ਹੈ ਕਿ ਇਹ ਬੀਮਾਰੀ ਪ੍ਰਛਾਵੇਂ ਕਾਰਨ ਲਗਦੀ ਹੈ। ਇਸ ਰੋਗ ਦੇ ਇਲਾਜ ਲਈ ਅਨੇਕਾਂ ਟੂਣੇ-ਟੱਪੇ ਪ੍ਰਚਲਤ ਹਨ। ਫ਼ਿਰੋਜ਼ਪੁਰ ਦੇ ਇਲਾਕੇ ਵਿਚ ਸੋਕੜਾ ਦੂਰ ਕਰਨ ਲਈ, ਰੋਗੀ ਬੱਚੇ ਦੀ ਮੂਰਤ, ਘਰ ਦੀ ਕਿਸੇ ਕੰਧ ਉਪਰ ਗਊ ਦੇ ਗੋਹੇ ਨਾਲ, ਉਲੀਕ ਦਿਤੀ ਜਾਂਦੀ ਹੈ। ਨਿਸਚਾ ਹੈ ਕਿ ਜਿਵੇਂ ਜਿਵੇਂ ਗੋਹਾ ਸੁਕਦਾ ਹੈ ਤਿਵੇਂ ਤਿਵੇਂ ਬੱਚਾ ਨਰੋਆ ਹੁੰਦਾ ਜਾਂਦਾ ਹੈ। ਲਹਿੰਦੇ ਵਲ ਅਜਿਹੇ ਬੱਚੇ ਨੂੰ ਬਾਰਸ਼ਾਂ ਦੇ ਦਿਨੀਂ, ਸਤ ਵੱਖੋ ਵੱਖਰੇ ਘਰਾਂ ਦੇ ਪਰਨਾਲਿਆਂ ਹੇਠ, ਸਤ ਵਾਰ ਨੁਹਾਇਆ ਜਾਂਦਾ ਹੈ। ਜੇ ਵਰਖਾ ਦੀ ਰੁੱਤ ਨਾ ਹੋਵੇ ਤਾਂ ਸਤਾਂ ਖੂਹਾਂ ਦੇ ਪਾਣੀ ਨਾਲ ਨੁਹਾ ਲੈਣਾ ਵੀ ਵਿਧਾਨ ਹੈ। ਕਈ ਤੀਵੀਆਂ ਪੀਰ ਜਾਂ ਸਾਧ ਤੋਂ ਤਵੀਤ ਲਿਆ ਕੇ ਸੋਕੜੇ ਵਾਲੇ ਬੱਚੇ ਦੇ ਗਲ ਲਟਕਾ ਦੇਂਦੀਆਂ ਹਨ। ਫ਼ਿਰੋਜ਼ਪੁਰ ਦੇ ਮੁਸਲਮਾਨਾਂ ਵਿਚ ਜੇ ਕਿਸੇ ਬੱਚੇ ਨੂੰ ਸੋਕੇ ਦਾ ਰੋਗ ਹੋ ਜਾਵੇ, ਤਾਂ ਦਾਨਿਆਂ ਨਾਲ ਭਰੀਆਂ ਭੜੋਲੀਆਂ, ਰੋਗੀ ਬੱਚੇ ਦੇ ਸਿਰ ਤੋਂ ਵਾਰ ਕੇ, ਸੈਦ ਕਬੀਰ ਦੀ ਕਬਰ ਉਪਰ ਚੜ੍ਹਾਉਂਦੇ ਹਨ। ਪੰਜਾਬ ਵਿਚ ਕਈ ਖੂਹ ਅਤੇ ਛੱਪੜ ਅਜਿਹੇ ਮਿਲਦੇ ਹਨ, ਜਿਥੇ ਸੋਕੜੇ ਵਾਲੇ ਬੱਚੇ ਨੂੰ ਇਸ਼ਨਾਨ ਕਰਵਾਣ ਨਾਲ, ਰੋਗ ਦੂਰ ਹੋ ਜਾਂਦਾ ਮੰਨਦੇ ਹਨ।

(ਸ-743) **ਸੋਗ :**

(ਵੇਖੋ : ਮਾਤਮ)।

(ਸ-744) **ਸੋਂਚੀ :**

ਬੁੰਜਾਹੀ ਖਤਰੀਆਂ ਦੀ ਇਕ ਗੋਤ; ਇਨ੍ਹਾਂ ਦੀਆਂ ਰੀਤਾਂ ਖਤਰੀਆਂ ਵਾਲੀਆਂ ਹੀ ਹਨ, ਪਰ ਇਨ੍ਹਾਂ ਵਿਚ ਇਕ ਵਖਰੀ ਰੀਤ ਪ੍ਰਚਲਤ ਹੈ, ਜੋ ਉਹ ਅਸੂ ਸੁਦੀ ਅਸ਼ਟਮੀ ਨੂੰ ਕਰਦੇ ਹਨ। ਇਸ ਰਸਮ ਵੇਲੇ ਘਰ ਦੇ ਮਰਦਾਂ, ਯੁਵਕਾਂ ਅਤੇ ਬਾਲਾਂ (ਨਵੇਂ ਜੰਮੇ ਬਾਲ ਸਮੇਤ) ਦੀਆਂ ਬਾਹਵਾਂ ਵਿਚੋਂ, ਛੁਰੀ ਨਾਲ ਲਹੂ ਕਢਕੇ ਉਨ੍ਹਾਂ ਦੇ ਮੱਥੇ ਉਤੇ ਤਿਲਕ ਵਾਂਗ ਲਗਾਇਆ ਜਾਂਦਾ ਹੈ। ਜ਼ਖ਼ਮ ਉਪਰ ਕੰਗੂ ਛਿੜਕ ਦਿਤਾ ਜਾਂਦਾ ਹੈ। ਫੇਰ ਮਿੱਟੀ ਦਾ ਇਕ ਸੀਸਹੀਣ ਧੜ ਬਣਾ ਕੇ, ਉਸ ਦੇ ਸੱਜੇ ਹੱਥ ਦੇ ਕੋਲ ਛੁਰੀ ਰਖ ਕੇ, ਧੜ ਦੀ ਪੂਜਾ ਕੀਤੀ ਜਾਂਦੀ ਹੈ। ਇਸ ਦਿਨ ਸੋਂਚੀ ਖਤਰੀ ਦੁੱਧ ਤੇ ਰੋਟੀ ਤੋਂ ਇਲਾਵਾ ਹੋਰ ਕੋਈ ਵਸਤੂ ਮੂੰਹ ਨਹੀਂ ਲਗਾਉਂਦੇ।

(ਸ-745) **ਸੋਝਾ :**

ਪ੍ਰਾਣੀ ਦੀ ਮ੍ਰਿਤੂ ਤੋਂ ਮਗਰੋਂ ਤੇਰ੍ਹਵਾਂ ਦਿਨ, ਜਿਸ ਨੂੰ ਕਈ ਹਿੰਦੂ ਕਿਰਿਆ ਦੀ ਥਾਂ 'ਸੋਝਾ' ਕਹਿ ਲੈਂਦੇ ਹਨ (ਵੇਖੋ : ਕਿਰਿਆ)।

(ਸ-746) **ਸੋਟ :**

ਕੋਈ ਵੀ ਸਾਮਗਰੀ ਜੋ ਕਿਸੇ ਪ੍ਰਾਣੀ ਤੋਂ ਵਾਰ ਕੇ ਸੁਟੀ ਜਾਵੇ; ਸੋਟ ਇਕ ਤਰ੍ਹਾਂ ਦਾ ਸਿਰ ਵਾਰਨਾ ਹੀ ਹੁੰਦਾ ਹੈ, ਜਿਸ ਦਾ ਭਾਵ ਕਿਸੇ ਪ੍ਰਾਣੀ ਦੇ ਦੁਖ-ਬਲਾਵਾਂ ਦਾ ਨਿਵਾਰਨ ਕਰਨਾ ਹੈ।

(1) ਸਿਰ ਉਪਰੋਂ ਵਾਰ ਕੇ ਸੁਟੇ ਰੁਪਏ ਪੈਸੇ ਜਾਂ ਕੋਈ ਹੋਰ ਸਾਮਗਰੀ। ਵਿਆਹ ਵੇਲੇ ਜਦੋਂ ਡੋਲੀ ਟੁਰਨ ਲਗਦੀ ਹੈ ਤਾਂ ਲਾੜ੍ਹੇ ਦਾ ਪਿਉ ਜਾਂ ਕੋਈ ਵਡਿਕਾ, ਥੈਲੀ ਵਿਚੋਂ ਪੈਸਿਆਂ ਦੇ ਬੁਕ ਭਰ ਕੇ ਡੋਲੀ ਤੋਂ ਵਾਰਦੇ ਹੋਏ ਸੁਟਦਾ ਹੈ ਅਤੇ ਇਹ ਪੈਸੇ ਕਮੀ-ਕਮੀਣ ਤੇ ਬੱਚੇ ਲੁਟਦੇ ਹਨ। ਕਈ ਲੋਕ ਪੰਜ ਮੁਠਾਂ ਸੁਟਦੇ ਹਨ ਤੇ ਕਈ ਸਤ। ਉਦੋਂ ਕੰਨਿਆਂ ਦਾ ਪਿਉ ਸੋਟ ਕਰਨ ਵਾਲੇ ਸ਼ਖ਼ਸ ਦਾ ਰਸਮੀ ਤੌਰ ਉਤੇ ਹੱਥ ਰੋਕਦਾ ਹੋਇਆ ਕਹਿੰਦਾ ਹੈ ਕਿ ਤੁਸੀਂ ਬੜੇ ਰੁਪਏ ਲੁਟਾ ਰਹੇ ਹੋ ਹੁਣ ਬਸ ਕਰੋ। ਸੋਟ ਵੇਲੇ ਤੀਵੀਆਂ ਗੀਤ ਛੁਹ ਦੇਂਦੀਆਂ ਹਨ।

(2) ਕਿਸੇ ਬਿਰਧ ਦੇ ਬਬਾਣ ਉਪਰੋਂ ਦੀ ਰੁਪਏ ਪੈਸੇ, ਮਖਾਣੇ, ਛੁਹਾਰੇ ਆਦਿ ਸਾਮਗਰੀ ਵਾਰ ਕੇ ਸੁਟਣ ਦੀ ਕਿਰਿਆ ਨੂੰ ਵੀ 'ਸੋਟ' ਕਿਹਾ ਜਾਂਦਾ ਹੈ। ਇਨ੍ਹਾਂ ਚੀਜ਼ਾਂ ਵਸਤਾਂ ਨੂੰ ਬਰਕਤ ਵਾਲੀ ਸਮਝ ਕੇ ਲੋਕ ਬੜੇ ਚਾਓ ਨਾਲ ਲੁਟਦੇ ਅਤੇ ਘਰ ਵਿਚ ਸੰਭਾਲ ਕੇ ਰਖਦੇ ਹਨ। ਧਾਰਨਾ ਹੈ ਕਿ ਲੰਮੀ ਆਯੂ ਭੋਗ ਕੇ ਮੋਏ ਪ੍ਰਾਣੀ ਦੀ ਸੋਟ ਦੀ ਸਾਮਗਰੀ ਨੂੰ ਖਾਣ ਵਾਲਾ ਜਾਂ ਟਕਾ ਪੈਸਾ ਕੋਲ ਰਖਣ ਵਾਲਾ ਸ਼ਖ਼ਸ ਵੀ ਲੰਮੀ ਆਯੂ ਭੋਗਦਾ ਹੈ।

(ਸ-747) **ਸੋਟੀ :**

ਸੋਟੀ ਭਾਵੇਂ ਸਾਧਾਰਨ ਜਿਹੀ ਵਸਤੂ ਹੈ, ਪਰ ਪੰਜਾਬੀ ਲੋਕਧਾਰਾ ਵਿਚ ਇਸ ਨਾਲ ਕਈ ਦਿਲਚਸਪ ਮਨੌਤਾਂ ਅਤੇ ਧਾਰਨਾਵਾਂ ਜੁੜੀਆਂ ਹੋਈਆਂ ਹਨ। ਸਾਂਸੀਆਂ ਵਿਚ ਸੋਟੀ ਮਿਣਨ ਦੀ ਇਕ ਦਿਲਚਸਪ ਰੀਤ ਪ੍ਰਚਲਤ ਹੈ। ਇਸ ਕਬੀਲੇ ਵਿਚ ਰਾਤ ਵੇਲੇ ਦਾਹ ਸੰਸਕਾਰ ਕਰਨ ਦੀ ਪ੍ਰਥਾ ਨਹੀਂ। ਇਸ ਲਈ ਜੇ ਕੋਈ ਸ਼ਖ਼ਸ ਤ੍ਰਿਕਾਲਾਂ ਮਗਰੋਂ ਮਰੇ ਤਾਂ ਉਸ ਦੀ ਦੇਹ ਰਾਤ ਭਰ ਘਰ ਵਿਚ ਹੀ ਰਖੀ ਜਾਂਦੀ ਹੈ। ਅਜਿਹੀ ਸਥਿਤੀ ਵਿਚ ਲੋਥ ਦੇ ਆਕਾਰ ਦੇ ਬਰਾਬਰ ਸੋਟੀ ਮਿਣ ਕੇ ਕਟ ਲਈ ਜਾਂਦੀ ਹੈ। ਇਸ ਕਬੀਲੇ ਦੇ ਲੋਕਾਂ ਦੀ ਧਾਰਨਾ ਹੈ ਕਿ ਰਾਤ ਵੇਲੇ ਮ੍ਰਿਤਕ ਦੀ ਦੇਹ ਵਧਦੀ ਰਹਿੰਦੀ ਹੈ, ਪਰ ਜੇ ਉਸ ਨੂੰ ਪਹਿਲੋਂ ਹੀ ਸੋਟੀ ਨਾਲ ਮਿਣ ਲਿਆ ਜਾਵੇ ਤਾਂ ਫਿਰ ਦੇਹ ਕਦੇ ਨਹੀਂ ਵਧਦੀ।

ਇਸੇ ਤਰ੍ਹਾਂ ਰਿੱਛ ਬਾਰੇ ਵੀ ਇਕ ਮਨੌਤ ਪ੍ਰਚਲਤ ਹੈ ਕਿ ਉਹ ਕਦੇ ਕਿਸੇ ਲੋਥ ਨੂੰ ਨਹੀਂ ਖਾਂਦਾ। ਜੇ ਮਜਬੂਰੀ ਵਸ ਕਿਸੇ ਮ੍ਰਿਤਕ ਨੂੰ ਖਾਣਾ ਪੈ ਜਾਵੇ ਤਾਂ ਪਹਿਲਾਂ ਰਿੱਛ ਉਸ ਲੋਥ ਦੇ ਆਕਾਰ ਦੇ ਬਰਾਬਰ ਸੋਟੀ ਮਿਣ ਕੇ ਉਸ ਨਾਲ ਲੋਥ ਨੂੰ ਝੰਮ ਕੇ ਬੋਟੀ ਬੋਟੀ ਕਰਦਾ ਹੈ ਤੇ ਫਿਰ ਆਪਣੀ ਸਾਧਨਾ ਦੇ ਫਲ ਵਜੋਂ ਉਸ ਨੂੰ ਭੋਗ ਲਗਾ ਕੇ ਖਾਂਦਾ ਹੈ। ਜਦੋਂ ਤਕ ਲੋਥ ਦੇ ਬਰਾਬਰ ਸੋਟੀ ਲਿਆ ਕੇ ਲੋਥ ਨੂੰ ਮਿਣ ਨਾ ਲਏ, ਉਦੋਂ ਤਕ ਉਹ ਸੋਟੀਆਂ ਕਟ ਕਟ ਕੇ ਲੋਥ ਦੇ ਕੋਲ ਢੇਰ ਲਗਾਈ ਜਾਂਦਾ ਹੈ।

ਵਿਆਹ ਦੀਆਂ ਰੀਤਾਂ ਰਸਮਾਂ ਵੇਲੇ ਵੀ ਸੋਟੀ ਕਈ ਰੂਪਾਂ ਵਿਚ ਵਿਦਮਾਨ ਹੈ। ਛਿਟੀਆਂ ਖੇਡਣ ਦੀ ਰਸਮ ਵੇਲੇ, ਵਰ ਅਤੇ ਕੰਨਿਆਂ ਦੋਵੇਂ ਇਕ ਦੂਜੇ ਨੂੰ ਛਮਕਾਂ ਮਾਰਦੇ ਹਨ, ਤਾਂ ਜੋ ਉਹ ਦੋਵੇਂ ਇਕ ਤਾਂ ਵਿਆਹ ਤੋਂ ਪਹਿਲਾਂ ਦੇ ਜੀਵਨ ਤੋਂ ਮੁਕਤ ਹੋ ਜਾਣ, ਦੂਜਾ, ਜੇ ਕੋਈ ਬਦਰੂਹ ਉਨ੍ਹਾਂ ਨੂੰ ਚੰਮੜੀ ਹੋਵੇ ਜਾਂ ਲਾਵਾਂ ਫੇਰੇ ਵੇਲੇ ਨਾਲ ਹੀ ਵਿਆਹੀ ਗਈ ਹੋਵੇ ਤਾਂ ਨਠ ਜਾਵੇ (ਵੇਖੋ : ਛਟੀਆਂ ਖੇਡਣਾ)।

ਸਾਧੂਆਂ ਸੰਤਾਂ ਦੇ ਕੋਲ ਜੋ ਸੋਟੀ ਹੁੰਦੀ ਹੈ, ਉਸ ਨੂੰ ਡੰਡਾ ਕਹਿੰਦੇ ਹਨ। ਅਨੇਕਾਂ ਸਾਧੂ ਡੰਡਾਧਾਰੀ ਹਨ। ਕਈ ਸੁੱਥਰੇਸ਼ਾਹੀ ਫ਼ਕੀਰ ਦੋ ਡੰਡੇ ਧਾਰਨ ਕਰਦੇ ਹਨ, ਕਈ ਇਕੋ ਡੰਡਾ। ਆਮ ਤੌਰ ਤੇ ਦੇਵੀ ਭਗਤ ਸੁੱਥਰਿਆਂ ਨੇ ਦੋ ਡੰਡੇ ਧਾਰਨ ਕੀਤੇ ਹੁੰਦੇ ਹਨ (ਵੇਖੋ : ਸੁੱਥਰੇਸ਼ਾਹੀ ਫ਼ਕੀਰ)।

ਮਦਾਰੀ ਆਪਣਾ ਤਮਾਸ਼ਾ ਵਿਖਾਣ ਵੇਲੇ ਇਕ ਨਿਕੀ ਜਿਹੀ ਵਿਸ਼ੇਸ਼ ਸੋਟੀ ਦੀ ਵਰਤੋਂ ਕਰਦੇ ਹਨ, ਜਿਸ ਨੂੰ ਉਹ ਝੁਰਲੂ ਕਹਿੰਦੇ ਹਨ। ਝੁਰਲੂ ਦੀ ਛੁਹ ਨਾਲ ਹੀ ਉਹ ਸਾਰੇ ਕ੍ਰਿਸ਼ਮੇ ਵਿਖਾਂਦੇ ਹਨ (ਵੇਖੋ : ਮਦਾਰੀ)। ਓਝੇ ਕਿਸੇ ਪ੍ਰਾਣੀ ਵਿਚੋਂ ਭੂਤ-ਪ੍ਰੇਤ ਕੱਢਣ ਵੇਲੇ ਸੋਟੀ ਦਾ ਇਸਤੇਮਾਲ ਕਰਦੇ ਹਨ। ਧਾਰਨਾ ਹੈ ਕਿ ਭੂਤ-ਪ੍ਰੇਤ ਸੋਟੀ ਦੀ ਮਾਰ ਤੋਂ ਬਹੁਤ ਡਰਦੇ ਹਨ।

ਪੰਜਾਬ ਦਾ ਇਕ ਲੋਕ-ਨਾਚ ਡੰਡਕੜੇ ਹੈ ਜਿਸ ਵਿਚ ਨਚਾਰ ਦੋਹਾਂ ਹੱਥਾਂ ਵਿਚ ਡੰਡੇ ਫੜੀ ਘੇਰੇ ਵਿਚ ਘੁੰਮਦੇ ਹੋਏ, ਸਜੇ ਤੇ ਖਬੇ ਪਾਸੇ ਦੇ ਨਚਾਰਾਂ ਦੇ ਡੰਡਿਆਂ ਨਾਲ ਆਪਣਾ ਡੰਡਾ ਵਜਾਂਦੇ ਹੋਏ ਨਚਦੇ ਹਨ (ਵੇਖੋ : ਡੰਡਕੜੇ)।

(ਸ-748) **ਸੋਢਲ ਦਾ ਮੇਲਾ :**

ਬਾਬਾ ਸੋਢਲ ਕਰਣੀ ਵਾਲੇ ਬਾਲ-ਸੰਤ ਹੋਏ ਹਨ, ਜਿਨ੍ਹਾਂ ਦੀ ਜਲੰਧਰ ਅਤੇ ਇਸ ਦੇ ਆਸ ਪਾਸ ਦੇ ਇਲਾਕੇ ਵਿਚ ਬੜੀ ਮਾਨਤਾ ਹੈ। ਇਨ੍ਹਾਂ ਦੀ ਸਿਮਰਤੀ ਵਿਚ ਜਲੰਧਰ ਵਿਚ ਹਰ ਸਾਲ ਭਾਦਰੋਂ ਦੀ ਪੂਰਨਮਾਸ਼ੀ ਨੂੰ ਇਕ ਭਾਰੀ ਮੇਲਾ ਜੁੜਦਾ ਹੈ, ਜਿਸ ਵਿਚ ਸ਼ਰਧਾਲੂ ਭਾਰੀ ਮਾਤਰਾ ਵਿਚ ਸ਼ਾਮਲ ਹੁੰਦੇ ਹਨ। ਕਈ ਵਾਰ ਇਹ ਗਿਣਤੀ ਲੱਖ ਤਕ ਜਾ ਪੁਜਦੀ ਹੈ।

ਬਾਬਾ ਸੋਢਲ ਦੇ ਜੀਵਨ ਬਾਰੇ ਬਹੁਤੀ ਸਾਮਗ੍ਰੀ ਪ੍ਰਾਪਤ ਨਹੀਂ। ਦੰਦ-ਕਥਾਵਾਂ ਦੇ ਆਧਾਰ ਉਤੇ ਕਿਹਾ ਜਾਂਦਾ ਹੈ ਕਿ ਆਪ ਬੜੇ ਕਰਣੀ ਵਾਲੇ ਸੰਤ ਸਨ। ਛੋਟੀ ਉਮਰ ਵਿਚ ਹੀ ਆਪ ਨੇ ਸਾਧਨਾ ਕਰਨੀ ਆਰੰਭ ਦਿਤੀ ਅਤੇ ਕਈ ਵਾਰ ਸਾਰਾ ਸਾਰਾ ਦਿਨ ਸਮਾਧੀ ਵਿਚ ਲੀਨ ਬੈਠੇ ਰਹਿੰਦੇ, ਜਿਸ ਕਰ ਕੇ ਲੋਕੀਂ ਇਨ੍ਹਾਂ ਨੂੰ ਬਾਬਾ ਸੋਢਲ ਕਹਿਣ ਲੱਗੇ। ਛੋਟੀ ਉਮਰ ਵਿਚ ਇਨ੍ਹਾਂ ਨੇ ਕਈ ਚੋਜ ਵਿਖਾਏ।

ਜਦੋਂ ਉਹ ਪੰਜ ਸਾਲਾਂ ਦੇ ਸਨ, ਤਾਂ ਇਕ ਵਾਰ ਆਪਣੀ ਮਾਤਾ ਜੀ ਨਾਲ, ਜਲੰਧਰ ਦੇ ਇਕ ਛੱਪੜ ਉਤੇ ਕਪੜੇ ਧੋਣ ਲਈ ਗਏ। ਉਥੇ ਉਨ੍ਹਾਂ ਨੇ ਮਾਂ ਨੂੰ ਕਿਸੇ ਗੱਲੋਂ ਤੰਗ ਕੀਤਾ। ਮਾਂ ਨੇ ਪਰੇਸ਼ਾਨ ਹੋ ਕੇ ਕਿਹਾ, "ਜਾ ਛੱਪੜ ਵਿਚ ਡੁਬ ਮਰ।" ਉਸੇ ਵੇਲੇ ਮਾਤਾ ਜੀ ਦੀ ਆਗਿਆ ਦੀ ਪਾਲਣਾ ਕਰਦੇ ਹੋਏ ਸੋਢਲ ਨੇ ਛੱਪੜ ਵਿਚ ਛਾਲ ਮਾਰ ਦਿਤੀ। ਮਾਂ ਨੇ ਹਾਲ ਦੁਹਾਈ ਮਚਾ ਕੇ ਲੋਕ ਇਕੱਠੇ ਕਰ ਲਏ।

ਲੋਕਾਂ ਨੇ ਸਾਰਾ ਛੱਪੜ ਹੁੰਗਾਲ ਮਾਰਿਆ, ਪਰ ਸੋਢਲ ਦੀ ਦੇਹ ਕਿਧਰੇ ਨਾ ਲੱਭੀ। ਜਦੋਂ ਸਭ ਲੋਕ ਨਿਮੋਝੂਣ ਹੋ ਕੇ ਛੱਪੜ ਦੇ ਕੰਢੇ ਬੈਠ ਗਏ, ਤਾਂ ਪਾਣੀ ਵਿਚੋਂ ਇਕ ਸੱਪ ਨਿਕਲਿਆ ਅਤੇ ਮਨੁਖੀ ਆਵਾਜ਼ ਵਿਚ ਕਹਿਣ ਲੱਗਾ, "ਮੈਂ ਹੀ ਸੋਢਲ ਹਾਂ। ਅੱਗੇ ਤੋਂ ਮੈਂ ਸੱਪ ਦੇ ਰੂਪ ਵਿਚ ਇਥੇ ਧਰਤੀ ਦੇ ਅੰਦਰ ਬੈਠ ਕੇ ਪ੍ਰਭੂ ਦੀ ਭਗਤੀ ਕਰਾਂਗਾ।" ਪਰ ਲੋਕਾਂ ਨੇ ਸੰਦੇਹ ਪ੍ਰਗਟ ਕੀਤਾ। ਇਸ ਤੇ ਉਸ ਸੱਪ ਨੇ ਇਕ ਛਿਣ ਲਈ ਸੋਢਲ ਦਾ ਮਨੁਖੀ ਜਾਮਾ ਧਾਰ ਕੇ ਦਰਸ਼ਨ ਦਿਤਾ। ਜਦੋਂ ਮਾਂ ਸੋਢਲ ਵਲ ਦੌੜੀ, ਤਾਂ ਉਹ ਫਿਰ ਸੱਪ ਬਣ ਗਿਆ। ਲੋਕਾਂ ਨੇ ਸੱਪ ਨੂੰ ਪ੍ਰਨਾਮ ਕੀਤਾ। ਤਾਂ ਸੱਪ ਨੇ ਕਿਹਾ, "ਮੇਰੀ ਪੂਜਾ ਕਰਨ ਵਾਲਿਆਂ ਦੀਆ ਸਭ ਮੁਰਾਦਾਂ ਪੂਰੀਆਂ ਹੋ ਜਾਣਗੀਆਂ।" ਉਦੋਂ ਤੋਂ ਲੋਕਾ ਦੀਆਂ ਮੁਰਾਦਾਂ ਪੂਰੀਆਂ ਹੋਣ ਲੱਗੀਆਂ ਅਤੇ ਉਸ ਅਸਥਾਨ ਤੇ ਹਰ ਸਾਲ ਸੋਢਲ ਦਾ ਮੇਲਾ ਲੱਗਣ ਲੱਗਾ।

ਕਹਿੰਦੇ ਹਨ ਬਾਬੇ ਸੋਢਲ ਅੱਗੇ ਸੁੱਖੀ ਮੰਨਤ ਕਦੇ ਬਿਰਥੀ ਨਹੀ ਜਾਂਦੀ। ਜਿਨ੍ਹਾਂ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਉਹ ਕਈ ਵਾਰ ਵਾਜੇ ਗਾਜੇ ਨਾਲ ਇਥੇ ਆ ਕੇ ਬਾਬਾ ਸੋਢਲ ਦੀ ਮੂਰਤੀ ਦੇ ਦਰਸ਼ਨ ਕਰਦੇ ਹਨ ਤੇ ਭੇਟਾ ਚੜ੍ਹਾਂਦੇ ਹਨ।

ਜਾਪਦਾ ਹੈ ਕਿ ਬਾਬਾ ਸੋਢਲ ਦੀ ਪੂਜਾ ਗੁਗੇ ਦੀ ਪੀਰ ਪੂਜਾ ਦਾ ਹੀ ਹਿੰਦੂਆਈ ਰੂਪ ਹੈ। ਕਈ ਲੋਕ ਤਾਂ ਬਾਬੇ ਸੋਢਲ ਨੂੰ ਗੁਗੇ ਪੀਰ ਦਾ ਹੀ ਅਵਤਾਰ ਮੰਨਦੇ ਹਨ।

(ਸ-749) **ਸੋਢੀ :**

ਖਤਰੀਆਂ ਦੀ ਇਕ ਗੋਤ, ਜੋ ਆਪਣਾ ਮੁੱਢ ਬ੍ਰਹਮਾ ਜਾਂ ਸ੍ਰੀ ਰਾਮ ਚੰਦਰ ਨਾਲ ਜੋੜਦੇ ਹਨ। ਸੋਢੀ ਵੰਸ਼ ਬਾਰੇ ਇਕ ਮੁੱਦੀ ਵੀ ਪ੍ਰਚਲਤ ਹੈ, ਜਿਸ ਨੂੰ ਹੇਠਲੇ ਦੋਹੇ ਵਿਚ ਰੂਪਮਾਨ ਕੀਤਾ ਗਿਆ ਹੈ — 'ਬ੍ਰਹਮਾ ਜੂ ਕੇ ਚਿਤ ਸੇ ਪ੍ਰਗਟ ਭਏ ਸਨਕਾਇ, ਉਪਜੇ ਤਿਨ ਕੇ ਚਿੱਤ ਤੇ ਸਕਲ ਸਨੋਢੀ ਆਇ।' ਭਾਵ ਬ੍ਰਹਮਾ ਦੇ ਚਿੱਤ ਵਿਚੋਂ ਸਨਕਾਇ ਉਪਜੇ ਤੇ ਉਨ੍ਹਾਂ ਦੇ ਚਿੱਤ ਵਿਚੋਂ ਸੋਢੀ (ਮਹਾਨ ਕੋਸ਼, 115)। ਪ੍ਰਾਚੀਨ ਕਾਲ ਵਿਚ ਸਭ ਮਹਾਨ ਕੁਲਾਂ ਆਪਣਾ ਸੰਬੰਧ ਕਿਸੇ ਦੇਵੀ ਦੇਵਤੇ ਨਾਲ ਜੋੜਦੀਆਂ ਰਹੀਆਂ ਹਨ। ਇਸੇ ਬਿਰਤੀ ਦੇ ਫਲ ਰੂਪ ਸੋਢੀ ਬ੍ਰਹਮਾ ਨਾਲ ਜਾ ਜੁੜੇ ਜਾਪਦੇ ਹਨ। ਵਿਚਿਤ੍ਰ ਨਾਟਕ ਅਨੁਸਾਰ ਸੋਢੀ ਸ੍ਰੀ ਰਾਮ ਚੰਦਰ ਦੇ ਲੜਕੇ ਲਵ ਦੀ ਔਲਾਦ ਹਨ ਅਤੇ ਬੇਦੀ ਕੁਸ਼ ਦੀ। ਪ੍ਰਾਚੀਨ ਕਾਲ ਵਿਚ ਲਵ ਤੇ ਕੁਸ਼ ਦੋਹਾਂ ਦੀ ਸੰਤਾਨ ਵਿਚ ਘੋਰ ਯੁਧ ਹੋਇਆ, ਜਿਸ ਵਿਚ ਕੁਸ਼ ਦੀ ਸੰਤਾਨ ਹਾਰ ਖਾ ਕੇ ਕਾਂਸ਼ੀ ਵਿਚ ਜਾ ਵਸੀ। ਉਥੇ ਉਨ੍ਹਾਂ ਨੇ ਸ਼ਾਸਤ੍ਰੀ ਵਿਦਿਆ ਪ੍ਰਾਪਤ ਕੀਤੀ ਅਤੇ ਚਾਰੇ ਵੇਦ ਕੰਠ ਕਰ ਲਏ, ਜਿਸ ਤੋਂ ਉਹ ਵੇਦੀ ਪ੍ਰਸਿਧ ਹੋਏ।

ਲਵ ਦੀ ਸੰਤਾਨ ਦਾ ਵਡਿਕਾ ਸਨੋਢ ਦੇਸ਼ ਜਾ ਵਸਿਆ। ਇਹ ਇਲਾਕਾ ਮਥਰਾ ਤੇ ਭਰਤਪੁਰ ਤੋਂ ਲੈ ਕੇ ਅਮਰ ਕੋਟ ਤਕ ਫੈਲਿਆ ਹੋਇਆ ਹੈ। ਸਨੋਢ ਦੇ ਰਾਜੇ ਦੇ ਘਰ ਕੋਈ ਪੁੱਤਰ ਨਹੀਂ ਸੀ। ਉਸ ਦੀ ਇਕੋ ਲੜਕੀ ਸੀ, ਜਿਸ ਨਾਲ ਲਵ ਦੀ ਸੰਤਾਨ ਦੇ ਵਡਿਕੇ ਨੇ ਆਪਣੇ ਲੜਕੇ ਦਾ ਵਿਆਹ ਕਰ ਦਿਤਾ। ਇਨ੍ਹਾਂ ਦੋਹਾਂ ਦੀ ਔਲਾਦ ਸੋਢੀ ਅਖਵਾਈ। ਸੋਢੀ ਸਨੋਢ ਦੇਸ਼ ਉਪਰ ਰਾਜ ਕਰਨ ਲੱਗੇ। ਸੋਢੀਆਂ ਨੂੰ ਪਿਛੋਂ ਆਪਣੇ ਭਰਾਵਾਂ ਦੀ ਯਾਦ ਆਈ ਅਤੇ ਉਨ੍ਹਾਂ ਨੂੰ ਇਹ ਸੂਹ ਮਿਲੀ ਕਿ ਉਹ ਕਾਂਸ਼ੀ ਵਿਚ ਵੇਦ ਪਾਠੀ ਹੋ ਗਏ ਹਨ। ਸੋ, ਸੋਢੀਆਂ ਨੇ ਵੇਦੀਆਂ ਨੂੰ ਬੁਲਾ ਭੇਜਿਆ ਤੇ ਉਨ੍ਹਾਂ ਨੂੰ ਵੇਦ-ਪਾਠ ਸੁਣਾਉਣ ਲਈ ਕਿਹਾ। ਜਿਵੇਂ ਜਿਵੇਂ ਸੋਢੀ ਵੇਦਾਂ ਦਾ ਪਾਠ ਸੁਣਦੇ ਗਏ, ਉਨ੍ਹਾਂ ਦੇ

ਅੰਦਰੋਂ ਵੈਰਾਗ ਜਾਗਦਾ ਗਿਆ ਅਤੇ ਜਦੋਂ ਉਹ ਤਿੰਨ ਵੇਦ ਸੁਣ ਚੁਕੇ ਤਾਂ ਕਹਿਣ ਲੱਗੇ ਕਿ ਅਸੀਂ ਹੁਣ ਇਸ ਵੈਰਾਗ ਦਸ਼ਾ ਵਿਚ ਬਨਵਾਸ ਧਾਰਨ ਕਰਦੇ ਹਾਂ, ਤੁਸੀਂ ਸਾਡਾ ਰਾਜਭਾਗ ਸੰਭਾਲੋ। ਸਮਾਂ ਆਉਣ ਉਤੇ ਤੁਸੀਂ ਇਹ ਰਾਜ ਸਾਨੂੰ ਮੁੜ ਵਾਪਸ ਕਰ ਦੇਣਾ। ਇਸੇ ਲਈ ਗੁਰੂ ਨਾਨਕ ਦੇਵ, ਜੋ ਬੇਦੀ ਕੁਲ ਦੇ ਸਨ, ਦੀ ਸੱਚੀ ਪਾਤਸ਼ਾਹੀ ਦੀ ਗੁਰ-ਗੱਦੀ ਚੌਥ ਗੁਰੂ ਤੋਂ ਸੋਢੀਆਂ ਕੋਲ ਚਲੀ ਗਈ। ਉਪਰੋਕਤ ਕਥਾ ਦੇ ਕਈ ਰੂਪਾਂਤਰ ਪ੍ਰਚਲਤ ਹਨ।

ਫ਼ਿਰੋਜ਼ਪੁਰ ਗਜ਼ਟੀਅਰ (ਪੰਨਾ 110) ਅਨੁਸਾਰ ਸੋਢੀਆਂ ਦਾ ਵਡਿਕਾ ਕਲਰਾਏ ਲਾਹੌਰ ਦਾ ਰਾਜਾ ਸੀ ਅਤੇ ਉਸ ਦਾ ਭਰਾ ਕਲਪਤ, ਜੋ ਬੇਦੀਆਂ ਦਾ ਵਡਿਕਾ ਸੀ, ਕਸੂਰ ਵਿਚ ਰਾਜ ਕਰਦਾ ਸੀ। ਕਲਪਤ ਨੇ ਕਲਰਾਏ ਤੋਂ ਲਾਹੌਰ ਦਾ ਰਾਜ ਖੋਹ ਲਿਆ। ਕਲਰਾਏ ਹਾਰ ਖਾ ਕੇ ਦੱਖਣ ਵਲ ਨਠ ਗਿਆ, ਜਿਥੇ ਉਸ ਨੇ ਇਕ ਰਾਜੇ ਦੀ ਲੜਕੀ ਨਾਲ ਵਿਆਹ ਕਰਵਾ ਲਿਆ। ਕਲਰਾਏ ਦੇ ਘਰ ਇਕ ਲੜਕਾ ਸੋਢੀ ਰਾਏ ਹੋਇਆ, ਜਿਸ ਨੇ ਲਾਹੌਰ ਨੂੰ ਮੁੜ ਫ਼ਤਹ ਕਰ ਕੇ ਕਲਪਤ ਨੂੰ ਉਥੋਂ ਕਢ ਦਿਤਾ। ਸੋ ਕਲਪਤ ਅਤੇ ਉਸ ਦੀ ਔਲਾਦ ਕਾਂਸ਼ੀ ਚਲੀ ਗਈ, ਜਿਥੇ ਉਨ੍ਹਾਂ ਨੇ ਵੇਦ ਕੰਠ ਕੀਤੇ ਤੇ 'ਵੇਦੀ' ਅਖਵਾਏ। ਇਸ ਰਵਾਇਤ ਮੁਤਾਬਕ, ਸੋਢੀ ਰਾਏ ਦੀ ਔਲਾਦ ਸੋਢੀ ਅਖਵਾਈ ਤੇ ਕਲਪਤ ਦੀ ਬੇਦੀ।

ਸਿੱਖਾਂ ਦੇ ਚੌਥੇ ਗੁਰੂ ਸ੍ਰੀ ਰਾਮ ਦਾਸ ਜੀ ਦੀ ਵੰਸ਼ ਨੂੰ ਸਿੱਖ ਸਤਿਕਾਰ ਨਾਲ ਸੋਢੀ ਸਾਹਿਬਜ਼ਾਦੇ ਕਹਿੰਦੇ ਹਨ। ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਸਨ — ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ। ਮਹਾਂਦੇਵ ਨੇ ਵਿਰਕਤ ਸੁਭਾਵ ਕਾਰਨ ਵਿਆਹ ਨਹੀਂ ਸੀ ਕਰਵਾਇਆ। ਪ੍ਰਿਥੀ ਚੰਦ ਤੇ ਅਰਜਨ ਦੇਵ ਦੀ ਔਲਾਦ ਹੀ ਸੋਢੀ ਸਾਹਿਬਜ਼ਾਦੇ ਅਖਵਾਈ। ਮਹਾਨ ਕੋਸ਼ (115) ਅਨੁਸਾਰ ਗੁਰੂ ਅਰਜਨ ਦੇਵ ਦੀ ਔਲਾਦ ਵਡੇ ਮੇਲ ਦੇ ਸੋਢੀ ਅਖਵਾਏ ਅਤੇ ਪ੍ਰਿਥੀ ਚੰਦ, ਜੋ ਗੁਰੂ ਘਰ ਦਾ ਵਿਰੋਧੀ ਸੀ, ਦੀ ਔਲਾਦ ਛੋਟੇ ਮੇਲ ਦੇ ਸੋਢੀ। ਆਨੰਦਪੁਰ ਤੇ ਮੁਕਤਸਰ ਵਿਚ ਸੋਢੀਆਂ ਦੇ ਕਈ ਪਿੰਡ ਆਬਾਦ ਹਨ।

(ਸ-750) **ਸੋਂਧੀ** :

ਖੱਤਰੀਆਂ ਦੀ ਇਕ ਗੋਤ (ਵੇਖੋ : ਖੱਤਰੀ)।

(ਸ-751) **ਸੋਨ-ਚਿੜੀ** :

ਪੰਜਾਬ ਦੀ ਇਕ ਪ੍ਰਸਿਧ ਲੋਕ-ਕਥਾ ਜਿਸ ਵਿਚ ਨਾਇਕ ਸੋਨ-ਚਿੜੀ ਨੂੰ ਦਿਓ ਦੇ ਕਬਜ਼ੇ ਵਿਚੋਂ ਮੁਕਤ ਕਰਕੇ ਉਸ ਨੂੰ ਪ੍ਰਾਪਤ ਕਰਨ ਵਾਸਤੇ ਅਨੇਕਾਂ ਸੰਕਟਾਂ ਵਿਚੋਂ ਦੀ ਲੰਘਦਾ ਹੈ। ਸੋਨ-ਚਿੜੀ ਬੜੀ ਸੂਝਵਾਨ ਤੇ ਤ੍ਰੈਕਾਲ ਦਰਸ਼ੀ ਸੀ। ਲੋਕ-ਕਥਾ ਅਨੁਸਾਰ ਇਕ ਰਾਜੇ ਦੀਆਂ ਛੇਆਂ ਰਾਣੀਆਂ ਤੋਂ ਜਦੋਂ ਕੋਈ ਔਲਾਦ ਨਾ ਹੋਈ ਤਾਂ ਉਸ ਨੇ ਸਤਵੀਂ ਰਾਣੀ ਵਿਆਹ ਕੇ ਲਿਆਂਦੀ। ਸਤਵੀਂ ਦੇ ਘਰ ਉਪਰਥਲੀ ਦੋ ਲੜਕੇ ਅਤੇ ਇਕ ਕੰਨਿਆਂ ਪੈਦਾ ਹੋਈ,ਪਰ ਉਸ ਦੀਆਂ ਸੌਂਕਣਾਂ ਨੇ ਦਾਈਆਂ ਨਾਲ ਮਿਲ ਕੇ, ਤਿੰਨੋਂ ਬੱਚੇ ਇਕ ਇਕ ਕਰ ਕੇ, ਦਰਿਆ ਵਿਚ ਰੋਹੜ ਦਿਤੇ। ਉਨ੍ਹਾਂ ਨੇ ਰਾਣੀ ਦੇ ਅੱਗੇ ਪਹਿਲੀ ਵਾਰੀ ਅੰਗਾਰ, ਦੂਜੀ ਵਾਰੀ ਚੂਲ੍ਹੀ ਦੇ ਮੁੰਨੇ ਅਤੇ ਤੀਜੀ ਵਾਰੀ ਬਿੱਲੀ ਦੇ ਬਲੂੰਗੜੇ ਰਖ ਦਿਤੇ। ਰਾਜੇ ਨੇ ਕਰੋਧ ਵਿਚ ਆ ਕੇ ਸਤਵੀਂ ਰਾਣੀ ਦਾ ਸਿਰ ਮੁੰਨਵਾ ਕੇ ਉਸ ਨੂੰ ਪਸ਼ੂਆਂ ਦੇ ਵਾੜੇ ਵਿਚ ਕਾਂ ਉਡਾਣ ਲਈ ਬਿਠਾ ਦਿਤਾ।

ਤਿੰਨੋਂ ਬੱਚੇ ਵਾਰੋ ਵਾਰੀ ਦਰਿਆ ਵਿਚ ਰੋਹੜੇ ਗਏ, ਜਿਥੋਂ ਉਹ ਇਕ ਧੋਬੀ ਦੇ ਹੱਥ ਲਗਦੇ ਰਹੇ। ਜਦੋਂ ਬੱਚੇ ਵਡੇ ਹੋਏ ਤਾਂ ਉਹ ਇਕ ਮਹਿਲ ਉਸਾਰ ਕੇ ਉਸ ਵਿਚ ਰਹਿਣ ਲਗੇ। ਮਹਿਲ ਵਿਚ ਇਕ ਸਾਧੂ ਆਇਆ, ਜਿਸ ਨੇ ਤਿੰਨਾਂ ਭੈਣਾਂ ਭਰਾਵਾਂ ਨੂੰ ਸੋਨ-ਚਿੜੀ ਦੇ ਗੁਣ ਦਸੇ। ਸੋਨ-ਚਿੜੀ ਨੂੰ ਪ੍ਰਾਪਤ ਕਰਨ ਲਈ ਪਹਿਲਾਂ ਵੱਡਾ ਭਰਾ, ਫਿਰ ਛੋਟਾ ਅਤੇ ਅਖ਼ੀਰ ਵਿਚ ਭੈਣ ਜੰਗਲਾਂ ਵਿਚ ਗਈ। ਇਕ ਜੋਗੀ ਨੇ ਉਨ੍ਹਾਂ ਨੂੰ ਗੇਂਦ ਦਿਤੀ, ਜਿਸ ਦੇ ਟਪਿਆਂ ਦੇ ਪਿਛੇ ਪਿਛੇ ਜਾਣ ਨਾਲ ਸੋਨ-ਚਿੜੀ ਤਕ ਪਹੁੰਚਿਆ ਜਾ ਸਕਦਾ ਸੀ। ਪਰ ਜੋਗੀ ਦੇ ਦਸੇ ਨਿਸ਼ੇਧਾਂ ਦੀ ਪਰਵਾਹ ਨਾ ਕਰਨ ਕਰ ਕੇ, ਦੋਵੇਂ ਭਰਾ ਵਾਰੋ ਵਾਰੀ ਸਿਲ ਪੱਥਰ ਹੋ ਗਏ। ਅਖ਼ੀਰ ਭੈਣ ਸੋਨ-ਚਿੜੀ ਤਕ ਪਹੁੰਚਣ ਵਿਚ ਸਫਲ ਹੋ ਗਈ। ਭੈਣ ਨੇ ਅੰਮ੍ਰਿਤ ਜਲ ਦੁਆਰਾ ਦੂਹਾਂ ਭਰਾਵਾਂ ਨੂੰ ਮੁੜ

ਸੂਰਜੀਤ ਕਰ ਲਿਆ ਤੇ ਉਹ ਸਾਰੇ ਸੋਨ-ਚਿੜੀ ਸਮੇਤ ਆਨੰਦ ਨਾਲ ਜੀਵਨ ਬਤੀਤ ਕਰਨ ਲਗੇ।

ਸ਼ਿਕਾਰ ਖੇਡਦਿਆਂ ਇਕ ਦਿਨ ਅਚਾਨਕ ਦੋਹਾਂ ਭਰਾਵਾਂ ਦਾ ਮੇਲ ਆਪਣੇ ਪਿਉ ਰਾਜੇ ਨਾਲ ਹੋਇਆ। ਲੜਕਿਆਂ ਨੇ ਰਾਜੇ ਨੂੰ ਖਾਣੇ ਉਤੇ ਸਦਿਆ। ਸੋਨ-ਚਿੜੀ ਜੋ ਤ੍ਰੈਕਾਲ ਦਰਸ਼ੀ ਸੀ, ਨੇ ਰਾਜੇ ਨੂੰ ਅਸਲੀਅਤ ਦਸ ਦਿਤੀ। ਰਾਜੇ ਨੇ ਛੋਟੀ ਰਾਣੀ ਨੂੰ ਮੁੜ ਲੈ ਘਰ ਆਉਂਦਾ ਅਤੇ ਆਪਣੇ ਬੱਚਿਆਂ ਸਮੇਤ ਵਸਣ ਲੱਗਾ।

ਇਸ ਕਥਾ ਵਿਚ ਪੰਜਾਬੀ ਲੋਕ-ਕਹਾਣੀਆਂ ਦੀਆਂ ਅਨੇਕਾਂ ਪ੍ਰਵਿਰਤੀਆਂ, ਰੂੜ੍ਹੀਗਤ ਨਿਸ਼ੇਧ, ਪ੍ਰਾਣ-ਪਟੇ ਆਦਿ ਦਾ ਜ਼ਿਕਰ ਹੈ ਅਤੇ ਇਹ ਕਹਾਣੀ ਇਸ ਪਖੋਂ ਪੰਜਾਬ ਦੀ ਪ੍ਰਤੀਨਿਧ ਲੋਕ-ਕਹਾਣੀ ਕਹੀ ਜਾ ਸਕਦੀ ਹੈ। ਇਹ ਕਥਾ 'ਰਸ਼ੀਅਨ ਫ਼ੇਅਰੀ ਟੇਲਜ਼' ਵਿਚ ਮਿਲਦੀ ਕਹਾਣੀ 'ਦੀ ਸਿੰਗਿੰਗ ਟਰੀ ਐਂਡ ਦੀ ਟਾਕਿੰਗ ਬਰਡ' ਨਾਲ ਪਸਾਰ, ਸ਼ਿਲਪ ਤੇ ਕਥਾਨਿਕ ਰੂੜ੍ਹੀਆਂ, ਨਿਸ਼ੇਧਾਂ, ਪ੍ਰਾਣ-ਪਟੇ ਭਾਵ ਹਰ ਪੱਖ ਵਿਚ ਇਨਬਿਨ ਮਿਲਦੀ ਹੈ ਅਤੇ ਇਕ ਨੂੰ ਸਹਿਜੇ ਹੀ ਦੂਜੇ ਦਾ ਰੂਪਾਂਤਰ ਕਿਹਾ ਜਾ ਸਕਦਾ ਹੈ। ਇਹ ਪਸਾਰ (diffusion) ਲੋਕ-ਕਹਾਣੀਆਂ ਦੀ ਵਿਸ਼ੇਸ਼ਤਾ ਹੈ ਅਤੇ ਪੰਜਾਬ ਦੀਆਂ ਅਨੇਕਾਂ ਕਥਾਵਾਂ ਭੂਗੋਲਿਕ, ਇਤਿਹਾਸਕ ਤੇ ਭਾਸ਼ਾਈ ਹੱਦਾਂ ਬੰਨੇ ਟਪ ਕੇ ਦੂਰ ਦੁਰਾਡੇ ਇਲਾਕੇ ਵਿਚ ਪਸਰ ਗਈਆਂ ਹਨ। ਇਹੋ ਕਥਾ 'ਗਰਾਂਡ ਫ਼ਾਦਰ ਟੇਲਜ਼' ਦੀ ਕਥਾ 'ਦੀ ਵਾਟਰ ਆਫ਼ ਲਾਈਫ਼' ਨਾਲ ਵੀ ਕਾਫ਼ੀ ਸਮਾਨਤਾ ਰਖਦੀ ਹੈ।

(2) ਇਕ ਗਹਿਣਾ ਜੋ ਕੰਨਾਂ ਵਿਚ ਪਹਿਨਿਆ ਜਾਂਦਾ ਹੈ :

ਤੇਰਾ ਰੂਪ ਝੱਲਿਆ ਨਾ ਜਾਵੇ;
ਕੰਨੋਂ ਲਾਹ ਦੇ ਸੋਨ-ਚਿੜੀਆਂ।

(ਲੋਕ-ਗੀਤ)

(ਸ-752) **ਸੋਨ-ਚਿੜੀ ਵਿਖਾਉਣਾ :**

ਮੁਸਲਮਾਨਾਂ ਵਿਚ ਖ਼ਤਨੇ ਲਈ ਮੰਗਲਭਾਸ਼ੀ ਸ਼ਬਦ; ਪੰਜਾਬੀ ਕੋਸ਼ (1,299) ਅਨੁਸਾਰ ਮੁਸਲਮਾਨ ਜਦੋਂ ਬੱਚਿਆਂ ਦੀ ਸੁੰਨਤ ਕਰਦੇ ਹਨ" ਤਾਂ ਬੱਚੇ ਦਾ ਧਿਆਨ ਦੂਜੇ ਪਾਸੇ ਕਰਨ ਵਾਸਤੇ ਉਸ ਨੂੰ ਆਖਦੇ ਹਨ — ਔਹ ਵੇਖ ਸੋਨ-ਚਿੜੀ ਆਈ' (ਵੇਖੋ : ਸੁੰਨਤ)।

(ਸ-753) **ਸੋਨ-ਪੰਛੀ :**

ਇਕ ਪੌਰਾਣਿਕ ਪੰਛੀ ਜਿਸ ਦਾ ਜ਼ਿਕਰ ਭਾਗਵਤ ਪੁਰਾਣ ਵਿਚ ਹੈ। ਇਹ ਪੰਛੀ ਸਾਰਾ ਦਿਨ ਸੋਨਾ ਉਗਲਦਾ ਰਹਿੰਦਾ ਹੈ। ਇਹ ਸੋਨ-ਪੰਛੀ ਇਤਨਾ ਫੁਰਤੀਲਾ ਹੈ ਕਿ ਸ਼ੇਰ ਦੇ ਉਬਾਸੀ ਲੈਣ ਵੇਲੇ, ਉਸ ਦੇ ਮੂੰਹ ਵਿਚ ਵੜ ਕੇ, ਦਾੜ੍ਹਾਂ ਵਿਚ ਫਸੇ ਮਾਸ ਦੇ ਟੁਕੜੇ ਕਢ ਕੇ ਖਾ ਜਾਂਦਾ ਹੈ। ਇਸ ਦਾ ਸੰਸਕ੍ਰਿਤ ਨਾਉਂ 'ਸਵਰਣ ਸਠੀਵੀ' ਹੈ।

(ਸ-754) **ਸੋਨਾ :**

ਸੋਨਾ ਸਭ ਧਾਤਾਂ ਵਿਚੋਂ ਪਵਿਤ੍ਰ, ਸ਼ੁਭ ਤੇ ਕਲਿਆਣਕਾਰੀ ਮੰਨਿਆ ਗਿਆ ਹੈ। ਸੋਨੇ ਬਾਰੇ ਇਕ ਮੁੱਢੀ ਲੋਕ-ਕਲਪਨਾ ਨੇ ਇਉਂ ਸਿਰਜੀ ਹੈ : ਪ੍ਰਾਣੀਆਂ ਦੀ ਸਿਰਜਨਾ ਮਗਰੋਂ ਬ੍ਰਹਮਾ ਨੇ ਧਾਤਾਂ ਉਪਜਾਣ ਲਈ ਮਿੱਟੀ ਉਤੇ ਪੈਰ ਫੇਰਿਆ ਤਾਂ ਲੋਹਾ ਬਣਿਆ, ਖੱਬਾ ਹੱਥ ਫੇਰਿਆ ਤਾਂ ਪਿੱਤਲ, ਸੱਜਾ ਹੱਥ ਫੇਰਿਆ ਤਾਂ ਚਾਂਦੀ। ਫਿਰ ਬ੍ਰਹਮਾ ਨੇ ਮਿੱਟੀ ਨੂੰ ਮਸਤਕ ਨਾਲ ਛੁਹਾਇਆ ਤਾਂ ਉਹ ਸੋਨਾ ਬਣ ਗਈ। ਬ੍ਰਹਮਾ ਦੇ ਮਸਤਕ ਦੀ ਛੁਹ-ਪ੍ਰਾਪਤੀ ਸਦਕਾ ਸੋਨਾ ਪਵਿਤ੍ਰ ਹੈ। ਧਾਰਨਾ ਹੈ ਕਿ ਸੋਨਾ ਚੰਦਰੀਆਂ ਰੂਹਾਂ, ਬਦ ਨਜ਼ਰ ਅਤੇ ਭੂਤ-ਪ੍ਰੇਤਾਂ ਤੋਂ ਰੱਖਿਆ ਕਰਦਾ ਹੈ। ਇਸ ਲਈ ਇਸ ਨੂੰ ਗਹਿਣੇ ਦੇ ਰੂਪ ਵਿਚ ਧਾਰਨ ਕਰਨਾ ਸ਼ੁਭ ਹੈ (ਵੇਖੋ : ਗਹਿਣੇ)।

ਸੋਨੇ ਦੀ ਛੁਹ ਸਹਿਜ ਰੂਪ ਵਿਚ ਹੀ ਇਕ ਪੁੰਨ-ਕਰਮ ਹੈ। ਇਸ ਲਈ ਹਿੰਦੂਆਂ ਵਿਚ ਦਾਹ-ਸਸਕਾਰ ਵੇਲੇ ਪ੍ਰਾਣੀ ਦੇ ਮੂੰਹ ਵਿਚ ਸੋਨਾ ਪਾਉਣਾ ਅਤੇ ਹਰਦੁਆਰ ਵਿਚ ਫੂਲ ਪ੍ਰਵਾਹਣ ਵੇਲੇ

ਅਸਥੀਆਂ ਨਾਲ ਸੋਨਾ ਤਾਰਨ ਦਾ ਰਵਾਜ ਹੈ। ਪ੍ਰਾਤਯਾਇਨ ਅਨੁਸਾਰ ਇਹ ਇਕ ਪੁੰਨ ਕਰਮ ਹੈ ਅਤੇ ਸੋਨੇ ਸਦਕਾ ਪਰਲੋਕ ਦੇ ਰਸਤੇ ਵਿਚ ਪ੍ਰਾਣੀ ਸੰਕਟ ਤੋਂ ਮੁਕਤ ਰਹਿੰਦਾ ਹੈ। ਸੋਨੇ ਦੇ ਪਤਰੇ ਨੂੰ ਦੰਦਾਂ ਉਤੇ ਚੜ੍ਹਾਉਣ ਪਿਛੇ ਵੀ ਇਹੋ ਭਾਵਨਾ ਹੈ ਕਿ ਮਰਨ ਵੇਲੇ ਪ੍ਰਾਣੀ ਦੇ ਮੂੰਹ ਵਿਚ ਸੋਨਾ ਹੋਣ ਕਰ ਕੇ, ਉਹ ਸਵਰਗ ਲੋਕ ਦਾ ਭਾਗੀ ਹੋਵੇਗਾ। ਸੋਨੇ ਬਾਰੇ ਕਈ ਹੋਰ ਭਰਮ ਵਹਿਮ ਵੀ ਪ੍ਰਚਲਤ ਹਨ। ਸੋਨਾ ਗੁੰਮਿਆਂ ਵੀ ਚੰਗਾ ਨਹੀਂ ਤੇ ਲੱਭਾ ਵੀ। ਸੁਪਨੇ ਵਿਚ ਸੋਨਾ ਵੇਖਣਾ ਸ਼ੁਭ ਹੈ।

ਪੁਰਾਣਾਂ ਵਿਚ ਕੁਝ ਅਜਿਹੇ ਪੰਛੀਆਂ (ਸੋਨ-ਪੰਛੀ) ਦਾ ਜ਼ਿਕਰ ਹੈ ਜੋ ਸੋਨਾ ਉਗਲਦੇ ਹਨ। ਮਹਾਂਭਾਰਤ ਅਨੁਸਾਰ ਰਾਜਾ ਸ੍ਰਿੰਜਯ ਦਾ ਪੁੱਤਰ ਸਵਰਣ-ਮਣੀ ਵੀ ਸੋਨਾ ਮੂਤਰਦਾ ਤੇ ਹਗਦਾ ਸੀ। ਲੋਕ-ਕਹਾਣੀਆਂ ਵਿਚ ਸੋਨਾ ਉਗਲਣ ਵਾਲੇ ਪੰਛੀ ਅਤੇ ਸੋਨੇ ਦੇ ਵਾਲਾਂ ਵਾਲੀਆਂ ਸੁੰਦਰੀਆਂ ਦਾ ਜ਼ਿਕਰ ਆਮ ਮਿਲਦਾ ਹੈ।

(ਸ-755) **ਸੋਨਾ ਗੁਜਰੀ :**

ਇਕ ਗੁਜਰੀ ਜੋ ਮੁਹੰਮਦ ਗ਼ੌਰੀ ਦੇ ਸਮੇਂ ਹੋਈ। ਇਹਦੇ ਰੂਪ ਦੀ ਧਾਂਕ ਸਾਰੇ ਪੰਜਾਬ ਵਿਚ ਫੈਲੀ ਹੋਈ ਸੀ। ਰਵਾਇਤ ਹੈ ਕਿ ਮੁਹੰਮਦ ਗ਼ੌਰੀ ਵੀ ਸੋਨਾ ਦੇ ਰੂਪ ਦਾ ਇਤਨਾ ਸ਼ਿਕਾਰ ਹੋ ਗਿਆ ਕਿ ਉਸ ਨੂੰ ਆਪਣੇ ਸ਼ਾਹੀ ਮਹਿਲਾਂ ਵਿਚ ਰਖੇਲੀ ਦੇ ਰੂਪ ਵਿਚ ਰਖਣ ਦੀ ਇਛਾ ਪ੍ਰਗਟ ਕੀਤੀ। ਪਰ ਸੋਨਾ ਰਜ਼ਾਮੰਦ ਨਾ ਹੋਈ। ਮੁਹੰਮਦ ਗ਼ੌਰੀ ਸੋਨਾ ਉਤੇ ਇਤਨਾ ਮਿਹਰਬਾਨ ਸੀ ਕਿ ਉਸ ਨੇ ਕੁਝ ਇਲਾਕਾ ਫ਼ਤਹਿ ਕਰ ਕੇ ਸੋਨਾ ਨੂੰ ਭੇਟ ਕਰ ਦਿਤਾ। ਸੋਨਾ ਨੇ ਉਸ ਇਲਾਕੇ ਵਿਚ ਜੋ ਨਵਾਂ ਸ਼ਹਿਰ ਵਸਾਇਆ, ਉਹਦਾ ਨਾਂ ਉਸ ਨੇ ਆਪਣੇ ਨਾਉਂ ਉਤੇ ਸੋਨਾ ਹੀ ਰਖਿਆ। ਮਗਰੋਂ ਇਹ ਨਾਂ ਵਿਗੜ ਕੇ ਸੁਨਾਮ ਬਣ ਗਿਆ (**ਵੇਖੋ : ਸੁਨਾਮ**)।

(ਸ-756) **ਸੋਨੇ ਦੇ ਵਾਲਾਂ ਵਾਲੀ ਸੁੰਦਰੀ :**

ਪੰਜਾਬ ਦੀ ਇਕ ਪ੍ਰਸਿਧ ਲੋਕ-ਕਹਾਣੀ; ਇਕ ਸੌਦਾਗਰ ਨੇ ਤਿੰਨ ਸੌ ਰੁਪਏ ਦੇ ਕੇ ਕਿਸੇ ਟੱਭੇ ਤੋਂ ਸਮੁੰਦਰ ਵਿਚ ਤਿੰਨ ਟੁਭੀਆਂ ਮਰਵਾਈਆਂ, ਤਾਂ ਪਹਿਲੀ ਵਾਰੀ ਕਤੂਰਾ, ਦੂਜੀ ਵਾਰੀ ਬਲੂੰਗੜਾ ਅਤੇ ਤੀਜੀ ਟੁਭੀ ਵਿਚ ਸਪੋਲੀਆ ਨਿਕਲਿਆ। ਸੌਦਾਗਰ ਬੜਾ ਦੁਖੀ ਹੋਇਆ ਕਿ ਉਸ ਦੇ ਤਿੰਨ ਸੌ ਰੁਪਏ ਰੁੜ੍ਹ ਗਏ। ਤਾਂ ਸਪੋਲੀਏ ਨੇ ਕਿਹਾ, "ਫਲਾਣੇ ਜੰਗਲ ਵਿਚ ਸਾਡਾ ਰਾਜਾ ਰਹਿੰਦਾ ਹੈ। ਤੂੰ ਮੈਨੂੰ ਉਸ ਦੇ ਕੋਲ ਲੈ ਜਾ। ਜਦੋਂ ਉਹ ਤੈਨੂੰ ਕੁਝ ਮੰਗਣ ਲਈ ਕਹੇ ਤਾਂ ਤੂੰ ਉਸ ਤੋਂ ਉਹਦੀ ਮਣੀ ਮੰਗੀਂ।" ਸੌਦਾਗਰ ਨੇ ਉਸੇ ਤਰ੍ਹਾਂ ਕੀਤਾ। ਉਸ ਮਣੀ ਵਿਚ ਦੈਵੀ ਸ਼ਕਤੀ ਸੀ ਅਤੇ ਉਸ ਤੋਂ ਜੋ ਵੀ ਚੀਜ਼ ਮੰਗੀ ਜਾਵੇ, ਸਹਿਜ ਭਾਵ ਵਿਚ ਪ੍ਰਾਪਤ ਹੋ ਜਾਂਦੀ ਸੀ। ਸੌਦਾਗਰ ਨੇ ਉਸ ਮਣੀ ਤੋਂ ਸੋਨੇ ਦਾ ਮਹਿਲ, ਰਾਜ ਅਧਿਕਾਰ ਅਤੇ ਸੋਨੇ ਦੇ ਵਾਲਾਂ ਵਾਲੀ ਸੁੰਦਰੀ ਮੰਗੀ। ਉਸੇ ਛਿਣ ਉਸ ਨੂੰ ਸਭ ਕੁਝ ਪ੍ਰਾਪਤ ਹੋ ਗਿਆ ਅਤੇ ਉਹ ਆਨੰਦ ਨਾਲ ਵਸਣ ਲੱਗਾ। ਇਕ ਦਿਨ ਇਸ਼ਨਾਨ ਕਰਦਿਆਂ ਸੋਨ-ਸੁੰਦਰੀ ਦੇ ਸੁਨਹਿਰੀ ਵਾਲਾਂ ਦਾ ਇਕ ਗੁੱਛਾ, ਪਾਣੀ ਵਿਚ ਰੁੜ੍ਹਦਾ ਹੋਇਆ, ਕਿਸੇ ਦੂਜੇ ਮੁਲਕ ਦੇ ਸ਼ਹਿਜ਼ਾਦੇ ਦੇ ਹੱਥ ਜਾ ਲੱਗਾ, ਜੋ ਉਦੋਂ ਉਸੇ ਨਦੀ ਵਿਚ ਇਸ਼ਨਾਨ ਕਰ ਰਿਹਾ ਸੀ। ਸ਼ਹਿਜ਼ਾਦਾ ਸੋਨ-ਸੁੰਦਰੀ ਲਈ ਵਿਆਕੁਲ ਹੋਣ ਲੱਗਾ। ਸ਼ਹਿਜ਼ਾਦੇ ਦੇ ਪਿਉ ਰਾਜੇ ਨੇ ਸੋਨ-ਸੁੰਦਰੀ ਨੂੰ ਪੁਤਰ ਲਈ ਪ੍ਰਾਪਤ ਕਰਨ ਵਾਸਤੇ ਫਫਾਕੁਟਣੀਆਂ ਤੋਂ ਮਦਦ ਮੰਗੀ, ਜੋ ਸੋਨ-ਸੁੰਦਰੀ ਨੂੰ ਢੂੰਡ ਕੇ ਤੇ ਉਸ ਨਾਲ ਮੋਮੋ ਠਗਣੀਆਂ ਗੱਲਾਂ ਕਰ ਕੇ ਉਹਨੂੰ ਮਣੀ ਸਮੇਤ ਆਪਣੇ ਰਾਜੇ ਕੋਲ ਲੈ ਆਈਆਂ। ਸ਼ਹਿਜ਼ਾਦੇ ਨੇ ਸੋਨ-ਸੁੰਦਰੀ ਨਾਲ ਵਿਆਹ ਕਰ ਲਿਆ।

ਮਣੀ ਦੇ ਹੱਥੋਂ ਨਿਕਲ ਜਾਣ ਮਗਰੋਂ ਸੌਦਾਗਰ ਫਿਰ ਪਹਿਲਾਂ ਵਾਂਗ ਗ਼ਰੀਬ ਹੋ ਗਿਆ। ਪਰ ਬਿੱਲੀ ਤੇ ਕੁੱਤੇ ਦੋਹਾਂ ਨੇ ਲੰਮੀ ਸਾਧਨਾ ਮਗਰੋਂ ਸੋਨ-ਸੁੰਦਰੀ ਨੂੰ ਢੂੰਡ ਕੇ, ਉਸ ਸ਼ਹਿਜ਼ਾਦੇ ਤੋਂ ਮਣੀ ਖੋਹ ਲਿਆਂਦੀ। ਜਦੋਂ ਬਿੱਲੀ ਅਤੇ ਕੁੱਤਾ ਮਣੀ ਲਿਆ ਰਹੇ ਸਨ ਤਾਂ ਰਾਹ ਵਿਚ ਇਕ

ਇਲ ਝਪਟਾ ਮਾਰ ਕੇ ਮਣੀ ਖੋਹ ਕੇ ਲੈ ਗਈ। ਇਲ ਤੋਂ ਮਣੀ ਪ੍ਰਾਪਤ ਕਰਨ ਵਾਸਤੇ ਕੁੱਤਾ ਆਪਣੀ ਪਿਠ ਨੂੰ ਜ਼ਖਮੀ ਕਰ ਕੇ ਅਤੇ ਆਪਣਾ ਮੂੰਹ ਖੋਲ ਵਿਚ ਦੇ ਕੇ ਉਸ ਦਰੱਖਤ ਦੇ ਹੇਠਾਂ ਖਲੋ ਗਿਆ, ਜਿਸ ਦਰੱਖ਼ਤ ਉਪਰ ਇਲ ਬੈਠੀ ਸੀ। ਇਲ ਮਾਸ ਦੀ ਬੋਟੀ ਸਮਝ ਕੇ ਕੁੱਤੇ ਉਪਰ ਝਪਟੀ ਤੇ ਇਸ ਤਰ੍ਹਾਂ ਮਣੀ ਇਲ ਦੇ ਪੰਜੇ ਵਿਚੋਂ ਡਿਗ ਪਈ। ਬਿੱਲੀ ਨੇ, ਜੋ ਇਕ ਪਾਸੇ ਛਹਿਕ ਕੇ ਬੈਠੀ ਸੀ, ਝਟ ਮਣੀ ਮੂੰਹ ਵਿਚ ਪਾ ਲਈ। ਕੁੱਤਾ ਅਤੇ ਬਿੱਲੀ ਮਣੀ ਨੂੰ ਸੌਦਾਗਰ ਕੋਲ ਲੈ ਆਏ। ਮਣੀ ਦੀ ਮਦਦ ਨਾਲ ਸੌਦਾਗਰ ਨੇ ਫਿਰ ਸੋਨ-ਮੁੰਦਰੀ ਨੂੰ ਪ੍ਰਾਪਤ ਕਰ ਲਿਆ।

ਇਸ ਲੋਕ-ਕਹਾਣੀ ਦੀਆਂ ਕਥਾਨਿਕ ਰੂੜ੍ਹੀਆਂ, ਘਟਨਾ-ਸਥਿਤੀਆਂ ਤੇ ਸ਼ਿਲਪ 'ਮਾਰਟਨ ਦੀ ਪੀਸੇਂਟ ਸਨ' (ਰਸ਼ੀਅਨ ਵਾਂਡਰ ਟੇਲਜ਼) ਨਾਲ ਇਤਨੀ ਸਮਾਨਤਾ ਰਖਦੀ ਹੈ ਕਿ ਇਕ ਨੂੰ ਦੂਜੀ ਦਾ ਰੂਪਾਂਤਰ ਕਿਹਾ ਜਾ ਸਕਦਾ ਹੈ। ਰੂਸੀ ਲੋਕ-ਕਹਾਣੀ ਵਿਚ ਮਾਰਟਨ ਸੌ ਸੌ ਰੂਬਲ ਦੇ ਕੇ ਇਕ ਕੁੱਤਾ ਅਤੇ ਬਿੱਲੀ ਨੂੰ ਖ਼ਰੀਦ ਲੈਂਦਾ ਹੈ। ਫਿਰ ਉਹ ਇਕ ਸੱਪਣੀ ਨੂੰ ਅੱਗ ਵਿਚੋਂ ਬਚਾਂਦਾ ਹੈ ਤੇ ਸੱਪਣੀ ਉਸ ਨੂੰ ਇਕ ਐਸੀ ਮੁੰਦਰੀ ਦੇਂਦੀ ਹੈ ਜਿਸ ਦੁਆਰਾ ਮਨ-ਇਛਤ ਫਲ ਪ੍ਰਾਪਤ ਕੀਤੇ ਜਾ ਸਕਦੇ ਹਨ। ਮਾਰਟਨ ਮੁੰਦਰੀ ਦੀ ਮਦਦ ਨਾਲ ਇਕ ਸ਼ਹਿਜ਼ਾਦੀ ਨਾਲ ਵਿਆਹ ਕਰ ਲੈਂਦਾ ਹੈ। ਮਗਰੋਂ ਉਹ ਸ਼ਹਿਜ਼ਾਦੀ ਮੁੰਦਰੀ ਲੈ ਕੇ ਨਠ ਜਾਂਦੀ ਹੈ ਤਾਂ ਬਾਦਸ਼ਾਹ ਮਾਰਟਨ ਨੂੰ ਕੈਦ ਕਰ ਦੇਂਦਾ ਹੈ। ਬਿੱਲੀ ਅਤੇ ਕੁੱਤਾ ਮਾਰਟਨ ਦੀ ਮਦਦ ਕਰਦੇ ਹਨ ਅਤੇ ਮੁੰਦਰੀ ਢੂੰਡ ਲਿਆਉਂਦੇ ਹਨ। ਪਰ ਮੁੰਦਰੀ ਇਕ ਵਾਰ ਫਿਰ ਦਰਿਆ ਵਿਚ ਗੁੰਮ ਜਾਂਦੀ ਹੈ ਤੇ ਮਛੀਆਂ ਦੀ ਮਦਦ ਨਾਲ ਦੁਬਾਰਾ ਲੱਭ ਲਿਆ ਜਾਂਦਾ ਹੈ। ਦੋਹਾਂ ਕਥਾਵਾਂ ਦੀ ਸਮਾਨਤਾ ਤੋਂ ਜਾਪਦਾ ਹੈ ਕਿ ਇਨ੍ਹਾਂ ਦੋਹਾਂ ਕਥਾਵਾਂ ਦੀ ਸਿਰਜਨਾ ਸੁਤੰਤਰ ਰੂਪ ਵਿਚ ਨਹੀਂ ਹੋਈ, ਸਗੋਂ ਇਹ ਕਥਾ ਇਕ ਇਲਾਕੇ ਵਿਚੋਂ ਦੂਜੇ ਵਿਚ ਪ੍ਰਸਾਰਿਤ ਹੋਈ ਹੈ।

(ਸ-757) **ਸੋਫ :**

ਫੁਲਕਾਰੀ ਦੀ ਇਕ ਕਿਸਮ, ਜੋ ਅੰਬਾਲੇ ਦੇ ਇਲਾਕੇ ਵਿਚ ਆਮ ਪ੍ਰਚਲਤ ਹੈ। ਚੋਪ ਵਾਂਗ ਇਸ ਦੀ ਕਢਾਈ ਵੀ ਲਾਲ ਸੂਹੇ ਖੱਦਰ ਉਤੇ ਸੁਨਹਿਰੇ ਪੀਲੇ ਧਾਗੇ ਨਾਲ ਕੀਤੀ ਜਾਂਦੀ ਹੈ। ਸੋਫ ਦੀ ਕਢਾਈ ਕੇਵਲ ਪੱਲਿਆਂ ਅਤੇ ਪਾਸਿਆਂ ਉਤੇ ਹੀ ਕੀਤੀ ਜਾਂਦੀ ਹੈ। ਸੋਫ ਸ਼ਬਦ ਚੋਪ ਦਾ ਹੀ ਸਥਾਨਕ ਵਿਗਾੜ ਜਾਪਦਾ ਹੈ। ਕਿਉਂ ਜੋ ਚੋਪ ਤੇ ਸੋਫ ਦੀ ਕਢਾਈ ਦੀ ਸ਼ੈਲੀ ਇਕੋ ਜਿਹੀ ਹੈ।

(ਸ-758) **ਸੋਮ ਦੇਵਤਾ :**

ਸੋਮ ਚੰਦਰਮੇ ਦਾ ਹੀ ਇਕ ਨਾਂ ਹੈ (ਵੇਖੋ : ਚੰਦ੍ਰਮਾ)।

(ਸ-759) **ਸੋਮਰਸ :**

ਸੋਮ ਦੇ ਪੌਦੇ ਵਿਚੋਂ ਕਢਿਆ ਰਸ ਜੋ ਕਦੇ ਦੇਵਤੇ ਬੜੇ ਸ਼ੌਕ ਨਾਲ ਪੀਤਾ ਕਰਦੇ ਸਨ। ਪੁਰਾਣਾਂ ਅਨੁਸਾਰ ਸੋਮ ਦੀ ਵੇਲ (ਸੋਮਵਲੀ) ਦੇ ਪੱਤੇ ਚੰਦਰਮਾ ਦੀ ਕਲਾ ਦੇ ਵਧਣ ਘਟਣ ਨਾਲ ਵਧਦੇ ਘਟਦੇ ਰਹਿੰਦੇ ਸਨ। ਚੰਦਰਮੇ ਦੀ ਚਾਨਣੀ ਏਕਮ ਨੂੰ ਇਸ ਵੇਲ ਵਿਚੋਂ ਇਕ ਪੱਤਾ ਫੁਟਦਾ, ਫਿਰ ਹਰ ਤਿੱਥ ਨੂੰ ਇਕ ਇਕ ਕਰ ਕੇ ਵਧਦਾ ਜਾਂਦਾ ਅਤੇ ਪੂਰਨਮਾਸ਼ੀ ਤਕ ਪੂਰੇ ਪੰਦਰਾਂ ਪੱਤੇ ਫੁਟ ਨਿਕਲਦੇ। ਹਨੇਰੇ ਪੱਖ ਵਿਚ ਇਹ ਪੱਤੇ ਨਿਤ ਇਕ ਇਕ ਕਰ ਕੇ ਝੜਦੇ ਜਾਂਦੇ ਤੇ ਅਮਾਵਸ ਨੂੰ ਕੇਵਲ ਵੇਲ ਹੀ ਬਾਕੀ ਰਹਿ ਜਾਂਦੀ। ਇਸ ਵੇਲ ਵਿਚੋਂ ਦੁੱਧ ਵਰਗਾ ਰਸ ਨਿਕਲਦਾ ਸੀ, ਜਿਸ ਨੂੰ ਪੀਣ ਨਾਲ ਨਸ਼ਾ ਚੜ੍ਹ ਜਾਂਦਾ ਸੀ। ਇਹ ਵੀ ਧਾਰਨਾ ਹੈ ਕਿ ਇਸ ਵੇਲ ਦਾ ਅਰਕ ਕਢ ਕੇ ਉਸ ਤੋਂ ਸੁਰਾ ਬਣਾਈ ਜਾਂਦੀ ਸੀ। ਇਸੇ ਨੂੰ ਸੋਮਰਸ ਕਹਿੰਦੇ ਸਨ। ਇਕ ਵਿਚਾਰ ਇਹ ਵੀ ਹੈ ਕਿ ਇਸ ਵੇਲ ਨਾਲ ਪੱਤੇ ਨਹੀਂ ਸਨ ਹੁੰਦੇ। ਟਹਿਣੀਆਂ ਦੇ ਸਿਰਿਆਂ ਉਪਰ ਚਿਟੇ ਰੰਗ ਦੇ ਖ਼ੁਸ਼ਬੋਦਾਰ ਫੁੱਲ ਲਗਦੇ ਸਨ, ਜਿਨ੍ਹਾਂ ਵਿਚੋਂ ਦੁੱਧ ਵਰਗਾ ਰਸ ਨਿਕਲਦਾ ਸੀ। ਇਸ ਪੌਦੇ ਦੀ ਅੱਜ ਤਕ ਸਹੀ ਸ਼ਨਾਖ਼ਤ ਨਹੀਂ ਹੋ ਸਕੀ ਅਤੇ

ਨਾ ਹੀ ਇਸ ਦਾ ਏਕੀਕਰਣ ਕਿਸੇ ਪ੍ਰਾਪਤ ਪੌਦੇ ਨਾਲ ਕੀਤਾ ਜਾ ਸਕਿਆ ਹੈ।

ਰਿਗ ਵੇਦ ਵਿਚ ਕਈ ਥਾਈਂ ਸੋਮ ਰਸ ਦਾ ਵਰਨਣ ਹੈ। ਰਿਗ ਵੇਦ ਦੇ ਨਾਵੇਂ ਖੰਡ ਦੀਆਂ ਸਾਰੀਆਂ 114 ਰਿਚਾਂ ਸੋਮ ਰਸ ਦੀ ਮਹਿਮਾ ਵਿਚ ਹਨ। ਕਈ ਥਾਈਂ ਤਾਂ ਸੋਮ ਨੂੰ ਦੇਵਤਾ ਮੰਨਿਆ ਗਿਆ ਹੈ। ਵੈਦਿਕ ਰਿਸ਼ੀ ਸੋਮ ਨੂੰ ਬਲਦਾਇਕ, ਰੋਗ-ਨਾਸ਼ਕ, ਦਲਿਦ੍ਰ-ਖੰਡਨ ਹੋਣ ਕਰਕੇ, ਦੇਵਤਿਆਂ ਦਾ ਗੁਰੂ ਮੰਨਣ ਲਗ ਪਏ ਸਨ। ਕੁਝ ਰਿਚਾਂ ਵਿਚ ਤਾਂ ਸੋਮ ਦਾ ਪ੍ਰਭੂ ਨਾਲ ਏਕੀਕਰਣ ਕੀਤਾ ਗਿਆ ਹੈ। ਕੁਝ ਹੋਰ ਰਿਚਾਂ ਵਿਚ ਇਸ ਨੂੰ ਔਸ਼ਧੀਪਤੀ ਕਿਹਾ ਗਿਆ ਹੈ, ਪਰ ਕੁਝ ਰਿਚਾਂ ਵਿਚ ਦੇਵਤਿਆਂ ਦਾ ਪਿਤਾਮਾ।

ਬ੍ਰਾਹਮਣ ਗ੍ਰੰਥਾਂ ਵਿਚ ਸੋਮਬਲੀ ਦਾ ਬੜਾ ਰੋਚਕ ਵਰਨਣ ਮਿਲਦਾ ਹੈ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਕਦੇ ਸੋਮ ਦੀ ਬਲੀ ਦੀ ਵੀ ਪ੍ਰਥਾ ਸੀ ਅਤੇ ਦੇਵਤੇ ਸੋਮ ਬਲੀ ਉਤੇ ਬੜੇ ਪ੍ਰਸੰਨ ਹੁੰਦੇ ਸਨ।

ਵੇਦਾਂ ਅਨੁਸਾਰ ਇਹ ਪੌਦਾ ਪਹਿਲਾਂ ਉਨ੍ਹਾਂ ਪਹਾੜਾਂ ਵਿਚ ਪੈਦਾ ਹੁੰਦਾ ਸੀ, ਜਿਥੇ ਗੰਧਰਵ ਰਹਿੰਦੇ ਸਨ। ਇਸ ਪੌਦੇ ਨੂੰ ਪ੍ਰਾਪਤ ਕਰਨ ਵਾਸਤੇ ਦੇਵਤਿਆਂ ਨੇ ਵਾਚ (ਸਰਸਵਤੀ) ਦੇਵੀ ਨੂੰ ਗੰਧਰਵਾਂ ਕੋਲ ਭੇਜਿਆ, ਜਿਨ੍ਹਾਂ ਨੇ ਵਾਚ ਦੇਵੀ ਨੂੰ ਆਦਰ ਨਾਲ ਇਹ ਪੌਦਾ ਭੇਟ ਕੀਤਾ। ਵਾਚ ਦੇਵੀ ਪੌਦੇ ਨੂੰ ਦੇਵਤਿਆਂ ਦੇ ਕੋਲ ਲੈ ਆਈ। ਸੋਮਰਸ ਦੀ ਪਹਿਲੀ ਬੂੰਦ ਪੀਣ ਲਈ ਦੇਵਤਿਆਂ ਵਿਚ ਦੌੜਾਂ ਦਾ ਮੁਕਾਬਲਾ ਹੋਇਆ, ਜਿਸ ਵਿਚ ਵਾਯੂ ਅਤੇ ਇੰਦਰ ਸਭ ਦੇਵਤਿਆਂ ਤੋਂ ਅੱਗੇ ਨਿਕਲ ਗਏ। ਜਦੋਂ ਵਾਯੂ ਇੰਦਰ ਤੋਂ ਅੱਗੇ ਨਿਕਲਣ ਲਈ ਜ਼ੋਰ ਲਗਾ ਰਿਹਾ ਸੀ ਤਾਂ ਇੰਦਰ ਨੇ ਉਸ ਨਾਲ ਸਮਝੌਤਾ ਕਰਨਾ ਚਾਹਿਆ ਕਿ ਉਹ ਉਹਨੂੰ ਸੋਮ ਦਾ ਤੀਜਾ ਹਿੱਸਾ ਦੇਵੇ ਅਤੇ ਦੋ ਹਿੱਸੇ ਖ਼ੁਦ ਲੈ ਲਏ, ਪਰ ਉਸ ਤੋਂ ਅੱਗੇ ਨਾ ਲੰਘੇ। ਵਾਯੂ ਨੂੰ ਆਪਣੀ ਸ਼ਕਤੀ ਉਤੇ ਮਾਣ ਸੀ, ਸੋ ਉਹ ਨਾ ਮੰਨਿਆ। ਅਖੀਰ ਇੰਦਰ ਨੇ ਇਕ ਚੌਥਾਈ ਹਿੱਸਾ ਲੈਣਾ ਮੰਨ ਲਿਆ ਅਤੇ ਦੋਵੇਂ ਦੇਵਤੇ ਦੌੜ ਵਿਚ ਬਰਾਬਰ ਰਹੇ। ਦੋਹਾਂ ਦੇਵਤਿਆਂ ਨੇ ਸੋਮਰਸ ਦੀਆਂ ਪਹਿਲੀਆਂ ਬੂੰਦਾਂ ਪੀਤੀਆਂ।

ਹੌਲੇ ਹੌਲੇ ਸੋਮ ਦੀ ਪੂਜਾ ਤੇ ਮਾਨਤਾ ਘਟਦੀ ਗਈ। ਕਿਉਂ ਜੋ ਬ੍ਰਹਮਾ ਨੇ ਇਕ ਵਾਰ ਸੋਮ ਦੀ ਸੁਰਾ ਨੂੰ ਪੀ ਕੇ ਆਪਣੀ ਲੜਕੀ ਨਾਲ ਭੋਗ ਕਰਨਾ ਚਾਹਿਆ ਸੀ। ਇਸੇ ਤਰ੍ਹਾਂ ਇਕ ਵਾਰ ਸ਼ੁਕਰ ਸੋਮ ਦੀ ਸੁਰਾ ਦੇ ਪਿਆਲੇ ਵਿਚ ਆਪਣੇ ਹੀ ਸ਼ਿਸ਼ ਕਚ ਦੇ ਮਸਾਣ ਪੀ ਗਿਆ ਸੀ।

ਹਠ ਯੋਗੀ ਸੋਮਰਸ ਨੂੰ ਤਾਲੂ ਵਿਚੋਂ ਝਰਦਾ ਮੰਨਦੇ ਹਨ (ਵੇਖੋ : ਅੰਮ੍ਰਿਤ)।

(ਸ-760) **ਸੋਮਵੰਸ਼ :**

(ਵੇਖੋ : ਚੰਦਰ ਵੰਸ਼)।

(ਸ-761) **ਸੋਮਵਤੀ ਅਮਾਵਸ :**

ਜਦੋਂ ਮਸਿਆ ਸੋਮਵਾਰ ਦੇ ਦਿਨ ਪਏ ਤਾਂ ਇਸ ਵਿਸ਼ੇਸ਼ ਮਸਿਆ ਨੂੰ 'ਸੋਮਵਤੀ ਅਮਾਵਸ' ਕਹਿੰਦੇ ਹਨ। ਪੁਰਾਣਾਂ ਅਨੁਸਾਰ ਇਹ ਤਿਥ ਸੋਮ (ਚੰਦਰਮੇ) ਨਾਲ ਸੰਬੰਧਿਤ ਹੋਣ ਕਰ ਕੇ ਸ਼ੁਭ ਤੇ ਕਲਿਆਣੀ ਹੈ ਅਤੇ ਇਸ ਦਿਨ ਦੇ ਪੁੰਨ-ਦਾਨ, ਪੂਜਾ ਪਾਠ ਅਤੇ ਤੀਰਥ ਇਸ਼ਨਾਨ ਦਾ ਖ਼ਾਸ ਮਹਾਤਮ ਹੈ। ਇਸ ਤਿਥ ਨੂੰ ਕਾਸ਼ੀ, ਪ੍ਰਯਾਗ ਅਤੇ ਹਰਦੁਆਰ ਆਦਿ ਤੀਰਥਾਂ ਉਤੇ ਗੰਗਾ ਦੇ ਇਸ਼ਨਾਨ ਲਈ ਮੇਲੇ ਲਗਦੇ ਹਨ।

ਇਸ ਤਿਥ ਨੂੰ ਵਰਤ ਰਖਣ ਨਾਲ ਸੰਤਾਨ ਦਾ ਸੁਖ ਅਤੇ ਸਪਤੀ ਪ੍ਰਾਪਤ ਹੁੰਦੀ ਹੈ, ਨਾਲੇ ਇਸਤ੍ਰੀ ਦਾ ਸੁਹਾਗ ਜੀਵਨ ਭਰ ਥਿਰ ਰਹਿੰਦਾ ਹੈ। ਹਿੰਦੂ ਤੀਵੀਆਂ ਇਸ਼ਨਾਨ ਕਰਨ ਮਗਰੋਂ ਬੋਹੜ ਜਾਂ ਪਿਪਲ ਦੇ ਦਰੱਖ਼ਤ ਨੂੰ ਪੂਜਦੀਆਂ ਅਤੇ ਦਰੱਖ਼ਤ ਦੁਆਲੇ 108 ਪ੍ਰਕਰਮਾ ਕਰਦੀਆਂ ਹੋਈਆਂ, ਦਰੱਖ਼ਤ ਨਾਲ ਕੱਚੇ ਸੂਤਰ ਨੂੰ ਵਲ੍ਹੇਟਦੀਆਂ ਜਾਂਦੀਆਂ ਹਨ ਅਤੇ ਨਾਲ ਹੀ ਦਰੱਖਤ ਨੂੰ ਫਲ ਫੁਲ ਦੇ ਚੜ੍ਹਾਵੇ ਦੇਂਦੀਆਂ ਜਾਦੀਆਂ ਹਨ। ਮਗਰੋਂ ਚੜ੍ਹਾਵੇ ਦਾ ਕੁਝ ਅੰਸ਼ ਦਰੱਖ਼ਤ ਦੇ ਭੋਗ ਲਈ ਉਥੇ ਹੀ ਛਡ ਕੇ ਬਾਕੀ ਬ੍ਰਾਹਮਣਾਂ ਨੂੰ ਭੇਟ ਕਰ ਦੇਂਦੀਆਂ ਹਨ।

ਸੋਮਵਤੀ ਅਮਾਵਸ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ — ਇਕ ਕੰਨਿਆਂ, ਜਿਸ ਦੇ ਸਤ ਭਰਾ ਸਨ, ਨੂੰ ਪਾਂਧੇ ਨੇ ਦਸਿਆ ਕਿ ਉਸ ਦਾ ਸੁਹਾਗ ਵਿਆਹ ਤੋਂ ਬਾਅਦ ਤੁਰੰਤ ਉਜੜ ਜਾਵੇਗਾ। ਪਰ ਉਹ ਮ੍ਰਿਤੂ ਤੋਂ ਤਾਂ ਹੀ ਬਚ ਸਕਦਾ ਹੈ, ਜੇ ਦਰਿਆ ਦੇ ਪਾਰਲੇ ਕੰਢੇ ਉਤੇ ਰਹਿੰਦੀ ਧੋਬਣ, ਆਪਣੇ ਸੋਮਵਤੀ ਅਮਾਵਸ ਦੇ ਵਰਤਾਂ ਦਾ ਫਲ, ਉਹਨੂੰ ਬਖ਼ਸ਼ ਦੇਵੇ। ਭੈਣ ਆਪਣੇ ਭਰਾ ਨੂੰ ਨਾਲ ਲੈ ਕੇ ਧੋਬਣ ਦੀ ਖੋਜ ਵਿਚ ਨਿਕਲ ਪਈ। ਸਮੁੰਦਰ ਦੇ ਤਟ ਤੋਂ ਇਕ ਉਕਾਬ ਦੋਹਾਂ ਨੂੰ ਪਾਰਲੇ ਕੰਢੇ ਤਕ ਉਠਾ ਕੇ ਲੈ ਗਿਆ ਤੇ ਧੋਬਣ ਦੇ ਘਰ ਰਹੱਸਮਈ ਢੰਗ ਨਾਲ, ਬਿਨਾਂ ਘਰ ਦੇ ਲੋਕਾਂ ਨੂੰ ਖ਼ਬਰ ਹੋਣ ਦੇ, ਉਤਾਰ ਆਇਆ। ਦੋਵੇਂ ਭੈਣ ਭਰਾ, ਧੋਬਣ ਤੇ ਉਸ ਦੀਆਂ ਸਤਾਂ ਨੂੰਹਾਂ ਦੇ ਜਾਗਣ ਤੋਂ ਪਹਿਲਾਂ ਹੀ ਘਰ ਦਾ ਸਾਰਾ ਕੰਮ ਮੁਕਾ ਦੇਂਦੇ। ਘਰ ਦੇ ਸਭ ਜੀਵ ਹੈਰਾਨ ਸਨ ਕਿ ਇਹ ਕੰਮ ਕੌਣ ਕਰਦਾ ਹੈ। ਇਕ ਦਿਨ ਧੋਬਣ ਨੇ ਸਵੇਰੇ ਜਾਗ ਕੇ ਦੋਹਾਂ ਭੈਣ ਭਰਾਵਾਂ ਨੂੰ ਕੰਮ ਵਿਚ ਰੁਝਾ ਵੇਖ ਲਿਆ ਅਤੇ ਇਸ ਦਾ ਕਾਰਨ ਪੁਛਿਆ। ਉਸ ਕੰਨਿਆਂ ਦੀ ਗੱਲ ਸੁਣ ਕੇ ਧੋਬਣ ਉਸ ਦੇ ਨਾਲ ਜਾਣ ਲਈ ਤਿਆਰ ਹੋ ਗਈ। ਜਦੋਂ ਵਿਆਹ ਤੋਂ ਤੁਰੰਤ ਬਾਅਦ ਕੰਨਿਆਂ ਦਾ ਪਤੀ ਪੇਟ ਦੇ ਦਰਦ ਨਾਲ ਚਲਾਣਾ ਕਰ ਗਿਆ ਤਾਂ ਧੋਬਣ ਨੇ ਆਪਣੇ ਵਰਤਾਂ ਦਾ ਫਲ ਦੇ ਕੇ ਉਸ ਨੂੰ ਮੁੜ ਸੁਰਜੀਤ ਕਰ ਦਿਤਾ। ਧੋਬਣ ਘਰ ਵਾਪਸ ਆਈ ਤਾਂ ਉਸ ਨੇ ਵੇਖਿਆ ਕਿ ਉਸ ਦੀਆਂ ਸਤੇ ਨੂੰਹਾਂ ਮਰੀਆਂ ਪਈਆਂ ਸਨ। ਧੋਬਣ ਨੇ ਹਰੇਕ ਨੂੰਹ ਦੀ ਲੋਥ ਉਤੇ ਗੰਗਾ ਜਲ ਤਰੌਂਕ ਕੇ ਉਨ੍ਹਾਂ ਨੂੰ ਮੁੜ ਸੁਰਜੀਤ ਕਰ ਦਿਤਾ।

ਕੁੱਲੂ ਵਿਚ ਸੋਮਵਤੀ ਅਮਾਵਸ ਨੂੰ ਧਰਤੀ ਮਾਤਾ ਦੀ ਵੀ ਪੂਜਾ ਕੀਤੀ ਜਾਂਦੀ ਹੈ। ਜਿਸ ਬੰਜਰ ਧਰਤੀ ਵਿਚ ਅੰਕੁਰ ਨਾ ਫੁਟੇ, ਉਥੇ ਬਕਰੇ ਦੀ ਬਲੀ ਦੇ ਕੇ ਬਕਰੇ ਦਾ ਸਿਰ ਦਬਾ ਦਿਤਾ ਜਾਂਦਾ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਉਹ ਪ੍ਰੇਤ-ਰੂਹ ਪਤਿਆਈ ਜਾਂਦੀ ਹੈ ਜੋ ਅੰਕੁਰ ਨੂੰ ਧਰਤੀ ਵਿਚੋਂ ਫੁਟਣ ਨਹੀਂ ਦੇਂਦੀ (ਗਲਾਸਰੀ 1,437)।

ਮਨੌਤ ਹੈ ਕਿ ਸਤਿਜੁਗ ਵਿਚ ਰਿਸ਼ੀ ਮੁਨੀ ਸੋਮਵਤੀ ਅਮਾਵਸ ਦੀ ਮਹਾਨਤਾ ਨੂੰ ਸਮਝਦੇ ਹੋਏ, ਵਰ੍ਹਿਆਂ ਬਧੀ ਇਹਦੀ ਉਡੀਕ ਕਰਦੇ ਰਹਿੰਦੇ, ਪਰ ਅਮਾਵਸ ਕਦੇ ਕਦਾਈਂ ਹੀ ਸੋਮਵਾਰ ਪੈਂਦੀ ਸੀ। ਰਿਸ਼ੀਆਂ ਨੇ ਅਮਾਵਸ ਨੂੰ ਸਰਾਪ ਦਿਤਾ ਕਿ ਤੂੰ ਕਲਜੁਗ ਵਿਚ ਸੋਮਵਾਰ ਨੂੰ ਆਮ ਪਿਆ ਕਰੇਂਗੀ, ਪਰ ਤੇਰੀ ਪੁੱਛ ਪ੍ਰਤੀਤ ਨਹੀਂ ਹੋਣੀ। ਸੋ ਕਲਜੁਗ ਵਿਚ ਇਸ ਦੀ ਮਹਾਨਤਾ ਕੁਝ ਘਟ ਗਈ ਹੈ, ਪਰ ਸਤਿਜੁਗ ਵਿਚ ਸੋਮਵਤੀ ਅਮਾਵਸ ਦਾ ਪੁੰਨ ਕਰਮ ਤੇ ਦਾਨ ਸਹੰਸਰ ਗੁਣਾਂ ਵਧਦਾ ਫੁਲਦਾ ਸੀ।

## (ਸ-762) **ਸੋਮਵਾਰ :**

ਸੋਮਵਾਰ ਦਾ ਨਾਮਕਰਣ ਸੋਮ (ਚੰਦਰ) ਗ੍ਰਹਿ ਤੋਂ ਹੋਇਆ ਹੈ। ਇਸ ਵਾਰ ਦਾ ਮੂਲ ਸੁਭਾਵ ਸ਼ੁਭਤਾ ਵਾਲਾ ਹੈ, ਪਰ ਕੁਝ ਵਿਸ਼ੇਸ਼ ਸਥਿਤੀਆਂ ਵਿਚ ਇਹ ਵਾਰ ਅਸ਼ੁਭ ਵੀ ਹੈ। ਸੋਮਵਾਰ ਸਫ਼ਰ ਕਰਨਾ ਫਲਦਾਇਕ ਹੈ, ਖ਼ਾਸ ਤੌਰ ਤੇ ਉਤਰ ਤੋਂ ਪਛਮ ਦਿਸ਼ਾ ਵਲ (ਅਟਕ ਗਜ਼ਟੀਅਰ, 106)। ਪਰ ਸੋਮ ਤੇ ਸਨਿਚਰ ਨੂੰ ਪੂਰਬ ਵਲ ਜਾਣਾ ਦੁਖਦਾਈ ਹੈ। ਇਸ ਭਾਵ ਦਾ ਇਕ ਅਖਾਣ — 'ਸਨਿਚਰ ਸੋਮ ਨਾ ਜਾਵੀਂ ਮਸ਼ਰਕ, ਆਦਿਤ ਜੁਮਾ ਗ਼ਰੂਬ', ਡੇਹਰਾ ਗ਼ਾਜ਼ੀ ਖ਼ਾਂ ਵਿਚ ਪ੍ਰਚਲਤ ਹੈ। ਸੋਮਵਾਰ ਦੁਧ ਪੀ ਕੇ ਘਰੋਂ ਜਾਈਏ ਤਾਂ ਸ਼ੁਭ ਹੁੰਦਾ ਹੈ। ਸੋਮਵਾਰ ਸਵੇਰ ਸਾਰ ਸ਼ੀਸ਼ਾ ਵੇਖਣ ਨਾਲ ਨੌਕਰੀ ਵਿਚ ਤਰੱਕੀ ਮਿਲਦੀ ਹੈ। ਸੋਮਵਾਰ ਸਿਰ ਦੀ ਹਜਾਮਤ ਕਰਨ ਨਾਲ ਸਤ ਮਹੀਨੇ ਉਮਰ ਵਿਚ ਵਾਧਾ ਹੁੰਦਾ ਹੈ ਅਤੇ ਨਾਖ਼ੁਨ ਕੱਟਣ ਨਾਲ ਦੁਖ ਦਲਿਦਰ ਘਟਦਾ ਹੈ। ਨਵੇਂ ਕਪੜੇ ਸੋਮਵਾਰ ਸੀਣੇ ਦੇਣ ਨਾਲ ਕਪੜੇ ਵਧੇਰਾ ਚਿਰ ਹੰਢਦੇ ਹਨ। ਸੋਮਵਾਰ ਨੂੰ ਬੁਣੀ ਮੰਜੀ ਉਤੇ ਸੌਣ ਨਾਲ ਸੁਖਾਂ ਵਿਚ ਵਾਧਾ ਹੁੰਦਾ ਹੈ — 'ਜੇ ਸੁਖ ਸੁਤਾ ਲੋੜੇ ਮੰਜੀ ਉਣੀ ਸੋਮਵਾਰ'। ਪਰ ਵਾਹੀ ਖੇਤੀ ਦੇ ਸੰਬੰਧ ਵਿਚ ਸੋਮਵਾਰ ਸ਼ੁਭ ਨਹੀਂ ਮੰਨਿਆ ਜਾਂਦਾ। ਇਸ ਲਈ ਕਿਸਾਨ ਸੋਮਵਾਰ ਹਲ ਨਹੀਂ ਵਾਹੁੰਦੇ ਅਤੇ ਨਾ ਹੀ ਬੀਜਾਈ ਨਾਲ ਸੰਬੰਧਤ ਕੋਈ ਕਾਰਜ ਕਰਦੇ ਹਨ। ਬੱਚੇ ਦੇ ਜਨਮ ਲਈ ਸੋਮਵਾਰ

ਅਸ਼ੁਭ ਮੰਨਿਆ ਜਾਂਦਾ ਹੈ। ਇਸ ਅਸ਼ੁਭਤਾ ਨੂੰ ਦੂਰ ਕਰਨ ਲਈ ਕਈ ਲੋਕ ਸੋਮਵਾਰ ਦੇ ਜੰਮੇ ਬੱਚੇ ਦੇ ਨਕ ਕੰਨ ਵਿੰਨ੍ਹ ਦਿੰਦੇ ਹਨ (ਗਲਾਸਰੀ 1,739)।

ਸੋਮਵਾਰ ਦਾ ਦਿਨ ਗੁਗੇ ਦੀ ਪੂਜਾ ਲਈ ਸ਼ੁਭ ਹੈ। ਰੋਹਤਕ ਵਿਚ ਇਸ ਦਿਨ ਗੁਗੇ ਦੀ ਉਚੇਚੀ ਪੂਜਾ ਕੀਤੀ ਜਾਂਦੀ ਹੈ।

ਸੋਮਵਾਰ ਨੂੰ ਡੇਢ ਪਹਿਰ ਮਗਰੋਂ ਸ਼ੁਭ ਸਮਾਂ ਆਰੰਭ ਹੁੰਦਾ ਹੈ। ਸੋਮਵਾਰ ਨੂੰ ਜੇ ਮਸਿਆ ਪਏ ਤਾਂ ਇਸ ਦਿਨ ਪੁੰਨ ਦਾਨ ਤੇ ਤੀਰਥ ਇਸ਼ਨਾਨ ਦਾ ਬੜਾ ਮਹਾਤਮ ਹੁੰਦਾ ਹੈ (ਵੇਖੋ : ਸੋਮਵਤੀ ਅਮਾਵਸ)।

(ਸ-763) **ਸੋਮਵਾਰ ਦਾ ਵਰਤ :**

ਸੋਮਵਾਰ ਦਾ ਵਰਤ ਸ਼ਿਵਜੀ ਪਾਰਬਤੀ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਰਖਿਆ ਜਾਂਦਾ ਹੈ। ਇਹ ਵਰਤ ਵਧੇਰੇ ਕਰ ਕੇ ਸ਼ੈਵਮਤ ਵਾਲਿਆਂ ਵਿਚ ਪ੍ਰਚਲਤ ਹੈ। ਪਰ ਦੂਜੇ ਮਤਾਂ ਵਾਲੇ ਵੀ ਸੋਮਵਾਰ ਨੂੰ ਵਰਤ ਰਖ ਲੈਂਦੇ ਹਨ। ਸੋਮਵਾਰ ਦਾ ਵਰਤ ਦੰਪਤੀ ਤੇ ਪਰਿਵਾਰਕ ਸੁਖ-ਆਨੰਦ ਦੀ ਪ੍ਰਾਪਤੀ ਲਈ ਰਖਿਆ ਜਾਂਦਾ ਹੈ। ਦੇਵਤਿਆਂ ਵਿਚ ਸ਼ੰਕਰ ਪਾਰਬਤੀ ਦੀ ਜੋੜੀ ਬੜੀ ਆਦਰਸ਼ਕ ਮੰਨੀ ਗਈ ਹੈ। ਇਸ ਲਈ ਸ਼ੰਕਰ ਪਾਰਬਤੀ ਦੀ ਪੂਜਾ ਦੁਆਰਾ ਇਸ ਦਿਨ ਵਰਤ ਰਖ ਕੇ ਦੰਪਤੀ ਜੀਵਨ ਦੇ ਸੁਖ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ।

ਸੋਮਵਾਰ ਦਾ ਵਰਤ ਚੇਤਰ, ਵਿਸਾਖ, ਸਾਵਣ, ਕੱਤਕ ਜਾਂ ਮਘਰ ਦੇ ਪਹਿਲੇ ਸੋਮਵਾਰ ਤੋਂ ਆਰੰਭ ਕਰਨਾ ਵਧੇਰੇ ਫਲਦਾਇਕ ਹੁੰਦਾ ਹੈ। ਵਰਤ ਰਖਣ ਵਾਲੇ ਕਰਮਕਾਂਡੀ ਲਈ, ਮੂੰਹ ਝਾਖਰੇ ਉਠ ਕੇ ਇਸ਼ਨਾਨ ਕਰਨਾ ਤੇ ਫਿਰ ਵਰਤ ਦਾ ਸੰਕਲਪ ਕਰਨਾ ਵਿਧਾਨ ਹੈ। ਫਿਰ ਸ਼ਿਵ ਪਾਰਬਤੀ ਦੀ ਸ਼ਰਧਾ ਅਤੇ ਭਾਵਨਾ ਨਾਲ ਸ਼ੋਡਸ ਉਪਚਾਰ ਪੂਜਾ ਕੀਤੀ ਜਾਂਦੀ ਹੈ। ਇਸ ਵਰਤ ਵਿਚ ਦਿਨ ਵੇਲੇ ਕੇਵਲ ਇਕੋ ਵਾਰ ਭੋਜਨ ਗ੍ਰਹਿਣ ਕੀਤਾ ਜਾਂਦਾ ਹੈ। ਇਹ ਵਰਤ ਹਰ ਸੋਮਵਾਰ ਨੂੰ ਚੌਦਾਂ ਵਰ੍ਹੇ ਨਿਰੰਤਰ ਰਖਣ ਨਾਲ ਮਨ ਦੀਆਂ ਸਭ ਕਾਮਨਾ ਪੂਰੀਆਂ ਹੋ ਜਾਂਦੀਆਂ ਹਨ। ਜੇ ਮਰਦ ਰਖੇ, ਤਾਂ ਉਸ ਨੂੰ ਪਤਨੀ ਦਾ ਅਥਾਹ ਪਿਆਰ ਤੇ ਪੁਤਰਾਂ ਦਾ ਸੁਖ ਮਿਲਦਾ ਹੈ; ਜੇ ਤੀਵੀਂ ਰਖੇ ਤਾਂ ਉਸ ਨੂੰ ਪਤੀ ਤੇ ਪੁਤਰਾਂ ਦਾ ਅਖੰਡ ਸੁਖ ਪ੍ਰਾਪਤ ਹੁੰਦਾ ਹੈ ਤੇ ਉਹ ਸਥਿਰ ਸੁਹਾਗਵਤੀ ਰਹਿੰਦੀ ਹੈ। ਜੇ ਸਾਲ ਭਰ ਸੋਮਵਾਰ ਦਾ ਵਰਤ ਵਿਧੀ ਪੂਰਵਕ ਰਖਿਆ ਜਾਵੇ ਤਾਂ ਘਰ ਵਿਚ ਹਮੇਸ਼ਾਂ ਸੁਖ ਸ਼ਾਂਤੀ ਵਰਤੀ ਰਹਿੰਦੀ ਹੈ।

ਸ਼ਿਵ ਪਾਰਬਤੀ ਦੀ ਪੂਜਾ ਮਗਰੋਂ ਸੋਮਵਾਰ ਦੀ ਕਥਾ ਸੁਣਨਾ ਵਿਧਾਨ ਹੈ। ਸੋਮਵਾਰ ਦੇ ਵਰਤ ਦੇ ਮਹਾਤਮ ਬਾਰੇ ਕਈ ਕਥਾਵਾਂ ਪ੍ਰਚਲਤ ਹਨ। ਇਕ ਕਥਾ ਅਨੁਸਾਰ ਪੌਰਾਣਿਕ ਕਾਲ ਵਿਚ ਇਕ ਪ੍ਰਤਾਪੀ ਰਾਜੇ ਚਿਤਰਕਰਮ ਦੇ ਘਰ ਸੰਤਾਨ ਨਹੀਂ ਸੀ ਹੁੰਦੀ। ਸ਼ਿਵ ਦੀ ਅਰਾਧਨਾ ਤੇ ਬਖ਼ਸ਼ਿਸ਼ ਸਦਕਾ ਉਸ ਦੇ ਘਰ ਇਕ ਸੁੰਦਰ ਕੰਨਿਆਂ ਜੰਮੀ, ਜਿਸ ਦਾ ਨਾਉਂ ਜੋਤਸ਼ੀਆਂ ਦੇ ਕਹਿਣ ਉਤੇ ਸੀਮਨਤਨੀ ਰਖਿਆ ਗਿਆ। ਸਾਲ ਸਮਾਂ ਲੰਘਿਆ ਤਾਂ ਇਕ ਵਿਦਵਾਨ ਜੋਤਿਸ਼ੀ ਉਸ ਨਗਰੀ ਵਿਚ ਆਇਆ। ਰਾਜੇ ਨੇ ਉਸ ਨੂੰ ਆਪਣੀ ਕੰਨਿਆਂ ਦੀ ਕੁੰਡਲੀ ਵਿਖਾਈ। ਜੋਤਿਸ਼ੀ ਨੇ ਗ੍ਰਹਿ ਵੇਖ ਕੇ ਭਵਿਖਬਾਣੀ ਕੀਤੀ ਕਿ ਉਹ ਕੰਨਿਆਂ ਚੌਦਾਂ ਸਾਲਾਂ ਦੀ ਉਮਰ ਵਿਚ ਵਿਧਵਾ ਹੋ ਜਾਵੇਗੀ। ਜਦੋਂ ਉਹ ਕੰਨਿਆਂ ਵੱਡੀ ਹੋਈ ਤਾਂ ਉਸ ਨੂੰ ਦਾਸੀਆਂ ਤੋਂ ਕਿਸੇ ਤਰ੍ਹਾਂ ਆਪਣੇ ਭਵਿਖ ਬਾਰੇ ਪਤਾ ਚਲ ਗਿਆ। ਰਾਜਕੁਮਾਰੀ ਸਦਾ ਉਦਾਸ ਰਹਿਣ ਲੱਗੀ। ਇਕ ਵਾਰ ਰਾਜਕੁਮਾਰੀ ਯਾਗਵਲਕ ਰਿਸ਼ੀ ਦੇ ਆਸ਼ਰਮ ਵਿਚ ਗਈ ਤੇ ਰਿਸ਼ੀ ਦੀ ਪਤਨੀ ਮੈਤਰੇਯੀ ਨੇ ਰਾਜਕੁਮਾਰੀ ਤੋਂ ਉਹਦੇ ਉਦਾਸ ਰਹਿਣ ਦਾ ਕਾਰਨ ਪੁਛਿਆ। ਰਾਜਕੁਮਾਰੀ ਨੇ ਜੋਤਿਸ਼ੀਆਂ ਦੀ ਭਵਿਖ ਬਾਣੀ ਦਸੀ। ਮੈਤਰੇਯੀ ਨੇ ਉਸਨੂੰ ਸੋਮਵਾਰ ਦਾ ਵਰਤ ਰਖਣ ਦਾ ਆਦੇਸ਼ ਦਿਤਾ। ਸੋ, ਰਾਜਕੁਮਾਰੀ ਨੇ ਚੇਤਰ ਦੇ ਪਹਿਲੇ ਸੋਮਵਾਰ ਤੋਂ ਵਰਤ ਰਖਣਾ ਆਰੰਭ ਦਿਤਾ।

ਜਦੋਂ ਰਾਜਕੁਮਾਰੀ ਬਾਰਾਂ ਵਰ੍ਹਿਆਂ ਦੀ ਹੋਈ ਤਾਂ ਉਸ ਦਾ ਵਿਆਹ ਰਾਜੇ ਨਲ ਦੇ ਪੋਤਰੇ ਚਿਤਰਾਂਗਦ ਨਾਲ ਹੋ ਗਿਆ। ਜਦੋਂ ਰਾਜਕੁਮਾਰੀ ਨੇ ਚੌਦਵੇਂ ਸਾਲ ਵਿਚ ਪੈਰ ਪਾਇਆ ਤਾਂ ਜੋਤਿਸ਼ੀਆਂ ਦੀ ਭਵਿਖ ਬਾਣੀ ਸੱਚੀ ਨਿਕਲੀ। ਰਾਜਕੁਮਾਰੀ ਦਾ ਪਤੀ ਰਾਜਕੁਮਾਰ ਚਿਤਰਾਂਗਦ

ਜਮਨਾ ਵਿਚ ਇਸ਼ਨਾਨ ਕਰਦਾ ਹੋਇਆ ਡੁਬ ਕੇ ਮਰ ਗਿਆ ਅਤੇ ਕਾਫ਼ੀ ਖੋਜ ਕਰਨ ਦੇ ਬਾਵਜੂਦ ਵੀ ਉਸ ਦੀ ਲਾਸ਼ ਕਿਧਰੋਂ ਨਾ ਲੱਭੀ।

ਮੈਤਰੇਯੀ ਦੇ ਕਹਿਣ ਉਤੇ ਸੀਮਨਤਨੀ ਨੇ ਸੋਮਵਾਰ ਦਾ ਵਰਤ ਜਾਰੀ ਰਖਿਆ। ਚਿਤਰਾਂਗਦ ਨਦੀ ਦੇ ਤਲ ਹੇਠਾਂ ਉਤਰਦਾ ਹੋਇਆ ਨਾਗਲੋਕ ਵਿਚ ਜਾ ਪੁੱਜਾ। ਨਾਗਲੋਕ ਦੀਆਂ ਕੰਨਿਆਵਾਂ ਉਸ ਨੂੰ ਫੜ ਕੇ ਰਾਜੇ ਤਖਸ਼ਕ ਕੋਲ ਲੈ ਗਈਆਂ। ਤਖਸ਼ਕ ਨੇ ਤਿੰਨ ਸਾਲ ਚਿਤਰਾਂਗਦ ਨੂੰ ਆਪਣੇ ਲੋਕ ਵਿਚ ਰਖਿਆ ਤੇ ਅਖੀਰ ਬੜੇ ਆਦਰ ਮਾਣ ਨਾਲ, ਕਈ ਸੁਗਾਤਾਂ ਦੇਕੇ ਉਸੇ ਥਾਂ ਪਹੁੰਚਾ ਦਿਤਾ ਜਿਥੇ ਉਹ ਡੁਬਾ ਸੀ। ਸਬੱਬ ਨਾਲ ਉਦੋਂ ਸੀਮਨਤਨੀ ਵੀ ਉਥੇ ਇਸ਼ਨਾਨ ਕਰਨ ਵਾਸਤੇ ਗਈ ਹੋਈ ਸੀ। ਦੋਹਾਂ ਨੇ ਇਕ ਦੂਜੇ ਨੂੰ ਪਛਾਣ ਲਿਆ ਅਤੇ ਬੜੇ ਪ੍ਰਸੰਨ ਹੋਏ। ਸਾਰੇ ਨਗਰ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ। ਇਹ ਸਭ ਕੁਝ ਸੋਮਵਾਰ ਦੇ ਵਰਤ ਸਦਕਾ ਹੀ ਹੋਇਆ।

ਸੋਮਵਾਰ ਦੇ ਵਰਤ ਬਾਰੇ ਕਈ ਹੋਰ ਕਥਾਵਾਂ ਵੀ ਪ੍ਰਚਲਤ ਹਨ।

(ਸ-764) **ਸੋਰਠ ਬੀਜਾ** :

(ਵੇਖੋ : ਬੀਜਾ)।

(ਸ-765) **ਸੋਲਹਾ** :

ਇਕ ਕਾਵਿ ਰੂਪ; (ਵੇਖੋ : ਸੋਹਿਲਾ)।

(ਸ-766) **ਸੋਲਾਂ** :

ਇਕ ਪ੍ਰਸਿਧ ਅੰਕ-ਰੂੜ੍ਹੀ ਜਿਸ ਨਾਲ ਕਈ ਤਰ੍ਹਾਂ ਦੀਆਂ ਭਾਵਨਾਵਾਂ, ਮਨੌਤਾਂ ਤੇ ਵਿਚਾਰ ਜੁੜੇ ਹੋਏ ਹਨ। ਇਹ ਰੂੜ੍ਹੀ ਪੂਰਨਤਾ ਦਾ ਪ੍ਰਤੀਕ ਹੈ ਤੇ ਇਸ ਦਾ ਮੁੱਢ ਚੰਦਰਮੇ ਦੀਆਂ ਸੋਲਾਂ ਕਲਾਵਾਂ ਤੋਂ ਬਝਿਆ। ਚੰਦਰਮੇ ਦੀਆਂ ਸੋਲਾਂ ਕਲਾਵਾਂ ਦੇ ਭਿੰਨ ਭਿੰਨ ਨਾਉਂ, ਸੁਭਾਵ ਤੇ ਫਲ ਹਿੰਦੂ ਗ੍ਰੰਥਾਂ ਵਿਚ ਮਿਲਦੇ ਹਨ। ਈਸ਼ਵਰ ਦੀ ਦੈਵੀ ਸ਼ਕਤੀ ਦੀਆਂ ਵੀ ਸੋਲਾਂ ਕਲਾ ਮੰਨੀਆਂ ਗਈਆਂ ਹਨ। ਇਹ ਕਲਾਵਾਂ ਜਿਤਨੀਆਂ ਜ਼ਿਆਦਾ ਮਾਤ੍ਰਾ ਵਿਚ ਕਿਸੇ ਅਵਤਾਰ ਵਿਚ ਹੋਣ ਉਤਨਾ ਹੀ ਉਹ ਵਧੇਰੇ ਗੌਰਵ ਵਾਲਾ ਮੰਨਿਆ ਜਾਂਦਾ ਹੈ ਅਤੇ ਸੋਲਾਂ ਕਲਾ ਧਾਰਨ ਵਾਲਾ ਮਹਾਂਪੁਰਸ਼ ਸੰਪੂਰਣ ਅਵਤਾਰ ਹੁੰਦਾ ਹੈ। ਸੋਲਾਂ ਦਾ ਅੰਕ ਪੂਰਨਤਾ ਦਾ ਬੋਧਿਕ ਹੈ। ਹਿੰਦੂ ਸ਼ਾਸਤ੍ਰਾਂ ਵਿਚ ਪੂਜਾ ਦੇ ਸੋਲਾਂ (ਸ਼ੋਡਸ) ਉਪਚਾਰ ਮੰਨੇ ਗਏ ਹਨ, ਜਿਨ੍ਹਾਂ ਤੋਂ ਬਗ਼ੈਰ ਪੂਜਾ ਸੰਪੂਰਨ ਨਹੀਂ ਮੰਨੀ ਜਾਂਦੀ। ਪੂਜਾ ਵਰਤ ਵੇਲੇ ਸੋਲਾਂ ਗੰਢਾਂ ਵਾਲਾ ਧਾਗਾ ਸੋਲਾਂ ਉਪਚਾਰਾਂ ਦੇ ਪ੍ਰਤੀਕ ਵਜੋਂ ਬੰਨ੍ਹ ਲਿਆ ਜਾਂਦਾ ਹੈ –

ਸੋਹਲੀਂ ਗੰਢੀਂ, ਸੋਹਲੀਂ ਤੰਦੀਂ, ਧਾਗਾ ਬਧਾ,
ਮੁਣਸ, ਪੁਤਰ ਨਵਾਊਂ ਲਭਾ।
ਆਣੀ ਆਣੀ, ਸੋਨੇ ਦੀ ਚਾਟੀ,
ਰੁਪੇ ਦੀ ਮਧਾਣੀ,
ਮੈਨੂੰ ਤੁਠੀ ਮਾਂ ਲਛਮੀ ਰਾਣੀ।

ਸਰੀਰ ਦੀ ਸ਼ੋਭਾ ਵਧਾਉਣ ਲਈ ਸੋਲਾਂ ਸ਼ਿੰਗਾਰ ਕੀਤੇ ਜਾਂਦੇ ਹਨ (ਵੇਖੋ : ਸੋਲਾਂ ਸ਼ਿੰਗਾਰ)।

(ਸ-767) **ਸੋਲਾਂ ਸ਼ਿੰਗਾਰ** :

ਸੋਲਾਂ ਸ਼ਿੰਗਾਰ ਸੰਪੂਰਨ ਸ਼ਿੰਗਾਰ ਦਾ ਬੋਧਿਕ ਹੈ। ਜਦੋਂ ਚੰਨ ਦੀਆਂ ਸੋਲਾਂ ਕਲਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਉਹ ਭਰਪੂਰ ਜੋਬਨ ਨਾਲ ਵਿਚਰਦਾ ਹੈ। ਇਸੇ ਤਰ੍ਹਾਂ ਸੋਲਾਂ ਸ਼ਿੰਗਾਰ ਔਰਤ ਦੇ ਰੂਪ ਨੂੰ ਪੂਰੀ ਤਰ੍ਹਾਂ ਨਿਖਾਰਦੇ ਹਨ। ਸੋਲਾਂ ਸ਼ਿੰਗਾਰ ਵਿਚ ਪੈਰਾਂ ਦੇ ਨਹੁੰਆਂ ਤੋਂ ਲੈ ਕੇ ਸਿਰ ਦੇ ਵਾਲਾਂ ਤਕ, ਸਭ ਅੰਗਾਂ ਦੀ ਸਜਾਵਟ ਆ ਜਾਂਦੀ ਹੈ। ਇਹ ਸੋਲਾਂ ਅੰਗ ਇਸ ਪ੍ਰਕਾਰ ਹਨ —

(1) ਸਰੀਰ ਉਤੇ ਵਟਣਾ ਮਲਣਾ, (2) ਇਸ਼ਨਾਨ ਕਰਨਾ, (3) ਸੁੰਦਰ ਕਪੜੇ ਪਹਿਨਣਾ, (4) ਵਾਲਾਂ ਨੂੰ ਸੰਵਾਰਨਾ ਸ਼ਿੰਗਾਰਨਾ, (5) ਅੱਖਾਂ ਵਿਚ ਕਜਲਾ ਪਾਉਣਾ, (6) ਮਾਂਗ ਵਿਚ ਸੰਧੂਰ ਭਰਨਾ, (7) ਮੱਥੇ ਉਤੇ ਬਿੰਦੀ ਲਗਾਣੀ, (8) ਮੂੰਹ ਉਤੇ ਤਿਲ ਦਾ ਨਿਸ਼ਾਨ ਉਕਰਨਾ, (9) ਹੱਥਾਂ ਪੈਰਾਂ ਉਤੇ ਮਹਿੰਦੀ ਲਗਾਣੀ, (10) ਸਰੀਰ ਉਤੇ ਸੁਗੰਧੀ ਛਿੜਕਣੀ, (11) ਗਹਿਣੇ ਪਾਉਣੇ, (12) ਗਲ ਵਿਚ ਹਾਰ ਪਹਿਨਣੇ, (13) ਪਾਨ ਦਾ ਬੀੜਾ ਚਬਣਾ, (14) ਮਿਸੀ ਲਾਉਣਾ, (15) ਪੈਰਾਂ ਤੇ ਮਹਾਵਰ ਲਾਉਣਾ, (16) ਬੀਰੀ ਪਾਉਣਾ।

(ਸ-768) **ਸੌ** :

ਇਕ ਅੰਕ ਰੂੜ੍ਹੀ; ਭਾਰਤੀ ਚਿੰਤਨ ਅਨੁਸਾਰ ਜਿਸ ਅੰਕ ਦੇ ਨਾਲ ਸੁੰਨਯ ਅਥਵਾ ਬਿੰਦੀ ਲੱਗ ਜਾਵੇ, ਉਹ ਸ਼ੁਭ ਤੇ ਕਲਿਆਣੀ ਨਹੀਂ ਰਹਿੰਦੀ। ਇਸ ਲਈ ਸੁੰਨਯ ਨਾਲ ਏਕਾ ਲਗਾ ਕੇ ਉਸ ਦੀ ਮਹਾਨਤਾ ਵਧਾਈ ਜਾਂਦੀ ਹੈ। ਜਿਵੇਂ ੧੧, ੧੦੧, ੧੦੦੧ ਆਦਿ। ਇਸ ਲਈ ਸੌ ਦੀ ਅੰਕ-ਰੂੜ੍ਹੀ ਹਿੰਦੂ ਸੰਸਕ੍ਰਿਤੀ ਵਿਚ ਕੋਈ ਰਹੱਸਮਈ ਮਹੱਤਤਾ ਨਹੀਂ ਰਖਦੀ। ਫਿਰ ਵੀ ਇਹ ਅੰਕ-ਰੂੜ੍ਹੀ ਕਾਫ਼ੀ ਪ੍ਰਚਲਤ ਹੈ। ਸੌ ਦੀ ਅੰਕ-ਰੂੜ੍ਹੀ ਮੁਸਲਮਾਨਾਂ ਵਿਚ ਵਿਸ਼ੇਸ਼ ਮਹਾਨਤਾ ਰਖਦੀ ਹੈ ਕਿਉਂ ਜੋ ਇਸਲਾਮੀ ਮਤ ਅਨੁਸਾਰ ਅੱਲਾ ਦੇ ਇਕ ਸੌ ਸਿਫ਼ਾਤੀ ਨਾਉਂ ਹਨ। ਮੁਸਲਮਾਨਾਂ ਵਿਚ ਤਸਬੀਹ ਦੇ ਸੌ ਛੋਟੇ ਮਣਕੇ ਅਤੇ ਇਕ ਵੱਡਾ ਮਣਕਾ 'ਇਮਾਮ' ਹੁੰਦਾ ਹੈ। ਇਨ੍ਹਾਂ ਸੌ ਮਣਕਿਆਂ ਦੇ ਨਾਲ ਅੱਲਾ ਦੇ ਸੌ ਸਿਫ਼ਾਤੀ ਨਾਵਾਂ ਦਾ ਜਾਪ ਕੀਤਾ ਜਾਂਦਾ ਹੈ।

ਸਿੱਖਾਂ ਵਿਚ ਸੌ ਦੀ ਰੂੜ੍ਹੀ ਕੇਵਲ ਸਾਖੀਆਂ ਦੇ ਸਬੰਧ ਵਿਚ ਆਈ ਹੈ। 'ਸੌ ਸਾਖੀ' ਵਿਚ ਭਾਵੇਂ ਸਾਖੀਆਂ ਸੌ ਤੋਂ ਉਪਰ ਹਨ, ਪਰ ਇਸ ਦਾ ਇਹੋ ਨਾਂ ਪ੍ਰਚਲਿਤ ਹੋਇਆ ਹੈ। ਧਾਰਨਾ ਹੈ ਕਿ ਇਸ ਗ੍ਰੰਥ ਵਿਚ ਪਹਿਲਾਂ ਪੰਜ ਸੌ ਸਾਖੀਆਂ ਸਨ, ਜੋ ਪੰਜ ਸਿੱਖਾਂ ਤੋਂ ਸੌ ਸੌ ਕਰਕੇ ਸੁਣੀਆਂ ਗਈਆਂ। ਇਹ ਗਲ ਪ੍ਰਚਲਤ ਸੌ ਸਾਖੀ ਦੀ 93ਵੀਂ ਸਾਖੀ ਵਿਚ ਦਰਜ ਹੈ। ਇਸੇ ਕਾਰਨ ਇਸ ਗ੍ਰੰਥ ਦਾ ਨਾਂ ਸੌ ਸਾਖੀ ਪ੍ਰਚਲਤ ਹੋਇਆ ਜਾਪਦਾ ਹੈ।

ਸੰਸਕ੍ਰਿਤ ਵਿਚ ਕਈ ਸ਼ਤਕ ਲਿਖੇ ਮਿਲਦੇ ਹਨ, ਜਿਨ੍ਹਾਂ ਵਿਚੋਂ ਸੌ ਦੀ ਅੰਕ-ਰੂੜ੍ਹੀ ਨੂੰ ਮਹਾਨਤਾ ਪ੍ਰਾਪਤ ਹੈ। ਸੰਸਕ੍ਰਿਤ ਵਿਚ ਕਾਲੀ ਦਾਸ ਕ੍ਰਿਤ 'ਸ਼ਤ ਮੂਢਾ' ਗ੍ਰੰਥ ਮਿਲਦਾ ਹੈ, ਜਿਸ ਵਿਚ ਸੌ ਪ੍ਰਕਾਰ ਦੇ ਮੂਰਖ ਗਿਣਾਏ ਗਏ ਹਨ। ਇਸ ਗ੍ਰੰਥ ਦਾ ਅਨੁਵਾਦ ਪੰਜਾਬੀ ਵਿਚ ਵੀ ਹੋਇਆ ਹੈ —

ਦੋ ਬਾਤਾਂ ਕਰਦਿਆਂ ਵਿਚ ਜਾਵੇ,
ਬਿਨਾਂ ਪੁਛੇ ਆਪਣੀ ਬਾਤ ਚਲਾਵੇ,
ਰਸਤੇ ਜਾਂਦਾ ਕੁਝ ਕੁਝ ਖਾਵੇ,
ਬ੍ਰਿਧ ਪੁਰਖ ਨੂੰ ਧੀ ਪਰਣਾਵੇ,
ਕਰਜ਼ਾ ਲੈ ਕੇ ਘਰ ਬਣਵਾਵੇ,
ਵਿਤੋਂ ਵਧੇਰ ਖ਼ਰਚ ਵਧਾਵੇ। ਆਦਿ, ਆਦਿ

ਕਿਸਮ ਦੇ ਸੌ ਮੂਰਖ ਗਿਣਾਏ ਗਏ ਹਨ।

ਅਖਾਣਾਂ ਵਿਚ ਸੌ ਦੀ ਅੰਕ-ਰੂੜ੍ਹੀ ਦੀ ਵਰਤੋਂ ਵੀ ਬਾਰ ਬਾਰ ਮਿਲਦੀ ਹੈ, ਜਿਵੇਂ 'ਸੌ ਸਿਆਣੇ ਇਕੋ ਮਤ, ਮੂਰਖ ਆਪੋ ਆਪਣੀ'; 'ਸੌ ਸੁਨਿਆਰ ਦੀ, ਇਕ ਲੁਹਾਰ ਦੀ'; 'ਸੌ ਦਿਨ ਚੋਰ ਦਾ, ਇਕ ਦਿਨ ਸਾਧ ਦਾ'; 'ਸੌ ਹੱਥ ਰਸਾ, ਸਿਰੇ ਤੇ ਗੰਢ'; ਵਿਚ ਸੌ ਪਦ ਇਕ ਸਮੂੰਹ ਜਾਂ ਘਾਲਣਾ ਦਾ ਪ੍ਰਤੀਕ ਬਣ ਗਿਆ ਹੈ। ਪਰ ਸੌ ਅੰਕ ਕਿਧਰੇ ਵੀ ਰਹੱਸਮਈ ਨਹੀਂ। ਰਹੱਸਮਈ ਅੰਕ ੧੦੧ ਜਾਂ ੧੦੮ ਹੈ।

(ਸ-769) **ਸੌਂਹ** :

(ਵੇਖੋ : ਕਸਮ)।

(ਸ-770) **ਸੌਂਕਣ** :

ਪੰਜਾਬੀ ਲੋਕਧਾਰਾ ਵਿਚ ਸੌਂਕਣਾਂ ਬਾਰੇ ਕਾਫ਼ੀ ਸਾਰੀ ਸਾਮਗਰੀ ਮਿਲਦੀ ਹੈ। ਸੌਂਕਣਾਂ ਦਾ ਸਾੜਾ ਕਹਾਵਤ ਹੈ ਤੇ ਪੰਜਾਬੀ ਦੇ ਅਨੇਕਾਂ ਅਖਾਣ, ਲੋਕ-ਕਥਾਵਾਂ ਅਤੇ ਗੀਤ ਸੌਂਕਣਾਂ ਦੇ ਆਪਸੀ ਵੈਰ, ਈਰਖਾ ਤੇ ਸਾੜੇ ਨਾਲ ਸੰਬੰਧਿਤ ਹਨ।

ਅਖਾਣਿਕ ਵਿਚਾਰਧਾਰਾ ਅਨੁਸਾਰ ਸੌਂਕਣਾਂ ਵਿਚ ਇਤਨਾ ਜ਼ਿਆਦਾ ਸਾੜਾ ਹੁੰਦਾ ਹੈ ਕਿ ਭਾਵੇਂ ਆਪਣਾ ਪੇਟ ਹੀ ਪਾਟ ਜਾਵੇ, ਪਰ ਸੌਂਕਣ ਨਾਲੋਂ ਵਧ ਖਾਣਾ ਹੈ — 'ਸੌਂਕਣ ਦੇ ਸੁਕਾਧੇ ਸਤ ਢੋਡੇ ਖਾਧੇ।' ਇਕ ਹੋਰ ਅਖਾਣ ਵਿਚ ਦੋ ਰੰਨਾਂ ਦੇ ਪਤੀ ਦੀ ਤੁਲਨਾ ਦੋ ਕੁੱਤਿਆਂ ਵਿਚ ਸੂਰ ਨਾਲ ਕੀਤੀ ਗਈ ਹੈ — 'ਦੋ ਰੰਨਾਂ ਦਾ ਵੰਣੜਾ ਜਿਵੇਂ ਦੋ ਕੁੱਤਿਆਂ ਵਿਚ ਸੂਰ।' ਕਿਉਂ ਜੋ ਸੌਂਕਣਾਂ ਆਪਣੇ ਮਰਦ ਦੀ ਬੜੀ ਦੁਰਗਤੀ ਕਰਦੀਆਂ ਹਨ।

ਸੌਂਕਣਾਂ ਦੇ ਆਪਸੀ ਸਾੜੇ ਬਾਰੇ ਕੁਝ ਕਥਾਵਾਂ ਵੀ ਪ੍ਰਚਲਤ ਹਨ। ਇਕ ਮਰਦ, ਜਿਸਦੇ ਸਿਰ ਦੇ ਵਾਲ ਅੱਧੇ ਕੁ ਚਿੱਟੇ ਤੇ ਅੱਧੇ ਕੁ ਕਾਲੇ ਸਨ, ਨੇ ਦੋ ਵਿਆਹ ਕੀਤੇ ਹੋਏ ਸਨ। ਉਸ ਦੀ ਪਹਿਲੀ ਵਹੁਟੀ ਅੱਧਖੜ ਉਮਰ ਦੀ ਸੀ ਤੇ ਦੂਜੀ ਜਵਾਨ। ਜਦੋਂ ਉਹ ਮਰਦ ਆਪਣੀ ਪਹਿਲੀ ਪਤਨੀ ਕੋਲ ਬੈਠਦਾ ਤਾਂ ਉਹ ਉਸ ਦੇ ਸਿਰ ਦੇ ਕਾਲੇ ਵਾਲ ਚੁਣ ਚੁਣ ਕੇ ਖਿਚਦੀ ਰਹਿੰਦੀ, ਤਾਂ ਜੋ ਚਿੱਟੇ ਵਾਲਾਂ ਦੀ ਬਹੁਲਤਾ ਸਦਕਾ ਉਸਦਾ ਪਤੀ ਉਹਦਾ ਹਾਣੀ ਜਾਪੇ।ਪਰ ਜਦੋਂ ਉਹ ਮਰਦ ਆਪਣੀ ਜਵਾਨ

ਵਹੁਟੀ ਕੋਲ ਬੈਠਦਾ ਤਾਂ ਉਹ ਉਸ ਦੇ ਸਿਰ ਦੇ ਚਿੱਟੇ ਵਾਲ ਚੁਣ ਚੁਣ ਕੇ ਕਢਦੀ ਰਹਿੰਦੀ, ਤਾਂ ਜੋ ਉਸ ਦੇ ਸਿਰ ਵਿਚ ਕਾਲੇ ਵਾਲੇ ਬਹੁਤੇ ਲੱਗਣ ਅਤੇ ਉਹ ਮਰਦ ਉਸ ਦਾ ਹਾਣੀ ਜਾਪੇ। ਇਸ ਤਰ੍ਹਾਂ ਇਕ ਦਿਨ ਉਸ ਮਰਦ ਦਾ ਸਾਰਾ ਸਿਰ ਬਿਲਕੁਲ ਗੰਜਾ ਹੋ ਗਿਆ।

ਮੋਈ ਸੌਂਕਣ ਜੀਊਂਦੀ ਨਾਲੋਂ ਵੀ ਦੁਖਦਾਈ ਸਮਝੀ ਜਾਂਦੀ ਹੈ। ਇਸ ਸੰਬੰਧ ਵਿਚ ਕਈ ਤਰ੍ਹਾਂ ਦੇ ਭਰਮ ਵਹਿਮ ਲੋਕਾਂ ਵਿਚ ਪ੍ਰਚਲਤ ਹਨ। ਮੋਈ ਸੌਂਕਣ ਦੇ ਪ੍ਰੇਤ ਨੂੰ ਸੰਤੁਸ਼ਟ ਰਖਣ ਅਤੇ ਪਤਿਆਉਣ ਲਈ ਕਈ, ਵਿਧੀਆਂ ਤੇ ਰਹਿਤਾਂ ਪ੍ਰਚਲਤ ਹਨ, ਜਿਵੇਂ ਮੋਈ ਸੌਂਕਣ ਦੇ ਰਾਹ ਨਹੀਂ ਮੈਲੇ ਕੀਤੇ ਜਾਂਦੇ। ਜਿਸ ਰਾਹ ਉਤੋਂ ਜਾਂ ਘਰ ਦੇ ਬੂਹੇ ਵਿਚੋਂ ਪਹਿਲੀ ਪਤਨੀ ਦੀ ਡੋਲੀ ਲੰਘੀ ਹੋਵੇ, ਉਸੇ ਦਰ ਤੋਂ ਦੂਜੇ ਦੀ ਨਹੀਂ ਲੰਘਾਈ ਜਾਂਦੀ। ਕਈ ਵਹਿਮੀ ਲੋਕ ਤਾਂ ਦੂਜੀ ਪਤਨੀ ਗੁਆਂਢੀਆਂ ਦੇ ਘਰ ਦੀ ਕੰਧ ਜਾਂ ਕੋਠਾ ਟਪਾ ਕੇ ਘਰ ਲਿਆਂਦੇ ਹਨ। ਜੋ ਗਹਿਣੇ, ਕਪੜੇ, ਵਸਤਾਂ ਪਹਿਲੀ ਨੂੰ ਢੋਏ ਜਾਂਦੇ ਹਨ, ਉਸ ਤਰ੍ਹਾਂ ਦੇ ਗਹਿਣੇ ਤੇ ਕਪੜੇ ਆਦਿ ਦੂਜੀ ਨੂੰ ਨਹੀਂ ਦਿਤੇ ਜਾਂਦੇ। ਸੌਂਕਣ ਨੂੰ ਪਤਿਆਣ ਲਈ ਜਾਂ ਉਸ ਦੀ ਕਰੋਪੀ ਤੋਂ ਬਚਣ ਲਈ ਤਿੰਨ ਉਪਾਅ ਵਿਸ਼ੇਸ਼ ਹਨ :—

(ੳ) **ਸੌਂਕਣ ਸਿਲ** : ਸੌਂਕਣ ਦੀ ਸ਼ਕਲ ਦਾ ਬੁਤ ਬਣਾ ਕੇ ਘਰ ਦੀ ਕਿਸੇ ਨੁਕਰੇ ਜਾਂ ਪਿੰਡੋਂ ਬਾਹਰ ਕਿਸੇ ਛੱਪੜ ਲਾਗੇ ਜਾਂ ਦਰੱਖ਼ਤ ਹੇਠਾਂ ਸਥਾਪਿਤ ਕਰ ਦਿਤਾ ਜਾਂਦਾ ਹੈ ਅਤੇ ਸਮੇਂ ਸਮੇਂ, ਖ਼ਾਸ ਤੌਰ ਉਤੇ ਮੰਗਲ ਕਾਰਜਾਂ ਵੇਲੇ, ਉਸ ਨੂੰ ਪਤਿਆਇਆ ਜਾਂਦਾ ਹੈ, ਤਾਂ ਜੋ ਸੌਂਕਣ ਦਾ ਪ੍ਰੇਤ ਕੀਨੇ ਜਾਂ ਸਾੜੇ ਵਸ ਹੋ ਕੇ ਕੋਈ ਹਾਨੀ ਨਾ ਪਹੁੰਚਾਵੇ। ਜੇ ਇਹ ਸਿਲ ਘਰ ਵਿਚ ਰਖੀ ਹੋਵੇ ਤਾਂ ਹਾਰ-ਸ਼ਿੰਗਾਰ ਕਰਨ ਤੋਂ ਪਹਿਲਾਂ ਸੌਂਕਣ ਸਿਲ ਨੂੰ ਵੀ ਸੁਰਮੇ ਮਹਿੰਦੀ ਨਾਲ ਸ਼ਿੰਗਾਰਿਆ ਜਾਂਦਾ ਹੈ।

(ਅ) **ਸੌਂਕਣ ਮੋਹਰਾ** : ਪਹਿਲੀ ਪਤਨੀ ਦੀ ਮ੍ਰਿਤੂ ਪਿਛੋਂ ਜੇ ਕੋਈ ਸ਼ਖ਼ਸ ਦੂਜਾ ਵਿਆਹ ਕਰਵਾ ਲਏ, ਤਾਂ ਉਸ ਦੀ ਦੂਜੀ ਪਤਨੀ ਆਪਣੇ ਗਲੇ ਵਿਚ ਇਕ ਤਵੀਤ ਧਾਰਨ ਕਰਦੀ ਹੈ, ਜਿਸ ਉਤੇ ਉਸ ਦੀ ਸੌਂਕਣ ਦਾ ਬਿੰਬ ਉਕਰਿਆ ਹੁੰਦਾ ਹੈ। ਇਸੇ ਨੂੰ ਸੌਂਕਣ ਮੋਹਰਾ ਆਖਦੇ ਹਨ। ਜਦੋਂ ਵੀ ਦੂਜੀ ਪਤਨੀ ਨੂੰ ਕਿਧਰੋਂ, ਪੇਕਿਆਂ ਜਾਂ ਸਹੁਰਿਆਂ ਤੋਂ ਕੋਈ ਸੁਗਾਤ ਮਿਲਦੀ ਹੈ ਜਾਂ ਉਹ ਨਵੇਂ ਵਸਤਰ, ਗਹਿਣੇ ਆਦਿ ਖ਼ਰੀਦਦੀ ਹੈ ਤਾਂ ਉਹ ਪਹਿਲਾਂ ਉਹ ਚੀਜ਼-ਵਸਤ ਸੌਂਕਣ ਮੋਹਰੇ ਨੂੰ ਛੁਹਾਂਦੀ ਹੈ ਤੇ ਫਿਰ ਉਸ ਨੂੰ ਖ਼ੁਦ ਵਰਤਦੀ ਪਹਿਨਦੀ ਹੈ। ਇਸੇ ਤਰ੍ਹਾਂ ਘਰ ਵਿਚ ਬਣਾਏ ਗਏ ਖਾਣ ਪੀਣ ਦੇ ਚੰਗੇ ਪਦਾਰਥ ਜਾਂ ਉਹ ਪਦਾਰਥ ਜੋ ਮੋਈ ਸੌਂਕਣ ਨੂੰ ਵਿਸ਼ੇਸ਼ ਤੌਰ 'ਤੇ ਪਸੰਦ ਸਨ, ਜੇ ਕਦੇ ਬਣਾਏ ਜਾਣ ਤਾਂ ਪਹਿਲਾਂ ਸੌਂਕਣ ਮੋਹਰੇ ਨੂੰ ਭੋਗ ਲਵਾਇਆ ਜਾਂਦਾ ਹੈ, ਤਾਂ ਜੋ ਮੋਈ ਸੌਂਕਣ ਦੇ ਪ੍ਰੇਤ ਨੂੰ ਈਰਖਾ ਨਾ ਹੋਵੇ ਅਤੇ ਉਹ ਕੋਈ ਨੁਕਸਾਨ ਨਾ ਪਹੁੰਚਾਵੇ। ਮੁਸਲਮਾਨਾਂ ਵਿਚ ਵੀ ਸੌਂਕਣ ਮੋਹਰਾ ਪਹਿਨਣ ਦੀ ਪ੍ਰਥਾ ਹੈ। ਈਦ ਦੇ ਦਿਨ ਨਵੇਂ ਕਪੜੇ ਪਹਿਨਣ ਤੋਂ ਪਹਿਲਾਂ ਉਹ ਸੌਂਕਣ ਮੋਹਰੇ ਨੂੰ ਛੁਹਾ ਲੈਂਦੀਆਂ ਹਨ। ਕਈ ਮੁਸਲਮਾਨੀਆਂ ਤਾਂ ਸੌਂਕਣ ਦੀ ਕਬਰ ਉਪਰ ਜਾ ਕੇ ਦੁਧ ਘਿਉ ਤੇ ਫਲ ਆਦਿ ਭੇਟ ਕਰ ਆਉਂਦੀਆਂ ਹਨ। ਧਾਰਨਾ ਹੈ ਕਿ ਸੌਂਕਣ ਮੋਹਰੇ ਵਲੋਂ ਲਾਪਰਵਾਹੀ ਵਰਤਣ ਵਾਲੀ ਤੀਵੀਂ ਦੁਖ ਦਲਿਦਰ ਵਿਚ ਗ੍ਰਸੀ ਰਹਿੰਦੀ ਹੈ।

(ੲ) **ਸੌਂਕਣ ਪੰਖੀ** : ਮੋਈ ਹੋਈ ਸੌਂਕਣ ਪ੍ਰੇਤ ਦੀ ਈਰਖਾ ਤੇ ਕਰੋਪੀ ਤੋਂ ਬਚਣ ਲਈ ਇਕ ਵਚਿਤ੍ਰ ਉਪਾਅ ਪ੍ਰਚਲਤ ਹੈ। ਜਦੋਂ ਕਿਸੇ ਸ਼ਖ਼ਸ ਦੀ ਪਹਿਲੀ ਪਤਨੀ ਮਰ ਜਾਂਦੀ ਹੈ ਤਾਂ ਉਹ ਨਵੀਂ ਸ਼ਾਦੀ ਕਰਨ ਤੋਂ ਪਹਿਲਾਂ ਆਪਣੇ ਕਿਸੇ ਨਿਕਟ ਵਰਤੀ ਨੂੰ ਕੋਈ ਮਾਦਾ ਪੰਛੀ, ਚਿੜੀ ਜਾਂ ਲਾਲੀ ਆਦਿ ਪਾਲਣ ਲਈ ਕਹਿੰਦਾ ਹੈ, ਜਿਸ ਨੂੰ ਉਹ ਸ਼ਖ਼ਸ ਧੀ ਸਮਝ ਕੇ ਕੁਝ ਦਿਨ ਪਾਲਦਾ ਹੈ। ਫਿਰ ਰੰਡਾ ਆਦਮੀ ਪੂਰਨ ਵਿਧੀ ਨਾਲ ਵਰੀ ਸੂਹੀ ਅਤੇ ਗਹਿਣੇ ਆਦਿ ਢੋ ਕੇ, ਉਸ ਪੰਛੀ ਨਾਲ 'ਢੋਂਗ ਵਿਆਹ' ਰਚਾਂਦਾ ਹੈ। ਵਿਆਹ ਮਗਰੋਂ ਉਸ ਪੰਛੀ ਨੂੰ ਛੱਡ ਦਿਤਾ ਜਾਂਦਾ ਹੈ। ਇਸ ਤਰ੍ਹਾਂ ਨਿਸਚੇ ਅਨੁਸਾਰ ਮੋਈ ਸੌਂਕਣ ਦਾ ਪ੍ਰੇਤ ਉਸ ਪੰਛੀ ਦੇ ਖਹਿੜੇ ਪਿਆ ਰਹਿੰਦਾ ਹੈ (ਵੇਖੋ : ਢੋਂਗ ਵਿਆਹ)।

(ਸ-771) **ਸੌਂਚੀ :**

ਪੰਜਾਬੀਆਂ ਦੀ ਇਕ ਪ੍ਰਸਿਧ ਖੇਡ; ਪੂਰਬੀ ਅਤੇ ਪੱਛਮੀ ਪੰਜਾਬ ਦੀ ਸੌਂਚੀ ਵਿਚ ਕਾਫ਼ੀ ਫ਼ਰਕ ਹੈ। ਪੂਰਬੀ ਪੰਜਾਬ ਵਿਚ ਇਹ ਖੇਡ ਬਾਕਸਿੰਗ ਨਾਲ ਕਾਫ਼ੀ ਸਾਰੀ ਮੇਲ ਖਾਂਦੀ ਹੈ। ਖਿਡਾਰੀ ਦੋ ਧਿਰਾਂ ਬਣਾ ਲੈਂਦੇ ਹਨ ਤੇ ਫਿਰ ਹਰ ਧਿਰ ਵਿਚੋਂ ਇਕ ਇਕ ਖਿਡਾਰੀ ਨਿਤਰ ਕੇ ਦੂ-ਬ-ਦੂ ਖੇਡਦੇ ਹਨ। ਇਕ ਪਾਸੇ ਦਾ ਕੋਈ ਖਿਡਾਰੀ ਦੂਜੇ ਪਾਸੇ ਦੇ ਖਿਡਾਰੀ ਦੀ ਛਾਤੀ ਉਤੇ ਜ਼ੋਰ ਨਾਲ ਧੱਫਾ ਮਾਰ ਕੇ ਵਾਪਸ ਨੱਠਣ ਦੀ ਕਰਦਾ ਹੈ। ਅੱਗੋਂ ਦੂਜੀ ਧਿਰ ਦਾ ਵਿਰੋਧੀ ਉਸ ਦੀ ਬਾਂਹ ਫੜ ਕੇ ਉਸ ਨੂੰ ਰੋਕਦਾ ਹੈ। ਦੋਹਾਂ ਵਿਚ ਜ਼ੋਰ ਅਜ਼ਮਾਈ ਹੁੰਦੀ ਹੈ। ਪੱਕੀ ਸੌਂਚੀ ਵਿਚ ਜ਼ਰੂਰੀ ਹੈ ਕਿ ਧੱਫਾ ਕੇਵਲ ਛਾਤੀ ਉਤੇ ਹੀ ਮਾਰਿਆ ਜਾਵੇ ਤੇ ਅੱਗੋਂ ਵਿਰੋਧੀ ਖਿਡਾਰੀ ਕੇਵਲ ਉਸ ਨੂੰ ਬਾਂਹ ਤੋਂ ਹੀ ਪਕੜੇ। ਪਰ ਕੱਚੀ ਸੌਂਚੀ ਵਿਚ ਪੂਰੀ ਖੁਲ੍ਹ ਹੈ, ਧੱਫਾ ਮਾਰਨ ਦੀ ਵੀ ਅਤੇ ਮਨਮਰਜ਼ੀ ਨਾਲ ਜਿਥੋਂ ਚਾਹੋ ਪਕੜਨ ਦੀ ਵੀ। ਇਸ ਖੇਡ ਵਿਚ ਮਾਲੀ ਉਸ ਸ਼ਖ਼ਸ ਦੀ ਹੁੰਦੀ ਹੈ, ਜਿਹੜਾ ਬਾਂਹ ਛੁਡਾ ਕੇ ਆਪਣੇ ਪਿੜ ਵਿਚ ਵਾਪਸ ਜਾ ਪਹੁੰਚਦਾ ਹੈ। ਕਈ ਥਾਈਂ ਛਾਤੀ ਉਪਰ ਤਿੰਨ ਧੱਫੇ ਮਾਰਨੇ ਅਤੇ ਬਿਨਾਂ ਪਕੜਾਈ ਦੇ ਆਪਣੇ ਪਿੜ ਵਿਚ ਵਾਪਿਸ ਆਉਣਾ ਜ਼ਰੂਰੀ ਹੁੰਦਾ ਹੈ।

ਪੱਛਮੀ ਪੰਜਾਬ ਵਿਚ ਸੌਂਚੀ ਪੱਕੀ ਹੋਰ ਤਰ੍ਹਾਂ ਖੇਡੀ ਜਾਂਦੀ ਹੈ ਤੇ ਇਸ ਨੂੰ ਪੁੱਠੀ ਕਬੱਡੀ ਕਹਿੰਦੇ ਹਨ। ਖਿਡਾਰੀ ਵਿਰੋਧੀ ਦੇ ਪਿੜ ਵਿਚ ਪੁੱਠੇ ਪੈਰੀਂ ਵਧਦਾ ਹੈ ਤੇ ਕਿਸੇ ਦੀ ਛਾਤੀ ਵਿਚ ਧੱਫਾ ਮਾਰਨ ਲਈ ਝਾਕਾ ਦੇਂਦਾ ਹੈ। ਵਿਰੋਧੀ ਧਿਰ ਦੇ ਦੋ ਖਿਡਾਰੀ ਉਸ ਨੂੰ ਫੜ ਕੇ ਡੇਗਣਾ ਚਾਹੁੰਦੇ ਹਨ। ਕਈ ਥਾਈਂ ਦੋਵੇਂ ਖਿਡਾਰੀ ਆਪਣਾ ਇਕ ਇਕ ਹੱਥ ਪਿਛੇ ਪਿੱਠ ਵਲ ਕਰ ਲੈਂਦੇ ਹਨ। ਉਨ੍ਹਾਂ ਵਿਚੋਂ ਇਕ ਗਭਰੂ ਦੂਜੇ ਦੀ ਛਾਤੀ ਵਿਚ ਜ਼ੋਰ ਦਾ ਧੱਫਾ ਮਾਰਦਾ ਹੈ। ਦੂਜਾ ਗਭਰੂ ਉਹਦਾ ਵਾਰ ਬਚਾਣ ਲਈ ਪਹਿਲੇ ਨੂੰ ਵੀਣੀ ਤੋਂ ਫੜਨ ਦੀ ਕੋਸ਼ਿਸ਼ ਕਰਦਾ ਹੈ। ਜੇ ਵੀਣੀ ਛੁਟ ਜਾਵੇ, ਤਾਂ ਦੂਜੇ ਗਭਰੂ ਦੀ ਹਾਰ ਹੋ ਜਾਂਦੀ ਹੈ।

(ਸ-772) **ਸੌਦਾਗਰ :**

ਪੰਜਾਬ ਦੀਆਂ ਲੋਕ-ਕਹਾਣੀਆਂ ਵਿਚ ਸੌਦਾਗਰ ਇਕ ਮਹੱਤਵਪੂਰਣ ਨਾਇਕ ਰਿਹਾ ਹੈ। ਮੱਧਕਾਲ ਵਿਚ ਪੰਜਾਬ ਤੋਂ ਮੱਧ ਏਸ਼ੀਆ ਤੇ ਹੋਰ ਦੁਰਾਡੇ ਦੇਸ਼ਾਂ ਵਿਚ ਲੋਕ ਵਪਾਰ ਲਈ ਜਾਇਆ ਕਰਦੇ ਸਨ। ਉਨ੍ਹਾਂ ਦੀਆਂ ਸਾਹਸੀ ਮੁਹਿੰਮਾਂ ਲੋਕਾਂ ਦੇ ਜ਼ਹਿਨ ਵਿਚ ਇਤਨੀਆਂ ਬੈਠੀਆਂ ਹੋਈਆਂ ਸਨ ਕਿ ਰਾਜਿਆਂ ਤੋਂ ਮਗਰੋਂ ਸਭ ਤੋਂ ਵਧ ਕਹਾਣੀਆਂ ਸੌਦਾਗਰਾਂ ਬਾਰੇ ਹੀ ਪ੍ਰਚਲਤ ਹੋਈਆਂ।

(ਸ-773) **ਸੌਣ :**

ਇਕ ਤਰ੍ਹਾਂ ਦਾ ਲੋਕ-ਚਿਤ੍ਰ ਜੋ ਤੀਵੀਆਂ ਸਾਵਣ ਦੇ ਮਹੀਨੇ ਕੰਧਾਂ ਉਤੇ ਉਲੀਕਦੀਆਂ ਹਨ। ਸਾਵਣ ਦੇ ਮਹੀਨੇ ਨਾਲ ਸੰਬੰਧਿਤ ਹੋਣ ਕਰ ਕੇ ਇਸ ਨੂੰ ਸੌਣ ਕਿਹਾ ਜਾਂਦਾ ਹੈ। ਸਾਵਣ ਦੀ ਚਾਨਣੀ ਪੰਚਮੀ ਨੂੰ ਗੁਗਾ ਭਗਤ ਘਰ ਦੀ ਕਿਸੇ ਕੰਧ ਉਪਰ ਪੋਚਾ ਮਾਰ ਕੇ ਨਾਗ ਦੀ ਮੂਰਤੀ ਬਣਾਉਂਦੇ ਹਨ ਅਤੇ ਫਿਰ ਉਸ ਦੀ ਆਰਤੀ ਉਤਾਰ ਕੇ ਪੂਜਾ ਕਰਦੇ ਹਨ। ਇਸ ਚਿਤ੍ਰ ਵਿਚ ਸਰਪ ਦਿਉਤੇ ਨੂੰ ਆਪਣੇ ਨਿਵਾਸ ਵਿਚ ਮਹੇਲਦਾ ਵਿਖਾਇਆ ਜਾਂਦਾ ਹੈ। ਪੰਚਮੀ ਤੋਂ ਬਾਅਦ ਪੂਰਨਮਾਸ਼ੀ ਵਾਲੇ ਦਿਨ ਗੁਗੇ ਦੇ ਭਗਤ ਘਰਾਂ ਵਿਚ ਗੇਰੂਏ ਰੰਗ ਦੀ ਮਿੱਟੀ ਨਾਲ ਸੌਣ ਬਣਾਉਂਦੇ ਹਨ, ਜਿਸ ਵਿਚ ਨਾਗ ਅਤੇ ਗਰੜ ਦੇ ਚਿਤ੍ਰ ਉਲੀਕੇ ਜਾਂਦੇ ਹਨ। ਇਸ ਚਿਤ੍ਰ ਵਿਚ ਨਾਗ ਅਤੇ ਗਰੜ ਸਪਸ਼ਟ ਤਾਂ ਵਿਖਾਈ ਨਹੀਂ ਦੇਂਦੇ। ਪਰ ਰੇਖਾਵਾਂ ਇਸੇ ਦ੍ਰਿਸ਼ਟਮਾਨ ਵਲ ਸੰਕੇਤ ਕਰਦੀਆਂ ਹਨ (ਵੇਖੋ : ਸਰਪ ਪੂਜਾ)।

(774) **ਸੌਣ ਦਿਸ਼ਾ :**

ਸੌਣ ਦੀ ਦਿਸ਼ਾ-ਸਥਿਤੀ ਬਾਰੇ ਕਈ ਤਰ੍ਹਾਂ ਦੇ ਨਿਸਚੇ ਅਤੇ ਮਨੌਤਾਂ ਲੋਕਾਂ ਵਿਚ ਪ੍ਰਚਲਤ ਹਨ। ਹਿੰਦੂਆਂ ਦਾ ਵਿਸ਼ਵਾਸ਼ ਹੈ ਕਿ ਉਤਰ ਦਿਸ਼ਾ ਵਲ ਦੇਵਤਿਆਂ ਅਤੇ ਪਿਤਰਾਂ ਦਾ ਨਿਵਾਸ ਹੈ, ਇਸ ਲਈ ਸੌਣ ਲੱਗਿਆਂ ਉਤਰ ਦਿਸ਼ਾ ਵਲ ਲੱਤਾ ਕਰਨੀਆਂ ਠੀਕ ਨਹੀਂ ਹੁੰਦੀਆਂ। ਦੇਵਤਿਆਂ ਅਤੇ ਪਿਤਰਾਂ ਦੀ ਨਿਰਾਦਰੀ ਹੁੰਦੀ ਹੈ।

ਗੰਗਾ ਮਾਈ ਦੇ ਸਤਿਕਾਰ ਵਜੋਂ, ਕਈ ਉਪਾਸ਼ਕ ਪੂਰਬ ਦਿਸ਼ਾ ਵਲ, ਜਿਧਰੋਂ ਗੰਗਾ ਵਗਦੀ ਹੈ, ਪੈਰ ਕਰ ਕੇ ਨਹੀਂ ਸੌਂਦੇ। ਲੋਕਾਂ ਦਾ ਵਹਿਮ ਹੈ ਕਿ ਗੰਗਾ ਵਲ ਪੈਰ ਕਰ ਕੇ ਸੌਣ ਵਾਲੇ ਪ੍ਰਾਣੀ ਦੀਆਂ ਅਸਥੀਆਂ ਗੰਗਾ ਮਾਈ ਛੇਤੀ ਹੀ ਆਪਣੀ ਗੋਦ ਵਿਚ ਲੈ ਲੈਂਦੀ ਹੈ, ਭਾਵ ਉਸ ਪ੍ਰਾਣੀ ਦੀ ਛੇਤੀ ਮੌਤ ਹੋ ਜਾਂਦੀ ਹੈ। ਇਕ ਹੋਰ ਧਾਰਨਾ ਅਨੁਸਾਰ ਗੰਗਾ ਮਾਈ ਵਲ ਪੈਰ ਕਰ ਕੇ ਸੌਣ ਵਾਲੇ ਦੀਆਂ ਅਸਥੀਆਂ ਗੰਗਾ ਮਾਈ ਸਵਰਗ ਲੋਕ ਨਹੀਂ ਪਹੁੰਚਾਂਦੀ।

ਸੌਣ ਦਿਸ਼ਾ ਬਾਰੇ ਭਿੰਨ ਭਿੰਨ ਜਾਤਾਂ ਵਿਚ ਵੱਖੋ ਵੱਖਰੇ ਭਰਮ ਪ੍ਰਚਲਤ ਹਨ, ਪਰ ਹਿੰਦੂਆਂ ਵਿਚ ਆਮ ਵਿਚਾਰ ਇਹੋ ਹੈ ਕਿ ਪੂਰਬ ਦਿਸ਼ਾ ਵਲ ਸਿਰ ਕਰ ਕੇ ਸੌਣਾ ਚਾਹੀਦਾ ਹੈ। ਇਸ ਦਿਸ਼ਾ ਵਲ ਸਿਰ ਰਖ ਕੇ ਸੌਣ ਵਾਲੇ ਉਤੇ ਦੇਵਤਿਆਂ ਤੇ ਪਿਤਰਾਂ ਦੀ ਬਖ਼ਸ਼ਿਸ਼ ਰਹਿੰਦੀ ਹੈ। ਉਹ ਧਨੀ ਤੇ ਵਿਦਵਾਨ ਬਣਦਾ ਹੈ। ਦੱਖਣ ਵਲ ਸਿਰ ਕਰ ਕੇ ਸੌਣਾ ਵੀ ਚੰਗਾ ਹੈ। ਦੱਖਣ ਵਲ ਜੰਮਪੁਰੀ ਹੈ ਤੇ ਉਸ ਪਾਸੇ ਵਲ ਸਿਰ ਕਰ ਕੇ ਸੌਣ ਨਾਲ ਜੰਮਪੁਰੀ ਦਾ ਸਤਿਕਾਰ ਹੁੰਦਾ ਹੈ ਤੇ ਪਾਪਾਂ ਦਾ ਨਾਸ਼, ਪਰ ਦੱਖਣ ਵਲ ਪੈਰ ਕਰ ਕੇ ਸੌਣਾ ਅਸ਼ੁਭ ਹੈ। ਕਿਉਂ ਜੋ ਮਰਨ ਵੇਲੇ ਪ੍ਰਾਣੀ ਦੀਆਂ ਲੱਤਾਂ ਇਸੇ ਦਿਸ਼ਾ ਵਲ ਕਰ ਦਿਤੀਆ ਜਾਂਦੀਆਂ ਹਨ।

ਜਿਸ ਥਾਂ ਭੂਤ-ਪ੍ਰੇਤਾਂ ਦਾ ਵਾਸਾ ਹੋਵੇ, ਉਥੇ ਭੋਇੰ ਉਪਰ ਸੌਣ ਨਾਲ ਪ੍ਰੇਤ ਤੰਗ ਨਹੀਂ ਕਰਦੇ। ਜੇ ਪੀਰਾਂ ਫ਼ਕੀਰਾਂ ਦੀਆਂ ਖ਼ਾਨਗਾਹਾਂ ਉਤੇ ਮੰਜੀ ਵਿਛਾ ਕੇ ਸੁੱਤਾ ਜਾਵੇ ਤਾਂ ਪੀਰ ਦੀ ਕਰੋਪੀ ਹੁੰਦੀ ਹੈ। ਜੇ ਭੂਮੀਏ ਦੀ ਮਾੜੀ ਕੋਲ ਕੋਈ ਸ਼ਖ਼ਸ ਮੰਜੀ ਵਿਛਾ ਕੇ ਉਪਰ ਸੌਂਵੇਂ ਤਾਂ ਭੂਮੀਆਂ ਉਸ ਨੂੰ ਪਟਕਾ ਕੇ ਧਰਤੀ ਉਤੇ ਮਾਰਦਾ ਹੈ। ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਵਲ ਪੈਰ ਕਰ ਕੇ ਸੌਣਾ ਨਿਸ਼ੇਧ ਹੈ।

(ਸ-775) **ਸੌਭਾ :**

ਆਕਾਸ਼ ਵਿਚ ਸਥਿਤ ਇਕ ਭਰਮ ਨਗਰੀ, ਜੋ ਲੋਕਾਂ ਨੂੰ ਕਦੇ ਕਦੇ ਵਿਖਾਈ ਦੇਂਦੀ ਹੈ। ਇਸ ਨਗਰ ਦਾ ਸੰਬੰਧ ਹਰੀਸ਼ ਚੰਦਰ ਨਾਲ ਜੋੜਿਆ ਜਾਂਦਾ ਹੈ (ਵੇਖੋ : ਹਰਿਚੰਦੌਰੀ)।

(ਸ-776) **ਸੌਭਰੀ :**

ਇਕ ਰਿਸ਼ੀ ਜਿਸ ਦੇ ਮਨ ਵਿਚ ਬੁੱਢੀ ਉਮਰ ਵਿਚ ਗ੍ਰਿਹਸਤ ਭੋਗਣ ਅਤੇ ਸੰਤਾਨ ਪੈਦਾ ਕਰਨ ਦੀ ਚੇਸ਼ਟਾ ਪੈਦਾ ਹੋਈ। ਸੌਭਰੀ ਰਾਜਾ ਮਾਧਾਂਤ੍ਰੀ ਕੋਲ ਗਿਆ, ਜਿਸ ਦੀਆਂ ਪੰਜਾਹ ਕੰਨਿਆਂ ਸਨ ਅਤੇ ਉਸ ਤੋਂ ਇਕ ਕੰਨਿਆਂ ਵਿਆਹ ਲਈ ਮੰਗੀ। ਸੌਭਰੀ ਦਾ ਸਰੀਰ ਕਾਫ਼ੀ ਜਰਜਰਾ ਹੋ ਗਿਆ ਸੀ ਅਤੇ ਮਾਧਾਂਤ੍ਰੀ ਆਪਣੀ ਕਿਸੇ ਵੀ ਜੁਆਨ ਕੰਨਿਆਂ ਨੂੰ ਸੌਭਰੀ ਨਾਲ ਵਿਆਹ ਕੇ ਅਨਰਥ ਨਹੀਂ ਸੀ ਕਰਨਾ ਚਾਹੁੰਦਾ। ਪਰ ਨਾਲ ਹੀ ਉਹ ਸੌਭਰੀ ਦੇ ਸਰਾਪ ਤੋਂ ਡਰਦਿਆਂ ਉਸ ਅੱਗੇ ਇਨਕਾਰ ਵੀ ਨਹੀਂ ਸੀ ਕਰ ਸਕਦਾ। ਅਖ਼ੀਰ ਮਾਧਾਤ੍ਰੀ ਨੇ ਕਿਹਾ ਕਿ ਜੇ ਉਸ ਦੀ ਕੋਈ ਵੀ ਕੰਨਿਆਂ ਸੌਭਰੀ ਨੂੰ ਪਤੀ ਦੇ ਰੂਪ ਵਿਚ ਗ੍ਰਹਿਣ ਕਰਨਾ ਚਾਹੇ, ਤਾਂ ਉਹ ਉਹਦਾ ਵਿਆਹ ਸੌਭਰੀ ਨਾਲ ਕਰ ਦੇਵੇਗਾ। ਜਦੋਂ ਮਾਧਾਂਤ੍ਰੀ ਦੀਆਂ ਲੜਕੀਆਂ ਸੌਭਰੀ ਨੂੰ ਵੇਖਣ ਲਈ ਆਈਆਂ, ਤਾਂ ਰਿਸ਼ੀ ਨੇ ਆਪਣੀ ਦੈਵੀ ਸ਼ਕਤੀ ਦੀ ਵਰਤੋਂ ਕੀਤੀ, ਜਿਸ ਸਦਕਾ ਉਹ ਉਨ੍ਹਾਂ ਨੂੰ ਇਕ ਰੰਗੀਲੇ ਗਭਰੂ ਦੇ ਰੂਪ ਵਿਚ ਵਿਖਾਈ ਦਿਤਾ। ਫਲਸਰੂਪ ਸਭ ਲੜਕੀਆਂ ਰਿਸ਼ੀ ਨਾਲ ਵਿਆਹ ਕਰਨ ਲਈ ਵਿਆਕੁਲ ਹੋਣ ਲੱਗੀਆਂ। ਮਜਬੂਰ ਹੋ ਕੇ ਰਾਜੇ ਨੇ ਆਪਣੀਆਂ ਸਭ ਲੜਕੀਆਂ ਸੌਭਰੀ ਨੂੰ ਵਿਆਹ ਦਿਤੀਆਂ। ਸੌਭਰੀ ਨੇ ਵਿਸ਼ਵਕਰਮਾ ਤੋਂ, ਬਗੀਚਿਆਂ ਨਾਲ ਸਜੇ ਖ਼ੂਬਸੂਰਤ ਧੌਲਰ ਤਿਆਰ ਕਰਵਾ ਕੇ, ਉਨ੍ਹਾਂ ਸਭਨਾਂ ਨੂੰ ਵੱਖੋ ਵੱਖ ਰਖਿਆ। ਸੌਭਰੀ ਨੇ ਆਪਣੀ ਦੈਵੀ ਸ਼ਕਤੀ ਨਾਲ ਅਜਿਹਾ ਮਾਯਾ ਜਾਲ ਰਚਿਆ ਕਿ ਹਰੇਕ ਤੀਵੀਂ ਨੂੰ ਇਹੋ ਜਾਪਦਾ ਸੀ ਕਿ ਸੌਭਰੀ ਬਾਕੀ ਸਭਨਾਂ ਨਾਲੋਂ ਉਸ ਦੇ ਨਾਲ ਵਧੇਰੇ ਪ੍ਰੇਮ ਕਰਦਾ ਹੈ ਅਤੇ ਹਮੇਸ਼ਾਂ ਉਸ ਦੇ ਨਾਲ ਹੀ ਆਪਣਾ ਸਾਰਾ ਸਮਾਂ ਗੁਜ਼ਾਰਦਾ ਹੈ। ਇਨ੍ਹਾਂ ਪਤਨੀਆਂ ਤੋਂ ਰਿਸ਼ੀ ਦੇ ਘਰ ਇਕ ਸੌ ਪੰਜਾਹ ਪੁੱਤਰ ਜੰਮੇ। ਪਰ ਅਖ਼ੀਰ ਜਦੋਂ ਰਿਸ਼ੀ ਵਿਸ਼ੇ ਭੋਗਾਂ ਤੋਂ ਅਕ ਗਿਆ ਤਾਂ ਗ੍ਰਿਹਸਤੀ ਜੀਵਨ ਨੂੰ ਤਿਆਗ ਕੇ ਜੰਗਲ ਵਿਚ ਵਿਸ਼ਨੂੰ ਦੀ ਭਗਤੀ ਵਿਚ ਲੀਨ ਹੋ ਗਿਆ।

ਪੰਜਾਬ ਵਿਚ ਪ੍ਰਚਲਤ ਭਾਈ ਸੋਭੇ ਦੀ ਕਥਾ ਸੋਭਨੀ ਰਿਸ਼ੀ ਦੀ ਕਲਾਸਕੀ ਕਥਾ ਦਾ ਹੀ ਲੌਕਿਕ ਰੂਪ ਜਾਪਦੀ ਹੈ। ਭਾਈ ਸੋਭਾ ਜਵਾਨੀ ਵਿਚ ਤਾਂ ਗ੍ਰਿਹਸਤ ਦਾ ਤਿਆਗ ਕਰ ਕੇ ਤਪ ਸਾਧਨਾ ਵਿਚ ਲੀਨ ਰਿਹਾ, ਪਰ ਜਦੋਂ ਉਹ ਬੁੱਢਾ ਹੋਇਆ, ਤਾਂ ਉਸ ਦੇ ਅੰਦਰ ਇਸਤਰੀਆਂ ਨੂੰ ਭੋਗਣ ਲਈ ਚੇਸ਼ਟਾ ਜਾਗੀ। ਉਹ ਆਪਣੇ ਕਾਮ ਵੇਗ ਨੂੰ ਕਾਬੂ ਵਿਚ ਨਾ ਰਖ ਸਕਿਆ। ਭਾਈ ਸੋਭਾ ਦਾ ਜਰਜਰਾ ਤੇ ਬ੍ਰਿਧ ਸਰੀਰ ਵੇਖ ਕੇ ਕੋਈ ਕੰਨਿਆਂ ਵੀ ਉਸ ਨਾਲ ਵਿਆਹ ਕਰਨ ਲਈ ਰਜ਼ਾਮੰਦ ਨਾ ਹੋਈ।

ਦੇਸ਼ ਦਾ ਰਾਜਾ ਭਾਈ ਸੋਭੇ ਦੀ ਬੜੀ ਇੱਜ਼ਤ ਕਰਦਾ ਸੀ ਅਤੇ ਉਹ ਹਮੇਸ਼ਾਂ ਉਸ ਨੂੰ ਕੁਝ ਮੰਗਣ ਲਈ ਕਿਹਾ ਕਰਦਾ। ਇਕ ਦਿਨ ਭਾਈ ਸੋਭਾ ਰਾਜੇ ਕੋਲ ਗਿਆ। ਐਤਕੀਂ ਜਦੋਂ ਰਾਜੇ ਨੇ ਕੋਈ ਸੇਵਾ ਪੁੱਛੀ ਤਾਂ ਭਾਈ ਸੋਭੇ ਨੇ ਉਹਦੀਆਂ ਸਤਾਂ ਧੀਆਂ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟ ਕੀਤੀ। ਰਾਜਾ ਬੜਾ ਪਰੇਸ਼ਾਨ ਹੋ ਗਿਆ — ਇਕ ਬ੍ਰਿਧ ਨੂੰ ਉਹ ਆਪਣੀਆਂ ਸਤੇ ਧੀਆਂ ਕਿਵੇਂ ਵਿਆਹ ਕੇ ਦੇ ਸਕਦਾ ਸੀ।

ਰਾਜੇ ਨੇ ਭਾਈ ਸੋਭੇ ਤੋਂ ਖਿਮਾਂ ਮੰਗਦਿਆਂ ਕਿਹਾ ਕਿ ਇਹ ਉਮਰ ਉਸ ਦੇ ਵਿਆਹ ਕਰਨ ਦੀ ਨਹੀਂ। ਪਰ ਭਾਈ ਸੋਭੇ ਨੇ ਦਸਿਆ ਕਿ ਮੇਰਾ ਇਕ ਰੂਪ ਨਹੀਂ, ਅਨੇਕਾਂ ਰੂਪ ਹਨ। ਮੈਂ ਬੁਢੇ ਨੂੰ ਬੁਢਾ, ਜਵਾਨ ਨੂੰ ਜਵਾਨ, ਹੁਸੀਨ ਨੂੰ ਖ਼ੂਬਸੂਰਤ ਅਤੇ ਕਰੂਪ ਨੂੰ ਵਿਕਰਾਲ ਵਿਖਾਈ ਦੇਂਦਾ ਹਾਂ। ਕਿਉਂ ਜੋ ਰਾਜਾ ਖ਼ੁਦ ਬ੍ਰਿਧ ਅਵਸਥਾ ਵਿਚ ਹੈ, ਇਸ ਲਈ ਉਹ ਮੇਰੇ ਵਿਚ ਆਪਣੇ ਬ੍ਰਿਧ ਰੂਪ ਨੂੰ ਹੀ ਪਛਾਣ ਰਿਹਾ ਹੈ। ਇਸ ਲਈ ਰਾਜਾ ਬੇਸ਼ਕ ਆਪਣੀਆਂ ਲੜਕੀਆਂ ਤੋਂ ਪੁਛ ਵੇਖੇ, ਜੇ ਉਹ ਰਜ਼ਾਮੰਦ ਹੋਣ ਤਾਂ ਵਿਆਹ ਦੇਵੇ।

ਰਾਜੇ ਦੀਆਂ ਲੜਕੀਆਂ ਨੇ ਜਦੋਂ ਭਾਈ ਸੋਭੇ ਨੂੰ ਵੇਖਿਆ, ਤਾਂ ਉਹ ਸਭੇ ਉਸ ਨਾਲ ਵਿਆਹ ਕਰਨ ਲਈ ਰਜ਼ਾਮੰਦ ਹੋ ਗਈਆਂ। ਸੋਭੇ ਨੇ ਸਭਨਾਂ ਨਾਲ ਵਿਆਹ ਕਰਵਾ ਲਿਆ ਅਤੇ ਉਨ੍ਹਾਂ ਲਈ ਵਖੋ ਵਖਰੇ ਬੰਗਲੇ ਤਿਆਰ ਕਰਵਾ ਦਿਤੇ। ਉਹ ਹਫ਼ਤੇ ਵਿਚ ਇਕ ਇਕ ਦਿਨ ਹਰੇਕ ਦੇ ਬੰਗਲੇ ਵਿਚ ਰਿਹਾ ਕਰਦਾ ਸੀ।

(ਸ-777) **ਸੌਰੀਆ** :

ਸੌਰੀ ਜਾਂ ਸੌਰੀਆ ਪਦ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। (1) ਸ਼ਮਸ਼ਾਨ ਵਿਚ ਚਿਲ੍ਹੇ ਕਟ ਕੇ ਭੂਤਾਂ-ਪ੍ਰੇਤਾਂ ਨੂੰ ਵਸ ਕਰ ਲੈਣ ਵਾਲੇ ਚੇਲੇ ਅਥਵਾ ਜੋਗੀ ਨੂੰ ਸੌਰੀਆ ਕਹਿੰਦੇ ਹਨ। ਜਦੋਂ ਪਿੰਡ ਵਿਚ ਕਿਸੇ ਨੂੰ ਪ੍ਰੇਤ ਚੰਬੜਿਆ ਹੋਵੇ ਜਾਂ ਕਿਸੇ ਸ਼ਖਸ ਨੂੰ ਦੁਸ਼ਮਣ ਨੇ ਕੱਚਾ ਮਸਾਣ ਖਵਾ ਦਿਤਾ ਹੋਵੇ ਤਾਂ ਉਸ ਨੂੰ ਦਵਾ ਦਾਰੂ ਲਈ ਸੌਰੀਏ ਕੋਲ ਲਿਜਾਇਆ ਜਾਂਦਾ ਹੈ, ਜੋ ਢੋਲਕੀ ਥਾਲੀ ਵਜਾ ਕੇ ਜਾਂ ਚਿਮਟੇ ਦੀ ਮਦਦ ਨਾਲ ਰੋਗੀ ਦੇ ਸਰੀਰ ਵਿਚੋਂ ਸਾਇਆ ਕਢਦਾ ਹੈ (ਵੇਖੋ : ਪ੍ਰੇਤ-ਵਿੱਦਿਆ)।

(2) ਨਾਸਿਕਾ ਦੀ ਸੱਜੀ ਖੱਬੀ ਸੁਰ ਤੋਂ ਸ਼ੁਭ ਅਸ਼ੁਭ ਫਲ ਦਸਣ ਵਾਲੇ ਨੂੰ ਸੌਰੀ ਕਹਿੰਦੇ ਹਨ। ਤੰਤਰ ਸ਼ਾਸਤ੍ਰਾਂ ਵਿਚ ਸੁਰ ਦੀ ਵਿੱਦਿਆ ਬਾਰੇ ਵੇਰਵੇ ਨਾਲ ਵਰਨਣ ਮਿਲਦਾ ਹੈ (ਵੇਖੋ : ਸੁਰ-ਵਿਚਾਰ)।

(3) ਸੂਰਜ ਦਾ ਪੁੱਤਰ ਹੋਣ ਕਰਕੇ ਛਨਿੱਛਰ ਨੂੰ ਵੀ ਸੌਰ ਕਹਿੰਦੇ ਹਨ। ਛਨਿੱਛਰ ਤੇ ਹੋਰ ਗ੍ਰਹਿਆਂ ਦੇ ਪ੍ਰਭਾਵ ਨੂੰ ਦੂਰ ਕਰਨ ਦੇ ਉਪਾਅ ਦੱਸਣ ਵਾਲੇ ਨੂੰ ਵੀ ਸੌਰੀ ਕਿਹਾ ਜਾਂਦਾ ਹੈ।

(4) ਬ੍ਰਾਹਮਣਾਂ ਦੀ ਕੁਲ ਜੋ ਗ੍ਰਹਿਆਂ ਦੀ ਚਾਲ ਤੇ ਜੋਤਿਸ਼ ਵਿੱਦਿਆ ਵਿਚ ਨਿਪੁੰਨਤਾ ਰਖਦੀ ਹੈ।

(5) ਸੂਰਜ ਦੇ ਉਪਾਸ਼ਕ।

(ਸ-778) **ਸੌਲੀ** :

ਸੋਲਾਂ ਕੌਡੀਆਂ ਨਾਲ ਖੇਡੀ ਜਾਣ ਵਾਲੀ ਜੂਏ ਦੀ ਇਕ ਖੇਡ। ਇਕ ਖਿਡਾਰੀ ਕੌਡੀਆਂ ਸੁਟਦਾ ਹੈ ਅਤੇ ਦੂਜਾ ਸੁੱਟਣ ਤੋਂ ਪਹਿਲਾਂ ਚਾਰ ਜੋਟਿਆਂ ਦੇ ਆਧਾਰ ਉਤੇ ਦਾਉ ਲਗਾਂਦਾ ਹੈ। ਇਨ੍ਹਾਂ ਜੋਟਿਆਂ ਨੂੰ ਨਕੀ, ਦੂਆ, ਤੀਆ ਤੇ ਪੂਰ ਕਹਿੰਦੇ ਹਨ। ਨਕੀ 1 5, 9, 13 ਨਾਲ ਬਣਦਾ ਹੈ ਅਤੇ ਦੂਆ 2, 6, 10, 14 ਨਾਲ, ਤੀਆ 3, 7, 11, 15 ਅਤੇ ਪੂਰ 4, 8, 12, 16 ਨਾਲ। ਜੇ ਸਭ ਕੌਡਾਂ ਸਿਧੀਆਂ ਪੈਣ, ਤਾਂ ਗਿਣਤੀ ਨਹੀਂ ਕੀਤੀ ਜਾਂਦੀ (ਵੇਖੋ : ਨਕੀ ਪੂਰ)।